
ਪੱਥਰ ਤੋਂ ਰੰਗ ਤੱਕ



ਹਰਪਾਲ ਸਿੰਘ ਪੰਨੂ

ਏਸੇ ਕਲਮ ਤੋਂ :

- *ਗੁਰੂ ਨਾਨਕ ਦਾ ਕੁਦਰਤ ਸਿਧਾਂਤ*
- *ਭਾਰਤ ਦੇ ਪੁਰਾਤਨ ਧਰਮ*
- *ਰਬਿੰਦਰ ਨਾਥ ਟੈਗੋਰ*
- *ਸਿੱਖ ਦਰਸ਼ਨ ਵਿਚ ਕਾਲ ਅਤੇ ਅਕਾਲ*
- *ਗੌਤਮ ਤੋਂ ਤਾਸਕੀ ਤੱਕ*
- *ਆਰਟ ਤੋਂ ਬੰਦਗੀ ਤੱਕ*
- *ਜਪੁ ਨੀਸਾਣੁ* (ਸੰਪਾਦਨ, ਪ੍ਰਕਾਸ਼ਨ ਅਧੀਨ)
- *ਮਿਲਿੰਦ-ਪ੍ਰਸ਼ਨ* (ਸੰਪਾਦਨ, ਪ੍ਰਕਾਸ਼ਨ ਅਧੀਨ)
- *ਸਵੇਰ ਤੋਂ ਸ਼ਾਮ ਤੱਕ* (ਪ੍ਰਕਾਸ਼ਨ ਅਧੀਨ)

ਵਡੇਰਿਆਂ ਦੀ ਸਾਖੀ ਭਾਗ - 3

ਪੱਥਰ ਤੋਂ ਰੰਗ ਤੱਕ

ਹਰਪਾਲ ਸਿੰਘ ਪੰਨੂ
94642-51454

ਸਿੰਘ ਬ੍ਰਦਰਜ਼
ਅੰਮ੍ਰਿਤਸਰ

PATHAR TON RANG TAK

[Stories About the Enlightened Souls]

by

HARPAL SINGH PANNU
Chairman & Professor, Department of Religious Studies
Punjabi University, Patiala, Punjab (India)
Tele : (R) 0175-228-2832 (M) 094642-51454
E-mail : harpalsinghpannu@yahoo.com
Website : www.harpalsinghpannu.com

ISBN 81-7205-481-5

ਪਹਿਲੀ ਵਾਰ ਮਾਰਚ 2012

ਮੁੱਲ : 200-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਸਮਰਪਣ

ਆਪਣੇ ਬਚਪਨ ਦੇ ਮਿੱਤਰ

ਜਗਤਿੰਦਰ

ਦੇ ਨਾਮ

ਵਾਕ਼ਫ਼ੀ

ਜਿਨ੍ਹਾਂ ਸ਼ਖ਼ਸੀਅਤਾਂ ਨੇ ਮੇਰੇ ਉਪਰ ਅਸਰ ਕੀਤਾ, ਲੱਗਿਆ ਹੋਰਾਂ ਦੇ ਦਿਲਾਂ ਉਪਰ ਅਸਰ-ਅੰਦਾਜ਼ ਹੋਣਗੀਆਂ ਬਸ਼ਰਤਿ ਕਿ ਮੇਰੀ ਪੰਜਾਬੀ ਦੀ ਲਿਖਤ ਵਿਚ ਸਾਦਗੀ ਆ ਜਾਵੇ। ਬਾਲਪਨ ਦੇ ਦਿਨਾਂ ਵਿਚ ਮੈਨੂੰ ਡਾ. ਹਰਿਭਜਨ ਸਿੰਘ, ਸੁਖਬੀਰ, ਸੰਤ ਸਿੰਘ ਸੇਖੋਂ ਅਤੇ ਤੇਰਾ ਸਿੰਘ ਚੰਨ ਦੇ ਅਨੁਵਾਦ ਚੰਗੇ ਲੱਗੇ। ਹਰਿਭਜਨ ਸਿੰਘ ਨੇ ਸਨਾਤਨੀ ਯੂਨਾਨੀ ਕਲਾਸਿਕਸ ਨਾਲ ਪਛਾਣ ਕਰਵਾਈ ਸੀ। ਉਦੋਂ ਮੈਂ ਸਕੂਲ ਵਿਚ ਸਾਂ ਜਦੋਂ *ਆਰਸੀ* ਵਿਚ ਉਨ੍ਹਾਂ ਦਾ ਲੜੀਵਾਰ *ਸਿਮਰ ਮਨਾਈ ਸਿਰਜਣਾ* ਛਪਿਆ ਪੜ੍ਹਦਾ ਹੁੰਦਾ। ਸੁਖਬੀਰ ਅਤੇ ਚੰਨ ਨੇ ਰੂਸੀ ਲਿਖਤਾਂ ਦੇ ਅਨੁਵਾਦ ਕੀਤੇ। ਸੇਖੋਂ ਨੇ ਰੂਸੋ ਦੇ *ਕਨਫ਼ੈਸ਼ਨਜ* ਦਾ ਤਰਜਮਾ *ਆਪਬੀਤੀਆਂ* ਦੇ ਨਾਮ ਹੇਠ ਕੀਤਾ। ਗੁਰਬਖ਼ਸ਼ ਸਿੰਘ ਫਰੈਂਕ ਦਾ ਰੂਸੀ ਵਿੱਚੋਂ ਅਨੁਵਾਦ ਵਧੀਆ ਹੈ।

ਗੁਰਦਿਆਲ ਬਲ ਨੇ ਮਾਈਕਲਏਂਜਲੋ ਅਤੇ ਵਾਨ ਗਾਗ ਉਪਰ ਲਿਖਣ ਲਈ ਕਿਹਾ ਤਾਂ ਮੈਨੂੰ ਆਪਣੇ ਉਪਰ ਵਿਸ਼ਵਾਸ ਨਹੀਂ ਸੀ ਕਿਉਂਕਿ ਮੈਂ ਆਰਟ ਦਾ ਵਿਦਿਆਰਥੀ ਨਹੀਂ ਹਾਂ। ਦੇਰ ਤੱਕ ਸੋਚਣ ਤੋਂ ਬਾਦ ਇਸ ਸਿੱਟੇ 'ਤੇ ਪੁੱਜਾ ਕਿ ਮੈਂ ਆਰਟ ਕਰਿਟਿਕ ਦੇ ਤੌਰ 'ਤੇ ਇਨ੍ਹਾਂ ਦਾ ਮੁਲਾਂਕਣ ਕਰਾਂਗਾ ਹੀ ਨਹੀਂ, ਕੇਵਲ ਜੀਵਨ ਲਿਖਾਂਗਾ। ਅੰਗਰੇਜ਼ੀ ਵਿਚ ਇਨ੍ਹਾਂ ਦੀਆਂ ਜੀਵਨੀਆਂ ਪ੍ਰਾਪਤ ਹਨ।

ਇਰਵਿੰਗ ਸਟੋਨ ਨੇ ਮਾਈਕਲਏਂਜਲੋ ਦੀ ਜੀਵਨੀ, *ਦ ਐਗੋਨੀ ਐਂਡ ਐਕਸਟੈਸੀ* ਲਿਖਣ ਲਈ ਪਰਿਵਾਰ ਸਮੇਤ ਫਲੋਰੈਂਸ, ਰੋਮ ਅਤੇ ਹੋਰ ਸਭਨਾਂ ਥਾਵਾਂ 'ਤੇ ਜਿਥੇ ਜਿਥੇ ਕਲਾਕਾਰ ਰਿਹਾ, ਆਪਣਾ ਟਿਕਾਣਾ ਬਣਾਇਆ। ਜਿਥੇ ਮਾਈਕਲ ਨੇ ਪੱਥਰ ਕੱਟੇ, ਉਨ੍ਹਾਂ ਪਹਾੜਾਂ ਵਿੱਚੋਂ ਪੱਥਰ ਕੱਟਣ ਦਾ ਕੰਮ ਸਿੱਖਿਆ, ਪੇਂਟ ਕਰਨ ਦਾ ਕੰਮ ਸਿੱਖਿਆ। ਇਰਵਿੰਗ ਨੂੰ ਅਜਿਹੀ ਗ਼ਲਤਫ਼ਹਿਮੀ ਨਹੀਂ ਸੀ ਕਿ ਉਹ ਮਾਰਬਲ ਤ੍ਰਾਸ਼ਣ ਵਿਚ ਉਸਤਾਦ ਹੋ ਜਾਏਗਾ। ਜਾਣਨਾ ਚਾਹੁੰਦਾ ਸੀ ਰਸਤਾ ਕਿੰਨਾ ਬਿਖੜਾ ਹੈ। ਉਸਨੇ ਪ੍ਰਤੀਤ ਕੀਤਾ ਕਿ ਮਾਈਕਲ ਬ੍ਰਹਿਮੰਡੀ ਚੇਤਨਾ ਦਾ ਮਾਲਕ ਕਲਾਕਾਰ ਸੀ ਜਿਸਦਾ ਕੰਮ ਅਨੰਤ ਹੈ। ਪੱਥਰ ਸਰ ਕਰ ਲਿਆ ਤਾਂ ਸੰਸਾਰ ਉੱਤੇ ਫ਼ਤਹਿ ਹਾਸਲ ਹੋ ਗਈ। ਜਿਵੇਂ ਮਾਈਕਲ ਕੁਦਰਤ ਨੂੰ ਸਮਝਣ ਵਿਚ ਸਫਲ ਹੋਇਆ, ਉਵੇਂ ਇਰਵਿੰਗ ਸਟੋਨ ਮਾਈਕਲਏਂਜਲੋ ਦੀ ਰੂਹ ਤੱਕ ਪੁੱਜਾ। ਉਸਨੂੰ ਪੁੱਛਿਆ ਗਿਆ - ਤੁਹਾਨੂੰ ਮਾਈਕਲ ਦੀ ਕਿਸ ਚੀਜ਼ ਨੇ ਪ੍ਰਭਾਵਿਤ ਕੀਤਾ ? ਸਟੋਨ ਨੇ ਕਿਹਾ - ਹਰੇਕ ਚੀਜ਼ ਨੇ। ਉਹ ਅੰਤਰਰਾਸ਼ਟਰੀ ਆਤਮਾ ਵਾਲਾ ਬੰਦਾ ਸੀ। ਹਰ ਸਮੇਂ, ਹਰ ਦੇਸ਼ ਦੇ ਲੋਕ ਜਾਣਨਗੇ, ਉਸਦੀ ਨਿਪੁੰਨਤਾ ਅਨੰਤ ਹੈ। ਉਸਨੇ ਜਿੰਨਾ ਸੰਘਰਸ਼ ਕੀਤਾ, ਉਹ ਅਜਾਈਂ ਨਹੀਂ ਗਿਆ।

ਸਟੋਨ ਦੀ ਇਸ ਲਿਖਤ ਉਪਰ ਬਰਨਾਰਡ ਬੇਰੈਨਸਨ ਦੀ ਟਿੱਪਣੀ ਹੈ - ਕੇਵਲ ਸਟੋਨ ਉਸਦੀ ਰੂਹ ਤੱਕ ਪੁੱਜ ਸਕਿਆ।

ਵਾਨ ਗਾਗ ਉਪਰ ਲਿਖਣ ਵਾਸਤੇ ਇਰਵਿੰਗ ਸਟੋਨ ਦੀ ਕਿਤਾਬ *ਲਸਟ ਫਾਰ ਲਾਈ.ਫ* ਵਿੱਚੋਂ ਨੋਟਸ ਲਏ, ਉਸਦੀ ਪਹਿਲੀ ਐਡੀਸ਼ਨ ਐਰੋ ਬੁਕਸ ਨੇ 1935 ਵਿਚ ਛਾਪੀ ਤੇ ਸਤਾਰ੍ਹਵੀਂ ਐਡੀਸ਼ਨ 2001 ਵਿਚ। ਸਟੋਨ ਨੇ ਆਪਣੀ ਸਮੱਗਰੀ ਹਜ਼ਾਰ ਤੋਂ ਵਧੀਕ ਖ਼ਤਾਂ ਤੋਂ ਪ੍ਰਾਪਤ ਕੀਤੀ। ਇਕੱਲੇ ਥੀਓ ਨੂੰ ਲਿਖੇ 700 ਖ਼ਤ ਤਿੰਨ ਜਿਲਦਾਂ ਵਿਚ ਪ੍ਰਾਪਤ ਹਨ। ਹਾਲੈਂਡ, ਬੈਲਜੀਅਮ ਅਤੇ ਫ਼ਰਾਂਸ ਵਿਚ ਵਾਨ ਦੇ ਪਰਿਵਾਰ, ਗੂਪਲ ਕੰਪਨੀ, ਉਸਦੇ ਜਿਉਂਦੇ ਦੋਸਤ ਅਤੇ ਸਨੇਹੀਆਂ ਨਾਲ ਮੁਲਾਕਾਤਾਂ ਕੀਤੀਆਂ। ਹਰਜੀਤ ਗਿੱਲ ਨੇ ਨਾਵਾਂ ਤੇ ਥਾਵਾਂ ਦਾ ਫ਼ਰੈਂਚ ਉਚਾਰਣ ਗੁਰਮੁਖੀ ਵਿਚ ਲਿਖ ਕੇ ਮੈਨੂੰ ਦਿੱਤਾ, ਇਨ੍ਹਾਂ ਦਾ ਸ਼ੁਕਰਾਨਾ।

ਆਰਟ ਤੋਂ ਬੰਦਗੀ ਤਕ ਕਿਤਾਬ ਵਿਚ ਆਰਟਿਸਟ ਹਰਦੇਵ ਸਿੰਘ ਨਾਲ ਜਾਣ-ਪਛਾਣ ਕਰਵਾ ਚੁੱਕਿਆ ਸਾਂ, ਪਾਠਕਾਂ ਨੂੰ ਠੀਕ ਲੱਗੀ। ਬਿੰਦੂ (point) ਜੇ ਸੁਤੰਤਰ ਹਸਤੀ ਹੈ ਤਾਂ ਅਨੇਕ ਬਿੰਦੂ ਜੁੜ ਕੇ ਲਕੀਰ ਕਿਵੇਂ ਬਣ ਜਾਂਦੀ ਹੈ ? ਬਿੰਦੂ ਆਪਸ ਵਿਚ ਜੁੜਦੇ ਨਹੀਂ। ਇਕ ਬਿੰਦੂ ਤੁਰਨ ਲੱਗਦਾ ਹੈ ਤਦ ਉਸਦੀ ਗਤੀ ਦਾ ਨਿਸ਼ਾਨ ਦਿਖਾਈ ਦੇਣ ਲੱਗਦਾ ਹੈ ਜਿਸਨੂੰ ਲਕੀਰ ਆਖਦੇ ਹਾਂ। ਜੀਵਨ ਗਤੀਸ਼ੀਲ ਹੈ, ਕੁਝ ਸ਼ਖ਼ਸ ਮੌਤ ਉਪਰੰਤ ਆਪਣੀ ਗਤੀ ਦੀਆਂ ਲਕੀਰਾਂ ਛੱਡ ਗਏ ਹਨ। ਇਹੋ ਨਿਸ਼ਾਨ ਪਾਠਕਾਂ ਨੂੰ ਦਿਖਾਉਣ ਦਾ ਯਤਨ ਕੀਤਾ। ਸਫਲਤਾ ਮਿਲੀ ਕਿ ਨਹੀਂ, ਕਿੰਨੀ ਕੁ ਮਿਲੀ, ਇਸਦਾ ਫ਼ੈਸਲਾ ਪਾਠਕ ਕਰੇਗਾ। ਰਹਿ ਗਏ ਨੁਕਸਾਂ ਬਾਬਤ ਜਾਣਕਾਰੀ ਮਿਲੇ ਤਾਂ ਅਗਲੀ ਵਾਰ ਸੋਧ ਕਰਾਂ।

'ਈਦੀ' ਲੇਖ ਵਾਸਤੇ ਜਾਣਕਾਰੀ ਤਹਿਮੀਨਾ ਦੁਰਾਨੀ ਦੀ ਲਿਖੀ ਕਿਤਾਬ, *ਏਕ ਆਈਨਾ ਨਾਬੀਨੋ ਕੇ ਲੀਏ* ਵਿੱਚੋਂ ਪ੍ਰਾਪਤ ਕੀਤੀ। ਦੁਰਾਨੀ ਨੇ ਈਦੀ ਨਾਲ ਚਾਲ੍ਹੀ ਘੰਟੇ ਇੰਟਰਵਿਊ ਰਿਕਾਰਡ ਕਰਕੇ ਸਮੱਗਰੀ ਇਕੱਠੀ ਕੀਤੀ। ਈਦੀ ਦੀ ਵੈਬਸਾਈਟ ਵੀ ਮੌਜੂਦ ਹੈ। ਦੁਨੀਆਂ ਭਰ ਵਿਚ ਫੈਲੀਆਂ ਆਪਣੀਆਂ ਸਿਹਤ ਸੰਸਥਾਵਾਂ ਦੀ ਖ਼ੁਦ ਨਿਗਰਾਨੀ ਕਰਦਾ ਹੈ। ਭਾਰਤ ਵਿਚ ਉਸਦੀ ਸ਼ਾਖ਼ਾ ਬੰਗਲੌਰ ਵਿਚ ਹੈ। ਤਹਿਮੀਨਾ ਦੀ ਕਿਤਾਬ ਗੁਰਮੁਖੀ ਅੱਖਰਾਂ ਵਿਚ ਪ੍ਰੋ. ਸ.ਸ. ਛੀਨਾ ਨੇ ਕੀਤੀ ਹੈ ਤੇ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਨੇ ਛਾਪੀ ਹੈ।

ਪ੍ਰੋ. ਭੁਪਿੰਦਰ ਸਿੰਘ ਦੀ ਸਲਾਹ ਸਦਕਾ ਕਿਤਾਬ ਵਿਚ ਹਮੇਸ਼ ਬਦਲਾਓ ਆਉਂਦਾ ਹੈ। ਅੰਮ੍ਰਿਤਾ ਸ਼ੇਰਗਿੱਲ ਉਪਰ ਲਿਖਣ ਵਾਸਤੇ ਉਨ੍ਹਾਂ ਨੇ ਕਿਹਾ। ਚੰਗੀ ਗੱਲ ਇਹ ਹੋਈ ਕਿ ਅੰਮ੍ਰਿਤਾ ਉਪਰ ਸ੍ਰੋਤ ਸਮੱਗਰੀ ਦੀ ਘਾਟ ਨਹੀਂ। ਉਸਦੇ ਸਮਕਾਲੀਆਂ ਨੇ ਉਸਦੇ ਜਿਉਂਦੇ-ਜੀਅ ਨੋਟਸ ਲੈਣੇ ਸ਼ੁਰੂ ਕਰ ਦਿੱਤੇ ਸਨ। ਇਕਬਾਲ ਸਿੰਘ ਅਤੇ ਬਲਦੂਨ ਢੀਂਗਰਾ ਉਨ੍ਹਾਂ ਵਿੱਚੋਂ ਹਨ। ਖ਼ੁਸ਼ਵੰਤ ਸਿੰਘ ਵਧੀਕ ਲਿਖਣ ਦੇ ਸਮਰੱਥ ਸੀ ਪਰ ਬਹੁਤ ਥੋੜ੍ਹਾ ਲਿਖਿਆ। ਅੰਮ੍ਰਿਤਾ ਉਪਰ ਲਿਖਣ ਲਈ ਕਿਤਾਬਾਂ ਨਾ ਪੜ੍ਹਦਾ, ਤਦ ਮੈਨੂੰ ਉਸਦੇ ਪਤੀ ਵਿਕਟਰ ਏਗਨ ਦੀ ਫ਼ਕੀਰੀ ਦਾ ਪਤਾ ਨਾ ਲੱਗਦਾ। ਆਖ਼ਰੀ ਸਾਹ ਤੱਕ ਵਿਕਟਰ ਨੂੰ ਚੰਗੀ ਲੱਗਦੀ ਰਹੀ ਤਾਂ ਮੈਂ ਅੰਮ੍ਰਿਤਾ ਦੇ ਵਿਹਾਰ ਵਿਚ ਨੁਕਸ ਛਾਂਟਣ ਦਾ ਹੱਕਦਾਰ ਕਿਵੇਂ ਹੋਇਆ ?

ਹਰਪਾਲ ਸਿੰਘ ਪੰਨੂ

ਮਾਈਕਲਏਂਜਲੋ

(6 ਮਾਰਚ, 1475 — 18 ਫ਼ਰਵਰੀ, 1564)

ਫਲੋਰੈਂਸ ਸ਼ਹਿਰ ਦੇ ਨਜ਼ਦੀਕ ਅੰਗੀਲਾਰਾ ਪਿੰਡ ਆਪਣੇ ਮਕਾਨ ਦੇ ਚੁਬਾਰੇ ਵਿਚ ਤੇਰ੍ਹਾਂ ਸਾਲ ਦੀ ਉਮਰੇ ਸ਼ੀਸ਼ੇ ਅੱਗੇ ਬੈਠ ਕੇ ਕੈਨਵਸ ਉਪਰ ਮਾਈਕਲਏਂਜਲੋ ਆਪਣਾ ਚਿਹਰਾ ਉਤਾਰਨ ਲੱਗਾ। ਚੌੜਾ, ਚੌਰਸ ਮੱਥਾ, ਡੂੰਘੀਆਂ ਗੱਲ੍ਹਾਂ ਉਪਰ ਵੱਡੀਆਂ ਹੱਡੀਆਂ, ਕਾਲੇ ਘੁੰਗਰਾਲੇ ਵਾਲ, ਭੂਰੀਆਂ ਅੱਖਾਂ ਉਪਰ ਮੋਟੀਆਂ ਪਲਕਾਂ। ਹੱਸ ਪਿਆ - ਮੇਰੀ ਪਤਲੀ ਠੋਡੀ ਅਤੇ ਨਿੱਕੇ ਮੂੰਹ ਉਪਰਲਾ ਢੇਰ ਕੁਝ ਜ਼ਿਆਦਾ ਵੱਡਾ ਹੈ। ਜਿਸ ਨੇ ਮੈਨੂੰ ਘੜਿਆ, ਉਸ ਨੂੰ ਨਾ ਜਮੈਟਰੀ ਆਉਂਦੀ ਹੈ ਨਾ ਸਾਹਲ, ਨਾ ਗੁਣੀਏਂ ਦੀ ਵਰਤੋਂ ਕਰਨੀ ਆਏ। ਮੈਂ ਆਪਣੇ ਚਿਹਰੇ ਦੀ ਪੇਂਟਿੰਗ ਮੁਕੰਮਲ ਕਿਉਂ ਕਰਾਂ, ਵਿਕਣੀ ਨਹੀਂ।

ਉਸਨੇ ਇਕ ਗੀਤ ਦੀਆਂ ਧੁਨਾਂ ਸੁਣੀਆਂ ਤਾਂ ਸਮਝ ਗਿਆ ਉਸਦਾ ਦੋਸਤ ਗ੍ਰਾਂਸੀ ਆ ਗਿਐ। ਫਟਾਫਟ ਪੌੜੀਆਂ ਉਤਰ ਕੇ ਗਲੀ ਵਿਚ ਆਇਆ। ਗ੍ਰਾਂਸੀ ਉੱਨੀ ਸਾਲ ਦਾ ਸੀ, ਸੀਨੀਅਰ ਹੋਣ ਕਰਕੇ ਉਹ ਮਾਈਕਲ ਨੂੰ ਪੇਂਟ ਕਰਨ ਦਾ ਸਾਮਾਨ ਦਿੰਦਾ ਅਤੇ ਪੇਂਟਿੰਗ ਦੇ ਮੁੱਢਲੇ ਅਸੂਲ ਦੱਸਦਾ। ਉਸਤਾਦ ਗਿਰਲਾਂਡੀਓ ਕੋਲੋਂ ਕੰਮ ਸਿੱਖ ਰਿਹਾ ਸੀ, ਆਉਣ ਸਾਰ ਬੋਲਿਆ - ਚਲੇਂਗਾ ਫਿਰ ਅੱਜ ਮੇਰੇ ਨਾਲ ? ਮਾਈਕਲ ਨੇ ਚਹਿਕਦਿਆਂ ਕਿਹਾ - ਅੱਜ ਮੇਰਾ ਜਨਮ ਦਿਨ ਹੈ, ਮੈਨੂੰ ਗਿਰਲਾਂਡੀਓ ਨਾਮ ਦੀ ਬਰਥ-ਡੇ ਗਿਫ਼ਟ ਦੇ ਦੇਹ।

- ਠੀਕ ਹੈ, ਬਸ ਇਕ ਗੱਲ ਦਾ ਖ਼ਿਆਲ ਰੱਖੀਂ, ਉਸਤਾਦ ਗੁਸਤਾਖ਼ੀ ਪਸੰਦ ਨਹੀਂ ਕਰਦਾ, ਨਿਮਰ ਰਹੀਂ, ਸਲੀਕੇ ਨਾਲ ਕੰਮ ਸਿੱਖੀਂ। ਦੋਵੇਂ ਜਣੇ ਤੁਰ ਪਏ। ਚੌਕ ਪਾਰ ਕਰਦਿਆਂ ਗਿਰਜਾ ਦਿੱਸਿਆ, ਸੰਤ ਮਾਰਕ ਦਾ ਬੁੱਤ ਦੇਖਿਆ ਤਾਂ ਕਿਹਾ - ਬੁੱਤਤ੍ਰਾਸ਼ੀ ਕਿਹੀ ਗ਼ਜ਼ਬ ਦੀ ਕਲਾ ਹੈ ਗ੍ਰਾਂਸੀ।

- ਹੁਣ ਤੁਰ ਵੀ, ਕੰਮ ਚੱਲੇ ਹਾਂ, ਸੈਰ ਨਹੀਂ ਇਹ। ਦੋਵੇਂ ਜਣੇ ਸਟੂਡੀਓ ਅੰਦਰ ਦਾਖ਼ਲ ਹੋਏ। ਰੰਗਾਂ ਦੀਆਂ ਸੁਗੰਧੀਆਂ ਨਾਲ ਭਰਿਆ ਹੋਇਆ ਵੱਡਾ ਹਾਲ ਸੀ, ਅੱਧੀ ਕੁ ਦਰਜਨ ਮੁੰਡੇ ਸਟੂਲਾਂ 'ਤੇ ਬੈਠੇ ਆਪੋ-ਆਪਣੇ ਕੰਮੀਂ ਲੱਗੇ ਹੋਏ ਸਨ। ਕੋਨੇ ਵਿਚ ਬੈਠਾ ਇਕ ਬੰਦਾ ਖਰਲ ਵਿਚ ਰੰਗ ਪੀਹ ਰਿਹਾ ਸੀ। ਇਧਰ ਉਧਰ ਸਕੈੱਚ ਟੰਗੇ ਹੋਏ ਸਨ। ਸਾਹਮਣੇ ਉੱਚੇ ਦੀਵਾਨ ਉਪਰ ਚਾਲ੍ਹੀ ਕੁ ਸਾਲਾਂ ਦਾ ਬੰਦਾ ਇਹ ਸਾਰਾ ਕੁਝ ਦੇਖ ਰਿਹਾ ਸੀ, ਉਸਦੇ ਇਰਦ ਗਿਰਦ ਨਕਸ਼ੇ, ਬੁਰਸ਼, ਪੈਨਸਿਲਾਂ ਆਦਿਕ ਸਾਰਾ ਸਾਮਾਨ ਤਰਤੀਬ ਅਨੁਸਾਰ ਟਿਕਾਇਆ ਹੋਇਆ।

ਉਸਤਾਦ ਨੂੰ ਸਲਾਮ ਕਰਨ ਬਾਦ ਗ੍ਰਾਂਸੀ ਨੇ ਕਿਹਾ - ਸ੍ਰੀਮਾਨ ਗਿਰਲਾਂਡੀਓ, ਇਹ ਹੈ ਉਹ ਮੁੰਡਾ ਮਾਈਕਲਏਂਜਲੋ, ਜੀਹਦੇ ਬਾਰੇ ਮੈਂ ਗੱਲ ਕੀਤੀ ਸੀ। ਉਸਤਾਦ ਨੇ ਉਸ ਵੱਲ ਰੁਖ਼ ਕੀਤਾ ਤਾਂ ਮਾਈਕਲ ਨੂੰ ਲੱਗਾ ਜਿਵੇਂ ਦੇਖਣ ਦੀ ਥਾਂ ਘੂਰ ਰਿਹਾ ਹੈ। ਧਿਆਨ ਨਾਲ ਕੁਝ ਦੇਰ ਦੇਖਦਾ ਰਿਹਾ। ਮਾਈਕਲ ਨੇ ਨੀਵੀਂ ਪਾ ਲਈ।

- ਕੀਹਦਾ ਮੁੰਡੈਂ ਤੂੰ ?

- ਜੀ, ਲਿਓਨਾਰਦੋ ਬੋਨਾਰਟੀ ਸਿਮੋਨੀ ਦਾ।

- ਇਹ ਨਾਮ ਸੁਣਿਆਂ ਲੱਗਦੈ। ਕਿੰਨੀ ਉਮਰ ਐਂ ਤੇਰੀ ?

- ਜੀ, ਤੇਰ੍ਹਾਂ ਸਾਲ।

- ਅਸੀਂ ਆਪਣੇ ਬੱਚਿਆਂ ਨੂੰ ਦਸ ਸਾਲ ਦੀ ਉਮਰੇ ਕੰਮ ਸਿੱਖਣ 'ਤੇ ਲਾ ਦਿੰਦੇ ਹੁਨੇ ਆਂ। ਤੂੰ ਤਿੰਨ ਸਾਲ ਕੀ ਕਰਦਾ ਰਿਹੈਂ ?

- ਸਕੂਲੇ ਲਾਤੀਨੀ ਅਤੇ ਯੂਨਾਨੀ ਬੋਲੀਆਂ ਸਿੱਖਣ ਵਿਚ ਸਮਾਂ ਬਰਬਾਦ ਕੀਤਾ।

- ਉਸਤਾਦ ਰਤਾ ਮੁਸਕਰਾਇਆ, ਪੁੱਛਿਆ - ਮਾੜੀ ਮੋਟੀ ਲਕੀਰ ਵਾਹੁਣੀ ਆਉਂਦੀ ਐ ?

- ਜੀ ਮੇਰੇ ਵਿਚ ਸਿੱਖਣ ਦੀ ਪੂਰੀ ਤਾਕਤ ਹੈ।

- ਇਹਦਾ ਹੱਥ ਟਿਕਿਆ ਹੋਇਐ ਉਸਤਾਦ ਜੀ, ਇਸਦੇ ਘਰ ਮੈਂ ਇਹਦੇ ਬਣਾਏ ਸਕੈੱਚ ਦੇਖੇ ਨੇ, ਗ੍ਰਾਂਸੀ ਬੋਲਿਆ।

ਉਸਤਾਦ ਨੇ ਕਿਹਾ - ਮੇਰਾ ਚਿੱਤਰ ਬਣਾ ਸਕਦੈਂ ?

- ਤੁਹਾਡਾ ਕਿਉਂ ? ਸਾਰੀ ਵਰਕਸ਼ਾਪ ਦਾ ਬਣਾ ਸਕਦਾਂ, ਮਾਈਕਲ ਨੇ ਉੱਤਰ ਦਿੱਤਾ।

- ਇਹਨੂੰ ਕੈਨਵਸ ਅਤੇ ਪੈਨਸਿਲ ਦੇਹ, ਗ੍ਰਾਂਸੀ।

ਉਸਤਾਦ ਅਤੇ ਸ਼ਾਗਿਰਦ ਦੀ ਇਹ ਵਾਰਤਾਲਾਪ ਪੜ੍ਹ ਕੇ ਮੈਨੂੰ ਵੀਹ ਸਾਲ ਪੁਰਾਣੀ ਘਟਨਾ ਯਾਦ ਆਈ। ਵੱਡਾ ਬੇਟਾ ਹੁਸਨਬੀਰ ਪੰਜਵੀਂ ਵਿਚ ਪੜ੍ਹਦਾ ਸੀ, ਉਸਦੇ ਜਮਾਤੀ ਆ ਕੇ ਦੱਸਿਆ ਕਰਨ - ਅੰਕਲ ਇਹ ਵਧੀਆ ਗਾਉਂਦੈ। ਮੈਂ ਆਖ ਦਿੰਦਾ - ਸਾਰੇ ਈ ਬੱਚੇ ਗਵੱਈਏ ਹੁੰਦੇ ਨੇ। ਇਕ ਦਿਨ ਉਸਦੀ ਅਧਿਆਪਕਾ ਘਰ ਆ ਕੇ ਗੰਭੀਰਤਾ ਨਾਲ ਕਹਿਣ ਲੱਗੀ - ਇਸ ਮੁੰਡੇ ਨੂੰ ਕਿਸੇ ਉਸਤਾਦ ਕੋਲ ਲਿਜਾਓ। ਇਸ ਵਿਚ ਪ੍ਰਤਿਭਾ ਹੈ। ਉਸਤਾਦ ਜਵਾਹਰ ਲਾਲ ਦੇ ਘਰ ਲੈ ਗਿਆ। ਉਸਨੇ ਕਿਹਾ - ਮੈਂ ਇਕ ਅਲਾਪ ਲਵਾਂਗਾ ਬੇਟੇ, ਕੀ ਤੂੰ ਦੱਸ ਦਏਂਗਾ ਕਿ ਹਾਰਮੋਨੀਅਮ ਉਪਰ ਮੇਰਾ ਸਾ ਕਿਥੇ ਹੈ ? ਹੁਸਨਬੀਰ ਨੇ ਕਿਹਾ - ਆਪਾਂ ਨੂੰ ਕਾਰਾਂ, ਬੱਸਾਂ, ਟਰੱਕਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ, ਮੈਨੂੰ ਉਨ੍ਹਾਂ ਦੇ ਸਾ ਦਾ ਵੀ ਪਤਾ ਹੈ। ਤੁਸੀਂ ਅਲਾਪ ਲਓ। ਉਸਤਾਦ ਨੇ ਅਲਾਪ ਲਿਆ। ਮੁੰਡੇ ਨੇ ਹੂਬਹੂ ਅਲਾਪ ਦੁਹਰਾਇਆ ਅਤੇ ਹਾਰਮੋਨੀਅਮ ਦੀ ਸਹੀ ਸੁਰ ਉਪਰ ਉਂਗਲ ਰੱਖੀ। ਵੱਡਾ ਦਸਵੀਂ ਵਿਚ ਸੀ, ਛੋਟਾ ਸੁਖਨਬੀਰ ਅੱਠਵੀਂ ਵਿਚ, ਸਕੂਲਾਂ ਦੇ ਮੁਕਾਬਲੇ ਹੋਏ, ਵੱਡੇ ਨੇ ਕਲਾਸੀਕਲ ਵੋਕਲ ਵਿਚ, ਛੋਟੇ ਨੇ ਕਲਾਸੀਕਲ ਇੰਸਟਰੂਮੈਂਟਸ ਵਿਚ ਪੰਜਾਬ ਪੱਧਰ ਦੇ ਸੋਨ ਤਗ਼ਮੇ ਜਿੱਤੇ। ਉਸਤਾਦ ਬਾਕਰ ਹੁਸੈਨ ਨੇ ਸਿਰਾਂ 'ਤੇ ਹੱਥ ਰੱਖੇ, ਕਿਹਾ - ਰਿਆਜ਼ ਕਰੀ ਚਲੋ, ਰਿਆਜ਼ ਕਰਦਿਆਂ ਜੁਆਨ ਹੋਵੋਗੇ ਤਾਂ ਦੇਖੋਗੇ, ਤੁਹਾਡਾ ਗਾਉਣਾ ਤੁਹਾਡੇ ਤੋਂ ਪਹਿਲਾਂ ਜੁਆਨ ਹੋ ਜਾਏਗਾ।

ਮਾਈਕਲ ਦੀਆਂ ਨਜ਼ਰਾਂ ਇਧਰ ਉਧਰ ਘੁੰਮਣ ਲੱਗੀਆਂ ਜਿਵੇਂ ਚੋਰੀਓਂ ਅੰਗੂਰ ਤੋੜਨੇ ਹੋਣ। ਅੱਖਾਂ ਨਾਲ ਹੱਥਾਂ ਦੀ ਚੰਗੀ ਦੋਸਤੀ ਸੀ। ਅੱਧ ਕੁ ਪਹਿਰ ਬਾਦ ਉਸਨੂੰ ਲੱਗਾ, ਪਿੱਛੇ ਖਲੋ ਕੇ ਮੋਢੇ ਉਪਰ ਦੀ ਕੋਈ ਦੇਖ ਰਿਹੈ। ਮੁੰਡੇ ਨੇ ਉਧਰ ਦੇਖ ਕੇ ਉਸਤਾਦ ਨੂੰ ਕਿਹਾ - ਅਜੇ ਪੂਰੀ ਨੀ ਹੋਈ। ਉਸਤਾਦ ਨੇ ਕਿਹਾ - ਲੋੜ ਈ ਨੀ ਪੂਰੀ ਕਰਨ ਦੀ। ਸਹੀ ਐਂ ਤੂੰ। ਗ੍ਰਾਂਸੀ ਨੇ ਸਹੀ ਕਿਹਾ, ਤੇਰਾ ਹੱਥ ਟਿਕਿਆ ਹੋਇਐ। ਸੁਣ ਕੇ ਮਾਈਕਲ

ਨੇ ਖੱਬੇ ਹੱਥ ਨਾਲ ਸੱਜੀ ਕਲਾਈ ਫੜ ਕੇ ਮਾਣ ਨਾਲ ਕਿਹਾ - ਦਰਅਸਲ ਇਹ ਹੱਥ ਏਨਾ ਮਜ਼ਬੂਤ ਹੈ ਕਿ ਬੁੱਤਤ੍ਰਾਸ਼ੀ ਵਾਸਤੇ ਬਣਿਐ ਉਸਤਾਦ ਜੀ।

- ਅਸੀਂ ਇਥੇ ਪੱਥਰ ਦਾ ਕੰਮ ਨੀਂ ਕਰਦੇ। ਰੰਗਾਂ ਦਾ ਕੰਮ ਸਿਖਾਵਾਂਗੇ। ਤੈਨੂੰ ਪਹਿਲੇ ਸਾਲ ਵਾਸਤੇ ਛੇ ਮੁਹਰਾਂ ਦੇਣੀਆਂ ਪੈਣਗੀਆਂ।

- ਮੈਂ ਤੁਹਾਨੂੰ ਕੁਝ ਨਹੀਂ ਦੇ ਸਕਦਾ, ਸ੍ਰੀਮਾਨ।

- ਬੋਨਾਰਟੀ ਗ਼ਰੀਬ ਨਹੀਂ, ਮੈਂ ਜਾਣਦਾਂ। ਕੰਮ ਸਿੱਖਣਾ ਹੈ ਤਾਂ ਬਾਪੂ ਤੋਂ ਪੈਸੇ ਮੰਗ।

- ਜਦੋਂ ਮੈਂ ਪੇਂਟਿੰਗ ਦੀ ਗੱਲ ਕਰਦਾਂ, ਪਿਤਾ ਕੁੱਟਣ ਲੱਗ ਜਾਂਦੈ।

- ਜਦੋਂ ਉਸਨੂੰ ਖ਼ਬਰ ਮਿਲੀ ਕਿ ਮੈਂ ਤੈਨੂੰ ਦਾਖ਼ਲ ਕਰ ਲਿਐ, ਫੇਰ ਮਾਰ ਨਾ ਪਏਗੀ ?

- ਪਹਿਲੇ ਸਾਲ ਛੇ ਮੁਹਰਾਂ, ਦੂਜੇ ਸਾਲ ਅੱਠ ਤੇ ਤੀਜੇ ਸਾਲ ਤੁਸੀਂ ਪਿਤਾ ਨੂੰ ਦਸ ਮੁਹਰਾਂ ਦੇ ਦਿਆ ਕਰੋਗੇ ਤਾਂ ਬਚਾਉ ਹੋ ਜਾਏਗਾ।

- ਅੱਜ ਤੱਕ ਇਥੇ ਇਸ ਤਰ੍ਹਾਂ ਕਦੇ ਨੀ ਹੋਇਆ, ਉਸਤਾਦ ਨੇ ਕਿਹਾ।

- ਫੇਰ ਤਾਂ ਮੈਂ ਕੰਮ ਸਿੱਖ ਈ ਨੀ ਸਕਦਾ।

- ਠੀਕ ਐ, ਬਾਪੂ ਨੂੰ ਲੈ ਕੇ ਆ ਜਾਈਂ। ਮੇਰੇ ਵਲੋਂ ਦਾਖ਼ਲ ਹੈਂ।

ਗ੍ਰਾਸੀ ਉਸਨੂੰ ਇਕ ਪਾਸੇ ਲੈ ਗਿਆ, ਮੋਢੇ 'ਤੇ ਹੱਥ ਧਰ ਕੇ ਹੌਲੀ ਦੇਣੀ ਕਿਹਾ, ਅੱਜ ਕਮਾਲ ਹੋਈ ਐ। ਤੂੰ ਆਰਟ ਸਕੂਲ ਦਾ ਹਰੇਕ ਅਸੂਲ ਤੋੜਿਐ, ਪਰ ਦਾਖ਼ਲਾ ਮਿਲ ਗਿਆ। ਘਰ ਵਾਪਸੀ 'ਤੇ ਦਾਂਤੇ ਦਾ ਪੱਥਰ ਦਾ ਬਣਿਆ ਘਰ ਤੇ ਚਰਚ ਦੇਖਿਆ, ਸੋਚਣ ਲੱਗਾ - ਇਨ੍ਹਾਂ ਕਲਾਕਾਰਾਂ ਦੀਆਂ ਉਂਗਲਾਂ ਨੇ ਪੱਥਰ ਇਉਂ ਛੂਹੇ ਸਨ, ਜਿਵੇਂ ਕੋਈ ਆਪਣੀ ਪ੍ਰੇਮਿਕਾ ਨੂੰ ਪਹਿਲੀ ਵਾਰ ਛੂਹੇ। ਕਲਾਕਾਰ ਨਾਲ ਦੇ ਪਹਾੜ ਵਿੱਚੋਂ ਪੱਥਰ ਕੱਟ ਕੇ ਗੱਡੇ 'ਤੇ ਲੱਦਦੇ, ਫਿਰ ਲਿਆ ਕੇ ਟੁਕੜੇ ਕਰਦੇ, ਤਰਾਸ਼ਦੇ, ਘਰ, ਚਰਚ, ਮਹਿਲ ਅਤੇ ਵਿਹੜੇ ਦੀਆਂ ਕੰਧਾਂ ਉਸਾਰਦੇ। ਦਿਸਦੀਆਂ ਇਮਾਰਤਾਂ ਵਿੱਚੋਂ ਕਈ ਬਹੁਤ ਪੁਰਾਣੀਆਂ ਸਨ।

ਹਜ਼ਾਰਾਂ ਸਾਲ ਪਹਿਲਾਂ, ਦੇਖ ਕੇ, ਛੂਹ ਕੇ, ਸੁੰਘ ਕੇ, ਉਹ ਦੱਸ ਦਿਆ ਕਰਦੇ ਸਨ ਕਿ ਇਹ ਪੱਥਰ ਕਿੰਨਾ ਕੁ ਸਖ਼ਤ ਹੈ, ਇਸਦਾ ਰੰਗ ਕਿੰਨਾ ਕੁ ਪੱਕਾ ਹੈ। ਗਿਰਜੇ ਦੇ ਗੁੰਬਦ ਵੱਲ ਦੇਖਦਿਆਂ, ਹਜ਼ਾਰਾਂ ਸਾਲਾਂ ਤੋਂ ਫਲੋਰੈਂਸ ਵਾਸੀ ਪ੍ਰਣ ਕਰਿਆ ਕਰਦੇ ਸਨ - ਮੈਂ ਇਸ ਗੁੰਬਦ ਦੀਆਂ ਨਜ਼ਰਾਂ ਤੋਂ ਉਹਲੇ ਨਹੀਂ ਹੋਵਾਂਗਾ।

ਘਰ ਪੁੱਜਾ, ਸੁਆਦਲੇ ਖਾਣੇ ਦੀ ਸੁਗੰਧ ਆਈ। ਮਤਰੇਈ ਮਾਂ ਨੇ ਕਿਹਾ - ਤੇਰੇ ਲਈ ਅੱਜ ਅਜਿਹਾ ਸਲਾਦ ਬਣਾਇਐ ਕਿ ਖਾਂਦਿਆਂ ਤੇਰੇ ਮੂੰਹ ਵਿਚ ਗੀਤ ਗਾਣ ਲੱਗੇਗਾ। ਮਾਈਕਲ ਸਵਖਤੇ ਉੱਠ ਕੇ ਤਿਆਰ ਹੁੰਦਾ, ਮਾਂ ਵੀ ਬਜ਼ਾਰੋਂ ਖਾਣ ਪੀਣ ਦੀਆਂ ਤਾਜ਼ੀਆਂ ਚੀਜ਼ਾਂ ਖ਼ਰੀਦਣ ਵਾਸਤੇ ਤਿਆਰ ਹੋ ਰਹੀ ਹੁੰਦੀ। ਪੈਸੇ ਦੇਣ ਲੱਗਿਆਂ ਪਿਤਾ ਬੁੜ ਬੁੜ ਕਰਦਾ - ਤੈਨੂੰ ਤਾਂ ਹਰ ਰੋਜ਼ ਮਣ ਪੱਕੀ ਮੱਛੀ ਤੇ ਹਜ਼ਾਰ ਸੰਤਰੇ ਚਾਹੀਦੇ ਨੇ। ਮਾਂ ਆਖਦੀ - ਤੇ ਤੇਰਾ ਸੁਭਾਅ ਇਹ ਕਿ ਜੇਬ ਵਿਚ ਪੈਸੇ ਤੇ ਪੇਟ ਵਿਚ ਭੁੱਖ ਹਮੇਸ਼ਾ ਰਹਿਣੇ ਚਾਹੀਦੇ ਨੇ।

- ਸਾਡੇ ਖ਼ਾਨਦਾਨ ਵਿਚ ਤਿੰਨ ਸੌ ਸਾਲ ਤੋਂ ਕਿਸੇ ਨੇ ਇਕ ਡੰਗ ਦੀ ਭੁੱਖ ਨਹੀਂ ਦੇਖੀ, ਰੱਜ ਕੇ ਖਾਧਾ, ਪਹਿਨਿਆਂ।

- ਫੇਰ ਬੁੜ ਬੁੜ ਕਰਨ ਦੀ ਕੀ ਲੋੜ ?

ਪਿਤਾ ਆਪਣੇ ਕਮਰੇ ਵਿਚ ਬੈਠਾ ਵਹੀ ਖ਼ਾਤਾ ਕਰ ਰਿਹਾ ਸੀ ਕਿ ਮਾਈਕਲ ਆਉਂਦਾ ਦੇਖਿਆ। ਜਦੋਂ ਕਿਤੇ ਜਾਂਦਾ, ਇਸ ਕਮਰੇ ਨੂੰ ਤਿੰਨ ਜੰਦਰੇ ਮਾਰ ਕੇ ਜਾਂਦਾ।

ਸੋਚਦਾ - ਮੈਂ ਲੇਟ ਜੰਮਿਆਂ, ਸੌ ਸਾਲ ਪਹਿਲਾਂ ਸੈਂਕੜੇ ਏਕੜ ਜ਼ਮੀਨ ਤੇ ਕਿੰਨਾ ਧਨ ਹੁੰਦਾ ਸੀ, ਹੁਣ ਵੰਡ-ਦਰ-ਵੰਡ ਕਾਰਨ ਦਸ ਏਕੜ ਰਹਿ ਗਈ ਹੈ। ਮੁੰਡੇ ਨੇ ਆ ਕੇ ਪਿਤਾ ਨੂੰ ਸਲਾਮ ਕਿਹਾ, ਦੱਸਿਆ - ਪਿਤਾ ਜੀ ਮੈਂ ਗਿਰਲਾਂਡੀਓ ਦੀ ਵਰਕਸ਼ਾਪ ਵਿੱਚੋਂ ਆਇਆਂ, ਉਹਨੇ ਮੈਨੂੰ ਦਾਖ਼ਲ ਕਰ ਲਿਐ। ਪਿਤਾ ਨੂੰ ਲੱਗਾ ਜਿਵੇਂ ਮੁੰਡੇ ਨੇ ਖ਼ਾਨਦਾਨ ਦੇ ਮੂੰਹ 'ਤੇ ਚਪੇੜ ਮਾਰ ਦਿੱਤੀ ਹੈ, ਯਾਨੀ ਕਿ ਇਕ ਮਿਸਤਰੀ ਦਾ, ਮਜ਼ਦੂਰ ਦਾ ਕੰਮ ਕਰੇਗਾ।

- ਮੈਂ ਤੈਨੂੰ ਮਹਿੰਗੇ ਸਕੂਲ ਵਿਚ ਦਾਖ਼ਲ ਕਰਾਇਐ ਮਾਈਕਲ ਤਾਂ ਕਿ ਵੱਡਾ ਹੋ ਕੇ ਉੱਨ ਦਾ ਕਾਰੋਬਾਰ ਕਰੇਂ, ਧਨ ਕਮਾਏਂ, ਮੌਜ ਕਰੇਂ। ਤੇਰਾ ਖ਼ਿਆਲ ਐ ਮੈਂ ਤੈਨੂੰ ਉਸ ਮਿਸਤਰੀ ਕੋਲ ਜਾਣ ਦੀ ਆਗਿਆ ਦਿਆਂਗਾ ? ਸਾਡੇ ਖ਼ਾਨਦਾਨ ਦੇ ਬੰਦੇ ਹੱਥੀਂ ਕੰਮ ਨੀ ਕਰਿਆ ਕਰਦੇ।

ਮੁੰਡੇ ਨੇ ਕਿਹਾ - ਵਿਆਜ ਖਾ ਖਾ ਕੇ ਜਿਉਣ ਵਿਚ ਕੀ ਵਡਿਆਈ ਹੈ ?

- ਕਿਉਂ ਮਾੜਾ ਕੀ ਐ ਇਸ ਵਿਚ ? ਅਸੀਂ ਫਲੋਰੈਂਸ ਦੇ ਸੇਠ ਹਾਂ, ਕਰਜ਼ਾ ਦੇਣਾ ਸਾਡੀ ਸ਼ਾਨ ਹੈ, ਦੁਨੀਆਂ ਸਲਾਮਾਂ ਕਰਦੀ ਐ।

- ਮੇਰੇ ਕਾਰਨ ਖ਼ਾਨਦਾਨ ਦੀ ਇੱਜ਼ਤ ਵਧੇਗੀ ਪਿਤਾ ਜੀ। ਜਿਵੇਂ ਪੁਰਾਤਨ ਬੁੱਤ-ਘਾੜਿਆਂ ਨੂੰ ਯਾਦ ਕੀਤਾ ਜਾਂਦੈ, ਇਉਂ ਯਾਦ ਕਰਨਗੇ ਲੋਕ, ਜਿਵੇਂ ਡੋਨੇਟੈਲੋ ਤੇ ਗਿਰਲੈਂਡੀਓ ਦੀ ਸ਼ਾਨ ਹੈ। ਪਿਤਾ ਨੇ ਕਿਹਾ - ਇਹ ਦੋਵੇਂ ਮਜ਼ਦੂਰ ਸਨ ਤੇ ਮਜ਼ਦੂਰ ਰਹੇ। ਆਰਟ ਉੱਤੇ ਸਮਾਂ ਬਰਬਾਦ ਕਰਨਾ ਇਵੇਂ ਹੈ ਜਿਵੇਂ ਸੋਚਣਾ ਕਿ ਖੋਤੇ ਨੂੰ ਸਾਬਣ ਲਾ ਕੇ ਨੁਹਾਉਣ ਨਾਲ ਉਹ ਸੁਹਣਾ ਹੋ ਜਾਏਗਾ। ਸਮਾਂ ਤੇ ਸਾਬਣ ਦੋਵਾਂ ਦਾ ਨਾਸ।

- ਮੈਂ ਮਰ ਜਾਵਾਂਗਾ, ਆਰਟ ਨਹੀਂ ਛੱਡਾਂਗਾ।

- ਵੱਡਿਆਂ ਅੱਗੇ ਛੋਕਰਿਆਂ ਦੀ ਗੁਸਤਾਖ਼ੀ ਕਬੂਲ ਨਹੀਂ ਹੁੰਦੀ ਇਸ ਘਰ ਵਿਚ, ਇਹ ਕਹਿ ਕੇ ਪਿਤਾ ਨੇ ਚਪੇੜ ਜੜਨੇ ਸ਼ੁਰੂ ਕਰ ਦਿੱਤੇ। ਚੁੱਪ-ਚਾਪ ਨੀਵੀਂ ਪਾ ਕੇ ਮਾਈਕਲ ਇਉਂ ਸ਼ਾਂਤ ਖਲੋਤਾ ਰਿਹਾ ਜਿਵੇਂ ਤੇਜ਼ ਤੂਫ਼ਾਨ ਸਾਹਮਣੇ ਜਾਨਵਰ ਸਿਰ ਝੁਕਾ ਕੇ ਖਲੋ ਜਾਂਦਾ ਹੈ। ਦਾਦੀ ਕਾਹਲੀ ਕਾਹਲੀ ਆਈ, ਪੋਤੇ ਦਾ ਸਿਰ ਬਾਹਵਾਂ ਵਿਚ ਲੈ ਲਿਆ, ਬੋਲੀ - ਪਾਗਲ ਹੋ ਗਏ ਓਂ ਤੁਸੀਂ ਸਾਰੇ ? ਕਿਸ ਤੋਂ ਕਿਹੜਾ ਕੰਮ ਲੈਣੈਂ, ਜੰਮਣ ਤੋਂ ਪਹਿਲਾਂ ਰੱਬ ਫ਼ੈਸਲਾ ਲਿਖ ਦਿੰਦੈ। ਤੁਸੀਂ ਕੌਣ ਹੁੰਨੇ ਓ ਬੱਚੇ ਨੂੰ ਕੁੱਟਣ ਵਾਲੇ ? ਹੁਣ ਹੱਥ ਲਾ ਕੇ ਦਿਖਾਏ ਕੋਈ। ਦਾਦੀ ਨੇ ਆਪਣੇ ਪੁੱਤਰ ਨੂੰ ਕਿਹਾ - ਕਿਉਂ ਖੱਪ ਪਾ ਰੱਖਦੈਂ ਹਰ ਰੋਜ਼ ? ਤੇਰੇ ਕੋਲ ਪੰਜ ਬੱਤਖਾਂ ਪਾਲਣ ਜੋਗੇ ਤਾਂ ਪੈਸੇ ਨੀਂ, ਪੰਜ ਮੁੰਡਿਆਂ ਨੂੰ ਕਿਹੜਾ ਵਪਾਰ ਦਿਵਾ ਦਏਂਗਾ ? ਦਸ ਕਿੱਲੇ ਵੰਡਣ ਬਾਦ ਦੋ ਦੋ ਰਹਿ ਜਾਣਗੇ। ਏਸ ਮੁੰਡੇ ਦਾ ਦਿਲ ਕਰਦੈ ਆਰਟ ਸਿੱਖੇ, ਤੂੰ ਬਜ਼ਿਦ ਐਂ ਬਈ ਖੋਤੇ 'ਤੇ ਲੱਦ ਕੇ ਉੱਨ ਵੇਚਦਾ ਫਿਰੇ। ਮੈਨੂੰ ਦੱਸ ਕੋਈ ਫ਼ਰਕ ਹੋਇਆ ? ਦੋਵੇਂ ਮਜ਼ਦੂਰੀਆਂ ਨੇ, ਜਿਹੜਾ ਜੋ ਮਰਜ਼ੀ ਕਰੇ। ਮਾਈਕਲ ਹੌਸਲੇ ਵਿਚ ਹੋ ਗਿਆ, ਕਿਹਾ - ਪਿਤਾ ਜੀ ਮੈਨੂੰ ਦਾਖ਼ਲ ਕਰਵਾ ਕੇ ਆਉ। ਉਸਤਾਦ ਫ਼ੀਸ ਨਹੀਂ ਲਏਗਾ, ਸਗੋਂ ਤੁਹਾਨੂੰ ਕੁਝ ਦਏਗਾ। ਉਸਨੇ ਮੇਰੇ ਹੱਥਾਂ ਦੀ ਤਾਕਤ ਦੇਖ ਲਈ ਹੈ।

ਪਿਤਾ ਨਰਮ ਪੈ ਗਿਆ - ਤੇਰੀ ਮਰਜ਼ੀ ਮਾਈਕਲ। ਬਦਮਾਸ਼ ਨੂੰ ਹਰਾ ਸਕਦਾ ਹਾਂ, ਸਾਧ ਨੂੰ ਨਹੀਂ। ਪਿਤਾ ਦਾਖ਼ਲ ਕਰਵਾ ਆਇਆ। ਗਿਰਲਾਂਡੀਓ ਨੇ ਕਿਹਾ - ਪੇਂਟਿੰਗ ਦਾ ਮਨੋਰਥ ਸੁੰਦਰਤਾ ਹੈ, ਦਰਸ਼ਕ ਦੀ ਅੱਖ ਜਿੱਤਣੀ ਹੈ, ਇਹੋ ਸਫਲਤਾ ਹੈ। ਕੁਦਰਤ ਤੋਂ ਸਿੱਖੋ, ਹਰ ਰੋਜ਼ ਕੰਮ ਕਰੋ।

ਅਪ੍ਰੈਲ 16, 1488 ਨੂੰ ਪਹਿਲੀ ਤਨਖ਼ਾਹ ਲੈ ਕੇ ਮਾਈਕਲ ਬੇਹੱਦ ਖ਼ੁਸ਼ ਹੋਇਆ। ਬਾਕੀ ਸਿਖਾਂਦਰੂ ਆਪਸ ਵਿਚ ਕੁਝ ਘੁਸਰ-ਮੁਸਰ ਕਰਦੇ ਦੇਖੇ। ਨਾਨਬਾਈ ਦਾ ਮੁੰਡਾ ਜਕੋਪੋ ਆਖ ਰਿਹਾ ਸੀ - ਠੀਕ ਹੈ, ਹੋ ਜਾਏ ਮੁਕਾਬਲਾ। ਜਿਹੜਾ ਜਿੱਤੇ, ਉਹ ਸਾਰਿਆਂ ਨੂੰ ਸ਼ਾਮ ਦਾ ਡਿਨਰ ਦਏ। ਦੇਖੋ ਅਹੁ ਕੰਧ ਦੇ ਨਾਲ ਖਲੋਤਾ ਦਰੱਖ਼ਤ। ਸਮਾਂ ਹੋਵੇਗਾ ਦਸ ਮਿੰਟ। ਛੇ ਜਣੇ ਤਿਆਰ ਹੋ ਕੇ ਬੈਠ ਗਏ। ਮਾਈਕਲ ਨੇ ਪੁੱਛਿਆ - ਮੈਨੂੰ ਕਿਉਂ ਨਹੀਂ ਰਲਾਉਣਾ ? ਜਕੋਪੋ ਨੇ ਕਿਹਾ - ਕੀ ਫ਼ਾਇਦਾ ? ਜਿੱਤੇਂਗਾ ਨਹੀਂ, ਫਿਰ ਮੁਕਾਬਲਾ ਕਰਨ ਦਾ ਕੀ ਮਤਲਬ ? ਮਾਈਕਲ ਨੇ ਕਿਹਾ - ਜਿੱਤਾਂ ਨਾ ਜਿੱਤਾਂ, ਮੁਕਾਬਲਾ ਕਰਨ ਦੀ ਆਗਿਆ ਤਾਂ ਮਿਲੇ ? ਠੀਕ ਹੈ, ਮੁੰਡਿਆਂ ਨੇ ਕਿਹਾ - ਆ ਜਾ, ਬੈਠ ਜਾ ਤੂੰ ਵੀ। ਕੰਮ ਸ਼ੁਰੂ। ਸਾਰੇ ਜੁਟ ਗਏ। ਫਿਰ ਜਕੋਪੋ ਨੇ ਕਿਹਾ - ਸਮਾਂ ਖ਼ਤਮ। ਪੈਨਸਿਲਾਂ ਰੱਖ ਦਿਉ। ਰੱਖ ਦਿੱਤੀਆਂ। ਜਕੋਪੋ ਨੇ ਸਾਰੀਆਂ ਇਕ ਇਕ ਕਰਕੇ ਦੇਖੀਆਂ, ਜਦੋਂ ਮਾਈਕਲ ਦੀ ਵਾਹੀ ਸ਼ੀਟ ਦੇਖੀ, ਹੈਰਾਨੀ ਨਾਲ ਕਹਿਣ ਲੱਗਾ - ਗ਼ਜ਼ਬ! ਦੇਖੋ ਤਾਂ ਸਹੀ। ਇਹ ਫ਼ਸਟ ਆਇਐ। ਕਮਾਲ ਐ ਬਈ। ਸਾਰਿਆਂ ਨੇ ਵਧਾਈਆਂ ਦਿੱਤੀਆਂ ਤਾਂ ਉਹ ਖ਼ੁਸ਼ ਹੋ ਗਿਆ। ਹੁਣ ਖ਼ਿਆਲ ਆਇਆ - ਦੋ ਲਿਟਰ ਵਾਈਨ ਤੇ ਸੱਤ ਜਣਿਆਂ ਦਾ ਵਧੀਆ ਖਾਣਾ। ਹੋਟਲ ਦੇ ਦਰਵਾਜ਼ੇ ਅੱਗੇ ਖਲੋਤੇ ਮੁੰਡੇ ਹੱਸ ਰਹੇ ਸਨ। ਮਾਈਕਲ ਸਮਝ ਗਿਆ। ਉਸ ਨਾਲ ਠੱਗੀ ਹੋ ਗਈ। ਤਨਖ਼ਾਹ ਬੋਝੇ ਵਿਚ ਪਈ ਦੇਖ ਕੇ ਮੁੰਡਿਆਂ ਨੇ ਸਕੀਮ ਘੜੀ ਸੀ। ਗ਼ੁੱਸੇ ਨਾਲ ਉਸਨੇ ਗ੍ਰਾਂਸੀ ਨੂੰ ਕਿਹਾ - ਮੇਰਾ ਉੱਲੂ ਬਣਾਇਐ ਤੁਸੀਂ ਰਲ ਕੇ ? ਗ੍ਰਾਂਸੀ ਹੱਸਿਆ - ਨਵਿਆਂ ਨਾਲ ਇਸ ਤਰ੍ਹਾਂ ਹੋਇਆ ਈ ਕਰਦੈ, ਇਹ ਵੀ ਟ੍ਰੇਨਿੰਗ ਈ ਐ। ਅੱਛਾ ਇਹ ਦੱਸ - ਜੇ ਤੈਨੂੰ ਪਤਾ ਹੁੰਦਾ, ਕੀ ਫੇਰ ਤੂੰ ਭੈੜਾ ਸਕੈੱਚ ਬਣਾ ਦੇਣਾ ਸੀ ?

- ਬਿਲਕੁਲ ਨਹੀਂ, ਬੇਸ਼ੱਕ ਘਾਟਾ ਪਏ, ਮੈਂ ਘਟੀਆ ਕੰਮ ਨਹੀਂ ਕਰਾਂਗਾ ਕਦੀ।

- ਬਸ ਫਿਰ, ਪ੍ਰਵਾਹ ਨਹੀਂ। ਖ਼ੁਸ਼ ਹੋ। ਤੇਰੇ ਕੋਲ ਖ਼ਰਚਣ ਵਾਸਤੇ ਕੁਝ ਹੈ ਨਾ, ਸਾਡੇ ਕੋਲ ਤਾਂ ਕਿਸੇ ਕੋਲ ਕੁਝ ਹੈ ਈ ਨੀ, ਫਿਰ ਸਾਡੇ ਨਾਲ ਠੱਗੀ ਕਿਵੇਂ ਹੋ ਸਕਦੀ ਐ ?

ਉਸਤਾਦ ਨੇ ਦੱਸਿਆ - ਸਿਰ ਦੇ ਤਿੰਨ ਹਿੱਸੇ ਨੇ ਮਾਈਕਲ। ਪਹਿਲਾ ਹਿੱਸਾ ਵਾਲ ਅਤੇ ਮੱਥਾ, ਦੂਜਾ ਨੱਕ, ਤੀਜਾ ਬੁੱਲ੍ਹ ਤੇ ਠੋਡੀ। ਹੱਥ, ਪੱਟਾਂ ਦੇ ਅੱਧ ਤੱਕ ਜਾਂਦੇ ਹੁੰਦੇ ਨੇ। ਦੋਵੇਂ ਬਾਹਵਾਂ ਫੈਲਾਉ, ਆਦਮੀ ਦਾ ਕੱਦ ਏਨਾ ਹੀ ਹੁੰਦਾ ਹੈ ਅਤੇ ਅੱਠ ਸਿਰ ਜੋੜ ਕੇ ਮਿਣੋ, ਇਹ ਵੀ ਆਦਮੀ ਦੀ ਲੰਬਾਈ ਜਿੱਡੇ ਹੋਣਗੇ। ਮੋਮ ਦਾ ਸਿਰ ਬਣਾਉਣਾ ਹੋਵੇ ਤਾਂ ਪਹਿਲੋਂ ਬਾਂਸ ਦੇ ਤੀਲਿਆਂ ਜਾਂ ਤਾਰਾਂ ਦਾ ਫਰੇਮ ਬਣਾਉ, ਫਿਰ ਉਸ ਉਪਰ ਮੋਮ ਦਾ ਉਛਾੜ ਚਾਹੜੋ। ਮੋਮ ਜਾਂ ਟੈਰਾਕੋਟਾ ਦੇ ਬੁੱਤਾਂ ਵਿਚ ਲੇਪ ਉਪਰ ਕੁਝ ਚਿਪਕਾਉਂਦੇ ਰਹਿਣਾ ਹੈ ਜਦੋਂ ਕਿ ਪੱਥਰ ਉਪਰੋਂ ਕੁਝ ਲਗਾਤਾਰ ਖੁਰਚਣਾ ਹੁੰਦਾ ਹੈ। ਜ਼ਨਾਨੀਆਂ ਇਨ੍ਹਾਂ ਹਿਸਾਬਾਂ 'ਤੇ ਪੂਰੀਆਂ ਨਹੀਂ ਉਤਰਦੀਆਂ, ਸਾਰੀਆਂ ਦਾ ਜਿਸਮ ਅੱਡੋ-ਅੱਡ ਤਰੀਕੇ ਨਾਲ ਬੇਢਬਾ ਹੈ।

ਮਾਈਕਲ ਨੇ ਇਹ ਜਮੈਟਰੀ ਸਿੱਖਦਿਆਂ ਕਿਹਾ - ਜਮੈਟਰੀ ਕਫ਼ਨ ਹੈ, ਇਕ ਲਾਸ਼ ਇਸ ਜਮੈਟਰੀ ਦੇ ਡੱਬੇ ਵਿਚ ਫਿੱਟ ਹੋ ਸਕਦੀ ਹੈ। ਵਰਕਸ਼ਾਪ ਵਿਚ ਸੇਨਿੰਨੀ ਦੀ ਪੰਕਤੀ ਕੰਧ 'ਤੇ ਟੰਗੀ ਹੋਈ ਸੀ - ਕਲਾਕਾਰ ਕੰਮ ਨੂੰ ਪੂਜਾ ਸਮਝੇ, ਖਾਣ-ਪੀਣ ਵਿਚ ਸੰਜਮ ਰੱਖੇ, ਜ਼ਨਾਨੀਆਂ ਤੋਂ ਦੂਰ ਰਹੇ, ਇਕ ਗ਼ਲਤੀ ਤੁਹਾਡੇ ਬਰੱਸ਼ ਨੂੰ ਅਜਿਹਾ ਕਾਂਬਾ ਛੇੜ ਦਏਗੀ ਜਿਵੇਂ ਝੱਖੜ ਪੱਤਿਆਂ ਵਿਚ ਛੇੜ ਦਿੰਦਾ ਹੈ। ਮਾਈਕਲ ਨੇ ਜਕੋਪੋ ਨੂੰ ਇਹ ਪੰਕਤੀ ਸੁਣਾ ਕੇ ਕਿਹਾ - ਤੂੰ ਹਰੇਕ ਹਰਾਮਜ਼ਦਗੀ ਕਰਦੈਂ। ਕੋਠੇ ਵਾਲੀਆਂ ਤੱਕ ਤੇਰੇ ਕਦਮ ਪੁੱਜ ਜਾਂਦੇ

ਨੇ। ਜਕੋਪੋ ਖ਼ੂਬ ਹੱਸਿਆ - ਤਾਂ ਹੀ ਤਾਂ ਕਿੰਨੇ ਦਿਨਾਂ ਤੋਂ ਮੈਂ ਕੋਈ ਪੇਂਟਿੰਗ ਨਹੀਂ ਬਣਾਈ, ਮੈਂ ਉਸਤਾਦ ਦੀਆਂ ਪੇਂਟਿੰਗਜ਼ ਵਿਚ ਕਾਂਬਾ ਨਹੀਂ ਛੇੜਨਾ।

ਗ੍ਰਾਂਸੀ ਨਾਲ ਇਕ ਸ਼ਾਮ ਆ ਰਿਹਾ ਸੀ, ਮਹਿਲ ਦੇ ਨੇੜੇ ਭੀੜ ਦੇਖੀ। ਤੁਰਕੀ ਦਾ ਸੁਲਤਾਨ ਇਕ ਜ਼ੀਰਾਫ਼ ਗਿਫ਼ਟ ਕਰਨ ਆਇਆ ਹੋਇਆ ਸੀ। ਮਾਈਕਲ ਨੇ ਕਿਹਾ - ਮੇਰਾ ਜੀ ਕਰਦੈ ਮੈਂ ਇਸ ਸਾਰੇ ਕੁਝ ਨੂੰ ਪੇਂਟਿੰਗ ਵਿਚ ਉਤਾਰ ਲਵਾਂ, ਮਹਿਲ ਦਾ ਪਿਛੋਕੜ, ਫਲੋਰੈਂਸ ਦਾ ਹਾਕਮ, ਸੁਲਤਾਨ, ਤੇ ਜ਼ੀਰਾਫ਼ ਜਿਵੇਂ ਸ਼ਤਰੰਜ ਦੀ ਪੱਟੀ ਵਿਛੀ ਹੋਵੇ, ਚਿੱਟੇ ਕਾਲੇ ਵਰਗ, ਐਂ ਲੱਗਦੈ ਜਿਵੇਂ ਗਿਆਨ ਅਤੇ ਅਗਿਆਨ ਖਿੱਲਰ ਗਏ ਹੋਣ ਪਰ ਹੈਨ ਆਸ ਪਾਸ ਇਕ ਦੂਜੇ ਦੇ।

ਇਕ ਸਵੇਰ ਉਹ ਕੰਮ 'ਤੇ ਗਿਆ, ਦੇਖਿਆ ਉਸਤਾਦ ਦੇ ਟੇਬਲ ਉਪਰ ਕਾਗ਼ਜ਼ਾਂ ਦਾ ਬੰਡਲ ਪਿਆ ਹੈ। ਖੋਲ੍ਹਿਆ, ਬਹੁਤ ਖ਼ੂਬਸੂਰਤ ਸਕੈੱਚ ਸਨ। ਉਸਨੇ ਨਕਲ ਕਰਨੇ ਸ਼ੁਰੂ ਕਰ ਦਿੱਤੇ। ਛੇ ਉਤਾਰੇ ਕਰ ਚੁੱਕਿਆ ਤਾਂ ਉਸਤਾਦ ਆ ਗਿਆ। ਗਰਜਿਆ - ਕਿਸ ਨੇ ਆਗਿਆ ਦਿੱਤੀ ਹੈ ਤੈਨੂੰ ਉਤਾਰੇ ਕਰਨ ਦੀ ? ਮਾਈਕਲ ਸ਼ਾਂਤ ਰਿਹਾ, ਮਜ਼ਬੂਤ ਆਵਾਜ਼ ਵਿਚ ਕਿਹਾ - ਛੇਤੀ ਸਿੱਖਾਂਗਾ, ਤੁਹਾਨੂੰ ਕੋਈ ਫ਼ਾਇਦਾ ਹੋਏਗਾ, ਤੁਹਾਡੇ ਫ਼ਾਇਦੇ ਵਾਸਤੇ ਕਰ ਰਿਹਾਂ। ਉਸਤਾਦ ਨਰਮ ਹੋ ਗਿਆ। ਵੱਖ ਵੱਖ ਆਕਾਰਾਂ ਦੇ ਡੰਕ ਹੱਥ ਵਿਚ ਫੜਾਉਂਦਿਆਂ ਦੱਸਿਆ ਕਿ ਬਰੀਕ ਨਿੱਬ ਕਿਸ ਵਾਸਤੇ ਤੇ ਮੋਟਾ ਕਿਸ ਵਾਸਤੇ ਹੁੰਦਾ ਹੈ।

- ਮੇਰਾ ਕਦੀ ਕਦੀ ਜੀ ਕਰਦਾ ਹੁੰਦੈ ਮੈਂ ਨੰਗੇ ਮਾਡਲ ਚਿੱਤਰਾਂ, ਮਾਈਕਲ ਨੇ ਕਿਹਾ।

- ਕਿਉਂ ? ਉਸਤਾਦ ਨੇ ਕਿਹਾ - ਲਿਬਾਸ ਵਿਚ ਚਿੱਤਰ। ਪਾਗਲ ਯੂਨਾਨੀ ਨੰਗੇ ਚਿੱਤਰ ਚਿਤਰਦੇ ਸਨ ਸਾਡੇ ਇਹ ਰਿਵਾਜ ਨਹੀਂ। ਤੈਨੂੰ ਪਤਾ ਹੀ ਹੈ ਮਨੁੱਖੀ ਸਰੀਰ ਬਦਸ਼ਕਲ ਹੈ। ਇਹ ਕੱਪੜਿਆਂ ਵਿਚ ਈ ਢੱਕਿਆ ਸੋਹਣਾ ਦਿਸਦੈ, ਨਾਲੇ ਅਸੀਂ ਈਸਾਈਆਂ ਵਾਸਤੇ ਪੇਂਟਿੰਗ ਕਰਦੇ ਆਂ ਕੰਜਰਾਂ ਵਾਸਤੇ ਨਹੀਂ। ਦੇਖ, ਮੈਂ ਲਿਬਾਸ ਨੂੰ ਕਿੰਨੀ ਸੂਖਮ ਛੁਹ ਦਿੰਦਾ ਹਾਂ, ਇਸੇ ਤਰ੍ਹਾਂ ਠੀਕ ਲੱਗਦੈ।

- ਉਸਤਾਦ ਜੀ ਮੇਰਾ ਜੀ ਕਰਦੈ ਮੈਂ ਉਸ ਤਰ੍ਹਾਂ ਬਣਾਵਾਂ ਜਿਵੇਂ ਰੱਬ ਨੇ ਆਦਮ ਅਤੇ ਈਵ ਬਣਾਏ ਸਨ।

ਉਸਨੇ ਸਿੱਖਿਆ ਬਰੱਸ਼ ਕਿਵੇਂ ਬਣਾਉਣੇ ਹਨ, ਕਿਨ੍ਹਾਂ ਕਿਨ੍ਹਾਂ ਜਾਨਵਰਾਂ ਦੇ ਵਾਲ ਕੰਮ ਆਉਂਦੇ ਹਨ। ਡੰਕ ਅਤੇ ਰੰਗ ਆਪ ਬਣਾਉਣੇ ਹਨ। ਪਲਾਸਟਰ ਕਿਵੇਂ ਪੱਧਰਾ ਕਰਨਾ ਹੈ, ਅੱਜ ਜਿਹੜਾ ਹਿੱਸਾ ਅਧੂਰਾ ਰਹਿ ਗਿਆ, ਅਗਲੇ ਦਿਨ ਬਾਕੀ ਹਿੱਸਾ ਮੁਸ਼ਕਲਾਂ ਖੜੀਆਂ ਕਰੇਗਾ। ਅੱਜ ਵਾਲੇ ਰੰਗ ਕੱਲ੍ਹ ਨੂੰ ਚਿੱਤਰਨ ਵਾਲੇ ਰੰਗਾਂ ਤੋਂ ਵੱਖ ਦਿੱਸਣਗੇ, ਇਹ ਖੱਪੇ ਪੂਰੇ ਕਰਨੇ ਸਿੱਖੇ। ਦੁਪਹਿਰ ਵੇਲੇ ਬਰੱਸ਼ ਤੇਜ਼ ਚੱਲਣਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਗਰਮੀ ਕਰਕੇ ਪਲਾਸਟਰ ਵਧੀਕ ਰੰਗ ਸੋਕੀ ਜਾਂਦਾ ਹੈ, ਸਵੇਰ ਸ਼ਾਮ ਰਫ਼ਤਾਰ ਹਲਕੀ ਕਰ ਦਿਓ।

ਗਿਰਲਾਂਡੀਓ ਆਪਣੇ ਸ਼ਹਿਰ ਫਲੋਰੈਂਸ ਨੂੰ ਧੜਾ-ਧੜ ਚਿੱਤਰ ਰਿਹਾ ਸੀ, ਹਾਕਮ, ਸ਼ਾਹਜ਼ਾਦੇ, ਸ਼ਾਹਜ਼ਾਦੀਆਂ, ਮਹਿਲ, ਪੁਜਾਰੀ, ਆਮ ਲੋਕ। ਕਿਹਾ ਕਰਦਾ - ਮੇਰਾ ਯੇਰੋਸ਼ਲਮ ਤਾਂ ਮੇਰਾ ਫਲੋਰੈਂਸ ਹੀ ਹੈ, ਮੇਰਾ ਪੂਜਾ ਸਥਲ।

ਇਕ ਦਿਨ ਸ਼ਮਸ਼ਾਨਘਾਟ ਵੱਲ ਅਰਥੀ ਦੇ ਪਿੱਛੇ ਕਾਰਵਾਂ ਜਾਂਦਾ ਦੇਖਿਆ, ਸਭਨਾਂ ਔਰਤਾਂ ਮਰਦਾਂ ਦੇ ਸਫ਼ੈਦ ਲਿਬਾਸ ਦੇਖ ਕੇ ਮਾਈਕਲ ਨੇ ਕਿਹਾ - ਸੰਗਮਰਮਰ ਦੇ ਤੁਰਦੇ ਫਿਰਦੇ ਬੁੱਤ ਕਿੰਨੇ ਸੋਹਣੇ ਲੱਗਦੇ ਨੇ। ਸਭ ਤੋਂ ਪਹਿਲਾ ਬੁੱਤਤ੍ਰਾਸ਼ ਰੱਬ ਹੈ, ਉਸਨੇ ਮਨੁੱਖ

ਦਾ ਬੁੱਤ ਘੜ ਕੇ ਦਸ ਕਮਾਂਡਮੈਂਟਸ ਦਿੱਤੀਆਂ। ਮਨੁੱਖ ਨੇ ਉਹ ਕਿਥੇ ਲਿਖੀਆਂ ? ਪੱਥਰ ਉਪਰ। ਰੋਮਨ ਸਲਤਨਤ ਵਿਚ ਇਕ ਵੀ ਚੱਜ ਦਾ ਬੁੱਤਤ੍ਰਾਸ਼ ਨਹੀਂ। ਕਮਜ਼ੋਰ ਹੱਥਾਂ ਵਿਚ ਕਮਜ਼ੋਰ ਬਰੱਸ਼ ਚੁੱਕੀ ਫਿਰਦੇ ਨੇ ਆਰਟ ਦੇ ਭਗੌੜੇ। ਬੁੱਤ ਤ੍ਰਾਸ਼ਣ ਲਈ ਤਾਕਤ ਅਤੇ ਸਾਧਨਾ ਚਾਹੀਦੀ ਹੈ।

ਜਕੋਪੋ ਹੱਸਿਆ। ਗ੍ਰਾਂਸੀ ਨੇ ਕਿਹਾ - ਜੇ ਤਾਕਤ ਨਾਲ ਕਲਾ ਦੀ ਮਿਣਤੀ ਕਰਨੀ ਹੈ, ਫਿਰ ਉਹ ਆਦਮੀ ਤਕੜੈ ਜਿਸ ਨੇ ਵੱਡੇ ਹਥੌੜੇ ਤੇ ਵੱਡੀ ਛੈਣੀ ਨਾਲ ਪਹਾੜ ਵਿੱਚੋਂ ਸਲੈਬ ਕੱਟੀ। ਬੁੱਤਤ੍ਰਾਸ਼ ਤਾਂ ਨਿੱਕੀਆਂ ਨਿੱਕੀਆਂ ਹਥੌੜੀਆਂ ਤੇ ਛੈਣੀਆਂ ਵਰਤਦਾ ਹੈ, ਫਿਰ ਸੁਨਿਆਰ ਨਾਲੋਂ ਲੁਹਾਰ ਵੱਧ ਤਕੜਾ ਹੋਇਆ।

- ਪਰ ਆਰਟ ਪਰਫ਼ੈਕਟ ਹੁੰਦੈ ਨਾ ? ਕੈਨਵਸ ਉਪਰਲੀ ਕਲਾ ਫ਼ਲੈਟ ਹੈ। ਪੱਥਰ ਦੀ ਕਲਾ ਨੂੰ ਚੁਫੇਰੇ ਘੁੰਮ ਕੇ ਦੇਖ ਸਕੀਦਾ ਹੈ। ਹਰ ਪਾਸਿਉਂ ਪਰਫ਼ੈਕਸ਼ਨ ਦਿਖੇਗੀ।

ਜੈਕੋਪੋ ਨੇ ਕਿਹਾ - ਪੱਥਰ ਵਿੱਚੋਂ ਕੀ ਕੱਢ ਲਓਗੇ ਤੁਸੀਂ ? ਬੰਦਾ, ਔਰਤ, ਘੋੜਾ, ਸ਼ਿਕਾਰੀ, ਬੱਸ ? ਪੇਂਟਰ ਪੂਰਾ ਬ੍ਰਹਿਮੰਡ ਚਿੱਤਰ ਸਕਦਾ ਹੈ। ਚੰਦ, ਤਾਰੇ, ਪਹਾੜ, ਦਰੱਖ਼ਤ, ਦਰਿਆ, ਪੂਰਾ ਸ਼ਹਿਰ, ਪੂਰੀ ਸੱਭਿਅਤਾ, ਸਾਰੇ ਬੁੱਤਘਾੜੇ ਬੋਰ ਹੋ ਹੋ ਮਰੇ।

ਮਾਈਕਲ ਨੇ ਕਿਹਾ - ਪੇਂਟਿੰਗ ਖ਼ਤਮ ਹੋ ਸਕਦੀ ਹੈ, ਅੱਗ, ਪਾਣੀ, ਸਿਉਂਕ, ਧੁੱਪ, ਗਰਮੀ, ਸਰਦੀ, ਰੰਗ ਉੱਡੀ ਜਾਂਦੇ ਹਨ। ਤੇ ਪੱਥਰ ? ਪੱਥਰ ਅਮਰ ਹੈ ਤੇ ਅਨੰਤ ਹੈ। ਦਿਸਦਾ ਨਹੀਂ ? ਹਜ਼ਾਰਾਂ ਸਾਲ ਪਹਿਲਾਂ ਬਣਾਏ ਰੋਮਨ ਬੁੱਤ ਇਉਂ ਹਨ ਜਿਵੇਂ ਅੱਜ ਬਣਾਏ ਹੋਣ।

- ਮਾਈਕਲ ਤੈਨੂੰ ਪਤੈ ਬੁੱਤਤ੍ਰਾਸ਼ੀ ਤੋਂ ਕਿਨਾਰਾ ਕਿਉਂ ਕਰ ਗਏ ਹਨ ਕਲਾਕਾਰ ? ਗ੍ਰਾਂਸੀ ਨੇ ਕਿਹਾ - ਸੰਗਮਰਮਰ ਅਤੇ ਕਾਂਸੀ ਮਹਿੰਗੇ ਹਨ, ਕਿਸ ਕੋਲ ਪੈਸੇ ਹਨ ? ਰੰਗ ਤੇ ਕਾਗ਼ਜ਼ ਸਸਤੇ ਹਨ। ਰੋਟੀ ਤਾਂ ਖਾਣੀ ਹੋਈ ਕਿ ਨਾ ?

ਇਕ ਸਵੇਰ ਉਹ ਪਹਾੜੀ ਵੱਲ ਚਲਾ ਗਿਆ ਜਿਥੇ ਇਮਾਰਤਾਂ ਵਾਸਤੇ ਪੱਥਰ ਦੇ ਵੱਡੇ ਟੁਕੜੇ ਕੱਟੇ ਜਾ ਰਹੇ ਸਨ। ਕਾਮਿਆਂ ਦਾ ਇਹ ਸੰਯੁਕਤ ਵੱਡਾ ਪਰਿਵਾਰ ਕਿਸੇ ਬਿਗਾਨੇ ਨੂੰ ਆਪਣੇ ਵਿਚ ਸ਼ਾਮਿਲ ਨਹੀਂ ਕਰਦਾ ਸੀ, ਇਥੋਂ ਤੱਕ ਕਿ ਵਿਆਹ ਸ਼ਾਦੀਆਂ ਵੀ ਆਪੋ ਵਿਚ ਹੋ ਜਾਂਦੀਆਂ। ਮਾਈਕਲ ਉਨ੍ਹਾਂ ਨੂੰ ਕੰਮ ਕਰਦਿਆਂ ਦੇਖਦਾ ਰਿਹਾ, ਪੱਥਰ ਕੱਟਦੇ ਗੱਲਾਂ ਨਹੀਂ ਕਰਦੇ ਸਨ, ਹਥੌੜੇ ਤੇ ਛੈਣੀਆਂ, ਬਸ ਟਕ ਟਕ ਦੀਆਂ ਆਵਾਜ਼ਾਂ। ਆਵਾਜ਼ਾਂ ਉਸ ਨੂੰ ਸਮੋਹਿਤ ਕਰਨ ਲੱਗੀਆਂ। ਪੱਥਰ ਘਾੜਿਆਂ ਦਾ ਵਡੇਰਾ ਮਾਈਕਲ ਦੇ ਪਿਤਾ ਨੂੰ ਜਾਣਦਾ ਸੀ। ਉਸਨੇ ਮੁੰਡੇ ਨੂੰ ਪਿਆਰ ਨਾਲ ਬੁਲਾ ਲਿਆ, ਪੁੱਛਿਆ, ਕਿਵੇਂ ਆਇਐਂ ? ਮਾਈਕਲ ਨੇ ਕਿਹਾ - ਮੇਰਾ ਪੱਥਰ ਕੱਟਣ ਨੂੰ ਦਿਲ ਕਰਦੈ। ਬਜ਼ੁਰਗ ਨੇ ਕਿਹਾ - ਬਹੁਤੀ ਆਮਦਨ ਵਾਲਾ ਕੰਮ ਤਾਂ ਹੈ ਨਹੀਂ ਇਹ, ਪਰ ਦਿਲ ਕਰਦੈ ਤਾਂ ਆ ਜਾਇਆ ਕਰ। ਹਿਸਾਬ ਸਿਰ ਦਿਹਾੜੀ ਦੇ ਦਿਆਂਗੇ।

- ਅੱਜ ਈ ਸ਼ੁਰੂ ਕਰ ਦਿਆਂ ?

- ਕੁਝ ਹੱਥ ਈ ਵਟਾਏਂਗਾ, ਮੈਨੂੰ ਕੀ ਹਰਜ ? ਕਰ ਦੇਹ ਸ਼ੁਰੂ। ਉਸਨੇ ਕੰਮ ਸ਼ੁਰੂ ਕੀਤਾ ਤਾਂ ਸਖ਼ਤ ਚਟਾਨ ਜਿਵੇਂ ਆਪੇ ਨਰਮ ਹੁੰਦੀ ਜਾ ਰਹੀ ਹੋਵੇ ... ਉਸਨੂੰ ਆਪਣੇ ਆਪ ਉਪਰ ਮਾਣ ਹੋਇਆ। ਕੰਮ ਕਰਦੇ ਨੂੰ ਦੇਖਣ ਲਈ ਬਜ਼ੁਰਗ ਨੇੜੇ ਆਇਆ, ਕਿਹਾ - ਕੰਮ ਕਰਦਿਆਂ ਤੈਸ਼ ਵਿਚ ਨਹੀਂ ਆਉਣਾ, ਤੇਰਾ ਨਰਮ ਦਿਲ ਪੱਥਰ ਨੂੰ ਨਰਮ ਕਰ ਦਏਗਾ। ਹਰੇਕ ਪੱਥਰ ਦਾ ਆਪਣਾ ਆਪਣਾ ਸੁਭਾਅ ਹੁੰਦੈ ਕਾਕਾ, ਤੈਨੂੰ ਆ ਜਾਏਗਾ ਸਭ ਕੁਝ ਸਮਝ। ਇਉਂ ਸਮਝੀਂ ਜਿਵੇਂ ਪੱਥਰ ਤੇਰਾ ਉਸਤਾਦ ਹੋਵੇ ਤੇ ਤੂੰ ਉਸਦਾ

ਵਿਦਿਆਰਥੀ। ਕਿਸਾਨ ਪਸ਼ੂਆਂ ਨੂੰ ਕੁੱਟਣ ਲੱਗੇ ਤਾਂ ਮੂਰਖ ਸਾਬਤ ਹੁੰਦੈ ਨਾ ? ਪੱਥਰ ਵਿਚ ਅਦਭੁਤ ਜਾਦੂ ਹੁੰਦੈ ਜਿਸ ਸਦਕਾ ਇਸ ਨਾਲ ਦੋਸਤੀ ਹੋ ਜਾਂਦੀ ਹੈ।

ਦੁਪਹਿਰ ਇਕ ਔਰਤ ਰੋਟੀ ਲੈ ਆਈ। ਮਾਈਕਲ ਸਣੇ ਸਾਰਿਆਂ ਨੇ ਖਾਣਾ ਖਾਧਾ। ਇਸ ਔਰਤ ਨੇ ਕਿਹਾ - ਤੇਰੀ ਮਾਂ ਮੇਰੀ ਸਹੇਲੀ ਸੀ ਮਾਈਕਲ, ਤੂੰ ਮੇਰੇ ਬੱਚਿਆਂ ਵਾਂਗ ਹੈਂ ਇਥੇ। ਜੋ ਲੋੜ ਹੋਵੇ ਮੰਗ ਲਵੀਂ। ਜਦੋਂ ਤੇਰੀ ਮਾਂ ਮਰ ਗਈ ਸੀ, ਨਿੱਕੇ ਜਿਹੇ ਨੂੰ ਤੈਨੂੰ ਮੈਂ ਆਪਣਾ ਦੁਧ ਚੁੰਘਾ ਕੇ ਪਾਲਿਆ। ਸਾਰੇ ਉੱਠੇ, ਬਜ਼ੁਰਗ ਅੱਗੇ ਅੱਗੇ ਤੇ ਕਾਮੇ ਪਿੱਛੇ ਪਿੱਛੇ ਤੁਰ ਪਏ। ਬੁੱਢਾ ਪੱਥਰ ਨੂੰ ਦੇਖ ਕੇ ਕਹਿਣ ਲੱਗਾ - ਇਸ ਉਪਰ ਗਮੋੜੀਆਂ ਹਨ, ਯਾਨੀ ਕਿ ਇਸ ਵਿਚ ਲੋਹਾ ਹੈ, ਇਹ ਦੂਜਾ ਅੰਦਰੋਂ ਥੋਥਾ ਹੈ। ਆਹ ਦੇਖੋ, ਇਹ ਹੈ ਸਹੀ ਪੱਥਰ, ਇਹ ਕਹਿ ਕੇ ਉਸਨੇ ਗੈਂਤੀ ਨਾਲ ਚੌਰਸ ਲਕੀਰ ਦੀ ਨਿਸ਼ਾਨੀ ਲਾ ਕੇ ਕੱਟਣ ਦਾ ਇਸ਼ਾਰਾ ਕੀਤਾ। ਸ਼ਾਮ ਤੱਕ ਪੱਥਰ ਦਾ ਵੱਡਾ ਚੌਰਸ ਟੁਕੜਾ ਇਕ ਪਾਸੇ ਸਰਕਾ ਦਿੱਤਾ ਗਿਆ।

ਇਕ ਦਿਨ ਮਾਈਕਲ ਵਰਕਸ਼ਾਪ ਵਿਚ ਗਿਆ, ਸ਼ੁਭ ਸਵੇਰ ਕਹੀ, ਉਸਤਾਦ ਦੀ ਖ਼ਾਮੋਸ਼ ਬੇਚੈਨੀ ਦੇਖੀ। ਯਸੂ ਦਾ ਚਿੱਤਰ ਬਣਾਉਣਾ ਸੀ, ਨੈਣ-ਨਕਸ਼ ਮਨਪਸੰਦ ਦੇ ਬਣ ਨਹੀਂ ਰਹੇ।

ਅਗਲੇ ਦਿਨ ਮਾਈਕਲ ਗਿਰਲਾਂਡੀਓ ਦੀ ਵਰਕਸ਼ਾਪ ਵਿਚ ਗਿਆ। ਅਜੇ ਤੱਕ ਯਸੂ ਦਾ ਮਨ ਪਸੰਦ ਜਿਸਮ ਨਹੀਂ ਬਣਿਆ, ਕਿੰਨੇ ਸਕੈੱਚ ਇਧਰ ਉਧਰ ਪਏ ਦੇਖੇ, ਠੀਕ ਨਹੀਂ ਲੱਗ ਰਹੇ। ਮਾਈਕਲ ਨੇ ਕੈਨਵਸ ਤੇ ਪੈਨਸਿਲ ਚੁੱਕੀ, ਯਸੂ ਦਾ ਸਕੈੱਚ ਬਣਾ ਕੇ ਉਸਤਾਦ ਨੂੰ ਦਿਖਾਇਆ। ਉਸਤਾਦ ਨੇ ਕਿਹਾ - ਇਹ ਕੀ ਬਣਾ ਦਿੱਤਾ ? ਭਾਰੀ ਚਿਹਰਾ, ਚੌੜੇ ਮੋਢੇ, ਵੱਡੇ ਪੈਰ, ਇਹ ਤਾਂ ਕੋਈ ਮਜ਼ਦੂਰ ਲੱਗਦੈ, ਫਲੋਰੈਂਸ ਮਜ਼ਦੂਰ ਯਸੂ ਨੂੰ ਪਸੰਦ ਨਹੀਂ ਕਰੇਗਾ।

- ਪਰ ਯਸੂ ਹੈ ਈ ਮਿਸਤਰੀ ਸੀ ਉਸਤਾਦ ਜੀ ? ਮਾਈਕਲ ਨੇ ਕਿਹਾ। ਕੁਝ ਦੇਰ ਤੱਕ ਉਸਤਾਦ ਸੋਚਦਾ ਰਿਹਾ, ਫੇਰ ਕੰਮ ਲੱਗ ਗਿਆ। ਅਖ਼ੀਰ ਵਿਚ ਜਿਹੜੀ ਵੱਡੀ ਪੇਂਟਿੰਗ ਗਿਰਜੇ ਲਈ ਮੁਕੰਮਲ ਕਰਕੇ ਕੰਧ ਨਾਲ ਰੱਖੀ ਤੇ ਸਿਖਿਆਰਥੀਆਂ ਨੂੰ ਦਿਖਾਈ, ਮਾਈਕਲ ਨੇ ਦੇਖਿਆ - ਇਹ ਤਾਂ ਉਹੀ ਯਸੂ ਹੈ ਜਿਹੜਾ ਮੈਂ ਬਣਾਇਆ ਸੀ ... ਮਜ਼ਬੂਤ ਯਸੂ। ਨਾ ਉਸਤਾਦ ਨੇ ਇਸ ਬਾਰੇ ਕੁਝ ਕਿਹਾ ਨਾ ਮਾਈਕਲ ਨੇ। ਜਦੋਂ ਮਾਈਕਲ ਨੂੰ ਯਸੂ, ਮਰੀਅਮ ਜਾਂ ਕਿਸੇ ਸੰਤ ਦੀ ਤਸਵੀਰ ਬਣਾਉਣ ਵਾਸਤੇ ਕਿਹਾ ਜਾਂਦਾ, ਮਰਯਾਦਾ ਦੇ ਉਲਟ ਪਹਿਲਾਂ ਨਿਰਵਸਤਰ ਸਕੈੱਚ ਬਣਾਉਂਦਾ ਫਿਰ ਲਿਬਾਸ ਪਹਿਨਾਉਂਦਾ। ਉਸ ਵਾਸਤੇ ਇਹੋ ਇਕ ਤਰੀਕਾ ਸੀ। ਉਸਤਾਦ ਨੇ ਉਸ ਨੂੰ ਇਕ ਦਿਨ ਕਿਹਾ - ਇਥੇ ਛੋਕਰੇ ਬਕਵਾਸ ਕਰ ਰਹੇ ਸਨ ਕਿ ਮੈਨੂੰ ਤੇਰੇ ਨਾਲ ਕੋਈ ਈਰਖਾ ਹੈ। ਮੂਰਖਾ ਅਜੇ ਤੈਨੂੰ ਕੀ ਆਉਂਦੈ ? ਇਹ ਮੈਂ ਜਾਣਦਾਂ, ਇਕ ਦਿਨ ਤੂੰ ਮੇਰੇ ਤੋਂ ਅੱਗੇ ਲੰਘੇਂਗਾ।

ਇਕ ਦਿਨ ਗ੍ਰਾਂਸੀ ਨੇ ਮਾਈਕਲ ਦੀ ਬਾਂਹ ਫੜੀ, ਕਿਸੇ ਪਾਸੇ ਲੈ ਤੁਰਿਆ। ਬਾਗ਼ ਵਿਚ ਪੁੱਜ ਗਏ। ਇਕ ਬਹੁਤ ਖ਼ੂਬਸੂਰਤ ਬੁੱਤ ਦੇਖਿਆ, ਮੁੰਡਾ ਆਪਣੇ ਪੈਰ ਵਿੱਚੋਂ ਕੰਡਾ ਕੱਢ ਰਿਹੈ। ਕੁਝ ਜੁਆਨ ਪੱਥਰ ਤ੍ਰਾਸ਼ਦੇ ਦੇਖੇ। ਮਾਈਕਲ ਨੇ ਪੁੱਛਿਆ ਇਹ ਕੀ ਹੈ ਸਭ ? ਗ੍ਰਾਂਸੀ ਨੇ ਦੱਸਿਆ, ਫਲੋਰੈਂਸ ਦੇ ਹਾਕਮ ਲੋਰੈਂਜ਼ੋ ਦਾ ਫ਼ੈਸਲਾ ਹੋ ਗਿਆ ਹੈ ਕਿ ਪੁਰਾਤਨ ਰੋਮ ਦੀ ਤਰਜ਼ ਦਾ ਬੁੱਤਤ੍ਰਾਸ਼ੀ ਸਕੂਲ ਸਥਾਪਤ ਕਰਨੈ। ਬੁੱਢੇ ਬੁੱਤਘਾੜੇ ਬਰਟੋਲਡੋ ਨੂੰ ਹਸਪਤਾਲੋਂ ਪਾਲਕੀ ਵਿਚ ਬਿਠਾ ਕੇ ਲੈ ਆਏ ਨੇ। ਉਸਨੇ ਸਿਖਾਂਦਰੂ ਮੁੰਡੇ ਰੱਖੇ ਨੇ, ਆਹ

ਜਿਹੜੇ ਕੰਮ ਕਰ ਰਹੇ ਨੇ। ਉਸਨੇ ਦੇਖਿਆ ਕਮਜ਼ੋਰ ਸਰੀਰ ਵਾਲਾ ਬਰਟੋਲਡੋ ਪੱਗ ਬੰਨ੍ਹੀ ਮੰਜੀ 'ਤੇ ਬੈਠਾ ਹਦਾਇਤਾਂ ਦੇ ਰਿਹਾ ਸੀ।

- ਗ੍ਰਾਂਸੀ, ਇਕ ਸਾਲ ਮੈਂ ਗਿਰਲਾਂਡੀਓ ਕੋਲ ਲਾ ਲਿਆ, ਦੋ ਅਜੇ ਹੋਰ ਬਾਕੀ ਨੇ। ਚਿੱਤਰਕਾਰੀ ਵਾਸਤੇ ਜਦੋਂ ਮੈਂ ਬਣਿਆ ਈ ਨੀ, ਫਿਰ ਦੋ ਸਾਲ ਖ਼ਰਾਬ ਕਿਉਂ ਕਰਾਂ ? ਮੈਨੂੰ ਤਾਂ ਲੱਗਦੈ ਮੈਂ ਇਕ ਸਾਲ ਵੀ ਜ਼ਾਇਆ ਹੀ ਕੀਤਾ, ਪਰ ਉਸ ਤੋਂ ਆਗਿਆ ਕਿਵੇਂ ਲਵਾਂ ?

- ਮੈਨੂੰ ਤਾਂ ਆਪ ਨੀ ਸੁੱਝਦਾ ਕਰੀਏ ਕੀ ?

ਮਾਈਕਲ ਦੀਆਂ ਅੱਖਾਂ ਭਰ ਆਈਆਂ - ਮੈਂ ਪੱਥਰ ਵਾਸਤੇ ਹਾਂ ਗ੍ਰਾਂਸੀ, ਸਿਰਫ਼ ਪੱਥਰ ਵਾਸਤੇ।

ਪੁਰਾਤਨ ਬੁੱਤ ਉਸਨੂੰ ਇਉਂ ਖਿੱਚ ਰਹੇ ਸਨ ਜਿਵੇਂ ਚੁੰਬਕ ਲੋਹੇ ਨੂੰ ... ਬੇਸੁੱਧ ਜਿਹਾ ਹੋ ਕੇ ਪੂਰੀ ਹਸਰਤ ਨਾਲ ਉਹ ਇਕ ਇਕ ਬੁੱਤ ਦੇਖੀ ਗਿਆ। ਲੋਰੈਂਜ਼ੋ ਨੇ ਬਹੁਤ ਸਾਰੇ ਬੁੱਤ ਇਥੇ ਲਿਆ ਰੱਖੇ ਸਨ।

ਅੱਧੀ ਰਾਤ ਤੱਕ ਨੀਂਦ ਨਹੀਂ ਆਈ ...ਗਿਰਲਾਂਡੀਓ ਤੋਂ ਕਿਵੇਂ ਮੁਕਤੀ ਮਿਲੇ ? ਕੋਈ ਹੱਲ ਨਹੀਂ। ਤਿਆਰ ਹੋ ਕੇ ਵਰਕਸ਼ਾਪ ਵੱਲ ਚੱਲ ਪਿਆ। ਉਸਤਾਦ ਨੀਵੀਂ ਪਾਈ ਆਪਣੇ ਕੰਮ ਵਿਚ ਮਗਨ ਦੇਖਿਆ, ਸ਼ੁਭ ਸਵੇਰ ਦਾ ਜਵਾਬ ਵੀ ਨਹੀਂ ਦਿੱਤਾ। ਕੁਝ ਦੇਰ ਬਾਅਦ ਉਸਨੇ ਸਿਰ ਉਪਰ ਚੁੱਕਿਆ ਤੇ ਕਿਹਾ - ਕੱਲ੍ਹ ਹਾਕਮ ਨੇ ਸੱਦਿਆ ਸੀ ਮੈਨੂੰ। ਕਹਿੰਦਾ ਦੋ ਵਧੀਆ ਮੁੰਡੇ ਉਸਦੇ ਬੁੱਤਤ੍ਰਾਸ਼ੀ ਦੇ ਸਕੂਲ ਵਾਸਤੇ ਚਾਹੀਦੇ ਨੇ। ਮੈਂ ਵੀ ਤਾਂ ਆਪਣਾ ਕਾਰੋਬਾਰ ਚਲਾਉਣੈ, ਪਰ ਹਾਕਮ ਨੂੰ ਨਾਂਹ ਕੌਣ ਕਰ ਸਕਦੈ ? ਤੂੰ ਜਾਏਂਗਾ ਮਾਈਕਲ ?

- ਕੱਲ੍ਹ ਮੈਂ ਉਹ ਸਕੂਲ ਦੇਖਿਆ ਸ੍ਰੀਮਾਨ, ਕਿਸੇ ਜਾਨਵਰ ਦੀਆਂ ਭੁੱਖੀਆਂ ਅੱਖਾਂ ਵਾਂਗ ਮੇਰੀਆਂ ਅੱਖਾਂ ਰੱਜੀਆਂ ਈ ਨਾ।

- ਤੇ ਤੂੰ ਗ੍ਰਾਂਸੀ ?

- ਹਾਂ ਜੀ, ਜੇ ਆਗਿਆ ਮਿਲੇ ਤਾਂ ...।

- ਠੀਕ ਐ। ਤੁਹਾਨੂੰ ਦੋਵਾਂ ਨੂੰ ਮੇਰੇ ਵੱਲੋਂ ਛੁੱਟੀ। ਚਲੋ ਬਈ ਬਾਕੀ ਕੰਮ ਤੇ ਲੱਗੋ।

ਇਨ੍ਹਾਂ ਦੋਵਾਂ ਦਾ ਦਿਲ ਕੀਤਾ ਸ਼ੁਕਰਾਨਾ ਕਰੀਏ, ਪਰ ਇਸਦਾ ਮਤਲਬ ਗ਼ਲਤ ਨਿਕਲਣਾ ਸੀ ... ਬੇਚੈਨੀ ਵਿਚ, ਉਲਝਣ ਵਿਚ ਖਲੋਤੇ ਰਹੇ। ਆਖ਼ਰ ਉਸਤਾਦ ਨੇ ਜ਼ੁਬਾਨ ਖੋਲ੍ਹੀ - ਮੈਂ ਤੈਨੂੰ ਦੇਖ ਰਿਹਾਂ ਮਾਈਕਲ, ਤੂੰ ਪੱਥਰ ਵਾਸਤੇ ਬਣਿਐਂ। ਟੈਰਾਕੋਟਾ ਅਤੇ ਮੋਮ ਵੀ ਤੂੰ ਪੱਥਰ ਵਾਂਗ ਤ੍ਰਾਸ਼ਣ ਲੱਗ ਜਾਨੈਂ। ਤੇਰੇ ਬਣਾਏ ਚਿੱਤਰ ਵੀ ਅਜਿਹਾ ਪ੍ਰਭਾਵ ਦਿੰਦੇ ਨੇ ਜਿਵੇਂ ਬਰੱਸ਼ ਨਹੀਂ, ਛੈਣੀ ਚੱਲੀ ਹੈ। ਤੇਰੇ ਲਈ ਲੋਹਾ ਤੇ ਪੱਥਰ ਠੀਕ ਹਨ। ਪਰ ਯਾਦ ਰੱਖੀਂ ਤੇਰਾ ਪਹਿਲਾ ਉਸਤਾਦ ਗਿਰਲਾਂਡੀਓ ਹੈ।

ਦੋਵਾਂ ਨੇ ਅਦਬ ਨਾਲ ਸਿਰ ਝੁਕਾਇਆ ਤੇ ਬਾਹਰ ਆ ਗਏ। ਦੋਵੇਂ ਮਾਈਕਲ ਦੇ ਪਿਤਾ ਕੋਲ ਗਏ ਤੇ ਪੇਂਟਿੰਗ ਦੀ ਥਾਂ ਬੁੱਤਤ੍ਰਾਸ਼ੀ ਸਿੱਖਣ ਦੀ ਖ਼ਬਰ ਦਿੱਤੀ। ਪਿਤਾ ਨੇ ਪੁੱਛਿਆ - ਪਰ ਇਹ ਤਾਂ ਬਿਲਕੁਲ ਅਨਪੜ੍ਹ ਮਜ਼ਦੂਰ ਦਾ ਕਿੱਤਾ ਹੈ। ਲੱਕੜ ਤਰਾਸ਼ ਲਈ ਜਾਂ ਪੱਥਰ, ਇਸ ਵਿਚ ਕੀ ਫ਼ਰਕ ? ਅੱਛਾ ਕੀ ਤਨਖ਼ਾਹ ਮਿਲੇਗੀ ?

- ਤਨਖ਼ਾਹ ? ਪਤਾ ਨਹੀਂ, ਅਸੀਂ ਪੁੱਛੀ ਨਹੀਂ।

- ਮੈਂ ਪੁੱਛਿਆ ਸੀ, ਗ੍ਰਾਂਸੀ ਨੇ ਦੱਸਿਆ - ਕੋਈ ਤਨਖ਼ਾਹ ਨਹੀਂ।

- ਸਾਰੀ ਉਮਰ ਮੈਂ ਹੀ ਭਾਰ ਢੋਂਦਾ ਫਿਰਾਂ ਤੇਰਾ? ਮੈਂ ਆਗਿਆ ਨਹੀਂ ਦਿਆਂਗਾ। ਹਰਗਿਜ਼ ਨਹੀਂ। ਇਹ ਕਹਿ ਕੇ ਗ਼ੁੱਸੇ ਨਾਲ ਭਰਿਆ ਪਿਤਾ ਉੱਠ ਕੇ ਚਲਾ ਗਿਆ।

ਬਗ਼ੈਰ ਆਗਿਆ ਲਇਆਂ ਦੋਵਾਂ ਨੇ ਬਾਗ਼ ਵਿਚ ਜਾਣਾ, ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਉਸਤਾਦ ਬਰਟੋਲਡੋ ਨਿਪੁੰਨ ਕਲਾਕਾਰ ਤਾਂ ਹੈ ਈ ਸੀ, ਬੜਾ ਹਸਮੁੱਖ ਸੀ, ਅਕਸਰ ਉਸਤਾਦ ਗੁਸੈਲੇ ਹੁੰਦੇ ਹਨ, ਇਹ ਪਿਆਰਾ ਬਜ਼ੁਰਗ ਸੀ। ਦੱਸਿਆ, ਬੱਚਿਓ ਬਹੁਤੀ ਵਾਰ ਆਰਟ ਸਿਖਾਇਆਂ ਨਹੀਂ ਸਿੱਖੀਦਾ। ਡੋਨੇਲੋ ਮੇਰਾ ਉਸਤਾਦ ਸੀ। ਮੈਂ ਉਸਦਾ ਵਾਰਸ ਵੀ ਹਾਂ, ਤਾਂ ਵੀ ਮੈਂ ਉਸ ਵਰਗਾ ਨਹੀਂ, ਉਸਨੇ ਇਹ ਆਸ ਵੀ ਨਹੀਂ ਰੱਖੀ ਕੋਈ ਉਸ ਵਰਗਾ ਹੋਵੇ। ਹਰੇਕ ਆਪਣੇ ਆਪ ਵਰਗਾ ਹੋਵੇ। ਤੁਸੀਂ ਕਿੰਨਾ ਕੁ ਪਚਾਣਾ ਹੈ, ਇਹ ਤੁਹਾਡੀ ਸਮਰੱਥਾ ਅਨੁਸਾਰ ਹੋਵੇਗਾ, ਉਸਤਾਦ ਦੀ ਸਮਰੱਥਾ ਅਨੁਸਾਰ ਨਹੀਂ।

ਸਾਰੇ ਜਣੇ ਕੰਮ 'ਤੇ ਲੱਗੇ ਹੋਏ ਸਨ ਕਿ ਹਾਕਮ ਲੋਰੈਂਜ਼ੋ ਆਪਣੀ ਸ਼ਾਹਜ਼ਾਦੀ ਸਮੇਤ ਬਾਗ਼ ਵਿਚ ਆਇਆ। ਉਸਨੇ ਲਾਤੀਨੀ ਯੂਨਾਨੀ ਦੀਆਂ ਦਸ ਹਜ਼ਾਰ ਕਿਤਾਬਾਂ ਇਕੱਠੀਆਂ ਕਰ ਕੇ ਯੌਰਪ ਦੀ ਪਹਿਲੀ ਲਾਇਬ੍ਰੇਰੀ ਸਥਾਪਤ ਕੀਤੀ ਸੀ। ਕੇਵਲ ਧਨ ਦੌਲਤ ਰਾਹੀਂ ਨਹੀਂ, ਉਹ ਫਲੋਰੈਂਸ ਨੂੰ ਵਿੱਦਿਆ, ਕਲਾ ਅਤੇ ਸੰਗੀਤ ਦੇ ਖੇਤਰ ਵਿਚ ਵੀ ਅਮੀਰ ਕਰਨ ਦਾ ਇੱਛੁਕ ਸੀ। ਭੋਰਾ ਹੈਂਕੜ ਨਹੀਂ, ਪਹਿਲੋਂ ਉਸਤਾਦ ਨਾਲ ਫਿਰ ਸਿਖਾਂਦਰੂਆਂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗਾ। ਉਸ ਦੀ ਧੀ ਉਸਦੇ ਪਿੱਛੇ ਪਿੱਛੇ, ਤੁਰਦੀ ਆਈ, ਸੁਬਕ ਜਿਹੀ, ਪਤਲੀ ਕੰਟੈਸਿਨਾ। ਪਿਤਾ ਅਤੇ ਸ਼ਾਹਜ਼ਾਦੀ ਨੇ ਹਰੇਕ ਨਾਲ ਕੋਈ ਨਾ ਕੋਈ ਗੱਲ ਕੀਤੀ, ਮਾਈਕਲ ਲਾਗਿਉਂ ਚੁੱਪਚਾਪ ਲੰਘ ਗਏ। ਸ਼ਾਹਜ਼ਾਦੀ ਕਦੀ ਦੋ ਕਦੀ ਤਿੰਨ ਦਿਨਾਂ ਬਾਦ ਆ ਜਾਂਦੀ। ਹਰ ਵਾਰ ਪਿਤਾ ਨਹੀਂ, ਕਦੀ ਕੋਈ ਅਫ਼ਸਰ ਉਸ ਨਾਲ ਹੁੰਦਾ। ਇਕ ਦਿਨ ਮਾਈਕਲ ਨੂੰ ਕਿਸੇ ਵੱਲੋਂ ਫ਼ਾਲਤੂ ਸਮਝ ਕੇ ਸੁੱਟਿਆ ਹੋਇਆ ਸੰਗਮਰਮਰ ਦਾ ਪੱਥਰ ਲੱਭ ਗਿਆ, ਉਸਨੂੰ ਚਾਅ ਚੜ੍ਹ ਗਿਆ। ਹਥੌੜਾ, ਛੈਣੀ, ਰੇਤੀ ਨਾਲ ਕੰਮ ਕਰਦਿਆਂ ਐਨਾ ਗੁਆਚ ਗਿਆ, ਕਿ ਪਤਾ ਨਾ ਲੱਗਾ ਕਿੰਨਾ ਸਮਾਂ ਬੀਤ ਗਿਆ। ਨਾਲ ਦੇ ਸਭ ਸਾਥੀ ਜਾ ਚੁੱਕੇ ਸਨ। ਰਾਜਕੁਮਾਰੀ ਟਹਿਲਦੀ ਹੋਈ ਨੇੜੇ ਆ ਖਲੋਤੀ।

- ਮੇਰਾ ਨਾਂ ਮਾਈਕਲਏਂਜਲੋ ਹੈ ਸ਼ਾਹਜ਼ਾਦੀ, -- ਕੰਮ ਕਰਦਿਆਂ ਗੱਲਾਂ ਕਰੀ ਗਿਆ।

- ਤੇ ਮੇਰਾ ਨਾਮ ਕੰਟੈਸਿਨਾ।

ਸ਼ਾਹਜ਼ਾਦੀ ਨੇ ਇਕ ਪੱਥਰ ਚੁੱਕ ਕੇ ਸੁੰਘਦਿਆਂ ਕਿਹਾ - ਪੱਕੀ ਅੰਜੀਰ ਵਰਗੀ ਸੁਗੰਧ, ਫਿਰ ਇਕ ਹੋਰ ਪੱਥਰ ਚੁੱਕ ਕੇ ਨੱਕ ਨਜ਼ਦੀਕ ਲਿਆ ਕੇ ਕਿਹਾ - ਇਸ ਵਿਚ ਕੋਈ ਸੁਗੰਧੀ ਨਹੀਂ। ਉਸਦੀ ਇਸ ਹਰਕਤ 'ਤੇ ਮਾਈਕਲ ਖ਼ੂਬ ਹੱਸਿਆ, ਕੁੜੀ ਵੀ ਹੱਸੀ।

- ਏਨਾ ਸਖ਼ਤ ਕੰਮ ਕਰ ਕੇ ਤੂੰ ਥੱਕਦਾ ਨਹੀਂ ਮਾਈਕ?

- ਨਹੀਂ ... ਸਗੋਂ ਪੱਥਰ ਮੈਨੂੰ ਤਾਕਤ ਦਿੰਦੈ। ਇਹ ਆਪਣੇ ਵਰਗਾ ਬਣਾ ਦਏਗਾ ਮੈਨੂੰ। ਮੇਰੇ ਹੱਥ ਵਿਚ ਆ ਕੇ ਇਸ ਵਿਚ ਜਾਨ ਪੈ ਜਾਂਦੀ ਹੈ।

- ਮੇਰੇ ਵਾਸਤੇ ਕੋਈ ਚੀਜ਼ ਬਣਾਏਂਗਾ ਮਾਈਕ?

- ਯਕੀਨਨ। ਜਲਦੀ।

ਸਖ਼ਤ ਪੱਥਰ ਉਪਰ ਪਾਣੀ ਪਾਉਣਾ ਸੀ, ਇਧਰ ਉਧਰ ਦੇਖਿਆ, ਪਾਣੀ ਨਹੀਂ ਸੀ, ਲੋੜੀਂਦੀ ਥਾਂ ਉਪਰ ਥੁੱਕ ਕੇ ਰਗੜਾਈ ਕਰਨ ਲੱਗ ਪਿਆ।

- ਜੇ ਤੇਰਾ ਮੂੰਹ ਸੁੱਕ ਜਾਵੇ ਮਾਈਕਲ, ਤੇ ਪਾਣੀ ਵੀ ਨਾ ਹੋਵੇ, ਫੇਰ?

- ਬੁੱਤਤ੍ਰਾਸ਼ ਦਾ ਮੂੰਹ ਕਦੀ ਨਹੀਂ ਸੁੱਕਿਆ ਕਰਦਾ ਸ਼ਾਹਜ਼ਾਦੀ। ਦੋਵੇਂ ਫਿਰ ਹੱਸ ਪਏ। ਮਾਈਕਲ ਨੂੰ ਪਤਾ ਲੱਗਾ ਇਸ ਕੁੜੀ ਦੀ ਨਾਨੀ ਤੇ ਮਾਂ ਦੀ ਮੌਤ ਤਪਦਿਕ ਨਾਲ ਹੋਈ। ਇਸ ਦਾ ਵੀ ਇਹੋ ਅੰਤ ਹੋਵੇਗਾ, ਇਸ ਲਈ ਪਿਤਾ ਉਸਦਾ ਵਧੀਕ ਖ਼ਿਆਲ ਰੱਖਦਾ। ਗ੍ਰਾਂਸੀ ਪੇਂਟਿੰਗ ਵਿਚ ਠੀਕ ਸੀ ਪਰ ਪੱਥਰ ਦਾ ਕੰਮ ਉਸਦੇ ਵੱਸ ਦਾ ਨਾ ਰਿਹਾ। ਹਾਕਮ ਦੌਰੇ ਉਪਰ ਆਇਆ ਤਾਂ ਇਹ ਗੱਲ ਕੀਤੀ। ਹਾਕਮ ਨੇ ਉਸਨੂੰ ਬਾਗ਼ ਦਾ ਮੈਨੇਜਰ ਨਿਯੁਕਤ ਕਰ ਦਿੱਤਾ ਤਾਂ ਉਹ ਬਹੁਤ ਖ਼ੁਸ਼ ਹੋਇਆ। ਮਾਈਕਲ ਨੂੰ ਇਹ ਗੱਲ ਚੰਗੀ ਨਹੀਂ ਲੱਗੀ।

ਪਿਤਾ ਮਾਈਕਲ ਉਪਰ ਵਰ੍ਹਦਾ ਰਹਿੰਦਾ - ਤੇਰੇ ਨਾਲ ਦੇ ਮੁੰਡੇ ਕਮਾਈ ਕਰਨ ਲੱਗ ਪਏ। ਤੂੰ ਪੰਦਰਾਂ ਸਾਲ ਦਾ ਹੋ ਕੇ ਵਿਹਲਾ ਫਿਰਦੈਂ। ਕਦੋਂ ਕੰਮ ਸਿੱਖ ਜਾਏਂਗਾ?

- ਪਤਾ ਨਹੀਂ ਪਿਤਾ ਜੀ।

- ਪਤਾ ਨਹੀਂ ਲੱਗਦਾ ਇਹ ਮੁੰਡੇ ਜੰਮੇ ਕੀ ਕਰਨ ਲਈ ਨੇ। ਪੰਜੇ ਨਿਕੰਮੇ।

- ਪਿਤਾ ਜੀ, ਭੁੱਲ ਜਾਓ ਕਿ ਮੈਂ ਖੋਤੇ 'ਤੇ ਉੱਨ ਵੇਚਦਾ ਫਿਰਾਂ।

ਮਾਈਕਲ ਸਾਰਾ ਦਿਨ ਸਖ਼ਤ ਮਿਹਨਤ ਕਰਦਾ ਪਰ ਅਜੇ ਉਸਨੂੰ ਪੱਥਰ ਤ੍ਰਾਸ਼ਣ ਦੀ ਆਗਿਆ ਨਹੀਂ ਮਿਲੀ। ਬੁੱਤਘਾੜਿਆਂ ਨੂੰ ਮਹਿਲ ਵਿਚ ਲਿਜਾ ਕੇ ਪੁਰਾਤਨ ਬੁੱਤ ਦਿਖਾਏ ਜਾਂਦੇ, ਕਿਸੇ ਨੇ ਉਸਨੂੰ ਨਾਲ ਜਾਣ ਲਈ ਨਹੀਂ ਕਿਹਾ। ਉਸਨੇ ਗ੍ਰਾਂਸੀ ਕੋਲ ਗੱਲ ਕੀਤੀ ਤੇ ਕਿਹਾ - ਤੂੰ ਉਸਤਾਦ ਨੂੰ ਆਖ ਮੈਨੂੰ ਵੀ ਮਹਿਲ ਦੇਖਣ ਦੀ ਆਗਿਆ ਦਏ। ਗ੍ਰਾਂਸੀ ਨੇ ਕਿਹਾ - ਜਦੋਂ ਤੈਨੂੰ ਕਾਬਲ ਸਮਝੇਗਾ, ਆਪੇ ਭੇਜ ਦਏਗਾ। ਉਸਤਾਦ ਬਰਟੋਲਡੋ ਨੇ ਦੇਖਿਆ, ਮਾਈਕਲ ਨੇ ਇਕ ਡਰਾਇੰਗ ਭੁਰਗਿਆਨੀ ਦੀ ਸ਼ੈਲੀ ਵਿਚ ਬਣਾਈ, ਉਸਤਾਦ ਨੇ ਚੁੱਕੀ, ਟੁਕੜੇ ਕਰ ਕੇ ਸੁਟੱਦਿਆਂ ਕਿਹਾ - ਲੰਗੜੇ ਨਾਲ ਸਾਲ ਭਰ ਤੁਰਦਾ ਰਹੇਂਗਾ ਤਾਂ ਤੂੰ ਵੀ ਲੰਗ ਮਾਰਨ ਲੱਗ ਜਾਏਂਗਾ।

ਨਿਰੰਤਰ ਕੰਮ ਵਿਚ ਮਗਨ, ਧੀਰਜਵਾਨ, ਆਗਿਆਕਾਰੀ, ਮਾਈਕਲ ਦੇ ਮੋਢੇ 'ਤੇ ਹੱਥ ਰੱਖ ਕੇ ਉਸਤਾਦ ਨੇ ਆਖ਼ਰ ਕਹਿ ਦਿੱਤਾ - ਹੁਣ ਪੱਥਰ ਛੂਹਣ ਦਾ ਵਕਤ ਆ ਗਿਐ। ਕਰ ਦੇਹ ਕੰਮ ਸ਼ੁਰੂ ਪੁੱਤਰ। ਰੱਬ ਨੇ ਪਿੱਠ ਇਸ ਕਰਕੇ ਤਕੜੀ ਬਣਾਈ ਹੈ ਤਾਂ ਕਿ ਭਾਰ ਢੋਅ ਸਕੇਂ।

ਇਕ ਦਿਨ ਮਹਿਲ ਵਿਚ ਜਾਣ ਦਾ ਸੱਦਾ ਮਿਲ ਗਿਆ, ਲੋਰੈਂਜ਼ੋ ਨੇ ਕਿਸਾਨਾਂ ਦੇ ਦੇਵਤੇ ਫਾਨ ਦਾ ਬੁੱਤ ਲੱਭ ਕੇ ਲਿਆਂਦਾ, ਜੋ 500 ਸਾਲ ਪੂਰਬ ਈਸਾ ਵੇਲੇ ਦਾ ਸੀ। ਉਹ ਦੇਖਣਾ ਸੀ। ਵੱਡੇ ਦਰਵਾਜ਼ੇ ਵਿੱਚੋਂ ਲੰਘ ਕੇ ਅੱਗੇ ਗਏ। ਦੋ ਵੱਡੇ ਬੁੱਤ ਆਹਮੋ-ਸਾਹਮਣੇ ਖਲੋਤੇ ਸਨ। ਦੋਵੇਂ ਦਾਊਦ, ਇਕ ਡੋਨੇਟੈਲੋ ਦਾ, ਦੂਜਾ ਵੇਰੋਕੀਓ (Verrocchio) ਦਾ ਬਣਾਇਆ ਹੋਇਆ। ਆਰਟ ਗੈਲਰੀਆਂ ਦੇਖ ਕੇ ਮਾਈਕਲ ਦੰਗ ਰਹਿ ਗਿਆ। ਆਖ਼ਰ ਫਾਨ ਦਾ ਸਿਰ (Bust) ਦੇਖਿਆ। ਉਸਤਾਦ ਨੇ ਕਿਹਾ - ਚੰਗੀ ਤਰ੍ਹਾਂ ਪਰਖ ਇਸ ਨੂੰ ਮਾਈਕਲ। ਮਾਈਕਲ ਨੇ ਉਸ ਦੁਆਲੇ ਕਈ ਚੱਕਰ ਕੱਟੇ। ਤੁਰਤ ਕਾਗ਼ਜ਼ ਪੈਨਸਿਲ ਕੱਢੀ। ਕਈ ਸਕੈੱਚ ਬਣਾਏ। ਆਪਣੇ ਆਪ ਨੂੰ ਕਿਹਾ - ਇਹ ਦੋ ਹਜ਼ਾਰ ਸਾਲ ਪੁਰਾਣਾ ਫਾਨ ਹੈ, ਮੈਂ ਅੱਜ ਦਾ ਫਾਨ ਬਣਾਵਾਂਗਾ। ਕੰਮ ਵਿਚ ਮਗਨ ਸੀ ਤਾਂ ਪਤਲੀ ਸੁਰੀਲੀ ਆਵਾਜ਼ ਸੁਣੀ - ਮਾਈਕਲ? ਪਿੱਛੇ ਸ਼ਾਹਜ਼ਾਦੀ ਖਲੋਤੀ ਸੀ। ਉਸਦੇ ਮੂੰਹੋਂ ਆਪਣਾ ਨਾਂ ਸੁਣ ਕੇ ਸੁਗੰਧਿਤ ਹੋ ਗਿਆ। ਪੁੱਛਿਆ - ਕਿੰਨੇ ਦਿਨ ਹੋ ਗਏ, ਹੁਣ ਬਾਗ਼ ਦਾ ਦੌਰਾ ਨਹੀਂ ਕੀਤਾ ਸ਼ਾਹਜ਼ਾਦੀ?

- ਮੈਨੂੰ ਕਿਹਾ ਗਿਆ ਸੀ ਅਜੇ ਮੌਸਮ ਠੀਕ ਨਹੀਂ ਮੇਰੀ ਸਿਹਤ ਲਈ।

- ਤੂੰ ਬਿਲਕੁਲ ਠੀਕ ਹੈਂ ਕੰਟੈਸਿਨਾ। ਕਈ ਪੁੱਤਰਾਂ ਦੀ ਮਾਂ ਹੋਏਂਗੀ, ਦੇਖ ਲਈਂ। ਹੱਸ ਪਈ - ਤੇਰੇ ਨਾਲ ਦੇ ਮੁੰਡੇ ਦੱਸਦੇ ਸਨ ਤੂੰ ਉੱਲੂ ਹੈਂ, ਤੂੰ ਤਾਂ ਬੜਾ ਸਿਆਣਾ ਹੈਂ ਮਾਈਕਲ। ਮੇਰਾ ਦਿਲ ਕਰਦਾ ਰਹਿੰਦੈ, ਬਾਗ਼ ਵਿਚ ਆਣ ਲਈ।

- ਬਾਗ਼ ਵੀ ਤੇਰੇ ਬਿਨਾਂ ਉਦਾਸ ਹੈ ਸ਼ਾਹਜ਼ਾਦੀ।

- ਕੰਮ ਕਿਵੇਂ ਚੱਲ ਰਿਹੈ ?

- ਕਰੀ ਜਾਨਾਂ ਮਾੜਾ ਮੋਟਾ।

- ਬਾਗ਼ ਵਿੱਚੋਂ ਲੰਘਦਿਆਂ ਮੈਂ ਤੈਨੂੰ ਦੇਖਦੀ, ਤੂੰ ਚੁੱਪ ਰਹਿੰਦੈਂ। ਜੇ ਤੂੰ ਏਨਾ ਹੀ ਖ਼ਾਮੋਸ਼ ਹੈਂ ਫਿਰ ਅੱਖਾਂ 'ਤੇ ਵੀ ਪੱਟੀ ਬੰਨ੍ਹ, ਇਹ ਗੱਲਾਂ ਕਰਨੋਂ ਨੀ ਹਟਦੀਆਂ। ਦੋਵੇਂ ਹੱਸ ਪਏ, ਸ਼ਾਹਜ਼ਾਦੀ ਨੇ ਨਾਜ਼ੁਕ ਹੱਥ ਉਸਦੇ ਸਖ਼ਤ ਮੋਢੇ 'ਤੇ ਰੱਖਿਆ ਤੇ ਕਿਹਾ - ਚੰਗਾ ਮਾਈਕਲ। ਮਿਹਨਤ ਕਰ।

ਵਾਪਸ ਆ ਕੇ ਕੰਮ ਕਰਨ ਲੱਗਾ, ਸ਼ਾਮ ਪੈ ਗਈ, ਖਾਣਾ ਖਾ ਕੇ ਸਭ ਸੌਂ ਗਏ। ਮਾਈਕਲ ਨੂੰ ਨੀਂਦ ਨਾ ਆਈ। ਟਹਿਲਣ ਲੱਗਾ। ਵੇਖਿਆ, ਸੰਗਮਰਮਰ ਦਾ ਟੁਕੜਾ ਪਿਆ ਸੀ। ਏਨਾ ਕੁ ਹੈਗਾ ਸੀ ਕਿ ਫਾਨ ਦਾ ਸਿਰ ਬਣ ਸਕੇ। ਇਸ ਨੂੰ ਚੁੱਕ ਕੇ ਉਹ ਆਪਣੇ ਕਮਰੇ ਦੇ ਪਿਛਵਾੜੇ ਵਿਚ ਲੈ ਆਇਆ। ਉਸਤਾਦ ਦੀ ਆਗਿਆ ਬਿਨਾਂ ਨਵਾਂ ਪੱਥਰ ਛੂਹਣ ਦੀ ਇਜਾਜ਼ਤ ਨਹੀਂ ਸੀ, ਪਰ ਦੇਖੀ ਜਾਏਗੀ। ਛੈਣੀ ਹਥੌੜੀ ਚੁੱਕੀ, ਰਾਤ ਭਰ ਕੰਮ ਕਰਦਾ ਰਿਹਾ, ਨਾ ਕਿਧਰੇ ਨੀਂਦ, ਨਾ ਥਕਾਣ, ਦਿਨ ਵੇਲੇ ਕੱਪੜੇ ਨਾਲ ਢਕ ਦਿੰਦਾ, ਰਾਤਾਂ ਨੂੰ ਕੰਮ ਕਰਦਾ, ਮੋਮਬੱਤੀ ਦੀ ਮੱਧਮ ਲੋਅ ਵਿਚ। ਜਦੋਂ ਪੂਰਾ ਹੋ ਗਿਆ, ਆਪਣੇ ਕੰਮ ਕਰਨ ਵਾਲੇ ਮੇਜ਼ ਉਪਰ ਟਿਕਾ ਕੇ ਅੰਤਿਮ ਛੁਹਾਂ ਦੇਣ ਲੱਗਾ, ਪਾਲਿਸ਼ ਕਰਨ ਲੱਗਾ। ਮੁਕੰਮਲ ਕਰ ਕੇ ਉਸਤਾਦ ਨੂੰ ਦਿਖਾਏਗਾ, ਉਸਤਾਦ ਅਜੇ ਆਇਆ ਨਹੀਂ, ਦੇਖਿਆ, ਹਾਕਮ ਲੋਰੈਂਜ਼ੋ ਆ ਰਿਹੈ, ਮਾਈਕਲ ਨੇ ਆਦਾਬ ਕਿਹਾ। ਹਾਕਮ ਨੇ ਪੁੱਛਿਆ - ਇਹ ਕੀ ਹੈ ?

- ਜੀ ਫਾਨ, ਹੋਰ ਕੀ, ਮੇਰਾ ਫਾਨ।

- ਪਰ ਕਾਕਾ ਮਹਿਲ ਵਿਚ ਜਿਹੜਾ ਫਾਨ ਤੂੰ ਦੇਖ ਕੇ ਆਇਐਂ ਉਸਦੇ ਤਾਂ ਦਾਹੜੀ ਸੀ। ਤੇਰਾ ਬਿਨਾਂ ਦਾਹੜੀ ਤੋਂ ਹੈ। ਦਾਹੜੀ ਬਗ਼ੈਰ ਚਿਹਰਾ ਬੁੱਢਾ ਨਹੀਂ ਲੱਗਣਾ।

- ਕਿਉਂ ਨਹੀਂ ਲੱਗਣਾ ਹਜ਼ੂਰ ? ਮਹਿਲ ਵਾਲੇ ਫਾਨ ਵਿਚ ਨੁਕਸ ਹੈ। ਦਾਹੜੀ ਵਲੋਂ ਬੁੱਢਾ ਲੱਗਦੈ ਪਰ ਦੰਦ ਪੂਰੇ ਹਨ ਸਾਰੇ। ਮੇਰਾ ਫਾਨ ਦੇਖੋ। ਬਗ਼ੈਰ ਦਾਹੜੀ ਤੋਂ ਬਜ਼ੁਰਗੀ ਝਲਕਦੀ ਹੈ, ਇਕ ਦੰਦ ਉਪਰਲਾ, ਦੋ ਹੇਠਲੇ ਟੁੱਟੇ ਹੋਏ ਹਨ।

- ਤੇਰੇ ਕੋਲ ਇਹ ਖ਼ਿਆਲ ਕਿਥੋਂ ਆਉਂਦੇ ਨੇ ?

- ਜਿਥੋਂ ਹਰੇਕ ਕਲਾਕਾਰ ਕੋਲ ਆਉਂਦੇ ਨੇ, ਧੁਰੋਂ ਦਿਲ ਦੀਆਂ ਡੂੰਘਾਣਾਂ ਵਿੱਚੋਂ।

- ਕਮਾਲ ਦਾ ਬੁੱਤ ਤ੍ਰਾਸ਼ਿਆ ਹੈ ਤੂੰ ਜੁਆਨ, ਖ਼ੂਬ, ਸ਼ਾਬਾਸ਼।

ਅਗਲੇ ਦਿਨ ਉਸਤਾਦ ਨੇ ਆਪਣੇ ਕੋਲ ਸੱਦ ਕੇ ਇਕ ਕਾਗ਼ਜ਼ ਫੜਾਇਆ, ਹੁਕਮਨਾਮਾ ਸੀ - ਮਾਈਕਲਏਂਜਲੋ ਮਹਿਲ ਵਿਚ ਤੁਹਾਡੀ ਜ਼ਰੂਰਤ ਹੈ। - ਲੋਰੈਂਜ਼।

ਇਕ ਵਾਰ ਤਾਂ ਡਰਿਆ ਵੀ - ਕਿਤੇ ਉਸਤਾਦ ਨੇ ਪੱਥਰ ਚੋਰੀ ਕਰਨ ਦੀ ਸ਼ਿਕਾਇਤ ਈ ਨਾ ਕਰ ਦਿੱਤੀ ਹੋਵੇ! ਦੇਖੀ ਜਾਏਗੀ। ਜਾਣਾ ਤਾਂ ਪੈਣਾ ਈ ਐ।

- ਕਿੰਨੀ ਉਮਰ ਹੈ ਤੇਰੀ ਮਾਈਕਲਏਂਜਲੋ ?

- ਜੀ ਪੰਦਰਾਂ ਸਾਲ।

- ਉਸਤਾਦ ਨੇ ਤੇਰੀ ਬਹੁਤੀ ਸਿਫ਼ਤ ਨਹੀਂ ਕੀਤੀ ਕਦੀ, ਆਖ ਦਿੰਦਾ ਸੀ - ਸਿੱਖ ਰਿਹੈ। ਸਿੱਖ ਜਾਏਗਾ। ਮੈਂ ਤੇਰੀ ਤਾਕਤ ਪਛਾਣ ਲਈ ਹੈ। ਆਹ ਫੜ ਡ੍ਰਾਇੰਗਜ਼। ਗ਼ਜ਼ਬ ਦੀਆਂ, ਇਕ ਤੋਂ ਇਕ ਚੜ੍ਹਦੀਆਂ।

- ਜੀ ਇਹ ਮੇਰੀਆਂ ਨੇ ?

- ਹੋਰ ਕੀਹਦੀਆਂ ਨੇ ? ਅਸੀਂ ਤੈਨੂੰ ਮਹਿਲ ਵਿਚ ਰੱਖ ਲਿਐ। ਤੇਰੇ ਵਰਗਾ ਇਕ ਵੀ ਹੋਰ ਨਹੀਂ ਅੱਜ। ਪਰ ਇਹ ਦੱਸ, ਸ਼ੁਹਰਤ ਵੱਸ ਜਾਂ ਵਧੀਕ ਪੈਸੇ ਦੇ ਲਾਲਚ ਵੱਸ ਸਾਨੂੰ ਛੱਡ ਕੇ ਚਲਾ ਤਾਂ ਨਹੀਂ ਜਾਏਂਗਾ ?

ਮਾਈਕਲ ਤੋਂ ਕੋਈ ਜਵਾਬ ਨਾ ਦਿੱਤਾ ਗਿਆ, ਗੱਲ ਈ ਕੁਝ ਇਸ ਤਰ੍ਹਾਂ ਦੀ ਹੋਈ ਸੀ। ਹਾਕਿਮ ਨੇ ਪਿਆਰ ਨਾਲ ਕਿਹਾ - ਤੂੰ ਮੇਰੇ ਪਰਿਵਾਰ ਦਾ ਇਕ ਮੈਂਬਰ ਹੋਏਂਗਾ। ਤੇਰੀਆਂ ਸਾਰੀਆਂ ਲੋੜਾਂ ਦਾ ਭਾਰ ਮੇਰੇ ਜ਼ਿੰਮੇ। ਤੂੰ ਕੇਵਲ ਬੁੱਤ ਤ੍ਰਾਸ਼ੇਂਗਾ, ਕੇਵਲ ਮਾਰਬਲ। ਮੈਨੂੰ ਪੁਰਾਤਨ ਰੋਮ ਦਾ ਵਾਰਸ ਮਿਲ ਗਿਐ। ਮੈਂ ਖ਼ੁਸ਼ ਹਾਂ। ਤੇ ਤੂੰ ਖ਼ੁਸ਼ ਨਹੀਂ ਮਾਈਕਲ ?

ਛਾਤੀ 'ਤੇ ਹੱਥ ਰੱਖ ਕੇ ਝੁਕਦਿਆਂ ਮਾਈਕਲ ਨੇ ਕਿਹਾ - ਪੂਰਾ ਖ਼ੁਸ਼। ਹਾਕਮ ਨੇ ਕਿਹਾ - ਕੱਲ੍ਹ ਨੂੰ ਆਪਣੇ ਪਿਤਾ ਨੂੰ ਲੈ ਕੇ ਆਈਂ।

ਪਿਤਾ ਸਮੇਤ ਲੋਰੈਂਜ਼ੋ ਸਾਹਮਣੇ ਮਾਈਕਲ ਖਲੋਤਾ ਸੀ, ਮਾਣਮੱਤਾ, ਖ਼ੁਸ਼। ਪਿਤਾ ਕੁਝ ਜ਼ਿਆਦਾ ਨਿਮਰ, ਵਧੀਕ ਝੁਕਿਆ ਹੋਇਆ। ਪੁੱਤਰ ਨੂੰ ਪਿਤਾ ਦੀ ਇਹ ਦਸ਼ਾ ਠੀਕ ਨਹੀਂ ਲੱਗੀ। ਲੋਰੈਂਜ਼ੋ ਨੇ ਪਿਤਾ ਨੂੰ ਕਿਹਾ - ਤੁਹਾਡਾ ਬੇਟਾ ਹੁਣ ਮੇਰਾ ਪੁੱਤਰ ਹੈ, ਮਹਿਲ ਵਿਚ ਰਹੇਗਾ। ਮੈਂ ਤੁਹਾਨੂੰ ਵੀ ਕੁਝ ਦੇਣਾ ਹੈ। ਦੱਸੋ ਕੀ ਇੱਛਾ ਹੈ। ਝਿਜਕਦਿਆਂ ਝਿਜਕਦਿਆਂ ਪਿਤਾ ਨੇ ਕਿਹਾ - ਜੀ ਕਸਟਮ ਦਫ਼ਤਰ ਵਿਚ ਇਕ ਅਸਾਮੀ ਖ਼ਾਲੀ ਪਈ ਹੈ, ਜੇ ਮਿਲ ਜਾਵੇ ? ਲੋਰੈਂਜ਼ੋ ਹੱਸ ਪਿਆ - ਸ਼ੁਕਰ ਐ ਭਰਾ, ਇਹ ਤਾਂ ਕੁਝ ਵੀ ਨਹੀਂ, ਤੂੰ ਕੁਝ ਬਹੁਤ ਵੱਧ ਮੰਗ ਲੈਂਦਾ ਉਹ ਵੀ ਦਿੰਦਾ। ਜਾਓ। ਕਸਟਮ ਅਫ਼ਸਰ ਦੀ ਨੌਕਰੀ ਕਰੋ। ਦੋਵਾਂ ਨੇ ਮਾਈਕਲਏਂਜਲੋ ਦੇ ਚਿਹਰੇ 'ਤੇ ਮਾਸੂਮ ਜਲੌਅ ਦੀ ਝਲਕ ਦੇਖੀ।

ਵੱਡੇ ਬੁੱਤ ਵੱਲ ਉਂਗਲ ਕਰਦਿਆਂ ਲੋਰੈਂਜ਼ੋ ਨੇ ਦੱਸਿਆ - ਸੱਠ ਸਾਲ ਪਹਿਲਾਂ ਮੇਰਾ ਬਾਬਾ ਕੋਸੀਮੋ, ਮਹਾਨ ਬੁੱਤਤ੍ਰਾਸ਼ ਡੋਨੇਟੈਲੋ ਨੂੰ ਇਸ ਮਹਿਲ ਵਿਚ ਲੈ ਕੇ ਆਇਆ ਸੀ, ਇਥੇ ਹੀ ਉਸਨੇ ਇਹ ਸਿਰਜਣਾ ਕੀਤੀ ਸੀ।

ਪਿਤਾ ਚਲਾ ਗਿਆ, ਇਕ ਅਹਿਲਕਾਰ ਨੇ ਮਾਈਕਲ ਨੂੰ ਆਪਣੇ ਨਾਲ ਤੁਰਨ ਲਈ ਇਸ਼ਾਰਾ ਕੀਤਾ। ਸੁਹਣੇ ਕਮਰੇ ਵਿਚ ਪੁੱਜੇ ਜਿਥੇ ਉਸਤਾਦ ਬੇਰਟੋਲਡੋ ਉਸ ਦੇ ਸਵਾਗਤ ਲਈ ਖਲੋਤਾ ਸੀ - ਲੋਰੈਂਜ਼ੋ ਦੇ ਮਹਿਲ ਵਿਚ ਤੁਹਾਡਾ ਸੁਆਗਤ ਹੈ ਮਾਈਕਲ ਏਂਜਲੋ। ਗ਼ਜ਼ਬ ਦੇ ਪਲੰਘ ਤੇ ਫ਼ਰਨੀਚਰ, ਆਦਮ ਕੱਦ ਸ਼ੀਸ਼ਾ ਡ੍ਰੈਸਿੰਗ ਟੇਬਲ ਉਪਰ ਸਜਿਆ ਹੋਇਆ। ਦਰਜ਼ੀ ਮੇਚ ਲੈਣ ਆਇਆ। ਤਿੰਨ ਦਿਨ ਬਾਦ ਨਵੇਂ ਕੱਪੜੇ ਸੀਉਂ ਕੇ ਦੇ ਗਿਆ। ਗਰਮ ਸੂਟ ਉਪਰ ਜ਼ਰੀ ਦੀ ਕਢਾਈ, ਖ਼ੂਬਸੂਰਤ ਬਟਨ, ਹੈਟ ਪਹਿਨ ਕੇ ਸ਼ੀਸ਼ਾ ਦੇਖਿਆ ਤਾਂ ਲੱਗਾ ਜਿਵੇਂ ਕੱਦ ਅਤੇ ਵਜ਼ਨ ਦੋਵੇਂ ਵਧ ਗਏ ਹੋਣ। ਉਸਨੂੰ ਦੱਸਿਆ ਗਿਆ - ਜਿਹੜਾ ਸੂਟ ਹੁਣ ਪਹਿਨਿਆ ਹੈ, ਇਹ ਲਿਬਾਸ ਖ਼ਾਸ ਖ਼ਾਸ ਮੌਕਿਆਂ ਵਕਤ ਪਹਿਨਣਾ, ਇਹ ਕੰਮ ਕਰਨ ਵੇਲੇ ਪਹਿਨਣ ਵਾਲੇ ਲਿਬਾਸ ਹਨ, ਇਹ ਰਾਤੀਂ ਸੌਣ ਵੇਲੇ ਦੇ। ਉਸਤਾਦ ਨੇ ਆਪਣੀਆਂ ਤੇ ਪੁਰਾਣੀਆਂ ਸਭ ਡ੍ਰਾਇੰਗਾਂ ਉਸਦੇ ਸਪੁਰਦ ਕਰ ਦਿੱਤੀਆਂ। ਆਪਣਾ ਸ਼ਾਹੀ ਲਿਬਾਸ ਉਤਾਰਦਿਆਂ ਮਾਈਕਲ ਨੇ ਕਿਹਾ - ਹਲ ਵਾਹੁੰਦੇ ਘੋੜੇ ਉਪਰ ਕੌਣ ਕੀਮਤੀ ਪੁਸ਼ਾਕਾਂ ਪਾਏਗਾ ?

ਸ਼ਾਮੀਂ ਡਾਇਨਿੰਗ ਹਾਲ ਵਿਚ ਲਿਜਾਇਆ ਗਿਆ, ਯੂ ਸ਼ੇਪ ਮੇਜ਼ ਦੁਆਲੇ ਸੱਠ ਕੁਰਸੀਆਂ। ਸ਼ਾਹਜ਼ਾਦੀ ਨੇ ਨਾਲ ਪਈ ਖ਼ਾਲੀ ਕੁਰਸੀ ਵੱਲ ਇਸ਼ਾਰਾ ਕਰਦਿਆਂ ਉਸਨੂੰ ਕਿਹਾ - ਇੱਧਰ, ਇਥੇ। ਚਾਂਦੀ ਦੇ ਥਾਲ, ਸੋਨੇ ਦੀਆਂ ਕਿਨਾਰੀਆਂ, ਐਨ ਵਿਚਕਾਰ ਸੋਨੇ ਦਾ ਫੁੱਲ, ਗਵੱਈਏ ਤੇ ਸਾਜ਼ਿੰਦੇ ਆਪਣੇ ਕੰਮ ਵਿਚ ਮਗਨ। ਪਰਿਵਾਰ ਦੀਆਂ ਨੂੰਹਾਂ ਧੀਆਂ ਪੁੱਤਰਾਂ ਤੋਂ ਇਲਾਵਾ ਵਿਦੇਸ਼ਾਂ ਦੇ ਵਪਾਰੀ, ਵਿਦਵਾਨ, ਰਾਜਦੂਤ, ਹਰ ਤਰ੍ਹਾਂ ਦੇ ਵੱਡੇ ਲੋਕਾਂ ਨੂੰ ਵੱਡੇ ਅੰਡਾਕਾਰ ਥਾਲਾਂ ਵਿਚ ਖਾਣਾ ਪਰੋਸਿਆ ਜਾ ਰਿਹਾ ਸੀ। ਇਕ ਜੁਆਨ ਨੇ ਨਿੱਕੀ ਮੱਛੀ ਚੁੱਕੀ, ਕੋਈ ਗੱਲ ਕੀਤੀ ਤੇ ਰੋਣ ਲੱਗ ਗਿਆ। ਕੀ ਹੋਇਆ ? ਲੋਰੈਂਜ਼ੋ ਨੇ ਪੁੱਛਿਆ - ਜੀ ਮੇਰਾ ਬਾਪੂ, ਕਈ ਸਾਲ ਪਹਿਲਾਂ ਗੁਆਚ ਗਿਆ ਸੀ। ਮੈਂ ਇਸ ਮੱਛੀ ਨੂੰ ਪੁੱਛਿਆ - ਤੂੰ ਕਿਤੇ ਦੇਖਿਆ ਉਸਨੂੰ ? ਇਸਨੇ ਕਿਹਾ - ਮੇਰੀ ਤਾਂ ਉਮਰ ਬਹੁਤ ਥੋੜ੍ਹੀ ਐ ਅਜੇ, ਕਿਸੇ ਵੱਡੀ ਮੱਛੀ ਨੂੰ ਪੁੱਛ। ਸਾਰੇ ਹੱਸੇ। ਲੋਰੈਂਜ਼ੋ ਨੇ ਕਿਹਾ - ਠੀਕ ਹੈ, ਬਈ, ਇਹਨੂੰ ਵੱਡੀ ਮੱਛੀ ਦਿਉ ਹੁਣ। ਬਾਪੂ ਲੱਭਣਾ ਜ਼ਰੂਰੀ ਹੈ। ਮਾਈਕਲ ਉਤਸੁਕਤਾ ਨਾਲ ਦੇਖਦਾ ਰਿਹਾ। ਸ਼ਾਹਜ਼ਾਦੀ ਨੇ ਦੱਸਿਆ - ਇਹ ਮਹਿਲ ਦਾ ਮਸਖ਼ਰਾ ਹੈ। ਤੈਨੂੰ ਨੀ ਹਾਸੀ ਆਈ ? ਤੁਸੀਂ ਘਰ ਵਿਚ ਹੱਸਦੇ ਨਹੀਂ ਕਦੀ ? ਮਾਈਕਲ ਨੇ ਕਿਹਾ - ਬਹੁਤ ਘੱਟ ! ਜੇ ਹੱਸਣਾ ਹੋਵੇ ਉਸ ਦੇ ਹੋਰ ਈ ਕਾਰਨ ਹੁੰਦੇ ਨੇ ਇਸ ਤਰ੍ਹਾਂ ਦੇ ਨਹੀਂ। ਹਾਲੇ ਮੈਂ ਸਿੱਖਣਾ ਵੀ ਤਾਂ ਹੈ ਕਿ ਮਹਿਲ ਵਿਚ ਕਿਵੇਂ ਹੱਸੀਦਾ ਹੁੰਦੈ।

ਮਾਈਕਲ ਦੀ ਬਾਂਹ ਵਿਚ ਬਾਂਹ ਵਲ ਕੇ ਕੰਟੈਸਿਨਾ ਨੇ ਪੁੱਛਿਆ - ਤੈਨੂੰ ਪਤੈ ਪਿਆਰ ਕੀ ਹੁੰਦੈ ? ਮਾਈਕਲ ਨੇ ਕਿਹਾ - ਬਹੁਤਾ ਨਹੀਂ, ਦਾਦੀ ਨੇ ਥੋੜ੍ਹਾ ਕੁ ਸਿਖਾਇਆ, ਬਾਕੀ ਤਾਂ ਝਿੜਕਾਂ ਦਿੰਦੇ ਰਹੇ।

- ਇਥੇ ਮਹਿਲ ਵਿਚ ਸਾਰੇ ਇਕ ਦੂਜੇ ਦੇ ਦੋਸਤ ਨੇ ਮਾਈਕਲ ਤੇ ਫੇਰ ਵੀ ਕੋਈ ਕਿਸੇ ਦਾ ਦੋਸਤ ਨਹੀਂ। ਸ਼ਾਹਜ਼ਾਦੀ ਦੀ ਇਸ ਗੱਲ ਦਾ ਮਤਲਬ ਪਤਾ ਨਾ ਲੱਗਾ।

ਅਗਲੇ ਦਿਨ ਉਸਤਾਦ ਮਹਿਲ ਵਿਚ ਆ ਕੇ ਮਾਈਕਲ ਨੂੰ ਮਿਲਿਆ, ਕਿਹਾ - ਮੈਂ ਵੱਡਾ ਕਲਾਕਾਰ ਨਹੀਂ ਪਰ ਟੀਚਰ ਬਹੁਤ ਵਧੀਆ ਹਾਂ। ਮੈਨੂੰ ਵਧੀਆ ਕਲਾਕਾਰ ਮਿਲ ਗਿਐ, ਤੈਨੂੰ ਵਧੀਆ ਟੀਚਰ। ਮੈਂ ਤੇਰੇ ਸਾਰੇ ਵਲ ਵਿੰਗ ਦੂਰ ਕਰ ਦਿਆਂਗਾ। ਕਾਰੀਗਰੀ ਤਾਂ ਸਿੱਖਣੀ ਪਵੇਗੀ ਹੀ। ਸਾਡੇ ਕਲਾਕਾਰ ਆਪਣੇ ਸੰਦ ਵੀ ਆਪ ਬਣਾਇਆ ਕਰਦੇ ਸਨ, ਕਿਹਾ ਕਰਦੇ - ਜਿਹੜਾ ਸੰਦ ਬਣਾਉਣ ਨੀ ਜਾਣਦਾ, ਉਹ ਬੁੱਤ ਕਿਵੇਂ ਤਰਾਸ਼ੇਗਾ ? ਤੇਰੇ ਤੋਂ ਇਹ ਸ਼ਰਤ ਹਟਾ ਲਈ ਹੈ। ਬਾਗ਼ ਵਿਚ ਤੇਰੀ ਵਰਕਸ਼ਾਪ ਦੇ ਇਕ ਪਾਸੇ ਲੁਹਾਰ ਹੋਣਗੇ, ਦੂਜੇ ਪਾਸੇ ਤਰਖਾਣ। ਤੇਰੀ ਲੋੜ ਅਨੁਸਾਰ ਔਜ਼ਾਰ ਬਣਨਗੇ। ਗ੍ਰਾਂਸੀ ਨੂੰ ਆਖ ਦਿੱਤੈ, ਜੋ ਇਥੇ ਨਾ ਬਣ ਸਕੇ, ਉਸਦਾ ਇੰਤਜ਼ਾਮ ਕਿਧਰੋਂ ਹੋਰ ਕਰੇ। ਮੇਰੀ ਨਿਗਰਾਨੀ ਵਿਚ ਤ੍ਰਾਸ਼ਣ ਦਾ ਕੰਮ ਕਰਨਾ ਹੋਵੇਗਾ। ਮੇਰੀ ਨਿਗਰਾਨੀ ਥੋੜ੍ਹਾ ਕੁ ਚਿਰ ਹੋਰ ਹੈ। ਉਮਰ ਬੀਤ ਗਈ ਹੈ। ਬਸ ਜੋ ਹੋ ਸਕਿਆ ਕਰਾਂਗੇ।

ਅਗਲੀ ਸਵੇਰ ਉੱਠ ਕੇ ਬਾਗ਼ ਵਿਚ ਮਾਰਬਲ ਸਲੈਬਾਂ ਨੇੜੇ ਆਇਆ ਤਾਂ ਉਸ ਨੂੰ ਇਉਂ ਲੱਗਾ ਜਿਵੇਂ ਉਸ ਦੀ ਪਾਰਦਰਸ਼ੀ-ਨਜ਼ਰ ਪੱਥਰ ਅੰਦਰ ਦੀ ਪਾਰ ਹੋ ਗਈ ਹੈ, ਪੱਥਰ ਅੰਦਰਲੀ ਹਰੇਕ ਚੀਜ਼ ਦਾ ਦ੍ਰਿਸ਼। ਪੱਥਰ ਦੇ ਰੇਸ਼ੇ ਕਿਸ ਦਿਸ਼ਾ ਵੱਲ ਤੁਰ ਰਹੇ ਹਨ, ਦੇਖੇ। ਹਥੌੜੀ ਦੀ ਹਲਕੀ ਟੁਣਕਾਰ ਪੱਥਰ ਬਾਰੇ ਸਾਰਾ ਕੁਝ ਦੱਸ ਦਿੰਦੀ।

ਇਕ ਸ਼ਾਮ ਮਹਿਲ ਵਿਚ ਵਿਦਵਾਨਾਂ ਦੀ ਸਭਾ ਬੁਲਾਈ ਗਈ। ਇਸ ਨੂੰ ਪਲੈਟੋ ਅਕਾਦਮੀ ਕਿਹਾ ਜਾਂਦਾ ਸੀ। ਉਸਤਾਦ ਨਾਲ ਬੈਠ ਕੇ ਦੋ ਘੰਟੇ ਮੱਕਿਆਵਲੀ ਦੀਆਂ

ਗੱਲਾਂ ਪੂਰੇ ਧਿਆਨ ਨਾਲ ਸੁਣੀਆਂ। ਅਖ਼ੀਰ ਵਿਚ ਹੌਲੀ ਜਹੀ ਕਿਹਾ - ਸ੍ਰੀਮਾਨ, ਮੈਨੂੰ ਇਨ੍ਹਾਂ ਵਿੱਚੋਂ ਕਿਸੇ ਦੀ ਕੋਈ ਗੱਲ ਪਤਾ ਨਹੀਂ ਲੱਗੀ। ਉਸਤਾਦ ਹੱਸ ਪਿਆ - ਇਨ੍ਹਾਂ ਨੂੰ ਕਿਹੜਾ ਮਾਰਬਲ ਤਰਾਸ਼ਣੀ ਆਉਂਦੀ ਐ?

ਉਹ ਸ਼ਹਿਰ ਦੇ ਬਾਹਰਲੇ ਹਿੱਸੇ ਦੀਆਂ ਗ਼ਰੀਬ ਬਸਤੀਆਂ ਵੱਲ ਚਲਾ ਜਾਂਦਾ। ਔਰਤਾਂ ਚੱਕੀ ਪੀਂਹਦੀਆਂ, ਤਾਣੀ ਤਣਦੀਆਂ, ਝਾੜੂ ਦਿੰਦੀਆਂ, ਕੁਰਸੀਆਂ ਬੁਣਦੀਆਂ, ਸਿਲਾਈ ਕਢਾਈ ਕਰਦੀਆਂ ਦੇਖਦਾ, ਨਾਲ ਨਾਲ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀਆਂ ਹੁੰਦੀਆਂ। ਧਿਆਨ ਨਾਲ ਬੱਚੇ ਅਤੇ ਮਾਂ ਦੇ ਚਿਹਰੇ ਦੇਖਦਾ, ਕਾਗ਼ਜ਼ 'ਤੇ ਉਤਾਰਦਾ। ਇਹ ਗ਼ਰੀਬ ਔਰਤਾਂ ਉਹਲਾ ਨਾ ਕਰਦੀਆਂ, ਬੁਰਾ ਨਾ ਮਨਾਉਂਦੀਆਂ। ਉਸਨੇ ਮੇਰੀ ਦੀ ਗੋਦ ਵਿਚ ਯਸੂ ਦੁਧ ਚੁੰਘਦਾ ਦਿਖਾਉਣਾ ਸੀ ਨਾ। ਜਿਸਮ ਇਨ੍ਹਾਂ ਔਰਤਾਂ ਤੇ ਦੁੱਧ ਚੁੰਘਦੇ ਬੱਚਿਆਂ ਵਾਲੇ ਹੋਣਗੇ, ਚਿਹਰੇ ਉਹ ਆਪਣੇ ਦਿਲ ਵਿੱਚੋਂ ਕੱਢੇਗਾ। ਜਬਰਾਈਲ ਫ਼ਰਿਸ਼ਤੇ ਨੇ ਜਦੋਂ ਮੇਰੀ ਨੂੰ ਰੱਬ ਦਾ ਸੁਨੇਹਾ ਦਿੱਤਾ ਕਿ ਤੇਰੇ ਵਿੱਚੋਂ, ਕੁਆਰੀ ਕੁੜੀ ਵਿੱਚੋਂ ਬੱਚਾ ਪੈਦਾ ਹੋਏਗਾ, ਉਸਨੇ ਕੋਈ ਇਤਰਾਜ਼ ਨਹੀਂ ਕੀਤਾ? ਉਸਨੇ ਅਜਿਹਾ ਨਾ ਕਰਨ ਦੀ ਪ੍ਰਾਰਥਨਾ ਨਹੀਂ ਕੀਤੀ? ਤੇ ਬੱਚੇ ਦੀ ਕੀ ਹੋਣੀ ਹੋਏਗੀ ਇਹ ਵੀ ਨਹੀਂ ਪੁੱਛਿਆ? ਮੇਰੀ ਦੇ ਮੰਗੇਤਰ ਨੇ ਸ਼ੱਕ ਕਿਉਂ ਨਾ ਕੀਤਾ? ਜੇ ਸ਼ੱਕ ਹੋ ਜਾਂਦਾ? ਜੇ ਬੱਚੇ ਨੂੰ ਮਾਂ ਸਮੇਤ ਅਪਨਾਉਣ ਤੋਂ ਨਾਂਹ ਕਰ ਦਿੰਦਾ ਫੇਰ? ਇਹ ਸਾਰਾ ਕੁਝ ਪੱਥਰ ਰਾਹੀਂ ਪ੍ਰਗਟ ਕਰਨਾ ਪਵੇਗਾ। ਮੇਰੀ ਨੂੰ ਬਲਵਾਨ ਦਿਖਾਣਾ ਪੈਣਾ ਹੈ, ਯਸੂ ਦਾ ਜਨਮ ਅਜੀਬ, ਉਸਦੀ ਸ਼ਹਾਦਤ ਅਜੀਬ। ਇਹ ਦੋ ਝਟਕੇ ਮਾਂ ਦੇ ਚਿਹਰੇ ਉਪਰ ਸਾਫ਼ ਦਿਸਣੇ ਚਾਹੀਦੇ ਹਨ ਤੇ ਝਟਕੇ ਖਾ ਕੇ ਸ਼ਾਂਤ ਦਿਸੇ, ਸੰਸਾਰ ਨੂੰ ਅਸੀਸ ਦਿੰਦੀ ਹੋਈ। ਇਸ ਵਾਸਤੇ ਮਾਰਬਲ ਦੀ ਚੋਣ ਕਰਨੀ ਵੀ ਸੌਖਾ ਕੰਮ ਨਹੀਂ, ਗ਼ਜ਼ਬ ਦਾ ਮਾਰਬਲ ਲੱਭਾਂਗੇ, ਕਿਤੋਂ ਵੀ, ਜਿੰਨੀ ਮਰਜ਼ੀ ਕੀਮਤ ਦੇਣੀ ਪਵੇ।

ਕੰਮ ਵਿਚ ਮਗਨ ਸੀ, ਲੋਰੈਂਜ਼ੋ ਦਾ ਬੇਟਾ ਆਇਆ, ਕਿਹਾ - ਸ਼ਿਕਾਰ ਖੇਡਣ ਚੱਲੀਏ ਮਾਈਕਲ? ਸਤਿਕਾਰ ਨਾਲ ਸਲਾਮ ਅਰਜ਼ ਕੀਤੀ ਤੇ ਕਿਹਾ - ਕੰਮ ਵਿਚ ਰੁਝਿਆ ਹਾਂ। ਖਿਮਾ ਕਰਨਾ।

- ਕੰਮ? ਸਾਰਾ ਦਿਨ ਕੰਮ? ਕਦੀ ਆਰਾਮ ਕਰਨ ਨੂੰ ਦਿਲ ਨਹੀਂ ਕਰਦਾ?
- ਕੰਮ ਵਿਚ ਮੈਨੂੰ ਆਰਾਮ ਮਿਲਦਾ ਹੈ, ਸ੍ਰੀਮਾਨ।
- ਪਰ ਕਦੀ ਕਦਾਈਂ ਸ਼ਿਕਾਰ ਦਾ ਮਜ਼ਾ ਵੀ ਤਾਂ ਲੈਣਾ ਹੁੰਦੈ।
- ਮੈਂ ਮਾਰਬਲ ਦਾ ਸ਼ਿਕਾਰੀ ਹਾਂ, ਸ੍ਰੀਮਾਨ।
- ਕੀ ਤੈਨੂੰ ਪੱਥਰ ਤ੍ਰਾਸ਼ਣਾ ਅਤੇ ਸ਼ਿਕਾਰ ਖੇਡਣਾ ਇੱਕੋ ਗੱਲ ਲੱਗਦੀ ਹੈ?
- ਜੇ ਬੁਰਾ ਨਾ ਮਨਾਉ ਤਾਂ ਹਾਂ, ਸਗੋਂ ਪੱਥਰ ਤ੍ਰਾਸ਼ਣੇ ਸ਼ਿਕਾਰ ਨਾਲੋਂ ਵਧੀਕ ਮਨੋਰੰਜਕ ਹਨ।

ਸ਼ਾਹਜ਼ਾਦੀ ਆਈ, ਕਿਹਾ - ਪਿਛਲੇ ਮਹੀਨੇ ਤੂੰ ਮੇਰੇ ਵੱਡੇ ਭਰਾ ਭਰਜਾਈ ਨੂੰ ਨਾਰਾਜ਼ ਕਰ ਦਿੱਤਾ, ਭਰਜਾਈ ਦਾ ਬੁੱਤ ਨਹੀਂ ਤ੍ਰਾਸ਼ਿਆ। ਅੱਜ ਛੋਟੇ ਨੂੰ ਨਾਰਾਜ਼ ਕਰ ਦਿੱਤੈ। ਮੈਨੂੰ ਡਰ ਲੱਗਦੈ ਮਾਈਕਲ ਕਿਤੇ ਇਹ ਤੈਨੂੰ ਮਹਿਲ ਤੋਂ ਦੂਰ ਨਾ ਕਰ ਦੇਣ। ਅੰਦਰ ਕੀ ਕੀ ਹੁੰਦਾ ਰਹਿੰਦੈ ਤੈਨੂੰ ਪਤਾ ਨਹੀਂ। ਮਾਈਕਲ ਨੂੰ ਪਤਾ ਨਾ ਲੱਗਾ ਕੀ ਕਹੇ, ਸੋ ਛੈਣੀ ਤੇ ਹਥੌੜੀ ਦੀ ਠਕ ਠਕ ਤੋਂ ਬਿਨਾਂ ਕੰਟੈਸਿਨਾ ਨੇ ਕੁਝ ਨਹੀਂ ਸੁਣਿਆ।

ਇਕ ਦਿਨ ਲੋਰੈਂਜ਼ੋ ਨੇ ਮਾਈਕਲ ਨੂੰ ਬੁਲਾ ਕੇ ਪੰਜਾਹ ਮੁਹਰਾਂ ਦਿੰਦਿਆਂ ਕਿਹਾ -

ਜਿਸ ਦੇਸ਼ ਵਿਚ ਬੁੱਤ ਦੇਖਣ ਜਾਣਾ ਹੋਵੇ ਜਾਈਂ। ਤਿੰਨ ਮੁਹਰਾਂ ਹਰ ਹਫ਼ਤੇ ਦੀ ਤੇਰੀ ਤਨਖ਼ਾਹ ਤੋਂ ਇਲਾਵਾ ਨੇ। ਸ਼ੁਕਰਾਨਾ ਕਰਨ ਸਾਰ ਘਰ ਭੱਜਾ, ਪਿਤਾ ਦੇ ਮੇਜ਼ ਉਪਰ ਢੇਰੀ ਲਾ ਦਿੱਤੀ। ਸਾਰਾ ਪਰਿਵਾਰ ਮੂੰਹ ਅੱਡੀ ਦੇਖਦਾ ਰਿਹਾ। ਪਿਤਾ ਨੇ ਕਿਹਾ - ਇਸ ਨਾਲ ਪਲਾਟ ਖ਼ਰੀਦਾਂਗੇ। ਵੱਡਾ ਪਲਾਟ। ਛੋਟਾ ਮਕਾਨ ਵੀ ਮਿਲ ਸਕਦੈ। ਹੋਰ ਬੁੱਤ ਬਣਾ ਫਟਾਫਟ ਮਾਈਕਲ। ਇਵੇਂ ਈ ਪੈਸੇ ਮਿਲਦੇ ਰਹਿਣਗੇ।

- ਪਰ ਇਹ ਪਲਾਟ ਖ਼ਰੀਦਣ ਲਈ ਨਹੀਂ ਦਿੱਤੇ ਪਿਤਾ ਜੀ। ਇਹ ਤਾਂ ਮੇਰੀ ਵਿਦੇਸ਼ ਯਾਤਰਾ ਵਾਸਤੇ ਨੇ।

- ਵਿਦੇਸ਼ ਯਾਤ੍ਰਾ ? ਉਹ ਕਿਉਂ ?

- ਤਾਂ ਕਿ ਘੁੰਮ ਫਿਰ ਕੇ ਬੁੱਤ ਦੇਖ ਕੇ ਆਵਾਂ।

- ਘੁੰਮੋ, ਬੁੱਤ ਦੇਖੋ ਤੇ ਬੁੱਤ ਦੇਖ ਕੇ ਵਾਪਸ ਆ ਜਾਓ ? ਇਹ ਕੀ ਕੰਮ ਹੋਇਆ ? ਇਹ ਤਾਂ ਫ਼ਜ਼ੂਲ ਖ਼ਰਚੀ ਹੋਈ। ਪਲਾਟ ਦੀ ਕੀਮਤ ਵਧੀ ਜਾਣੀ ਸੀ। ਪਰ ਚਲੋ। ਮੇਰੀ ਤਾਂ ਮੰਨਣੀ ਨੀ ਤੂੰ।

ਪਿਤਾ ਨੇ ਨਾ ਸ਼ਾਬਾਸ਼ ਦਿੱਤੀ, ਨਾ ਖ਼ੁਸ਼ ਹੋਇਆ, ਆਖ਼ਰ ਮਾਈਕਲ ਨੇ ਕਿਹਾ - ਇਹ ਤੁਹਾਡੇ ਨੇ ਪਿਤਾ ਜੀ। ਮੈਂ ਸੈਰ ਸਪਾਟਾ ਕਰਨ ਜਾਣਾ ਈ ਨੀ। ਜੇ ਜਾਣਾ ਹੋਇਆ, ਹੋਰ ਮਿਲ ਜਾਣਗੇ। ਮੁਹਰਾਂ ਗੱਲੇ ਵਿਚ ਸੁੱਟ ਕੇ ਪਿਤਾ ਨੇ ਫਟਾਫਟ ਜੰਦਰੇ ਦੀ ਚਾਬੀ ਘੁਮਾ ਦਿੱਤੀ।

ਪਹਾੜ ਦੀ ਨੁੱਕਰ ਵਿਚ ਪੱਥਰ ਕੱਟਦੇ ਦਿਹਾੜੀਦਾਰਾਂ ਨੂੰ ਦੇਖਣ ਗਿਆ, ਦਰੱਖ਼ਤ ਹੇਠ ਬੈਠ ਕੇ ਉਨ੍ਹਾਂ ਦੇ ਸਕੈੱਚ ਬਣਾਉਣ ਲੱਗਾ - ਪਸੀਨੇ ਵਿਚ ਤਰ, ਜਿਵੇਂ ਪੱਥਰ ਦੇ ਬੁੱਤ, ਪੱਥਰ ਕੱਟਦੇ ਹੋਣ। ਦੁਪਹਿਰ ਹੋਈ, ਉਨ੍ਹਾਂ ਛਾਂ ਵਿਚ ਬੈਠ ਕੇ ਰੋਟੀ ਖਾਧੀ, ਆਰਾਮ ਕਰਨ ਲਈ ਲੇਟ ਗਏ, ਸੌਂ ਗਏ, ਸੁੱਤਿਆਂ ਦੇ ਸਕੈੱਚ ਬਣਾਏ।

ਇਕ ਦਿਨ ਕੰਟੈਸਿਨਾ ਬਾਗ਼ ਵਿਚ ਆ ਕੇ ਮਾਈਕਲ ਨਾਲ ਗੱਲਾਂ ਕਰਨ ਲੱਗੀ, ਕਿਹਾ - ਸਾਡਾ ਸ਼ਹਿਰ ਕਿੰਨਾ ਸੁਹਣਾ ਹੈ। ਮਾਈਕਲ ਨੇ ਕਿਹਾ - ਪੂਰਨਮਾਸ਼ੀ ਦੀ ਰਾਤ ਨੂੰ ਉੱਚੀ ਥਾਂ ਤੋਂ ਕਿੰਨਾ ਸੁਹਣਾ ਲੱਗਦਾ ਹੈ। ਤੂੰ ਕਦੀ ਦੇਖਿਆ ? - ਨਹੀਂ ਕਦੀ ਨਹੀਂ। ਅੱਜ ਸ਼ਾਮੀਂ ਮਹਿਲ ਦੇ ਪਿਛਲੇ ਦਰਵਾਜ਼ੇ ਵੱਲ ਆਵਾਂਗਾ, ਉਥੋਂ ਉੱਚੀ ਚੋਟੀ 'ਤੇ ਪੁੱਜ ਕੇ ਦੇਖਾਂਗੇ। ਮਿੱਥੇ ਵਕਤ 'ਤੇ ਦੋਵੇਂ ਚੜ੍ਹਾਈ ਚੜ੍ਹਨ ਲੱਗੇ। ਉੱਚੀ ਥਾਂ 'ਤੇ ਬੈਠ ਕੇ ਸ਼ਹਿਰ ਦੀ ਸੁੰਦਰਤਾ ਦਾ ਆਨੰਦ ਮਾਣਦਿਆਂ ਕੰਟੈਸਿਨਾ ਨੇ ਉਸਦਾ ਹੱਥ ਆਪਣੇ ਹੱਥਾਂ ਵਿਚ ਘੁੱਟ ਲਿਆ। ਵਾਪਸ ਪਰਤ ਆਏ।

ਅਗਲੀ ਸਵੇਰ ਜਦੋਂ ਮਾਈਕਲ ਨੂੰ ਮਹਿਲ ਅੰਦਰ ਆਉਣ ਲਈ ਕਿਹਾ ਗਿਆ, ਕਾਰਨ ਜਾਣ ਗਿਆ। ਲੋਰੈਂਜ਼ੋ ਗੰਭੀਰ ਦੇਖਿਆ, ਸਲਾਮ ਪਿੱਛੋਂ ਮਾਈਕਲ ਨੀਵੀਂ ਪਾ ਕੇ ਸਾਹਮਣੇ ਖਲੋ ਗਿਆ।

- ਰਾਤੀਂ ਠੀਕ ਨਹੀਂ ਕੀਤਾ।

- ਮੈਂ ਸਹੁੰ ਖਾਂਦਾ ਹਾਂ ਮਾਲਕ, ਮੈਂ ਕੁਝ ਵੀ ਨਹੀਂ ਕੀਤਾ।

- ਤੈਨੂੰ ਲੋਕਾਂ ਦਾ ਪਤਾ ਨਹੀਂ। ਹਨੇਰੀ ਵਾਂਗ ਖ਼ਬਰ ਥਾਂ ਥਾਂ ਪੁੱਜਦੀ ਹੈ।

- ਪਰ ਮਾਲਕ, ਮਾਸੂਮ ਕੁੜੀ ਅਤੇ ਮੁੰਡੇ ਦੇ ਖ਼ਿਲਾਫ਼ ਸ਼ਹਿਰ ਕਿਉਂ ਹੋਵੇਗਾ ?

- ਤੈਨੂੰ ਪਤਾ ਨਹੀਂ, ਤੂੰ ਅਜੇ ਛੋਟਾ ਹੈਂ। ਤੂੰ ਮੈਨੂੰ ਚੰਗਾ ਲੱਗਦਾ ਹੈਂ ਇਸ ਕਰਕੇ ਆਖ ਰਿਹਾਂ। ਸਾਵਧਾਨ ਰਹਿਣਾ ਪਵੇਗਾ। ਕੰਟੈਸਿਨਾ ਜਵਾਨੀ ਵੱਲ ਕਦਮ ਰਖ ਰਹੀ ਹੈ।

ਪਰਿਵਾਰ ਵਿੱਚੋਂ ਕੁਝ ਬੰਦਿਆਂ ਨੇ ਲੋਰੈਂਜ਼ੋ ਨੂੰ ਕਿਹਾ - ਮਾਈਕਲ ਵਰਗਾ ਆਮ ਮੁੰਡਾ ਸ਼ਾਹੀ ਪਰਿਵਾਰ ਵਿਚ ਰਹੇ, ਠੀਕ ਨਹੀਂ। ਲੋਰੈਂਜ਼ੋ ਨੇ ਧੀ ਦੂਰ ਆਪਣੇ ਕਿਸੇ ਰਿਸ਼ਤੇਦਾਰ ਦੇ ਮਹਿਲ ਵਿਚ ਭੇਜ ਦਿੱਤੀ। ਮਾਈਕਲ ਨੂੰ ਖ਼ਬਰ ਮਿਲੀ ਕਿ ਉਸਦਾ ਪਾਦਰੀ ਭਰਾ ਬਿਮਾਰ ਹੈ। ਉਸਨੇ ਮਿਲਣਾ ਚਾਹਿਆ ਤਾਂ ਜੁਆਬ ਮਿਲਿਆ - ਮੋਨਾਸਟਰੀ (ਆਸ਼ਰਮ) ਵਿਚ ਆਮ ਬੰਦਿਆਂ ਦੇ ਦਾਖ਼ਲੇ ਦੀ ਆਗਿਆ ਨਹੀਂ।

ਪਾਦਰੀ ਭਰਾ ਨੇ ਇਕ ਦਿਨ ਖ਼ੁਦ ਸੱਦਾ-ਪੱਤਰ ਭੇਜਿਆ ਤਾਂ ਆਸ਼ਰਮ ਵਿਚ ਗਿਆ।

- ਮਾਈਕਲ, ਤੂੰ ਮਹਿਲ ਵਿਚ ਰਹਿ ਕੇ ਵੀ ਮਹਿਲ ਦੀ ਅਨੈਤਿਕਤਾ ਤੋਂ ਬਚਿਆ ਹੋਇਆ ਹੈਂ, ਸ਼ੁਕਰ ਹੈ।

- ਤੈਨੂੰ ਮੇਰੇ ਬਾਰੇ ਕੀ ਪਤੈ?

- ਮਹਿਲ ਅੰਦਰ ਵਾਪਰਦੀ ਹਰੇਕ ਘਟਨਾ, ਹਰ ਗੱਲ ਦਾ ਪਤਾ ਹੈ। ਸਾਧੂਆਂ ਦੀ ਦਿੱਬ-ਦ੍ਰਿਸ਼ਟੀ ਬ੍ਰਹਿਮੰਡ ਦੇਖਦੀ ਹੈ। ਚੰਗਾ ਹੈ ਅੱਗੇ ਨੂੰ ਵੀ ਬਚ ਕੇ ਰਹੇਂ। ਕਲਾ ਦੇ ਨਾਮ ਤੇ ਸ਼ੈਤਾਨ ਆਪਣੇ ਕੰਮ ਕਰ ਰਿਹਾ ਹੈ। ਆਸ਼ਰਮ ਦਾ ਫ਼ੈਸਲਾ ਹੈ ਕਿ ਚਰਚਾਂ ਵਿਚ ਬੁੱਤ ਅਤੇ ਤਸਵੀਰਾਂ ਨਹੀਂ ਹੋਣੀਆਂ ਚਾਹੀਦੀਆਂ, ਫਾਦਰ ਸਵੋਨਰੋਲਾ, ਲੋਰੈਂਜ਼ੋ ਨਾਲ ਨਾਰਾਜ਼ ਹੈ, ਉਹੀ ਹਰ ਬੁਰੇ ਕੰਮ ਲਈ ਜ਼ਿੰਮੇਵਾਰ ਹੈ। ਵਿਸਫੋਟ ਹੋਏਗਾ ਭਰਾ, ਜੇ ਆਪਣੇ ਆਪ ਨੂੰ ਬਚਾ ਸਕਦੈਂ ਬਚਾ ਲੈ। ਸ਼ਹਿਰ ਅੱਗ ਦੀ ਲਪੇਟ ਵਿਚ ਆਏਗਾ।

- ਪਰ ਮੈਂ ਬੁੱਤ ਨਾ ਤ੍ਰਾਸ਼ੇ ਤਾਂ ਮਰ ਜਾਵਾਂਗਾ?

ਭਰਾ ਨੇ ਉੱਤਰ ਨਹੀਂ ਦਿੱਤਾ। ਚਲਾ ਗਿਆ।

ਮਾਈਕਲ, ਉਸਤਾਦ ਕੋਲ ਗਿਆ, ਤਬੀਅਤ ਠੀਕ ਨਹੀਂ ਸੀ, ਕੰਬਲ ਵਿਚ ਲਿਪਟਿਆ ਲੇਟਿਆ ਹੋਇਆ ਸੀ। ਮਾਈਕਲ ਨੇ ਸਹਾਰਾ ਦੇ ਕੇ ਬਿਠਾ ਦਿੱਤਾ, ਨਿੱਘੀ ਵਾਈਨ ਦਾ ਗਲਾਸ ਪਿਲਾਇਆ। ਉਸਤਾਦ ਨੇ ਕਿਹਾ - ਮਾੜੇ ਦਿਨ ਆ ਰਹੇ ਨੇ। ਪਾਦਰੀਆਂ ਨੇ ਹੜਦੁੰਗ ਮਚਾ ਰੱਖਿਐ। ਉਨ੍ਹਾਂ ਦੀ ਕਿਰਪਾ ਸਦਕਾ ਜੇ ਲੋਰੈਂਜ਼ੋ ਹਾਰ ਗਿਆ, ਆਰਟ ਸੁਆਹ ਹੋ ਜਾਏਗਾ। ਕੇਵਲ ਆਰਟ ਨਹੀਂ, ਪੁਜਾਰੀਆਂ ਨੂੰ ਹਰ ਚੀਜ਼ ਬੁਰੀ ਲੱਗਣ ਲੱਗ ਪਈ ਹੈ। ਕੰਮ ਜਾਰੀ ਰੱਖੀਂ, ਤੂੰ ਮੇਰਾ ਵਾਰਸ ਹੈਂ ਮਾਈਕਲ - ਉਸਤਾਦ ਦਾ ਆਖ਼ਰੀ ਬੋਲ ਸੀ।

ਮਹਿਲ ਵਿਚ ਕੰਮ ਕਰਦੇ ਕੋਲ ਕੰਟੈਸਿਨਾ ਆ ਗਈ।

- ਕਦੋਂ ਆਈ ਸ਼ਾਹਜ਼ਾਦੀ?

- ਕੱਲ੍ਹ। ਮੇਰਾ ਮੰਗਣਾ ਹੋ ਗਿਐ। ਹੁਣੇ ਵਿਆਹ ਕਰਨ ਲੱਗੇ ਸਨ, ਮਸਾਂ ਰੋਕੇ, ਮੈਂ ਵਾਸਤੇ ਪਾਏ ਕਿ ਅਜੇ ਮੇਰੀ ਉਮਰ ਘੱਟ ਹੈ, ਇਕ ਸਾਲ ਅੱਗੇ ਪਾਉਣ ਵਾਸਤੇ ਮੰਨ ਗਏ। ਉਸ ਦੀਆਂ ਅੱਖਾਂ ਭਰ ਆਈਆਂ ਤਾਂ ਮਾਈਕਲ ਨੇ ਆਪਣੇ ਦੋਵਾਂ ਹੱਥਾਂ ਨਾਲ ਉਸ ਦੀਆਂ ਅੱਖਾਂ ਪੂੰਝੀਆਂ, ਸ਼ਾਹਜ਼ਾਦੀ ਨੇ ਉਸਦੇ ਹੱਥਾਂ ਉਪਰ ਆਪਣੇ ਹੱਥ ਰੱਖ ਦਿੱਤੇ।

- ਤੂੰ ਸੰਤੁਸ਼ਟ ਹੈ ਕੰਟੈਸਿਨਾ?

- ਕੁਝ ਵੱਸ ਈ ਨੀ। ਸਿਆਸੀ ਹਿਸਾਬ ਕਿਤਾਬ, ਜੋੜ ਘਟਾ ਕਰਕੇ ਰਿਸ਼ਤੇ ਜੋੜਦੇ ਨੇ ਇਥੇ। ਬੰਦੇ ਦੇ ਆਪਣੇ ਵੱਸ ਕੁਝ ਨਹੀਂ।

ਪਤਾ ਲੱਗਾ ਕਿ ਖ਼ਤਰਨਾਕ ਯੁੱਧ ਛਿੜੇਗਾ। ਲੋਰੈਂਜ਼ੋ ਕੋਲ ਧਨ, ਤਾਕਤ ਅਤੇ ਹਥਿਆਰਬੰਦ ਸੈਨਾ ਸੀ ਪਰ ਪੁਜਾਰੀਆਂ ਨਾਲ ਲੋਕਾਂ ਦੀ ਹਮਦਰਦੀ ਸੀ। ਲੋਰੈਂਜ਼ੋ ਬਿਮਾਰ ਹੋ ਗਿਆ, ਆਰਾਮ ਕਰਨ ਲਈ ਪੰਜ ਮੀਲ ਦੂਰ ਪਿੰਡ ਚਲਾ ਗਿਆ। ਨਾਲ ਹਕੀਮ ਅਤੇ

ਪਾਦਰੀ ਚਲੇ ਗਏ। ਆਰਟ ਗਾਰਡਨ ਵਿਚ ਰੌਣਕ ਨਾ ਰਹੀ, ਕੁਝ ਕਲਾਕਾਰ, ਜਿਨ੍ਹਾਂ ਨੂੰ ਸਹੀ ਬੁੱਤਤ੍ਰਾਸ਼ੀ ਨਹੀਂ ਆਉਂਦੀ ਸੀ, ਕੰਮ ਛੱਡ ਕੇ ਪੁਜਾਰੀਆਂ ਨਾਲ ਜਾ ਰਲੇ। ਕੁਝ ਹਫ਼ਤਿਆਂ ਬਾਦ ਮਾਈਕਲ ਨੇ ਕੰਮ ਛੱਡ ਕੇ ਲੋਰੈਂਜ਼ੋ ਦੀ ਖ਼ਬਰ ਲੈਣ ਵਾਸਤੇ ਘੋੜਾ ਬੀੜਿਆ, ਪੁੱਜ ਗਿਆ। ਪਾਦਰੀ ਪਾਠ ਕਰ ਰਿਹਾ ਸੀ, ਹਕੀਮ ਬਾਂਹ ਫੜੀ ਬੈਠਾ ਸੀ। ਨਜ਼ਦੀਕ ਜਾ ਕੇ ਝੁਕਿਆ, ਸਲਾਮ ਅਰਜ਼ ਕੀਤੀ, ਪੁੱਛਿਆ - ਕਿਵੇਂ ਹੋ ਮਾਲਕ ?

ਉੱਤਰ ਮਿਲਿਆ - ਜਿਵੇਂ ਮਰਨ ਵੇਲੇ ਹੋਈਦਾ ਹੈ, ਉਸੇ ਤਰ੍ਹਾਂ। ਵਸੀਅਤ ਲਿਖਵਾਈ।

- ਪੀਰੋ ਮੇਰਾ ਵਾਰਸ ਹੋਏਗਾ। ਪੀਰੋ ਝੁਕ ਗਿਆ। ਇਨਸਾਫ਼ ਕਰੀਂ ਪੀਰੋ। ਸਾਰੇ ਲੋਕ ਖ਼ੁਸ਼ ਨਹੀਂ ਹੋਇਆ ਕਰਦੇ। ਸਹੀ ਰਸਤੇ 'ਤੇ ਚੱਲੀਂ। ਫਲੋਰੈਂਸ ਦੀਆਂ ਪਰੰਪਰਾਵਾਂ ਕਾਇਮ ਰੱਖੀਂ।

ਮਾਈਕਲ ਹੈਰਾਨ ਹੋ ਗਿਆ ਜਦੋਂ ਦੁਸ਼ਮਣ ਪਾਦਰੀ ਸਵੋਨਰੋਲਾ ਅੰਦਰ ਆਇਆ।

- ਤੁਸੀਂ ਮੈਨੂੰ ਯਾਦ ਕੀਤਾ ਮੈਡੀਸੀ ਦੇ ਲੋਰੈਂਜ਼ੋ ?

- ਹਾਂ ਫਾਦਰ। ਮੈਂ ਤੁਹਾਨੂੰ ਫਲੋਰੈਂਸ ਦਾ ਚਾਰਜ ਦਿੱਤਾ ਸੀ, ਹੁਣ ਆਖ਼ਰੀ ਵਾਰ ਦੀ ਪ੍ਰਾਰਥਨਾ ਤੁਹਾਨੂੰ ਹੀ ਕਰਨੀ ਪਵੇਗੀ।

ਪਾਦਰੀ ਝੁਕਿਆ, ਬਾਣੀ ਪੜ੍ਹੀ, ਅਰਦਾਸ ਕੀਤੀ ਤੇ ਚਲਾ ਗਿਆ। ਕੁਝ ਦੇਰ ਬਾਦ ਲੋਰੈਂਜ਼ੋ ਵੀ ਵਿਦਾ ਹੋ ਗਿਆ। ਮਾਈਕਲ ਰੁਕ ਨਾ ਸਕਿਆ, ਉਸਨੂੰ ਕਿਹੜਾ ਕਿਸੇ ਨੇ ਸੱਦਿਆ ਸੀ ? ਆਪੇ ਆਇਆ, ਕਿਸੇ ਨੂੰ ਬਿਨਾਂ ਦੱਸਿਆਂ ਵਾਪਸ ਬਾਗ਼ ਵੱਲ ਚਲਾ ਗਿਆ। ਬਾਗ਼ ਵਿਚ ਵੀਰਾਨਗੀ ਛਾਈ ਹੋਈ ਦੇਖੀ।

ਨਵਾਂ ਹਾਕਮ ਪੀਰੋ, ਮਾਈਕਲ ਨੂੰ ਪਸੰਦ ਨਹੀਂ ਕਰਦਾ ਸੀ। ਮਾਈਕਲ ਦੀ ਇੱਛਾ ਸੀ ਉਹ ਆਪਣੇ ਸਰਪ੍ਰਸਤ ਲੋਰੈਂਜ਼ੋ ਦਾ ਵਿਸ਼ਾਲ ਕਾਇਆ ਬੁੱਤ ਬਣਾਏ ਪਰ ਹੁਣ ਪੈਸੇ ਕਿਥੋਂ ਆਉਣਗੇ ? ਨਾਲੇ ਪਾਦਰੀਆਂ ਨੇ ਅੱਤ ਚੁੱਕ ਰੱਖੀ ਹੈ, ਉਹ ਇਸ ਖ਼ਾਨਦਾਨ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ, ਅਜਿਹਾ ਹੋ ਗਿਆ ਤਾਂ ਸ਼ਾਇਦ ਫਲੋਰੈਂਸ਼ ਸ਼ਹਿਰ ਈ ਛੱਡਣਾ ਪੈ ਜਾਏ। ਉਦਾਸ, ਲੱਤਾਂ ਪਸਾਰੀ ਬੈਠੇ ਨੇ ਦੇਖਿਆ, ਕੰਟੈਸਿਨਾ ਆ ਰਹੀ ਸੀ। ਚਿਹਰਾ ਪੂਰਾ ਉਦਾਸ।

- ਕਿੰਨੇ ਦਿਨ ਹੋ ਗਏ ਤੂੰ ਮਹਿਲ ਵਿਚ ਨਹੀਂ ਆਇਆ ? ਇਥੇ ਬਾਗ਼ ਵਿਚ ਵੀ ਹਰ ਰੋਜ਼ ਚੱਕਰ ਲਾਉਂਦੀ ਰਹੀ।

- ਤੂੰ ਸੱਦਿਆ ਹੁੰਦਾ ਜ਼ਰੂਰ ਆਉਂਦਾ ਕੰਟੈਸਿਨਾ। ਹੁਣ ਮਹਿਲ ਵਿਚ ਮੇਰਾ ਕੌਣ ਹੈ ?

- ਮੈਂ ਕੋਈ ਇੰਤਜ਼ਾਮ ਕਰਾਂਗੀ।

ਚਲੀ ਗਈ। ਪੰਜਵੇਂ ਦਿਨ ਪਰਤੀ। ਅੱਖਾਂ ਲਾਲ ਸਨ - ਮੈਂ ਕਹਿ ਕਹਿ ਕੇ ਥੱਕ ਗਈ, ਪੀਰੋ ਕੋਈ ਜਵਾਬ ਨਹੀਂ ਦਿੰਦਾ। ਚੁੱਪ ਕਰ ਜਾਂਦੈ। ਉਸਦਾ ਨਾਂਹ ਕਰਨ ਦਾ ਇਹੋ ਤਰੀਕੈ।

- ਮੈਨੂੰ ਪਤਾ ਸੀ ਕੰਟੈਸਿਨਾ, ਮੈਨੂੰ ਇਸਦਾ ਪਹਿਲਾਂ ਹੀ ਪਤਾ ਸੀ।

ਸਾਲ ਭਰ ਇਧਰ ਉਧਰ ਭਟਕਦਾ ਫਿਰਦਾ ਰਿਹਾ। ਉਸਨੂੰ ਇਕ ਵਡੇਰੀ ਉਮਰ ਦਾ ਆਪਣਾ ਪਾਦਰੀ ਦੋਸਤ ਯਾਦ ਆਇਆ। ਉਸ ਕੋਲ ਜਾ ਕੇ ਆਪਣਾ ਹਾਲ ਦੱਸਿਆ। ਪਾਦਰੀ ਨੇ ਕਿਹਾ - ਮੈਂ ਵਧੀਕ ਕੁਝ ਨਹੀਂ ਕਰ ਸਕਦਾ, ਸਾਨੂੰ ਇਥੇ ਕਰਾੱਸ ਚਾਹੀਦਾ

ਹੈ। ਕੁਝ ਦਿਨ ਲਾ ਕੇ ਕਰਾੱਸ ਬਣਾ ਦੇਹ। ਚੰਗੇ ਪੈਸੇ ਦਿਵਾ ਦਿਆਂਗਾ। ਲੱਕੜ ਮੰਗਵਾਈ, ਆਰੀਆਂ, ਰੇਤੀਆਂ ਚਾਕੂ ਆ ਗਏ। ਕੰਮ ਸ਼ੁਰੂ ਕਰ ਦਿੱਤਾ। ਦੁਬਾਰਾ ਬਾਈਬਲ ਪੜ੍ਹੀ। ਜਦੋਂ ਪਹਿਲਾ ਕਿੱਲ, ਫਿਰ ਦੂਜਾ, ਫਿਰ ਤੀਜਾ, ਫਿਰ ਚੌਥਾ ਕਿੱਲ ਗੱਡੇ, ਦਰਦ ਤਾਂ ਹੋਇਆ ਸੀ। ਮੰਨਿਆ ਰੂਹ ਬਲਵਾਨ ਸੀ, ਪਰ ਸਰੀਰ ਤਾਂ ਸਰੀਰ ਹੈ। ਆਖ਼ਰ ਖ਼ਿਆਲ ਆਇਆ - ਹੁਣ ਤੱਕ ਦੇ ਕਰਾੱਸਾਂ ਵਿਚ ਯਸੂ ਸਿੱਧਾ ਸਪਾਟ ਲਟਕਿਆ ਦਿਖਾਇਆ ਹੁੰਦਾ ਹੈ। ਮੇਰੇ ਯਸੂ ਦਾ ਮੂੰਹ ਸੱਜੇ ਪਾਸੇ ਹੋਵੇਗਾ ਤੇ ਗੋਡੇ ਥੱਲੇ ਖੱਬੇ ਪਾਸੇ। ਦਰਦ ਕਾਰਨ ਇਵੇਂ ਹੁੰਦਾ ਹੈ। ਚਿਹਰੇ ਉਪਰ ਦੁੱਖ ਅਤੇ ਸ਼ਾਂਤੀ, ਦੁੱਖ ਅਤੇ ਖਿਮਾ, ਦੋਵੇਂ ਉਕਰੇ, ਦਇਆਵਾਨ ਅੱਖਾਂ ਬਣਾਈਆਂ। ਪਾਦਰੀ ਨੇ ਪੈਸੇ ਚੰਗੇ ਦਿੱਤੇ, ਪਰ ਉਸਨੂੰ ਉਸ ਕਰਾੱਸ ਦੀ ਨਵੀਂ ਸ਼ੈਲੀ ਨਾਲ ਕੋਈ ਸਰੋਕਾਰ ਨਹੀਂ ਸੀ, ਕੀ ਨਵਾਂ ਹੈ, ਪਤਾ ਨਹੀਂ।

ਇਥੇ ਚਰਚ ਵਿਚ ਰਹਿ ਕੇ ਦਿਨ ਕਟੀ ਕਰ ਰਿਹਾ ਸੀ ਤਾਂ ਇਕ ਦਿਨ ਮਹਿਲ ਵਿਚ ਪੁੱਜਣ ਦਾ ਸੱਦਾ ਆਇਆ, ਕੀ ਕਾਰਨ ਹੋ ਸਕਦਾ ਹੈ ? ਪੀਰੋ ਮੈਨੂੰ ਕਬੂਲੇਗਾ ਹੀ ਨਹੀਂ, ਪੱਕਾ ਪਤੈ। ਚਲਾ ਗਿਆ। ਦੇਖਿਆ ਕਿਸੇ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਸਰਦੀ ਦੀ ਰੁੱਤ ਕਾਰਨ ਕੋਨਿਆਂ ਵਿਚ ਬਰਫ਼ ਪਈ ਸੀ। ਪੀਰੋ ਮੁਸਕਰਾ ਕੇ ਤੇ ਕੰਟੈਸਿਨਾ ਚਹਿਕ ਕੇ ਮਿਲੀ। ਪੀਰੋ ਨੇ ਕਿਹਾ - ਤੂੰ ਮੇਰੇ ਪਿਤਾ ਦਾ ਪਸੰਦੀਦਾ ਕਲਾਕਾਰ ਹੈਂ, ਅੱਜ ਖ਼ੁਸ਼ੀ ਦੇ ਇਸ ਮੌਕੇ 'ਤੇ ਹਰਕੁਲੀਸ ਦਾ ਬਰਫ਼ ਦਾ ਬੁੱਤ ਬਣਾ ਦੇਹ। ਮਾਈਕਲ ਦੇ ਦਿਲ 'ਤੇ ਸੱਟ ਵੱਜੀ - ਤਾਂ ਕੀ ਇਨ੍ਹਾਂ ਨੇ ਬੇਇਜ਼ਤ ਕਰਨ ਲਈ ਬੁਲਾਇਐ ? ਜਦੋਂ ਹਾਂ ਨਾ ਕੀਤੀ ਤਾਂ ਕੰਟੈਸਿਨਾ ਸਾਹਮਣੇ ਆ ਕੇ ਖਲੋ ਗਈ - ਅਸੀਂ ਸਾਰੇ ਤੇਰੀ ਮੱਦਦ ਕਰਾਂਗੇ, ਮਾਈਕਲ, ਮੇਰੀ ਬੇਨਤੀ ਮੰਨ। ਬਣਾ ਦੇਹ। ਤੇਰੇ ਲਈ ਤਾਂ ਮਾਮੂਲੀ ਚੀਜ਼ ਹੈ। ਸਾਰੇ ਖ਼ੁਸ਼ ਹੋ ਜਾਣਗੇ।

ਮਾਰਬਲ ਤੋਂ ਬਾਦ ਲੱਕੜ, ਲੱਕੜ ਤੋਂ ਬਾਦ ਬਰਫ਼, ਇਸ ਤੋਂ ਬਾਦ ਤਾਂ ਹਵਾ ਰਹਿ ਗਈ ਕੇਵਲ। ਹਵਾ ਦੇ ਬੁੱਤ ਬਣਾਏਗਾ ? ਪਰ ਕੰਟੈਸਿਨਾ ਕਹਿ ਰਹੀ ਹੈ। ਬੱਚੇ ਬਰਫ਼ ਢੋਣ ਲੱਗ ਪਏ, ਮਾਈਕਲ ਬੁੱਤ ਬਣਾਉਣ ਲੱਗ ਗਿਆ। ਦੋ ਘੰਟਿਆਂ ਬਾਦ ਵੱਡਾ ਹਰਕੁਲੀਸ ਸਾਹਮਣੇ ਖਲੋਤਾ ਸੀ ਤੇ ਬੱਚੇ ਉਸਦੇ ਆਲੇ-ਦੁਆਲੇ ਨੱਚਦੇ ਗੇੜੇ ਕੱਢ ਰਹੇ ਸਨ।

ਪੀਰੋ ਨੇ ਇਸ ਬੁੱਤ ਦੇ ਇਨਾਮ ਦੀਆਂ ਦੋ ਸੌ ਮੁਹਰਾਂ ਦਿੰਦਿਆਂ ਕਿਹਾ - ਇਥੇ ਹੀ ਆ ਜਾ ਮਾਈਕਲ, ਤੂੰ ਮੇਰੇ ਪਿਤਾ ਦਾ ਕਲਾਕਾਰ ਹੈਂ। ਸੋਚਣ ਲੱਗਾ - ਹੋਰ ਕੀ ਚਾਰਾ ਹੈ ? ਪੀਰੋ ਨੂੰ ਆਰਟ ਦੀ ਕੋਈ ਕਦਰ ਨਹੀਂ, ਪਰ ਮੇਰਾ ਕੋਈ ਹੋਰ ਹੈ ਵੀ ਤਾਂ ਨਹੀਂ। ਦੇਣ ਵਾਸਤੇ ਪਿਤਾ ਕੋਲ ਗਾਲ੍ਹਾਂ, ਤਾਹਨਿਆਂ ਤੋਂ ਬਿਨਾਂ ਕੁਝ ਨਹੀਂ। ਹਾਂ ਕਰ ਦਿੱਤੀ। ਕੰਟੈਸਿਨਾ ਦਾ ਵਿਆਹ ਨੇੜੇ ਆ ਰਿਹਾ ਸੀ, ਮਹਿਮਾਨ ਆ ਰਹੇ ਸਨ, ਗੀਤ ਸੰਗੀਤ ਚੱਲਦਾ ਰਹਿੰਦਾ। ਪੀਣ ਖਾਣ ਦੇ ਦੌਰ। ਸ਼ਾਹਜ਼ਾਦੀ ਦਾ ਵਿਆਹ ਇਤਿਹਾਸ ਵਿਚ ਇਕ ਯਾਦਗਾਰ ਬਣੇਗਾ। ਸ਼ਰਾਬਾਂ ਦੇ ਫੁਹਾਰੇ ਚੱਲਦੇ ਦੇਖੇ। ਗ੍ਰਾਂਸੀ ਅਤੇ ਮਾਈਕਲ ਇਕੱਠੇ ਖਲੋਤੇ ਹਜ਼ਾਰਾਂ ਮਹਿਮਾਨਾਂ ਨੂੰ ਦੇਖਦੇ ਰਹੇ।

ਇਕ ਦਿਨ ਉਸਨੂੰ ਪਿਤਾ ਨੇ ਘਰ ਸੱਦਿਆ। ਦੁਆ ਸਲਾਮ ਹੋਈ। ਪਿਤਾ ਉਸ ਨੂੰ ਉਸਦੇ ਪਾਦਰੀ ਭਰਾ ਦੇ ਕਮਰੇ ਵਿਚ ਲੈ ਗਿਆ ਤੇ ਟਰੰਕ ਖੋਲ੍ਹ ਕੇ ਸੋਨੇ ਦੇ ਗਹਿਣੇ ਰੁੱਗ ਭਰ ਕੇ ਦਿਖਾਉਂਦਿਆਂ ਪੁੱਛਿਆ - ਤੈਨੂੰ ਪਤੈ ਹੋਣੈ, ਦੱਸ ਮਾਈਕਲ, ਉਹ ਡਾਕੇ ਮਾਰਨ ਲੱਗ ਗਿਐ ? - ਨਹੀਂ ਪਿਤਾ ਜੀ, ਉਹ ਸਵੋਨਰੋਲਾ ਦੀ ਪਵਿੱਤਰ ਫ਼ੌਜ ਦਾ ਕਪਤਾਨ ਹੈ। ਫਾਦਰ ਨੇ ਦਿਖਾਵੇ ਉੱਤੇ ਪਾਬੰਦੀ ਲਾਈ ਹੋਈ ਹੈ। ਜਿਸ ਔਰਤ ਦੇ ਗਹਿਣੇ ਪਹਿਨੇ

ਹੋਏ ਦਿਖਾਈ ਦੇਣ, ਇਹ ਕੁੱਟਦੇ ਹਨ ਤੇ ਗਹਿਣੇ ਉਤਾਰ ਲੈਂਦੇ ਹਨ। ਫਾਦਰ ਇਨ੍ਹਾਂ ਨੂੰ ਸਫ਼ੈਦ ਫ਼ਰਿਸ਼ਤੇ ਦੱਸਦਾ ਹੈ। ਇਨ੍ਹਾਂ ਦੀ ਧਾੜ ਤਾਂ ਵਿਆਹ ਸ਼ਾਦੀਆਂ ਵਾਲੇ ਘਰਾਂ ਵਿਚ ਆਮ ਜਾ ਵੜਦੀ ਹੈ।

- ਪਰ ਇਹ ਗਹਿਣੇ ਇਥੇ ਕਿਉਂ ਹਨ? ਪਿਤਾ ਨੇ ਪੁੱਛਿਆ।

- ਮੇਰੇ ਹਿਸਾਬ ਇਹ ਚਰਚ ਦੀ ਪ੍ਰਾਪਰਟੀ ਹੈ, ਉਥੇ ਦੇਣੇ ਚਾਹੀਦੇ ਸਨ ਪਿਤਾ ਜੀ।

ਫ਼ਰਾਂਸ ਦੇ ਚਾਰਲਸ ਅੱਠਵੇਂ ਨੇ ਇਟਲੀ ਜਿੱਤਣ ਲਈ ਕੂਚ ਕਰ ਦਿੱਤਾ। ਪੀਰੋ ਤੋਂ ਰਸਤਾ ਮੰਗਿਆ, ਉਸਨੇ ਨਾਂਹ ਕਰ ਦਿੱਤੀ। ਸਵੋਨਰੋਲਾ ਨੇ ਚਰਚ ਵਿਚ ਇਕੱਤਰ ਹੋਏ ਬੇਸ਼ੁਮਾਰ ਲੋਕਾਂ ਨੂੰ ਗਰਜਦੀ ਆਵਾਜ਼ ਵਿਚ ਕਿਹਾ - ਮੈਂ ਦੱਸਿਆ ਕਰਦਾ ਸੀ ਪਰਲੋ ਆਏਗੀ ਤੇ ਪਰਲੋ ਪੀਰੋ ਦੇ ਖ਼ਾਨਦਾਨ ਦੇ ਪਾਪਾਂ ਕਾਰਨ ਆਏਗੀ। ਚਾਰਲਸ ਦੀ ਤੀਹ ਹਜ਼ਾਰ ਫ਼ੌਜ ਆ ਰਹੀ ਹੈ। ਪੀਰੋ ਕੋਲ ਕੇਵਲ ਇਕ ਹਜ਼ਾਰ! ਪੀਰੋ ਦੀ ਮੂਰਖਤਾ ਸਦਕਾ ਯੁੱਧ ਹੋਏਗਾ ਤੇ ਮਾਰੇ ਜਾਣਗੇ ਸ਼ਹਿਰ ਦੇ ਬੇਸ਼ੁਮਾਰ ਲੋਕ। ਤਬਾਹੀ ਮੱਚੇਗੀ। ਲੋਕਾਂ ਨੇ ਦੇਖਿਆ, ਪੀਰੋ ਸ਼ਿਕਾਰ ਖੇਡ ਕੇ ਪਰਤ ਰਿਹਾ ਸੀ। ਲੋਕ ਚੀਕੇ - ਫੜ ਲਉ ਇਸ ਪਾਪੀ ਨੂੰ! ਪੀਰੋ ਨੇ ਮਿਆਨ ਵਿੱਚੋਂ ਤਲਵਾਰ ਖਿੱਚੀ, ਲੋਕਾਂ ਦੇ ਪਥਰਾਉ ਤੋਂ ਬਚਣ ਲਈ ਘੋੜਾ ਭਜਾ ਕੇ ਮਹਿਲ ਵਿਚ ਵੜ ਗਿਆ, ਗੇਟ ਬੰਦ ਹੋ ਗਿਆ। ਭੀੜ ਗੇਟ 'ਤੇ ਆ ਪੁੱਜੀ।

- ਕੋਈ ਪੀਰੋ ਦਾ ਸਿਰ ਦਏ, ਚਾਰ ਹਜ਼ਾਰ ਮੁਹਰਾਂ ਇਨਾਮ ਦਿਆਂਗੇ। ਪੀਰੋ ਦਾ ਸਿਰ ...ਪੀਰੋ ਦਾ ਸਿਰ।

ਪੀਰੋ ਨੇ ਸ਼ਰਾਬ ਦੇ ਗਲਾਸ ਅੰਦਰ ਸੁੱਟਣੇ ਸ਼ੁਰੂ ਕਰ ਦਿੱਤੇ। ਲੋਕ ਦਰਵਾਜ਼ਾ ਤੋੜਨ ਲੱਗੇ ਤਾਂ ਪਰਿਵਾਰ ਦੇ ਜੀਆਂ ਸਮੇਤ ਉਹ ਪਿਛਲੇ ਦਰਵਾਜ਼ੇ ਵਿੱਚੋਂ ਦੀ ਬਾਹਰ ਦੌੜਿਆ। ਭੀੜ ਦਰਵਾਜ਼ਾ ਤੋੜ ਕੇ ਅੰਦਰ ਲੰਘ ਆਈ। ਮਾਈਕਲ ਨਹੀਂ ਦੌੜਿਆ। ਸ਼ਾਂਤ ਖਲੋਤਾ ਰਿਹਾ। ਸਾਰਿਆਂ ਨੂੰ ਜਾਣਦਾ ਸੀ। ਚੰਗੇ ਭਲੇ ਸਨ, ਹੁਣ ਜਿਵੇਂ ਜਿੰਨ ਚੰਬੜ ਗਿਆ ਹੋਵੇ। ਮਹਾਨ ਬੁੱਤਾਂ ਨੂੰ ਵਿੰਨ੍ਹਣ ਲੱਗੇ। ਉਹ ਭੱਜ ਕੇ ਲੋਰੈਂਜ਼ੋ ਦੀ ਲਾਇਬਰੇਰੀ ਵਿਚ ਵੜਿਆ ਤੇ ਕੁੰਡਾ ਮਾਰ ਲਿਆ। ਪਾਗਲ ਕਿਤੇ ਇਧਰ ਅੱਗ ਨਾ ਲਾ ਦੇਣ। ਪਰ ਉਨ੍ਹਾਂ ਨੇ ਖ਼ਜ਼ਾਨੇ ਦਾ ਤਾਲਾ ਤੋੜ ਲਿਆ। ਮੁਹਰਾਂ ਦੀ ਲੁੱਟ ਸ਼ੁਰੂ ਹੋਈ ਤਾਂ ਇਕ ਦੂਜੇ ਨੂੰ ਕੁੱਟਣ ਲੱਗ ਪਏ। ਲੁੱਟਮਾਰ ਕਰ ਕੇ ਰਾਤ ਪਈ ਤੋਂ ਲੋਕ ਆਪੋ-ਆਪਣੇ ਘਰਾਂ ਨੂੰ ਪਰਤ ਗਏ। ਤਬੇਲੇ ਵਿਚ ਦੋ ਘੋੜੇ ਖਲੋਤੇ ਸਨ, ਇਕ ਉਨ੍ਹਾਂ ਦਾ ਰਖਵਾਲਾ। ਮਾਈਕਲ ਨੇ ਕਿਹਾ - ਦੇਖਦਾ ਕੀ ਹੈਂ? ਇਥੇ ਖ਼ਤਰੈ। ਭੱਜ ਚੱਲੀਏ। ਘੋੜੇ ਬੀੜ। ਦੋਵੇਂ ਜਣੇ ਸਵਾਰ ਹੋ ਕੇ ਨਿਕਲ ਗਏ। ਸ਼ਹਿਰ ਦੁਆਲੇ ਵਲੀ ਕੰਧ ਦੇ ਦਰਵਾਜ਼ੇ ਦਾ ਪਹਿਰੇਦਾਰ ਵੀ ਦੌੜ ਗਿਆ ਸੀ।

ਬੋਲੋਨਾ ਸ਼ਹਿਰ ਅੰਦਰ ਦਾਖ਼ਲ ਹੋਏ ਤਾਂ ਪੁਲਿਸ ਟੁਕੜੀ ਨੇ ਰੋਕ ਲਏ, ਅਜਨਬੀ ਹੋ? - ਹਾਂ ਫਲੋਰੈਂਸ ਤੋਂ। - ਕਾਗਜ਼ ਦਿਖਾਉ। - ਕਾਗਜ਼ ਨਹੀਂ ਹਨ। - ਪੰਜਾਹ ਪੰਜਾਹ ਮੁਹਰਾਂ ਕੱਢੋ। - ਸਾਡੇ ਕੋਲ ਇੰਨੇ ਪੈਸੇ ਨਹੀਂ।

- ਤਾਂ ਫਿਰ ਪੰਜਾਹ ਦਿਨ ਜੇਲ੍ਹ ਦੀ ਹਵਾ ਖਾਉ। ਉਹ ਅਜੇ ਅਗਲਾ ਵਾਕ ਕਹਿਣ ਹੀ ਲੱਗੇ ਸਨ ਕਿ ਸੀਨੀਅਰ ਅਫ਼ਸਰ ਆ ਗਿਆ। ਧਿਆਨ ਨਾਲ ਦੇਖਦਿਆਂ ਮਾਈਕਲ ਨੂੰ ਪੁੱਛਿਆ - ਭਲਾ ਤੂੰ ਬੂਨਾਰੋਟੀ ਪਰਿਵਾਰ ਦਾ ਨਹੀਂ? ਸਿਪਾਹੀਆਂ ਨੂੰ ਕਿਹਾ - ਉਏ ਇਹ ਫਲੋਰੈਂਸ ਦੇ ਕਸਟਮ ਅਫ਼ਸਰ ਦਾ ਮੁੰਡਾ ਹੈ। ਬਸ ਕਰੋ। ਸਿਪਾਹੀ ਪਿੱਛੇ ਹਟ ਗਏ। ਅਫ਼ਸਰ ਨੇ ਕਿਹਾ - ਮੈਂ ਤੈਨੂੰ ਲੋਰੈਂਜ਼ੋ ਦੇ ਮਹਿਲ ਵਿਚ ਡਿਨਰ ਵਕਤ ਦੇਖਿਆ ਸੀ, ਆਪਾਂ ਕੁਝ ਗੱਲਬਾਤ ਵੀ ਕੀਤੀ ਸੀ।

- ਹਾਂ, ਤੁਸੀਂ ਦੱਸਿਆ ਸੀ ਬੋਲੋਨਾ ਵਿਚ ਵੀ ਉਸਤਾਦ ਬੁੱਤਤ੍ਰਾਸ਼ ਹਨ। ਇਹੀ ਗੱਲਬਾਤ ਕੀਤੀ ਸੀ। ਇਹੀ ਕੁਝ ਦੇਖਣ ਵਾਸਤੇ ਤੁਹਾਡੇ ਸ਼ਹਿਰ ਆ ਪੁੱਜਾ। ਤੁਸੀਂ ਨਾ ਹੁੰਦੇ, ਬੁੱਤ ਦੇਖਣ ਦੀ ਥਾਂ ਜੇਲ੍ਹ ਦੇਖਦੇ ਫਿਰਦੇ।

- ਅੱਜ ਸ਼ਾਮ ਦਾ ਖਾਣਾ ਮੇਰੇ ਘਰ ਮਾਈਕਲ। ਸ਼ਹਿਰ ਦਾ ਚੱਕਰ ਲਾਉ ਤੇ ਸਮੇਂ ਸਿਰ ਕਸਟਮ ਅਫ਼ਸਰ ਦੇ ਘਰ ਪੁੱਜ ਜਾਣਾ।

ਸ਼ਹਿਰ ਦੇਖਦੇ ਦੇਖਦੇ ਮਹਿਲ ਤੱਕ ਪੁੱਜ ਗਏ। ਉੱਚੀ ਥਾਂ 'ਤੇ ਤਿੰਨ ਮੰਜ਼ਲੀ ਸ਼ਾਨਦਾਰ ਇਮਾਰਤ ਕਿ ਬੰਦਾ ਦੇਖਣੋਂ ਨਾ ਹਟੇ। ਸ਼ਾਮੀਂ ਕਸਟਮ ਅਫ਼ਸਰ ਅਲਦੋਰਾਂ ਦੀ ਕੋਠੀ ਪੁੱਜੇ। ਅਲਦੋਰਾਂ ਨੇ ਦੱਸਿਆ - ਕੱਲ੍ਹ ਪੀਰੋ ਤੇ ਉਸਦਾ ਭਗੌੜਾ ਪਰਿਵਾਰ ਵੀ ਇਥੋਂ ਦੀ ਲੰਘਿਆ ਸੀ। ਸੁਆਦੀ ਖਾਣਾ ਖਾ ਕੇ ਗੱਲਾਂ ਕਰ ਕੇ ਸੌਣ ਚਲੇ ਗਏ। ਅਗਲੀ ਸ਼ਾਮ ਖਾਣੇ ਦਾ ਸੱਦਾ ਉਸਦੇ ਭਤੀਜੇ ਮਾਰਕੋ ਨੇ ਦੇ ਦਿੱਤਾ। ਸ਼ਹਿਰ ਦੇ ਵੱਡੇ ਚਰਚ ਵਿਚ ਬੁੱਤ ਤ੍ਰਾਸ਼ਦਿਆਂ ਬੁੱਤਘਾੜੇ ਦੀ ਮੌਤ ਹੋ ਗਈ, ਉਸ ਵਰਗਾ ਹੋਰ ਕੋਈ ਨਾ ਮਿਲਿਆ, ਅਧੂਰਾ ਪਿਆ ਸੀ। ਇਸ ਪਰਿਵਾਰ ਨੇ ਮੋਟੀ ਰਕਮ ਤੈਅ ਕਰਵਾ ਕੇ ਮਾਈਕਲ ਨੂੰ ਕੰਮ ਦਿਵਾ ਦਿੱਤਾ।

ਫਲੋਰੈਂਸ ਦੀਆਂ ਖ਼ਬਰਾਂ ਪੁੱਜਦੀਆਂ ਰਹਿੰਦੀਆਂ ਸਨ। ਚਾਰਲਸ ਨੇ ਸ਼ਹਿਰ ਵਿੱਚੋਂ ਸ਼ਾਂਤ ਲੰਘਣ ਵਾਸਤੇ ਬਾਰਾਂ ਹਜ਼ਾਰ ਮੁਹਰਾਂ ਲਈਆਂ ਸਨ ਤੇ ਮਹਿਲ ਵਿਚ ਆਪਣੀ ਇਕ ਫ਼ੌਜੀ ਟੁਕੜੀ ਛੱਡ ਗਿਆ।

ਇਕ ਦਿਨ ਉਸਨੇ ਫ਼ੈਸਲਾ ਕੀਤਾ ਕਿ ਕੰਟੈਸਿਨਾ ਨੂੰ ਮਿਲ ਕੇ ਆਵਾਂ। ਉਸਦਾ ਮਹਿਲ ਇਕ ਦਿਨ ਦਾ ਪੈਂਡਾ ਹੈ। ਚੱਲ ਪਿਆ। ਘੋੜੇ 'ਤੇ ਬੈਠਾ ਸੋਚਦਾ ਗਿਆ - ਹੁਣ ਸ਼ਾਹਜ਼ਾਦੀ ਨੂੰ ਨਹੀਂ, ਯੁਵਰਾਣੀ ਨੂੰ ਮਿਲਾਂਗਾ। ਦਰਬਾਨ ਨੂੰ ਆਉਣ ਦਾ ਕਾਰਨ ਦੱਸਿਆ। ਦੋ ਬਾਂਦੀਆਂ ਅੰਦਰ ਲੈ ਗਈਆਂ, ਕਹਿਣ ਲੱਗੀਆਂ - ਯੁਵਰਾਣੀ ਅੱਜ ਕੱਲ੍ਹ ਮਿਲਦੀ ਨਹੀਂ, ਗਰਭਵਤੀ ਹੈ। ਤੁਹਾਨੂੰ ਆਗਿਆ ਦੇ ਦਿੱਤੀ ਹੈ। ਖ਼ੁਸ਼ ਹੋ ਕੇ ਮਿਲੀ, ਹੱਸਦੀ ਨੇ ਕਿਹਾ - ਤੇਰੀ ਗੱਲ ਸੱਚ ਹੋਏਗੀ ਮਾਈਕਲ, ਮੈਂ ਕਈ ਪੁੱਤਰਾਂ ਦੀ ਮਾਂ ਹੋਵਾਂਗੀ।

- ਪਰ ਤੂੰ ਖ਼ੁਸ਼ ਨਹੀਂ ਲੱਗਦੀ, ਯੁਵਰਾਣੀ।

- ਠੀਕ ਹੈ ਸਭ। ਅੱਜ ਕਿਵੇਂ ਖ਼ਿਆਲ ਆਇਆ ਕੰਟੈਸਿਨਾ ਨੂੰ ਮਿਲਣ ਦਾ?

- ਤੁਹਾਨੂੰ ਫਲੋਰੈਂਸ ਦੇ ਹਾਲਾਤ ਦਾ ਪਤਾ ਈ ਹੈ। ਤੁਹਾਡੇ ਚਚੇਰੇ ਭਰਾ ਪਾਦਰੀਆਂ ਨਾਲ ਰਲ ਗਏ ਹਨ, ਉਨ੍ਹਾਂ ਦੀ ਕੌਂਸਲ ਬਣੇਗੀ, ਉਹੀ ਰਾਜ ਕਰਨਗੇ। ਮੇਰੇ ਕੋਲ ਉਨ੍ਹਾਂ ਦਾ ਸੁਨੇਹਾ ਆਇਆ ਹੈ, ਉਹ ਮੈਨੂੰ ਉਹੀ ਪਹਿਲਾਂ ਵਾਲਾ ਕੰਮ ਦੇਣ ਦੇ ਇੱਛੁਕ ਹਨ। ਮੈਂ ਲੋਰੈਂਜ਼ੋ ਮਹਾਨ ਦਾ ਰਿਜ਼ਕ ਖਾਧਾ ਹੈ। ਉਨ੍ਹਾਂ ਦੀ ਪੇਸ਼ਕਸ਼ ਪ੍ਰਵਾਨ ਕਰਨਾ ਉਸ ਖ਼ਾਨਦਾਨ ਨਾਲ ਗ਼ਦਾਰੀ ਕਰਨਾ ਹੋਵੇਗਾ।

- ਵਾਪਸ ਜਾਹ ਮਾਈਕ, ਵਾਪਸ। ਮੈਂ ਆਗਿਆ ਦਿੰਦੀ ਹਾਂ। ਤੈਨੂੰ ਮੈਡੀਸੀ ਖ਼ਾਨਦਾਨ ਵਲੋਂ ਮੇਰੇ ਰਾਹੀਂ ਆਗਿਆ ਮਿਲ ਗਈ ਹੈ। ਤੇਰੇ ਨਾਲ ਪਿਤਾ ਦਾ ਸਿਆਸੀ ਸਮਝੌਤਾ ਥੋੜ੍ਹਾ ਸੀ? ਤੂੰ ਫਲੋਰੈਂਸ ਵਾਸਤੇ ਹੈਂ ਤੇ ਫਲੋਰੈਂਸ ਰਾਜਧਾਨੀ ਤੇਰੇ ਵਾਸਤੇ। ਫਲੋਰੈਂਸ ਮੇਰੇ ਵਾਸਤੇ ਨਹੀਂ ਰਿਹਾ ਤਾਂ ਕੀ? ਤੇਰੀਆਂ ਸੋਹਣੀਆਂ ਅੱਖਾਂ ਰਾਹੀਂ ਮੈਂ ਫਲੋਰੈਂਸ ਦੇਖਾਂਗੀ। ਅਗਲੇ ਦਿਨ ਸੁਗ਼ਾਤਾਂ, ਸਨਮਾਨਾਂ ਨਾਲ ਵਿਦਾਇਗੀ ਦਿੱਤੀ।

ਸ਼ਹਿਰ ਵਾਪਸ ਆ ਗਿਆ, ਮਹਿਲ ਵਿਚ ਗਿਆ, ਉਨ੍ਹਾਂ ਨੇ ਸਵਾਗਤ ਕੀਤਾ ਤਾਂ ਮਾਈਕਲ ਨੇ ਕਿਹਾ - ਜੇ ਆਗਿਆ ਹੋਵੇ ਤਾਂ ਉਥੇ ਬਾਗ਼ ਵਿਚ ਰਹਿ ਲਵਾਂ? ਉਥੇ ਵਧੀਕ ਕੰਮ ਹੋਵੇਗਾ, ਇਥੇ ਅੰਦਰ ਮੈਂ ਕੀ ਕਰਨੈ? - ਠੀਕ ਹੈ, ਜਿਵੇਂ ਮਰਜ਼ੀ, ਜਿਥੇ ਮਰਜ਼ੀ।

ਬੁੱਤ ਤ੍ਰਾਸ਼ਦਾ ਗਿਆ, ਕੁਝ ਬੁੱਤ ਰੋਮਨ ਖ਼ਰੀਦ ਕੇ ਲੈ ਗਏ। ਰੋਮ ਵਿਚ ਉਨ੍ਹਾਂ ਦੀ ਸ਼ੁਹਰਤ ਫੈਲੀ ਤਾਂ ਉਥੋਂ ਮਹਿਲ ਵਿੱਚੋਂ ਸੱਦਾ-ਪੱਤਰ ਮਿਲਿਆ। ਉਨ੍ਹਾਂ ਨੇ ਪ੍ਰੇਮ-ਦੇਵਤਾ ਕਿਉਪਡ ਦਾ ਬੁੱਤ ਬਣਵਾਉਣਾ ਸੀ। ਇਥੋਂ ਆਗਿਆ ਲੈ ਕੇ ਉਧਰ ਚਾਲੇ ਪਾ ਦਿੱਤੇ। ਕਾਰਡੀਨਲ ਰੀਆਰੀਓ ਦੇ ਮਹਿਲ ਵਿਚ ਸਵਾਗਤ ਹੋਇਆ। ਰਿਆਰੀਓ ਨੇ ਅਫ਼ਸਰਾਂ ਨੂੰ ਕਿਹਾ - ਖ਼ੁਆਣ ਪਿਆਣ ਪਿੱਛੋਂ ਮਹਿਲ ਦੇ ਬੁੱਤ ਦਿਖਾਓ। ਦੇਖ ਕੇ ਵਾਪਸ ਆਇਆਂ ਨੂੰ ਪੁੱਛਿਆ - ਕਿਵੇਂ ਲੱਗੇ ?

- ਅਦਭੁਤ ਨਸ਼ਾ ਦੇਣ ਵਾਲੇ।

- ਇਨ੍ਹਾਂ ਵਰਗਾ ਹੋ ਸਕਦੈ ਕੁਝ ਹੋਰ ?

- ਇਨ੍ਹਾਂ ਵਰਗਾ ਤਾਂ ਨਹੀਂ, ਮੇਰੇ ਕੋਲ ਹੋਰ ਤਰ੍ਹਾਂ ਦੀ ਕਲਾ ਹੈ ਜਿਹੜੀ ਸ਼ਾਇਦ ਤੁਹਾਨੂੰ ਪਸੰਦ ਆ ਜਾਏ। ਜੋ ਸਿੱਖਿਆ ਹੋਇਆ ਹੈ, ਥੋੜ੍ਹੇ ਦਿਨਾਂ ਵਿਚ ਦਿਖਾ ਦਿਆਂਗਾ।

- ਮੈਨੂੰ ਤੁਹਾਡਾ ਜਵਾਬ ਚੰਗਾ ਲੱਗਾ ਮਹਿਮਾਨ, ਨਿਮਰਤਾ ਅਤੇ ਆਤਮ-ਵਿਸ਼ਵਾਸ ਦੋਵੇਂ ਇੱਕੋ ਥਾਂ।

ਇਥੇ ਰਹਿੰਦਿਆਂ ਉਸਨੇ ਬਹੁਤ ਕੰਮ ਕੀਤਾ। ਪ੍ਰੇਮ-ਦੇਵਤਾ (Cupid) ਦਾ ਵੱਡਾ ਬੁੱਤ ਬਣਾਇਆ, ਫੇਰ ਸੋਮਦੇਵ (Bacchus) ਦਾ। ਚੰਗਾ ਧਨ ਮਿਲਣ ਲੱਗ ਪਿਆ। ਖ਼ਬਰ ਮਿਲੀ ਕਿ ਫਲੋਰੈਂਸ ਦੀ ਸਰਕਾਰ ਨੇ ਪੁਜਾਰੀ ਸਵੋਨਰੋਲਾ ਅਤੇ ਉਸਦੇ ਕੁਝ ਚੇਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਫਾਂਸੀ ਦੇ ਦਿੱਤੀ। ਵਧੀਕ ਖਰੂਦ ਕਾਰਨ ਪੋਪ ਨੇ ਉਨ੍ਹਾਂ ਨੂੰ ਛੇਕ ਦੇਣ ਦਾ ਫ਼ਤਵਾ ਦੇ ਦਿੱਤਾ ਤੇ ਸਰਕਾਰ ਹਰਕਤ ਵਿਚ ਆ ਗਈ।

ਮਾਈਕਲ ਨੇ ਬਾਈਬਲ ਵਿੱਚੋਂ ਜਾਣਨਾ ਚਾਹਿਆ, ਜਦੋਂ ਮ੍ਰਿਤਕ ਯਸੂ ਨੂੰ ਕ੍ਰਾਸ ਤੋਂ ਉਤਾਰ ਕੇ ਮਾਂ ਮੇਰੀ ਦੇ ਸਾਹਮਣੇ ਰੱਖ ਦਿੱਤਾ ਗਿਆ ਤਾਂ ਉਦੋਂ ਉਸਨੇ ਰੱਬ ਨੂੰ ਕੀ ਕਿਹਾ ? ਕੁਝ ਨਹੀਂ ਲਿਖਿਆ ਮਿਲਦਾ। ਲਿਖਿਆ ਵੀ ਕਿਵੇਂ ਜਾਂਦਾ ? ਜਲਾਦ ਆਪਣਾ ਕੰਮ ਮੁਕਾ ਕੇ ਚਲੇ ਗਏ। ਮਾਂ ਲਾਸ਼ ਦੇ ਨਜ਼ਦੀਕ ਬੈਠੀ ਹੈ। ਦੇਖਣ ਵਾਲਾ ਸੁਣਨ ਵਾਲਾ ਤੀਜਾ ਕੋਈ ਹੈ ਈ ਨਹੀਂ ਸੀ ਜਦੋਂ। ਕੋਈ ਦੇਵਤਾ ਨਹੀਂ ਉਤਰਿਆ, ਜਬਰਾਈਲ ਵੀ ਨਹੀਂ ਆਇਆ। ਜਿਹੜਾ ਰੱਬ ਦਾ ਇਹ ਸੰਦੇਸ਼ ਲੈ ਕੇ ਆਇਆ ਸੀ - ਤੈਨੂੰ ਕੁਆਰੀ ਨੂੰ ਪੁੱਤਰ ਮਿਲੇਗਾ, ਇਹ ਹੁਕਮ ਹੈ, ਉਸਨੂੰ ਤਾਂ ਆਉਣਾ ਚਾਹੀਦਾ ਹੀ ਸੀ। ਨਿੱਕੇ ਯਸੂ ਨੂੰ ਗੋਦ ਵਿਚ ਬਿਠਾ ਲੈਂਦੀ, ਚੁੱਕਦੀ, ਤੁਰ ਪੈਂਦੀ, ਜਵਾਨ ਪੁੱਤਰ ਦੀ ਲਾਸ਼ ਨੂੰ ਕਿਵੇਂ ਚੁੱਕੇ ? ਵੈਸੇ, ਜੇ ਉਥੇ ਲੋਕ ਹੁੰਦੇ ਵੀ ਤਾਂ ਵੀ ਇਸ ਬਾਰੇ ਕੀ ਲਿਖ ਹੁੰਦਾ ? ਦੋ ਜਿਸਮ ਹਨ - ਇਕ ਜਿਊਂਦਾ, ਇਕ ਮ੍ਰਿਤਕ। ਜਿਹੜੀ ਜਿਊਂਦੀ ਹੈ ਉਹ ਵਾਸਤਵ ਵਿਚ ਲਾਸ਼ ਬਣ ਗਈ ਹੈ ਤੇ ਮ੍ਰਿਤਕ ਜਿਊਂਦਾ ਹੈ, ਜਿਊਂਦਾ ਰਹੇਗਾ।

ਮੇਰੀ ਬੇਸ਼ੱਕ ਪੰਜਾਹ ਸਾਲ ਤੋਂ ਉਪਰ ਦੀ ਹੈ, ਪਰ ਉਹ ਯਸੂ ਦੀ ਮਾਂ ਹੈ ਨਾ, ਕੁਆਰੀ ਮਾਂ, ਇਸ ਕਰਕੇ ਅਧੇੜ ਉਮਰ ਦੀ ਜ਼ਨਾਨੀ ਨਹੀਂ ਬਣ ਸਕਦੀ। ਉਸਦਾ ਮਾਸੂਮ ਚਿਹਰਾ ਕਦੀ ਨਹੀਂ ਢਲੇਗਾ। ਲਗਾਤਾਰ ਮੇਰੀ ਦੇ ਚਿਹਰੇ ਦੇ ਸਕੈੱਚ ਬਣਾਉਂਦਾ ਤੇ ਰੱਦ ਕਰਦਾ। ਰੋਮਨ ਮਰਦਾਂ ਔਰਤਾਂ ਨੂੰ ਕੰਮ ਕਰਦਿਆਂ ਧਿਆਨ ਨਾਲ ਦੇਖਦਾ, ਜਿਸਮ ਅਤੇ ਚਿਹਰੇ ਨਿਰੰਤਰ ਕੈਨਵਸ ਉਪਰ ਉਤਰਦੇ ਰਹਿੰਦੇ।

ਤੇਰ੍ਹਾਂ ਚੌਦਾਂ ਸਾਲਾਂ ਦਾ ਇਕ ਮੁੰਡਾ ਅਰਜੀਂਟੋ ਫਲੋਰੈਂਸ ਤੋਂ ਸਿਫ਼ਾਰਸ਼ ਦਾ ਖ਼ਤ ਲੈ ਕੇ ਆਇਆ, ਕੰਮ ਸਿੱਖਣਾ ਚਾਹੁੰਦਾ ਸੀ, ਕਹਿਣ ਲੱਗਾ - ਤਿੰਨ ਸਾਲ ਕੰਮ ਸਿੱਖ ਚੁੱਕਾ ਹਾਂ ਬਾਕੀ ਤੁਹਾਡੇ ਕੋਲੋਂ ਸਿੱਖਾਂਗਾ, ਮੇਰਾ ਰਹਿਣ ਸਹਿਣ ਦਾ ਤੇ ਜੇਬ ਦਾ ਖ਼ਰਚਾ ਤੁਹਾਨੂੰ

ਦੇਣਾ ਪਵੇਗਾ। ਮਾਈਕਲ ਨੂੰ ਆਪਣਾ ਬਚਪਨ ਯਾਦ ਆ ਗਿਆ - ਮੇਰੇ ਵਰਗਾ ਹੀ ਹੈ ਇਹ। ਕਿਹਾ - ਕੁਝ ਦਿਨ ਕੰਮ ਕਰ ਫਿਰ ਦੱਸਾਂਗੇ। ਦੋ ਦਿਨਾਂ ਵਿਚ ਵਿਗੜੇ-ਤਿਗੜੇ ਘਰ ਨੂੰ ਇਸ ਮੁੰਡੇ ਨੇ ਜਿਉਂਦਾ-ਜਾਗਦਾ ਕਰ ਦਿੱਤਾ। ਖ਼ੂਬ ਮਿਹਨਤ ਕਰਦਾ। ਇਕ ਦਿਨ ਛੈਣੀ ਹੇਠੋਂ ਤਿੜਕ ਕੇ ਮਾਰਬਲ ਦਾ ਟੋਟਾ ਅੱਖ ਵਿਚ ਜਾ ਡਿੱਗਾ ਤਾਂ ਮੁੰਡੇ ਦੀ ਚੀਕ ਨਿਕਲ ਗਈ। ਉਸਤਾਦ ਨੇ ਤਖ਼ਤਪੋਸ਼ 'ਤੇ ਲਿਟਾ ਕੇ ਨਿੱਘੇ ਪਾਣੀ ਦੀਆਂ ਬਥੇਰੀਆਂ ਚੂਲੀਆਂ ਮਾਰੀਆਂ, ਵਿਅਰਥ। ਸਾਰੀ ਰਾਤ ਮਾਈਕਲ ਉਸਦੇ ਸਰਹਾਣੇ ਬੈਠਾ ਟਕੋਰ ਕਰਦਾ ਰਿਹਾ। ਅਗਲਾ ਦਿਨ ਤੇ ਰਾਤ ਵੀ ਨਿਕਲ ਗਈ ਤਾਂ ਰੋਮ ਦਾ ਪ੍ਰਸਿੱਧ ਸਰਜਨ ਬੁਲਾਇਆ। ਆਪਣੇ ਨਾਲ ਉਹ ਇਕ ਕਬੂਤਰ ਲਿਆਇਆ ਸੀ। ਕਬੂਤਰ ਦੇ ਖੰਭ ਹੇਠੋਂ ਇਕ ਨਸ ਕੱਟ ਕੇ ਖ਼ੂਨ ਦੀਆਂ ਬੂੰਦਾਂ ਦੁਖਦੀ ਅੱਖ ਵਿਚ ਪਾਈਆਂ। ਸ਼ਾਮ ਨੂੰ ਇਕ ਹੋਰ ਕਬੂਤਰ ਲਿਆ ਕੇ ਇਹੋ ਕੀਤਾ। ਸਵੇਰ ਸਾਰ ਮੁੰਡੇ ਨੇ ਦੱਸਿਆ ਕਿ ਪੱਥਰੀ ਸਰਕਣ ਲੱਗੀ ਹੈ। ਦੁਪਹਿਰ ਵੇਲੇ ਨਿਕਲ ਗਈ। ਬਹੱਤਰ ਘੰਟੇ ਦੋਵੇਂ ਜਣੇ ਜਾਗਦੇ ਰਹੇ। ਜਦੋਂ ਬਿਲਕੁਲ ਠੀਕ ਹੋ ਗਿਆ ਤਾਂ ਮਾਈਕਲ ਨੇ ਕਿਹਾ - ਕੁਝ ਦਿਨ ਛੁੱਟੀਆਂ ਮਾਰ। ਥੱਕ ਗਿਐਂ। ਮੁੰਡਾ ਖ਼ੁਸ਼ੀ ਨਾਲ ਚਹਿਕਿਆ। - ਇਸ ਅਬਾਦੀ ਵਿਚ ਜਾਨਵਰ ਨਹੀਂ ਹਨ। ਮੇਰਾ ਘੋੜੇ ਦੇਖਣ ਨੂੰ ਦਿਲ ਕਰਦੈ। ਘੋੜੇ ਦੇਖ ਕੇ ਆ ਜਾਵਾਂਗਾ।

ਮਾਈਕਲ ਨੇ ਵੱਡਾ ਬਲਾਕ ਤ੍ਰਾਸ਼ਣਾ ਸ਼ੁਰੂ ਕਰ ਦਿੱਤਾ। ਗੋਦ ਵਿਚ ਜਵਾਨ ਮ੍ਰਿਤਕ ਪੁੱਤਰ ਦਾ ਸਿਰ ਤੇ ਉਸ ਵੱਲ ਝੁਕਿਆ ਮਾਂ ਦਾ ਸਿਰ। ਦੁੱਧ ਚੁੰਘਾਉਣ ਵਕਤ ਵੀ ਰਤਾ ਝੁਕਿਆ ਹੋਇਆ ਦਿਖਾਇਆ ਸੀ ਪਰ ਉਹ ਸੌਖਾ ਦਿਖਾ ਦਿੱਤਾ ਸੀ। ਹੁਣ ਵਾਲਾ ਕੰਮ ਭਾਰੀ ਹੈ, ਉਨਾ ਭਾਰੀ ਜਿੰਨਾ ਜਵਾਨ ਜਿਸਮ ਦਾ ਸਿਰ, ਉਨਾ ਭਾਰੀ ਜਿੰਨਾ ਮਰੀਅਮ ਦਾ ਦਿਲ। ਇਹ ਸਾਰੇ ਭਾਰ ਜੇ ਬੁੱਤ ਵਿਚ ਨਾ ਦਿਖਾਏ ਗਏ ਫਿਰ ਕਲਾ ਉਪਰ ਲਾਹਨਤ। ਚਾਹੇ ਲੱਖ ਸਕੈੱਚ ਬਣਾਉਣੇ ਪੈਣ, ਪਰਫ਼ੈਕਸ਼ਨ ਤੱਕ ਪੁੱਜਣ ਦਾ ਸਮਾਂ ਆ ਗਿਆ ਹੈ ਇਸ ਲਈ ਕੋਈ ਕਾਹਲ ਨਹੀਂ।

ਇਕ ਦਿਨ ਬਿਸ਼ਪ ਉਸਦਾ ਕੰਮ ਦੇਖਣ ਆਇਆ। ਦੇਖ ਦਾਖ ਕੇ ਪੁੱਛਿਆ - ਕੋਈ ਖ਼ਾਸ ਮੁਸ਼ਕਲ ਤਾਂ ਨਹੀਂ ਆ ਰਹੀ ?

- ਬਹੁਤੀ ਤਾਂ ਨਹੀਂ, ਪਰ ਮਾਂ ਦੀ ਉਮਰ ਜਵਾਨ ਯਸੂ ਤੋਂ ਵਧੀਕ ਨਹੀਂ ਦਿਸਣੀ ਚਾਹੀਦੀ। ਉਸ ਉਪਰ ਵਕਤ ਅਸਰ ਨਹੀਂ ਕਰੇਗਾ। ਮੇਰੀ ਉਪਰ ਸਮਾਂ ਨਹੀਂ ਕਰ ਸਕੇਗਾ ਅਸਰ। ਮੇਰੀ ਸਮੇਂ ਉਪਰ ਅਸਰੰਦਾਜ਼ ਹੋਏਗੀ। ਬਿਸ਼ਪ ਅਸੀਸਾਂ ਦੇ ਕੇ ਚਲਾ ਗਿਆ।

ਕੰਮ ਵਧੀਕ ਸੀ, ਜਿੰਨੇ ਕੁ ਪੈਸੇ ਮਿਲਦੇ ਘਰ ਭੇਜ ਦਿੰਦਾ। ਫਟੇ ਲਿਬਾਸ, ਮੰਦੇ ਹਾਲ, ਬਾਂਕੇ ਦਿਹਾੜੇ, ਉਸਤਾਦ ਤੇ ਸ਼ਾਗਿਰਦ ਕੰਮ ਵਿਚ ਲੱਗੇ ਰਹਿੰਦੇ। ਕਰਾੱਸ ਉਪਰ ਯਸੂ ਨੂੰ ਦਰਦ ਮਹਿਸੂਸ ਹੋਇਆ ਸੀ। ਹੁਣ ਮਾਂ ਦੀ ਗੋਦ ਵਿਚ ਉਸ ਦਾ ਚਿਹਰਾ ਸ਼ਾਂਤ ਰੱਖਣਾ ਹੈ। ਮਾਂ ਦਾ ਦੁੱਖ ਅਤੇ ਪੁੱਤਰ ਦੀ ਸ਼ਾਂਤੀ, ਰੱਬ ਦੇ ਵਰਤਾਰੇ ਵਰਗੀ ਕਿਵੇਂ ਹੋਵੇ, ਪਤਾ ਨਹੀਂ ਲੱਗਦਾ। ਤਾਂ ਵੀ ਬ੍ਰਹਿਮੰਡ ਵਿਚ ਕੋਈ ਇਕਸੁਰਤਾ ਤਾਂ ਹੈ। ਬੁੱਤ ਸੰਪੂਰਨ ਹੋ ਗਿਆ, ਪੂਰਾ ਯਸੂ ਮਾਂ ਦੇ ਗੋਡਿਆਂ ਉਪਰ। ਮਾਂ ਦਾ ਸੱਜਾ ਹੱਥ ਉਸਦੇ ਸਿਰ ਹੇਠ, ਯਸੂ ਦੀਆਂ ਲੱਤਾਂ ਮਾਂ ਦੇ ਖੱਬੇ ਗੋਡੇ ਉਪਰ ਦੀ ਹੇਠਾਂ ਲਟਕਦੀਆਂ, ਮਸੀਹੇ ਦਾ ਸਿਰ ਰਤਾ ਕੁ ਪਿੱਛੇ ਵੱਲ ਢਲਕਿਆ ਹੋਇਆ, ਮਾਂ ਦਾ ਸਿਰ ਹੇਠਾਂ ਵੱਲ ਨੂੰ।

ਪਾਦਰੀ ਨੂੰ ਖ਼ਬਰ ਕਰ ਦਿੱਤੀ। ਪੱਥਰ ਕੱਟਣ ਵਾਲੇ ਅੱਠ ਮਜ਼ਦੂਰ ਬੁਲਾ ਲਏ। ਮਕਾਨ ਵਿਚ ਜਿੰਨੇ ਕੱਪੜੇ, ਕੰਬਲ ਸਨ ਉਹ ਆਲੇ-ਦੁਆਲੇ ਲਪੇਟ ਦਿੱਤੇ। ਰੇਹੜਾ ਲਿਆਂਦਾ।

ਬਹੁਤ ਸਾਵਧਾਨੀ ਨਾਲ ਬੁੱਤ ਲੱਦਿਆ, ਸਹਿਜੇ ਸਹਿਜੇ ਚਰਚ ਵੱਲ ਤੁਰ ਪਏ। ਹਫ਼ਦੇ, ਰੁਕਦੇ, ਸਾਹ ਲੈ ਕੇ ਫਿਰ ਤੁਰ ਪੈਂਦੇ। ਇਥੋਂ ਤੱਕ ਤਾਂ ਠੀਕ ਸੀ, ਹੁਣ ਮਾਰਬਲ ਦੀਆਂ ਪੈਂਤੀ ਪੌੜੀਆਂ ਉਪਰ ਚੜ੍ਹਨਾ ਪਵੇਗਾ, ਤਾਂ ਕੀ ? ਉਸਤਾਦ, ਚੇਲਾ, ਇਕ ਦੋ ਹੋਰ ਆਪੇ ਮੱਦਦ ਲਈ ਆ ਗਏ। ਟਿਕਾਣੇ 'ਤੇ ਪੁੱਜ ਕੇ ਸਭ ਨੇ ਅੱਖਾਂ ਤੋਂ ਪਸੀਨਾ ਪੂੰਝਿਆ। ਮਾਈਕਲ ਨੇ ਮਜ਼ਦੂਰੀ ਦੇਣ ਵਾਸਤੇ ਪੈਸੇ ਕੱਢੇ, ਕਿਸੇ ਨੇ ਕੋਈ ਪੈਸਾ ਨਾ ਲਿਆ, ਹਰੇਕ ਨੇ ਛਾਤੀ 'ਤੇ ਹੱਥ ਰੱਖਿਆ, ਝੁਕਿਆ ਅਤੇ ਚਲਾ ਗਿਆ। ਬਾਕੀ ਸਭ ਚਲੇ ਗਏ, ਮਾਈਕਲ ਬੈਠਾ ਆਪਣੀ ਸਿਰਜਣਾ ਦੇਖਦਾ ਰਿਹਾ। ਸ਼ਾਮ ਇਕ ਅਮੀਰ ਜੋੜਾ ਆਇਆ, ਬੁੱਤ ਦੇਖਿਆ, ਪ੍ਰਸੰਸਾ ਕੀਤੀ, ਔਰਤ ਨੇ ਕਿਹਾ - ਓਸਟੀਨੋ ਦਾ ਬਣਾਇਆ ਹੋਇਐ ਲੱਗਦੈ। ਬਹੁਤ ਵਧੀਆ। ਮਰਦ ਨੇ ਕਿਹਾ - ਨਹੀਂ ਮਿਲਾਨ ਦਾ ਉਸਤਾਦ ਕਰਿਸਟੋਫੋਰੋ, ਉਸ ਵਰਗਾ ਕੋਈ ਨਹੀਂ। ਉਸਦੇ ਹੱਥਾਂ ਵਿੱਚੋਂ ਲੰਘਿਆ ਹੈ ਪੱਥਰ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮਾਈਕਲ ਆਪਣੀ ਵਰਕਸ਼ਾਪ ਵਿੱਚੋਂ ਸਭ ਤੋਂ ਨਿੱਕੀ ਛੈਣੀ ਤੇ ਨਿੱਕੀ ਹਥੌੜੀ ਲੈ ਕੇ ਆਇਆ। ਮੇਰੀ ਦੇ ਦੁਪੱਟੇ ਦੇ ਪੱਲੇ ਉਪਰ ਨਿੱਕੇ ਨਿੱਕੇ ਅੱਖਰਾਂ ਵਿਚ ਲਿਖਿਆ - ਫਲੋਰੈਂਸ ਦੇ ਮਾਈਕਲ ਏਂਜਲੋ ਬੂਨਾਰੋਟੀ ਕ੍ਰਿਤ।

ਰੋਮ ਦੀ ਡਿਊਟੀ ਖ਼ਤਮ ਕਰ ਕੇ ਦੋਵੇਂ ਫਲੋਰੈਂਸ ਵਾਪਸ ਪਰਤ ਆਏ। ਪੰਜ ਸਾਲ ਦੌਰਾਨ ਸ਼ਹਿਰ ਦੇ ਨੈਣ ਨਕਸ਼ ਬਦਲ ਗਏ ਸਨ। ਉੱਜੜੇ ਕਲਾਕਾਰ ਫਿਰ ਇਧਰ ਆਉਣ ਲੱਗੇ। ਪੁਜਾਰੀਆਂ ਨੇ ਜਿਹੜਾ ਨੁਕਸਾਨ ਕੀਤਾ ਸੀ, ਬੁੱਤ ਤੋੜੇ ਸਨ, ਪੇਂਟਿੰਗਜ਼ ਸਾੜੀਆਂ ਸਨ, ਉਹ ਘਾਟਾ ਪੂਰਾ ਕਰਨਾ ਪਵੇਗਾ।

ਖ਼ਬਰ ਮਿਲੀ ਕਿ ਸਤਾਰਾਂ ਫ਼ੁੱਟ ਉੱਚਾ ਮਾਰਬਲ ਬਲਾਕ ਸਰਕਾਰ ਨੇ ਸ਼ਾਨਦਾਰ ਬੁੱਤ ਤਰਾਸ਼ਣ ਹਿਤ ਰੱਖਿਆ ਹੋਇਆ ਹੈ। ਪਿਛਲੇ ਸਮਿਆਂ ਵਿਚ ਲਿਉਨਾਰਦੋ ਦ ਵਿੰਸੀ ਨੂੰ ਕਿਹਾ ਗਿਆ ਸੀ ਤ੍ਰਾਸ਼, ਉਸਨੇ ਕਿਹਾ - ਮੈਂ ਪੇਂਟਿੰਗ ਕਰਾਂਗਾ। ਪੱਥਰ ਘੜਨਾ ਮਜ਼ਦੂਰਾਂ ਦਾ ਕੰਮ ਹੈ, ਮੈਂ ਕਲਾਕਾਰ ਹਾਂ। ਮਾਈਕਲ ਇਹ ਗੱਲ ਸੁਣ ਕੇ ਹੱਸ ਪਿਆ, ਕਿਹਾ - ਵਿੰਸੀ ਵੱਡਾ ਆਰਟਿਸਟ ਹੈ, ਉਸਦੇ ਮੁਕਾਬਲੇ ਮੈਂ ਮਜ਼ਦੂਰ ਹੀ ਹਾਂ, ਸੋ ਕਰਾਂਗਾ ਇਹ ਕੰਮ। ਗਵਰਨਰ ਸੋਦਰੀਨੀ ਦੇ ਦਫ਼ਤਰ ਵਿਚ ਗਿਆ, ਵੱਡੇ ਕਮਰੇ ਵਿਚ ਉੱਚੀ ਕੁਰਸੀ 'ਤੇ ਬੈਠਾ ਸੀ।

- ਕਿਵੇਂ ਹੋ ਕਲਾਕਾਰ ਮਾਈਕਲਏਂਜਲੋ ?

- ਠੀਕ ਹਾਂ ਜੀ। ਕੰਮ ਆਇਆਂ।

- ਦੱਸੋ, ਸੁਣਨ ਵਾਸਤੇ ਹੀ ਬੈਠਾ ਹਾਂ।

- ਤੁਹਾਡੇ ਮੋਢੇ ਮਜ਼ਬੂਤ ਹਨ ਸੋਦਰੀਨੀ, ਤਕੜਾ ਭਾਰ ਚੁੱਕ ਸਕਦੇ ਹਨ। ਜੇ ਮੈਨੂੰ ਮਾਰਬਲ ਦਾ ਵੱਡਾ ਪੱਥਰ ਅਲਾਟ ਕਰ ਦਿਉ ਤਾਂ ਸ਼ਾਨਦਾਰ ਡੇਵਿਡ ਘੜਾਂਗਾ, ਐਨ ਉਹੀ ਜਿਹੜਾ ਪੁਰਾਣੀ ਇੰਜੀਲ ਵਿਚ ਹੈ।

- ਪਿਆਰੇ ਕਲਾਕਾਰ, ਕੈਸਰ ਬੋਰਗੀਆ ਨੇ ਫਲੋਰੈਂਸ ਉਪਰ ਹੱਲਾ ਕਰਨ ਦਾ ਸੁਨੇਹਾ ਭੇਜਿਆ। ਛੱਤੀ ਹਜ਼ਾਰ ਮੁਹਰਾਂ ਦੇ ਕੇ ਉਸਨੂੰ ਅਜਿਹਾ ਨਾ ਕਰਨ ਲਈ ਮਨਾਇਆ ਹੈ।

- ਬਲੈਕਮੇਲ, ਸਾਫ਼ ਬਲੈਕਮੇਲ, ਮਾਈਕਲ ਨੇ ਕਿਹਾ।

- ਹਾਂ ਬਲੈਕਮੇਲ ਹੈ। ਕਰੀਏ ਕੀ ? ਜਿਹੜਾ ਹੱਥ ਕੁਹਾੜੀ ਨਾਲ ਵੱਢ ਕੇ ਸੁੱਟਣ ਨੂੰ ਦਿਲ ਕਰਦਾ ਹੋਵੇ, ਉਹ ਹੱਥ ਚੁੰਮਣਾ ਪੈ ਜਾਂਦੈ। ਕਰਨਾ ਹੁੰਦੈ ਇਹ ਸਭ। ਕਦੀ ਪੁਜਾਰੀ ਕਦੀ ਹਕੂਮਤਾਂ, ਫਲੋਰੈਂਸ ਨੂੰ ਲੁੱਟਦੀਆਂ ਉਜਾੜਦੀਆਂ ਆਈਆਂ ਹਨ। ਤਾਂ ਵੀ ਬਚਣਾ

ਬਚਾਣਾ ਤਾਂ ਪਵੇਗਾ। ਅਜੇ ਮੈਂ ਤਾਜ਼ਾ ਤਾਜ਼ਾ ਬਲੈਕਮੇਲ ਹੋ ਕੇ ਹਟਿਆ ਹਾਂ। ਸੋਚਣ ਵਾਸਤੇ ਥੋੜ੍ਹਾ ਸਮਾਂ ਦੇ ਦਿਉ। ਕਰਾਂਗਾ ਕੁਝ। ਫਲੋਰੈਂਸ ਦੇ ਵਸਨੀਕ ਜਿਊਂਦੇ ਕਿਵੇਂ ਰਹਿ ਸਕਦੇ ਨੇ, ਵਿਉਂਤਾਂ ਬਣਾ ਰਿਹਾਂ।

ਪਰ ਮਾਈਕਲ ਅੱਗੇ ਕੇਵਲ ਸਤਾਰਾਂ ਫ਼ੁਟ ਉੱਚਾ ਮਾਰਬਲ ਸੀ ਜਿਸ ਵਿੱਚੋਂ ਦਾਊਦ ਘੜਨਾ ਸੀ। ਉਸਨੇ ਬਾਈਬਲ ਪੜ੍ਹੀ। ਕਿੰਗਜ਼ ਅਧਿਆਇ ਵਿਚ ਸੌਲ (Saul), ਦਾਊਦ ਨੂੰ ਪੁੱਛਦਾ ਹੈ, ਮੁਸੀਬਤ ਪੈਣ ਵਕਤ ਤੂੰ ਕੀ ਕਰਦਾ ਹੁੰਨੈਂ ? ਦਾਊਦ ਆਖਦਾ ਹੈ - ਮੈਂ ਆਪਣੇ ਪਿਤਾ ਦੇ ਪਸ਼ੂ ਚਾਰਦਾ ਹੁੰਦਾ, ਕਦੀ ਕੋਈ ਸ਼ੇਰ ਜਾਂ ਰਿੱਛ ਆ ਕੇ ਭੇਡ ਨੂੰ ਚੁੱਕ ਕੇ ਦੌੜਦਾ ਤਾਂ ਮੈਂ ਪਿੱਛਾ ਕਰਦਾ, ਜੰਗਲ ਵਿਚ ਦੂਰ ਤੱਕ ਪਿੱਛਾ, ਜਦੋਂ ਤੱਕ ਉਸਦੇ ਜਬਾੜ੍ਹਿਆਂ ਵਿੱਚੋਂ ਮੈਂ ਆਪਣਾ ਜਾਨਵਰ ਵਾਪਸ ਨਾ ਖਿੱਚ ਲਿਆਉਂਦਾ, ਉਦੋਂ ਤੱਕ ਲੜਦਾ, ਸ਼ੇਰ ਹੋਏ ਜਾਂ ਰਿੱਛ, ਮੈਂ ਵਾਢ ਪਾ ਦਿੰਦਾ।

- ਬਾਈਬਲ ਵਿਚ ਏਨਾ ਦਲੇਰ ਹੈ ਤਾਂ ਚਿੱਤਰਕਾਰਾਂ ਅਤੇ ਬੁੱਤ ਤ੍ਰਾਸ਼ਾਂ ਨੇ ਉਸਨੂੰ ਨਾਜ਼ੁਕ ਕਿਉਂ ਦਿਖਾਇਆ ਹੈ ? ਮਾਈਕਲਏਂਜਲੋ ਦਾ ਦਾਊਦ ਬਲਵਾਨ ਅਤੇ ਫੁਰਤੀਲਾ ਹੋਵੇਗਾ।

ਪਤਾ ਲੱਗਾ ਕੰਟੈਸਿਨਾ ਅਤੇ ਉਸਦੇ ਪਤੀ ਨੇ ਕਿਸੇ ਕਿਸਾਨ ਦੇ ਘਰ ਸ਼ਰਣ ਲਈ ਹੋਈ ਹੈ। ਦੱਸੇ ਪਤੇ 'ਤੇ ਮਿਲਣ ਚਲਾ ਗਿਆ। ਵੱਡਾ ਬੱਚਾ ਖੇਡ ਰਿਹਾ ਸੀ, ਛੋਟਾ ਛੇ ਕੁ ਮਹੀਨਿਆਂ ਦਾ ਗੋਦ ਵਿਚ ਸੀ। ਪਿਆਰ ਸਹਿਤ ਮਿਲੇ, ਵੱਡੇ ਵੱਲ ਇਸ਼ਾਰਾ ਕਰਦਿਆਂ ਕਿਹਾ

- ਛੇ ਕੁ ਸਾਲ ਦਾ ਹੋ ਗਿਆ ਹੋਣੈ ?

- ਹਾਂ ਮਾਈਕਲ, ਛੇ ਸਾਲ ਦਾ।

- ਮੈਂ ਇਸ ਦਾ ਅਧਿਆਪਕ ਹੋਵਾਂਗਾ, ਇਸ ਨੂੰ ਮਾਰਬਲ ਤ੍ਰਾਸ਼ਣੀ ਸਿਖਾਵਾਂਗਾ। ਕੰਟੈਸਿਨਾ ਦਾ ਪਤੀ ਰਿਡੋਲਫੀ ਬੋਲਿਆ - ਬੁਰੇ ਦਿਨਾਂ ਵਿੱਚੋਂ ਲੰਘ ਰਹੇ ਹਾਂ, ਤੂੰ ਖ਼ਬਰਸਾਰ ਲੈਣ ਆ ਗਿਆ ਸ਼ੁਕਰਾਨਾ ਮਾਈਕਲ। ਮਾਈਕਲ ਨੇ ਮਾਰਬਲ ਦੇ ਨਿੱਕੇ ਨਿੱਕੇ ਖਿਡੌਣੇ ਬੱਚੇ ਨੂੰ ਦਿੱਤੇ, ਕਿਹਾ - ਤੇਰੇ ਨਾਨਾ ਦੇ ਬਾਗ਼ ਵਿਚ ਜਿਵੇਂ ਉਸਤਾਦ ਬਰਟੋਲਡੋ ਮੈਨੂੰ ਸਿਖਾਇਆ ਕਰਦਾ ਸੀ ਮੈਂ ਤੈਨੂੰ ਪੱਥਰ ਤ੍ਰਾਸ਼ਣੇ ਸਿਖਾਵਾਂਗਾ।

ਲਿਓਨਾਰਦੋ ਦ ਵਿੰਸੀ ਸ਼ਾਨਦਾਰ ਲਿਬਾਸ ਵਿਚ ਪੂਰੀ ਆਕੜ ਨਾਲ ਤੁਰਦਾ ਤੇ ਗੱਲ ਕਰਦਾ। ਸ਼ਾਇਦ ਉਸ ਅੰਦਰਲਾ ਕੰਪਲੈਕਸ ਕਿ ਉਹ ਸਰਾਂ ਮਾਲਕ ਦੀ ਧੀ ਦੀ ਨਾਜਾਇਜ਼ ਔਲਾਦ ਹੈ, ਅਜਿਹਾ ਕੁਝ ਕਰਵਾਉਂਦਾ ਹੋਵੇ। ਪਰ ਇਹ ਸਾਰੇ ਮੰਨਦੇ ਸਨ ਕਿ ਗਣਿਤ ਸ਼ਾਸਤਰ, ਮਕੈਨਿਕਸ ਅਤੇ ਪੇਂਟਿੰਗ ਦਾ ਉਹ ਉਸਤਾਦ ਸੀ। ਬੁੱਤਤ੍ਰਾਸ਼ਾਂ ਬਾਬਤ ਉਸਦਾ ਨਜ਼ਰੀਆ ਮਾੜਾ ਸੀ, ਮਾਈਕਲ ਲਈ ਚੁੱਭਵਾਂ। ਮਾਈਕਲਏਂਜਲੋ ਨੇ ਕਿਹਾ - ਉਸਦੀਆਂ ਟਿੱਪਣੀਆਂ ਦਾ ਜ਼ਬਾਨੀ ਜਵਾਬ ਕੀ ਦੇਣਾ, ਮੇਰਾ ਕੰਮ ਜਵਾਬ ਦਏਗਾ। ਲੀਓਨਾਰਦੋ ਨੇ ਕਿਹਾ ਸੀ - ਜਿਹੜਾ ਮਾਰਬਲ ਮਾਈਕਲ ਨੇ ਲਿਆ ਹੈ ਮੈਨੂੰ ਮਿਲ ਸਕਦਾ ਸੀ। ਮੈਂ ਮਜ਼ਦੂਰਾਂ ਵਰਗਾ ਕੰਮ ਕਰਨਾ ਈ ਨੀ। ਇਹ ਟਿੱਪਣੀ ਇਕੱਲੇ ਮਾਈਕਲ ਵਾਸਤੇ ਨਹੀਂ, ਸਾਰੇ ਬੁੱਤਤ੍ਰਾਸ਼ਾਂ ਵਾਸਤੇ ਅਪਮਾਨਜਨਕ ਸੀ। ਹਜ਼ਾਰ ਕਿਲੋ ਭਾਰ ਦੀ ਸਲੈਬ ਬਾਗ਼ ਵਿਚ ਪੁਚਾਈ ਗਈ। ਪਹਿਲਾਂ ਉਸਨੇ 16 ਇੰਚ ਮਿੱਟੀ ਦਾ ਦਾਊਦ ਬਣਾਇਆ, ਨੈਣ ਨਕਸ਼ ਸਹੀ ਕੀਤੇ, ਇਸ ਨਿੱਕੇ ਮਾਡਲ ਦੇ ਆਧਾਰ 'ਤੇ ਵੱਡੇ ਦੀ ਸੂਰਤ ਬਣੇਗੀ।

ਕੰਟੈਸਿਨਾ ਨੂੰ ਸ਼ਹਿਰ ਅੰਦਰ ਆਉਣ ਦੀ ਆਗਿਆ ਨਹੀਂ ਸੀ, ਉਹ ਹੱਦ ਦੇ ਬਾਹਰ

ਰਹਿਣ ਲੱਗ ਪਈ ਜਿਥੇ ਮਾਈਕਲ ਉਸ ਦੇ ਬੇਟੇ ਨੂੰ ਨਿੱਕੇ ਨਿੱਕੇ ਸੰਦ ਦੇ ਕੇ ਸਿਖਾਉਣ ਲੱਗਾ। ਹਫ਼ਤੇ ਦਸ ਦਿਨਾਂ ਬਾਦ ਚੱਕਰ ਲਾ ਆਉਂਦਾ। ਕਿਹਾ - ਇਹ ਮੁੰਡਾ ਤਿੱਖਾ ਨਿਕਲੇਗਾ ਕੰਟੈਸਿਨਾ। ਕੰਟੈਸਿਨਾ ਬੋਲੀ - ਤੈਨੂੰ ਵੀ ਰੱਬ ਇਹੋ ਜਿਹਾ ਹੀ ਪੁੱਤਰ ਦੇਵੇ। ਹੱਸ ਪਿਆ - ਮੇਰੇ ਵਰਗਿਆਂ ਕੋਲ ਘਰ ਵਸਾਉਣ ਦੀ ਨਾ ਅਕਲ ਨਾ ਫੁਰਸਤ, ਕੋਰਾ ਸੰਨਿਆਸ। ਦਾਊਦ ਮੇਰੀ ਸੰਤਾਨ ਹੋਵੇਗਾ। ਲੰਮੀ ਉਮਰ ਵਾਲੀ ਸੰਤਾਨ।

ਕੰਮ ਕਰਦੇ ਕੋਲ ਗਿਲੀਨੋ ਆ ਗਿਆ - ਮੇਰੇ ਲਾਇਕ ਕੋਈ ਸੇਵਾ ਮਾਈਕਲ? ਮਾਈਕਲ ਨੇ ਕਿਹਾ - ਹਾਂ ਯਾਰ ਇਕ ਕੰਮ ਤੇਰੇ ਕਰਨ ਵਾਲਾ ਹੈ। ਦੋ ਹਜ਼ਾਰ ਪੌਂਡ ਭਾਰ ਦੇ ਮਾਰਬਲ ਹੇਠ ਘੁੰਮਣ ਵਾਲਾ ਸਟੈਂਡ ਬਣਾ। ਰੌਸ਼ਨੀ ਵਾਸਤੇ ਮੈਨੂੰ ਘੁਮਾਣਾ ਪਏਗਾ ਇਹ। ਲੱਕੜ ਦੀ ਹਲਕੀ ਉੱਚੀ ਘੋੜੀ ਚਾਹੀਦੀ ਹੈ, ਪੰਦਰਾਂ ਫ਼ੁੱਟੀ। ਮਾਈਕਲ ਅਤੇ ਉਸਦਾ ਚੇਲਾ ਅਰਜੀਂਟੋ ਕੰਮ ਵਿਚ ਜੁਟ ਗਏ।

ਗਵਰਨਰ ਸੌਦਰਨੀ ਆਇਆ, ਲੱਗਾ ਕਿ ਸੁਹਣਾ ਬਣ ਰਿਹੈ, ਚਾਰ ਸੌ ਮੁਹਰਾਂ ਦੇ ਗਿਆ। ਮਾਈਕਲ ਨੇ ਹੱਸ ਕੇ ਕਿਹਾ - ਉਸ ਦਿਨ ਮੈਂ ਤੁਹਾਡੇ ਕੋਲ ਪੈਸਿਆਂ ਦੀ ਗੱਲ ਵੀ ਕਰਨੀ ਸੀ ਪਰ ਜਦੋਂ ਦਾ ਇਹ ਕੰਮ ਕਰਨ ਲੱਗਾ ਹਾਂ, ਭੁੱਲ ਗਿਆਂ ਕਿ ਪੈਸੇ ਵੀ ਚਾਹੀਦੇ ਨੇ। ਮੈਨੂੰ ਫੇਰ ਯਾਦ ਨਹੀਂ ਰਹਿਣਾ, ਤੁਸੀਂ ਆਪੇ ਯਾਦ ਰੱਖਿਓ, ਆਪੇ ਦੇ ਜਾਇਆ ਕਰੋ।

ਗਵਰਨਰ ਤੋਂ ਖ਼ਬਰ ਮਿਲੀ ਕਿ ਲਿਓਨਾਰਦੋ, ਕੈਸਰ ਬੋਰਗੀਆ ਕੋਲ ਚਲਾ ਗਿਆ ਹੈ ਤੇ ਫਲੋਰਿਨਾ 'ਤੇ ਹਮਲਾ ਕਰਨ ਲਈ ਉਕਸਾ ਰਿਹੈ। ਸੁਣ ਕੇ ਮਾਈਕਲ ਨੇ ਕਿਹਾ - ਹਰਾਮੀ ਹੀ ਨਿਕਲਿਆ ਆਖ਼ਰ। ਤਾਂ ਹੀ ਤਾਂ ਧਨਵਾਨ ਹੈ। ਗ਼ੱਦਾਰ ਅਤੇ ਦਲਾਲ ਐਸ਼ ਕਰਨਗੇ।

ਪੁਰਾਣਾ ਦੋਸਤ ਡੋਨੀ ਮਿਲਣ ਆਇਆ, ਦੱਸਿਆ ਕਾਰੋਬਾਰ ਠੀਕ ਚੱਲ ਨਿਕਲਿਆ ਹੈ। ਉਸਨੇ ਪੇਂਟਿੰਗ *ਹੋਲੀ ਫੈਮਿਲੀ* ਬਣਾਉਣ ਲਈ ਕਿਹਾ। ਮਾਈਕਲ ਨੇ ਕਿਹਾ - ਤੈਨੂੰ ਨਹੀਂ ਪਤਾ, ਵਰ੍ਹਿਆਂ ਤੋਂ ਮੈਂ ਬਰੱਸ਼ ਨੂੰ ਹੱਥ ਨਹੀਂ ਲਾਇਆ।

- ਤੂੰ ਜਦੋਂ ਹੱਥ ਲਾਏਂਗਾ, ਬਰੱਸ਼ ਅਤੇ ਰੰਗ ਤੇਰੇ ਗ਼ੁਲਾਮ ਹੋ ਜਾਣਗੇ। ਤੀਹ ਮੁਹਰਾਂ ਦਿਆਂਗਾ।

ਮਾਈਕਲ ਨੇ ਕਿਹਾ - ਚਲੋ ਠੀਕ ਐ, ਮਾਰਬਲ ਦਾ ਥਕੇਵਾਂ ਉਤਾਰਨ ਵਾਸਤੇ ਪੇਂਟ ਕਰ ਲਵਾਂਗਾ ਪਰ ਸੌ ਮੁਹਰਾਂ ਤੋਂ ਘੱਟ ਨਹੀਂ। ਸੱਤਰ 'ਤੇ ਸੌਦਾ ਹੋ ਗਿਆ।

ਪੇਂਟਿੰਗ ਤਿਆਰ ਹੋ ਗਈ, ਜੁਆਨ ਕੁੜੀ, ਗੋਦ ਵਿਚ ਬੱਚਾ, ਸੱਸ ਸਹੁਰਾ, ਸਮੁੰਦਰ ਦਾ ਕਿਨਾਰਾ, ਚਾਰ ਨੰਗੇ ਬੱਚੇ। ਡੋਨੀ ਦੇਖ ਕੇ ਚਿੱਲਾਇਆ

- ਇਹ ਕੀ ਬਣਾਇਐ? ਇਹ ਮੁੰਡੇ ਨੰਗੇ ਕਿਉਂ ਬਣਾਏ ਨੇ?

- ਸਮੁੰਦਰ 'ਚੋਂ ਨਹਾ ਕੇ ਨਿਕਲੇ ਨੇ।

- ਮੈਂ ਇਹ ਕੰਜਰਖ਼ਾਨਾ ਨਹੀਂ ਖ਼ਰੀਦਣਾ।

- ਤੂੰ ਇਕਰਾਰ ਤੋੜ ਈ ਨੀ ਸਕਦਾ।

- ਚੰਗਾ ਫੇਰ, ਪੈਂਤੀ ਮੁਹਰਾਂ ਦਿਆਂਗਾ। ਇਹ ਮੇਰੀ ਪਸੰਦ ਦੀ ਹੈ ਈ ਨੀ।

- ਇਸ ਦਾ ਮਤਲਬ ਤੂੰ ਵਾਅਦਾ ਤੋੜ ਦਿੱਤਾ? ਠੀਕ ਹੈ। ਮੈਂ ਵੀ ਆਪਣਾ ਵਾਅਦਾ ਤੋੜਿਆ। ਇਸ ਦੀ ਕੀਮਤ ਸੱਤਰ ਨਹੀਂ, ਹੁਣ ਇਕ ਸੌ ਚਾਲੀ ਹੈ। ਇਹ ਤਕਰਾਰ ਚੱਲ ਰਿਹਾ ਸੀ ਕਿ ਕੰਟੈਸਿਨਾ ਦਾ ਖ਼ਤ ਮਿਲਿਆ, ਲਿਖਿਆ ਸੀ - ਪਤਾ ਲੱਗਾ ਹੈ *ਹੋਲੀ ਫੈਮਿਲੀ* ਪੇਂਟ ਕੀਤੀ ਹੈ। ਇਹ ਮੈਂ ਲੈਣੀ ਹੈ। ਕਿਸੇ ਹੋਰ ਨੂੰ ਨਹੀਂ ਦੇਣੀ।

- ਆਹ ਚਿੱਠੀ ਪੜ੍ਹ ਡੋਨੀ, ਤੇ ਦਫ਼ਾ ਹੋ ਜਾਹ। ਡੋਨੀ ਨੇ ਚਿੱਠੀ ਪੜ੍ਹਨ ਸਾਰ ਇਕ ਸੌ ਚਾਲ੍ਹੀ ਮੁਹਰਾਂ ਸੁੱਟ ਦਿੱਤੀਆਂ ਤੇ ਪੇਂਟਿੰਗ ਚੁੱਕ ਕੇ ਭੱਜ ਗਿਆ, ਕਹਿੰਦਾ ਜਾ ਰਿਹਾ ਸੀ - ਲੋਕ ਕਹਿੰਦੇ ਨੇ ਕਲਾਕਾਰ ਬੇਅਕਲ ਹੁੰਦੇ ਨੇ। ਮੈਨੂੰ, ਕਾਮਯਾਬ ਵਪਾਰੀ ਨੂੰ ਠੱਗ ਲਿਆ ਇਸ ਬਦਮਾਸ਼ ਨੇ। ਮਾਈਕਲ ਨੇ ਸੁਰਖ਼ਰੂ ਹੋ ਕੇ ਕਿਹਾ - ਕੰਟੈਸਿਨਾ ਵਾਸਤੇ ਹੋਰ ਬਣਾ ਦਿਆਂਗੇ।

ਆਖ਼ਰ ਦਾਊਦ ਮੁਕੰਮਲ ਹੋ ਗਿਆ। ਲੱਕੜ ਦੇ ਫ਼ਰੇਮ ਵਿਚ ਰੱਸਿਆਂ ਨਾਲ ਨੂੜਿਆ ਤਾਂ ਕਿ ਕਿਸੇ ਪਾਸੇ ਸੱਟ ਨਾ ਵੱਜ ਜਾਏ। ਇਕ ਮੀਲ ਦੀ ਦੂਰੀ 'ਤੇ ਲਿਜਾਣ ਵਾਸਤੇ ਪੂਰੇ ਚਾਰ ਦਿਨ ਲੱਗੇ। ਸਾਰਾ ਸ਼ਹਿਰ ਜੋਸ਼ ਨਾਲ ਦੇਖਦਾ ਰਿਹਾ। ਪੰਜਵੀਂ ਸਵੇਰ ਮਾਈਕਲ ਬੁੱਤ ਕੋਲ ਗਿਆ, ਫ਼ਰੇਮ ਉਪਰ ਸੈਂਕੜੇ ਕਾਗ਼ਜ਼ ਲਟਕਦੇ ਦੇਖੇ, ਪੜ੍ਹੇ - ਤੂੰ ਸਾਨੂੰ ਸਾਡਾ ਸਨਮਾਨ ਦੇ ਦਿੱਤਾ ਮਾਈਕਲਏਂਜਲੋ। ਫਲੋਰੈਂਸ ਨੂੰ ਤੇਰੇ ਉੱਤੇ ਮਾਣ ਹੈ ਮਾਈਕਲ। ਕੇਹਾ ਸ਼ਾਨਦਾਰ ਮਨੁੱਖ ਘੜਿਐ ਮਾਈਕਲ। ਆਦਿਕ ਆਦਿਕ।

ਇਕ ਲਿਖਤ ਜਾਣੀ-ਪਛਾਣੀ ਦੇਖੀ, ਲਿਖਿਆ ਸੀ - ਫਲੋਰੈਂਸ ਵਾਸਤੇ ਜਿਹੜਾ ਮੇਰੇ ਪਿਤਾ ਨੇ ਸੁਫ਼ਨਾ ਲਿਆ ਸੀ, ਉਹ ਪੂਰਾ ਹੋ ਗਿਆ ਮਾਈਕਲ ਏਂਜਲੋ - ਕੰਟੈਸਿਨਾ। ਹਜ਼ਾਰਾਂ ਅੱਖਾਂ ਦੇ ਕੇਂਦਰ ਦੋ ਸਨ, ਦਾਊਦ ਅਤੇ ਮਾਈਕਲ। ਸਟੇਟ ਵਲੋਂ ਐਲਾਨ ਕੀਤਾ ਗਿਆ ਕਿ ਮਾਈਕਲ ਦੇ ਰਹਿਣ ਵਾਸਤੇ ਮਕਾਨ ਤਿਆਰ ਕੀਤਾ ਜਾਏਗਾ। ਧੜਾ-ਧੜ ਕੰਮ ਦੇ ਆਰਡਰ ਮਿਲਣ ਲੱਗੇ।

ਘਰ ਤਿਆਰ ਹੋ ਗਿਆ। ਸੁਖੀ ਵੱਸਣ ਦੀ ਅਸੀਸ ਦੇਣ ਵਾਸਤੇ ਪਾਦਰੀ ਆਇਆ। ਮਰੀਅਮ ਦੀ ਤਸਵੀਰ ਸਾਹਮਣੇ ਗੋਡੇ ਟੇਕੇ, ਫਿਰ ਖੜਾ ਹੋਇਆ, ਦੋਵੇਂ ਹੱਥ ਮਾਈਕਲ ਦੇ ਮੋਢਿਆਂ 'ਤੇ ਰੱਖ ਕੇ ਕਿਹਾ - ਜਿਸ ਬੰਦੇ ਦਾ ਦਿਲ ਮਾਸੂਮ ਨਹੀਂ, ਪਵਿੱਤਰ ਨਹੀਂ, ਉਹ ਇਹੋ ਜਿਹੀ ਮਰੀਅਮ ਬਣਾ ਈ ਨੀ ਸਕਦਾ। ਇਹ ਤੇਰਾ ਦਿਲ ਹੈ ਕੰਧ ਉਪਰ ਮਾਈਕਲ ਏਂਜਲੋ। ਅਸੀਸਾਂ ਦੇ ਕੇ ਚਲਾ ਗਿਆ।

ਪਹਿਲਾਂ ਖ਼ਬਰ ਸੁਣੀ ਕਿ ਲਿਓਨਾਰਦੋ ਨੂੰ ਫਲੋਰੈਂਸ ਦੇ ਚਰਚ ਦੀ ਅੱਧੀ ਕੰਧ ਉਪਰ ਬਾਈਬਲ ਵਿਚਲੇ ਇਕ ਪੁਰਾਤਨ ਯੁੱਧ ਦੀ ਪੇਂਟਿੰਗ ਕਰਨ ਲਈ ਦਸ ਹਜ਼ਾਰ ਮੁਹਰਾਂ ਦਿੱਤੀਆਂ ਗਈਆਂ ਹਨ। ਫਿਰ ਖ਼ਬਰ ਸੁਣੀ ਕਿ ਪੇਂਟਿੰਗ ਦਰਸ਼ਕਾਂ ਲਈ ਖੋਲ੍ਹ ਦਿੱਤੀ ਹੈ, ਕਿ ਦੁਨੀਆਂ ਦੇਖ ਦੇਖ ਪਾਗਲ ਹੋ ਰਹੀ ਹੈ। ਮਾਈਕਲ ਦੇਖਣ ਵਾਸਤੇ ਚਲਾ ਗਿਆ... ਨਿਰਵਿਵਾਦ, ਦੁਨੀਆਂ ਦੀ ਸਭ ਤੋਂ ਸੋਹਣੀ ਪੇਂਟਿੰਗ, ਘਮਸਾਨ ਦਾ ਯੁੱਧ, ਜ਼ਖ਼ਮੀ ਘੋੜੇ...। ਉਸਦੇ ਦਿਲ ਵਿਚ ਦੁਖ ਅਤੇ ਈਰਖਾ ਦੋਵੇਂ ਜਾਗੇ...ਕੀ ਹੁਣ ਲਿਓਨਾਰਦੋ ਹੀਰੋ ਹੋਵੇਗਾ ? ਗਵਰਨਰ ਕੋਲ ਚਲਾ ਗਿਆ - ਸ੍ਰੀਮਾਨ ਉਸ ਕੰਧ ਦੇ ਸਾਹਮਣੇ ਵਾਲੀ ਕੰਧ ਦਾ ਅੱਧ ਮੈਨੂੰ ਦਿਓ। ਅੱਧੀ ਕੰਧ ਤੇ ਦਸ ਹਜ਼ਾਰ ਮੁਹਰਾਂ ਦਾ ਪ੍ਰਬੰਧ ਕਰੋ।

- ਪਰ ਤੂੰ ਆਪ ਆਖਦਾ ਹੁੰਦਾ ਸੈਂ ਮਾਈਕਲ ਕਿ ਤੇਰਾ ਹੱਥ ਪੇਂਟ ਲਈ ਨਹੀਂ, ਮਾਰਬਲ ਲਈ ਬਣਿਆ ਹੈ। ਹੁਣ ਤੈਨੂੰ ਕੀ ਹੋਇਐ ? ਬੱਚਿਆਂ ਵਾਂਗ ਜ਼ਿੱਦਾਂ ਨਹੀਂ ਕਰੀਦੀਆਂ, ਤੂੰ ਮਾਰਬਲ ਦਾ ਉਸਤਾਦ ਹੈਂ, ਲਿਓਨਾਰਦੋ ਬਰੱਸ਼ ਦਾ।

- ਨਹੀਂ, ਮੈਂ ਬਰਸ਼ ਦਾ ਵੀ ਓਡਾ ਹੀ ਉਸਤਾਦ ਹਾਂ ਜਿੱਡਾ ਮਾਰਬਲ ਦਾ। ਇਹ ਦੇਖਦਿਆਂ ਕਿ ਔਖੇ ਕੰਮ ਨੂੰ ਪਹਿਲ ਦੇਣੀ ਚਾਹੀਦੀ ਹੈ ਮੈਂ ਬੁਤ ਤ੍ਰਾਸ਼ੀ ਸ਼ੁਰੂ ਕੀਤੀ ਸੀ। ਇਸ ਦਾ ਅਰਥ ਇਹ ਨਹੀਂ ਕਿ ਮੈਂ ਪੇਂਟਰ ਨਹੀਂ। ਇਹੀ ਸਾਬਤ ਕਰਨਾ ਹੈ ਕਿ ਮੈਂ ਸਭ ਕੁਝ ਹਾਂ। ਚਲੋ ਇਹ ਸਮਝ ਲਓ ਕਿ ਮੁਕਾਬਲਾ ਹੋ ਗਿਆ।

- ਦੇਖ ਮਾਈਕਲ ਤੂੰ ਮਾਰਬਲ ਦਾ ਪਹਿਲਾਂ ਹੀ ਵਧੀਕ ਕੰਮ ਹੱਥ ਵਿਚ ਲੈ ਬੈਠਾਂ ਹੈਂ। ਤੇਰਾ ਦਿਮਾਗ਼ ਕਿਉਂ ਖ਼ਰਾਬ ਹੋ ਗਿਐ ਖ਼ਾਹਮਖ਼ਾਹ।

- ਦਿਮਾਗ਼ ਸਹੀ ਹੋ ਗਿਆ ਮੇਰਾ। ਮੈਂ ਪਹਿਲਾਂ ਸ਼ੁਰੂ ਕੀਤਾ ਹੋਇਆ ਕੰਮ ਮੁਕਾ ਕੇ ਪੇਂਟ ਕਰਾਂਗਾ। ਅੱਜ ਤਾਂ ਮੈਂ ਸਿਰਫ਼ ਆਪਣੀ ਅੱਧੀ ਕੰਧ ਰਿਜ਼ਰਵ ਕਰਵਾਉਣ ਵਾਸਤੇ ਆਇਆਂ।

- ਠੀਕ ਹੈ..ਠੀਕ ਹੈ...ਦੇਖਾਂਗੇ ਕੀ ਬਣਦੈ। ਮਾਈਕਲ ਬਜ਼ਾਰ ਚਲਾ ਗਿਆ, ਵੱਧ ਤੋਂ ਵੱਧ ਲੰਬੇ ਚੌੜੇ ਕਾਗ਼ਜ਼ ਦੀ ਜਿਹੜੀ ਸ਼ੀਟ ਮਿਲੀ, ਖ਼ਰੀਦੀ, ਰੰਗ ਤੇ ਬਰੱਸ਼ ਖ਼ਰੀਦੇ। ਸਾਰਾ ਸਾਮਾਨ ਚੁਕਵਾ ਕੇ ਗਵਰਨਰ ਦੇ ਘਰ ਲੈ ਗਿਆ। ਕੰਧ ਦੇ ਬਾਹਰਲੇ ਪਾਸੇ ਕਾਗ਼ਜ਼ ਚਿਪਕਾ ਕੇ ਪੇਂਟ ਕਰਨ ਲੱਗਾ। ਪੁਰਾਣੇ ਸਮੇਂ ਪੀਸਾ ਦੀ ਫ਼ੌਜ ਨੇ ਫਲੋਰੈਂਸ ਉਪਰ ਹੱਲਾ ਕਰ ਦਿੱਤਾ ਸੀ। ਮਾਰਨੋ ਦਰਿਆ ਵਿਚ ਸੈਨਿਕ ਨਹਾ ਰਹੇ ਸਨ, ਕੁਝ ਕਿਨਾਰਿਆਂ ’ਤੇ ਲੇਟੇ ਆਰਾਮ ਕਰ ਰਹੇ ਸਨ ਕਿ ਭੱਜ-ਦੌੜ ਮਚ ਗਈ। ਰੌਲਾ ਪੈ ਗਿਆ ਕਿ ਪੀਸਾ ਦੀ ਫ਼ੌਜ ਚੜ੍ਹ ਆਈ ਹੈ। ਬਹੁਤੇ ਫ਼ੌਜੀ ਕੱਪੜੇ ਵੀ ਨਹੀਂ ਪਹਿਨ ਸਕੇ। ਕੱਪੜਿਆਂ ਵੱਲ ਜਾਣ ਦੀ ਥਾਂ ਉਨ੍ਹਾਂ ਨੇ ਹਥਿਆਰ ਚੁੱਕੇ ਤੇ ਘੋੜਿਆਂ ’ਤੇ ਸਵਾਰ ਹੋ ਕੇ ਨੰਗੇ ਜਿਸਮਾਂ ਨਾਲ ਲੜੇ, ਪੀਸਾ ਨੂੰ ਹਾਰ ਹੋਈ। ਫਲੋਰੈਂਸ ਨੂੰ ਇਸ ਜਿੱਤ ਦਾ ਹਮੇਸ਼ਾ ਫ਼ਖ਼ਰ ਰਿਹਾ ਹੈ। ਮਾਈਕਲ ਨੇ ਪੇਂਟਿੰਗ ਮੁਕੰਮਲ ਕਰ ਦਿੱਤੀ। ਗਵਰਨਰ ਨੂੰ ਕਹਿਣ ਲੱਗਾ, ਮੇਰਾ ਰਫ਼ ਕੰਮ ਦੇਖੋ ਸ੍ਰੀਮਾਨ। ਗਵਰਨਰ ਆਇਆ - ਦੇਖਿਆ, ਦੰਗ ਰਹਿ ਗਿਆ - ਇਹ ਹੋਈ ਨਾ ਮੇਰੀ ਫਲੋਰੈਂਸ ਦੀ ਸ਼ਾਨ। ਗ਼ਜ਼ਬ। ਮੈਂ ਤੇਰੇ ਨਾਲ ਦਿਲ ਢਾਹੂ ਗੱਲਾਂ ਕੀਤੀਆਂ ਮਾਈਕਲ, ਖਿਮਾ ਕਰੀਂ। ਤੂੰ ਹਰ ਥਾਂ ਲਾ-ਮਿਸਾਲ ਹੈਂ। ਕੇਵਲ ਤਿੰਨ ਦਿਨਾਂ ਵਿਚ ਇਹ ਕੁਝ। ਕਿਸੇ ਤਰ੍ਹਾਂ ਵੀ ਦਾਊਦ ਤੋਂ ਘੱਟ ਕਲਾ ਨਹੀਂ। ਤੈਨੂੰ ਅੱਧੀ ਕੰਧ ਮਿਲ ਗਈ। ਖ਼ੁਸ਼ ਰਹੋ।

ਤਿੰਨ ਮਹੀਨਿਆਂ ਵਿਚ ਚਰਚ ਦੀ ਅੱਧੀ ਕੰਧ ਰੰਗ ਦਿੱਤੀ, ਕਿਹਾ ਮੈਨੂੰ ਕੇਵਲ ਤਿੰਨ ਹਜ਼ਾਰ ਦੇ ਦਿਓ, ਨਾਮ ਰੱਖਿਆ, *ਨਹਾਉਂਦੇ ਸਿਪਾਹੀ - ਪਹਿਲੋਂ ਪਾਣੀ ਵਿਚ ਨਹਾਏ ਫਿਰ ਖ਼ੂਨ ਵਿਚ*। ਵੰਗਾਰ, ਡਰ, ਆਤੰਕ, ਲਾਚਾਰਗੀ, ਮਰਦਾਨਗੀ, ਹੈਰਾਨੀ, ਤਬਾਹੀ, ਵਿਜੈ, ਸਾਰੇ ਦੇ ਸਾਰੇ ਜਜ਼ਬੇ ਮੁਕੰਮਲ। ਦੁਨੀਆਂ ਦੇਖਣ ਵਾਸਤੇ ਉਮਡ ਆਈ। ਮਾਈਕਲ ਨੇ ਕਿਹਾ - ਇਹ ਕੰਮ ਤਾਂ ਗ਼ੁੱਸੇ ਅਤੇ ਈਰਖਾ ਦੀ ਪੈਦਾਵਾਰ ਹੈ, ਲਿਓਨਾਰਦੋ ਦਾ ਵਿੰਸੀ ਦੇਖੇਗਾ ਮੇਰਾ ਬਰੱਸ਼ ਕਿਵੇਂ ਚੱਲਦਾ ਹੈ, ਅਜੇ ਵੀ ਮੈਂ ਜਾਣਦਾ ਹਾਂ ਬੁੱਤਤ੍ਰਾਸ਼ੀ ਤੋਂ ਭਗੌੜੇ ਕਲਾਕਾਰ ਬਰੱਸ਼ ਚੁੱਕਦੇ ਹਨ, ਪਰ ਜਦੋਂ ਜ਼ਮਾਨਾ ਇਹੋ ਮੰਗ ਕਰ ਰਿਹੈ ਫਿਰ ਕੀ ਕਰੀਏ। ਲੋਰੈਂਜ਼ੋ ਨੇ ਜਿਹੜਾ ਸਕੂਲ ਆਫ਼ ਆਰਟ ਸ਼ੁਰੂ ਕੀਤਾ ਸੀ, ਉਹ ਮੁੜ ਸੁਰਜੀਤ ਕਰ ਕੇ ਮਾਈਕਲ ਨੂੰ ਡਾਇਰੈਕਟਰ ਥਾਪ ਦਿੱਤਾ ਗਿਆ।

ਪੋਪ ਵਲੋਂ ਰੋਮ ਆਉਣ ਦਾ ਸੱਦਾ ਮਿਲਿਆ। ਪੱਤਰ ਲੈ ਕੇ ਗਵਰਨਰ ਕੋਲ ਚਲਾ ਗਿਆ, ਕਿਹਾ - ਮੈਂ ਨਹੀਂ ਜਾਣਾ ਉਥੇ। ਮੇਰੇ ਇਥੇ ਵਾਲੇ ਕੰਮ ਪੱਛੜ ਜਾਣਗੇ। ਗਵਰਨਰ ਨੇ ਕਿਹਾ - ਪੋਪ ਦਾ ਆਖਾ ਨਹੀਂ ਮੋੜ ਸਕਦੇ। ਫਲੋਰੈਂਸ ਸਿਆਸੀ ਤੌਰ ’ਤੇ ਮੁਸੀਬਤ ਵਿਚ ਪੈ ਜਾਏਗਾ। ਜਾਣਾ ਪਏਗਾ। ਇਥੋਂ ਵਾਲੇ ਠੇਕਿਆਂ ਦੀ ਮਿਆਦ ਵਧਾ ਦਿਆਂਗੇ। ਤੇਰੀ ਵਾਪਸੀ ਤੱਕ ਤੇਰਾ ਘਰ ਮੁਕੰਮਲ ਹੋ ਜਾਵੇਗਾ।

ਪੱਤਰ ਲੈ ਕੇ ਰੋਮ ਪੁੱਜਾ, ਪੋਪ ਦੇ ਮਹਿਲ ਵਿਚ ਗਿਆ। ਅਨੇਕ ਕਾਰਡੀਨਲ ਬਿਸ਼ਪ, ਸਕੱਤਰ, ਗਵਰਨਰ, ਰਾਜਦੂਤ ਗੱਲ ਕਰਨ ਵਾਸਤੇ ਵਾਰੀ ਦੀ ਉਡੀਕ ਕਰ ਰਹੇ ਸਨ। ਪੋਪ ਉੱਚੇ ਸਿੰਘਾਸਨ ਉੱਤੇ ਬਿਰਾਜਮਾਨ ਸੀ। ਮਾਈਕਲ ਨੇ ਸੱਦਾ-ਪੱਤਰ ਭੇਜਿਆ ਤਾਂ ਤੁਰਤ ਬੁਲਾ ਲਿਆ। ਜਾ ਕੇ ਸਤਿਕਾਰ ਵਜੋਂ ਝੁਕਿਆ, ਪੋਪ ਨੇ ਕਿਹਾ -

- ਮੈਂ ਤੇਰੀ ਇਹ ਰੋਮ ਵਿਚ ਬਣਾਈ ਮਰੀਅਮ ਦੀ ਮੂਰਤੀ ਦੇਖੀ। ਤੂੰ ਮੇਰਾ ਮਕਬਰਾ ਬਣਾ।

- ਕਿਸ ਤਰ੍ਹਾਂ ਦਾ ਸ੍ਰੀਮਾਨ ? ਮੈਨੂੰ ਰਤਾ ਸਮਝਾ ਦਿਓ।

- ਕਾਂਸੀ ਠੀਕ ਰਹੇਗੀ। ਕਾਂਸੀ ਉਪਰ ਕਹਾਣੀਆਂ ਵੱਧ ਤੋਂ ਵੱਧ ਚਿਤਰੀਆਂ ਜਾ ਸਕਦੀਆਂ ਹਨ। ਜਨਮ ਤੋਂ ਲੈ ਕੇ ਹੁਣ ਤੱਕ ਮੇਰੀ ਤੇ ਮੇਰੇ ਪਰਿਵਾਰ ਦੀ ਕਹਾਣੀ ਕਾਂਸੀ ਦੀ ਪੱਟੀ ਤੇ ਚਿੱਤਰ। ਮਾਈਕਲ ਚੁੱਪ ਰਿਹਾ, ਸੋਚਦਾ ਰਿਹਾ - ਕਹਾਣੀਆਂ ਪਾਉਣੀਆਂ ਭੰਡਾਂ ਦਾ ਕੰਮ ਹੁੰਦੈ, ਇਹ ਮੈਨੂੰ ਭੰਡ ਸਮਝਦੈ ?

ਉਸਨੇ ਪੋਪ ਦਾ ਜਨਮ ਸਥਾਨ ਦੇਖਿਆ, ਪਰਿਵਾਰ ਨੂੰ ਮਿਲਿਆ। ਫਿਰ ਕਬਰਸਤਾਨ ਦੇਖਿਆ ਜਿਥੇ 92 ਪੋਪ ਪਹਿਲਾਂ ਦਫ਼ਨਾਏ ਜਾ ਚੁੱਕੇ ਸਨ, ਇਹ 93ਵਾਂ ਹੋਏਗਾ। ਛੱਤੀ ਫ਼ੁੱਟ ਲੰਮਾ, ਤੇਈ ਫ਼ੁੱਟ ਚੌੜਾ, ਤੀਹ ਫ਼ੁੱਟ ਉੱਚਾ, ਤਿੰਨ ਮੰਜ਼ਲਾਂ ਉਪਰ ਗੁੰਬਦ। ਮਾਰਬਲ ਉਪਰ ਕਾਂਸੀ ਦੀ ਪੱਟੀ। ਫ਼ਰਸ਼ ਤੋਂ ਏਨੀ ਕੁ ਉੱਚੀ ਕਿ ਕਹਾਣੀਆਂ ਦੇਖੀਆਂ ਜਾ ਸਕਣ। ਠੀਕ ਹੈ। ਉਪਰ ਗੁੰਬਦ ਦੇ ਅੰਦਰਲੇ ਪਾਸੇ ਪੁਰਾਤਨ ਤੇ ਨਵੀਂ ਬਾਈਬਲ ਦੀਆਂ ਪੇਂਟਿੰਗਜ਼ ਕਰਾਂਗੇ ਤੇ ਪੱਟੀ ਉਪਰ ਪੋਪ। ਪੋਪ ਦਾ ਏਜੈਂਟ ਜੈਕੋਪੋ ਨਾਲ ਨਾਲ ਫਿਰਦਾ ਪੁੱਛ ਰਿਹਾ ਸੀ - ਆਦਮ ਤੇ ਈਵ ਕੌਣ ਬਣਾਏਗਾ ? ਤੇ ਖੰਭਾਂ ਵਾਲੇ ਫ਼ਰਿਸ਼ਤੇ ? ਫ਼ਰਿਸ਼ਤੇ ਜਿਹੜੇ ਪੋਪ ਦਾ ਤਾਬੂਤ ਚੁੱਕ ਕੇ ਸੂਰਜ ਵੱਲ ਉੱਡਦੇ ਜਾਂਦੇ ਦਿਸਣ, ਕੌਣ ਕਰੇਗਾ ਇਹ ਏਨੇ ਕੰਮ ? ਕਿੰਨੇ ਕੁ ਕਾਰੀਗਰਾਂ ਦੀ ਲੋੜ ਪਵੇਗੀ ? ਕਿੰਨਾ ਸਮਾਂ ਲੱਗੇਗਾ ?

ਕਾਨੂੰਨ-ਦਾਤਾ ਮੂਸਾ ਮਰਦ ਦੀ ਸੰਪੂਰਨਤਾ ਦਾ ਪ੍ਰਤਿਨਿਧ ਪਹਿਲੀ ਮੰਜ਼ਲ ਦੇ ਇਕ ਕੋਨੇ ਵਿਚ ਦਿਖਾਏਗਾ। ਸਾਹਮਣੇ ਸੰਤ ਪਾਲ, ਚਰਚ ਦਾ ਨਿਰਮਾਤਾ। ਮਾਰਬਲ ਖ਼ਰੀਦ ਲਿਆਂਦੀ। ਕੰਮ ਕਰੀ ਜਾ ਰਿਹੈ, ਨਕਸ਼ੇ ਬਣਾਈ ਜਾਂਦੈ, ਪੋਪ ਨੇ ਇਕ ਪੈਸਾ ਨਹੀਂ ਦਿੱਤਾ ਅਜੇ। ਪੋਪ ਨੂੰ ਮਿਲਣ ਗਿਆ ਤੇ ਪੈਸਿਆਂ ਦੀ ਗੱਲ ਕੀਤੀ। ਪੋਪ ਨੇ ਕਿਹਾ - ਖ਼ਤਮ, ਸਭ ਯੋਜਨਾਵਾਂ ਖ਼ਤਮ। ਮੈਨੂੰ ਸਿਆਣਿਆਂ ਨੇ ਦੱਸ ਦਿੱਤੈ ਕਿ ਜਿਉਂਦੇ-ਜੀਅ ਆਪਣਾ ਮਕਬਰਾ ਆਪ ਨੀ ਬਣਾਈਦਾ, ਇਹ ਬਦਸ਼ਗਨੀ ਹੁੰਦੀ ਐ। ਉਦਾਸ ਮਾਈਕਲ ਵਾਪਸ ਤੁਰ ਪਿਆ, ਰੋਮਨਾਂ ਬਾਰੇ ਮੁਹਾਵਰਾ ਯਾਦ ਆਇਆ - ਰੋਮ ਦੇਖਣ ਗਿਆ ਬੰਦਾ, ਮੂਰਖਤਾ ਵਿਚ ਰੋਮ ਰਹਿੰਦੇ ਬੰਦੇ ਨਾਲੋਂ ਕਿਵੇਂ ਅੱਗੇ ਲੰਘ ਸਕਦਾ ਹੈ ?

ਆਉਣ ਤੋਂ ਪਹਿਲਾਂ ਪੋਪ ਨੂੰ ਖ਼ਤ ਲਿਖਿਆ - ਅਤਿਅੰਤ ਸਤਿਕਾਰਿਤ ਪਿਤਾ, ਤੁਹਾਡੇ ਹੁਕਮ ਸਦਕਾ ਮੈਨੂੰ ਮਹਿਲ ਵਿੱਚੋਂ ਬਾਹਰ ਧੱਕ ਦਿੱਤਾ ਗਿਆ, ਇਸ ਕਰਕੇ ਕਦੀ ਮੇਰੀ ਜ਼ਰੂਰਤ ਪਵੇ ਤਾਂ ਮੈਂ ਰੋਮ ਤੋਂ ਬਾਹਰ ਮਿਲਾਂਗਾ।

ਘੋੜੇ 'ਤੇ ਸਵਾਰ ਹੋ ਕੇ ਫਲੋਰੈਂਸ ਵੱਲ ਚਾਲੇ ਪਾ ਦਿੱਤੇ। ਰਾਤ ਪਈ, ਸਰਾਂ ਵਿਚ ਸੌਂ ਗਿਆ। ਸਵੇਰੇ ਅਗਲੇ ਸਫ਼ਰ ਲਈ ਤਿਆਰ ਹੋ ਗਿਆ ਤਾਂ ਘੋੜਿਆਂ ਦੀਆਂ ਟੱਪਾਂ ਦੀ ਆਵਾਜ਼ ਸੁਣੀ। ਪੋਗੀਬੰਸੀ ਪੰਜ ਘੋੜ ਸਵਾਰਾਂ ਸਮੇਤ ਸਾਹਮਣੇ ਦੇਖਿਆ।

- ਕਿਵੇਂ ਪੋਗੀਬੰਸੀ ? ਕਿਧਰ ਚੱਲਿਐਂ ?

- ਬਸ ਇਥੇ ਤੇਰੇ ਤੱਕ। ਪੋਪ ਨੂੰ ਪਤਾ ਹੈ ਆਪਾਂ ਮਿੱਤਰ ਹਾਂ, ਮੈਨੂੰ ਕਿਹੈ ਤੈਨੂੰ ਪੇਸ਼ ਕਰਾਂ।

- ਕਿਉਂ ? ਮੇਰਾ ਮਤਲਬ ਈ ਨੀ ਪੋਪ ਨਾਲ ਕੋਈ। ਮੈਂ ਨਹੀਂ ਜਾਣਾ।

- ਗ੍ਰਿਫ਼ਤਾਰ ਕਰ ਲਈਏ ਸ੍ਰੀਮਾਨ ? ਗਾਰਦ ਨੇ ਪੁੱਛਿਆ।

- ਨਹੀਂ ਪੋਪ ਦਾ ਹੁਕਮ ਹੈ ਸਖ਼ਤੀ ਨਹੀਂ ਕਰਨੀ। ਮਾਈਕਲ, ਪੋਪ ਨੂੰ ਤੇਰੀ ਚਿੱਠੀ

ਠੀਕ ਨਹੀਂ ਲੱਗੀ, ਬਸ ਖਿਮਾ ਜਾਚਨਾ ਕਰ ਲੈ, ਸਭ ਠੀਕ। ਉਹ ਤੈਨੂੰ ਮਾਫ਼ ਕਰਨ ਦਾ ਇੱਛੁਕ ਹੈ।

- ਦਫ਼ਾ ਹੋ ਜਾਉ ਸਾਰੇ, ਪੋਪ ਸਣੇ। ਮੈਂ ਨਹੀਂ ਜਾਂਦਾ।

ਉਹ ਵਾਪਸ ਚਲੇ ਗਏ, ਮਾਈਕਲ ਫਲੋਰੈਂਸ ਆ ਪੁੱਜਾ। ਕੁਝ ਦਿਨਾਂ ਬਾਦ ਗਵਰਨਰ ਦਾ ਸੱਦਾ ਮਿਲਿਆ, ਗਿਆ। ਗਵਰਨਰ ਕੋਲ ਪੋਪ ਦਾ ਪੱਤਰ ਆਇਆ ਹੋਇਆ ਸੀ, ਹੁਕਮ ਸੀ, ਮਾਈਕਲ ਨੂੰ ਪੇਸ਼ ਕਰੋ। ਮਾਈਕਲ ਨੇ ਕਿਹਾ - ਮੇਰੀ ਬੇਇਜ਼ਤੀ ਹੋਈ ਹੈ ਉਥੇ, ਖਿਮਾ ਮੇਰੇ ਤੋਂ ਪੋਪ ਮੰਗੇਗਾ। ਗਵਰਨਰ ਨੇ ਕਿਹਾ - ਤੈਸ਼ ਵਿਚ ਨਾ ਆ ਮਾਈਕਲ। ਫਲੋਰੈਂਸ 'ਤੇ ਕਰੋਪੀ ਆ ਸਕਦੀ ਹੈ ਤੇਰੇ ਕਰੋਧ ਕਾਰਨ। ਸ਼ਹਿਰੀਆਂ ਨੂੰ ਇਹ ਖ਼ਬਰਾਂ ਪਤਾ ਹਨ। ਮਾਈਕਲ ਗ਼ੁੱਸੇ ਵਿਚ ਬਾਹਰ ਆ ਗਿਆ। ਆਪਣੇ ਘਰ ਵੱਲ ਜਾ ਰਿਹਾ ਸੀ ਤਾਂ ਦੇਖਿਆ, ਲੋਕ, ਸਲਾਮ ਕਰਨ ਦੀ ਥਾਂ ਉਸ ਵਲੋਂ ਮੂੰਹ ਮੋੜ ਲੈਂਦੇ ਹਨ। ਦੋ ਹਫ਼ਤੇ ਲੰਘ ਗਏ। ਗਵਰਨਰ ਹਾਊਸ ਵਿੱਚੋਂ ਫਿਰ ਸੱਦਾ ਮਿਲਿਆ। ਗਵਰਨਰ ਨੇ ਦੱਸਿਆ - ਮੈਂ ਪੱਤਰ ਵਿਚ ਤੇਰੀਆਂ ਸਿਫ਼ਤਾਂ ਕਰਨ ਪਿੱਛੋਂ ਲਿਖਿਆ ਸੀ ਕਿ ਫਲੋਰੈਂਸ ਉਸ ਉਪਰ ਜਾਨ ਨਿਛਾਵਰ ਕਰਦਾ ਹੈ, ਉਹ ਵੱਡਾ ਕਲਾਕਾਰ ਹੈ ਜਿਸ ਦਾ ਸਨਮਾਨ ਹੋਣਾ ਜ਼ਰੂਰੀ ਹੈ, ਉਹ ਸਾਡੀ ਸੱਭਿਅਤਾ ਦਾ ਨੁਮਾਇੰਦਾ ਹੈ। ਪੋਪ ਨੇ ਜਵਾਬ ਵਿਚ ਆਹ ਖ਼ਤ ਭੇਜਿਆ ਹੈ। ਮਾਈਕਲ ਨੇ ਖ਼ਤ ਪੜ੍ਹਨਾ ਸ਼ੁਰੂ ਕਰ ਦਿੱਤਾ।

- ਬੁੱਤ ਤ੍ਰਾਸ਼ ਮਾਈਕਲ ਏਂਜਲੋ ਐਵੇਂ ਨਰਾਜ਼ ਹੋ ਕੇ ਚਲਾ ਗਿਆ ਹੈ। ਅਸੀਂ ਉਸਨੂੰ ਵਾਪਸ ਆ ਕੇ ਮਿਲਣ ਦੇ ਸੁਨੇਹੇ ਭੇਜੇ, ਉਸਨੇ ਮੰਨੇ ਨਹੀਂ, ਸ਼ਾਇਦ ਉਸਨੂੰ ਲੱਗਦਾ ਹੋਵੇ ਕਿ ਅਸੀਂ ਉਸ ਨਾਲ ਨਰਾਜ਼ ਹਾਂ। ਸਾਨੂੰ ਉਸ ਅੰਦਰਲੀ ਪ੍ਰਤਿਭਾ ਦਾ ਪਤਾ ਹੈ ਤੇ ਅਸੀਂ ਉਸਦੇ ਕਾਇਲ ਹਾਂ। ਉਸ ਨੂੰ ਸਾਡੇ ਕੋਲ ਭੇਜੋ, ਉਸਦਾ ਦਿਲ ਦੁਖਾਉਣ ਦਾ ਇਰਾਦਾ ਨਹੀਂ, ਉਸ ਉਪਰ ਰੂਹਾਨੀ ਬਖ਼ਸ਼ਿਸ਼ ਕਰਨ ਦੀ ਮਨਸ਼ਾ ਹੈ। - ਪੋਪ।

ਗਵਰਨਰ ਨੇ ਕਿਹਾ - ਅਜੇ ਵੀ ਤਸੱਲੀ ਨਹੀਂ ਹੋਈ?

- ਨਹੀਂ। ਤੁਰਕੀ ਦੇ ਸੁਲਤਾਨ ਨੇ ਸੱਦਾ-ਪੱਤਰ ਭੇਜਿਆ ਹੈ। ਤੁਰਕੀ ਜਾਵਾਂਗਾ। ਮੈਨੂੰ ਇਨ੍ਹਾਂ ਪਾਖੰਡੀਆਂ ਦੀ ਕੋਈ ਪ੍ਰਵਾਹ ਨਹੀਂ।

- ਤੈਨੂੰ ਜਾਣਾ ਪਵੇਗਾ ਮਾਈਕਲ।

- ਜੇ ਨਾ ਜਾਵਾਂ?

- ਤੈਨੂੰ ਸਵੋਨਰੋਲਾ ਵਾਂਗ ਛੇਕ ਦਿੱਤਾ ਜਾਏਗਾ। ਤੇਰੇ ਸਾਰੇ ਠੇਕੇ ਰੱਦ।

- ਤੇ ਫਿਰ ਉਸ ਵਾਗੂੰ ਫਾਹੇ ਲਾ ਕੇ ਲਾਸ਼ ਦੇ ਟੋਟੇ ਕਰਕੇ ਅੱਗ ਵਿਚ?

- ਹਾਂ ਇਵੇਂ ਹੁੰਦਾ ਆਇਐ। ਤੂੰ ਫਲੋਰੈਂਸ ਨੂੰ ਸੰਕਟ ਵਿਚ ਨਾ ਪਾ। ਦੁਨੀਆਂ ਉਪਰ ਪੋਪ ਦਾ ਰਾਜ ਹੈ। ਬਾਕੀ ਰਾਜੇ ਤਾਂ ਨਾਂ ਦੇ ਹੀ ਨੇ।

ਗਵਰਨਰ ਨੇ ਮਾਈਕਲ ਦੀ ਉਸਤਤ ਵਿਚ ਪੋਪ ਨੂੰ ਲਿਖਿਆ ਨਵਾਂ ਖ਼ਤ ਦਿਖਾਇਆ - ਮਾਈਕਲ ਤੁਹਾਨੂੰ ਮਿਲਣ ਆਏਗਾ ਪੂਜਨੀਕ ਪਿਤਾ। ਪਿਆਰ ਨਾਲ ਇਸ ਮਹਾਨ ਬੰਦੇ ਤੋਂ ਜੋ ਮਰਜ਼ੀ ਕਰਵਾ ਲਓ। ਮਹਾਨਤਾ ਜੇ ਪਿਆਰ ਦੀ ਮੰਗ ਕਰੇ ਤਦ ਉਸ ਵਿਚ ਕੀ ਗ਼ਲਤ?

ਦੁਖੀ ਮਨ ਨਾਲ ਰੋਮ ਵੱਲ ਤੁਰ ਪਿਆ। ਮੁਲਾਕਾਤੀਆਂ ਵਾਲੇ ਹਾਲ ਵਿਚ ਜਾ ਬੈਠਾ। ਵਾਰੀ ਆਈ ਤਾਂ ਰਸਮ ਅਨੁਸਾਰ ਨਜ਼ਦੀਕ ਜਾ ਕੇ ਗੋਡਿਆਂ 'ਤੇ ਝੁਕਣਾ ਤੇ ਪੋਪ ਦੀ ਮੁੰਦਰੀ ਨੂੰ ਚੁੰਮਣਾ ਹੁੰਦਾ ਹੈ। ਅਜਿਹਾ ਕਰਨ ਦੀ ਥਾਂ 'ਤੇ ਖਲੋਤਿਆਂ ਕਿਹਾ - ਹੋਲੀ

ਫਾਦਰ, ਰੋਮ ਵਿਚ ਤੁਹਾਡੇ ਵੱਲੋਂ ਮੇਰੇ ਨਾਲ ਜੋ ਵਰਤਾਓ ਕੀਤਾ ਗਿਆ ਮੈਨੂੰ ਉਸਦੀ ਉਮੀਦ ਨਹੀਂ ਸੀ।

ਇਕ ਪਾਦਰੀ ਫਟਾਫਟ ਖੜਾ ਹੋ ਕੇ ਕਹਿਣ ਲੱਗਾ - ਹੋਲੀ ਫਾਦਰ, ਕਲਾਕਾਰਾਂ ਵੱਲ ਨਰਮਾਈ ਠੀਕ ਰਹਿੰਦੀ ਹੈ। ਇਨ੍ਹਾਂ ਨੂੰ ਉੱਚ ਪੱਧਰ ਦੇ ਕਾਇਦਿਆਂ, ਸਲੀਕੇ ਦਾ ਬਹੁਤਾ ਪਤਾ ਨਹੀਂ ਹੁੰਦਾ।

ਗ਼ੁੱਸੇ ਨਾਲ ਗਰਜਦਿਆਂ ਪੋਪ ਨੇ ਕਿਹਾ - ਕਾਇਦੇ ਤੇ ਸਲੀਕੇ ਦਰਅਸਲ ਤੈਨੂੰ ਸਿੱਖਣੇ ਪੈਣਗੇ ਪਾਦਰੀ। ਜੋ ਇਸਨੇ ਸਿੱਖਿਆ ਹੋਇਐ ਤੂੰ ਸੌ ਜਨਮਾਂ ਵਿਚ ਨਹੀਂ ਸਿੱਖ ਸਕਦਾ। ਮੈਂ ਇਸਨੂੰ ਇਥੇ ਇਸ ਲਈ ਨਹੀਂ ਬੁਲਾਇਆ ਕਿ ਸਲੀਕਾ ਸਿੱਖੇ, ਇਸ ਲਈ ਬੁਲਾਇਆ ਹੈ ਕਿ ਇਸ ਨੂੰ ਮਿਲਣ ਵਿਚ ਸਾਡੀ ਸ਼ਾਨ ਹੈ। ਐਨੇ ਦਿਨ ਕਿਉਂ ਲਾਏ, ਮਾਈਕਲਏਂਜਲੋ ? ਅਸੀਂ ਬੇਤਾਬੀ ਨਾਲ ਉਡੀਕਦੇ ਰਹੇ। ਤੁਹਾਡਾ ਸੁਆਗਤ ਹੈ। ਖ਼ਜ਼ਾਨਚੀ, ਇਹ ਸਾਡਾ ਮਹਿਮਾਨ ਹੈ, ਖ਼ਿਆਲ ਰੱਖੀਂ। ਕੋਈ ਤੋਟ ਨਾ ਰਹੇ।

ਵਾਪਸ ਫਲੋਰੈਂਸ ਆਇਆ ਤਾਂ ਗਵਰਨਰ ਨੇ ਦੱਸਿਆ - ਮੇਰੇ ਕੋਲ ਤੇਰੇ ਆਉਣ ਤੋਂ ਪਹਿਲਾਂ ਪੋਪ ਦਾ ਖ਼ਤ ਆ ਗਿਆ। ਖ਼ੁਸ਼ ਐ। ਕਿਸੇ ਨੇ ਦੱਸਿਆ, ਪੋਪ ਆਖਦਾ ਸੀ - ਇੰਨਾ ਜ਼ੋਰ ਪੇਰੂਗੀਆ ਤੇ ਬੋਲੋਨਾ ਰਿਆਸਤਾਂ ਨੂੰ ਜਿੱਤਣ ਵੇਲੇ ਨਹੀਂ ਲੱਗਾ ਸੀ ਜਿੰਨਾ ਇਸ ਬੁੱਤ ਤ੍ਰਾਸ਼ ਨੇ ਲਵਾ ਦਿੱਤਾ।

- ਪਰ ਮੈਨੂੰ ਇਹ ਸਾਰਾ ਤਮਾਸ਼ਾ ਬੇਤੁਕਾ ਲੱਗਾ ਸ੍ਰੀਮਾਨ। ਕੀ ਫ਼ਰਕ ਪਿਐ ?

- ਫ਼ਰਕ ? ਇਕ ਬੰਦਾ ਪੋਪ ਦਾ ਹੁਕਮ ਨਾ ਮੰਨੇ ! ਵਾਹ, ਤੈਨੂੰ ਇਨ੍ਹਾਂ ਗੱਲਾਂ ਵਿਚ ਫ਼ਰਕ ਦਾ ਪਤਾ ਨਹੀਂ। ਕਿਤੇ ਹਨੇਰੀ ਚੱਲ ਪਵੇ ਤਾਂ ਤੇਰੇ ਇਕੱਲੇ ਕਰਕੇ ਪੋਪ ਦੀ ਗੱਦੀ ਜਾ ਸਕਦੀ ਹੈ। ਪੋਪ ਕਤਲ ਹੋ ਸਕਦੈ, ਤੈਨੂੰ ਸਿਆਸਤ ਦਾ ਕੀ ਪਤਾ। ਤੂੰ ਵੀ ਬਚ ਗਿਆ ਤੇ ਪੋਪ ਵੀ। ਪੋਪ ਖ਼ਿਲਾਫ਼ ਨਫ਼ਰਤ ਜ਼ੋਰ ਫੜ ਰਹੀ ਹੈ। ਫਲੋਰੈਂਸ ਦਾ ਨਾਗਰਿਕ ਪੋਪ ਦੀ ਬੇਇਜ਼ਤੀ ਕਰ ਦੇਵੇ, ਫਲੋਰੈਂਸ ਉਪਰ ਫ਼ੌਜਾਂ ਚੜ੍ਹ ਸਕਦੀਆਂ ਸਨ। ਮੇਰੀ ਨੀਂਦ ਹਰਾਮ ਹੋਈ ਰਹੀ ਕਿੰਨੇ ਹਫ਼ਤੇ। ਹੁਣ ਆਪਣੇ ਘਰ ਜਾਹ, ਮੁਕੰਮਲ ਕਰਵਾ ਦਿਤੈ। ਆਰਾਮ ਨਾਲ ਕੰਮ ਕਰ। ਕਿਸੇ ਨੇ ਦਰਵਾਜ਼ਾ ਖੜਕਾਇਆ। ਮਾਈਕਲ ਨੇ ਅਫ਼ਸਰ ਅਤੇ ਸਿਪਾਹੀ ਦੇਖੇ। ਪੋਪ ਦੀ ਟਾਸਕ ਫੋਰਸ। - ਹੁਣ ਕੋਈ ਹੋਰ ਇਲਜ਼ਾਮ ਲੱਗਾ ? ਮਤਲਬ ਕਿ ਗ੍ਰਿਫ਼ਤਾਰੀ ? ਅਫ਼ਸਰ ਹੱਸ ਪਿਆ - ਤੂੰ ਹਰ ਵਕਤ ਬੇਇਜ਼ਤੀ ਦੀ ਉਮੀਦ ਕਿਉਂ ਕਰਦਾ ਹੁੰਨੈ ? ਫੇਰ ਕਿਹਾ - ਪੋਪ ਤੈਨੂੰ ਪਿਆਰ ਕਰਦਾ ਹੈ, ਕਹਿੰਦਾ ਹੁੰਦੈ, ਮੇਰਾ ਗੁਣੀਂ ਪੁੱਤਰ, ਹੈ ਤਾਂ ਵਿਗੜਿਆ ਹੋਇਆ ਪਰ ਚੱਲੋ, ਪਰਿਵਾਰ ਵਿਚ ਕਈ ਤਰ੍ਹਾਂ ਦੇ ਜੀਅ ਹੁੰਦੇ ਨੇ। ਉਸਨੇ ਮੈਨੂੰ ਇਹ ਕਹਿ ਕੇ ਭੇਜਿਆ ਹੈ ਕਿ ਕਿਸੇ ਵੀ ਗੱਲ ਸਦਕਾ ਮਾਈਕਲਏਂਜਲੋ ਦੇ ਦਿਲ 'ਤੇ ਸੱਟ ਲੱਗੀ ਹੋਵੇ ਤਾਂ ਮੈਂ ਖਿਮਾ ਜਾਚਕ ਹਾਂ। ਮਾਈਕਲ ਨੇ ਕਿਹਾ - ਸ਼ਰੇਆਮ ਬੇਇਜ਼ਤੀ ਕਰਨ ਪਿੱਛੋਂ ਇਉਂ ਕਿਸੇ ਰਾਹੀਂ ਛੁਪ ਕੇ ਕੀਤੀ ਖਿਮਾ ਜਾਚਨਾ ਦਾ ਕੀ ਅਰਥ ? ਅਫ਼ਸਰ ਨੇ ਕਿਹਾ - ਦੁਨੀਆਂ ਬਹੁਤ ਛੋਟੀ ਹੈ ਸ੍ਰੀਮਾਨ। ਇਥੇ ਕੋਈ ਗੱਲ ਛੁਪੀ ਨਹੀਂ ਰਹਿੰਦੀ।

ਫ਼ਰਾਂਸ ਦੀ ਸਟੇਟ ਨੇ ਪੋਪ ਦੇ ਹੁਕਮ ਨਹੀਂ ਮੰਨੇ। ਪੋਪ ਨੇ ਸਬਕ ਸਿਖਾਉਣ ਲਈ ਫ਼ਰਾਂਸ ਉਪਰ ਹਮਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਫ਼ਰਾਂਸੀਸੀਆਂ ਨੇ ਪੋਪ ਦੀ ਸੈਨਾ ਖਦੇੜ ਦਿੱਤੀ, ਘੋੜੇ, ਅਸਲਾ ਸਭ ਕੁਝ ਲੁਟਾ ਕੇ ਹਾਰਿਆ ਪੋਪ ਵਾਪਸ ਪਰਤਿਆ। ਮਾਈਕਲ ਨੂੰ ਇਸ ਗੱਲ ਨਾਲ ਕੀ ਸਰੋਕਾਰ ? ਉਸਨੂੰ ਦੁਖ ਕੇਵਲ ਇਸ ਕਰਕੇ ਹੋਇਆ ਕਿ ਸਵਾ ਸਾਲ ਦੀ ਮਿਹਨਤ ਨਾਲ ਉਸਨੇ ਪੋਪ ਦਾ ਕਾਂਸੀ ਦਾ ਬੁੱਤ ਬਣਾਇਆ ਸੀ,

ਉਸਨੂੰ ਢਾਲ ਕੇ ਤੋਪ ਬਣਾਈ ਗਈ, ਤੋਪ ਦਾ ਨਾਂ ਵੀ ਪੋਪ ਦੇ ਨਾਂ ਉਪਰ ਜੂਲੀਅਸ ਰੱਖਿਆ ਗਿਆ।

ਇਸ ਹਾਰ ਦੇ ਸਦਮੇ ਨੂੰ ਬਹੁਤਾ ਸਮਾਂ ਬਰਦਾਸ਼ਤ ਨਾ ਕਰ ਸਕਣ ਸਦਕਾ ਜੂਲੀਅਸ ਦੀ ਮੌਤ ਹੋ ਗਈ। ਨਵੇਂ ਪੋਪ ਲੀਓ ਦਸਵੇਂ ਦੀ ਤਾਜਪੋਸ਼ੀ ਹੋਈ, ਜਸ਼ਨ ਦੌਰਾਨ ਪਾਦਰੀਆਂ ਨੇ ਦਰਸ਼ਕਾਂ ਉਪਰ ਮੁਹਰਾਂ ਦੀ ਬਾਰਸ਼ ਕੀਤੀ। ਤਾਜਪੋਸ਼ੀ ਪਿੱਛੋਂ ਵਾਪਸ ਪਰਤਦਿਆਂ ਉਸਨੇ ਆਪਣੇ ਕਰੀਬੀਆਂ ਨੂੰ ਕਿਹਾ - ਬਚਪਨ ਦੇ ਮੁੱਢਲੇ ਸਾਲਾਂ ਵਿਚ ਮੈਂ ਅਤੇ ਮਾਈਕਲਏਂਜਲੋ ਜਮਾਤੀ ਰਹੇ ਹਾਂ। ਉਸਨੇ ਆਪਣੇ ਸਲਾਹਕਾਰਾਂ ਤੇ ਖ਼ਜ਼ਾਨਚੀਆਂ ਨੂੰ ਕਿਹਾ - ਮਾਈਕਲ ਨੂੰ ਮਿਲੋ। ਉਸਨੂੰ ਕਹੋ ਜੋ ਪੇਂਟ ਕਰਨਾ ਚਾਹੁੰਦਾ ਹੈ, ਜਿਥੇ ਕਰਨਾ ਚਾਹੁੰਦਾ ਹੈ ਕਰੇ, ਉਸਨੂੰ ਪੈਸੇ ਅਤੇ ਵਕਤ ਦੀ ਤੰਗੀ ਨਹੀਂ ਹੋਣੀ ਚਾਹੀਦੀ। ਮਾਈਕਲ ਵਧਾਈ ਦੇਣ ਵਾਸਤੇ ਗਿਆ ਤਾਂ ਪੋਪ ਨੇ *ਮਾਸਟਰ ਆਫ਼ ਦਾ ਵਰਲਡ* ਦੀ ਉਪਾਧੀ ਨਾਲ ਸਨਮਾਨਿਤ ਕਰਦਿਆਂ ਕਿਹਾ - ਮੇਰਾ ਪੂਰਵਜ ਜੂਲੀਅਸ ਜੰਗਾਂ ਉਪਰ ਧਨ ਖ਼ਰਚਣ ਦਾ ਸ਼ੌਕੀਨ ਸੀ, ਮੈਂ ਯੁੱਧ ਦੇ ਖ਼ਿਲਾਫ਼ ਹਾਂ। ਮੈਂ ਆਰਟ ਉਪਰ ਖ਼ਰਚ ਕਰਾਂਗਾ। ਖ਼ਬਰ ਮਿਲੀ ਕਿ ਫਲੋਰੈਂਸ ਵਿਚ ਲਿਓਨਾਰਦੋ ਅਜੀਬ ਪ੍ਰਯੋਗ ਕਰ ਰਿਹਾ ਹੈ। ਬੁੱਝੇ ਹੋਏ ਪਹਾੜਾਂ ਦੀਆਂ ਖੱਡਾਂ ਅਤੇ ਗੋਲਾਈਆਂ ਨੂੰ ਤ੍ਰਾਸ਼ ਕੇ ਉਹ ਉਤਕਲ ਤੇ ਅਵਤਲ ਲੈਨਜ਼ਾਂ ਦਾ ਪ੍ਰਭਾਵ ਦਿੰਦੀਆਂ ਪੇਂਟਿੰਗਜ਼ ਕਰੇਗਾ। ਉਸਨੇ ਕਿੱਲਾਂ ਦੀ ਥਾਂ 'ਤੇ ਪੇਚਾਂ ਦੀ ਕਾਢ ਕੱਢੀ ਹੈ ਜੋ ਕਰਾਮਾਤ ਤੋਂ ਘੱਟ ਨਹੀਂ। ਕੱਟੇ ਦਰੱਖ਼ਤ ਦੇ ਤਣੇ ਦੇ ਰੇਸ਼ੇ ਦੇ ਘੇਰੇ ਗਿਣ ਕੇ ਉਹ ਦੱਸ ਸਕਦਾ ਹੈ ਇਸਦੀ ਉਮਰ ਕਿੰਨੇ ਸਾਲ ਹੈ। ਇਹ ਸੁਣ ਕੇ ਮਾਈਕਲ ਆਖਦਾ - ਉਹ ਕਿੰਨਾ ਚੰਗਾ ਪੇਂਟਰ ਹੈ ਪੇਂਟ ਕਰੇ, ਫ਼ਜ਼ੂਲ ਚੀਜ਼ਾਂ ਮਗਰ ਆਪਣੀ ਤਾਕਤ ਜ਼ਾਇਆ ਨਾ ਕਰੇ।

ਕੰਟੈਸਿਨਾ ਨੂੰ ਫਲੋਰੈਂਸ ਵਿਚ ਰਹਿਣ ਦੀ ਆਗਿਆ ਮਿਲ ਗਈ ਪਰ ਉਸਦੀ ਸਿਹਤ ਨਿਰੰਤਰ ਵਿਗੜਦੀ ਗਈ। ਉਸਨੇ ਮਾਈਕਲ ਨੂੰ ਮਿਲਣ ਵਾਸਤੇ ਸੱਦਾ ਭੇਜਿਆ। ਸਰਦੀ ਨਹੀਂ ਸੀ, ਤਾਂ ਵੀ ਕੰਬਲ ਵਿਚ ਲਿਪਟੀ ਪਈ ਸੀ, ਕਮਜ਼ੋਰ ਬਾਹਾਂ, ਪੀਲਾ ਚਿਹਰਾ, ਨੇੜੇ ਬੈਠਣ ਦਾ ਇਸ਼ਾਰਾ ਕੀਤਾ, ਮਾਈਕਲ ਨੇ ਕਮਜ਼ੋਰ ਹੱਥ ਆਪਣੇ ਹੱਥ ਵਿਚ ਲੈ ਲਿਆ, ਬੋਲੀ - ਪਹਿਲੀ ਵਾਰ ਬਾਗ਼ ਵਿਚ ਮਿਲੇ ਸਾਂ, ਮੈਂ ਪੁੱਛਿਆ ਸੀ ਏਨਾ ਕੰਮ ਥਕਾਉਂਦਾ ਨਹੀਂ ਮਾਈਕਲ ?

- ਮੈਂ ਕਿਹਾ ਸੀ ਨਹੀਂ, ਪੱਥਰ ਮੈਨੂੰ ਸ਼ਕਤੀ ਦਿੰਦਾ ਹੈ।

- ਮੈਂ ਕਿਹਾ ਸੀ ਜਦੋਂ ਤੂੰ ਨੇੜੇ ਹੁੰਨੈ, ਮੈਂ ਤਾਕਤਵਰ ਹੋ ਜਾਨੀ ਆਂ।

- ਮੈਂ ਕਿਹਾ ਸੀ ਤੈਨੂੰ ਨੇੜੇ ਦੇਖ ਕੇ ਮੈਂ ਘਬਰਾ ਜਾਨਾ।

- ਜਦੋਂ ਸਾਰਿਆਂ ਦਾ ਖ਼ਿਆਲ ਸੀ ਮੇਰੀ ਉਮਰ ਬਹੁਤੀ ਨਹੀਂ, ਕੇਵਲ ਤੂੰ ਕਿਹਾ ਸੀ ਮੇਰੀ ਲੰਮੀ ਉਮਰ ਹੋਵੇਗੀ, ਮੇਰੇ ਕਈ ਪੁੱਤਰ ਹੋਣਗੇ।

ਮਾਈਕਲ ਨੇ ਉਸਦੀ ਗੱਲ੍ਹ ਥਪ-ਥਪਾ ਕੇ ਕਿਹਾ - ਮੈਂ ਤੈਨੂੰ ਪਿਆਰ ਕੀਤਾ। ਕੰਟੈਸਿਨਾ।

- ਮੈਂ ਵੀ ਤੈਨੂੰ ਪਿਆਰ ਕਰਦੀ ਰਹੀ ਮਾਈਕਲ। ਮੇਰੇ ਬੱਚੇ ਤੇਰੇ ਦੋਸਤ ਹੋਣਗੇ। ਇਹ ਆਖਣ ਪਿੱਛੋਂ ਉਸਨੂੰ ਜ਼ਬਰਦਸਤ ਖੰਘ ਛਿੜ ਗਈ, ਦੂਜੇ ਪਾਸੇ ਮੂੰਹ ਕਰ ਲਿਆ। ਮਾਈਕਲ ਅਲਵਿਦਾ ਆਖ ਕੇ ਵਾਪਸ ਤੁਰ ਪਿਆ। ਕੁਝ ਦਿਨਾਂ ਬਾਦ ਮੌਤ ਦੀ ਖ਼ਬਰ ਮਿਲੀ।

ਨਵੇਂ ਪੋਪ ਨੇ ਟਕਰਾਓ ਦੀ ਸਿਆਸਤ ਨਹੀਂ ਕੀਤੀ। ਮਾਈਕਲ ਦੇ ਪਰਿਵਾਰ ਦੀ

ਮਾਇਕ ਮੱਦਦ ਕੀਤੀ। ਮਾਰਟਿਨ ਲੂਥਰ, ਪੋਪ ਨੂੰ ਵੰਗਾਰ ਰਿਹਾ ਸੀ, - ਯਸੂ ਮਸੀਹ ਤੋਂ ਬਿਨਾਂ ਅਸਾਡਾ ਕੋਈ ਧਰਮ ਗੁਰੂ ਨਹੀਂ ਹੈ। ਦੂਜੇ ਪਾਸੇ ਮੈਕਾਵਲੀ ਆਪਣਾ ਗ੍ਰੰਥ *ਦ ਪ੍ਰਿੰਸ*, ਰਚ ਰਿਹਾ ਸੀ। ਫਲੋਰੈਂਸ ਦੇ ਇਤਿਹਾਸ ਉਪਰ ਉਸਦਾ ਪੜ੍ਹਿਆ ਪੇਪਰ ਸੁਣਨ ਵਾਲਿਆਂ ਵਿਚ ਮਾਈਕਲਐਂਜਲੋ ਵੀ ਸੀ। ਇਨ੍ਹਾਂ ਹੀ ਸਮਿਆਂ ਵਿਚ ਗੁਰੂ ਨਾਨਕ ਦੇਵ ਜੀ ਏਸ਼ੀਆ ਦੇ ਦੌਰੇ ਉਪਰ ਤੁਰੇ ਹੋਏ ਸਨ। ਇਹ ਯੌਰਪ ਅਤੇ ਏਸ਼ੀਆ ਦੇ ਪੁਨਰ-ਜਾਗਰਣ ਦਾ ਕਾਲ ਸੀ।

90 ਸਾਲ ਦੀ ਉਮਰ ਬਿਤਾ ਕੇ ਪਿਤਾ ਸੰਸਾਰ ਛੱਡਣ ਤੋਂ ਪਹਿਲਾਂ ਮਾਈਕਲ ਨੂੰ ਇਹ ਕਹਿ ਕੇ ਗਿਆ - ਮੈਂ ਪਰਿਵਾਰ ਵਿਚ ਏਕਾ ਰੱਖਿਆ। ਹੁਣ ਤੂੰ ਆਪਣੇ ਭਰਾਵਾਂ ਦੀ ਮੱਦਦ ਕਰਦਾ ਰਹੀਂ। ਚਾਰੇ ਨਾਲਾਇਕ ਭਰਾਵਾਂ ਦੀ ਮਦਦ ਉਹ ਕਰਦਾ ਹੀ ਰਿਹਾ, ਆਪਣੇ ਆਪ ਦੀ ਸਾਰ ਤਾਂ ਕਦੀ ਲਈ ਹੀ ਨਹੀਂ। ਜਦੋਂ ਭਰਾਵਾਂ ਨੇ ਕਿਹਾ - ਸਾਡੇ ਤੋਂ ਮਜ਼ਦੂਰੀ ਨਹੀਂ ਕੀਤੀ ਜਾਂਦੀ, ਤਾਂ ਉੱਨ ਦਾ ਸ਼ੋਅ ਰੂਮ ਖ਼ਰੀਦ ਕੇ ਦੇ ਦਿੱਤਾ। ਇਸ ਕਾਰੋਬਾਰ ਵਿਚ ਵੀ ਉਹ ਕਾਮਯਾਬ ਨਾ ਹੋਏ। ਮਾਈਕਲ ਖ਼ੁਸ਼ ਸੀ, ਪਿਤਾ ਦੀ ਇੱਛਾ ਸੀ ਕਿ ਬੋਨਾਰੋਟੀ ਖ਼ਾਨਦਾਨ ਦਾ ਨਾਮ ਉੱਚਾ ਹੋਵੇ, ਇੱਛਾ ਪੂਰੀ ਹੋਈ।

ਜਦੋਂ ਪੋਪ ਕਲੀਮੈਂਟ ਸੱਤਵੇਂ ਦੀ ਮੌਤ ਹੋਈ ਉਦੋਂ ਫਲੋਰੈਂਸ ਦਾ ਹਾਕਮ ਅਲੈਸਾਂਦਰੋ ਸੀ ਜੋ ਜ਼ਾਲਮ ਅਤੇ ਅੱਯਾਸ਼ ਸੀ। ਦੋਸਤ ਮਾਈਕਲ ਕੋਲ ਗਏ ਤੇ ਕਿਹਾ - ਹਰੇਕ ਪੋਪ ਤੁਹਾਡਾ ਸਤਿਕਾਰ ਕਰਦਾ ਹੈ, ਕਿਸੇ ਤਰ੍ਹਾਂ ਇਸ ਜ਼ਾਲਮ ਹਾਕਮ ਤੋਂ ਨਿਜਾਤ ਮਿਲੇ ਮਾਈਕਲ। ਤੂੰ ਮੱਦਦਗਾਰ ਹੋ। ਮਾਈਕਲ ਨੇ ਕਿਹਾ - ਬਾਦਸ਼ਾਹ ਚਾਰਲਸ ਪੰਜਵੇਂ ਦੀ ਮਦਦ ਬਿਨਾਂ ਕੁਝ ਨਹੀਂ ਹੋ ਸਕਦਾ। ਦੇਖਦੇ ਆਂ, ਨਵਾਂ ਪੋਪ ਪਾਲ ਤੀਜਾ ਉਸਦਾ ਸਤਿਕਾਰ ਕਰਦਾ ਸੀ। ਸ਼ਾਨਦਾਰ ਵਰਦੀਆਂ ਵਿਚ ਦੋ ਗਾਰਡ ਆਏ, ਕਿਹਾ - ਹੋਲੀ ਫਾਦਰ ਤੁਹਾਨੂੰ ਮਿਲਣ ਅਤੇ ਤੁਹਾਡਾ ਕੰਮ ਦੇਖਣ ਆਉਣਗੇ ਮਾਈਕਲ, ਕੱਲ੍ਹ ਸਵੇਰ।

ਪੋਪ ਅਤੇ ਉਸਦੇ ਕਾਰਡੀਨਲ ਆਏ, ਗੋਡਿਆਂ ਭਾਰ ਮੂਸਾ ਦੀ ਪੇਂਟਿੰਗ ਅੱਗੇ ਝੁਕਦਿਆਂ ਪੋਪ ਨੇ ਕਿਹਾ - ਇੱਕੋ ਪੇਂਟਿੰਗ ਤੁਹਾਨੂੰ ਸਦਾ ਸਜੀਵ ਰੱਖੇਗੀ ਮਾਈਕਲ, ਇੱਕੋ ਨਾਲ ਅਮਰ ਹੋ ਗਿਐਂ, ਪਰ ਅਸੀਂ ਆਦਮੀ ਹੋਣ ਕਰਕੇ ਲਾਲਚੀ ਹਾਂ, *ਡੇ ਆਫ਼ ਜੱਜਮੈਂਟ* ਵੀ ਪੂਰੀ ਕਰੋ।

ਤੋਮਾਸੋ ਨਾਮ ਦਾ ਰੋਮਨ ਜੁਆਨ ਤਿੰਨ ਸਾਲ ਪਹਿਲਾਂ ਉਸਨੂੰ ਮਿਲਿਆ ਸੀ, ਉਦੋਂ ਉਸਦੀ ਉਮਰ 22 ਸਾਲ ਦੀ ਸੀ। ਇਹੋ ਜਿਹਾ ਸੁਹਣਾ, ਲੰਮਾ ਤੇ ਸੁਡੌਲ, ਜਿਵੇਂ ਮਾਰਬਲ ਵਿੱਚੋਂ ਘੜਿਆ ਹੋਵੇ। ਬੁੱਤਤ੍ਰਾਸ਼ੀ ਦਾ ਸ਼ੁਕੀਨ ਸੀ, ਮਾਈਕਲ ਨੂੰ ਉਸਤਾਦ ਧਾਰ ਕੇ ਸਿੱਖਣ ਆਇਆ ਸੀ। ਮਾਈਕਲ ਨੇ ਕਹਿ ਦਿੱਤਾ ਸੀ - ਹਾਲੇ ਦੋ ਸਾਲ ਰੁਕ ਜਾ। ਮੇਰਾ ਕੰਮ ਏਨੇ ਜ਼ੋਰਾਂ 'ਤੇ ਹੈ ਕਿ ਮੈਂ ਤੇਰੀ ਸਿਖਲਾਈ ਵੱਲ ਧਿਆਨ ਨਹੀਂ ਦੇ ਸਕਾਂਗਾ। ਤਿੰਨ ਸਾਲ ਬਾਦ ਹੁਣ 25 ਸਾਲ ਦਾ ਸੀ ਤਾਂ ਹੋਰ ਸੁਹਣਾ ਹੋ ਗਿਆ। ਰੋਮ ਵਿੱਚੋਂ ਦੋਵੇਂ ਇਕ ਦੂਜੇ ਦੇ ਮੁਰਸ਼ਦ ਤੇ ਮੁਰੀਦ ਹੋ ਗਏ। ਤੋਮਾਸੋ ਨੇ ਆਪਣੇ ਮੁਰਸ਼ਦ ਨੂੰ ਵਰਕਸ਼ਾਪ ਦਿਖਾਈ। ਅੱਧਾ ਦਿਨ ਇਨਕਮ-ਟੈਕਸ ਅਫ਼ਸਰ ਵਜੋਂ ਨੌਕਰੀ ਕਰਦਾ ਸੀ, ਅੱਧਾ ਦਿਨ ਬੁੱਤਤ੍ਰਾਸ਼ੀ ਤੇ ਪੇਂਟਿੰਗ। ਉਸ ਦੇ ਕੰਮ ਵਿਚ ਸਫ਼ਾਈ ਸੀ, ਸਮਕਾਲੀ ਰਾਜਨੀਤੀ ਦੀ ਵੀ ਉਸਨੂੰ ਸਮਝ ਸੀ।

ਇਕ ਦਿਨ ਤੋਮਾਸੋ ਨੇ ਦੱਸਿਆ - ਬਾਦਸ਼ਾਹ ਚਾਰਲਸ ਪੰਜਵਾਂ ਪੋਪ ਨੂੰ ਮਿਲਣ ਆਏਗਾ। ਪਹਿਲੋਂ ਬੀਬੀ ਵਿਟੋਰੀਆ ਦੀ ਹਵੇਲੀ ਉਤਾਰਾ ਹੋਵੇਗਾ। ਆਪਾਂ ਉਥੇ ਜਾਵਾਂਗੇ।

- ਤੁਸੀਂ ਇਸ ਬੀਬੀ ਨੂੰ ਜਾਣਦੇ ਹੋ ?

- ਹਾਂ ਉਸਤਾਦ। ਦੇਰ ਤੋਂ। ਉਸਦਾ ਜਰਨੈਲ ਪਤੀ ਵਿਆਹ ਤੋਂ ਥੋੜ੍ਹੇ ਦਿਨਾਂ ਬਾਦ ਯੁੱਧ ਲੜਨ ਗਿਆ ਮਾਰਿਆ ਗਿਆ ਸੀ। ਬਸ ਸਾਧਵੀਆਂ ਵਰਗਾ ਜੀਵਨ ਬਿਤਾ ਰਹੀ ਹੈ। ਕਵਿਤਾ ਲਿਖਦੀ ਹੈ। ਤੁਹਾਡਾ ਸਤਿਕਾਰ ਕਰਦੀ ਹੈ। ਮੈਂ ਈ ਉਸਨੂੰ ਸੁਝਾਅ ਦਿੱਤਾ ਸੀ ਕਿ ਬਾਦਸ਼ਾਹ ਦੀ ਵਿਜ਼ਿਟ ਵਕਤ ਮਾਈਕਲਏਂਜਲੋ ਨੂੰ ਸੱਦਾ ਦੇਣਾ ਠੀਕ ਰਹੇਗਾ। ਉਹਨੇ ਖ਼ੁਸ਼ ਹੋ ਕੇ ਮੇਰੇ ਰਾਹੀਂ ਇਸ ਐਤਵਾਰ ਤੁਹਾਨੂੰ ਸੱਦਿਆ ਹੈ। ਇਸ ਪਰਿਵਾਰ ਨਾਲ ਬਾਦਸ਼ਾਹ ਦੇ ਪੁਰਾਣੇ ਨਿੱਘੇ ਪਰਿਵਾਰਕ ਸੰਬੰਧ ਹਨ। ਇਸ ਮਿਲਾਪ ਰਾਹੀਂ ਆਪਾਂ ਫਲੋਰੈਂਸ ਸ਼ਹਿਰ ਬਾਰੇ ਵੀ ਕੁਝ ਕਰਵਾ ਸਕਾਂਗੇ।

ਮਾਈਕਲ ਹਵੇਲੀ ਵਿਚ ਗਿਆ ਤਾਂ ਅੱਧੀ ਦਰਜਨ ਬੰਦਿਆਂ ਵਿਚ ਬੈਠੀ ਵਿਟੋਰੀਆ ਨੇ ਉੱਠ ਕੇ ਸਵਾਗਤ ਕੀਤਾ। ਪੰਜਾਹ ਕੁ ਸਾਲਾਂ ਦੀ ਇਹ ਔਰਤ ਏਨੀ ਸੁਹਣੀ ਹੋਵੇਗੀ ... ਮਾਈਕਲ ਦੇਖਦਾ ਰਹਿ ਗਿਆ। ਨੀਲੀਆਂ ਅੱਖਾਂ, ਲੰਮੇ ਸੁਨਹਿਰੀ ਵਾਲ, ਤਰਾਸ਼ੇ ਨੈਣ ਨਕਸ਼, ਦੁਪਹਿਰ ਦੇ ਸੂਰਜ ਵਰਗਾ ਚੁੰਧਿਆ ਦੇਣ ਵਾਲਾ ਚਿਹਰਾ।

- ਤੁਸੀਂ ਸਾਡੇ ਪੁਰਾਣੇ ਮਿੱਤਰ ਹੋ ਮਾਈਕਲ, ਤੁਹਾਡੇ ਆਰਟ ਨੇ ਦੇਰ ਪਹਿਲਾਂ ਤੁਹਾਨੂੰ ਇਸ ਘਰ ਦਾ ਮੈਂਬਰ ਬਣਾ ਦਿੱਤਾ ਸੀ।

- ਮੇਰੇ ਆਰਟ ਦੀ ਕਿਸਮਤ ਮੇਰੀ ਕਿਸਮਤ ਨਾਲੋਂ ਚੰਗੀ ਹੈ ਵਿਟੋਰੀਆ।

- ਤੁਹਾਨੂੰ ਰੱਬ ਨੇ ਸ਼ਾਨਦਾਰ ਕੰਮ ਵਾਸਤੇ ਚੁਣਿਆ ਹੈ ਮਾਈਕਲ।

ਇਸ ਮੁਲਾਕਾਤ ਨੇ ਮਾਈਕਲ ਨੂੰ ਹਿਲਾ ਦਿੱਤਾ, ਉਹ ਵਿਟੋਰੀਆ ਨਾਲ ਇਕੱਲਿਆਂ ਗੱਲ ਕਰਨ ਦਾ ਇੱਛੁਕ ਸੀ, ਪਰ ਉਹ ਇਕੱਲੀ ਹੁੰਦੀ ਹੀ ਨਹੀਂ ਸੀ। ਕਦੀ ਕਦਾਈਂ ਆਪਣੀਆਂ ਕਵਿਤਾਵਾਂ ਭੇਜ ਦਿੰਦੀ। ਉਨ੍ਹਾਂ ਕਵਿਤਾਵਾਂ ਵਿਚ ਅਜਿਹੀ ਭਾਵਨਾ ਹੁੰਦੀ ਸੀ ਜਿਵੇਂ ਕੋਈ ਰੂਹ ਪਿੰਜਰੇ ਵਿਚ ਕੈਦ ਹੈ ਪਰ ਕੈਦ ਤੋਂ ਮੁਕਤ ਹੋਣ ਦੀ ਇੱਛੁਕ ਨਹੀਂ। ਬਾਦ ਵਿਚ ਪਤਾ ਲੱਗਾ ਕਿ ਉੱਨੀ ਸਾਲ ਦੀ ਉਮਰ ਵਿਚ ਇਸਦਾ ਵਿਆਹ ਹੋਇਆ। ਉਸਦਾ ਜਰਨੈਲ ਪਤੀ ਵਿਟੋਰੀਆ ਨਾਲ ਨਹੀਂ ਕਿਸੇ ਹੋਰ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ, ਕਿਸੇ ਯੁੱਧ ਵਿਚ ਨਹੀਂ ਮਰਿਆ। ਉਹ ਯੁੱਧ ਦਾ ਬਹਾਨਾ ਘੜ ਕੇ ਸਰਹੱਦ ’ਤੇ ਚਲਾ ਗਿਆ। ਸਰਹੱਦੋਂ ਪਾਰ ਦੁਸ਼ਮਣ ਨਾਲ ਵੀ ਰਾਬਤਾ ਰੱਖਣ ਲੱਗਾ, ਡਬਲ ਜਸੂਸੀ ਕਰਨ ਲੱਗਾ ਤਾਂ ਖਾਣੇ ਵਿਚ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ ਤੇ ਖ਼ਬਰ ਪੁਚਾ ਦਿੱਤੀ ਕਿ ਯੁੱਧ ਲੜਦਿਆਂ ਮਾਰਿਆ ਗਿਆ। ਵਿਟੋਰੀਆ ਦੀ ਸ਼ਾਇਰੀ ਵਾਸਤਵ ਵਿਚ ਪਿਆਰ ਵਿਰੁੱਧ ਨਫ਼ਰਤ ਸੀ। ਹੁਣ ਮਾਈਕਲ ਜੋ ਮਰਜ਼ੀ ਸੋਚੇ, ਉਹ ਦੂਜੀ ਵਾਰ ਕਿਸੇ ਮਰਦ ਉਪਰ ਇਤਬਾਰ ਨਹੀਂ ਕਰੇਗੀ। ਇਹੀ ਕਾਰਨ ਸੀ ਕਿ ਚਰਚ ਵਿਚ ਸਾਧਵੀ ਦਾ ਜੀਵਨ ਬਤੀਤ ਕਰ ਰਹੀ ਸੀ। ਇਸ ਵਕਤ ਮਾਈਕਲ ਦੀ ਉਮਰ ਸੱਠ ਸਾਲ ਹੋ ਗਈ ਸੀ।

ਪੋਪ ਪਾਲ ਨੇ ਮਾਈਕਲ ਦੀ ਸੁਰੱਖਿਆ ਵਾਸਤੇ ਫ਼ੁਰਮਾਨ ਜਾਰੀ ਕੀਤਾ - ਮਾਈਕਲਏਂਜਲੋ ਵੈਟੀਕਨ ਦਾ ਬੁੱਤਤ੍ਰਾਸ਼, ਪੇਂਟਰ ਅਤੇ ਇਮਾਰਤਸਾਜ਼ ਹੈ। ਉਸਨੂੰ ਤਾ ਉਮਰ ਪੋਪ ਵਲੋਂ ਪੈਨਸ਼ਨ ਮਿਲਦੀ ਰਹੇਗੀ। ਪਿਛਲੇ ਪੰਦਰਾਂ ਸਾਲਾਂ ਤੋਂ ਇਹ ਰੁਤਬਾ ਅਨਟੋਨੀਓ ਕੋਲ ਸੀ ਜੋ ਹੁਣ ਖੁੱਸ ਗਿਆ। ਇਥੋਂ ਸਾਜ਼ਸ਼ਾਂ ਦਾ ਦੌਰ ਚੱਲ ਪਿਆ। ਮਾਈਕਲ ਨੂੰ ਧਮਕੀਆਂ ਮਿਲਣ ਲੱਗੀਆਂ।

ਬਾਦਸ਼ਾਹ, ਪੋਪ ਨੂੰ ਮਿਲਣ ਆਇਆ, ਪੋਪ ਨੇ ਸ਼ਾਨਦਾਰ ਸਵਾਗਤ ਕੀਤਾ। ਬਾਦਸ਼ਾਹ ਨੇ ਵਿਟੋਰੀਆ ਦੀ ਹਵੇਲੀ ਸੁਨੇਹਾ ਭੇਜਿਆ ਕਿ ਪੋਪ ਦੇ ਮਹਿਲ ਵਿਚ ਆ ਜਾਓ, ਇਥੇ ਮਿਲਾਂਗੇ। ਵਿਟੋਰੀਆ ਮਾਈਕਲਏਂਜਲੋ ਸਮੇਤ ਪੋਪ ਦੇ ਮਹਿਲ ਵਿਚ ਗਈ। ਜਦੋਂ

ਵਿਟੋਰੀਆ ਆਈ ਤੇ ਮਾਈਕਲ ਨਾਲ ਵਾਕਫ਼ੀ ਕਰਵਾਈ, ਬਾਦਸ਼ਾਹ ਨੇ ਖੜੇ ਹੋ ਕੇ ਸੁਆਗਤ ਕਰਦਿਆਂ ਕਿਹਾ - ਤੁਹਾਡੇ ਹੁਨਰ ਤੋਂ ਵਾਕਫ਼ ਹਾਂ ਮਾਈਕਲ, ਸੰਸਾਰ ਦੇ ਸ਼ਾਨਦਾਰ ਕਲਾਕਾਰ ਨੂੰ ਅੱਜ ਮਿਲਿਆ ਹਾਂ। ਮੈਂ ਕੁਝ ਕਰ ਸਕਦਾ ਹੋਵਾਂ ਤਾਂ ਦੱਸਣਾ। ਮਾਈਕਲ ਨੇ ਕਿਹਾ - ਹਾਂ ਸ੍ਰੀਮਾਨ, ਤੁਹਾਡੇ ਕਰਨ ਵਾਲਾ ਕੰਮ ਹੈ, ਮੇਰੀ ਫਲੋਰੈਂਸ ਨੂੰ ਦੁਸ਼ਟ ਹਾਕਮ ਤੋਂ ਸੁਰਖ਼ਰੂ ਕਰੋ।

- ਮੈਂ ਤੁਹਾਡੀ ਵਰਕਸ਼ਾਪ ਵਿਚ ਆਵਾਂਗਾ, ਉਥੇ ਫਲੋਰੈਂਸ ਵਿਚ, ਜਿਸ ਬਾਰੇ ਸੁਣਿਆ ਸੀ, ਉਹ ਕੰਮ ਅੱਖੀਂ ਦੇਖਾਂਗਾ। ਜਿਹੜਾ ਚਰਚ ਤੁਸੀਂ ਪੇਂਟਿੰਗਜ਼ ਨਾਲ ਸ਼ਿੰਗਾਰਿਆ, ਤੁਸੀਂ ਤੇ ਲਿਓਨਾਰਦੋ ਦ ਵਿੰਸੀ ਨੇ, ਉਸ ਵਿਚ ਆਪਣੀ ਸ਼ਾਹਜ਼ਾਦੀ ਦਾ ਵਿਆਹ ਕਰਾਂਗਾ। ਫਲੋਰੈਂਸ ਦਾ ਹਾਕਮ ਬਾਦਸ਼ਾਹ ਤੋਂ ਡਰਦਾ ਸੀ। ਉਸ ਵਾਸਤੇ ਇਸ ਸ਼ਹਿਰ ਵਿਚ ਬਾਦਸ਼ਾਹ ਦੀ ਦਖ਼ਲਅੰਦਾਜ਼ੀ ਖ਼ਤਰਨਾਕ ਸੀ। ਸ਼ਾਹਜ਼ਾਦੀ ਦਾ ਵਿਆਹ ਤਾਂ ਹੋਇਆ, ਪਰ ਭਾੜੇ ਦੇ ਬੰਦਿਆਂ ਤੋਂ ਉਸਦਾ ਪਤੀ ਕਤਲ ਕਰਵਾ ਦਿੱਤਾ। ਮਾਈਕਲ ਨੂੰ ਹੋਰ ਕੁਝ ਕਰਨ ਦੀ ਕੀ ਜ਼ਰੂਰਤ ? ਫਲੋਰੈਂਸ ਦਾ ਜ਼ਾਲਮ ਤੋਂ ਛੁਟਕਾਰਾ ਹੋ ਗਿਆ। ਹਾਕਮ ਕਿਧਰੇ ਭੱਜ ਗਿਆ।

ਇਕ ਦਿਨ ਵਿਟੋਰੀਆ ਨੇ ਮਾਈਕਲ ਨੂੰ ਕਿਹਾ - ਚਰਚ ਦੇ ਸੁਧਾਰਵਾਦੀ, ਪੋਪ ਦੇ ਅਤੇ ਤੇਰੇ ਖ਼ਿਲਾਫ਼ ਹਨ। ਨਾ ਉਨ੍ਹਾਂ ਨੂੰ ਪੋਪ ਦੀ ਸ਼ਾਨੋ-ਸ਼ੌਕਤ ਪਸੰਦ ਹੈ, ਨਾ ਸਿਆਸਤ ਵਿਚ ਉਸਦੀ ਰੁਚੀ। ਉਹ ਤੈਨੂੰ ਵੀ ਕਾਫ਼ਿਰ ਸਮਝਦੇ ਹਨ ਮਾਈਕਲ, ਤੇਰੀਆਂ ਪੇਂਟਿੰਗਜ਼ ਉਨ੍ਹਾਂ ਨੂੰ ਕੰਜਰਖ਼ਾਨਾ ਲੱਗਦੈ। ਜੇ ਕਿਤੇ ਉਹ ਤਾਕਤ ਵਿਚ ਆ ਗਏ, ਤੈਨੂੰ ਲੁਕ ਕੇ ਜਾਨ ਬਚਾਉਣੀ ਪਏਗੀ ਤੇ ਤੇਰੀਆਂ ਸਭ ਕਿਰਤਾਂ ਉਪਰ ਕੂਚੀ ਫੇਰ ਦੇਣਗੇ।

ਵਿਟੋਰੀਆ ਦੀਆਂ ਕਵਿਤਾਵਾਂ ਬਦਲੇ ਮਾਈਕਲ ਆਪਣੀਆਂ ਡ੍ਰਾਇੰਗਜ਼ ਭੇਜ ਦਿੰਦਾ। *ਲਾਸਟ ਜੱਜਮੈਂਟ* ਪੂਰੀ ਹੋਣ ਵਾਲੀ ਸੀ, ਬਿਨਾਂ ਇਤਲਾਹ ਕੀਤਿਆਂ ਪੋਪ ਚਰਚ ਵਿਚ ਆ ਗਿਆ, ਪੇਂਟਿੰਗ ਦੇਖੀ ਤਾਂ ਦੇਖਦਾ ਰਹਿ ਗਿਆ। ਮਾਈਕਲ ਨੂੰ ਅਸੀਸਾਂ ਦਿੱਤੀਆਂ, ਗੋਡਿਆਂ 'ਤੇ ਝੁਕ ਕੇ ਆਰਟ ਨੂੰ ਸਜਦਾ ਕਰਦਿਆਂ ਕਿਹਾ - ਤੇਰੇ ਕਰਕੇ ਮੈਨੂੰ ਯਾਦ ਕਰਿਆ ਕਰਨਗੇ ਲੋਕ, ਮੈਂ ਤੇਰਾ ਅਹਿਸਾਨਮੰਦ ਹਾਂ ਮਾਈਕਲਏਂਜਲੋ।

ਪਰ ਆਲੋਚਕ ਆਖ ਰਹੇ ਸਨ - ਚਰਚ ਵਿਚ ਆਰਟ ਰਾਹੀਂ ਕੁਕਰਮ ਹੋ ਰਿਹਾ ਹੈ। ਪੁੰਨੀਆਂ ਅਤੇ ਪਾਪੀਆਂ ਵਿਚਕਾਰ ਫ਼ਰਕ ਨਹੀਂ ਦਿਸਦਾ। ਨੰਗੇ ਚਿੱਤਰ ਕਿਉਂ ਬਣਾਏ ਹਨ ? ਬੀਗੋ ਨੇ ਪੋਪ ਨੂੰ ਕਿਹਾ - ਉਹ ਚਿੱਤਰ ਨੰਗੇ ਕਿਉਂ ਹਨ ਹੋਲੀ ਫਾਦਰ ? ਪੋਪ ਨੇ ਕਿਹਾ - ਆਪਾਂ ਨੰਗੇ ਜੰਮੇ। ਜਦੋਂ ਰੱਬ ਦੇ ਦਰਬਾਰ ਵਿਚ ਪੇਸ਼ ਹੋਵਾਂਗੇ ਉਦੋਂ ਨੰਗੇ ਜਾਵਾਂਗੇ।

ਬੀਗੋ ਨੇ ਗ਼ੁੱਸੇ ਵਿਚ ਕਿਹਾ - ਇਕ ਦਿਨ ਇਨ੍ਹਾਂ ਪੇਂਟਿੰਗਜ਼ ਦਾ ਭੋਗ ਪੈ ਜਾਣੈ।

- ਮੈਂ ਉਸਨੂੰ ਛੇਕ ਦਿਆਂਗਾ ਜਿਸਨੇ ਇਧਰ ਉਂਗਲ ਉਠਾਈ, ਪੋਪ ਨੇ ਕਿਹਾ।

ਬੀਗੋ ਨੇ ਕਿਹਾ - ਦੇਖੋ ਫਾਦਰ ਇਸ ਪੇਂਟਿੰਗ ਵਿਚ ਮਾਈਕਲ ਨੇ ਮੇਰਾ ਮਖ਼ੌਲ ਉਡਾਇਆ ਹੈ, ਇਸ ਸੱਪ ਦੇ ਨੈਣ ਨਕਸ਼ ਮੇਰੇ ਵਰਗੇ ਬਣਾ ਦਿੱਤੇ, ਦੇਖੋ ਇਹ ਕੀ ਕੜ੍ਹੀ ਘੋਲੀ ਹੈ ਇਸ ਨੇ।

ਮਾਈਕਲ ਨੇ ਕਿਹਾ - ਤੈਨੂੰ ਯਾਦ ਤਾਂ ਕਰਨਾ ਹੀ ਸੀ। ਜੇ ਤੈਨੂੰ ਨੰਗਾ ਖੜ੍ਹਾ ਕਰ ਦਿੰਦਾ ਪੇਂਟਿੰਗ ਵਿਚ, ਫੇਰ ਜ਼ਿਆਦਾ ਬੇਇਜ਼ਤੀ ਸੀ। ਮੈਂ ਤਾਂ ਤੇਰੀ ਇੱਜ਼ਤ ਹੀ ਕੀਤੀ ਹੈ।

ਬੀਗੋ ਗੱਜਿਆ - ਹੋਲੀ ਫਾਦਰ, ਇਹਨੂੰ ਕਹੋ ਮੈਨੂੰ ਇਥੋਂ ਹਟਾ ਦੇਵੇ।

ਪੋਪ ਨੇ ਕਿਹਾ - ਨਰਕ ਵਿੱਚੋ ? ਨਰਕ ਵਿੱਚੋਂ ਤੈਨੂੰ ਕੌਣ ਬਾਹਰ ਕੱਢੇਗਾ ? ਤੈਨੂੰ

ਇਸਨੇ ਪਿੰਜਰੇ ਵਿਚ ਬੰਦ ਕੀਤਾ ਹੁੰਦਾ, ਮੈਂ ਰਿਹਾ ਕਰਵਾ ਦਿੰਦਾ, ਨਰਕ ਵਿੱਚੋਂ ਕੌਣ ਕਿਸੇ ਨੂੰ ਕੱਢ ਸਕਿਐ ?

ਵਿਟੋਰੀਆ ਦਾ ਸੁਨੇਹਾ ਆਇਆ - ਮਿਲੋ। ਮਾਈਕਲ ਚਲਾ ਗਿਆ। ਦੱਸਿਆ - ਮੈਂ ਚਰਚ ਵਿਚ ਸੁਧਾਰਾਂ ਦੀ ਹਮਾਇਤੀ ਹਾਂ ਮਾਈਕਲ। ਕਾਰਡੀਨਲ ਨੇ ਮੈਨੂੰ ਵੈਟੀਕਨ ਤੋਂ ਬਾਹਰ ਨਿਕਲ ਜਾਣ ਦਾ ਹੁਕਮ ਦਿੱਤੈ।

- ਕਿਥੇ ਜਾਓਗੇ ਫੇਰ ਤੁਸੀਂ ?

- ਵਿਟਰਬੋ, ਸੰਤ ਕੈਥਰੀਨ ਦੇ ਆਸ਼ਰਮ ਵਿਚ। ਤੇਰੀ *ਲਾਸਟ ਜੱਜਮੈਂਟ* ਦੇਖਣੀ ਸੀ। ਪਤਾ ਨਹੀਂ ਕਦੋਂ ਦੇਖਾਂਗੀ। ਉਦਾਸ ਮਾਈਕਲ ਨੇ ਅਲਵਿਦਾ ਕਹੀ ਤੇ ਵਾਪਸ ਤੁਰ ਪਿਆ।

25 ਦਸੰਬਰ, 1541, ਕ੍ਰਿਸਮਿਸ ਦੇ ਦਿਨ ਪੋਪ ਨੇ *ਲਾਸਟ ਜੱਜਮੈਂਟ* ਪਬਲਿਕ ਵਾਸਤੇ ਖੋਲ੍ਹੀ ਤਾਂ ਰੋਮ ਕੰਬ ਗਿਆ। ਪਾਦਰੀਆਂ, ਪੇਂਟਰਾਂ, ਅਫ਼ਸਰਾਂ, ਆਮ ਨਾਗਰਿਕਾਂ ਨਾਲ ਹਾਲ ਖੱਚਾ-ਖੱਚ ਭਰਿਆ ਹੋਇਆ। ਮਾਈਕਲ ਨੇ ਧਿਆਨ ਨਾਲ ਦੇਖਿਆ - ਉਸਦੇ ਦੁਸ਼ਮਣਾਂ ਵਿੱਚੋਂ ਕੋਈ ਨਹੀਂ ਆਇਆ।

ਵਿਰੋਧੀ ਲਾਮਬੰਦ ਹੋਣ ਲੱਗੇ, ਸੰਤ ਬਰਨਾਰਦਿਨੋ ਨੇ ਪੋਪ ਨੂੰ ਲਿਖਿਆ - ਜਿਥੇ ਚਰਚ ਵਿਚ ਬਾਈਬਲ ਦੇ ਭਜਨਾਂ ਦਾ ਕੀਰਤਨ ਹੋਵੇ, ਉਥੇ ਅਸ਼ਲੀਲ ਤਸਵੀਰਾਂ ਕਿੰਨੀਆਂ ਸ਼ਰਮਸਾਰ ਕਰਦੀਆਂ ਹਨ।

ਵਿਟੋਰੀਆ ਖ਼ਤ ਲਿਖਣੋਂ ਹਟ ਗਈ। ਮਾਈਕਲ ਨੇ ਕਾਰਨ ਪੁੱਛਿਆ, ਪੱਤਰ ਆਇਆ, ਜੇ ਆਪਾਂ ਖ਼ਤੋ-ਖ਼ਿਤਾਬਤ ਬੰਦ ਨਾ ਕੀਤਾ ਤਾਂ ਮੈਨੂੰ ਕੈਥਰੀਨ ਆਸ਼ਰਮ ਵਿੱਚੋਂ ਤੇ ਤੈਨੂੰ ਰੋਮ ਵਿੱਚੋਂ ਕੱਢ ਦੇਣਗੇ।

- ਤੂੰ ਪੱਥਰ ਦਿਲ ਹੈਂ ਵਿਟੋਰੀਆ। ਮਾਈਕਲ ਨੇ ਲਿਖਿਆ।

- ਮੈਂ ਹਮਦਰਦ ਹਾਂ ਮਾਈਕਲ। ਤੇਰੇ ਸੁਰੱਖਿਅਤ ਭਵਿੱਖ ਵਾਸਤੇ ਚਿੰਤਾਤੁਰ।

- ਜੀਵਨ ਜ਼ਾਲਮ ਹੈ ਵਿਟੋਰੀਆ, ਪਿਆਰ ਇੱਕੋ ਸਹਾਰਾ ਹੈ ਬੰਦੇ ਦਾ।

- ਨਹੀਂ, ਮਾਈਕਲ ਪਿਆਰ ਅਤੇ ਜ਼ੁਲਮ ਇੱਕੋ ਚੀਜ਼ ਦੇ ਦੋ ਨਾਮ ਹਨ। ਮੈਂ ਤੈਨੂੰ ਇਸ ਜ਼ੁਲਮ ਤੋਂ ਬਚਾਇਆ ਹੈ। ਦੇਖ ਰਿਹੈਂ ਕਿੰਨੀ ਛੇਤੀ ਬੁੱਢੀ ਹੋ ਗਈ ਆਂ ? ਇਹੀ ਹਾਲ ਤੇਰਾ ਹੋਣਾ ਸੀ। ਤੂੰ ਬਚੇਂਗਾ, ਤੂੰ ਅਜੇ ਹੋਰ ਕੰਮ ਕਰਨੇ ਹਨ। ਮੈਂ ਕੀ ਕਰਨੈਂ ? ਵੈਟੀਕਨ ਤੋਂ ਖਿਮਾ ਮੰਗਣ ਆਈ ਹਾਂ ਕਿ ਸੁਧਾਰਵਾਦੀਆਂ ਨਾਲ ਰਲਣਾ ਮੇਰੀ ਗ਼ਲਤੀ ਸੀ।

- ਇਹ ਤੈਨੂੰ ਕੀ ਹੋਇਐ ਵਿਟੋਰੀਆ ?

- ਮੈਂ ਮਰਨ ਤੋਂ ਪਹਿਲਾਂ ਅਤੇ ਮੌਤ ਤੋਂ ਬਾਦ ਸ਼ਾਂਤ ਰਹਿਣਾ ਚਾਹੁੰਦੀ ਹਾਂ, ਧਰਮ ਤੋਂ ਬਗ਼ਾਵਤ ਕਰ ਕੇ ਅਜਿਹਾ ਨਹੀਂ ਹੋ ਸਕਦਾ। ਤੇਰੇ ਦਿਲ 'ਤੇ ਕਦੀ ਬੋਝ ਪਵੇ, ਤੂੰ ਵੀ ਖਿਮਾ ਮੰਗੀਂ। ਆਦਮਜ਼ਾਤ ਖਿਮਾ ਮੰਗਣ ਲਈ ਪੈਦਾ ਹੋਈ ਹੈ ਮਾਈਕਲ।

- ਮੈਂ ਕੋਈ ਅਲ੍ਹੂਆਂ ਛੋਕਰਾ ਨਹੀਂ ਵਿਟੋਰੀਆ, ਜਿਵੇਂ ਮੈਨੂੰ ਕਿਸੇ ਗੱਲ ਦੀ ਸਮਝ ਨਾ ਹੋਵੇ, ਮੈਂ ਤੇਰੇ ਤੋਂ ਉਮਰ ਅਤੇ ਅਨੁਭਵ ਵਿਚ ਵੱਡਾ ਹਾਂ। ਤੂੰ ਮੈਨੂੰ ਚੰਗੀ ਲੱਗੀ ਸੀ, ਕੋਈ ਕਾਰਨ ਸੀ ਇਸਦਾ। ਮਿਲਾਪ ਨਾਲ ਸਾਡੇ ਦੋਹਾਂ ਦਾ ਮਾਰੂਥਲ ਹਰਾ ਹੋ ਸਕਦਾ ਸੀ।

- ਬਹੁਤ ਪੁਰਾਣੇ ਜ਼ਖ਼ਮ ਤੇਰੇ ਬੋਲਾਂ ਨਾਲ ਕੁਝ ਰਾਜ਼ੀ ਹੋਏ ਮਾਈਕਲ। ਚੰਗਾ, ਹੁਣ ਖ਼ੁਦਾ ਹਾਫ਼ਿਜ਼। ਇਹ ਆਖ ਕੇ ਉਹ ਆਸ਼ਰਮ ਦੀ ਬਿਲਡਿੰਗ ਵੱਲ ਚੱਲ ਪਈ।

ਮਾਈਕਲ ਆਪਣੇ ਜੁਆਨ ਸਾਥੀ ਤੋਮਾਸੋ ਨਾਲ ਨਿਰੰਤਰ ਕੰਮ ਵਿਚ ਜੁਟਿਆ

ਰਹਿੰਦਾ। ਕਦਮ ਡਗਮਗਾਉਣ ਲੱਗ ਪਏ ਸਨ ਪਰ ਹੱਥਾਂ ਵਿਚ ਹਥੌੜੀ ਤੇ ਛੈਣੀ ਫੜ ਲੈਂਦਾ ਤਾਂ ਲੱਗਦਾ ਜੁਆਨ ਹੈ। ਇਕ ਦਿਨ ਪੋਪ ਨੇ ਕਿਹਾ - ਸੰਤ ਪੀਟਰ ਦਾ ਚਰਚ ਵੀ ਤਿਆਰ ਕਰਨੈ ਮਾਈਕਲ। ਮਾਈਕਲ ਹੱਸ ਪਿਆ - ਅਬਰਾਹਮ ਵਾਂਗ ਮੇਰੀ ਉਮਰ 175 ਸਾਲ ਹੁੰਦੀ, ਇਹ ਵੀ ਕਰ ਦਿੰਦਾ। ਦੇਖੋ ਤਾਂ ਸਹੀ ਮੇਰੀ ਉਮਰ।

ਪੋਪ ਨੇ ਕਿਹਾ - ਮੇਰੀ ਉਮਰ 78 ਸਾਲ ਹੈ, ਮੈਂ ਅਜੇ ਠੀਕ ਹਾਂ, ਸੋ 78 ਸਾਲ ਤੱਕ ਤਾਂ ਉਮਰ ਦੀ ਗੱਲ ਨਾ ਕਰੀਂ।

ਇਕ ਦਿਨ ਵਿਟੋਰੀਆ ਨੂੰ ਮਿਲਣ ਗਿਆ, ਕਮਜ਼ੋਰ ਹੋ ਗਈ ਸੀ। ਦੱਸਿਆ - ਬੱਸ ਹੁਣ ਤਾਂ ਮਾਮੂਲੀ ਕੰਮ ਰਹਿ ਗਿਐ, ਸੰਤ ਪੀਟਰ ਦਾ ਮਕਬਰਾ।

- ਹਾਂ, ਇਹ ਤਾਂ ਮਾਮੂਲੀ ਜਿਹੀ ਪੜਛੱਤੀ ਹੀ ਹੋਵੇਗੀ ਨਾ ਮਾਈਕਲ, ਤਾਂ ਕਿ ਸੰਤ ਦੀ ਕਬਰ 'ਤੇ ਕਣੀਆਂ ਨਾ ਡਿੱਗਣ।

ਦੋਵੇਂ ਹੱਸ ਪਏ - ਤੈਨੂੰ ਹੱਸਦੀ ਦੇਖ ਕੇ ਮੈਂ ਖ਼ੁਸ਼ ਹਾਂ ਵਿਟੋਰੀਆ।

- ਹਾਂ ਮਾਈਕਲ, ਮੈਂ ਖ਼ੁਸ਼ ਹਾਂ ਕਿਉਂਕਿ ਰੱਬ ਨਾਲ ਮਿਲਾਪ ਨੇੜੇ ਆ ਗਿਐ।

- ਤੈਨੂੰ ਮਰਨਾ ਚੰਗਾ ਲੱਗਦੈ ? ਯਾਨੀ ਕਿ ਜਿਹੜੇ ਤੈਨੂੰ ਪਿਆਰ ਕਰਦੇ ਨੇ, ਉਨ੍ਹਾਂ ਨੂੰ ਦੁਖੀ ਕਰਨਾ ਵਧੀਆ ਕੰਮ ਹੈ ? ਤੁਸੀਂ ਸਵਾਰਥੀ ਹੋ ਵਿਟੋਰੀਆ। ਵਿਟੋਰੀਆ ਨੇ ਮਾਈਕਲ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਕਿਹਾ - ਮੈਂ ਕਿਸੇ ਭੁਲੇਖੇ ਵਿਚ ਨਹੀਂ। ਮੈਨੂੰ ਨਹੀਂ ਮਿਲਿਆ ਸੀ, ਤੂੰ ਉਦੋਂ ਵੀ ਸ਼ਾਨਦਾਰ ਸੀ। ਮੈਂ ਨਾ ਰਹੀ, ਤੂੰ ਬਾਦ ਵਿਚ ਵੀ ਸ਼ਾਨਦਾਰ ਰਹੇਂਗਾ। ਮੇਰੀ ਹਾਜ਼ਰੀ ਜਾਂ ਗ਼ੈਰ-ਹਾਜ਼ਰੀ ਤੇਰੇ ਵਾਸਤੇ ਬੇਮਾਇਨੇ ਹੈ। ਕੀ ਮੈਂ ਜਾਣਦੀ ਨਹੀਂ ਕਿ ਮਾਰਬਲ ਤੋਂ ਬਿਨਾਂ ਤੈਨੂੰ ਕਿਸੇ ਹੋਰ ਨਾਲ ਇਸ਼ਕ ਨਹੀਂ, ਹੋ ਈ ਨੀਂ ਸਕਦਾ, ਹੋ ਜਾਂਦਾ, ਫੇਰ ਤੂੰ ਮਾਈਕਲਏਂਜਲੋ ਕਿਵੇਂ ਹੁੰਦਾ ?

ਹਫ਼ਤੇ ਬਾਦ ਵਿਟੋਰੀਆ ਦੀ ਸਿਹਤ ਠੀਕ ਨਾ ਹੋਣ ਦੀ ਖ਼ਬਰ ਮਿਲੀ। ਮਿਲਣ ਗਿਆ। ਹਕੀਮ ਨੇ ਦੱਸਿਆ - ਬੇਹੋਸ਼ ਹੈ। ਕੱਲ੍ਹ ਨੂੰ ਸੂਰਜ ਚੜ੍ਹਦਾ ਨਹੀਂ ਦੇਖੇਗੀ। ਅਗਲੇ ਦਿਨ ਦਫ਼ਨ ਕਰਨ ਵਾਸਤੇ ਪੁੱਜਾ। ਉਸਦੀ ਲਾਸ਼ ਉਸ ਨਾਲੋਂ ਜਵਾਨ ਲੱਗੀ। ਇਸ ਤਰ੍ਹਾਂ ਦਿਸੀ ਮਾਈਕਲ ਨੂੰ ਜਿਵੇਂ ਪਹਿਲੇ ਦਿਨ ਦਿਸੀ ਸੀ। ਸਬੂਤ ਮਿਲ ਗਿਆ - ਉਸ ਨੂੰ ਜੀਵਨ ਨਾਲੋਂ ਮੌਤ ਵਧੀਕ ਚੰਗੀ ਲੱਗਦੀ ਸੀ। ਜਿਹੜੀ ਗੱਲ ਮਾਈਕਲ ਨੂੰ ਚੰਗੀ ਨਹੀਂ ਲੱਗੀ, ਉਹ ਇਹ ਕਿ ਰਵਾਇਤ ਅਨੁਸਾਰ ਉਸਨੂੰ ਆਪਣੇ ਪਤੀ ਦੀ ਕਬਰ ਨੇੜੇ ਦਫ਼ਨ ਕੀਤਾ ਜਾਏਗਾ ... ਅਗਲੇ ਸੰਸਾਰ ਵਿਚ ... ਸਾਰੇ ਸੰਸਾਰਾਂ ਵਿਚ ਇਕੱਠੇ ਰਹਿਣ। ਮਾਈਕਲ ਦਾ ਦਿਲ ਕੀਤਾ - ਇਸ ਨੂੰ ਮੇਰੀ ਕਬਰ ਨੇੜੇ ਯਾਨੀ ਕਿ ਮੈਨੂੰ ਇਸ ਦੇ ਲਾਗੇ ਦਫ਼ਨ ਹੋਣਾ ਚਾਹੀਦਾ ਸੀ ... ਪਰ ਇਹ ਕਿਵੇਂ ਹੋ ਸਕਦਾ ਹੈ ?

ਦੂਰ ਦੂਰ ਤੋਂ ਉਸਨੂੰ ਠੇਕੇ ਮਿਲਣ ਲੱਗੇ। ਨਕਸ਼ੇ ਬਣਾ ਕੇ ਆਪਣੇ ਵਿਦਿਆਰਥੀਆਂ ਨੂੰ ਭੇਜ ਦਿੰਦਾ, ਘੋੜੇ 'ਤੇ ਸਵਾਰ ਹੋ ਕੇ ਦੌਰਾ ਕਰਦਾ। ਸੇਧਾਂ ਦਿੰਦਾ। ਪੇਂਟਿੰਗ ਕਰਦਾ ਥੱਕ ਜਾਂਦਾ ਤਾਂ ਪੱਥਰ ਤ੍ਰਾਸ਼ਦਾ। ਆਪਣੀ ਕਬਰ ਉਪਰ ਜੜਨ ਵਾਲਾ ਕਰਾੱਸ ਘੜਨ ਲੱਗਿਆ। ਇਸ ਉਪਰ ਆਦਮ ਦਾ ਸੁਰਗ ਵਿੱਚੋਂ ਕੱਢਿਆ ਜਾਣਾ ਉਕਰਨਾ ਸੀ - ਦ ਫਾੱਲ।

ਸਿਹਤ ਠੀਕ ਨਾ ਰਹਿੰਦੀ, ਤਬੀਅਤ ਠੀਕ ਨਾ ਹੋਣ ਕਾਰਨ ਤਲਖ਼ੀ, ਖਿਝ ਸੁਭਾਵਿਕ ਸੀ। ਇਕ ਦਿਨ ਤੋਮਾਸੋ ਨੂੰ ਕਿਹਾ - ਮੈਂ ਇਸ ਤਰ੍ਹਾਂ ਦਾ ਝਗੜਾਲੂ ਇਸ ਕਰਕੇ ਹੋ ਗਿਆਂ ਕਿਉਂਕਿ ਸੱਤਰਿਆ-ਬਹੱਤਰਿਆ ਹੋ ਗਿਆਂ ? ਤੋਮਾਸੋ ਨੇ ਕਿਹਾ - ਨਹੀਂ, ਤੁਹਾਡਾ

ਬਚਪਨ ਦਾ ਦੋਸਤ ਗ੍ਰਾਂਸੀ ਦੱਸਿਆ ਕਰਦੈ, ਤੁਸੀਂ ਬਚਪਨ ਵਿਚ ਵੀ ਇਸੇ ਤਰ੍ਹਾਂ ਦੇ ਸਉ। ਸਾਰੇ ਖ਼ੂਬ ਹੱਸੇ। ਮਾਈਕਲ ਨੇ ਗ੍ਰਾਂਸੀ ਨੂੰ ਦੋ ਤਿੰਨ ਗਾਲ੍ਹਾਂ ਦਾ ਪ੍ਰਸ਼ਾਦ ਦਿੱਤਾ।

ਪੋਪ ਪਾਲ ਦੀ ਮੌਤ ਬਾਦ ਕਾਰਡੀਨਲ ਸੁਵਨੀ (Cerveni) ਪੋਪ ਪਾਲ ਚੌਥਾ ਚੁਣਿਆ ਗਿਆ। ਉਹ ਬਹੁਤ ਬਦਤਮੀਜ਼ ਬਦਮਿਜ਼ਾਜ਼ ਬੰਦਾ ਸੀ। ਅਕਸਰ ਕਿਹਾ ਕਰਦਾ ਸੀ - ਮੈਨੂੰ ਤਾਂ ਖ਼ੁਦ ਨਹੀਂ ਪਤਾ ਮੇਰੇ ਵਰਗੇ ਬੰਦੇ ਨੂੰ ਕਿਵੇਂ ਚੁਣ ਲਿਆ। ਇਸ ਦਾ ਮਤਲਬ ਇਹ ਹੋਇਆ ਨਾ, ਕਿ ਇਹ ਰੱਬ ਦਾ ਫ਼ੈਸਲਾ ਹੈ। ਬੰਦੇ ਤਾਂ ਮੈਨੂੰ ਨਫ਼ਰਤ ਕਰਦੇ ਹਨ।

ਇਹ ਉਨ੍ਹਾਂ ਲੋਕਾਂ ਦਾ ਪ੍ਰਤਿਨਿਧ ਸੀ ਜਿਹੜੇ ਆਰਟ ਦੇ ਦੁਸ਼ਮਣ ਸਨ। ਬਹੁਤ ਸਾਰੇ ਲੋਕਾਂ ਨੇ ਮਾਈਕਲ ਨੂੰ ਕਿਹਾ - ਦੌੜ ਜਾਹ, ਵਿਰੋਧੀਆਂ ਨੂੰ ਜਿਊਂਦਿਆਂ ਅੱਗ ਦੇ ਭਾਂਬੜਾਂ ਵਿਚ ਸੁੱਟ ਰਹੇ ਸਨ। ਮਾਈਕਲ ਨਹੀਂ ਮੰਨਿਆ, ਤਾਂ ਕੀ ? ਜੋ ਕਰਨੈ ਕਰਨ। ਮਾਈਕਲ ਨੂੰ ਪੋਪ ਨੇ ਬੁਲਾਇਆ, ਕਿਹਾ - ਅਫ਼ਸੋਸ ਮਾਈਕਲ, ਕੌਂਸਲ ਤੇਰੇ ਕੰਮ ਕਾਜ ਨੂੰ ਕੁਫ਼ਰ ਸਮਝ ਕੇ ਮਿਟਾਣਾ ਚਾਹੁੰਦੀ ਹੈ। ਤੇਰੇ ਕੰਮ ਦਾ ਪੂਰਨ ਸਫ਼ਾਇਆ।

- ਤੇ *ਲਾਸਟ ਜੱਜਮੈਂਟ* ਵੀ ਹੋਲੀ ਫਾਦਰ ?

- ਹਾਂ, ਉਹ ਵੀ ਕੁਫ਼ਰ ਹੈ। ਆਹ ਦੇਖ ਤੇਰੇ ਆਰਟ ਵਿਰੁੱਧ ਖ਼ਤਾਂ ਦਾ ਬੰਡਲ। ਸਾਧੂਆਂ ਸੰਤਾਂ ਅਤੇ ਸ਼ਹੀਦਾਂ ਦੇ ਨਜ਼ਦੀਕ ਨੰਗੇ ਚਿੱਤਰ ਨਹੀਂ ਬਣਾਈਦੇ ਮਾਈਕਲ, ਤੈਨੂੰ ਇੰਨਾ ਕੁ ਵੀ ਪਤਾ ਨਹੀਂ ? ਇਹ ਸ਼ੈਤਾਨੀਅਤ ਹੈ।

- ਤਾਂ ਫੇਰ ਸਭ ਕੁਝ ਖ਼ਤਮ ?

- ਨਹੀਂ ਮਾਈਕਲ। ਕੰਧ ਰਹਿਣ ਦਿਆਂਗੇ। ਪਹਿਲੀਆਂ ਪੇਂਟਿੰਗਜ਼ 'ਤੇ ਸਫ਼ੈਦ ਰੰਗ ਫੇਰ ਦਿਆਂਗੇ। ਉਸ ਉਪਰ ਦੁਬਾਰਾ ਅਕਲਮੰਦੀ ਨਾਲ ਕੁਝ ਚੱਜ ਦਾ ਬਣਾ ਦੇਈਂ। ਗ਼ਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਜੋ ਹੋਇਆ ਸੋ ਹੋਇਆ। ਤੈਨੂੰ ਸਜ਼ਾ ਵੀ ਹੋ ਸਕਦੀ ਹੈ। ਪਰ ਅਸੀਂ ਤੇਰੀ ਪ੍ਰਤਿਭਾ ਤੋਂ ਵਾਕਫ਼ ਹਾਂ। ਸੋ ਰਹਿਮ ਕਰਦੇ ਹਾਂ।

ਮਾਈਕਲ ਦੇ ਹਮਾਇਤੀਆਂ ਨੇ ਰੋਮਨਾਂ ਨੂੰ ਸਮਝਾਉਣ ਦੀ ਮੁਹਿੰਮ ਚਲਾ ਦਿੱਤੀ। ਬਹੁਤ ਵੱਡੀ ਗਿਣਤੀ ਮਾਈਕਲ ਦੇ ਆਰਟ ਨੂੰ ਪਿਆਰ ਕਰਨ ਵਾਲੀ ਸੀ। ਕੁਝ ਦਿਨਾਂ ਬਾਦ ਮਾਈਕਲ ਦਾ ਪੇਂਟਰ ਦੋਸਤ ਡੇਨੀ ਆਇਆ, ਬੜੇ ਉਤਸ਼ਾਹ ਵਿਚ, ਖ਼ੁਸ਼। ਕਹਿਣ ਲੱਗਾ - ਬਚਾਅ ਹੋ ਗਿਆ ਮਾਈਕਲ। ਪਬਲਿਕ ਦਾ ਦਬਾਅ ਤੇਰੇ ਹੱਕ ਵਿਚ ਬਣ ਗਿਐ। ਨਵਾਂ ਪੋਪ ਇਹ ਗੱਲ ਮੰਨ ਗਿਐ ਕਿ ਬਾਕੀ ਠੀਕ ਹੈ, ਨੰਗੇ ਚਿੱਤਰਾਂ ਦੇ ਕੱਪੜੇ ਪੁਆ ਦਿਉ। ਲਾਸਟ ਜੱਜਮੈਂਟ ਬਚ ਗਈ ਮਾਈਕਲ।

ਮਾਈਕਲ ਆਪਣੀ ਕੁਰਸੀ ਉਪਰ ਡਿੱਗ ਪਿਆ, ਕਿਹਾ - ਹੁਣ ਮੈਂ ਪੌੜੀ 'ਤੇ ਚੜ੍ਹ ਕੇ ਕੱਪੜੇ ਪਹਿਨਾਣ ਲੱਗ ਜਾਵਾਂ ?

- ਨਹੀਂ ਮਾਈਕਲ। ਅਸੀਂ ਤੈਨੂੰ ਕੋਈ ਕਸ਼ਟ ਨਹੀਂ ਦਿਆਂਗੇ। ਕੱਪੜੇ ਪਾਣ ਦਾ ਕੰਮ ਤਾਂ ਮੈਂ ਕਰ ਦਿਆਂਗਾ। ਮੇਰੇ ਕੋਲ ਇਸ ਤਰ੍ਹਾਂ ਦੇ ਰੰਗ ਨੇ ਜਿਹੜੇ ਲੱਗਦੇ ਪੱਕੇ ਨੇ ਪਰ ਕੱਚੇ ਨੇ। ਮੈਂ ਕੱਚੇ ਰੰਗਾਂ ਨਾਲ ਕੰਮ ਕਰ ਦਿਆਂਗਾ। ਇਹ ਪੋਪ ਤਾਂ ਚਾਰ ਦਿਨ ਦੇ ਮਹਿਮਾਨ ਹੁੰਦੇ ਨੇ। ਤੇਰਾ ਆਰਟ ਹਜ਼ਾਰਾਂ ਸਾਲਾਂ ਤੱਕ ਰਹੇਗਾ। ਤੇਰਾ ਮਹਾਨ ਆਰਟ ਬਚਾਣਾ ਵੀ ਤਾਂ ਹੈ ਈ ਨਾ। ਇਨ੍ਹਾਂ ਦੇ ਲੱਕ ਦੁਆਲੇ ਪਰਨੇ ਬੰਨ੍ਹ ਦਿਆਂਗਾ।

- ਮੈਂ ਸਾਰੀ ਉਮਰ ਆਦਮੀ ਦੀ ਖ਼ੂਬਸੂਰਤੀ ਤਲਾਸ਼ਦਾ ਰਿਹਾ, ਪਹਿਲਾਂ ਪੇਂਟ ਰਾਹੀਂ ਉਤਾਰੀ, ਫਿਰ ਮਾਰਬਲ ਵਿਚ। ਹੁਣ ਫਿਰ ਬਦਸੂਰਤੀ ਬਣ ਗਈ ਹੈ, ਸ਼ਰਮਨਾਕ, ਅਸ਼ਲੀਲ। ਅੰਧਕਾਰ ਵਿੱਚੋਂ ਮੈਂ ਚਾਨਣ ਵਿਚ ਲੈ ਕੇ ਗਿਆ ਸਾਂ ਮਨੁੱਖਤਾ ਨੂੰ, ਪਰ ਮਨੁੱਖਤਾ ਦੁਬਾਰਾ ਅੰਧਕਾਰ ਵਿਚ ਪਰਤਣ ਦੀ ਇੱਛੁਕ ਹੈ ਇਸ ਦੀ ਮਰਜ਼ੀ।

- ਫ਼ਿਕਰ ਨਾ ਕਰ ਮਾਈਕਲ ਪਿਆਰੇ, ਇਸ ਪੋਪ ਦੇ ਮਰਨ ਸਾਰ ਮੇਰੇ ਵਲੋਂ ਲਪੇਟੇ ਪਰਨੇ ਉੱਡ ਜਾਣਗੇ, ਇੱਕੋ ਬੁੱਲੇ ਨਾਲ।

82 ਸਾਲ ਦੀ ਉਮਰ ਵਿਚ ਗੁਰਦੇ ਦੀਆਂ ਪੱਥਰੀਆਂ ਦੇ ਦਰਦ ਨੇ ਆ ਘੇਰਿਆ। ਇਕ ਇਕ ਘੰਟਾ ਡੰਗ ਮਾਰਦਾ ਦਰਦ ਹੁੰਦਾ। ਸੇਂਟ ਪੀਟਰ ਦੇ ਮਕਬਰੇ ਨੂੰ ਉਹ ਉਥੇ ਤੱਕ ਉਸਾਰਨਾ ਚਾਹੁੰਦਾ ਸੀ ਜਿਥੇ ਬਾਦ ਵਿਚ ਕੋਈ ਇਮਾਰਤਸਾਜ਼ ਉਸਦਾ ਬੁਨਿਆਦੀ ਢਾਂਚਾ ਬਦਲ ਨਾ ਸਕੇ। ਉਸ ਉਪਰ ਗੁੰਬਦ ਹੋਏਗਾ। ਅਸਮਾਨ ਦਾ ਗੁੰਬਦ ਧਰਤੀ ਦੀ ਹੱਦ ਨੂੰ ਛੂੰਹਦਾ ਲੱਗਦਾ ਹੈ ਪਰ ਜਿਵੇਂ ਜਿਵੇਂ ਤੁਸੀਂ ਦੂਰ ਤੁਰਦੇ ਜਾਉ, ਹੱਦ ਹੋਰ ਪਰ੍ਹੇ ਹਟਦੀ ਜਾਂਦੀ ਹੈ। ਇਵੇਂ ਸੰਤ ਪੀਟਰ ਦਾ ਗੁੰਬਦ ਹੋਏਗਾ, ਦਰਸ਼ਕ ਪ੍ਰਤੀਤ ਕਰੇਗਾ ਉਹ ਅਨੰਤ ਹੈ, ਉਸਦੀਆਂ ਹੱਦਾਂ ਤੱਕ ਅਪੜਨਾ ਅਸੰਭਵ ਹੈ। ਇਹ 335 ਫ਼ੁੱਟ ਉੱਚਾ ਹੋਏਗਾ।

ਆਰਟ ਦਾ ਦੁਸ਼ਮਣ ਪੋਪ ਪਾਲ ਚੌਥਾ ਅਚਾਨਕ ਮਰ ਗਿਆ। ਲੋਕਾਂ ਨੇ ਰੱਬ ਦੇ ਸ਼ੁਕਰਾਨੇ ਦੇ ਜਲੂਸ ਕੱਢੇ। ਉਸਦਾ ਬੁੱਤ ਤੋੜ ਕੇ ਗਲੀਆਂ ਵਿਚ ਸਿਰ ਭਾਰ ਘਸੀਟਿਆ ਤੇ ਦਰਿਆ ਵਿਚ ਸੁੱਟ ਆਏ। ਬਹੁਤ ਸਾਰੇ ਬੰਦੀ, ਜਿਨ੍ਹਾਂ ਨੂੰ ਕਾਫ਼ਰ ਐਲਾਨ ਕੇ ਅੱਗ ਵਿਚ ਸਾੜਨਾ ਸੀ, ਰਿਹਾਅ ਕੀਤੇ ਗਏ। ਪੋਪ ਪਾਇਸ ਚੌਥਾ ਚੁਣ ਲਿਆ ਗਿਆ, 62 ਸਾਲ ਦਾ ਇਹ ਸੰਤੁਲਿਤ ਵਿਅਕਤੀ ਕਾਨੂੰਨ-ਸ਼ਾਸਤਰੀ ਸੀ। ਨਿਮਰਤਾ, ਸ਼ਾਂਤੀ ਦਾ ਮਾਹੌਲ ਸਿਰਜਿਆ ਗਿਆ, ਸਾਰੇ ਯੌਰਪ ਵਿਚ ਸ਼ਾਂਤੀ। ਮਾਈਕਲਏਂਜਲੋ ਦੀ ਟੀਮ ਜੋਸ਼ ਵਿਚ ਕਾਰਜਸ਼ੀਲ ਹੋ ਗਈ। ਨਵੇਂ ਮਾਹੌਲ ਵਿਚ ਸਿਰਜਣਾ ਸ਼ਕਤੀ ਪਰਤ ਆਈ।

ਇਕ ਦਿਨ ਖਲੋਤਾ ਕੰਮ ਵਿਚ ਮਗਨ ਸੀ ਕਿ ਅੱਖਾਂ ਅੱਗੇ ਹਨੇਰਾ ਛਾ ਗਿਆ। ਸਹਿਜੇ ਦੇਣੀ ਬੈਠ ਗਿਆ। ਫਿਰ ਲੇਟ ਗਿਆ। ਕਾਰੀਗਰਾਂ ਨੇ ਮੰਜੇ 'ਤੇ ਲਿਟਾ ਦਿੱਤਾ। ਅੱਖਾਂ ਖੋਲ੍ਹੀਆਂ, ਖੱਬੀ ਬਾਂਹ ਅਤੇ ਖੱਬੀ ਲੱਤ ਸੁੰਨ ਸਨ। ਜਦੋਂ ਉਸਨੇ ਕਿਹਾ ਤਮਾਸੋ ਨੂੰ ਬੁਲਾਓ ਤਾਂ ਜੀਭ ਲੜਖੜਾਈ। ਤਮਾਸੋ ਹਕੀਮ ਸਮੇਤ ਆ ਗਿਆ। ਬਕਬਕੀ ਦਵਾਈ ਪਿਲਾਈ ਤੇ ਕਿਹਾ - ਆਰਾਮ ਕਰੋ, ਆਰਾਮ ਸਭ ਠੀਕ ਕਰ ਦਿਆ ਕਰਦੈ।

- ਆਰਾਮ ਕਰਨ ਨਾਲ ਬੁਢੇਪੇ ਦਾ ਇਲਾਜ ਨਹੀਂ ਹੋਇਆ ਕਰਦਾ, ਡਾਕਟਰ।

- ਮੈਂ ਇਥੇ ਰਹਾਂਗਾ ਉਸਤਾਦ, ਜਦੋਂ ਤੱਕ ਸੌਂ ਨਹੀਂ ਜਾਂਦੇ ਇਥੇ ਹਾਂ, ਤਮਾਸੋ ਨੇ ਕਿਹਾ। ਅੱਧੀ ਰਾਤ ਉਸਦੀ ਅੱਖ ਖੁੱਲ੍ਹੀ। ਆਲੇ-ਦੁਆਲੇ ਸਭ ਸੁੱਤੇ ਪਏ ਦੇਖੇ। ਉੱਠਿਆ, ਸਿਰਦਰਦ ਖ਼ਤਮ, ਮੋਮਬੱਤੀ ਬਾਲੀ, ਪੱਥਰ ਤ੍ਰਾਸ਼ਣ ਲੱਗਾ, ਸਵੇਰ ਹੁੰਦਿਆਂ ਤਮਾਸੋ ਅੰਦਰ ਆਇਆ ਤਾਂ ਹੱਸ ਪਿਆ - ਓ ਰੱਬਾ, ਮੈਂ ਕਿਸ ਹਾਲਤ ਵਿਚ ਰਾਤੀਂ ਛੱਡ ਕੇ ਗਿਆ ਸੀ, ਮੁੜ ਓਹੀ ਠੱਕ ਠੱਕ ਫੇਰ? ਆਰਾਮ ਨਹੀਂ ਕਰ ਹੁੰਦਾ ਉਸਤਾਦ?

- ਮੇਰੇ ਨੱਕ ਵਾਸਤੇ ਮਾਰਬਲ ਦੀ ਖ਼ੁਸ਼ਬੂ, ਮੇਰੇ ਮੱਥੇ ਵਾਸਤੇ ਮਾਰਬਲ ਦੀ ਧੂੜ ਤੇ ਮੇਰੇ ਪੈਰਾਂ ਉਪਰ ਮਾਰਬਲ ਦੀਆਂ ਚਿੱਪਰਾਂ ਦਿਨ ਰਾਤ ਡਿੱਗੀ ਜਾਣ ਤਾਂ ਮੈਂ ਚੈਨ ਵਿਚ ਰਹਾਂ ਤਮਾਸੋ। ਮਾਰਬਲ ਦੀ ਛੁਹ ਨਾ ਹੋਵੇ ਤਾਂ ਮੇਰਾ ਦਮ ਘੁਟਣ ਲੱਗਦੈ।

- ਪਰ ਹਕੀਮ ਕਹਿ ਕੇ ਗਿਐ ਆਰਾਮ ਜ਼ਰੂਰੀ ਹੈ।

- ਅਗਲੇ ਜਹਾਨ ਵਿਚ ਆਰਾਮ ਹੀ ਆਰਾਮ ਹੈ ਤਮਾਸੋ।

ਸਾਰਾ ਦਿਨ ਕੰਮ ਕਰਦੇ ਰਹੇ। ਸ਼ਾਮ ਦਾ ਖਾਣਾ ਖਾ ਕੇ ਸੌਂ ਗਏ। ਉਸਨੂੰ ਨੀਂਦ ਨਾ ਆਈ। ਆਪਣਾ ਕਰਾੱਸ ਮੁਕੰਮਲ ਕਰ ਚੁੱਕਾ ਸੀ, ਹੁਣ ਆਪਣਾ ਬੁੱਤ ਮੁਕੰਮਲ ਕਰਨਾ ਸੀ। ਛਿਲਤਰਾਂ ਉੱਡਦੀਆਂ ਰਹੀਆਂ। ਆਖ਼ਰ ਮੰਜੀ 'ਤੇ ਡਿੱਗ ਪਿਆ। ਜਦੋਂ ਅੱਖਾਂ ਖੋਲ੍ਹੀਆਂ, ਕਮਰਾ ਕਾਰੀਗਰ ਦੋਸਤਾਂ ਨਾਲ ਭਰਿਆ ਹੋਇਆ ਸੀ। ਦਰਸ਼ਕ ਮਾਈਕਲ ਦਾ

ਬੁੱਤ ਦੇਖ ਰਹੇ ਸਨ, ਮਾਈਕਲ ਸੋਚ ਰਿਹਾ ਸੀ - ਆਦਮੀ ਗੁਜ਼ਰ ਜਾਂਦਾ ਹੈ ਉਸਦਾ ਕੰਮ ਉਸਨੂੰ ਜਿਊਂਦਾ ਰੱਖਦਾ ਹੈ।

ਉਸਦਾ ਦਿਲ ਕੀਤਾ ਘੋੜੇ 'ਤੇ ਸਵਾਰ ਹੋ ਕੇ ਆਪਣੀਆਂ ਕਿਰਤਾਂ ਨੂੰ ਆਖ਼ਰੀ ਵਾਰ ਦੇਖ ਆਵੇ। ਯਤਨ ਕੀਤਾ, ਘੋੜੇ 'ਤੇ ਚੜ੍ਹਿਆ ਨਾ ਗਿਆ। ਇਕ ਇਕ ਕਰਕੇ ਲੋਕ ਮਿਲਣ ਆਉਣ ਲੱਗੇ, ਜਿਨ੍ਹਾਂ ਨੂੰ ਮਿਲਣ ਦੀ ਆਗਿਆ ਨਾ ਮਿਲੀ, ਉਹ ਗੁਲਦਸਤੇ, ਗਿਫ਼ਟਾਂ ਰੱਖ ਜਾਂਦੇ। ਮਾਈਕਲ ਬੁੜਬੁੜਾਇਆ - ਮੇਰਾ ਪਿਤਾ 90ਵਾਂ ਜਨਮ ਦਿਨ ਮਨਾ ਕੇ ਵਿਦਾ ਹੋਇਆ, ਉਸ ਹਿਸਾਬ ਮੇਰੇ ਅਜੇ ਇਕ ਸਾਲ ਦੋ ਹਫ਼ਤੇ ਬਾਕੀ ਪਏ ਨੇ। ਕਾਹਲੀ ਕਿਉਂ ?

ਤਮਾਸੋ ਨੇ ਪੁੱਛਿਆ - ਘੋੜੇ 'ਤੇ ਨਹੀਂ ਚੜ੍ਹਿਆ ਗਿਆ ਤਾਂ ਕੀ ? ਰੱਥ ਵਿਚ ਬਿਠਾ ਕੇ ਰਾਊਂਡ ਲਵਾ ਦਈਏ ?

ਮਾਈਕਲ ਨੇ ਕਿਹਾ - ਜੀਵਨ ਭਾਗਾਂ ਵਾਲਾ ਰਿਹਾ, ਰੱਬ ਨੇ ਮੇਰਾ ਕੰਮ ਰੁਕਣ ਨਹੀਂ ਦਿੱਤਾ। ਮੈਂ ਮਾਰਬਲ ਨੂੰ ਪਿਆਰ ਕੀਤਾ, ਪੇਂਟ ਨੂੰ ਪਿਆਰ ਕੀਤਾ। ਇਮਾਰਤਸਾਜ਼ੀ ਅਤੇ ਸ਼ਾਇਰੀ ਨੂੰ ਪਿਆਰ ਕੀਤਾ। ਪਰਿਵਾਰ, ਦੋਸਤਾਂ ਅਤੇ ਰੱਬ ਨੂੰ ਪਿਆਰ ਕੀਤਾ। ਸੁਰਗ ਅਤੇ ਨਰਕ ਨੂੰ ਇੰਨਾ ਪਿਆਰ ਕੀਤਾ ਕਿ ਪੱਥਰਾਂ ਵਿਚ, ਰੰਗਾਂ ਵਿਚ, ਦੋਵੇਂ ਧਰਤੀ 'ਤੇ ਉਤਾਰ ਦਿੱਤੇ। ਮੈਂ ਜੀਵਨ ਨੂੰ ਇੰਨਾ ਪਿਆਰ ਕੀਤਾ ਫਿਰ ਮੌਤ ਨੂੰ ਪਿਆਰ ਕਿਵੇਂ ਨਾ ਕਰਾਂ ? ਮੇਰਾ ਪਹਿਲਾ ਸਰਪ੍ਰਸਤ ਫਲੋਰੈਂਸ ਦਾ ਲੋਰੈਂਜ਼ੋ ਸੰਤੁਸ਼ਟ ਹੈ ਕਿ ਉਸਨੇ ਮੇਰੇ ਤੋਂ ਜੋ ਉਮੀਦ ਰੱਖੀ, ਖਰਾ ਉਤਰਿਆ ਹਾਂ, ਮਾਰੂ ਸ਼ਕਤੀਆਂ ਤਬਾਹ ਹੋਈਆਂ, ਸਿਰਜਣ ਸ਼ਕਤੀਆਂ ਵਿਜਈ ਹੋਈਆਂ। ਤਮਾਸੋ, ਮੈਨੂੰ ਮੇਰੇ ਪਰਿਵਾਰ ਨਾਲ ਸਾਂਤਾ ਕਰੋਚੇ ਵਿਚ ਦਫ਼ਨ ਕਰਨਾ।

- ਪਰ ਪੋਪ ਨੇ ਚਾਹਿਆ ਹੈ ਤੁਹਾਡੇ ਆਪਣੇ ਪਿਆਰੇ ਸੰਤ ਪੀਟਰ ਵਿਚ ?

- ਨਹੀਂ ਤੋਮਾਸੋ, ਆਰਾਮ ਤਾਂ ਬੰਦਾ ਆਪਣੇ ਪਰਿਵਾਰ ਵਿਚ ਹੀ ਕਰੇਗਾ ਨਾ। ਮੈਨੂੰ ਫਲੋਰੈਂਸ ਵਿਚ ਦਫ਼ਨ ਕਰਿਓ। ਠੀਕ ਹੈ ਤਮਾਸੋ ?

- ਠੀਕ ਹੈ। ਅੰਤਿਮ ਇੱਛਾ ਉਸਤਾਦ ? ਵਸੀਅਤ ?

- ਵਸੀਅਤ ? ਰੂਹ ਰੱਬ ਦੇ ਨਾਮ, ਜਿਸਮ ਧਰਤੀ ਦੇ ਨਾਮ ਤੇ ਮੇਰੀਆਂ ਕਿਰਤਾਂ ਸੰਸਾਰ ਦੇ ਨਾਮ। ਚੰਗਾ ਤੋਮਾਸੋ, ਸ਼ੁਕਰਾਨਾ। ਥੱਕ ਗਿਆ ਹਾਂ। ਹੁਣ ਆਰਾਮ ਕਰਨ ਦੇਹ।

ਤੋਮਾਸੋ ਨੇ ਮੱਥੇ ਨੂੰ ਚੁੰਮਿਆ। ਆਪਣੇ ਆਪ ਉਪਰ ਜ਼ਬਰਦਸਤ ਕਾਬੂ ਪਾਈ ਰੱਖਿਆ। ਅੱਖਾਂ ਖ਼ਾਲੀ ਸਨ ਬੇਸ਼ੱਕ, ਪਰ ਖੁੱਲ੍ਹੀਆਂ ਸਨ। ਬਚਪਨ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਦ੍ਰਿਸ਼ ਅੱਖਾਂ ਅੱਗੇ ਘੁੰਮ ਗਏ ... ਪਿਤਾ ਦੀਆਂ, ਉਸਤਾਦਾਂ ਦੀਆਂ ਝਿੜਕਾਂ, ਕਲਾਕਾਰਾਂ ਦੀ ਈਰਖਾ ਦੇ ਨਾਲ ਨਾਲ ਮਿਹਰਬਾਨ ਲੋਰੈਂਜ਼ੋ, ਕੰਟੈਸਿਨਾ, ਚੰਗੇ ਮਾੜੇ ਹੁਕਮਰਾਨ, ਚੰਗੇ ਮਾੜੇ ਪੋਪ, ਵਿਟੋਰੀਆ ... ਅਖ਼ੀਰ ਸੰਤ ਪੀਟਰ। ਸੰਤ ਪੀਟਰ ਦਾ ਧਿਆਨ ਆਉਂਦਿਆਂ ਉਸਨੇ ਆਖ਼ਰੀ ਸਾਹ ਲਿਆ, ਸੰਸਾਰ ਤੋਂ ਆਰਾਮ ਨਾਲ ਰੁਖ਼ਸਤ ਹੋਇਆ।

ਏ. ਸਟੋਕਸ ਦੀ ਕਿਤਾਬ *ਮਾਈਕਲਏਂਜਲੋ : ਏ ਸਟਡੀ ਇਨ ਦੀ ਨੇਚਰ ਆਫ਼ ਆਰਟ* ਰੁਟਲਿਜ ਨੇ ਲੰਡਨ ਤੋਂ 1955 ਵਿਚ ਛਾਪੀ, ਅਸੀਂ ਇਸ ਦੀ 2002 ਵਾਲੀ ਐਡੀਸ਼ਨ ਦਾ ਸਹਾਰਾ ਲਿਆ। ਇਹ ਕਿਤਾਬ ਮੁੱਲਵਾਨ ਹੈ ਕਿਉਂਕਿ ਸਟੋਕਸ ਨੇ ਨਾ ਕੇਵਲ ਮਾਈਕਲ ਦੀ ਬੁੱਤਤ੍ਰਾਸ਼ੀ ਅਤੇ ਪੇਂਟਿੰਗ ਦਾ ਮੁਲਾਂਕਣ ਕਲਾ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਸਗੋਂ ਮਾਈਕਲ ਦੀ ਕਾਵਿ-ਕਲਾ ਦਾ ਵਿਸਥਾਰ ਵੀ ਦਿੱਤਾ ਹੈ। ਮਿਹਨਤ ਉਪਰ ਕਿੰਤੂ ਪਰੰਤੂ

ਨਹੀਂ ਪਰ ਪੱਛਮ ਦਾ ਦਿਮਾਗ਼ ਸਹੀ ਦਿਸ਼ਾ ਵੱਲ ਜਾਣ ਦੀ ਥਾਂ ਕਾਮਵਾਸ਼ਨਾ ਵੱਲ ਦੌੜਦਾ ਹੈ, ਇਸ ਕਿਤਾਬ ਵਿਚ ਵੀ ਪ੍ਰਤੱਖ ਹੈ। ਮਾਈਕਲ ਆਪਣੀ ਕਵਿਤਾ ਦੇ ਇਕ ਬੰਦ ਵਿਚ ਆਖਦਾ ਹੈ -

ਖੰਭ ਹੁੰਦੇ ਤਾਂ ਫੈਲਾਅ ਕੇ ਉੱਡਦਾ,
ਤੇਰੇ ਤੱਕ ਅੱਪੜ ਜਾਂਦਾ,
ਅਫ਼ਸੋਸ ਅਜਿਹਾ ਨਹੀਂ ਹੈ।

ਸਟੋਕਸ ਇਸਦੇ ਅਰਥ ਕਰਦਾ ਹੈ ਕਿ ਇਹ ਬੁੱਢੇ ਮਾਈਕਲ ਦੀ ਕਾਮੁਕ ਨਿਰਬਲਤਾ ਦਾ ਸਬੂਤ ਹੈ। ਖੰਭਾਂ ਦੇ ਫੈਲਾਅ ਤੋਂ ਭਾਵ ਲਿੰਗ ਦੀ ਯੋਗਤਾ ਵੱਲ ਸੰਕੇਤ ਹੈ। ਸਾਡਾ ਆਮ ਪਾਠਕ ਸਦੀਆਂ ਤੋਂ ਲੋਕ-ਗੀਤਾਂ ਵਿਚ ਖੰਭਾਂ ਦਾ ਜ਼ਿਕਰ ਸੁਣਦਾ ਆਇਆ ਹੈ, ਗੁਰਬਾਣੀ ਦੇ ਵਾਕ ਹਨ:

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥

(ਸਲੋਕ ਮਹਲਾ ੫, ਪੰਨਾ 1426)

ਇਵੇਂ ਹੀ ਸਟੋਕਸ ਇਕ ਕਵਿਤਾ ਦਾ ਪਾਠ ਦਿੰਦਾ ਹੈ:

ਮੈਂ ਸੁੱਕੀ ਲੱਕੜ ਸਾਂ।
ਤੇਰੇ ਨਾਲ ਮਿਲਾਪ ਸਦਕਾ ਹਰਾ ਭਰਾ ਹੋ ਗਿਆ।

ਇਸ ਵਿਚ ਵੀ ਉਸ ਨੂੰ ਕਾਮਵਾਸ਼ਨਾ ਦਿਸਦੀ ਹੈ। ਸੁੱਕੀ ਲੱਕੜ, ਉਸ ਵਿਚ ਜਾਨ, ਯਾਨੀ ਕਿ ਕਾਮ। ਪੰਜਾਬੀ ਸਰੋਤਾ ਪੂਰਨ ਭਗਤ ਦਾ ਕਿੱਸਾ ਨਿਰੰਤਰ ਸੁਣਦਾ ਆਇਆ ਹੈ। ਪੂਰਨ ਭਗਤ ਦੇ ਸਿਆਲਕੋਟ ਵਿਚ ਆਉਣ ਦੀ ਖ਼ਬਰ ਸੁਣੀ ਤਾਂ ਮਾਂ ਇੱਛਰਾਂ ਦੇ ਸੁੱਕੇ ਬਾਗ਼ ਹਰੇ ਹੋ ਗਏ। ਇਥੇ ਅਵਚੇਤਨ ਵਿਚ ਵੀ ਕਿਧਰੇ ਕਾਮ ਦੀ ਭਾਵਨਾ ਪੈਦਾ ਨਹੀਂ ਹੁੰਦੀ। ਲੂਣਾ, ਕਾਮ ਦਾ ਚਿੰਨ੍ਹ ਹੋਣ ਕਰਕੇ ਪੰਜਾਬੀ ਮਨ ਨੂੰ ਪਸੰਦ ਨਹੀਂ। ਪੱਛਮੀ ਦਿਮਾਗ਼ ਇੱਕੋ ਦਿਸ਼ਾ ਵੱਲ ਸੇਧਿਆ ਹੋਇਆ ਹੈ ਜਿਸ ਵਿਚ ਸਟੋਕਸ ਲਗਾਤਾਰ ਉਲਝ ਰਿਹਾ ਹੈ।

ਮਾਈਕਲ 6 ਸਾਲ ਦਾ ਸੀ ਜਦੋਂ ਉਸਦੀ ਮਾਂ 1481 ਵਿਚ ਗੁਜ਼ਰ ਗਈ। ਸ਼ਾਗਿਰਦ ਕੰਡਿਵੀ (Condivi) ਨੇ ਮਾਈਕਲ ਦੇ ਜਿਊਂਦਿਆਂ ਉਸ ਦੀ ਜੀਵਨੀ 1553 ਵਿਚ ਛਪਵਾ ਦਿੱਤੀ ਸੀ ਜਿਸ ਵਿਚ ਲਿਖਦਾ ਹੈ - ਮਾਈਕਲ ਦੱਸਿਆ ਕਰਦਾ ਸੀ ਕਿ ਸੇਤੀਆਨੋ ਆਬਾਦੀ ਵਿਚ ਮੇਰੀ ਪਰਵਰਿਸ਼ ਜਿਸ ਔਰਤ ਨੇ ਮਾਂ ਦੀ ਮੌਤ ਬਾਦ ਕੀਤੀ, ਉਹ ਬੁੱਤਤ੍ਰਾਸ਼ ਦੀ ਧੀ ਅਤੇ ਬੁੱਤਤ੍ਰਾਸ਼ ਦੀ ਪਤਨੀ ਸੀ। ਉਸ ਦਾ ਦੁੱਧ ਚੁੰਘਿਆ, ਉਸਦੇ ਹੱਥ ਦਾ ਪਕਾਇਆ ਖਾਣਾ ਖਾਧਾ, ਇਸ ਕਰਕੇ ਮੇਰੀਆਂ ਰਗਾਂ ਵਿਚ ਛੈਣੀ ਹਥੌੜੇ ਦੀਆਂ ਆਵਾਜ਼ਾਂ ਦਾ ਤੁਰਨਾ ਫਿਰਨਾ ਕੋਈ ਅਲੋਕਾਰ ਗੱਲ ਨਹੀਂ।

ਮਾਈਕਲ ਨੇ 73 ਸਾਲ ਦੀ ਉਮਰ ਵਿਚ ਆਪਣੇ ਭਤੀਜੇ ਨੂੰ ਖ਼ਤ ਲਿਖਿਆ - ਆਪਣੇ ਪਿੰਡ ਦੇ ਪਾਦਰੀ ਨੂੰ ਆਖੀਂ ਕਿ ਸਿਰਨਾਵੇਂ ਉਪਰ ਮੇਰਾ ਨਾਮ ਮਾਈਕਲਏਂਜਲੋ ਬੁੱਤਘਾੜਾ ਨਾ ਲਿਖਿਆ ਕਰੇ। ਮੇਰਾ ਨਾਮ ਮਾਈਕਲਏਂਜਲੋ ਬੂਨਾਰੋਟੀ ਹੈ। (ਬੂਨਾਰੋਟੀ ਉਸਦਾ ਖ਼ਾਨਦਾਨ ਸੀ, ਜਿਵੇਂ ਕੋਈ ਕਹੇ ਮੈਂ ਸੰਧਾਵਾਲੀਆ ਹਾਂ, ਮੈਂ ਸੱਯਦ ਹਾਂ, ਆਦਿਕ...।) ਨਾਲੇ ਉਹਨੂੰ ਕਹੀਂ ਮੈਂ ਭਾੜੇ ਦੇ ਕੰਮ ਨਹੀਂ ਕਰਦਾ, ਤਿੰਨ ਪੋਪਾਂ ਨਾਲ ਇਸ ਕਰਕੇ ਕੰਮ ਕੀਤਾ ਕਿਉਂਕਿ ਲਿਹਾਜ਼ ਸੀ। ਮੈਂ ਉਸ ਵਾਸਤੇ ਕੋਈ ਕੰਮ ਨਹੀਂ ਕਰਨਾ। ਮੈਂ ਆਪਣੇ ਖ਼ਾਨਦਾਨ ਦੀ ਗੁਆਚੀ ਸ਼ਾਨ ਬਹਾਲ ਕਰਾਂਗਾ।

ਉਸਨੇ ਆਪਣੇ ਭਰਾ ਨੂੰ ਲਿਖਿਆ - ਪਤਾ ਲੱਗੈ ਤੂੰ ਰੋਮ ਵਿਚ ਜਾ ਕੇ ਬੜੀ ਫ਼ਜ਼ੂਲ-ਖ਼ਰਚੀ ਕੀਤੀ। ਤੇਰੀ ਕਮਾਈ ਤਾਂ ਹੈ ਨਹੀਂ, ਫੇਰ ਇਹ ਸ਼ੇਖ਼ੀਖ਼ੋਰ ਵਰਤਾਉ ਕਿਸ ਵਾਸਤੇ ? ਮੇਰੇ ਸਿਰ 'ਤੇ ? ਤੈਨੂੰ ਇਸ ਗੱਲ ਦਾ ਪਤਾ ਨਹੀਂ ਮੈਂ ਕਿਸ ਹਾਲਤ ਵਿਚ ਰਹਿ ਕੇ ਤੁਹਾਨੂੰ ਪੈਸੇ ਭੇਜਦਾਂ ? ਉਸਦੇ ਭਤੀਜੇ ਨੇ ਇਕ ਵਾਰ ਲਿਖ ਦਿੱਤਾ ਕਿ ਜਿੰਨੇ ਪੈਸੇ ਤੂੰ ਭੇਜਦਾ ਹੈਂ, ਸਾਡਾ ਉਸ ਨਾਲ ਗੁਜ਼ਾਰਾ ਨਹੀਂ ਚੱਲਦਾ। ਮਾਈਕਲ ਨੇ ਉੱਤਰ ਦਿੱਤਾ - ਤੈਨੂੰ ਇਥੇ ਭੱਜ ਕੇ ਪੈਸੇ ਮੰਗਣ ਰੋਮ ਆਉਣ ਦੀ ਕੀ ਲੋੜ ਸੀ ? ਆ ਕੇ ਦੇਖ ਲਈ ਨਾ ਮੇਰੀ ਹਾਲਤ ? ਮੇਰੇ ਕੋਲ ਪੈਸੇ ਹੋਣ ਵੀ, ਤੇ ਮੈਂ ਤੈਨੂੰ ਦੇਣੇ ਵੀ ਚਾਹਾਂ, ਜੇ ਅਣਖ ਹੈ, ਤੈਨੂੰ ਨਹੀਂ ਲੈਣੇ ਚਾਹੀਦੇ। ਪਰ ਤੂੰ ਹੈਂ ਈ ਘੁਣ। ਮੇਰੀ ਹਾਲਤ ਦੇਖ ਕੇ ਤੈਨੂੰ ਚਾਹੀਦਾ ਸੀ ਆਖਦਾ - ਚਾਚਾ ਆਪ ਰੱਜਵੀਂ ਰੋਟੀ ਖਾ, ਪਹਿਨ, ਅਸੀਂ ਆਪਣਾ ਗੁਜ਼ਾਰਾ ਆਪ ਤੋਰਾਂਗੇ, ਬਥੇਰਾ ਲੈ ਲਿਆ ਤੁਹਾਥੋਂ। ਪਿੰਡ ਮੇਰੇ ਹਿੱਸੇ ਦੀ ਜ਼ਮੀਨ ਤੇ ਘਰ ਉਪਰ ਤੁਹਾਡਾ ਕਬਜ਼ਾ ਹੈ, ਮੈਂ ਕਦੀ ਦਾਅਵਾ ਨਹੀਂ ਜਤਾਇਆ। ਸਟੇਟ ਨੇ ਮੈਨੂੰ ਫਲੋਰੈਂਸ ਨਵਾਂ ਘਰ ਦੇ ਦਿੱਤਾ, ਤੁਸੀਂ ਉਸ ਉੱਤੇ ਕਾਬਜ਼ ਹੋ ਗਏ। ਹੁਣ ਰੋਮ ਵਿਚ ਵੀ ਮੇਰੇ ਗਲੋਂ ਨਹੀਂ ਲਹਿੰਦੇ। ਤੇ ਤੁਹਾਡੇ ਕੋਲ ਮੈਨੂੰ ਦੇਣ ਵਾਸਤੇ ਇਕ ਚੰਗਾ ਲਫ਼ਜ਼ ਤੱਕ ਨਹੀਂ।

ਮਹਿਲ ਅੰਦਰਲੀਆਂ ਗਤੀਵਿਧੀਆਂ ਦਾ ਪਤਾ ਲੱਗਣ ਸਾਰ ਆਪਣੇ ਘਰ ਸੁਨੇਹਾ ਭੇਜ ਦਿੰਦਾ - ਫਟਾ ਫਟ ਨਿਕਲ ਜਾਉ। ਜਾਨ ਬਚਣੀ ਚਾਹੀਦੀ ਹੈ। ਧਨ ਦੌਲਤ ਦਾ ਲਾਲਚ ਕਰ ਕੇ ਬੈਠੇ ਨਾ ਰਹਿਓ। ਧਨ ਦੌਲਤ ਮੈਂ ਹੋਰ ਦੇ ਦਿਆਂਗਾ। ਆਦਮੀ ਕੀਮਤੀ ਹੁੰਦਾ ਹੈ ਪੈਸਾ ਟਕਾ ਨਹੀਂ। ਮੇਰੇ ਵਾਸਤੇ ਇਕ ਪਾਸੇ ਸਾਰੇ ਸੰਸਾਰ ਦਾ ਸੋਨਾ ਹੋਵੇ ਦੂਜੇ ਪਾਸੇ ਤੁਸੀਂ, ਤੁਸੀਂ ਵਧੀਕ ਕੀਮਤੀ ਹੋ।

ਦੋ ਭਰਾਵਾਂ ਅਤੇ ਪਿਤਾ ਦੀ ਮੌਤ ਪਿੱਛੋਂ ਆਪਣੇ ਭਰਾ ਨੂੰ ਲਿਖਿਆ - ਭਰਾ ਨਾਲ ਪਿਆਰ, ਪਿਤਾ ਵੱਲ ਫ਼ਰਜ਼ ਨਿਭਾਇਆ। ਭਰਾ ਇਸ ਤਰ੍ਹਾਂ ਹਨ ਜਿਵੇਂ ਕੈਨਵਸ ਉਪਰ ਪੇਂਟਿੰਗ। ਪਿਤਾ ਮੇਰੀਆਂ ਯਾਦਾਂ ਵਿਚ ਤ੍ਰਾਸ਼ੇ ਹੋਏ ਸੁਹਣੇ ਬੁੱਤ ਵਾਂਗ ਹੈ, ਦਿਲ ਦੇ ਐਨ ਵਿਚਕਾਰ, ਪੁਰਾਤਨ ਪੱਥਰ ਵਰਗਾ, ਪਹਿਲੋਂ ਕਿਸੇ ਨੇ ਇਸ ਨੂੰ ਘੜਿਆ, ਫਿਰ ਇਹ ਮੈਨੂੰ ਘੜਨ ਲੱਗ ਪਿਆ, ਯਾਨੀ ਕਿ ਸਜ਼ਾ ਪਾਈ ਤੇ ਸਜ਼ਾ ਦਿੱਤੀ। ਅਗਲੇ ਸੰਸਾਰ ਵਿਚ ਅਸੀਂ ਇਕ ਦੂਜੇ ਨੂੰ ਪਿਆਰ ਕਰਾਂਗੇ। ਜਿਹੋ ਜਿਹਾ ਵੀ ਸੀ, ਚੰਗਾ ਸੀ, ਉਸੇ ਕਰਕੇ ਪਿੰਡ ਆ ਜਾਂਦਾ ਸਾਂ। ਹੁਣ ਮੈਂ ਪਿੰਡ ਨਹੀਂ ਆਉਣਾ ਕਦੀ।

ਬਚਪਨ ਦੇ ਸਰਪ੍ਰਸਤ ਲੋਰੈਂਜ਼ੋ ਦਾ ਬੇਟਾ ਜਦੋਂ ਪੋਪ ਬਣਿਆ, ਉਸਨੇ ਮਾਈਕਲ ਦੀ ਥਾਂ ਰੇਫਿਲ ਨੂੰ ਮੁੱਖ ਇਮਾਰਤਸਾਜ਼ ਨਿਯੁਕਤ ਕਰ ਲਿਆ। ਜਦੋਂ ਪੁੱਛਿਆ ਗਿਆ ਕਿ ਮਾਈਕਲ ਵਿਚ ਕੀ ਨੁਕਸ ਹੈ ? ਰੇਫਿਲ ਦੀਆਂ ਅੱਖਾਂ ਭਰ ਆਈਆਂ। ਕਿਹਾ - ਉਹ ਮੇਰਾ ਭਰਾ ਹੈ। ਸਾਡੀ ਮਹਿਲ ਵਿਚ ਇਕੱਠਿਆਂ ਦੀ ਪਰਵਰਿਸ਼ ਹੋਈ। ਪਰ ਉਹ ਡਰਾ ਦਿੰਦਾ ਹੈ, ਪੋਪ ਨੂੰ ਵੀ।

ਆਪਣੇ ਮਿੱਤਰ ਫਟੁੱਕੀ ਨੂੰ ਕਾਵਿ-ਸੰਗ੍ਰਹਿ ਭੇਜਦਿਆਂ ਲਿਖਿਆ - ਪੜ੍ਹ ਕੇ ਤੈਨੂੰ ਲੱਗੇਗਾ ਜਿਵੇਂ ਮਾਈਕਲ ਬੁੱਢਾ ਹੋ ਗਿਐ, ਪਾਗਲ ਹੋ ਗਿਐ। ਇਕ ਦਿਨ ਮੇਰੀ ਗੱਲ ਮੰਨ ਜਾਏਂਗਾ ਕਿ ਹੋਸ਼ ਵਿਚ ਆਉਣ ਲਈ, ਸੰਤੁਲਨ ਕਾਇਮ ਰੱਖਣ ਲਈ, ਪਾਗਲਪਣ ਤੋਂ ਵਧੀਆ ਰਸਤਾ ਹੋਰ ਨਹੀਂ।

ਇਕ ਪ੍ਰਸੰਸਕ ਨੇ ਕੁਝ ਜ਼ਿਆਦਾ ਸਿਫ਼ਤਾਂ ਕੀਤੀਆਂ ਤਾਂ ਉੱਤਰ ਦਿੱਤਾ - ਗ਼ਰੀਬ ਅਤੇ ਲਾਚਾਰ ਇਹ ਬੰਦਾ ਚਾਹੁੰਦਾ ਹੈ ਕਿ ਰੱਬ ਨੇ ਜੋ ਹੁਨਰ ਦਿੱਤਾ, ਉਸ ਵਿਚ ਸਾਰਾ ਜੀਵਨ ਖਿਲਾਰ ਕੇ ਵੱਧ ਤੋਂ ਵੱਧ ਸਮੇਂ ਤੀਕ ਆਰਟ ਲੰਮਾ ਕਰ ਸਕਾਂ।

ਸਟੋਕਸ ਦੀ ਇਹ ਟਿੱਪਣੀ ਸਾਰਥਿਕ ਹੈ - ਆਰਟ ਪਦਾਰਥਕ ਧਨ ਨਹੀਂ ਹੈ, ਇਹ ਉਮੀਦ ਦਾ ਨਾਮ ਹੈ। ਸਾਰੇ ਸੁਖ ਹੁੰਦਿਆਂ ਜੇ ਮਨ ਨਾ-ਉਮੀਦ ਹੋ ਗਿਆ ਤਾਂ ਜੀਵਨ ਖ਼ਤਮ। ਆਰਟਿਸਟ ਦਾ ਵਿਸ਼ਵਾਸ ਹੈ ਕਿ ਉਸ ਦਾ ਘਰ ਥਮਲਿਆਂ, ਕੰਧਾਂ ਦੇ ਸਹਾਰੇ ਨਹੀਂ ਖਲੋਤਾ, ਕੋਇਲ ਦੀ ਕੂਕ ਕਾਰਨ ਖੜ੍ਹ ਹੈ।

ਮਾਈਕਲ ਨੇ ਲਿਖਿਆ -

> ਮੈਂ ਮੌਤ ਦੀ ਪਹਾੜੀ ਉਪਰ ਜੀਵਨ ਬਤੀਤ ਕੀਤਾ। ਜਿਸ ਨੂੰ ਪਤਾ ਨਹੀਂ ਕਿ ਬੇਚੈਨੀ ਅਤੇ ਮੌਤ ਅੰਦਰ ਕਿਵੇਂ ਜੀਵੀਦਾ ਹੈ, ਉਸ ਅੱਗ ਵਿਚ ਛਾਲ ਮਾਰ ਕੇ ਦੇਖੇ ਜਿਸ ਨੇ ਮੈਨੂੰ ਰਾਖ ਕਰ ਦਿੱਤਾ।

ਉਸਦੀ ਕਵਿਤਾ ਦਾ ਬੰਦ ਹੈ :

> ਤੇਰੀ ਤਸਵੀਰ ਮੇਰੇ ਦਿਲ ਉਪਰ ਹਮੇਸ਼ ਛਾਈ ਰਹੀ।
> ਹੁਣ, ਜਦੋਂ ਕਿ ਮੌਤ ਕਰੀਬ ਹੈ, ਆਪਣੇ ਨੈਣ ਨਕਸ਼ ਮੇਰੀ ਆਤਮਾ ਉਪਰ ਖੁਣ ਦੇਹ।
> ਕਰਾਸ ਜਿਵੇਂ ਦੈਂਤਾਂ ਤੋਂ ਬਚਾਉਂਦਾ ਹੈ, ਤੇਰੀ ਤਸਵੀਰ ਮੇਰੀ ਰੂਹ ਦਾ ਬਚਾਉ ਕਰੇਗੀ।
> ਸੁਰਗ ਵਿਚ ਪੁੱਜ ਕੇ ਤੇਰੀ ਤਸਵੀਰ ਮੈਂ ਦੇਵਤਿਆਂ ਦੇ ਸਪੁਰਦ ਕਰਾਂਗਾ
> ਤੇ ਆਖਾਂਗਾ - ਇਸ ਨੂੰ ਫੇਰ ਧਰਤੀ ਉਪਰ ਲਿਜਾ ਕੇ ਉਦਾਸ ਮਨੁੱਖਤਾ ਦਾ ਭਲਾ ਕਰੋ।

ਸੱਤ ਸਾਲ ਦੇ ਬੱਚੇ ਸ਼ਲੀਮਾਨ (Schliemann) ਨੇ ਐਲਾਨ ਕੀਤਾ ਕਿ ਉਹ ਟਰਾਇ (Troy) ਲੱਭੇਗਾ, ਚਾਲੀ ਸਾਲ ਲੱਗਾ ਰਿਹਾ, ਧਰਤੀ ਹੇਠ ਦਬਿਆ ਪਿਆ ਟਰਾਇ ਸ਼ਹਿਰ ਲੱਭ ਲਿਆ, ਜੇ ਫ਼ੈਸਲਾ ਕਰਦਾ ਬੁੱਤ ਤਰਾਸ਼ਾਂਗਾ ਤਾਂ ਉਹ ਮਾਈਕਲ ਏਂਜਲੋ ਵਰਗਾ ਹੋ ਜਾਂਦਾ।

ਮਾਈਕਲ ਦੀ ਕਵਿਤਾ ਵਿਚਲਾ ਇਸ਼ਕ ਅੱਗ ਹੈ, ਕਿਸੇ ਨੂੰ ਰਾਖ ਕਰ ਰਿਹਾ, ਕਿਸੇ ਨੂੰ ਸ਼ੁਧ ਕਰ ਰਿਹਾ ਹੈ। ਕਵੀ ਨੂੰ ਰੌਸ਼ਨੀ ਨਾਲੋਂ ਸੇਕ ਵਧੀਕ ਚੰਗਾ ਲੱਗਦਾ ਹੈ -

> ਤੇਰੀ ਅੱਗ ਵਿਚ ਸੜ ਕੇ ਜੇ ਮੈਂ ਰਾਖ ਨਹੀਂ ਹੋਇਆ ਤਾਂ ਇਸ ਵਿਚ ਅੱਗ ਦਾ ਕੀ ਕਸੂਰ ? ਮੈਂ ਪੂਰਾ ਨਹੀਂ, ਤੇਰੇ ਨਿੱਕੇ ਅੰਸ਼ ਨੂੰ ਪਿਆਰ ਕੀਤਾ। ਜੇ ਨਿੱਕਾ ਹਿੱਸਾ ਹੀ ਬਣਨਾ ਹੈ ਤਾਂ ਫਿਰ ਮੈਂ ਬਾਜ਼ ਹੋਵਾਂਗਾ ਜੋ ਸੂਰਜ ਦੀ ਅੱਖ ਵਿਚ ਅੱਖ ਪਾ ਕੇ ਦੇਖਦਾ ਹੈ, ਜੋ ਸੂਰਜ ਨੂੰ ਪੰਜਿਆਂ ਵਿਚ ਲੈਣ ਵਾਸਤੇ ਉਸ ਵੱਲ ਉਡਾਰੀ ਮਾਰਦਾ ਹੈ। ਅੱਗ, ਪੱਥਰ ਨੂੰ ਚੂਨਾ ਕਰ ਦਿੰਦੀ ਹੈ, ਇਸ ਤਰ੍ਹਾਂ ਮੇਰੇ ਪੱਥਰ ਦਿਲ ਨੂੰ ਮੋਮ ਕਰ ਦੇਹ। ਮੈਂ ਅੱਖ ਦੀ ਪੁਤਲੀ ਹਾਂ ਤੇ ਤੂੰ ਰੌਸ਼ਨੀ ਹੈ। ਰੌਸ਼ਨੀ ਦੁਸ਼ਮਣ ਹੈ, ਸ਼ਾਂਤ ਰਾਤ ਏਨੀ ਸ਼ਾਂਤ ਕਿ ਜੁਗਨੂੰ ਇਸ ਨੂੰ ਜ਼ਖ਼ਮੀ ਕਰਦਾ ਫਿਰੇ ਤਾਂ ਵੀ ਗ਼ੁੱਸਾ ਨਹੀ ਕਰਦੀ। ਰਾਤ ਸ਼ਾਂਤੀ ਦਿੰਦੀ ਹੈ, ਨੀਂਦ ਦਿੰਦੀ ਹੈ, ਸੁਹਣੇ ਸੁਫ਼ਨੇ ਦਿੰਦੀ ਹੈ, ਫਿਰ ਆਪਣੇ ਆਪ ਨੂੰ ਜੁਗਨੂਆਂ ਤੋਂ ਕਿਉਂ ਨਹੀਂ ਬਚਾਉਂਦੀ ?

ਪੇਂਟਿੰਗ ਅਤੇ ਮਾਰਬਲ ਵਿਚ ਉਸ ਦੀ ਕਲਾ ਵਿਚਲਾ ਖ਼ਿਆਲ ਸਪਸ਼ਟ ਹੈ, ਕਵਿਤਾ ਕਈ ਵਾਰ ਸਪਸ਼ਟ ਨਹੀਂ।

ਕਵਿਤਾ ਦੀ ਬੰਦਿਸ਼ ਗ਼ਜ਼ਬ ਹੈ ਪਰ ਕਵਿਤਾ ਵਿਚਲਾ ਖ਼ਿਆਲ ਸਾਫ਼ ਨਹੀਂ, ਇਹੀ ਕਵਿਤਾ ਦੀ ਪ੍ਰਾਪਤੀ ਹੈ ਕਿਉਂਕਿ ਕਵਿਤਾ ਖ਼ਿਆਲ ਨਹੀਂ, ਪ੍ਰਭਾਵ ਸਿਰਜਦੀ ਹੈ।

ਸਟੋਕਸ ਦਾ ਆਖਣਾ ਹੈ ਕਿ ਖ਼ੂਬਸੂਰਤ ਇਤਾਲਵੀ ਬੰਦਸ਼ ਦਾ ਉਸ ਨੇ ਸਾਦੀ

ਵਾਰਤਕ ਵਿਚ ਤਰਜਮਾ ਪੜ੍ਹਿਆ ਹੈ। ਵਧੀਆ ਕਵਿਤਾ ਦਾ ਵਧੀਆ ਤਰਜਮਾ ਵੀ ਕੁਝ ਨਹੀਂ ਸਵਾਰ ਸਕਦਾ। ਫਿਰ ਵੀ ਰੂਪਕ, ਕਵੀ ਦਾ ਸੁਨੇਹਾ ਪੁਚਾਣ ਵਿਚ ਕੁਝ ਕਾਮਯਾਬ ਹੋ ਜਾਂਦਾ ਹੈ। ਕਵੀ ਨੂੰ ਪਤਾ ਨਹੀਂ ਲੱਗਦਾ ਪਿਆਰ ਨੇ ਉਸ ਨੂੰ ਬਰਫ਼ ਵਾਂਗ ਜਮਾ ਦਿੱਤਾ ਹੈ ਕਿ ਅੱਗ ਵਿਚ ਸਾੜ ਦਿੱਤਾ ਹੈ।

ਕੋਈ ਸਿਖਰ ਦਾ ਆਸ਼ਕ ਹੈ ਕਿ ਸਿਖਰ ਦਾ ਸ਼ਾਇਰ, ਇਸ ਦਾ ਅਤਾ-ਪਤਾ ਉਸ ਦੀ ਬੇਖ਼ਬਰੀ ਦੱਸੇਗੀ। ਕਵੀ ਆਖਦਾ ਹੈ -

> ਜੇ ਮੈਂ ਸਿਆਣਾ ਹੁੰਦਾ, ਚੇਤੰਨ ਹੁੰਦਾ, ਫੇਰ ਮੈਂ ਜਿਊਂਦਾ ਨਹੀਂ ਰਹਿ ਸਕਣਾ ਸੀ, ਇਹ ਵੀ ਪਤਾ ਨਹੀਂ ਮੈਂ ਜਿਊਂਦਾ ਹਾਂ ਕਿ ਮੁਰਦਾ, ਚੇਤੰਨ ਹਾਂ ਕਿ ਜੜ੍ਹ। ਮੈਂ ਨਹੀਂ, ਕੋਈ ਹੋਰ ਇਹ ਫ਼ੈਸਲਾ ਕਰੇ।

ਸਵਾਲ ਕਰਦਾ ਹੈ -

> ਕੁਦਰਤ ਸੁੰਦਰਤਾ ਅਤੇ ਜ਼ੁਲਮ ਨੂੰ ਇੱਕੋ ਪੰਜਾਲੀ ਵਿਚ ਕਿਉਂ ਜੋੜਦੀ ਹੈ ਜਦੋਂ ਕਿ ਦੋਵਾਂ ਦਾ ਕੋਈ ਮੇਲ ਨਹੀਂ। ਦੁਖ ਅਤੇ ਮਿਠਾਸ ਮੇਰੇ ਦਿਲ ਵਿਚ ਇਕੱਠੇ ਕਿਉਂ ਦਾਖ਼ਲ ਹੁੰਦੇ ਹਨ? ਜੇ ਕੋਈ ਮੈਨੂੰ ਕਹੇ ਦੋਵਾਂ ਵਿੱਚੋਂ ਕਿਸ ਦਾ ਤਿਆਗ ਕਰਨਾ ਹੈ? ਬਿਨਾਂ ਸੋਚਿਆਂ ਮੈਂ ਆਖਾਂਗਾ - ਮਿਠਾਸ ਦਾ। ਵਿਛੋੜਾ ਸਦੀਵੀ ਹੈ, ਜਿਸ ਦੀ ਉਮਰ ਲੰਮੀ ਹੋਏ, ਉਸ ਨਾਲ ਦੋਸਤੀ ਠੀਕ ਰਹੇਗੀ।

ਆਖਦਾ ਹੈ -

> ਦੁਖ ਦਾ ਕਾਰਨ ਇਹ ਹੈ ਕਿ ਮੈਂ ਧਰਤੀ ਨੂੰ ਵੀ ਪਿਆਰ ਕਰਦਾ ਹਾਂ, ਅਸਮਾਨ ਨੂੰ ਵੀ। ਜਿਹੜੇ ਕੇਵਲ ਇਕ ਨੂੰ ਪਿਆਰ ਕਰਦੇ ਹਨ ਉਹ ਸੁਖੀ ਰਹਿੰਦੇ ਹਨ। ਧਰਤੀ ਨੂੰ ਪਿਆਰ ਕਰਨ ਵਾਲੇ ਸਫਲ ਦੁਨੀਆਂਦਾਰ ਹਨ। ਰੱਬ ਨੂੰ ਪਿਆਰ ਕਰਨ ਵਾਲੇ ਫ਼ਕੀਰ ਸੰਤੁਸ਼ਟ ਹਨ। ਮੈਂ ਕਿਸੇ ਪਾਸੇ ਦਾ ਨਹੀਂ। ਇਕ ਪਾਸੇ ਹੋ ਜਾਂਦਾ, ਇਹ ਮੈਨੂੰ ਦੇਰ ਪਹਿਲਾਂ ਫ਼ੈਸਲਾ ਕਰਨਾ ਚਾਹੀਦਾ ਸੀ। ਪਰ ਇਹ ਫ਼ੈਸਲੇ ਕਰਵਾਉਂਦਾ ਕੌਣ ਹੈ, ਉਸ ਦਾ ਸਿਰਨਾਵਾਂ ਤਾਂ ਪਤਾ ਲੱਗੇ? ਇਸੇ ਉਧੇੜਬੁਣ ਵਿੱਚੋਂ ਉਸ ਦੇ ਬਾਜ਼ ਦਾ ਅਕਸ ਉਭਰਦਾ ਹੈ ਜੋ ਧਰਤੀ 'ਤੇ ਬੈਠਾ ਸੂਰਜ ਨਾਲ ਅੱਖ ਮਿਲਾਉਂਦਾ ਹੈ, ਫਿਰ ਪੰਜਿਆਂ ਵਿਚ ਫੜਨ ਵਾਸਤੇ ਸੂਰਜ ਵੱਲ ਉਡਾਣ ਭਰਦਾ ਹੈ।

ਪਾਠਕ ਸਮਝ ਰਿਹਾ ਹੈ, ਇਸ ਬਾਜ਼ ਦਾ ਨਾਮ ਮਾਈਕਲਏਂਜਲੋ ਹੈ। ਉਸਦੀ ਪੰਕਤੀ ਹੈ -

> ਤੂੰ ਧੋਖਾ ਨਹੀਂ ਖਾਧਾ, ਹਾਰਾਂ ਨਹੀਂ ਦੇਖੀਆਂ, ਮਤਲਬ ਕਿ ਤੂੰ ਖੇਡ ਨਹੀਂ ਖੇਡੀ ਮਿੱਤਰ। ਹਾਰਿਆਂ ਹੋਇਆਂ ਦੇ ਕਦਮ ਛੁਹ, ਉਹ ਤੇਰੇ ਨਾਲੋਂ ਬਹੁਤ ਵੱਡੇ ਹਨ। ਜੋ ਸਮਝ ਗਿਆ ਕਿ ਸਭ ਕੁਝ ਮਿਲ ਗਿਆ, ਉਹ ਸਭ ਤੋਂ ਵੱਡੀ ਗ਼ਲਤ ਫ਼ਹਿਮੀ ਦਾ ਸਿਕਾਰ ਹੋਇਆ। ਜਾਣਕਾਰ ਉਹ ਹੈ ਜੋ ਜਾਣ ਗਿਆ ਕਿ ਕੱਖ ਨਹੀਂ ਮਿਲਿਆ। ਮੇਰੇ ਨਾਲ ਹਮਦਰਦੀ ਜਤਾ ਕੇ ਮੈਨੂੰ ਜ਼ਖ਼ਮੀ ਨਾ ਕਰੋ, ਤੁਹਾਡੀ ਭੇਜੀ ਮੱਦਦ ਮੈਨੂੰ ਸ਼ਰਮਿੰਦਗੀ ਦਿੰਦੀ ਹੈਂ। ਧਰਵਾਸ ਦੇ ਕੇ ਮੈਨੂੰ ਲੁੱਟੋ ਨਾ, ਮੇਰੇ ਕੋਲ ਬਾਕੀ ਬਚਿਆ ਹੀ ਕੀ ਹੈ?

ਵਿਟੋਰੀਆ ਨੂੰ ਯਾਦ ਕਰਦਿਆਂ ਲਿਖਦਾ ਹੈ -

> ਸੁੰਦਰਤਾ ਉਹ ਪੱਥਰ ਹੈ ਜਿਹੜਾ ਮੇਰੇ ਸਿਰ ਉਪਰ ਵੱਜਾ। ਇਹ ਪੱਥਰ ਬਣਿਆ ਹੀ ਮੈਨੂੰ ਕਤਲ ਕਰਨ ਵਾਸਤੇ ਸੀ। ਅੱਗ ਨੇ ਪੱਥਰ ਨੂੰ ਚੂਨਾ ਬਣਾ ਦਿੱਤਾ। ਮੇਰੇ ਹੰਝੂਆਂ ਨਾਲ ਇਹ ਚੂਨਾ ਹੁਣ ਖੁਰ ਜਾਇਗਾ। ਹੁਣ ਇਹ ਹੋਰ ਪੱਥਰਾਂ ਨੂੰ ਜੋੜਨ ਦੇ ਕੰਮ ਆਇਗਾ। ਇਸ਼ਕ ਦੇ ਭਾਰ ਨੇ ਮੈਨੂੰ ਦੱਬ ਲਿਆ। ਇਸ ਦੁਖ ਤੋਂ ਬਚਣ ਵਾਸਤੇ ਕਦੀ ਮੈਂ ਰੰਗਾਂ ਵੱਲ ਦੌੜਦਾ ਹਾਂ ਕਦੀ ਛੈਣੀ ਤੇ ਹਥੌੜੀ

ਲੱਭਦਾ ਹਾਂ। ਰੋਮ ਦੀਆਂ ਮਹਾਨ ਕੰਧਾਂ ਉਪਰ ਮੈਂ ਆਪਣੇ ਦੁਖ ਦੇ ਨਿਸ਼ਾਨ ਛੱਡ ਜਾਵਾਂਗਾ।

ਇਕ ਹੋਰ ਕਵਿਤਾ ਵਿਚ -

ਜਦੋਂ ਤੈਨੂੰ ਜਾਣਿਆ ਉਦੋਂ ਤੋਂ ਮੈਂ ਆਪਣੇ ਆਪ ਨੂੰ ਪਿਆਰ ਕਰਨ ਲੱਗ ਪਿਆ, ਮੈਨੂੰ ਲੱਗਾ, ਮੈਂ ਵੀ ਕੁਝ ਹਾਂ, ਜਿਵੇਂ ਘੜਿਆ ਹੋਇਆ ਪੱਥਰ ਅਣਘੜੇ ਨਾਲੋਂ ਵੱਖ ਹੋ ਜਾਏ। ਜਿਵੇਂ ਪੇਂਟ ਕੀਤਾ ਹੋਇਆ ਕਾਗਜ਼ ਖ਼ਾਲੀ ਕਾਗਜ਼ ਤੋਂ ਵੱਖਰਾ ਦਿੱਸੇ। ਤੇਰੀ ਛੈਣੀ ਅਤੇ ਹਥੌੜੀ ਨੇ ਮੈਨੂੰ ਨੈਣ ਨਕਸ਼ ਦੇ ਦਿੱਤੇ। ਮੇਰੀ ਕੁਝ ਕੀਮਤ ਪੈ ਸਕਦੀ ਹੈ ਹੁਣ। ਤੇਰੀਆਂ ਸੱਟਾਂ ਦੁਖਦਾਈ ਲੱਗਦੀਆਂ ਸਨ, ਹੁਣ ਪਤਾ ਲੱਗਾ ਤੇਰੀ ਛੈਣੀ ਦੇ ਜ਼ਖ਼ਮਾਂ ਕਾਰਨ ਲੋਕ ਮੇਰੇ ਵੱਲ ਸਿਰ ਝੁਕਾ ਕੇ ਲੰਘਦੇ। ਮੈਂ ਚਮਤਕਾਰੀ ਸ਼ਕਤੀਆਂ ਨਾਲ ਅਜਿਹਾ ਹਥਿਆਰਬੰਦ ਹੋਇਆ ਕਿ ਪਾਣੀ, ਅੱਗ ਮੈਨੂੰ ਮਿਟਾ ਨਹੀਂ ਸਕਣਗੇ, ਤੇਰਾ ਨਾਮ ਲੈ ਕੇ ਮੈਂ ਅੰਨ੍ਹਿਆਂ ਨੂੰ ਨਜ਼ਰ ਦੇ ਸਕਾਂਗਾ, ਤੇਰਾ ਨਾਮ ਲੈ ਕੇ ਆਪਣੇ ਹੋਠਾਂ ਨਾਲ ਸੰਸਾਰ ਦਾ ਜ਼ਹਿਰ ਚੂਸ ਲਵਾਂਗਾ।

ਵਿਟੋਰੀਆ ਦੀ ਯਾਦ ਵਿਚ ਲਿਖਿਆ -

- ਮੈਂ ਮਿੱਟੀ ਦਾ ਖ਼ਾਲੀ ਸਾਂਚਾ ਸਾਂ ਜਿਸ ਵਿਚ ਸੋਨਾ ਢਾਲ ਕੇ ਪਾਇਆ ਗਿਆ। ਸਾਂਚਾ ਤੋੜ ਕੇ ਸ਼ਾਨਦਾਰ ਮੂਰਤੀ ਨਿਕਲੇਗੀ। ਮੈਨੂੰ ਇਸ ਗੱਲ ਦਾ ਰੰਜ ਨਹੀਂ ਕਿ ਸਾਂਚਾ ਕਿਉਂ ਤੋੜਿਆ। ਢਲੇ ਸੋਨੇ ਨੂੰ ਰੂਪ ਦੇ ਗਿਆ, ਹੋਰ ਸਾਂਚੇ ਦਾ ਕੀ ਕਰਨਾ ਸੀ ? ਮੇਰੇ ਇਸ਼ਕ ਦੀ ਅੱਗ ਨੇ ਸੋਨਾ ਢਾਲਿਆ, ਮਿੱਟੀ ਦੇ ਸਾਂਚੇ ਨੂੰ ਸੋਨਾ ਮਿਲਿਆ, ਸੋਨੇ ਨੂੰ ਰੂਪ ਮਿਲਿਆ, ਤੂੰ ਤੇ ਮੈਂ ਸੰਪੂਰਨ ਹੋਏ। ਅੱਖਾਂ ਰਾਹੀਂ ਤੂੰ ਮੇਰੇ ਅੰਦਰ ਉਤਰੀ। ਹਉਕਿਆਂ ਅਤੇ ਹੰਝੂਆਂ ਰਾਹੀਂ ਬਚ ਕੇ ਬਹੁਤ ਥੋੜ੍ਹੀ ਬਾਹਰ ਗਈ, ਤੂੰ ਮੇਰੇ ਅੰਦਰ ਹੈਂ ਤੇ ਰਹੇਂਗੀ।

- ਮੈਂ ਪੱਥਰਾਂ ਨੂੰ ਆਪਣੇ ਪਿੱਛੇ ਤੁਰਨ ਲਾਇਆ, ਮੈਂ ਲਾਸ਼ ਨੂੰ ਬੋਲਣ ਲਾ ਦਿੱਤਾ। ਫ਼ਰਿਸ਼ਤਿਆਂ ਨੂੰ ਮੈਂ ਅਸਮਾਨੋਂ ਜ਼ਮੀਨ ਉਪਰ ਉਤਾਰ ਲੈਂਦਾ, ਪਰ ਤੂੰ ਤਾਂ ਲਹੂ ਮਾਸ ਹੈਂ, ਸਾਡੇ ਵਿੱਚੋਂ ਹੈਂ ਇਕ, ਤੇਰੇ ਵਿਚ ਕਿੰਨੀਆਂ ਸੰਭਾਵਨਾਵਾਂ ਹਨ, ਤੈਨੂੰ ਕੀ ਪਤਾ।

- ਮੇਰੀਆਂ ਨਜ਼ਰਾਂ ਤੇਰੇ ਵਜੂਦ ਵਿੱਚੋਂ ਦੀ ਪਾਰ ਲੰਘ ਜਾਂਦੀਆਂ ਹਨ ਪਰ ਮੇਰੇ ਪੈਰ ਇਕ ਇੰਚ ਅੱਗੇ ਨਹੀਂ ਵਧਦੇ। ਜਿਥੇ ਰੂਹ ਜਾ ਸਕਦੀ ਹੈ, ਜਿਸਮ ਨਹੀਂ ਜਾ ਸਕਦਾ। ਜੋ ਚੱਲ ਨਾ ਸਕੇ ਉਹ ਮੁਰਦਾ ਹੈ। ਮੇਰਾ ਜਿਸਮ ਕੇਵਲ ਅੱਖ ਹੁੰਦਾ, ਮੈਂ ਸੰਪੂਰਨ ਹੋ ਜਾਣਾ ਸੀ।

ਕੋਈ ਮਿੱਤਰ ਮਿਲਣ ਆਉਂਦਾ, ਮਾਈਕਲ ਦੀਆਂ ਅੱਖਾਂ ਤਰ ਹੋ ਜਾਂਦੀਆਂ ਪਰ ਛੇਤੀ ਬੇਚੈਨ ਹੋ ਕੇ ਉੱਠ ਖਲੋਂਦਾ, ਆਖਦਾ - ਮੇਰਾ ਕੰਮ ਬਕਾਇਆ ਪਿਆ ਹੈ, ਕਰਨਾ ਪੈਣੈ, ਬਹੁਤੀਆਂ ਗੱਲਾਂ ਨਹੀਂ ਕਰ ਸਕਦਾ। ਦੋਸਤ ਖਾਣਿਆਂ ਦੀ ਦਾਅਵਤ ਦਿੰਦੇ, ਨਿਮਰਤਾ ਨਾਲ ਨਾਂਹ ਕਰ ਦਿੰਦਾ, ਆਖਦਾ - ਕੇਵਲ ਕੰਮ ਨਹੀਂ, ਆਹ ਦੇਖੋ ਦਰਜਨਾਂ ਸਿਖਾਂਦਰੂ ਮੇਰੇ ਮੂੰਹ ਵੱਲ, ਹੱਥਾਂ ਵੱਲ ਦੇਖਦੇ ਰਹਿੰਦੇ ਨੇ, ਇਨ੍ਹਾਂ ਦਾ ਸਮਾਂ ਵੀ ਕੀਮਤੀ ਹੈ, ਮੇਰੇ ਅਧੂਰੇ ਕੰਮ ਇਹੀ ਪੂਰੇ ਕਰਨਗੇ। ਖਿਮਾ ਮੰਗ ਲੈਂਦਾ।

ਕਰੋਚੇ ਦੀ ਰਾਇ ਹੈ - ਮਾਈਕਲਏਂਜਲੋ ਵੱਡਾ ਕਵੀ ਨਹੀਂ, ਪਰ ਉਸ ਦੀ ਕਵਿਤਾ ਦੇ ਬੰਦਾਂ ਵਿਚ ਮਹਾਨ ਬੁਤ ਤ੍ਰਾਸ਼ ਮਾਈਕਲਏਂਜਲੋ ਦਿੱਸੀ ਜਾਂਦਾ ਹੈ।

ਵਾਨ ਗਾਗ

(30 ਮਾਰਚ, 1853 — 27 ਜੁਲਾਈ, 1890)

"ਉੱਠ ਵਾਨ, ਸਵੇਰਾ ਹੋ ਗਿਐ," ਉਰਸੁਲ ਨੇ ਕਿਹਾ। ਚਾਹ ਦੇ ਗਈ, ਮਾਂ ਦਾ ਖ਼ਤ ਫੜਾ ਗਈ। ਉਰਸੁਲ ਦੀ ਵਿਧਵਾ ਮਾਂ ਨੇ ਨਿੱਕਾ ਜਿਹਾ ਨਰਸਰੀ ਸਕੂਲ ਖੋਲ੍ਹਿਆ ਹੋਇਆ ਸੀ। ਕੁੜੀ ਉੱਨੀ ਸਾਲ ਦੀ ਸੁਹਣੀ ਛੈਲ-ਛਬੀਲੀ ਸੀ, ਚੁਲਬੁਲੀ। ਵਾਨ ਨੇ ਇਸ ਘਰ ਵਿਚ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਸੈਕੰਡਰੀ ਪਾਸ ਕਰ ਕੇ ਤਸਵੀਰਾਂ ਵੇਚਣ ਵਾਲੀ ਕੰਪਨੀ ਗੂਪਲਜ਼ ਵਿਚ ਨੌਕਰ ਹੋ ਗਿਆ। ਇਹ ਕੁੜੀ ਉਹਨੂੰ ਬੜੀ ਚੰਗੀ ਲੱਗਦੀ। ਵਾਨ ਬਾਈ ਸਾਲ ਦਾ ਹੋ ਗਿਆ ਸੀ ਤੇ ਪੰਜ ਪੌਂਡ ਹਫ਼ਤਾ ਦੀ ਨੌਕਰੀ। ਉਸਨੇ ਫ਼ੈਸਲਾ ਕਰ ਲਿਆ ਕਿ ਉਰਸੁਲ ਨਾਲ ਗੱਲ ਕਰੇਗਾ। ਫ਼ੈਸਲਾ ਤਾਂ ਕਈ ਵਾਰ ਕਰ ਲੈਂਦਾ, ਪਰ ਗੱਲ ਕਰਨ ਦੀ ਹਿੰਮਤ ਨਹੀਂ ਪਈ। ਕਈ ਤਸਵੀਰਾਂ ਬੜੀਆਂ ਸੁਹਣੀਆਂ ਲੱਗਦੀਆਂ, ਪਰ ਖ਼ਰੀਦਦਾਰ ਮੂਰਖ ਹੁੰਦੇ। ਇਕ ਦਿਨ ਇਕ ਜੋੜਾ ਪੇਂਟਿੰਗ ਖ਼ਰੀਦਣ ਆਇਆ। ਆਦਮੀ ਨੂੰ ਇਕ ਸੀਨਰੀ ਸੁਹਣੀ ਲੱਗੀ, ਔਰਤ ਬੋਲੀ - ਪਰ ਇਹ ਕੁੱਤਾ ਤਾਂ ਬਿਲਕੁਲ ਉਸੇ ਤਰ੍ਹਾਂ ਦਾ ਹੈ ਜਿਸ ਨੇ ਮੈਨੂੰ ਵੱਢਿਆ ਸੀ। ਦਫ਼ਾ ਕਰੋ ਇਹਨੂੰ।

ਉਰਸੁਲ ਵਾਸਤੇ ਵਾਨ ਇਕ ਸੁਹਣੀ ਪੇਂਟਿੰਗ ਖ਼ਰੀਦ ਕੇ ਲਿਆਇਆ। ਦੋਹਾਂ ਨੇ ਰਲ ਕੇ ਕੰਧ ਉਪਰ ਟੰਗੀ, ਕੁੜੀ ਨੇ ਚਹਿਕਦਿਆਂ ਕਿਹਾ - ਏਨੀ ਸੁਹਣੀ ਪੇਂਟਿੰਗ ਬਣਾਉਣ ਵਾਲਾ ਬੰਦਾ ਕਿੰਨਾ ਪਿਆਰਾ ਹੋਏਗਾ ਵਾਨ! ਅੱਧਾ ਘੰਟਾ ਤਸਵੀਰ ਟੰਗਣ ਵਿਚ ਲੰਘ ਗਿਆ ਪਰ ਵਾਨ ਤੋਂ ਕੋਈ ਗੱਲ ਨਾ ਹੋਈ। ਉਰਸੁਲ ਮੰਮੀ ਕੋਲ ਜਾਣ ਵਾਸਤੇ ਤੁਰ ਪਈ ਤਾਂ ਵਾਨ ਨੇ ਪਿੱਛੋਂ ਵਾਜ ਮਾਰੀ - ਉਰਸੁਲ! ਉਰਸੁਲ ਰੁਕ ਗਈ। ਵਾਨ ਦੇ ਹੱਥ ਕੰਬਣ ਲੱਗੇ। ਉਰਸੁਲ ਨੇ ਕਿਹਾ - ਠੰਢ ਹੈ ਵਾਨ, ਅੰਦਰ ਚੱਲੀਏ। ਵਾਨ ਨੇ ਤਾਂ ਕੋਈ ਗੱਲ ਕਰਨੀ ਸੀ, ਉਹ ਅੰਦਰ ਕਿਉਂ ਜਾਂਦਾ? - ਨਹੀਂ ਉਰਸੁਲ, ਅੰਦਰ ਨਹੀਂ ਜਾਣਾ, ਤੇਰੇ ਨਾਲ ਗੱਲ ਕਰਨੀ ਹੈ। - ਕੀ ਗੱਲ ਕਰਨੀ ਹੈ ਵਾਨ? ਵਾਨ ਨੇ ਕਿਹਾ - ਵੈਸੇ ਤੈਨੂੰ ਪਤਾ ਈ ਐ ਜਿਹੜੀ ਗੱਲ ਕਰਨੀ ਐ ਮੈਂ। ਉਰਸੁਲ ਮੈਨੂੰ ਤੂੰ ਚੰਗੀ ਲੱਗਦੀ ਐਂ, ਮੈਂ ਤੈਨੂੰ ਆਪਣੀ ਪਤਨੀ ਦੇ ਰੂਪ ਵਿਚ ਦੇਖਣ ਦਾ ਇੱਛੁਕ ਹਾਂ।

- ਤੇਰੀ ਪਤਨੀ ਵਾਨ? ਇਹ ਕਿਵੇਂ ਹੋ ਸਕਦੈ? ਅਸੰਭਵ। ਇਕ ਸਾਲ ਪਹਿਲਾਂ ਮੇਰੀ ਤਾਂ ਮੰਗਣੀ ਵੀ ਹੋ ਚੁੱਕੀ ਹੈ।

- ਕਿਸ ਨਾਲ?

- ਉਹੋ, ਕੀ ਤੂੰ ਮੇਰੇ ਮੰਗੇਤਰ ਨੂੰ ਮਿਲਿਆ ਨਹੀਂ ਕਦੀ? ਕੀ ਮੈਂ ਤੇਰੇ ਨਾਲ ਗੱਲ ਨਹੀਂ ਕੀਤੀ? ਜਿਸ ਕਮਰੇ ਵਿਚ ਤੂੰ ਰਹਿਨੈਂ, ਇਸੇ ਵਿਚ ਰਿਹਾ ਕਰਦਾ ਸੀ ਉਹ। ਮੈਂ ਸੋਚਿਆ ਤੈਨੂੰ ਪਤੈ।

- ਪਰ ਉਰਸੁਲ ਮੈਂ ਤੈਨੂੰ ਪਿਆਰ ਕਰਨ ਲੱਗ ਪਿਆ ਹਾਂ।

- ਇਸ ਵਿਚ ਮੇਰਾ ਕੀ ਕਸੂਰ ? ਮੈਂ ਤੈਨੂੰ ਦੋਸਤ ਸਮਝਿਆ ਕੇਵਲ।

- ਜਦੋਂ ਦਾ ਮੈਂ ਇਸ ਕਮਰੇ ਵਿਚ ਆਇਆਂ, ਉਹ ਆਇਆ ਕਦੀ ?

- ਨਾ, ਸਾਲ ਹੋ ਗਿਐ ਗਏ ਨੂੰ ਵੇਲਜ਼ ਵਿਚ। ਇਨ੍ਹਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਆਏਗਾ ਮਿਲਣ।

- ਪਰ ਸਾਲ ਵਿਚ ਤਾਂ ਤੂੰ ਭੁੱਲ ਗਈ ਹੋਏਂਗੀ ਉਹਨੂੰ ? ਵਾਨ ਨੇ ਤੇਜ਼ੀ ਨਾਲ ਉਰਸੁਲ ਨੂੰ ਗਲਵਕੜੀ ਵਿਚ ਲੈ ਕੇ ਚੁੰਮ ਲਿਆ। ਆਪਣੇ ਆਪ ਨੂੰ ਛੁਡਾ ਕੇ ਉਰਸੁਲ ਤੇਜ਼ ਕਦਮੀਂ ਗਈ, ਫਿਰ ਰੁਕ ਕੇ ਕਿਹਾ - ਲਾਲ ਮੂੰਹਾਂ ਮੂਰਖ।

ਮੁੜ ਕੇ ਉਰਸੁਲ ਨੇ ਉਸਨੂੰ ਚਾਹ ਦਾ ਕੱਪ ਨਹੀਂ ਦਿੱਤਾ, ਨਾ ਬਰੇਕਫ਼ਾਸਟ ਵਕਤ ਦਿੱਸੀ। ਉਹ ਚੁੱਪ-ਚਾਪ ਕੰਪਨੀ ਦੀ ਦੁਕਾਨ ਵਿਚ ਚਲਾ ਜਾਂਦਾ ਪਰ ਗਾਹਕਾਂ ਨਾਲ ਰੁੱਖਾ ਵਤੀਰਾ ਹੋ ਗਿਆ। ਵਾਪਸ ਸ਼ਾਮੀਂ ਘਰ ਆਇਆ ਤਾਂ ਮਾਂ ਧੀ ਹੌਲੀ ਹੌਲੀ ਗੱਲਾਂ ਕਰ ਰਹੀਆਂ ਸਨ, ਉਸ ਦੇ ਆਉਣ 'ਤੇ ਚੁੱਪ ਕਰ ਗਈਆਂ। ਉਸ ਨਾਲ ਪਹਿਲਾਂ ਵਰਗਾ ਵਤੀਰਾ ਨਹੀਂ ਰਿਹਾ।

ਇਕ ਸ਼ਾਮ ਉਸਨੇ ਉਰਸੁਲ ਬਗ਼ੀਚੇ ਵਿਚ ਇਕੱਲੀ ਖਲੋਤੀ ਦੇਖੀ, ਨਜ਼ਦੀਕ ਚਲਾ ਗਿਆ, ਕਿਹਾ - ਮੈਨੂੰ ਅਫ਼ਸੋਸ ਹੈ ਉਰਸੁਲ, ਮੈਂ ਉਸ ਦਿਨ ਤੇਰੇ ਨਾਲ ਵਧੀਕੀ ਕੀਤੀ। ਠੰਢੇ ਲਫ਼ਜ਼ਾਂ ਵਿਚ ਉਰਸੁਲ ਨੇ ਕਿਹਾ - ਛੱਡ ਪਰ੍ਹੇ ਉਸ ਗੱਲ ਨੂੰ। ਭੁੱਲ ਜਾਹ।

- ਪਰ ਜੋ ਮੈਂ ਕਿਹਾ ਸੀ ਉਰਸੁਲ, ਉਹ ਦਿਲੋਂ ਕਿਹਾ ਸੀ, ਸੱਚ ਕਿਹਾ ਸੀ।

- ਪਰ ਹੁਣ, ਦੁਹਰਾਉਣ ਦਾ ਕੀ ਲਾਭ ?

- ਮੈਂ ਜਾਣਦਾਂ ਉਰਸੁਲ, ਉਸ ਮੁੰਡੇ ਨੂੰ ਤੂੰ ਪਿਆਰ ਕਰ ਈ ਨੀ ਸਕਦੀ।

- ਵਾਨ ਤੂੰ ਕਦੋਂ ਜਾਣੈਂ ਛੁੱਟੀਆਂ ਕੱਟਣ ਆਪਣੇ ਘਰ ?

- ਜੁਲਾਈ ਵਿਚ।

- ਠੀਕ ਹੋਇਆ। ਜੁਲਾਈ ਵਿਚ ਈ ਆਉਣੈ ਉਹਨੇ। ਤੇਰੇ ਵਾਲੇ ਕਮਰੇ ਵਿਚ ਰਹੇਗਾ।

- ਪਰ ਮੈਂ ਕਿਹੜਾ ਖ਼ਾਲੀ ਕੀਤੈ ਕਮਰਾ ?

- ਕਰਨਾ ਪਏਗਾ। ਇਹ ਕਮਰਾ ਸਾਨੂੰ ਚਾਹੀਦੈ। ਤੂੰ ਆਪਣਾ ਸਾਮਾਨ ਬੇਸ਼ੱਕ ਨਾਲ ਲੈ ਜਾਹ, ਬੇਸ਼ਕ ਕਿਤੇ ਹੋਰ ਰੱਖ। ਹੁਣ ਤੈਨੂੰ ਜਾਣਾ ਪਏਗਾ। ਜੇ ਨਾ ਜਾਏਂਗਾ ਤਾਂ ਮਾਂ ਤੈਨੂੰ ਹੁਕਮ ਦਏਗੀ।

ਘਰ ਵਾਸਤੇ ਰੇਲ ਗੱਡੀ 'ਤੇ ਸਵਾਰ ਹੋ ਗਿਆ। ਪਿਤਾ ਥਿਓਡੋਰ ਸਟੇਸ਼ਨ 'ਤੇ ਪੁੱਤਰ ਨੂੰ ਲੈਣ ਆਇਆ ਹੋਇਆ ਸੀ। ਉਹ ਪਾਦਰੀ ਸੀ, ਸ਼ਾਨਦਾਰ ਸਫ਼ੈਦ ਲਿਬਾਸ ਪਹਿਨਦਾ। ਗਿਰਜੇ ਦੇ ਨਾਲ ਸੁਹਣੇ ਬਗ਼ੀਚੇ ਵਿਚ ਮਾਪਿਆਂ ਦੀ ਰਿਹਾਇਸ਼ ਵਾਸਤੇ ਕੋਠੀ ਬਣੀ ਹੋਈ। ਮਾਂ ਐਨਾ ਕਰਨੋਲੀਆ ਤੇ ਚਾਰ ਸਾਲ ਛੋਟਾ ਭਰਾ ਥੀਓ। ਸ਼ਾਂਤ ਮਾਹੌਲ। ਮਾਂ ਨੇ ਪੁੱਤਰ ਨੂੰ ਛਾਤੀ ਨਾਲ ਘੁੱਟ ਲਿਆ - ਮੇਰਾ ਵਿਨਸੈਂਟ। ਮਾਂ ਸਾਦੀ ਜਿਹੀ ਸੀ, ਉਸਨੂੰ ਲੱਗਦਾ ਦੁਨੀਆਂ ਵਿਚ ਕੋਈ ਬੰਦਾ ਬੁਰਾ ਨਹੀਂ। ਪਿਤਾ ਉਲਟ, ਉਸ ਨੂੰ ਸਾਰਾ ਜਹਾਨ ਚੋਰਾਂ ਠੱਗਾਂ ਨਾਲ ਭਰਿਆ ਦਿਸਦਾ।

ਦੋ ਕੁ ਦਿਨਾਂ ਵਿਚ ਮਾਂ ਨੂੰ ਲੱਗਾ ਵਾਨ ਠੀਕ ਨਹੀਂ ਕੁਝ। ਕਮਜ਼ੋਰ ਜਿਹਾ ਵੀ ਲੱਗਦਾ ਹੈ, ਗੱਲਾਂ ਕਰਦਿਆਂ ਕਿਸੇ ਹੋਰ ਪਾਸੇ ਚਲਾ ਜਾਂਦਾ ਹੈ।

- ਤੂੰ ਠੀਕ ਹੈਂ ਵਾਨ ? ਮਾਂ ਨੇ ਪੁੱਛਿਆ। ਪਿਤਾ ਨੇ ਕਿਹਾ - ਜੇ ਲੰਡਨ ਵਿਚ ਤੇਰਾ ਦਿਲ ਨਹੀਂ ਲੱਗਦਾ ਮੈਂ ਤੇਰੀ ਬਦਲੀ ਪੈਰਿਸ ਵਿਚ ਕਰਵਾ ਦਿੰਨਾਂ।

- ਨਹੀਂ, ਕੋਈ ਗੱਲ ਨਹੀਂ, ਵਾਨ ਨੇ ਕਿਹਾ। ਠੀਕ ਐ ਲੰਡਨ।

ਪਿਤਾ ਨੇ ਕਿਹਾ - ਵਾਨ, ਮੇਰਾ ਪਾਪਾ ਵੀ ਪਾਦਰੀ ਸੀ। ਮੇਰਾ ਜੀ ਕਰਦਾ ਹੁੰਦੈ ਤੂੰ ਵੀ ਪਾਦਰੀ ਹੋਏਂ, ਬੜੀ ਇੱਜ਼ਤ ਹੈ। ਪਰ ਏਨੀ ਸਖ਼ਤ ਮਿਹਨਤ ਕੌਣ ਕਰੇ ? ਤੂੰ ਪੜ੍ਹਨੋਂ ਕਤਰਾਉਂਦਾ ਹੈਂ। ਐਮਸਟਰਡਮ ਵਿਚ ਤੇਰਾ ਚਾਚਾ ਰਹਿੰਦੈ। ਮੈਂ ਉਸ ਨਾਲ ਗੱਲ ਕੀਤੀ ਸੀ। ਜੇ ਤੂੰ ਪੜ੍ਹਨਾ ਚਾਹੇਂ, ਉਹ ਖ਼ੁਸ਼ੀ ਨਾਲ ਤੇਰੀ ਮੱਦਦ ਕਰੇਗਾ।

- ਨਹੀਂ, ਹਾਲੇ ਮੈਂ ਨੌਕਰੀ ਨਹੀਂ ਛੱਡਣੀ।

ਛੁੱਟੀਆਂ ਮੁੱਕੀਆਂ, ਵਾਨ ਜਾਣ ਵਾਸਤੇ ਤਿਆਰ ਹੋ ਗਿਆ। ਮਾਂ ਨੇ ਪੁੱਛਿਆ - ਉਸੇ ਸਿਰਨਾਵੇਂ ’ਤੇ ਖ਼ਤ ਲਿਖਿਆ ਕਰਾਂ ਵਾਨ ?

ਵਾਨ ਨੇ ਕਿਹਾ - ਨਹੀਂ। ਮੈਂ ਹੁਣ ਥਾਂ ਬਦਲਾਂਗਾ।

- ਠੀਕ ਹੈ ਵਾਨ। ਮੈਂ ਉਸ ਪਰਿਵਾਰ ਨੂੰ ਜਾਣਦੀ ਆਂ, ਤੇਰੇ ਮਾਲਕ ਮਕਾਨ ਵਾਲੀਆਂ ਨੂੰ। ਉਹ ਲੋਕ ਸਹੀ ਨਹੀਂ। ਉਨ੍ਹਾਂ ਦੇ ਭੇਤ ਕੋਈ ਨੀਂ ਜਾਣਦਾ। ਵਾਨ ਉਹ ਕੁੜੀ ਸਹੀ ਨੀਂ। ਤੈਨੂੰ ਬੜੀ ਵਧੀਆ ਡੱਚ ਕੁੜੀ ਨਾਲ ਵਿਆਹਾਂਗੇ।

ਵਾਨ ਹੈਰਾਨ ਹੁੰਦਾ ਗੱਡੀ ਚੜ੍ਹ ਗਿਆ - ਮਾਂ ਨੂੰ ਇਨ੍ਹਾਂ ਗੱਲਾਂ ਦਾ ਕਿਵੇਂ ਪਤਾ ਲੱਗਾ ?

ਲੰਡਨ ਜਾ ਕੇ ਉਸਨੇ ਹੋਰ ਕਮਰਾ ਕਿਰਾਏ ’ਤੇ ਲੈ ਲਿਆ ਜੋ ਉਰਸੁਲ ਦੇ ਘਰੋਂ ਬਹੁਤ ਜ਼ਿਆਦਾ ਦੂਰ ਨਹੀਂ ਸੀ। ਉਸ ਪਾਸੇ ਜਾਣ ਵਾਸਤੇ ਬੇਚੈਨ ਰਹਿੰਦਾ। ਦੁਕਾਨ ਉਪਰ ਦਿਲ ਨਾ ਲੱਗਦਾ। ਗਾਹਕਾਂ ਨਾਲ ਠੀਕ ਪੇਸ਼ ਨਾ ਆਉਂਦਾ। ਮੈਨੇਜਰ ਨੇ ਉਸ ਦੀ ਇਕ ਦੋ ਵਾਰ ਝਾੜ-ਝੰਬ ਵੀ ਕੀਤੀ। ਵਾਨ ਨੇ ਕਿਹਾ - ਮੇਰਾ ਜੀਅ ਨੀਂ ਕਰਦਾ ਕਿ ਬੇਵਕੂਫ਼ ਲੋਕਾਂ ਦੀ ਕਮਾਈ ਮੈਂ ਲੁੱਟ ਲਵਾਂ। ਦੇਖੋ ਤਾਂ ਸਹੀ ਕਿਹੋ ਜਿਹੇ ਬੇਕਾਰ ਚਿੱਤਰਾਂ ਉੱਤੇ ਮੂੰਹ ਮੰਗੀ ਰਕਮ ਦੇਣ ਵਾਸਤੇ ਤਿਆਰ ਨੇ।

ਮੈਨੇਜਰ ਨੇ ਕਿਹਾ - ਮੈਂ ਕੰਪਨੀ ਮਾਲਕ ਨੂੰ ਕਹਾਂਗਾ ਤੇਰੀ ਬਦਲੀ ਕਰ ਦੇਣ। ਜਿਸ ਨੂੰ ਜੋ ਚੀਜ਼ ਚੰਗੀ ਲੱਗੇ, ਉਹ ਉਹੀ ਖ਼ਰੀਦੇਗਾ ਕਿ ਤੇਰੀ ਮਰਜ਼ੀ ਚੱਲੇਗੀ ? ਹੱਦ ਹੋ ਗਈ ਹੁਣ।

ਸਰਦੀਆਂ ਜੋਬਨ ’ਤੇ ਸਨ। ਵਾਨ ਉਰਸੁਲ ਵਾਲੀ ਗਲੀ ਵਿੱਚੋਂ ਦੀ ਲੰਘਿਆ ਜਾਂਦਾ ਸੀ, ਦੇਖਿਆ ਪਰਿਵਾਰ ਕ੍ਰਿਸਮਿਸ ਮਨਾਉਣ ਦੀ ਤਿਆਰੀ ਵਿਚ ਹੈ। ਨੇੜੇ ਆਇਆ ਤਾਂ ਪਤਾ ਲੱਗਾ ਪਾਰਟੀ ਚੱਲ ਰਹੀ ਹੈ। ਪੂਰਾ ਰੌਲਾ ਰੱਪਾ, ਹਾਸਾ ਮਜ਼ਾਕ। ਤੇਜ਼ੀ ਨਾਲ ਘਰ ਗਿਆ, ਸ਼ੇਵ ਕੀਤੀ, ਸੂਟ ਪਹਿਨਿਆਂ ਤੇ ਉਰਸੁਲ ਦੇ ਘਰ ਵੱਲ ਤੁਰ ਪਿਆ। ਘੰਟੀ ਵਜਾਈ। ਉਰਸੁਲ ਨੇ ਬੂਹਾ ਖੋਲ੍ਹਿਆ, ਹਰਾ ਗਾਉਨ ਪਾ ਕੇ ਖ਼ੂਬ ਸਜੀ ਹੋਈ।

ਵਾਨ ਨੇ ਕਿਹਾ - ਉਰਸੁਲ।

- ਚਲਾ ਜਾਹ ਇਥੋਂ। ਤੁਰਤ। ਇਹ ਕਹਿ ਕੇ ਉਸਨੇ ਫਟਾੱਕ ਬੂਹਾ ਬੰਦ ਕਰ ਦਿੱਤਾ।

ਵਾਨ ਨੇ ਲੰਡਨ ਛੱਡਣ ਦਾ, ਨੌਕਰੀ ਛੱਡਣ ਦਾ ਫ਼ੈਸਲਾ ਕੀਤਾ ਤੇ ਘਰ ਪਰਤ ਆਇਆ। ਆ ਕੇ ਪਿਤਾ ਨੂੰ ਕਿਹਾ - ਤੁਹਾਡੀ ਇੱਛਾ ਅਨੁਸਾਰ ਧਾਰਮਿਕ ਵਿੱਦਿਆ ਹਾਸਲ ਕਰਾਂਗਾ ਪਿਤਾ ਜੀ। ਪਿਤਾ ਨੇ ਖ਼ੁਸ਼ ਹੋ ਕੇ ਐਮਸਟਰਡਮ ਭੇਜ ਦਿੱਤਾ ਜਿਥੇ ਉਸ ਨੂੰ ਦਾਖ਼ਲਾ ਮਿਲ ਗਿਆ। ਸਖ਼ਤ ਪਾਠਾਂ ਨੂੰ ਰੱਟੇ ਲਾਉਂਦਾ, ਚਰਚ ਦੀਆਂ ਰੀਤਾਂ ਰਸਮਾਂ ਸਿੱਖਦਾ। ਇਕ ਐਤਵਾਰ ਸਾਰੇ ਕੰਮ ਨਿਭਾ ਕੇ ਲੰਡਨ ਜਾਣ ਵਾਸਤੇ ਗੱਡੀ ਫੜੀ। ਉਰਸੁਲ ਦੀ ਗਲੀ ਜਾ ਕੇ ਦੇਖਿਆ ... ਰੌਣਕਾਂ ਹੀ ਰੌਣਕਾਂ। ਉਸਨੇ ਗਵਾਂਢੀ ਨੂੰ ਪੁੱਛਿਆ - ਉਧਰ ਕਿਸ ਗੱਲ ਦਾ ਸ਼ੋਰ-ਸ਼ਰਾਬਾ ਹੈ ? ਦੱਸਿਆ -

ਉਰਸੁਲ ਦਾ ਵਿਆਹ ਹੋ ਰਿਹੈ। ਇਹ ਗੱਲਾਂ ਹੋ ਈ ਰਹੀਆਂ ਸਨ ਕਿ ਉਰਸੁਲ ਆਪਣੇ ਪਤੀ ਦਾ ਹੱਥ ਫੜੀ ਬੱਘੀ ਵਿਚ ਸਵਾਰ ਹੋਣ ਲਈ ਬੂਹਿਓਂ ਬਾਹਰ ਆਈ। ਵਾਨ ਚੁੱਪ-ਚਾਪ ਦੂਜੇ ਪਾਸੇ ਖਿਸਕ ਗਿਆ।

ਵਾਨ ਦਾ ਚਾਚਾ ਨੇਵੀ ਅਫ਼ਸਰ ਰਿਟਾਇਰ ਹੋਇਆ ਸੀ। ਬੱਚੇ ਆਪੋ-ਆਪਣੇ ਟਿਕਾਣਿਆਂ 'ਤੇ ਰੁਜ਼ਗਾਰ ਵਿਚ ਲੱਗੇ ਹੋਏ ਸਨ, ਵੱਡੇ ਘਰ ਵਿਚ ਆਰਾਮ ਨਾਲ ਦਿਨ ਬਿਤਾ ਰਿਹਾ ਸੀ। ਕਿਸੇ ਸ਼ਾਮ ਵਰਦੀ ਸਜਾ ਲੈਂਦਾ ਤਾਂ ਪੂਰਾ ਰੋਅਬ ਹੁੰਦਾ, ਇਕ ਦਿਨ ਮਾਸੜ ਸਟਰਿੱਕਰ ਆਇਆ ਕਹਿਣ ਲੱਗਾ, ਤੈਨੂੰ ਲਾਤੀਨੀ ਤੇ ਯੂਨਾਨੀ ਸਿਖਾਉਣ ਵਾਸਤੇ ਮੈਂ ਬਿਹਤਰੀਨ ਅਧਿਆਪਕ ਲੱਭ ਲਿਐ ਵਾਨ, ਸੋਮਵਾਰ ਨੂੰ ਉਸ ਕੋਲ ਲਿਜਾਵਾਂਗਾ। ਕੱਲ੍ਹ ਐਤਵਾਰ ਦੁਪਹਿਰ ਦਾ ਖਾਣਾ ਸਾਡੇ ਵੱਲ। ਤੇਰੀ ਮਾਸੀ ਤੇ ਸਾਡੀ ਗੁੱਡੀ ਕੇ ਤੈਨੂੰ ਯਾਦ ਕਰਦੀਆਂ ਰਹਿੰਦੀਆਂ ਨੇ। ਠੀਕ ?

- ਮਾਸੀ ਨੂੰ ਤੇ ਕਜ਼ਨ ਕੇ ਨੂੰ ਮੇਰਾ ਸਲਾਮ ਆਖਣਾ ਅੰਕਲ, ਵਾਨ ਨੇ ਕਿਹਾ।

ਮਾਸੜ ਦਾ ਘਰ ਬੜਾ ਵੱਡਾ ਤੇ ਸ਼ਾਨਦਾਰ ਸੀ। ਘਰ ਦੇ ਨਾਲ ਖਹਿੰਦੀ ਹੋਈ ਨਹਿਰ ਵਗ ਰਹੀ ਸੀ, ਪਟੜੀ ਉਪਰ ਮੀਲਾਂ ਤੱਕ ਰੁੱਖਾਂ ਦੀ ਕਤਾਰ। ਨਹਿਰ ਵਿਚ ਕਿਸ਼ਤੀਆਂ ਤੈਰ ਰਹੀਆਂ ਸਨ। ਮਾਸੀ ਬਹੁਤ ਪਿਆਰ ਨਾਲ ਮਿਲੀ। ਗੱਲਾਂ ਕਰਦਿਆਂ ਸੁਣੱਖੀ ਪਤਲੀ ਗੋਰੀ ਕੁੜੀ ਆਈ ਤੇ ਕਿਹਾ - ਤੂੰ ਮੈਨੂੰ ਜਾਣਦਾ ਨੀਂ ਵਾਨ, ਮੈਂ ਤੇਰੀ ਕਜ਼ਨ ਆਂ, ਕੇ। ਦੇਖ ਛੱਬੀ ਸਾਲ ਦੀ ਹੋ ਕੇ ਤੈਨੂੰ ਮਿਲੀ, ਤੇ ਤੂੰ...ਤੂੰ... ? - ਮੈਂ ਚੌਵੀ ਸਾਲ ਦਾ ਹਾਂ। ਮਾਸੀ ਨੇ ਮੈਨੂੰ ਕਈ ਵਾਰ ਖ਼ਤ ਲਿਖ ਕੇ ਕਿਹਾ ਸੀ ਵਾਨ ਕਿ ਤੁਹਾਨੂੰ ਮਿਲਣ ਆਵਾਂ। ਬਸ, ਅੱਜ ਕੱਲ੍ਹ 'ਤੇ ਗੱਲ ਪੈਂਦੀ ਪੈਂਦੀ ਇਥੇ ਆ ਗਈ। ਵਾਨ ਨੂੰ ਉਸਦੀਆਂ ਗੱਲਾਂ ਚੰਗੀਆਂ ਲੱਗੀਆਂ। ਬੜੀ ਸਲੀਕੇ ਵਾਲੀ ਕੁੜੀ ਲੱਗੀ।

- ਰਾਂਬਾਂ ਤੈਨੂੰ ਦੇਖ ਲੈਂਦਾ ਤਾਂ ਬੜੀ ਵਧੀਆ ਤਸਵੀਰ ਬਣਾਉਂਦਾ ਕੇ।

- ਕਿਥੇ, ਉਹ ਤਾਂ ਬਦਸੂਰਤ ਜ਼ਨਾਨੀਆਂ ਦੀਆਂ ਮੂਰਤਾਂ ਬਣਾਉਂਦਾ ਬਣਾਉਂਦਾ ਮਰ ਗਿਆ।

- ਨਹੀਂ ਕੇ, ਤੈਨੂੰ ਉਸਦੇ ਹੁਨਰ ਦਾ ਪਤਾ ਨਹੀਂ, ਉਸਦੀਆਂ ਸਾਰੀਆਂ ਪੇਂਟਿੰਗਜ਼ ਸੁਹਣੀਆਂ ਔਰਤਾਂ ਦੀਆਂ ਨੇ ਜਿਨ੍ਹਾਂ ਦੇ ਚਿਹਰਿਆਂ ਉਪਰ ਦਰਦ ਅਤੇ ਸੋਗ ਪਸਰਿਆ ਹੋਇਐ। ਉਹ ਅੰਦਰਲਾ ਦੁਖ ਬਾਹਰ ਦਿਖਾਉਣ ਦੇ ਸਮਰੱਥ ਕਲਾਕਾਰ ਸੀ।

ਇੰਨੇ ਨੂੰ ਇਕ ਜੁਆਨ ਨਜ਼ਦੀਕ ਆਇਆ, ਕੇ ਨੇ ਦੱਸਿਆ - ਇਹ ਮੇਰਾ ਪਤੀ ਹੈ ਵਾਸ, ਤੇ ਵਾਸ ਇਹ ਮੇਰਾ ਕਜ਼ਨ ਵਾਨ ਹੈ। ਸਾਰੇ ਜਣੇ ਖਾਣਾ ਖਾਣ ਲਈ ਆਪੋ-ਆਪਣੀਆਂ ਕੁਰਸੀਆਂ 'ਤੇ ਜਾ ਬੈਠੇ।

ਸ਼ਾਮੀਂ ਵਾਪਸ ਪੁੱਜ ਕੇ ਪੜ੍ਹਾਈ ਸ਼ੁਰੂ ਕੀਤੀ। ਸਾਰੀ ਪੜ੍ਹਾਈ ਔਖੀ ਸੀ ਪਰ ਵਾਨ ਦਿਲ ਛੱਡਣ ਵਾਲਾ ਨਹੀਂ ਸੀ। ਅੱਧੀ ਅੱਧੀ ਰਾਤ ਤੱਕ ਦੀਵਾ ਬਲਦਾ।

ਕੁਝ ਹਫ਼ਤਿਆਂ ਲਈ ਚਾਚੇ ਨੇ ਦੂਰ ਜਾਣਾ ਸੀ। ਇਕ ਸ਼ਾਮ ਵਾਨ ਆਪਣੀ ਮਾਸੀ ਦੇ ਘਰ ਚਲਾ ਗਿਆ। ਸਾਰੇ ਤਪਾਕ ਨਾਲ ਮਿਲੇ, ਕਿਹਾ - ਜਿੰਨਾ ਚਿਰ ਤੇਰਾ ਚਾਚਾ ਵਾਪਸ ਨਹੀਂ ਆਉਂਦਾ, ਸ਼ਾਮ ਦਾ ਖਾਣਾ ਇਥੇ ਸਾਡੇ ਕੋਲ ਖਾਇਆ ਕਰ ਤੇ ਐਤਵਾਰ ਦੇ ਦਿਨ ਸਾਰੇ ਇਕੱਠੇ ਰਿਹਾ ਕਰਾਂਗੇ। ਖਾਣਾ ਖਾ ਕੇ ਬਾਕੀ ਲੋਕ ਤਾਸ਼ ਖੇਡਣ ਲੱਗੇ। ਵਾਨ ਨੂੰ ਤਾਸ਼ ਆਉਂਦੀ ਨਹੀਂ ਸੀ, ਉਹ ਕਿਤਾਬ ਲੈ ਕੇ ਬੈਠ ਗਿਆ।

ਇਕ ਦਿਨ ਚਾਚਾ ਉਸ ਨੂੰ ਹੇਠਾਂ ਗ਼ਰੀਬ ਬਸਤੀਆਂ ਵੱਲ ਲੈ ਗਿਆ - ਦੇਖ ਵਾਨ,

ਇਹ ਏਨੇ ਗ਼ਰੀਬ ਨੇ ਕਿ ਬਿਮਾਰ ਹੋ ਜਾਣ, ਦਵਾਈ ਵਾਸਤੇ ਪੈਸੇ ਨਹੀਂ, ਨਿੱਕੀ ਜਿਹੀ ਝੌਂਪੜੀ ਵਿਚ ਸਾਰੇ ਇਕੱਠੇ, ਕੋਈ ਪ੍ਰਾਈਵੇਸੀ ਨਹੀਂ। ਅੱਜ ਸਖ਼ਤ ਮਜ਼ਦੂਰੀ ਕਰਨਗੇ ਤਾਂ ਕੱਲ੍ਹ ਨੂੰ ਰੋਟੀ ਮਿਲੇਗੀ। ਰੱਬ ਦੀ ਲੋੜ ਇਨ੍ਹਾਂ ਨੂੰ ਬਹੁਤੀ ਹੈ। ਸਾਡੇ ਵਾਲੇ ਪਾਸੇ ਦੇ ਉੱਚੇ ਲੋਕਾਂ ਵਾਸਤੇ ਤਾਂ ਰੱਬ ਅਮੀਰ ਬੁੱਢਾ ਹੈ ਜਿਹੜਾ ਆਰਾਮ ਨਾਲ ਹੁੱਕਾ ਪੀਈ ਜਾਂਦੈ - ਦੁਨੀਆਂ ਦਾ ਫ਼ਿਕਰ ਕਰਨ ਵਾਸਤੇ ਉਸ ਕੋਲ ਸਮਾਂ ਨਹੀਂ।

- ਯਾਨੀ ਕਿ ਅਮੀਰ ਲੋਕ ਬਕਵਾਸੀ ਹੁੰਦੇ ਨੇ, ਵਾਨ ਨੇ ਕਿਹਾ।

- ਮੈਂ ਇਹ ਗੱਲ ਨਹੀਂ ਕਹੀ ਵਾਨ, ਚਾਚੇ ਨੇ ਕਿਹਾ।

- ਮੈਂ ਕਹੀ ਹੈ ਅੰਕਲ। ਇਹ ਗੱਲ ਤਾਂ ਮੈਂ ਆਖੀ ਹੈ।

ਵਾਨ ਨੂੰ ਲੰਡਨ ਦੇਖੀਆਂ ਗ਼ਰੀਬ ਬਸਤੀਆਂ ਯਾਦ ਆ ਗਈਆਂ। ਕਿੰਨੀ ਸਖ਼ਤ ਜ਼ਿੰਦਗੀ। ਇਥੇ ਅਮੀਰ ਚਰਚਾਂ ਵਿਚ ਪਾਦਰੀ, ਅਮੀਰਾਂ ਨੂੰ ਯੱਸੂ ਦੀਆਂ, ਰੱਬ ਦੀਆਂ ਗੱਲਾਂ ਸੁਣਾਉਂਦਾ ਹੈ। ਇਹ ਗੱਲਾਂ ਧਰਵਾਸ ਦਿੰਦੀਆਂ ਹਨ। ਪਰ ਅਮੀਰਾਂ ਨੂੰ ਧਰਵਾਸ ਦੀ ਲੋੜ ਈ ਨੀ। ਇਹ ਗੱਲਾਂ ਤਾਂ ਗ਼ਰੀਬਾਂ ਵਾਸਤੇ ਲਿਖੀਆਂ ਸਨ ਵਡੇਰਿਆਂ ਨੇ। ਅਮੀਰਾਂ ਲਈ ਬਾਈਬਲ ਸ਼ੁਗ਼ਲ ਦਾ ਸਾਮਾਨ ਹੈ।

ਇਕ ਸਵੇਰ ਚਾਚੇ ਨੇ ਕਿਹਾ - ਨੌਕਰ ਨੇ ਦੱਸਿਆ ਵਾਨ ਕਿ ਤੂੰ ਸਾਰੀ ਸਾਰੀ ਰਾਤ ਨਹੀਂ ਸੌਂਦਾ। ਸਵੇਰੇ ਚਾਰ ਵਜੇ ਤੱਕ ਤੇਰੀ ਲਾਲਟੈਣ ਜਗਦੀ ਰਹਿੰਦੀ ਹੈ।

- ਹਾਂ ਅੰਕਲ। ਪਾਸ ਹੋਣਾ ਪਵੇਗਾ।

- ਕਿੰਨੇ ਘੰਟੇ ਪੜ੍ਹਦਾ ਹੁੰਨੈ ?

- ਵੀਹ ਘੰਟੇ ਔਸਤਨ।

- ਪਰ ਤੇਰੇ ਮਾਪਿਆਂ ਨੇ ਮੈਨੂੰ ਇਹ ਵੀ ਤਾਂ ਕਿਹੈ ਨਾ ਕਿ ਤੇਰਾ ਖ਼ਿਆਲ ਰੱਖਾਂ।

- ਪਰ ਅੰਕਲ ਪਾਸ ਹੋਣੈ ਨਾ। ਨੀਂਦ ਆਰਾਮ, ਹਮਦਰਦੀ, ਖ਼ੁਸ਼ੀ ਬਗ਼ੈਰ ਕੰਮ ਚੱਲ ਜਾਂਦੈ। ਰੱਬ ਦੀ ਇੱਛਾ ਅਮਲ ਵਿਚ ਲਿਆਉਣ ਵਾਸਤੇ ਸਖ਼ਤੀ ਕਰਨੀ ਪਵੇਗੀ ਅੰਕਲ।

ਚਾਚਾ ਇਹ ਸੋਚਦਾ ਚਲਾ ਗਿਆ - ਵਾਨ ਗਾਗ ਪਰਿਵਾਰ ਕਦੀ ਫ਼ੇਲ੍ਹ ਨਹੀਂ ਹੁੰਦਾ। ਵਾਨ ਦੇ ਦਿਮਾਗ਼ ਵਿਚ ਇਕ ਖ਼ਿਆਲ ਨਿਰੰਤਰ ਘੁੰਮਦਾ ਰਹਿੰਦਾ - ਅਲਜਬਰੇ ਦੇ ਸਵਾਲ, ਜਮੈਟਰੀ ਦੀਆਂ ਤਿਕੋਨਾਂ, ਲਾਤੀਨੀ, ਯੂਨਾਨੀ ਦੀ ਗਰਾਮਰ ਆਦਮੀ ਦੇ ਦੁਖ ਕਿਵੇਂ ਦੂਰ ਕਰਨਗੇ ? ਜਾਹਲ, ਬਿਮਾਰ, ਉਦਾਸ, ਦਿਸ਼ਾਹੀਣ, ਗ਼ਰੀਬ ਮਨੁੱਖਤਾ ਨੂੰ ਸ਼ਾਇਦ ਮੇਰੀ ਲੋੜ ਹੋਵੇ। ਉਸਨੇ ਆਪਣੇ ਅਧਿਆਪਕਾਂ ਨੂੰ ਕਿਹਾ - ਮੇਰਾ ਦਿਲ ਫੀਲਡ ਵਰਕ ਕਰਨ ਨੂੰ ਕਰਦਾ ਹੈ। ਤਿੰਨ ਮਹੀਨਿਆਂ ਬਾਦ ਪੀਟਰਸਨ ਨੇ ਕਿਹਾ - ਤੈਨੂੰ ਬੈਲਜੀਅਮ ਭੇਜ ਕੇ ਦੇਖਾਂਗੇ ਕੀ ਕਰਦੈਂ।

ਬਾਕੀ ਬੱਚੇ ਰੱਟੇ ਮਾਰਦੇ। ਅਧਿਆਪਕ ਜਦੋਂ ਆਖਦਾ - ਇਹ ਚਰਚ ਹੈ, ਬੱਚਿਓ, ਪ੍ਰਭੂ ਦੇ ਬੋਲ ਸੁਣਾਓ, ਪ੍ਰਵਚਨ ਕਹੋ। ਬੱਚੇ ਫਟਾ ਫਟ ਬਿਨਾਂ ਰੁਕੇ ਪਾਠ ਸੁਣਾ ਦਿੰਦੇ। ਵਾਨ ਕੋਲ ਸ਼ਬਦ ਨਾ ਹੁੰਦੇ, ਰੁਕ ਰੁਕ ਬੋਲਦਾ, ਦਿਲੋਂ ਬੋਲਦਾ, ਪਰ ਇਥੇ ਭਾਵਨਾ ਦੀ ਲੋੜ ਨਹੀਂ, ਫਟਾ ਫਟ ਵਾਕ ਬੋਲਣ ਦੀ ਜਾਚ ਆਉਣੀ ਚਾਹੀਦੀ ਹੈ। ਅਧਿਆਪਕ ਗ਼ੁੱਸੇ ਵਿਚ ਆਖਦਾ - ਵਾਨ ਇਹੀ ਤਿਆਰੀ ਹੈ ਤੇਰੀ ? ਤੇਰਾ ਕੀ ਬਣੇਗਾ ? ਬਾਕੀ ਬੱਚਿਆਂ ਨੂੰ ਪਾਸ ਕਰ ਕੇ ਵੱਖ ਵੱਖ ਥਾਵਾਂ 'ਤੇ ਚਰਚਾਂ ਵਿਚ ਭੇਜ ਦਿੱਤਾ। ਵਾਨ ਅਜੇ ਇਸ ਕਾਬਲ ਨਹੀਂ ਹੋਇਆ। ਉਸ ਦੇ ਦਿਲ ਅੰਦਰ ਤੂਫ਼ਾਨ ਉੱਠਣ ਲੱਗਾ ਤਾਂ ਉਸਨੇ ਇਹ ਆਖ ਕੇ ਰੋਕਿਆ - ਯਸੂ ਤੂਫ਼ਾਨਾਂ ਵਿਚ ਸ਼ਾਂਤ ਰਹਿੰਦਾ ਸੀ। ਮੈਂ ਇਕੱਲਾ ਨਹੀਂ ਹਾਂ। ਮੇਰੇ ਨਾਲ ਰੱਬ ਹੈ।

ਇਕ ਦਿਨ ਅਧਿਆਪਕ ਪਾਦਰੀ ਪੀਟਰਸਨ ਨੇ ਕਿਹਾ - ਅੱਜ ਮੇਰੇ ਘਰ ਖਾਣਾ ਖਾਣ ਆਈਂ ਵਾਨ। ਵਾਨ ਨੇ ਸ਼ੁਕਰਾਨਾ ਕਰਦਿਆਂ ਹਾਂ ਕਿਹਾ। ਖਾਣਾ ਖਾਂਦਿਆਂ ਪਾਦਰੀ ਨੇ ਕਿਹਾ - ਬੈਲਜੀਅਮ ਦੇ ਦੱਖਣ ਵੱਲ ਖਾਣ ਮਜ਼ਦੂਰਾਂ ਦੀ ਬਸਤੀ ਹੈ ਵਾਨ। ਬਹੁਤ ਗ਼ਰੀਬ ਹਨ। ਸਖ਼ਤ ਮਿਹਨਤ ਕਰਕੇ ਵੀ ਪੂਰੀ ਰੋਟੀ ਜੋਗੇ ਪੈਸੇ ਨਹੀਂ ਮਿਲਦੇ। ਰੱਬ ਦੀ ਬਹੁਤੀ ਲੋੜ ਉਨ੍ਹਾਂ ਨੂੰ ਹੈ। ਇਸ ਥਾਂ ਦਾ ਨਾਮ ਬੋਰਨੇਜ ਹੈ। ਜੇ ਤੂੰ ਉਥੇ ਚਲਾ ਜਾਏਂ ?

ਵਾਨ ਨੇ ਪੁੱਛਿਆ - ਪਰ ਚੋਣ ਕਮੇਟੀ ਨੇ ਤਾਂ ਮੈਨੂੰ ਅਯੋਗ ਕਰਾਰ ਦੇ ਦਿੱਤਾ ਹੈ। ਪਾਦਰੀ ਨੇ ਕਿਹਾ - ਮੈਂ ਪ੍ਰਬੰਧ ਕਰਾਂਗਾ। ਤੂੰ ਜਾ ਕੇ ਕੰਮ ਸ਼ੁਰੂ ਕਰ। ਮੈਂ ਕਮੇਟੀ ਨੂੰ ਮਨਾ ਕੇ ਤੈਨੂੰ ਨਿਯੁਕਤੀ-ਪੱਤਰ ਭਿਜਵਾ ਦਿਆਂਗਾ। ਮੈਨੂੰ ਯਕੀਨ ਐ ਵਾਨ, ਤੇਰੇ ਸੁਭਾਅ ਤੋਂ ਵਾਕ਼ਫ਼ ਹਾਂ, ਤੂੰ ਕਾਮਯਾਬ ਹੋਏਂਗਾ, ਚੋਣ ਕਮੇਟੀ ਇਕ ਦਿਨ ਪਛਤਾਏਗੀ ਕਿ ਤੈਨੂੰ ਉਸਨੇ ਅਯੋਗ ਸਮਝ ਲਿਆ ਸੀ। ਜਿਥੇ ਮੈਂ ਤੈਨੂੰ ਭੇਜ ਰਿਹਾਂ, ਉਨ੍ਹਾਂ ਲੋਕਾਂ ਨੂੰ ਤੇਰੀ ਲੋੜ ਹੈ। ਰੱਬ ਖ਼ੁਸ਼ ਹੋਏਗਾ।

ਵਾਨ ਦੱਸੀ ਗਈ ਥਾਂ ਪੁੱਜ ਗਿਆ। ਰੇਲ ਦੀ ਖਿੜਕੀ ਵਿੱਚੋਂ ਉੱਚੇ ਉੱਚੇ ਕਾਲੇ ਪਹਾੜ ਦੇਖੇ। ਨਾਲ ਬੈਠੇ ਬੰਦੇ ਨੂੰ ਪੁੱਛਿਆ - ਇਹ ਕਾਲੇ ਕਿਉਂ ਹਨ ? ਉਸਨੇ ਦੱਸਿਆ - ਇਸ ਆਬਾਦੀ ਵਿਚ ਕੋਲੇ ਦੀਆਂ ਖਾਣਾਂ ਹਨ। ਬੇਕਾਰ ਕੋਲਾ, ਬੇਕਾਰ ਸੁਆਹ ਉਪਰ ਤੱਕ ਸੁੱਟੀ ਜਾਂਦੇ ਹਨ, ਅਹੁ ਦੇਖ, ਇਕ ਟਰਾਲੀ ਕਾਲੀ ਕੇਰੀ ਢੇਰੀ ਕਰਕੇ ਹੇਠਾਂ ਵੱਲ ਆ ਰਹੀ ਹੈ। ਸੁਆਹ ਢੇਰ ਉਪਰ ਸੁੱਟੀ ਹੈ, ਗਰਦ ਗ਼ੁਬਾਰ ਦਾ ਕਾਲਾ ਬੱਦਲ ਉੱਠਿਆ ਹੈ। ਮੈਂ ਪੰਜਾਹ ਸਾਲ ਤੋਂ ਇਹ ਪਹਾੜ ਉੱਚੇ ਉੱਠਦੇ ਦੇਖ ਰਿਹਾਂ।

ਵਾਨ ਪਿੰਡ ਵਿਚ ਆ ਪੁੱਜਾ। ਝੌਂਪੜੀ ਨੁਮਾ ਟੁੱਟੇ ਭੱਜੇ ਘਰ ਤਾਂ ਹਨ ਪਰ ਏਨੀ ਵੀਰਾਨਗੀ ਕਿਉਂ ਹੈ ? ਕੋਈ ਬੰਦਾ ਦਿਸਦਾ ਈ ਨੀ ਕਿਧਰੇ। ਕੋਈ ਕੋਈ ਔਰਤ ਖ਼ੁਸ਼ਕ ਹੋਠ, ਉਦਾਸ ਚਿਹਰਾ, ਖ਼ਾਲੀ ਅੱਖਾਂ ਵਾਲੀ ਦੇਖੀ। ਇਕ ਮਕਾਨ ਕੁਝ ਚੰਗਾ ਸੀ। ਇਹ ਬੇਕਰੀ ਵਾਲੇ ਡੈਨਿਸ ਦਾ ਸੀ। ਵਾਨ ਇਸ ਘਰ ਅੰਦਰ ਗਿਆ। ਡੈਨਿਸ ਨੇ ਦੱਸਿਆ ਕਿ ਤੇਰੇ ਅਧਿਆਪਕ ਦਾ ਖ਼ਤ ਆ ਗਿਆ ਸੀ। ਰੋਟੀ ਖੁਆਈ। ਇਕ ਨਿੱਕਾ ਜਿਹਾ ਕਮਰਾ ਰਹਿਣ ਲਈ ਦਿੱਤਾ।

ਦਿਨ ਛਿਪਣ ਵੇਲੇ ਖੱਡਾਂ ਵਿੱਚੋਂ ਕੀੜਿਆਂ ਵਾਂਗ ਕਾਲੇ ਮਜ਼ਦੂਰ ਬਾਹਰ ਨਿਕਲਦੇ, ਘਰਾਂ ਵੱਲ ਪਰਤਦੇ ਦੇਖੇ। ਹੌਲੀ ਹੌਲੀ ਵਾਨ ਨੂੰ ਪਤਾ ਲੱਗਾ ਇਹ ਖਾਣਾਂ ਬਹੁਤ ਖ਼ਤਰਨਾਕ ਹਨ। ਕੰਮ ਕਰਨ ਉਤਰਦੇ, ਚੜ੍ਹਦੇ, ਗੈਸ ਰਾਹੀਂ, ਵਿਸਫੋਟ ਰਾਹੀਂ, ਪਾਣੀ ਵਿਚ ਡੁੱਬ ਕੇ, ਕੰਧਾਂ ਢਹਿਣ ਕਾਰਨ ਬੜੇ ਮਜ਼ਦੂਰ ਮਰਦੇ। ਅੱਠੇ ਪਹਿਰੇ ਉੱਚੀਆਂ ਚਿਮਨੀਆਂ ਕਾਲਾ ਧੂਆਂ ਖਿਲਾਰਦੀਆਂ। ਧੂਏਂ ਕਾਰਨ ਦਰੱਖ਼ਤ ਸੁੱਕ ਗਏ। ਪੂਰਨ ਵੀਰਾਨਗੀ ਦਾ ਆਲਮ। ਇਸ ਅਬਾਦੀ ਨੂੰ ਕਾਲਾ ਪਿੰਡ ਵੀ ਕਿਹਾ ਜਾਂਦਾ ਸੀ। ਸਾਰਾ ਦਿਨ ਹੇਠਾਂ ਹਨੇਰੇ ਵਿਚ ਕੰਮ ਕਰਕੇ ਬਾਹਰ ਨਿਕਲਦੇ ਤਾਂ ਚੌਂਧਕ ਲੱਗਦੀ, ਅੱਖਾਂ ਵਿੱਚੋਂ ਪਾਣੀ ਵਗੀ ਜਾਂਦਾ। ਸੱਤ ਸੌ ਮੀਟਰ ਡੂੰਘੇ ਪਤਾਲ ਵਿਚ ਸਾਰਾ ਦਿਨ ਪਿੰਡ ਛੁਪਿਆ ਹੋਇਆ ਕੰਮ ਕਰਦਾ ਰਹਿੰਦਾ। ਪੈਂਤੀ ਕੁ ਸਾਲ ਦੀ ਉਮਰ ਤੱਕ ਬੰਦਿਆਂ ਦੇ ਫੇਫੜੇ ਠੀਕ ਰਹਿੰਦੇ, ਬੱਸ ਫਿਰ ਕੰਮ ਤਮਾਮ।

ਸ਼ਾਮੀਂ ਡੈਨਿਸ ਨੇ ਫ਼ੋਰਮੈਨ ਜੈਕ ਨੂੰ ਖਾਣੇ ਵਾਸਤੇ ਘਰ ਬੁਲਾ ਲਿਆ। ਉਸਨੇ ਦੱਸਿਆ - ਮਾਂ ਨੇ ਚਾਰ ਅੱਖਰ ਪੜ੍ਹਨ ਲਿਖਣ ਦੇ ਸਿਖਾ ਦਿੱਤੇ ਸਨ ਜਿਸ ਕਰਕੇ ਕੰਪਨੀ ਨੇ ਮੈਨੂੰ ਹਾਜ਼ਰੀ-ਹੁਜ਼ਰੀ ਲਾਉਣ ਦੇ ਸੌਖੇ ਕੰਮ 'ਤੇ ਲਾ ਦਿੱਤਾ। ਬੱਸ ਰੋਟੀ ਮਿਲੀ ਜਾਂਦੀ ਹੈ। ਇਹ ਕਹਿੰਦਿਆਂ ਉਸਨੂੰ ਉਹ ਖੰਘ ਛਿੜੀ ਕਿ ਦੇਰ ਤੱਕ ਨਾ ਰੁਕੀ।

ਅਗਲੇ ਦਿਨ ਜੈਕ ਆਇਆ ਤੇ ਕਿਹਾ - ਆ ਵਾਨ ਆਬਾਦੀ ਦੇਖੀਏ। ਇਕ ਝੌਂਪੜੀ ਦਾ ਦਰਵਾਜ਼ਾ ਖੜਕਾਇਆ, ਕਮਜ਼ੋਰ ਜਿਹੀ ਔਰਤ ਨੇ ਬੂਹਾ ਖੋਲ੍ਹਿਆ। ਤਿੰਨ ਬੱਚੇ ਕੰਬਲ ਵਿਚ ਲਿਪਟੇ ਬੈਠੇ ਸਨ। ਮੰਜੇ ਹੇਠ ਬੱਕਰੀ ਬੈਠੀ ਸੀ। ਇਕ ਖੂੰਜੇ ਵਿਚ ਖ਼ਰਗੋਸ਼ਾਂ ਨੇ ਖੱਡ ਪੁੱਟੀ ਹੋਈ ਸੀ। ਕੱਚਾ ਫ਼ਰਸ਼, ਛੱਤ ਉਪਰ ਉੱਲੀ। ਇਕ ਨਿੱਕਾ ਸਟੈਂਡ ਪੰਜ ਸੱਤ ਭਾਂਡੇ। ਛੱਬੀ ਸਾਲ ਦੀ ਉਮਰ ਵਿਚ ਹੀ ਬੀਤ ਚੱਲੀ ਸੀ। ਬੋਲੀ - ਕਿੰਨੇ ਦਿਨਾਂ ਬਾਦ ਆਇਐਂ ਜੈਕ। ਤੇਰਾ ਤੇ ਤੇਰੇ ਦੋਸਤ ਦਾ ਸੁਆਗਤ। ਔਰਤ ਦਾ ਪਤੀ ਦੇਕਰੂ ਸ਼ੇਖ਼ੀ ਮਾਰਿਆ ਕਰਦਾ ਸੀ - ਮੈਨੂੰ ਨੀਂ ਕੁਸ਼ ਹੁੰਦਾ। ਮੈਂ ਬੁੱਢਾ ਹੋ ਕੇ ਆਰਾਮ ਨਾਲ ਮੰਜੀ 'ਤੇ ਈ ਮਰੂੰਗਾ। ਦੇਖ ਲਿਉ ਬੇਸ਼ਕ। ਖਾਣ ਢਹਿਣ ਕਾਰਨ ਉਸਦੇ ਨਾਲ ਦੇ 29 ਮਜ਼ਦੂਰ ਦੱਬ ਕੇ ਮਰ ਗਏ ਸਨ, ਪੰਜ ਦਿਨ ਬਾਦ ਇਕੱਲਾ ਜਿਊਂਦਾ ਨਿਕਲਿਆ। ਲੱਤ ਟੁੱਟ ਗਈ ਸੀ। ਤਾਂ ਵੀ ਪੂਰਾ ਕੰਮ ਕਰਦਾ। ਉਸਨੇ ਕਿਹਾ - ਦੇਖ ਵਾਨ ਗਾਗ, ਅਸੀਂ ਗ਼ੁਲਾਮ ਨਹੀਂ, ਅਸੀਂ ਤਾਂ ਜਾਨਵਰ ਹਾਂ। ਅੱਠ ਨੌਂ ਸਾਲ ਦੇ ਬੱਚੇ ਕੰਮ 'ਤੇ ਲੱਗ ਜਾਂਦੇ ਨੇ। ਚੌਦਾਂ ਚੌਦਾਂ ਘੰਟੇ ਕੰਮ। ਦੁਪਹਿਰੇ ਰੋਟੀ ਖਾਣ ਵਾਸਤੇ 15 ਮਿੰਟ ਬਸ। ਤਨਖ਼ਾਹ ਵਿੱਚੋਂ ਜੇ ਅਠੱਨੀ ਕੱਟ ਲੈਣ, ਅਸੀਂ ਭੁੱਖ ਨਾਲ ਮਰ ਜਾਈਏ। ਜੇ ਮਰ ਗਏ ਫਿਰ ਕੰਮ ਕਿਵੇਂ ਚੱਲੇਗਾ ? ਸੋ ਮਰਨ ਤਾਂ ਨਹੀਂ ਦੇਣਗੇ, ਪਰ ਸਾਡਾ ਜਿਊਣਾ ਦੇਖ। ਬਿਮਾਰ ਹੋਣ ਉੱਤੇ ਦਵਾਈ ਨਹੀਂ ਮਿਲੇਗੀ, ਬੰਦੇ ਕੁੱਤੇ ਦੀ ਮੌਤ ਮਰਦੇ ਹਨ, ਉਨ੍ਹਾਂ ਦੇ ਬੱਚੇ ਮੰਗਤੇ ਹੋ ਜਾਂਦੇ ਨੇ। ਅੱਠ ਸਾਲ ਦੀ ਉਮਰ ਵਿਚ ਕੰਮ ਸ਼ੁਰੂ, ਬੱਤੀ ਸਾਲ ਨਿਰੰਤਰ ਮੁਸ਼ੱਕਤ ਕਰਨ ਬਾਦ ਔਸਤਨ ਚਾਲ੍ਹੀ ਸਾਲ ਦੀ ਉਮਰੇ ਮੌਤ। ਸਿਰਫ਼ ਐਤਵਾਰ ਵਾਲੇ ਦਿਨ ਸੂਰਜ ਦਿਸਦੈ।

ਬੇਕਰੀ ਦੇ ਪਿਛਲੇ ਪਾਸੇ ਦਾ ਥਾਂ ਸਾਫ਼ ਕਰਕੇ ਵਾਨ ਨੇ ਫੱਟੇ ਰੱਖ ਲਏ ਤੇ ਐਤਵਾਰ ਦੇ ਦਿਨ ਪ੍ਰਵਚਨ ਸੁਣਨ ਵਾਸਤੇ ਝੌਂਪੜੀਆਂ ਵਿਚ ਸੁਨੇਹਾ ਭੇਜ ਦਿੱਤਾ। ਕੁਝ ਫੱਟੇ ਬੈਠਣ ਵਾਸਤੇ ਰੱਖ ਦਿੱਤੇ। ਤੀਹ ਚਾਲ੍ਹੀ ਵੱਡੇ ਛੋਟੇ ਆ ਬੈਠੇ। ਸਾਰਿਆਂ ਨੇ ਠੰਡ ਤੋਂ ਬਚਣ ਲਈ ਆਪਣੀਆਂ ਮੁੱਕੀਆਂ ਕੱਛਾਂ ਵਿਚ ਦੱਬ ਰੱਖੀਆਂ ਸਨ। ਵਾਨ ਨੇ ਬਾਈਬਲ ਖੋਲ੍ਹੀ - ਪੜ੍ਹੀ - ਰਾਤੀਂ ਪਾਲ ਨੇ ਇਕ ਨਜ਼ਾਰਾ ਦੇਖਿਆ, ਮਕਦੂਨੀਆਂ ਦਾ ਇਕ ਬੰਦਾ ਖਲੋਤਾ ਉਸਨੂੰ ਕਹਿਣ ਲੱਗਾ - ਸਾਡੀ ਬਾਂਹ ਫੜਨ ਵਾਸਤੇ ਮਕਦੂਨੀਆਂ ਆ ਪਾਲ। ਇਸ ਬਸਤੀ ਦੇ ਮਜ਼ਦੂਰਾਂ ਵਰਗੇ ਹੀ ਸਨ ਮਕਦੂਨੀਆਂ ਦੇ ਬਾਸ਼ਿੰਦੇ। ਰੱਬ ਗ਼ਰੀਬਾਂ ਉਪਰ ਰਹਿਮ ਕਰਦਾ ਹੈ। ਅੱਯਾਸ਼ ਲੋਕਾਂ ਨੂੰ ਸਜ਼ਾ ਮਿਲੇਗੀ। ਆਖ਼ਰੀ ਦਿਨ ਤੁਸੀਂ ਸਭ ਬਖ਼ਸ਼ੇ ਜਾਓਗੇ। ਸੁਰਗ ਦੀ ਹਕੂਮਤ ਮਿਲੇਗੀ।

ਦਿਨ ਵਕਤ ਉਹ ਬਿਮਾਰਾਂ ਦੀ ਖ਼ਬਰ ਲੈਂਦਾ, ਪ੍ਰਾਰਥਨਾ ਕਰਦਾ। ਉਸਨੇ ਦੇਖਿਆ ਕਿ ਠੰਢ ਨਾਲ ਕੰਬ ਰਹੇ ਹਨ, ਕੱਪੜੇ ਨਹੀਂ, ਮੈਂ ਇੰਨੇ ਕੱਪੜੇ ਕੀ ਕਰਨੇ ਨੇ ? ਲੋੜਵੰਦਾਂ ਵਿਚ ਵੰਡੀ ਜਾਂਦਾ। ਉਸਨੇ ਘੁੰਮਦਿਆਂ ਇਕ ਦਿਨ ਵੱਡਾ ਸਾਰਾ ਤਬੇਲਾ ਖ਼ਾਲੀ ਦੇਖਿਆ। ਕੋਈ ਨਹੀਂ ਵਰਤਦਾ ਸੀ। ਉਸਨੇ ਇਸੇ ਦਾ ਗਿਰਜਾ ਬਣਾ ਲਿਆ। ਸੌ ਆਦਮੀ ਆਰਾਮ ਨਾਲ ਬੈਠ ਸਕਦੇ ਸਨ।

ਇਕ ਦਿਨ ਉਸ ਨੂੰ ਫਾਦਰ ਪੀਟਰਸਨ ਦਾ ਖ਼ਤ ਮਿਲਿਆ। ਲਿਖਿਆ ਸੀ - ਪਿਆਰੇ ਵਾਨ, ਪਤਾ ਲੱਗੈ ਤੂੰ ਚੰਗਾ ਕੰਮ ਕਰ ਰਿਹੈਂ। ਅਸੀਂ ਤੈਨੂੰ ਛੇ ਮਹੀਨਿਆਂ ਵਾਸਤੇ ਰੱਖ ਲਿਐ ਜੂਨ ਤੱਕ। ਹਰ ਮਹੀਨੇ ਤੈਨੂੰ 50 ਫਰਾਂਕ ਮਿਲਦੇ ਰਹਿਣਗੇ।

ਵਾਨ ਬਹੁਤ ਖ਼ੁਸ਼ ਹੋਇਆ। ਲਉ ਜੀ ਆਪਣਾ ਖ਼ਰਚਾ ਤਾਂ ਨਿਕਲੇਗਾ ਹੁਣ ਆਰਾਮ ਨਾਲ। ਸਗੋਂ ਇਸ ਵਿੱਚੋਂ ਦਵਾਈਆਂ ਵੀ ਖ਼ਰੀਦਿਆ ਕਰਾਂਗਾ ਮਰੀਜ਼ਾਂ ਵਾਸਤੇ। ਮੌਜਾਂ

ਲੱਗ ਗਈਆਂ। ਪਿਤਾ ਨੂੰ ਬਹੁਤ ਪਿਆਰਾ ਖ਼ਤ ਲਿਖ ਕੇ ਇਹ ਖ਼ੁਸ਼ਖ਼ਬਰੀ ਦੱਸੀ। ਸ਼ਾਮ ਨੂੰ ਚਾਰ ਤੋਂ ਅੱਠ ਸਾਲ ਦੇ ਬੱਚਿਆਂ ਨੂੰ ਪੜ੍ਹਨਾ ਲਿਖਣਾ ਸਿਖਾਣ ਲੱਗਾ। ਗਿਰਜੇ ਵਿਚ ਕਲਾਸ ਲੱਗੀ।

ਔਰਤਾਂ ਦੀ ਇਕ ਟੋਲੀ ਤੁਰੀ ਜਾ ਰਹੀ ਸੀ। ਰਸਤੇ ਵਿਚ ਵਾਨ ਆ ਗਿਆ, ਸਾਰੀਆਂ ਨੇ ਸਲਾਮ ਕੀਤਾ। ਵਾਨ ਨੇ ਪੁੱਛਿਆ - ਕਿਥੇ ਚੱਲੀਆਂ ਹੋ? ਦੱਸਿਆ - ਕੋਲਾ ਚੁਗਣ। ਬੇਕਾਰ ਆਖ ਕੇ ਸੁੱਟੇ ਗਏ ਕੋਲੇ ਵਿੱਚੋਂ ਕੁਝ ਜਿਹੜਾ ਕੰਮ ਦਾ ਹੁੰਦਾ ਹੈ, ਉਹ ਅਸੀਂ ਆਪਣੇ ਵਾਸਤੇ ਚੁਗ ਲਿਆਉਂਦੀਆਂ ਹਾਂ। ਸਾਡੇ ਨਾਲ ਆ ਜਾਹ, ਤੈਨੂੰ ਦੱਸਾਂਗੀਆਂ ਕਿਹੜਾ ਬਲਣਯੋਗ ਹੁੰਦੈ। ਤੈਨੂੰ ਵੀ ਤਾਂ ਅੱਗ ਦੀ ਲੋੜ ਪਏਗੀ। ਵਾਨ ਉਨ੍ਹਾਂ ਨਾਲ ਤੁਰ ਪਿਆ। ਕੁੜੀਆਂ ਨੇ ਵੱਖ-ਵੱਖ ਸ਼ੇਡ ਦੇ ਕੋਇਲੇ ਦਿਖਾ ਕੇ ਦੱਸਿਆ - ਇਸ ਰੰਗ ਵਾਲਾ ਠੀਕ ਹੈ, ਬਾਕੀ ਬੇਕਾਰ। ਹੁਣ ਫਟਾ ਫਟ ਆਪੋ-ਆਪਣੀਆਂ ਟੋਕਰੀਆਂ ਭਰੋ। ਥੋੜ੍ਹੇ ਦਿਨਾਂ ਬਾਦ ਵਾਨ ਦੇ ਚਿਹਰੇ ਉਪਰ ਕਾਲੀਆਂ ਲਕੀਰਾਂ ਨਜ਼ਰ ਆਉਣ ਲੱਗੀਆਂ। ਆਬਾਦੀ ਵਿਚ ਕਿਸੇ ਦੇ ਘਰ ਸਾਬਣ ਨਹੀਂ ਸੀ, ਨਾ ਦੁਕਾਨ ਵਿੱਚੋਂ ਮਿਲ ਸਕਦੀ ਸੀ। ਵਾਨ ਨੂੰ ਇਸਦਾ ਫ਼ਿਕਰ ਨਹੀਂ। ਉਹ ਇਨ੍ਹਾਂ ਲੋਕਾਂ ਵਿਚ ਇਨ੍ਹਾਂ ਵਰਗਾ ਬਣ ਕੇ ਰਹਿਣਾ ਚਾਹੁੰਦਾ ਸੀ। ਜੈਕ ਨੇ ਕਿਹਾ - ਤੈਨੂੰ ਲਗਦੈ ਤੂੰ ਸਾਨੂੰ ਜਾਣ ਗਿਐਂ? ਤੂੰ ਧਰਤੀ ਦੇ ਉਪਰਲੀ ਜ਼ਿੰਦਗੀ ਦੇਖੀ ਹੈ। ਕਿਸੇ ਦਿਨ ਜ਼ਮੀਨ ਹੇਠ ਲੈ ਕੇ ਜਾਵਾਂਗਾ, ਫੇਰ ਦੇਖੀਂ।

ਐਤਵਾਰ ਨੂੰ ਗਿਰਜਾ ਪੂਰਾ ਭਰ ਗਿਆ। ਵਾਨ ਨੇ ਉਪਦੇਸ਼ ਦਿੱਤਾ, ਭਾਈਓ ਅਸੀਂ ਅਜਨਬੀ ਤਾਂ ਹਾਂ ਪਰ ਇਕੱਲੇ ਨਹੀਂ ਹਾਂ। ਸਾਡਾ ਪਿਤਾ ਸਾਡੇ ਨਾਲ ਹੈ। ਧਰਤੀ ਸਰਾਂ ਹੈ। ਹੌਲੀ ਹੌਲੀ ਆਪਾਂ ਸਰਾਂ ਛੱਡ ਕੇ ਆਪਣੇ ਘਰ ਸੁਰਗ ਵਿਚ ਜਾਵਾਂਗੇ। ਖ਼ੁਸ਼ੀਆਂ ਦੀ ਮਜਲਿਸ ਤੋਂ ਦੂਰ ਰਹੋ। ਜਿਨ੍ਹਾਂ ਨੇ ਯਸੂ ਉਪਰ ਵਿਸ਼ਵਾਸ ਲਿਆਂਦਾ, ਉਨ੍ਹਾਂ ਨੂੰ ਪਤਾ ਹੈ ਹਰੇਕ ਦੁਖ ਵਿਚ ਉਮੀਦ ਵੱਸਦੀ ਹੈ। ਹਨੇਰੇ ਵਿੱਚੋਂ ਚਾਨਣ ਤੱਕ ਰਸਤਾ ਮਿਲੇਗਾ। ਅਸੀਂ ਅਰਦਾਸ ਕਰਦੇ ਹਾਂ ਪਿਤਾ, ਨਾ ਦੁਖ ਮਿਲੇ ਨਾ ਅੱਯਾਸ਼ੀ। ਖਾਣ ਜੋਗੀ ਰੋਟੀ ਦੇ ਦੇਹ ਬਸ। ਆਮੀਨ। ਕਲਮੂੰਹੀਂ ਸੰਗਤ ਨੇ ਦੁਹਰਾਇਆ - ਆਮੀਨ!

ਇਕ ਸਵੇਰ ਜੈਕ ਨੇ ਵਾਨ ਨੂੰ ਕਿਹਾ - ਹੇਠਾਂ ਲੈ ਕੇ ਜਾਵਾਂਗਾ। ਹਰੇਕ ਕਾਮੇ ਕੋਲ ਆਪਣੀ ਆਪਣੀ ਸੇਫ਼ਟੀ ਲਾਲਟੈਣ ਹੁੰਦੀ ਹੈ ਜਿਸਦਾ ਇਕ ਨੰਬਰ ਹੁੰਦੈ। ਜਦੋਂ ਦੁਰਘਟਨਾ ਵਾਪਰਦੀ ਹੈ, ਉਦੋਂ ਗੁੰਮ ਲਾਲਟੈਣਾਂ ਦੇ ਨੰਬਰਾਂ ਤੋਂ ਪਤਾ ਲੱਗਦੈ ਕਿਹੜਾ ਕਿਹੜਾ ਕਾਮਾ ਮਰ ਗਿਐ। ਚਾਰ ਜਣੇ ਇਕ ਪਿੰਜਰੇ ਵਿਚ ਗੁੱਛਮਗੁੱਛਾ ਹੋ ਕੇ ਬੈਠ ਗਏ। ਪਿੰਜਰੇ ਨੇ ਪੌਣਾ ਮੀਲ ਖੱਡ ਦਾ ਸਫ਼ਰ ਤੈ ਕਰਕੇ ਹੇਠਾਂ ਜਾਣਾ ਸੀ। ਪਿੰਜਰਾ ਅੰਧਕਾਰ ਵਿਚ ਹੇਠਾਂ ਉਤਰਨ ਲੱਗਾ ਤਾਂ ਵਾਨ ਡਰ ਗਿਆ। ਉਸਨੇ ਪੁੱਛਿਆ - ਤੈਨੂੰ ਤਾਂ ਆਦਤ ਪੈ ਗਈ ਹੈ ਜੈਕ, ਤੈਨੂੰ ਤਾਂ ਡਰ ਨੀਂ ਲੱਗਦਾ? ਜੈਕ ਨੇ ਕਿਹਾ - ਤੇਤੀ ਸਾਲ ਤੋਂ ਉਤਰਦਾ ਆ ਰਿਹਾ ਹਾਂ ਤਾਂ ਵੀ ਰੀੜ੍ਹ ਦੀ ਹੱਡੀ ਡਰ ਕਾਰਨ ਕੰਬ ਜਾਂਦੀ ਹੈ। ਕੋਈ ਆਦਤ ਨਹੀਂ ਪਈ। ਹੇਠਾਂ ਜਾ ਕੇ ਪਿੰਜਰੇ ਵਿੱਚੋਂ ਬਾਹਰ ਨਿਕਲੇ। ਉਪਰ ਦੇਖਿਆ ਤਾਂ ਅਸਮਾਨ ਇਕ ਨਿੱਕੀ ਜਿਹੀ ਮੋਰੀ ਵਿੱਚੋਂ ਤਾਰੇ ਵਾਂਗ ਦਿਸਦਾ ਸੀ। ਆਲੇ-ਦੁਆਲੇ ਪਾਣੀ ਸਿੰਮ ਰਿਹਾ ਸੀ। ਗੋਡਿਆਂ ਭਾਰ ਮਜ਼ਦੂਰ ਕੋਇਲਾ ਪੁੱਟ ਰਹੇ ਸਨ, ਨਿੱਕੀਆਂ ਨਿੱਕੀਆਂ ਰੇੜ੍ਹੀਆਂ ਭਰੀਆਂ ਜਾ ਰਹੀਆਂ ਸਨ।

ਵਾਨ ਨੇ ਪੁੱਛਿਆ - ਏਨੀ ਸਖ਼ਤ ਮਿਹਨਤ, ਖ਼ਤਰਨਾਕ ਕੰਮ, ਕੰਪਨੀ ਏਨੀ ਘੱਟ ਤਨਖ਼ਾਹ ਕਿਉਂ ਦਿੰਦੀ ਹੈ? ਜੈਕ ਨੇ ਕਿਹਾ - ਮਾਲਕ ਬੇਵੱਸ ਹਨ। ਮੁਕਾਬਲਾ ਸਖ਼ਤ ਹੈ।

ਬਾਕੀ ਕੰਪਨੀਆਂ ਕੋਲ ਵਧੀਆ ਮਸ਼ੀਨਰੀ ਹੈ। ਅਸੀਂ ਮਾਲਕਾਂ ਨੂੰ ਤਨਖ਼ਾਹ ਵਧਾਉਣ ਵਾਸਤੇ ਆਖਦੇ ਈ ਨੀ ਕਿਉਂਕਿ ਫੇਰ ਫ਼ੈਕਟਰੀ ਬੰਦ ਹੋ ਜਾਣੀ ਹੈ। ਵੱਧ ਕੰਮ ਕਰ ਕੇ ਮਰਨਾ ਠੀਕ ਹੈ, ਨਹੀਂ ਤਾਂ ਭੁੱਖੇ ਮਰ ਜਾਵਾਂਗੇ। ਇਥੇ ਹੜਤਾਲ ਹੋ ਈ ਨਹੀਂ ਸਕਦੀ। ਮਾਲਕ ਬਹੁਤੇ ਅਮੀਰ ਨਹੀਂ ਹਨ। ਨਿੱਕੀਆਂ ਨਿੱਕੀਆਂ ਲਾਲਟੈਣਾਂ ਇਧਰ ਉਧਰ ਹਿਲਜੁਲ ਰਹੀਆਂ ਸਨ। ਕਦੀ ਗੈਸ ਅੱਗ ਫੜ ਲੈਂਦੀ ਹੈ, ਧਮਾਕਾ ਹੁੰਦਾ ਹੈ, ਸਭ ਦੇ ਦੁਖ ਖ਼ਤਮ।

ਵਾਨ ਛੇ ਘੰਟੇ ਕੁੰਭੀ ਨਰਕ ਦੇਖਦਾ ਰਿਹਾ, ਬਿਨਾਂ ਕੰਮ ਕਰਨ ਤੋਂ ਉਸ ਨੂੰ ਪਸੀਨਾ ਛੁੱਟਦਾ ਰਿਹਾ। ਮਜ਼ਦੂਰ ਖੰਘਦੇ, ਥੁੱਕਦੇ, ਕਾਲਾ ਥੁੱਕ, ਕਾਲਾ ਧੂੰਆਂ, ਕਾਲੇ ਲੋਕ। ਜੈਕ ਨੇ ਦੁਖੀ ਵਾਨ ਨੂੰ ਦੇਖ ਕੇ ਕਿਹਾ - ਇਹੋ ਸਾਡਾ ਜੀਵਨ ਹੈ। ਹਰ ਸਵੇਰ ਮੌਤ ਦੇ ਜਬਾੜੇ ਵਿਚ ਵੜਨਾ। ਮਲਾਹ ਜਾਣਦੇ ਹਨ ਇਕ ਦਿਨ ਤੂਫ਼ਾਨ ਘੇਰ ਕੇ ਮਾਰੇਗਾ। ਫੇਰ ਕਿਹੜਾ ਉਹ ਸਾਗਰ ਵਿਚ ਕਿਸ਼ਤੀਆਂ ਠੇਲ੍ਹਣੋਂ ਹਟ ਜਾਂਦੇ ਹਨ ?

ਹਫ਼ਤੇ ਮਹੀਨੇ ਬੀਤਦੇ ਗਏ। ਇਕ ਦਿਨ ਜੈਕ ਦੇ ਘਰ ਗਿਆ। ਮੈਡਮ ਅਤੇ ਬੱਚੇ ਠੰਢ ਨਾਲ ਨੀਲੇ ਹੋਏ ਬੈਠੇ ਸਨ। ਮੈਡਮ ਨੇ ਕਿਹਾ - ਇਕ ਕੰਬਲ ਵਿਚ ਲਪੇਟ ਦਿੰਨੀ ਆਂ। ਬੈਠੇ ਰਹਿੰਦੇ ਨੇ। ਜੇ ਤੁਰਨ ਫਿਰਨਗੇ ਨਹੀਂ ਵਧਣਗੇ ਕਿਵੇਂ ? ਵਾਨ ਆਪਣੇ ਕਮਰੇ ਵਿਚ ਗਿਆ। ਆਪਣਾ ਇੱਕੋ ਇਕ ਬਚਿਆ ਕੰਬਲ ਉਨ੍ਹਾਂ ਨੂੰ ਦੇ ਗਿਆ। ਵਾਪਸ ਆ ਕੇ ਸੋਚਣ ਲੱਗਾ - ਨਾਲ ਦੀ ਝੌਂਪੜੀ ਵਿਚ ਮਰੀਜ਼ ਜ਼ਮੀਨ 'ਤੇ ਲੇਟਿਆ ਤੜਪ ਰਿਹੈ। ਮੈਂ ਮੰਜਾ ਕੀ ਕਰਨੈ ? ਮੰਜਾ ਉਸਨੂੰ ਚਾਹੀਦੈ। ਜੇ ਮੈਂ ਮੱਕਾਰ ਨਹੀਂ, ਜੇ ਮੈਂ ਯਕੀਨਨ ਪ੍ਰਭੂ ਦਾ ਬੰਦਾ ਹਾਂ, ਫੇਰ ਇਨ੍ਹਾਂ ਚੀਜ਼ਾਂ ਦੇ ਹੱਕਦਾਰ ਹੋਰ ਲੋਕ ਨੇ। ਉਸਨੇ ਡੈਨਿਸ ਦਾ ਕਮਰਾ ਛੱਡ ਕੇ ਇਕ ਨਿੱਕਾ ਜਿਹਾ ਕਮਰਾ ਸਸਤਾ ਕਿਰਾਏ 'ਤੇ ਲੈ ਲਿਆ। ਇਕ ਦਿਨ ਮਿਸਿਜ ਡੈਨਿਸ ਆਈ, ਦੇਖਿਆ, ਗਦੈਲੇ ਦੀ ਥਾਂ ਵਾਨ ਨੇ ਜ਼ਮੀਨ 'ਤੇ ਘਾਹ ਫੂਸ ਵਿਛਾ ਰੱਖਿਆ ਹੈ। ਗਰਮ ਕੱਪੜੇ ਗ਼ਾਇਬ ਹਨ, ਬੋਲੀ, ਵਾਨ ਹੋਸ਼ ਕਰ ਹੋਸ਼। ਇਹ ਯਸੂ ਮਸੀਹ ਦਾ ਜ਼ਮਾਨਾ ਨਹੀਂ ਹੁਣ। ਮਰ ਜਾਏਂਗਾ ਇਸ ਤਰ੍ਹਾਂ ਤਾਂ। ਸਭ ਨੂੰ ਪਤੈ ਤੂੰ ਚੰਗਾ ਬੰਦੈ, ਨੇਕ, ਹਮਦਰਦ ਐਂ, ਤੇਰੇ ਵਰਗਾ ਬੰਦਾ ਮਰਨਾ ਨਹੀਂ ਚਾਹੀਦਾ। ਤੂੰ ਸਾਡੇ ਲਈ ਉਮੀਦ ਲੈ ਕੇ ਆਇਐਂ।

ਇਕ ਦਿਨ ਕੰਪਨੀ ਦਾ ਮਾਲਕ ਆਇਆ, ਵਾਨ ਉਸਨੂੰ ਮਿਲਿਆ, ਕਾਮਿਆਂ ਦੀ ਮੰਦਹਾਲੀ ਸੁਧਾਰਨ ਲਈ ਕਿਹਾ। ਮਾਲਕ ਬੋਲਿਆ - ਪੈਸਾ ਵਿਆਜ 'ਤੇ ਮਿਲਦੈ। ਮੁਕਾਬਲੇ ਦਾ ਜ਼ਮਾਨਾ ਹੈ। ਸਾਡਾ ਕੋਲਾ ਵਧੀਆ ਨਹੀਂ। ਫੇਰ ਵੀ ਵੇਚਣਾ ਤਾਂ ਹੈ ਈ। ਜੇ ਕੰਮ ਦੇ ਘੰਟੇ ਘਟਾ ਦੇਈਏ ਤਾਂ ਇਹਦਾ ਉਹੀ ਮਤਲਬ ਐ ਜੋ ਤਨਖ਼ਾਹ ਵਧਾਉਣ ਦਾ ਹੈ। ਐਕਸੀਡੈਂਟ ਘੱਟ ਕਰਨ ਲਈ ਖ਼ਰਚੇ ਦੀ ਲੋੜ ਹੈ, ਪੈਸਾ ਨਹੀਂ। ਕਦੀ ਕਦੀ ਤਾਂ ਮੈਂ ਕੰਪਨੀ ਬੰਦ ਕਰਨ ਬਾਰੇ ਸੋਚਣ ਲੱਗ ਜਾਨਾਂ। ਫੇਰ ਕਾਂਬਾ ਛਿੜ ਜਾਂਦੈ। ਸੈਂਕੜੇ ਘਰ ਭੁੱਖ ਨਾਲ ਮਰ ਜਾਣਗੇ। ਮੇਰੀ ਗੱਲ ਦਾ ਬੁਰਾ ਨਾ ਮਨਾਈਂ ਵਾਨ। ਮੈਂ ਕੈਥੋਲਿਕ ਹਾਂ। ਹੁਣ ਮੈਂ ਨਾਸਤਕ ਹੁੰਦਾ ਜਾਨਾਂ ਦਿਨ-ਬਦਿਨ। ਸਾਡੀ ਇਹ ਹਾਲਤ ਐ ਤਾਂ ਰੱਬ ਕੀ ਕਰਦੈ ਫੇਰ ? ਰੱਬ ਦਾ ਅਸੀਂ ਕਰਨਾ ਕੀ ਐ ?

ਇਕ ਦਿਨ ਸੋਚਣ ਲੱਗਾ - ਬੱਚਿਆਂ ਨੂੰ ਪੜ੍ਹਾਉਣ ਵਿਚ ਸਮਾਂ ਜ਼ਾਇਆ ਕਰਦਾ ਹਾਂ। ਕੀ ਕੰਮ ਆਏਗੀ ਇਹ ਪੜ੍ਹਾਈ ? ਬੱਚਿਆਂ ਨਾਲ ਰਲ ਕੇ ਝੌਂਪੜੀਆਂ ਵਿਚ ਬਾਲਣ ਜੋਗਾ ਕੋਲਾ ਕਿਉਂ ਨਾ ਇਕੱਠਾ ਕਰਿਆ ਕਰੀਏ ? ਕਾਲੇ ਲੋਕਾਂ ਵਿਚ ਕੰਮ ਕਰਦਿਆਂ ਦਿਨ-ਬਦਿਨ ਉਸਦੀ ਚਮੜੀ ਕਾਲੀ ਹੁੰਦੀ ਗਈ। ਠੰਢ ਕਾਰਨ ਕੋਈ ਅੰਗ ਨੀਲਾ ਹੋ ਜਾਂਦਾ, ਕੋਈ ਕਾਲਾ। ਜਿਹੜੀ ਤਨਖ਼ਾਹ ਮਿਲਦੀ, ਥੋੜ੍ਹੀ ਕੁ ਰੱਖ ਕੇ ਬਾਕੀ ਪੈਸਿਆਂ ਦਾ

ਲੋੜੀਂਦਾ ਸਾਮਾਨ, ਦਵਾਈਆਂ, ਮੱਲ੍ਹਮ, ਪੱਟੀਆਂ, ਪੇਨ ਕਿੱਲਰ ਆਦਿਕ ਲਿਆ ਕੇ ਵੰਡ ਦਿੰਦਾ। ਮਰੀਜ਼ਾਂ ਨੂੰ ਗਰਮ ਪਾਣੀ ਨਾਲ ਨੁਹਾ ਦਿੰਦਾ। ਖ਼ੁਦ ਖਾਣਾ ਪੀਣਾ, ਪਹਿਨਣਾ ਭੁੱਲ ਜਾਂਦਾ, ਨਤੀਜਾ ਕਮਜ਼ੋਰੀ, ਬੁਖ਼ਾਰ, ਅੱਖਾਂ ਅੰਦਰ ਧਸ ਗਈਆਂ। ਡੈਕਰੂ ਦੇ ਤਿੰਨ ਬੱਚਿਆਂ ਵਿੱਚੋਂ ਇਕ ਨੂੰ ਟਾਈਫ਼ਾਈਡ ਹੋ ਗਿਆ। ਵਾਨ ਆਪਣਾ ਆਖ਼ਰੀ ਕੰਬਲ ਉਸ ਵਾਸਤੇ ਲੈ ਆਇਆ ਤਾਂ ਡੈਕਰੂ ਨੇ ਕਿਹਾ - ਤਿੰਨ ਵਿੱਚੋਂ ਇਕ ਮਰ ਗਿਆ, ਦੋ ਤਾਂ ਰਹਿ ਜਾਣਗੇ। ਸਾਡੀ ਸਾਰੀ ਬਸਤੀ ਵਿਚ ਕੇਵਲ ਇਕ ਪਾਦਰੀ ਹੈ, ਸੰਸਾਰ ਵਿਚ ਸਿਰਫ਼ ਇਕ ਮਿਹਰਬਾਨ ਬੰਦਾ, ਉਹ ਹੈ ਵਾਨ, ਵਾਨ ਨਹੀਂ ਮਰਨਾ ਚਾਹੀਦਾ।

ਮੈਡਮ ਡੈਨਿਸ ਨੂੰ ਪਤਾ ਲੱਗਾ, ਉਹ ਤੇਜ਼ ਕਦਮੀਂ ਆਈ, ਕਿਹਾ - ਸਾਡੇ ਘਰ ਆ ਜਾਹ ਵਾਨ। ਬੇਕਰੀ ਵਿਚਲਾ ਉਹੀ ਛੋਟਾ ਕਮਰਾ ਖ਼ਾਲੀ ਹੈ। ਕੋਈ ਕਿਰਾਇਆ ਨਹੀਂ। ਅਸੀਂ ਖਾਵਾਂਗੇ ਤੂੰ ਰੋਟੀ ਖਾ ਲਿਆ ਕਰੀਂ। ਤੂੰ ਦੱਸਿਆ ਤਾਂ ਕਰਦਾ ਹੈਂ ਸਾਰੇ ਪ੍ਰਭੂ ਦੇ ਬੱਚੇ ਭਰਾ ਹਨ। ਵਾਨ ਨੇ ਇਨਕਾਰ ਕਰ ਦਿੱਤਾ। ਮੈਡਮ ਜਬਰਨ ਇਕ ਕੰਬਲ ਸੁੱਟ ਗਈ।

ਅਪ੍ਰੈਲ ਚੜ੍ਹ ਗਿਆ, ਸਰਦੀ ਘਟੀ। ਬੁਖ਼ਾਰ ਉਤਰ ਗਿਆ। ਔਰਤਾਂ ਕੋਲਾ ਚੁਗਣ ਪਹਾੜੀਆਂ ਉਪਰ ਚੜ੍ਹਨ ਲੱਗੀਆਂ, ਬੱਚੇ ਖੇਡਣ ਵਾਸਤੇ ਗਲੀਆਂ ਵਿਚ ਆ ਗਏ। ਵਾਨ ਨੇ ਗਿਰਜੇ ਦੀ ਸੰਗਤ ਨੂੰ ਕਿਹਾ - ਰੱਬ ਨੇ ਇਮਤਿਹਾਨ ਲੈ ਲਿਆ, ਪਾਸ ਹੋ ਗਏ। ਦੁਖ ਘਟਣਗੇ। ਸੂਰਜ ਤਪੇਗਾ, ਫ਼ਸਲਾਂ ਪੱਕਣਗੀਆਂ। ਬੱਚੇ ਪੰਛੀਆਂ ਪਿੱਛੇ ਦੌੜਨਗੇ। ਰੱਬ ਦਿਆਲੂ ਹੈ, ਇਨਸਾਫ਼ ਪਸੰਦ ਹੈ। ਤੁਸੀਂ ਭਰੋਸਾ ਰੱਖਿਆ, ਉਸਦਾ ਫਲ ਮਿਲੇਗਾ, ਭਲੇ ਦਿਨ ਆਉਣਗੇ।

ਅਗਲੀ ਸ਼ਾਮ ਵਾਨ ਨੇ ਦੇਖਿਆ, ਛੋਟੇ ਵੱਡੇ ਸਾਰੇ ਖਾਣ ਵੱਲ ਦੌੜ ਰਹੇ ਸਨ। ਕੀ ਹੋਇਆ ? ਇਕ ਮੁੰਡੇ ਨੇ ਦੱਸਿਆ - ਐਕਸੀਡੈਂਟ। ਖਾਣ ਵਿਚ ਕੋਈ ਐਕਸੀਡੈਂਟ ਹੁੰਦਾ ਹੈ ਤਾਂ ਇਉਂ ਹੀ ਦੌੜ ਭੱਜ ਮਚਦੀ ਹੈ। ਪਤਾ ਲੱਗਾ, ਸੱਠ ਜਣੇ ਦੱਬ ਗਏ ਹਨ ਜਿਨ੍ਹਾਂ ਵਿਚ ਦਸ ਦਸ ਸਾਲ ਦੇ ਮੁੰਡੇ ਕੁੜੀਆਂ ਵੀ ਸਨ। ਥੋਕ ਵਿਚ ਮੌਤਾਂ। ਚਾਰੇ ਪਾਸੇ ਵਿਰਲਾਪ, ਹਾਹਾਕਾਰ। ਰੱਬ ਨੇ ਕੀ ਕਰ ਦਿੱਤਾ ਇਹ ?

ਬਾਰਾਂ ਦਿਨ ਲਾਸ਼ਾਂ ਲੱਭਣ ਵਾਸਤੇ ਲੱਗ ਗਏ, ਵਿਅਰਥ। ਕੋਈ ਨਾ ਲੱਭੀ। ਹਾਰ ਕੇ ਫ਼ੋਰਮੈਨ ਕਹਿਣ ਲੱਗੇ, ਕਿਉਂ ਤਾਕਤ ਵਿਅਰਥ ਲਾਈਏ ? ਬਾਹਰ ਕੱਢ ਕੇ ਵੀ ਦਫ਼ਨ ਕਰਨੇ ਸਨ। ਹੋ ਗਏ ਆਪੇ ਦਫ਼ਨ। ਸਬਰ ਕਰੋ। ਬਾਰਾਂ ਦਿਨ ਕੰਮ ਨਹੀਂ ਹੋਇਆ, ਬਾਰਾਂ ਦਿਨਾਂ ਦੀ ਤਨਖ਼ਾਹ ਨਹੀਂ ਮਿਲੇਗੀ। ਵਾਨ ਸੱਠ ਬੰਦਿਆਂ ਦੇ ਸਸਕਾਰ ਲਈ ਪ੍ਰਾਰਥਨਾ ਕਰਕੇ ਆਪਣੀ ਝੌਂਪੜੀ ਵਿਚ ਪਰਤਿਆ, ਪੂਰਾ ਟੁੱਟਿਆ ਹੋਇਆ, ਧੁਆਂਖਿਆ ਹੋਇਆ। ਦਰਵਾਜ਼ੇ 'ਤੇ ਦਸਤਕ ਹੋਈ। ਦੋ ਪਾਦਰੀ ਅੰਦਰ ਆਏ, ਰੈਵਰੰਡ ਯਾਂ ਅਤੇ ਰੈਵਰੰਡ ਬਰਿੰਕ, ਵਾਨ ਦੇ ਰਿਜ਼ਕਦਾਤੇ, ਜਿਨ੍ਹਾਂ ਨੇ ਛੇ ਮਹੀਨਿਆਂ ਵਾਸਤੇ ਨੌਕਰੀ ਦਿੱਤੀ ਸੀ। ਵਾਨ ਦੀ ਹਾਲਤ ਦੇਖ ਕੇ ਕਿਹਾ - ਅਫ਼ਸੋਸ! ਦੁਖਦਾਇਕ, ਸਦਮੇ ਪੂਰਨ। ਵਾਨ ਨੇ ਸਮਝਿਆ ਇਹ ਥੋਕ ਵਿਚ ਮਰੇ ਮਜ਼ਦੂਰਾਂ ਦਾ ਦੁਖ ਪ੍ਰਗਟ ਕਰ ਰਹੇ ਹਨ, ਸੋ ਕਿਹਾ - ਤੁਸੀਂ ਵੀ ਵਿਛੜੀਆਂ ਰੂਹਾਂ ਲਈ ਪ੍ਰਾਰਥਨਾ ਕਰੋ ਫਾਦਰ।

"ਕੀ ਅਸੀਂ ਤੈਨੂੰ ਜੰਗਲੀ ਅਫ਼ਰੀਕਾ ਵਿਚ ਛੱਡਿਆ ਸੀ ਵਾਨ ? ਇਥੇ ਕੀ ਕਰ ਰਿਹੈਂ ਤੂੰ ਇਨ੍ਹਾਂ ਜਾਹਲ ਲੋਕਾਂ ਵਿਚ ? ਇਨ੍ਹਾਂ ਨੂੰ ਕੀ ਪਤਾ ਈਸਾਈਅਤ ਕੀ ਹੁੰਦੀ ਹੈ ? ਉਮਰ ਭਰ ਨਹੀਂ ਜਾਣਨਗੇ। ਤੂੰ ਇਸ ਘਾਹ ਫੂਸ ਉਪਰ ਕਿਵੇਂ ਲੇਟਿਆ ਹੋਇਐਂ ? ਤੇਰੇ ਕੱਪੜੇ, ਓ ਗਾਡ, ਇਹ ਪਾਦਰੀ ਹੈ ? ਸਾਡਾ ਨਿਯੁਕਤ ਕੀਤਾ ਹੋਇਐ ? ਤਾਂ ਹੀ ਤੈਨੂੰ

ਛੇ ਮਹੀਨਿਆਂ ਲਈ ਲਾਇਆ ਸੀ। ਹੁਣ ਤੇਰੀ ਛੁੱਟੀ, ਬੱਸ ਬਹੁਤ ਹੋ ਗਿਆ। ਪਾਗਲ ਬੰਦਾ ਚਰਚ ਦੀ ਜ਼ਿੰਮੇਵਾਰੀ ਕਿਵੇਂ ਨਿਭਾ ਸਕਦਾ ਹੈ ? ਚਰਚ ਦੀ ਹੱਤਕ ਹੋਈ ਹੈ। ਇਨ੍ਹਾਂ ਕੁੱਤਿਆਂ ਵਿਚ ਰਹੀ ਗਿਐਂ ਤੂੰ ? ਇਕ ਪਾਦਰੀ ਨੇ ਆਪਣੇ ਸਾਥੀ ਨੂੰ ਕਿਹਾ - ਕਿਉਂ ਸਮਾਂ ਖ਼ਰਾਬ ਕਰਨਾ ਫਾਦਰ, ਇਥੇ ਤਾਂ ਆਪਣੇ ਰਹਿਣ ਲਈ ਚੰਗਾ ਹੋਟਲ ਵੀ ਨਹੀਂ। ਫਟਾ ਫਟ ਵਾਪਸ ਤੁਰ ਪਈਏ ਤਾਂ ਕਿ ਰਾਤ ਤੱਕ ਆਪਣੇ ਟਿਕਾਣੇ 'ਤੇ ਪੁੱਜ ਸਕੀਏ।

ਅਗਲੀ ਸਵੇਰ ਮਜ਼ਦੂਰ ਵਾਨ ਕੋਲ ਆਏ, ਕਿਹਾ - ਜੈਕ ਵਰਨੀ, ਸਾਡਾ ਸਲਾਹਕਾਰ ਹਮੇਸ਼ ਲਈ ਦੱਬ ਗਏ ਮਜ਼ਦੂਰਾਂ ਨਾਲ ਰੱਬ ਕੋਲ ਚਲਾ ਗਿਆ। ਉਸ ਪਿੱਛੋਂ ਹੁਣ ਤੂੰ ਹੈਂ ਜਿਸਦੀ ਗੱਲ ਮੰਨਿਆ ਕਰਾਂਗੇ। ਦੱਸ ਕੰਮ 'ਤੇ ਚਲੇ ਜਾਈਏ ਕਿ ਭੁੱਖ ਨਾਲ ਮਰ ਜਾਈਏ ? ਵਾਨ ਨੇ ਕਿਹਾ - ਕੰਮ। ਮੁੜ ਕੰਮ 'ਤੇ ਜਾਉ।

ਵਾਨ ਸੋਚਣ ਲੱਗਾ, ਫ਼ੈਕਟਰੀ ਦੇ ਮਾਲਕ ਦੋਸ਼ੀ ਨਹੀਂ, ਰੱਬ ਦੋਸ਼ੀ ਹੈ। ਹੁਣ ਬਾਈਬਲ ਦੇ ਉਪਦੇਸ਼ ਇਨ੍ਹਾਂ ਦਾ ਕੀ ਸੰਵਾਰਨਗੇ ? ਰੱਬ ਅੰਨ੍ਹਾ ਅਤੇ ਬੋਲ਼ਾ ਹੋ ਗਿਐ। ਜੇ ਉਹ ਮੇਰੀ, ਇਕ ਪਾਦਰੀ ਦੀ ਪ੍ਰਾਰਥਨਾ ਨਹੀਂ ਸੁਣਦਾ, ਫ਼ੇਰ ਇਨ੍ਹਾਂ ਕਾਮਿਆਂ ਦੀ ਗੱਲ ਕਿਵੇਂ ਸੁਣੇਗਾ ? ਰੱਬ ਦੀ ਗੱਲ ਕਰਨੀ ਬਕਵਾਸ ਹੈ। ਚੰਗਾ ਹੋ ਗਿਆ ਮੈਨੂੰ ਪਾਦਰੀ ਦੀ ਜ਼ਿੰਮੇਵਾਰੀ ਤੋਂ ਮੁਕਤ ਕਰ ਗਏ ਤੇ ਮੈਂ ਫ਼ਰਾਡ ਕਰਨੋਂ ਹਟ ਗਿਆ। ਫ਼ਰਜ਼ ਕਰੋ ਉਹ ਆ ਕੇ ਬਹਾਲ ਕਰ ਦੇਣ, ਮੈਂ ਇਹ ਡਿਊਟੀ ਨਹੀਂ ਕਰਾਂਗਾ। ਕਿਥੇ ਹੈ ਰੱਬ ? ਡਰੇ ਹੋਏ, ਹਾਰੇ ਹੋਏ, ਹਨੇਰੇ ਵਿਚ ਟੱਕਰਾਂ ਮਾਰਦੇ, ਰੋਂਦੇ, ਭੁੱਖੇ ਲੋਕ...ਦੁਖ, ਰੁਦਨ, ਬਿਮਾਰੀ, ਜ਼ੁਲਮ ਦੇ ਸ਼ਿਕਾਰ। ਵੱਡਾ ਦੁਖ, ਵਿਆਪਕ ਸੋਗ।

ਉਸ ਨੂੰ ਖ਼ਬਰ ਮਿਲੀ ਕਿ ਕੇ ਦੇ ਪਤੀ ਦੀ ਅਚਾਨਕ ਮੌਤ ਹੋ ਗਈ। ਵਾਨ ਨੂੰ ਕਿਸੇ ਹੋਰ ਗੱਲ ਦਾ ਏਨਾ ਦੁਖ ਨਹੀਂ ਸੀ ਜਿੰਨਾ ਰੱਬ ਖੁੱਸ ਜਾਣ ਦਾ। ਭਰਾ ਥੀਓ ਵੀ ਖ਼ਤ ਲਿਖਣੋਂ ਹਟ ਗਿਆ ਸੀ। ਸੰਸਾਰ ਵਿਚ ਉਹ ਹੁਣ ਇਕੱਲਾ ਰਹਿ ਗਿਆ। ਮਜ਼ਦੂਰਾਂ ਦੇ ਘਰਾਂ ਵਿਚ ਜਾਣੋਂ ਹਟ ਗਿਆ, ਕੋਈ ਆਉਂਦਾ ਜਾਂਦਾ ਸਲਾਮ ਕਰਦਾ ਤਾਂ ਸਿਰ ਹਿਲਾ ਦਿੰਦਾ, ਨਹੀਂ ਕੋਈ ਨਹੀਂ। ਇਸ ਆਬਾਦੀ ਨਾਲ ਕੋਈ ਪਿਆਰ ਪੈ ਗਿਆ ਹੋਵੇ, ਅਜਿਹੀ ਕੋਈ ਗੱਲ ਨਹੀਂ, ਪਰ ਹੋਰ ਕਿਧਰ ਜਾਵੇ ?

ਮੁੜ ਸਰਦੀਆਂ ਆ ਗਈਆਂ। ਕਿਤਾਬਾਂ ਪੜ੍ਹਦਾ ਰਹਿੰਦਾ ਬੱਸ। ਵੱਡੇ ਬੰਦਿਆਂ ਦੀਆਂ ਜਿੱਤਾਂ ਹਾਰਾਂ ਪੜ੍ਹਨੀਆਂ ਚੰਗੀਆਂ ਲੱਗਦੀਆਂ। ਪਿਤਾ ਖ਼ਤਾਂ ਵਿਚ ਪੁੱਛਦਾ - ਜੀਵਨ ਵਿਚ ਕੀ ਕਰਨੈ, ਕੀ ਬਣਨੈ ਸੋਚਿਐ ? ਉਹ ਕੀ ਉੱਤਰ ਦਿੰਦਾ ? ਉਸਨੂੰ ਕੀ ਪਤਾ ਸੀ ਕੀ ਬਣਨੈ ? ਕਦੀ ਪਿਤਾ, ਕਦੀ ਥੀਓ, ਥੋੜ੍ਹੇ ਬਹੁਤ ਪੈਸੇ ਭੇਜਦੇ ਰਹਿੰਦੇ।

ਇਕ ਦਿਨ ਉਸਨੇ ਦੇਖਿਆ, ਜ਼ਮੀਨ ਉਪਰ ਪਏ ਲੋਹੇ ਦੇ ਵੱਡੇ ਪਹੀਏ ਉਪਰ ਇਕ ਬੁੱਢਾ ਬੈਠਾ ਸੀ। ਵਾਨ ਦੀ ਜੇਬ ਵਿਚ ਪੈਨਸਿਲ ਸੀ ਤੇ ਪਿਤਾ ਦੀ ਚਿੱਠੀ ਦਾ ਇਕ ਪਾਸਾ ਖ਼ਾਲੀ। ਉਸਨੇ ਖ਼ਾਲੀ ਕਾਗਜ਼ ਉਪਰ ਬੁੱਢੇ ਦਾ ਚਿੱਤਰ ਵਾਹ ਦਿੱਤਾ। ਦੂਰ ਇਕ ਮਜ਼ਦੂਰ ਖਲੋਤਾ ਦਿਸਿਆ। ਕਾਲੇ ਮਜ਼ਦੂਰ ਦੇ ਪਿੱਛੇ ਕਾਲੇ ਪਹਾੜ! ਦੂਜਾ ਸਕੈੱਚ ਬਣ ਗਿਆ। ਦੇਖਿਆ। ਠੀਕ ਬਣੇ। ਡੈਨਿਸ ਦੇ ਘਰ ਬਹੁਤ ਕੋਰੇ ਕਾਗਜ਼ ਪਏ ਸਨ। ਸਾਰੇ ਚੁੱਕ ਲਿਆਇਆ। ਪੈਨਸਿਲ ਤੇ ਰਬੜ ਦੋਵੇਂ ਕੰਮ ਲੱਗੀਆਂ ਰਹਿੰਦੀਆਂ। ਉਸਦੇ ਚਿਹਰੇ 'ਤੇ ਰੌਣਕ ਪਰਤਣ ਲੱਗੀ, ਸ਼ਾਇਦ ਉਸਨੂੰ ਕੰਮ ਮਿਲ ਗਿਆ। ਕੋਈ ਜ਼ਮਾਨਾ ਸੀ ਜਦੋਂ ਉਹ ਤਸਵੀਰਾਂ ਵੇਚਿਆ ਕਰਦਾ ਸੀ। ਉਦੋਂ ਉਹ ਰਾਂਬਰਾਂ, ਸਿੱਲੇ, ਜੂਲ ਅਤੇ ਮਾਰੀ ਆਦਿਕ ਚਿੱਤਰਕਾਰਾਂ ਨੂੰ ਮਿਲਿਆ ਕਰਦਾ। ਉਸਨੂੰ ਲੰਡਨ ਅਤੇ ਐਮਸਟਡਰਮ ਦੀਆਂ ਪੇਂਟਿੰਗਜ਼

ਯਾਦ ਆਈਆਂ। ਕੈਨਵਸਾਂ, ਬਰੱਸ਼, ਰੰਗ ਯਾਦ ਆਏ ਤੇ ਇਨ੍ਹਾਂ ਸੋਹਣੀਆਂ ਯਾਦਾਂ ਨਾਲ ਨੀਂਦ ਆਈ।

ਸਵੇਰ ਸਾਰ ਸੁਵਖਤੇ ਅੱਖ ਖੁੱਲ੍ਹੀ। ਨਹਾਤਾ, ਕਾਗ਼ਜ਼ ਪੈਨਸਿਲ ਚੁੱਕੀ ਤੇ ਕੱਲ੍ਹ ਵਾਲੇ ਲੋਹੇ ਦੇ ਪਹੀਏ 'ਤੇ ਬੈਠ ਕੇ ਖਾਣ ਵਿਚ ਉਤਰਦੇ ਮਜ਼ਦੂਰਾਂ ਨੂੰ ਦੇਖ ਦੇਖ ਸਕੈੱਚ ਬਣਾਉਣ ਲੱਗਾ। ਪੈਦਲ ਬਾਰਾਂ ਮੀਲ ਦੂਰ ਇਕ ਕਸਬੇ ਵਿੱਚੋਂ ਕਾਗ਼ਜ਼, ਰੰਗ ਤੇ ਬਰੱਸ਼ ਲੈਣ ਚੱਲ ਪਿਆ। ਇਕ ਦੁਕਾਨ ਪੇਂਟਿੰਗਜ਼ ਨਾਲ ਭਰੀ ਦੇਖੀ। ਅੰਦਰ ਲੰਘ ਗਿਆ। ਇਕ ਇਕ ਤਸਵੀਰ ਨੂੰ ਦੇਰ ਤੱਕ ਦੇਖਿਆ। ਆਖ਼ਿਰ ਜਾਣ ਲੱਗਿਆਂ ਦੁਕਾਨਦਾਰ ਨੂੰ ਕਿਹਾ - ਪੈਸੇ। ਮੇਰੇ ਕੋਲ ਪੈਸੇ ਹੁੰਦੇ, ਮੈਂ ਕੋਈ ਪੇਂਟਿੰਗ ਖ਼ਰੀਦਦਾ। ਦੁਕਾਨਦਾਰ ਨੇ ਕਿਹਾ - ਪੈਸੇ ਨਾ ਹੋਣ ਤਾਂ ਵੀ ਆਇਆ ਕਰੋ ਸ੍ਰੀਮਾਨ। ਖ਼ਰੀਦਣ ਵਾਲੇ ਵੀ ਕਿਸੇ ਦਿਨ ਆ ਜਾਣਗੇ। ਪਹਿਲਾਂ ਦੇਖਣ ਵਾਲੇ ਤਾਂ ਆਉਣ।

ਅਗਲੇ ਦਿਨ ਕੋਇਲਾ ਚੁਗਦੀਆਂ ਔਰਤਾਂ ਦੇ ਸਕੈੱਚ ਬਣਾਏ। ਸ਼ਾਮੀਂ ਖਾਣਾ ਖਾ ਲਿਆ ਤਾਂ ਕਿਹਾ - ਮੈਡਮ ਡੈਨਿਸ, ਰਤਾ ਬੈਠੇ ਰਹੋ। ਥੋੜ੍ਹੀ ਕੁ ਦੇਰ। ਉਹ ਬੈਠ ਗਈ। ਚਿੱਤਰ ਬਣਾ ਦਿੱਤਾ। ਚਿੱਤਰ ਦੇਖਦਿਆਂ ਖ਼ੁਸ਼ ਹੋਈ ਮੈਡਮ ਬੋਲੀ - ਮੈਨੂੰ ਪਤਾ ਹੀ ਨਹੀਂ ਸੀ ਵਾਨ ਤੂੰ ਚਿੱਤਰਕਾਰ ਐਂ। ਕਮਾਲ ਹੈ। ਵਾਨ ਨੇ ਕਿਹਾ - ਕਿਥੇ, ਬਸ ਖ਼ੁਸ਼ ਹੋਈ ਜਾਨਾਂ ਖ਼ਾਹਮਖ਼ਾਹ। ਦਿਲ ਨੂੰ ਢਾਰਸ। - ਪਰ ਇਹ ਠੀਕ ਹੈ, ਇਹ ਤਾਂ ਮੈਂ ਈ ਬੈਠੀ ਹਾਂ ਕਾਗ਼ਜ਼ ਉਪਰ। ਸਾਰੇ ਹੱਸ ਪਏ। ਹੱਥ ਵਿਚ ਬਾਈਬਲ ਫੜ ਕੇ ਘੁੰਮਣ ਨਾਲੋਂ ਗ਼ਰੀਬ ਬਸਤੀ ਵਿਚ ਕਾਗ਼ਜ਼ ਪੈਨਸਿਲ ਲੈ ਕੇ ਆਵਾਰਾਗਰਦੀ ਕਰਨੀ ਚੰਗੀ। ਖੇਡਦੇ ਬੱਚਿਆਂ ਦੇ ਸਕੈੱਚ, ਖਾਣਾ ਤਿਆਰ ਕਰਦੀਆਂ ਔਰਤਾਂ ਦੇ ਚਿੱਤਰ। ਮਜ਼ਦੂਰ ਖ਼ੁਸ਼ ਹੋ ਜਾਂਦੇ, ਆਖ਼ਿਰ ਵਾਨ ਉਨ੍ਹਾਂ ਦਾ ਹੈ, ਉਨ੍ਹਾਂ ਕੋਲ ਫਿਰ ਆਉਣ ਲੱਗ ਪਿਐ।

ਥੀਓ ਦਾ ਖ਼ਤ ਆਇਆਂ ਸਾਲ ਹੋ ਗਿਆ ਸੀ। ਵਾਨ ਨੇ ਲਿਖਿਆ - ਪਿਆਰੇ ਭਰਾ, ਤੇਰੇ ਕੋਲ ਮਿੱਲੇ ਦੇ ਸਕੈੱਚਾਂ ਦਾ ਸੰਗ੍ਰਹਿ ਪਿਆ ਹੁੰਦਾ ਸੀ। ਥੋੜ੍ਹੇ ਸਮੇਂ ਲਈ ਉਧਾਰੇ ਦੇ ਦੇਹ। ਮੈਂ ਪੇਂਟਿੰਗ ਸਿੱਖਣ ਲੱਗਾ ਹਾਂ, ਦੇਖੇਂਗਾ ਤਾਂ ਤੈਨੂੰ ਮੇਰਾ ਕੰਮ ਇੰਨਾ ਮਾੜਾ ਨਹੀਂ ਲੱਗੇਗਾ। ਤੇਰਾ ਭਰਾ - ਵਾਨ।

ਸਕੈੱਚ ਕੰਧ ਉਪਰ ਚਿਪਕਾ ਕੇ ਦੂਰ ਦੇਖ ਕੇ ਆਖਦਾ - ਕੋਈ ਜ਼ਾਲਮ, ਬੇਦਰਦ ਅੱਖ ਚਾਹੀਦੀ ਹੈ ਇਨ੍ਹਾਂ ਨੂੰ ਪਰਖਣ ਵਾਸਤੇ, ਬੇਗਾਨੀ ਅੱਖ, ਕਰਤਾ ਦੀ ਨਹੀਂ, ਦੁਸ਼ਮਣ ਦੀ, ਜਿਹੜੀ ਇਨਸਾਫ਼ ਕਰੇ। ਅਜਿਹੀ ਅੱਖ ਦਾ ਇੰਤਜ਼ਾਮ ਕਰਨਾ ਪਵੇਗਾ। ਕਈ ਕਈ ਦਿਨ ਪੇਟ ਦੀ ਭੁੱਖ ਸਹਿ ਚੁੱਕਾ ਸੀ, ਹੁਣ ਮੁਰਸ਼ਦ ਦੀ ਭੁੱਖ ਹੈ, ਭਾਲ ਕਰਨੀ ਹੋਵੇਗੀ। ਕੋਈ ਮਾਰੀ ਜਾਂ ਮੌਵ ਵਰਗਾ ਉਸਤਾਦ ਚਾਹੀਦਾ ਹੈ। ਪੀਟਰਸਨ ਦਾ ਖ਼ਿਆਲ ਆਇਆ, ਉਸਨੂੰ ਮਿਲਣ ਬਰਸੇਲਜ਼ ਵੱਲ ਤੁਰ ਪਿਆ। ਜੇਬ ਵਿਚ ਕੇਵਲ ਤਿੰਨ ਕ੍ਰਾਊਨ, ਅੱਸੀ ਮੀਲ ਦਾ ਰਸਤਾ, ਪੈਦਲ ਚੱਲ ਪਿਆ। ਰਾਤ ਨੂੰ ਵੀ ਤੁਰਦਾ ਰਹਿੰਦਾ। ਬੂਟ ਫਟ ਗਏ। ਕੋਟ ਉਪਰ ਮਿੱਟੀ ਦੀ ਤਹਿ, ਵਾਲ ਉਲਝੇ ਹੋਏ। ਭੁੱਖਾ, ਤਿਹਾਇਆ, ਥੱਕਿਆ ਹੋਇਆ ਪਰ ਖ਼ੁਸ਼, ਇਕ ਵੱਡੇ ਚਿੱਤਰਕਾਰ ਨੂੰ ਮਿਲਾਂਗਾ।

ਦਰਵਾਜ਼ੇ 'ਤੇ ਪੁੱਜ ਕੇ ਘੰਟੀ ਵਜਾਈ। ਪੀਟਰਸਨ ਦੀ ਜੁਆਨ ਧੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਵਾਨ ਦੀ ਸ਼ਕਲ, ਪਹਿਰਾਵਾ ਦੇਖ ਕੇ ਦੌੜੀ ਅੰਦਰ ਗਈ। ਪਿਤਾ ਦਰਵਾਜ਼ੇ 'ਤੇ ਆਇਆ। ਪਹਿਲਾਂ ਤਾਂ ਪਛਾਣਿਆਂ ਨਾ। ਫਿਰ ਹੋਠਾਂ 'ਤੇ ਮੁਸਕਾਨ ਆਈ, ਕਿਹਾ - ਵਾਨ ਗਾਗ ? ਤੂੰ ? ਆ ਪੁੱਤਰ, ਅੰਦਰ ਆ। ਦੋਵੇਂ ਬੈਠ ਗਏ। ਪੀਟਰਸਨ ਨੇ ਕਿਹਾ -

ਗੁਆਂਢ ਵਿਚ ਮੇਰੇ ਦੋਸਤ ਕੋਲ ਇਕ ਖ਼ਾਲੀ ਕਮਰਾ ਹੈ। ਉਥੇ ਚੱਲਦੇ ਆਂ। ਤੂੰ ਨਹਾ, ਧੋ, ਆਰਾਮ ਕਰ, ਕੱਪੜੇ ਬਦਲ।

- ਹਾਂ, ਹੁਣ ਮੈਨੂੰ ਲੱਗਿਐ ਮੈਂ ਥੱਕਿਆ ਹੋਇਆਂ, ਵਾਨ ਨੇ ਕਿਹਾ।

- ਅੱਜ ਆਰਾਮ ਕਰ। ਕੱਲ੍ਹ ਡਿਨਰ ਸਾਡੇ ਕੋਲ ਕਰੀਂ। ਬੜੀਆਂ ਗੱਲਾਂ ਕਰਾਂਗੇ। ਕਮਰੇ ਵਿਚ ਪੁੱਜ ਕੇ ਭੁੱਖਾ ਸੌਂ ਗਿਆ। ਅਗਲੀ ਸਵੇਰ ਮਾਲਕ ਮਕਾਨ ਉਸਤਰਾ, ਕੰਘਾ, ਬੁਰਸ਼ ਦੇ ਗਿਆ। ਸ਼ਾਮ ਨੂੰ ਪੀਟਰਸਨ ਦੇ ਘਰ ਬੇਸ਼ਰਮਾਂ ਵਾਂਗ ਭਾਰੀ ਮਿਕਦਾਰ ਵਿਚ ਖਾਣਾ ਖਾਧਾ। ਫਿਰ ਵਾਨ ਨੇ ਆਪਣੇ ਸਕੈੱਚ ਦਿਖਾਏ। ਪੀਟਰਸਨ ਨੇ ਕਿਹਾ - ਅਜੇ ਨੁਕਸ ਹਨ। ਤੈਨੂੰ ਡਰਾਇੰਗ ਦੇ ਮੁੱਢਲੇ ਅਸੂਲ ਸਿੱਖਣੇ ਪੈਣਗੇ। ਤੈਨੂੰ ਜੁਮੈਟਰੀ ਦਾ ਪਤਾ ਨਹੀਂ। ਦੇਖ, ਮੈਂ ਤੈਨੂੰ ਦੱਸਦਾਂ ਕੀ ਗੜਬੜ ਹੈ। ਦੇਖ, ਇਸ ਔਰਤ ਦਾ ਸਿਰ ਦੇਖ! ਰਬੜ ਦੇਹ, ਸਿਰ ਦਾ ਇਕ ਪਾਸਾ ਰਬੜ ਨਾਲ ਮਿਟਾ ਕੇ ਦੁਬਾਰਾ ਪੈਨਸਿਲ ਵਾਹੀ ਤਾਂ ਔਰਤ ਸੁਹਣੀ ਦਿਸਣ ਲੱਗ ਪਈ। ਵਾਨ ਸੋਚਣ ਲੱਗਾ - ਸੋਹਣੀ ਤਾਂ ਹੋ ਗਈ, ਪਰ ਇਹ ਖਾਣ ਮਜ਼ਦੂਰ ਔਰਤ ਨਾ ਰਹੀ। ਇਹ ਤਾਂ ਆਮ ਸੁਹਣੀ ਔਰਤ ਹੈ। ਇਹ ਤਾਂ ਮੈਂ ਬਣਾਈ ਹੀ ਨਹੀਂ।

ਵਾਨ ਨੂੰ ਬੇਚੈਨ ਦੇਖ ਕੇ ਪੀਟਰਸਨ ਸਮਝ ਗਿਆ - ਉਹੋ ਵਾਨ, ਹੁਣ ਮੈਂ ਤੇਰੀ ਗੱਲ ਸਮਝਿਆ। ਮੈਂ ਪਰਫੈਕਸ਼ੰਜ਼ ਮਗਰ ਦੌੜਦਾ ਹਾਂ, ਤੂੰ ਜੋ ਹੈ, ਉਹ ਦਿਖਾਉਣ ਦਾ ਇੱਛੁਕ ਹੈਂ। ਹੈ ਨਾ ? ਵਾਨ ਨੇ ਹਾਂ ਵਿਚ ਸਿਰ ਹਿਲਾਇਆ।

ਚੁੱਲ੍ਹੇ ਵੱਲ ਝੁਕੀ ਔਰਤ ਦਾ ਸਕੈੱਚ ਦੇਖ ਕੇ ਪੀਟਰਸਨ ਨੇ ਕਿਹਾ - ਇਹ ਬਣੀ ਗੱਲ। ਲਕੀਰਾਂ ਸਭ ਕੁਝ ਸਾਫ਼ ਕਹਿ ਰਹੀਆਂ ਨੇ। ਚਿਹਰਾ ਠੀਕ ਨਹੀਂ, ਚਿਹਰਾ ਤਾਂ ਹੈ ਈ ਨੀ, ਪਰ ਤੂੰ ਜੋ ਦੱਸਣਾ ਸੀ ਠੀਕ ਦੱਸਿਆ ਗਿਆ। ਖ਼ੂਬ ਹੈ ਇਹ। ਆਪਣੇ ਮਨੋ ਜਿਹੜੀ ਤੇਰੀ ਡਰਾਇੰਗ ਮੈਂ ਠੀਕ ਕੀਤੀ, ਉਹ ਖ਼ਰਾਬ ਕਰ ਦਿੱਤੀ। ਬਿਨਾਂ ਮੁੱਢਲੇ ਅਸੂਲ ਸਿੱਖਣ ਦੇ ਵੀ ਤੂੰ ਕਮਾਲ ਹੈਂ।

ਕੁਝ ਦਿਨ ਬਾਦ ਵਾਨ ਨੇ ਵਾਪਸ ਖਾਣ ਵੱਲ ਜਾਣ ਦਾ ਫ਼ੈਸਲਾ ਕੀਤਾ। ਫਾਦਰ ਪੀਟਰਸਨ ਨੇ ਆਪਣੇ ਪੁਰਾਣੇ ਬੂਟ, ਪੁਰਾਣੇ ਕੱਪੜੇ ਅਤੇ ਰੇਲ ਦਾ ਕਿਰਾਇਆ ਦੇ ਕੇ ਤੋਰਿਆ। ਸਫ਼ਰ ਦੌਰਾਨ ਵਾਨ ਸੋਚਦਾ ਗਿਆ - ਇਸ ਨੇ ਮੈਨੂੰ ਪ੍ਰਚਾਰਕ ਵਜੋਂ ਫ਼ੇਲ੍ਹ ਹੋ ਜਾਣ ਦਾ ਦੋਸ਼ੀ ਨਹੀਂ ਮੰਨਿਆ, ਮੇਰੀ ਇਕ ਡਰਾਇੰਗ ਆਪਣੀ ਕੰਧ ਉਪਰ ਟੰਗ ਲਈ। ਇਸ ਆਰਟਿਸਟ ਨੂੰ ਮੇਰੀ ਮੁੱਢਲੀ ਕਿਰਤ ਚੰਗੀ ਲੱਗੀ, ਕਦੀ ਬਾਕੀ ਦੁਨੀਆਂ ਨੂੰ ਵੀ ਚੰਗੀ ਲੱਗ ਸਕਦੀ ਹੈ। ਸੋ ਸਟਾਰਟ ਕਰਨ ਵਾਲੀ ਕਿੱਕ ਵੱਜ ਗਈ ਹੈ।

ਵਾਪਸ ਆਇਆ ਤਾਂ ਥੀਓ ਨੇ ਸਕੈੱਚਾਂ ਦਾ ਜੋ ਬੰਡਲ ਭੇਜਿਆ, ਉਹ ਮਿਲ ਗਿਆ। ਨਾਲ ਕੋਰੀਆਂ ਸ਼ੀਟਾਂ ਵੀ ਸਨ। ਵਾਨ ਨੇ ਨਕਲ ਕਰ ਕੇ ਦਸ ਸਕੈੱਚ ਤਿਆਰ ਕੀਤੇ। ਠੀਕ ਬਣੇ। ਹੱਥ ਟਿਕਣ ਲੱਗਾ, ਜਿਹੜੀ ਡਰਾਇੰਗ ਵਧੀਕ ਚੰਗੀ ਲੱਗਦੀ, ਥੀਓ ਕੋਲ ਭੇਜ ਦਿੰਦਾ।

ਘਾਹ ਫੂਸ ਦੇ ਫ਼ਰਸ਼ 'ਤੇ ਅਧਲੇਟਿਆ ਬੈਠਾ ਸੀ, ਦਰਵਾਜ਼ਾ ਖੁੱਲ੍ਹਿਆ, ਥੀਓ ਅੰਦਰ ਆਇਆ। ਤੇਈ ਸਾਲ ਦਾ ਹੋ ਗਿਆ ਸੀ ਤੇ ਆਰਟ ਦੀ ਪਛਾਣ ਹੋਣ ਕਰਕੇ ਚੰਗੀ ਤਨਖ਼ਾਹ ਲੈਂਦਾ ਸੀ। ਵਾਨ ਦੀ ਹਾਲਤ ਦੇਖ ਕੇ ਡਰ ਗਿਆ। - ਤੂੰ ਆਪਣੇ ਆਪ ਨਾਲ ਕੀ ਕਰ ਲਿਐ ਵਾਨ ? ਵਾਨ ਨੇ ਕਿਹਾ - ਕੁਝ ਨਹੀਂ। ਬਿਮਾਰ ਹੋ ਗਿਆ ਸੀ। ਹੁਣ ਠੀਕ ਆਂ। ਮਜ਼ਦੂਰਾਂ ਦਾ ਦਿੱਤਾ ਖਾਣਾ ਖਾ ਲੈਨਾਂ।

- ਮੈਨੂੰ ਖਿਮਾ ਕਰੀਂ ਵਾਨ। ਮੈਨੂੰ ਤੇਰੀ ਇਸ ਹਾਲਤ ਦਾ ਪਤਾ ਨਹੀਂ ਸੀ। ਇਥੇ ਕੋਈ ਦੁਕਾਨ ਹੈ ? ਮੈਂ ਕੁਝ ਖ਼ਰੀਦ ਲਿਆਵਾਂ।

- ਹਾਂ ਹੇਠਾਂ ਥੋੜ੍ਹੀ ਦੂਰ ਹੈ। ਪਰ ਬੈਠ। ਕੀ ਕਾਹਲ ਹੈ ਦੋ ਸਾਲ ਬਾਦ ਮਿਲਿਐਂ। ਪੈਰਿਸ ਕਿਵੇਂ ਹੈ ?

ਕਿਸੇ ਗੱਲ ਦਾ ਉੱਤਰ ਦਿੱਤੇ ਬਿਨਾਂ ਥੀਓ ਦੁਕਾਨ 'ਤੇ ਗਿਆ। ਖਾਣ-ਪੀਣ ਦਾ ਸਾਮਾਨ ਖ਼ਰੀਦਿਆ। ਦਵਾਈ ਖ਼ਰੀਦੀ। ਕੱਪੜੇ ਖ਼ਰੀਦੇ। ਆ ਕੇ ਉਸਨੂੰ ਗਰਮ ਪਾਣੀ ਨਾਲ ਨੁਹਾਇਆ। ਨਵੇਂ ਕੱਪੜੇ ਪਹਿਨਾਏ। ਫਿਰ ਖਾਣਾ ਖਾਧਾ। ਥੀਓ ਨੇ ਕਿਹਾ - ਮੈਂ ਤੈਨੂੰ ਆਪਣੇ ਨਾਲ ਮਾਪਿਆਂ ਕੋਲ ਲੈ ਜਾਵਾਂਗਾ। ਆਰਾਮ ਨਾਲ ਰਹਿਣ ਨੂੰ ਥਾਂ ਤਾਂ ਹੈ। - ਨਹੀਂ ਥੀਓ, ਪਿਤਾ ਮੈਨੂੰ ਆਵਾਰਾਗਰਦ, ਨਿਕੰਮਾ, ਮੂਰਖ ਸਮਝਦਾ ਹੈ। ਮੈਂ ਨਹੀਂ ਉਥੇ ਜਾਣਾ। - ਚੰਗਾ ਇਉਂ ਕਰਦੇ ਹਾਂ ਵਾਨ, ਮੇਰੀ ਤਨਖ਼ਾਹ ਹਜ਼ਾਰ ਕਰਾਊਨ ਹੋ ਗਈ ਹੈ। ਮੈਂ ਇੰਨੀ ਕੀ ਕਰਨੀ ਹੈ ? ਪੈਰਿਸ, ਬਰੱਸਲ, ਹੇਗ, ਜਿਥੇ ਮਰਜ਼ੀ ਰਹਿ। ਮੈਂ ਤੈਨੂੰ ਪੈਸੇ ਭੇਜਦਾ ਰਹਾਂਗਾ, ਤੂੰ ਮੈਨੂੰ ਸਕੈੱਚ, ਪੇਂਟਿੰਗਜ਼ ਭੇਜਦਾ ਰਹੀਂ। ਤੇਰੀਆਂ ਚੀਜ਼ਾਂ ਕਦੀ ਵਿਕਣ ਲੱਗਣਗੀਆਂ ਤਾਂ ਮੈਂ ਆਪਣੇ ਪੈਸੇ ਵਸੂਲ ਕਰ ਲਵਾਂਗਾ।

- ਓ ਥੀਓ, ਇਹ ਸੌਦਾ ਠੀਕ ਐ। ਮੈਂ ਪੰਜ ਸਾਲ ਵਿਅਰਥ ਗੁਜ਼ਾਰ ਦਿੱਤੇ। ਹੁਣ ਜੇਲ੍ਹ ਦਾ ਦਰਵਾਜ਼ਾ ਖੁੱਲ੍ਹੇਗਾ, ਮੈਂ ਖੇਤਾਂ, ਬਾਗ਼ਾਂ, ਅਬਾਦੀਆਂ ਵਿਚ ਜਾ ਕੇ ਚਿੱਤਰ ਬਣਾਵਾਂਗਾ।

- ਹਾਲੈਂਡ ਚੱਲਾਂਗੇ ਵਾਨ। ਸ਼ਾਮੀ ਨੌਂ ਵਜੇ ਦੀ ਗੱਡੀ ਫੜਾਂਗੇ। ਤਿਆਰ ਹੋ। ਤਿਆਰ ਹੋਣ ਦਾ ਕੀ ਮਤਲਬ ? ਵਾਨ ਉੱਠਿਆ ਤੇ ਥੀਓ ਨਾਲ ਸਟੇਸ਼ਨ ਵੱਲ ਤੁਰ ਪਿਆ। ਕੁਝ ਦਿਨ ਥੀਓ ਕੋਲ ਰਿਹਾ, ਫਿਰ ਸੋਚਿਆ ਮਾਪਿਆਂ ਨੂੰ ਮਿਲ ਆਵਾਂ। ਘਰ ਗਿਆ, ਪਿਤਾ ਹੋਰ ਬੁੱਢਾ ਹੋ ਗਿਆ ਸੀ ਪਰ ਮਾਂ ਅਜੇ ਤਕੜੀ ਸੀ। ਕਈ ਦਿਨ ਸੁਆਦਲੇ ਖਾਣੇ ਬਣਾ ਬਣਾ ਖੁਆਉਂਦੀ ਰਹੀ। ਥੋੜ੍ਹੇ ਦਿਨ ਬਾਦ ਉਹ ਬਿਲਕੁਲ ਠੀਕ ਹੋ ਕੇ ਕੰਮ ਕਰਨ ਜੋਗਾ ਹੋ ਗਿਆ। ਉਸਨੇ ਫ਼ੈਸਲਾ ਕਰ ਲਿਆ - ਜੋ ਮਰਜ਼ੀ ਹੋਵੇ, ਉਮਰ ਭਰ ਪੇਂਟਿੰਗ ਕਰਾਂਗਾ, ਹੋਰ ਕੁਝ ਨਹੀਂ। ਸਵੇਰੇ ਸਵਖਤੇ ਉੱਠਦਾ, ਆਪਣਾ ਪੇਂਟਿੰਗ ਦਾ ਸਾਮਾਨ ਚੁੱਕਦਾ, ਜਿਥੇ ਕੋਈ ਸੀਨ ਸੋਹਣਾ ਦੇਖਦਾ, ਉਥੇ ਰੁਕ ਕੇ ਕੰਮ ਕਰਨ ਲੱਗਦਾ। ਇਕ ਦਿਨ ਮਾਂ ਨੇ ਕਿਹਾ - ਵਾਨ, ਮੋਵ ਆਪਣਾ ਰਿਸ਼ਤੇਦਾਰ ਹੈ। ਉਹ ਤਸਵੀਰਾਂ ਬਣਾ ਬਣਾ ਅਮੀਰ ਹੋ ਗਿਐ। ਕਿੰਨਾ ਕੁ ਸਮਾਂ ਲੱਗਦੈ ਇਕ ਤਸਵੀਰ ਬਣਾਉਣ ਨੂੰ ? - ਕੁਝ ਘੰਟਿਆਂ ਵਿਚ ਵੀ ਬਣ ਸਕਦੀ ਹੈ ਮਾਂ, ਤੇ ਸਾਲ ਵੀ ਲੱਗ ਸਕਦੇ ਨੇ। - ਕੀ ਕਿਹਾ ? ਸਾਲ ? ਇਕ ਤਸਵੀਰ ਨੂੰ ਸਾਲ ? - ਹਾਂ ਮਾਂ ਇਹ ਪਤਾ ਨਹੀਂ ਲੱਗਦਾ ਹੁੰਦਾ। ਪਿਤਾ ਨੇ ਪੁੱਛਿਆ - ਕੀ ਇਸ ਕਿੱਤੇ ਨਾਲ ਤੈਨੂੰ ਰੋਟੀ ਮਿਲੀ ਜਾਵੇਗੀ ਵਾਨ ? ਵਾਨ ਨੇ ਕਿਹਾ - ਅਜੇ ਸਮਾਂ ਲੱਗੇਗਾ। ਉਦੋਂ ਤੱਕ ਥੀਓ ਪੈਸੇ ਭੇਜਦਾ ਰਹੇਗਾ। - ਠੀਕ ਹੈ ਵਾਨ, ਕੋਈ ਫ਼ੈਸਲਾ ਤਾਂ ਕੀਤਾ ਤੂੰ ਆਖ਼ਰ। ਹੁਣ ਤੱਕ ਤਾਂ ਲੰਮੀ ਭਟਕਣ ਸੀ ਕੇਵਲ। ਹੁਣ ਟਿਕ ਕੇ ਇਹੋ ਕੰਮ ਕਰੀਂ। - ਹਾਂ ਪਿਤਾ ਜੀ, ਹੁਣ ਉਮਰ ਭਰ ਇਹੋ ਕੰਮ ਕਰਾਂਗਾ, ਹੋਰ ਕੋਈ ਨਹੀਂ।

ਲੋਕਾਂ ਵਾਸਤੇ ਉਹ ਨਿਕੰਮਾ, ਆਵਾਰਾਗਰਦ ਮੁੰਡਾ ਸੀ। ਸਾਰਾ ਦਿਨ ਰੰਗ ਭਰੀ ਜਾਣੇ ਕੀ ਕੰਮ ਹੋਇਆ ? ਕੋਈ ਕੋਈ ਕਿਸਾਨ, ਮਜ਼ਦੂਰ ਰੁਕ ਕੇ ਹੈਰਾਨੀ ਨਾਲ ਦੇਖਦਾ ਕੀ ਬਣ ਰਿਹੈ ? ਇਕ ਦਿਨ ਵਾਨ ਨੇ ਕਿਸਾਨ ਨੂੰ ਪੁੱਛਿਆ - ਤੈਨੂੰ ਮੈਂ ਕੀ ਲੱਗਦਾਂ ? ਬੇਝਿਜਕ ਕਿਸਾਨ ਨੇ ਕਿਹਾ - ਮੂਰਖ। ਹੋਰ ਕੀ ? ਲਾਲ ਮੂਰਖ। ਪਿੰਡ ਇਹੋ ਕਹਿੰਦੈ ਤੈਨੂੰ।

ਇਕ ਦਿਨ ਪਿਤਾ ਨੇ ਦੇਖਿਆ, ਵਾਨ ਨੇ ਇੱਕੋ ਸੀਨ ਦਸ ਵਾਰੀ ਵਾਹਿਆ, ਪਸੰਦ ਨਾ ਆਇਆ, ਦਸੇ ਵਾਰ ਪਾੜ ਕੇ ਫਿਰ ਬਣਾਉਣ ਲੱਗਾ। ਪਿਤਾ ਨੇ ਕਿਹਾ - ਵਾਨ,

ਤੇਰੇ ਤੋਂ ਕੀ ਗ਼ਲਤੀ ਹੋ ਜਾਂਦੀ ਹੈ ? - ਇਕ ਨਹੀਂ ਪਿਤਾ ਜੀ, ਅਨੇਕ ਗ਼ਲਤੀਆਂ ਹੋ ਜਾਂਦੀਆਂ ਹਨ। - ਫਿਰ ਵੀ ਤੈਨੂੰ ਲੱਗਦਾ ਹੈ ਕਿ ਤੂੰ ਕਲਾਕਾਰ ਹੈਂ ? ਕਲਾਕਾਰ ਤਾਂ ਉਹੀ ਹੁੰਦੈ ਜਿਹੜਾ ਗ਼ਲਤੀ ਨਾ ਕਰੇ। ਜੇ ਤੇਰੇ ਵਿਚ ਪੇਂਟਿੰਗ ਦਾ ਕੁਦਰਤੀ ਗੁਣ ਹੁੰਦਾ ਫੇਰ ਗ਼ਲਤੀ ਹੋਣੀ ਈ ਨੀ ਸੀ।

- ਪਿਤਾ ਜੀ ਕੁਦਰਤ ਜਦੋਂ ਦੇਖਦੀ ਹੈ ਬੰਦਾ ਸਫਲ ਹੋ ਰਿਹੈ, ਇਮਤਿਹਾਨ ਵਜੋਂ ਉਹ ਰੁਕਾਵਟਾਂ ਖੜੀਆਂ ਕਰਦੀ ਹੈ। ਸਭ ਰੋਕਾਂ ਤੋੜ ਕੇ ਮੈਂ ਵਿਜਈ ਹੋਵਾਂਗਾ।

- ਮੈਨੂੰ ਤਾਂ ਇਹ ਗੱਲ ਸਹੀ ਨਹੀਂ ਲੱਗਦੀ। ਬੁਰਾਈ ਵਿੱਚੋਂ ਨੇਕੀ ਨਹੀਂ ਨਿਕਲਦੀ।

- ਤੁਹਾਡੇ ਧਰਮ ਸ਼ਾਸਤਰ ਅਨੁਸਾਰ ਤੁਸੀਂ ਠੀਕ ਹੋ, ਕਲਾ ਸ਼ਾਸਤਰ ਅਨੁਸਾਰ ਮੈਂ ਠੀਕ ਹਾਂ।

- ਪਰ ਗ਼ਲਤ ਚਿੱਤਰ ਬਣਾ ਬਣਾ ਜੀਵਨ ਬਰਬਾਦ ਕਰਨਾ ਠੀਕ ਹੈ ?

- ਗ਼ਲਤ ਚਿੱਤਰ ਬਣਾਉਂਦਿਆਂ ਅਨੰਦ ਆਉਂਦਾ ਹੋਵੇ ਤਾਂ ਬਿਲਕੁਲ ਠੀਕ ਹੈ।

- ਪਰ ਆਖ਼ਰ ਜੇ ਕਲਾਕਾਰ ਸਫਲ ਨਾ ਹੋਵੇ ? ਫੇਰ ਵਾਨ ? ਇਸ ਜੂਏ ਵਿੱਚੋਂ ਪੈਸਾ ਹਾਸਲ ਹੋਣ ਦੀ ਕੋਈ ਸੰਭਾਵਨਾ ਕਦੀ ਹੈ ਵੀ ?

- ਆਪਾਂ ਨੂੰ ਆਰਟ ਦੇ ਫਲਸਫੇ ਬਾਰੇ ਗੱਲ ਕਰਨੀ ਚਾਹੀਦੀ ਹੈ ਪਿਤਾ ਜੀ, ਲਾਭ ਹਾਨੀ ਦੀ ਨਹੀਂ।

ਥੀਓ ਪੈਸੇ ਭੇਜਦਾ, ਡੇਢ ਸੌ ਕਰਾਊਨ ਪ੍ਰਤੀ ਮਹੀਨਾ, ਕਾਗ਼ਜ਼ ਭੇਜਦਾ, ਜਾਨਵਰਾਂ ਤੇ ਮਨੁੱਖਾਂ ਦੇ ਪਿੰਜਰਾਂ ਦੇ ਸਕੈੱਚ ਭੇਜੇ, ਜਦੋਂ ਤੱਕ ਅੰਦਰਲੀ ਬਣਤਰ ਦਾ ਪਤਾ ਨਹੀਂ, ਸਕੈੱਚ ਠੀਕ ਨਹੀਂ ਬਣ ਸਕਦਾ, ਅਨੇਕ ਤਰ੍ਹਾਂ ਦੇ ਬਰੱਸ਼ ਤੇ ਰੰਗ ਭੇਜਦਾ।

ਵਾਨ ਨੇ ਲਿਖਿਆ - ਸਫਲ ਹੋਵਾਂਗਾ ਕਿ ਨਹੀਂ, ਪ੍ਰਵਾਹ ਨਹੀਂ, ਵਾਅਦਾ ਹੈ ਕਿ ਹਰ ਰੋਜ਼ ਬਰੱਸ਼ ਚੱਲੇਗਾ, ਬਿਨਾਂ ਨਾਗਾ, ਨਿਰਵਿਘਨ, ਨਿਰੰਤਰ। ਕਦੀ ਕਦਾਈਂ ਅਖ਼ਬਾਰਾਂ ਰਿਸਾਲਿਆਂ ਨੂੰ ਚਿੱਤਰ ਭੇਜਦਾ। ਉਦੋਂ ਤੱਕ ਕੰਮ ਕਰੀ ਜਾਂਦਾ ਜਦੋਂ ਤੱਕ ਉਸ ਨੂੰ ਵਿਸ਼ਵਾਸ ਨਾ ਹੁੰਦਾ ਕਿ ਚਿੱਤਰ ਵਿਚ ਜਾਨ ਪੈ ਗਈ ਹੈ।

ਇਕ ਦਿਨ ਪਿਤਾ ਨੇ ਕਿਹਾ - ਵਾਨ, ਜੇ ਚਿੱਤਰਕਾਰ ਬਣਨਾ ਹੈ ਤਾਂ ਬਹੁਤ ਸਾਰਾ ਸਮਾਂ ਸਾਹਿਤ ਦੀਆਂ ਕਿਤਾਬਾਂ ਪੜ੍ਹਨ ਵਿਚ ਕਿਉਂ ਜ਼ਾਇਆ ਕਰਦਾ ਹੈਂ ? ਸਾਹਿਤ ਹੋਰ ਚੀਜ਼ ਹੈ ਪੇਂਟਿੰਗ ਹੋਰ। ਵਾਨ ਨੇ ਕਿਹਾ - ਮੈਂ ਡਰਾਇੰਗ ਮਾਸਟਰ ਨਹੀਂ ਬਣਨਾ ਪਿਤਾ ਜੀ। ਜ਼ਿੰਦਗੀ ਪੇਂਟ ਕਰਨੀ ਹੈ। ਕਿਤਾਬਾਂ ਵਿੱਚੋਂ ਜੀਵਨ ਦੇ ਲਿਸ਼ਕਾਰੇ ਦਿਖਾਈ ਦਿੰਦੇ ਹਨ।

- ਪਰ ਵਾਨ, ਮੈਂ ਚਰਚ ਵਿਚ ਚੰਗਾ ਪ੍ਰਵਚਨ ਕਰਨਾ ਹੋਵੇ ਤਾਂ ਮੈਂ ਬਾਈਬਲ ਪੜ੍ਹਾਂਗਾ, ਤੇਰੀ ਮਾਂ ਰਸੋਈ ਵਿਚ ਕੀ ਕੰਮ ਕਰ ਰਹੀ ਸੀ, ਇਹ ਦੇਖਣ ਦਾ ਕੀ ਫ਼ਾਇਦਾ ਹੋਏਗਾ ?

- ਪਿਤਾ ਜੀ ਅਨਾਟਮੀ ਮੈਨੂੰ ਜਿਸਮਾਨੀ ਬਣਤਰ ਸਿਖਾਏਗੀ, ਸੋ ਅਨਾਟਮੀ ਦੀਆਂ ਕਿਤਾਬਾ ਪੜ੍ਹਾਂਗਾ। ਸਿਰ ਵਿਚ ਕਿਸ ਕਿਸਮ ਦੇ ਖ਼ਿਆਲ ਉੱਠ ਰਹੇ ਹਨ, ਇਹ ਸਾਹਿਤ ਦੱਸੇਗਾ। ਸਾਹਿਤ ਦੀਆਂ ਰੂਹਾਨੀ ਭਾਵਨਾਵਾਂ ਨੂੰ ਚਿੱਤਰਕਾਰ ਰੰਗਾਂ ਨਾਲ ਅਮਲ ਵਿਚ ਲਿਆਏਗਾ।

ਕੱਪੜੇ ਸਿਉਂਦੀ ਔਰਤ, ਆਲੂ ਛਿੱਲਦੀ ਔਰਤ, ਝਾੜੂ ਦਿੰਦੀ ਔਰਤ, ਸੋਟੀ ਉਪਰ ਝੁਕਿਆ ਚਰਵਾਹਾ, ਬੁੱਢਾ ਕਮਜ਼ੋਰ ਕਿਸਾਨ ਚੁੱਲ੍ਹੇ ਨੇੜੇ ਕੁਰਸੀ 'ਤੇ ਬੈਠਾ, ਕੂਹਣੀਆਂ

ਗੋਡਿਆਂ ਉਪਰ ਤੇ ਮੱਥਾ ਹੱਥਾਂ ਉਪਰ ਝੁਕਿਆ। ਕਹੀ ਚਲਾਉਂਦੇ, ਹਲ ਵਾਹੁੰਦੇ, ਬਿਜਾਈ ਕਰਦੇ ਕਿਸਾਨ, ਔਰਤਾਂ, ਮਰਦ, ਪਿੰਡ ਦੀ ਹਰੇਕ ਵਸਤ। ਕੁਦਰਤ ਅੱਗੇ ਹੁਣ ਲਾਚਾਰਗੀ ਨਾਲ ਨਹੀਂ, ਵਿਜੇਤਾ ਦੇ ਰੂਪ ਵਿਚ ਦਿਖਾਈ ਦੇਣ ਲੱਗਾ ਵਾਨ। ਪਰਿਵਾਰ ਕੁਝ ਨਹੀਂ ਆਖਦਾ ਸੀ ਪਰ ਪਿੰਡ ਅਨੁਸਾਰ ਉਹ ਨਿਕੰਮਾ ਮੁੰਡਾ ਸੀ। ਬਿਜਾਈ ਕਰਦੇ ਕਿਸਾਨ ਦੀ ਪੇਂਟਿੰਗ ਦੇਖਦਿਆਂ ਮਾਂ ਨੇ ਪੁੱਛਿਆ - ਜ਼ਮੀਨ ਕਿਥੇ ਖ਼ਤਮ ਹੁੰਦੀ ਹੈ, ਕਿਸਾਨ ਕਿਥੋਂ ਸ਼ੁਰੂ ਹੁੰਦਾ ਹੈ ਪਤਾ ਤਾਂ ਲੱਗਦਾ ਨਹੀਂ ਵਾਨ। ਵਾਨ ਨੇ ਕਿਹਾ - ਮਿੱਟੀ ਅਤੇ ਮਾਸ ਇੱਕੋ ਚੀਜ਼ ਦੇ ਦੋ ਨਾਮ ਹਨ। ਇਨ੍ਹਾਂ ਵਿੱਚੋਂ ਕਿਹੜਾ ਕਿਥੋਂ ਸ਼ੁਰੂ ਹੋ ਕੇ ਕਿਥੇ ਖ਼ਤਮ ਹੋਵੇ, ਇਸਦਾ ਨਿਰਣਾ ਨਹੀਂ ਹੋ ਸਕਦਾ ਮਾਂ। ਮੇਰੇ ਚਿੱਤਰ, ਚਿੱਤਰ ਹਨ, ਫ਼ੈਸਲੇ ਨਹੀਂ, ਜੱਜਮੈਂਟਸ ਨਹੀਂ।

ਇਕ ਦਿਨ ਮਾਂ ਨੇ ਸੋਚਿਆ - ਜੇ ਇਹ ਵਿਆਹਿਆ ਹੋਇਆ ਹੁੰਦਾ, ਇਹਦੀ ਜ਼ਨਾਨੀ ਇਹਨੂੰ ਰਸਤੇ 'ਤੇ ਲੈ ਆਉਂਦੀ। ਹੁਣ ਮੈਂ ਇਹ ਕੰਮ ਕਰਕੇ ਦੇਖਦੀ ਹਾਂ। ਉਸਨੇ ਵਾਨ ਨੂੰ ਕਿਹਾ - ਅੱਜ ਦੋ ਵਜੇ ਘਰ ਆ ਜਾਈਂ ਵਾਨ। ਵਾਨ ਨੇ ਕਾਰਨ ਪੁੱਛਿਆ। ਮਾਂ ਨੇ ਕਿਹਾ - ਮੇਰੀ ਫਲਾਣੀ ਸਹੇਲੀ ਦੇ ਘਰ ਚਾਹ ਪਾਰਟੀ ਹੈ।

- ਮਾਂ ਮੈਂ ਪਾਰਟੀਆਂ 'ਤੇ ਸਮਾਂ ਜ਼ਾਇਆ ਨਹੀਂ ਕਰਨਾ, ਉਥੋਂ ਕੁਝ ਨਹੀਂ ਨਿਕਲਣਾ।

- ਪਰ ਵਾਨ ਉਥੇ ਪਿੰਡ ਦੀਆਂ ਸਾਰੀਆਂ ਸ੍ਰੇਸ਼ਟ ਔਰਤਾਂ ਹੋਣਗੀਆਂ।

- ਮਾਂ ਕਿਸੇ ਔਰਤ ਵਿਚ ਕੋਈ ਵਿਸ਼ੇਸ਼ਤਾ ਨਹੀਂ ਹੋਵੇਗੀ। ਸਾਰੀਆਂ ਇੱਕੋ ਤਰ੍ਹਾਂ ਦੀਆਂ ਹੋਣਗੀਆਂ। ਇੱਕੋ ਤਰ੍ਹਾਂ ਦੇ ਲਿਬਾਸ, ਇੱਕੋ ਸ਼ਿਸ਼ਟਾਚਾਰ। ਉਨ੍ਹਾਂ ਵਿਚ ਕਿਸਾਨਾਂ ਮਜ਼ਦੂਰਾਂ ਵਰਗੀ ਵੰਨਗੀ ਨਹੀਂ।

- ਕਿਸਾਨਾਂ ਮਜ਼ਦੂਰਾਂ ਦੀ ਵੰਨਗੀ ਦਾ ਕੀ ਕਰੇਂਗਾ ਵਾਨ, ਉਨ੍ਹਾਂ ਕੋਲ ਤੇਰੇ ਚਿੱਤਰ ਖ਼ਰੀਦਣ ਲਈ ਜਦੋਂ ਪੈਸੇ ਈ ਨਹੀਂ। ਇਨ੍ਹਾਂ ਜ਼ਨਾਨੀਆਂ ਦੀਆਂ ਸੁਹਣੀਆਂ ਤਸਵੀਰਾਂ ਬਣਾ, ਮਹਿੰਗੇ ਭਾਅ ਖ਼ੁਸ਼ੀ ਖ਼ੁਸ਼ੀ ਖ਼ਰੀਦ ਲੈਣਗੀਆਂ।

ਵਾਨ ਨੇ ਹੱਸ ਕੇ ਮਾਂ ਦੀ ਗੱਲ ਟਾਲ ਦਿੱਤੀ ਤੇ ਆਪਣੇ ਕੰਮ ਲੱਗ ਗਿਆ।

ਇਕ ਦਿਨ ਮਾਲੀ ਨੂੰ ਕਿਹਾ - ਚੱਲ ਤੇਰੀ ਤਸਵੀਰ ਬਣਾਵਾਂ। ਮਾਲੀ ਨੇ ਕਿਹਾ - ਬਾਦ ਦੁਪਹਿਰ ਆਵਾਂਗਾ। ਦੁਪਹਿਰ ਬਾਦ ਨਹਾ ਧੋ ਕੇ ਵਧੀਆ ਕੋਟ ਪੈਂਟ ਪਾ ਕੇ ਉਹ ਵਾਨ ਅੱਗੇ ਕੁਰਸੀ ਉਪਰ ਬੈਠ ਗਿਆ। ਫਿਰ ਕਿਹਾ - ਇਕ ਮਿੰਟ, ਇਕ ਮਿੰਟ, ਆਪਣੇ ਅੱਗੇ ਮੇਜ਼ ਤਾਂ ਰੱਖ ਲਵਾਂ।

ਵਾਨ ਨੇ ਕਿਹਾ - ਮੈਂ ਇਸ ਤਰ੍ਹਾਂ ਤੇਰੀ ਤਸਵੀਰ ਨਹੀਂ ਬਣਾਉਣੀ। ਉਹੀ ਸਵੇਰ ਵਾਲੇ ਕੱਪੜੇ ਪਾ ਕੇ ਖੁਰਪੀ ਹੱਥ ਵਿਚ ਫੜ ਕੇ ਗੋਡੀ ਕਰਨ ਲੱਗ।

ਮਾਲੀ ਨੇ ਕਿਹਾ - ਕਿਉਂ ? ਮੈਂ ਬੇਇਜ਼ਤੀ ਕਰਾਉਣੀ ਐਂ ਉਸ ਤਰ੍ਹਾਂ ਦੇ ਕੱਪੜਿਆਂ ਨਾਲ ਤਸਵੀਰ ਬਣਵਾ ਕੇ ?

ਚਲਾ ਗਿਆ।

ਥੀਓ ਨੇ ਪੈਰਿਸ ਆਉਣ ਦਾ ਸੱਦਾ ਦਿੱਤਾ ਤਾਂ ਵਾਨ ਨੇ ਕਿਹਾ - ਅਜੇ ਮੈਂ ਪੈਰਿਸ ਜੋਗਾ ਨਹੀਂ ਹੋਇਆ। ਅਜੇ ਹੇਗ ਜਾਵਾਂਗਾ। ਉਥੇ ਚੰਗੇ ਕਲਾਕਾਰਾਂ ਨੂੰ ਮਿਲਾਂਗਾ। ਮੋਵ ਆਪਣਾ ਰਿਸ਼ਤੇਦਾਰ ਹੈ, ਉਸਨੂੰ ਮਿਲਾਂਗਾ। ਥੀਓ ਨੇ ਰੇਲ ਦੇ ਕਿਰਾਏ ਲਈ ਪੈਸੇ ਭੇਜ ਦਿੱਤੇ। ਪਹਿਲਾਂ ਲੰਡਨ ਗਿਆ। ਉਹੀ ਗੈਲਰੀਆਂ ਦੇਖੀਆਂ ਜਿਥੇ ਕਲਰਕ ਹੁੰਦਾ ਸੀ। ਅੱਠ ਸਾਲ ਵਿਚ ਕੀ ਕੁਝ ਬਦਲ ਗਿਆ। ਉਸੇ ਗੂਪਲ ਕੰਪਨੀ ਦੀਆਂ ਗੈਲਰੀਆਂ ਵਿਚ ਗਿਆ, ਕੰਪਨੀ ਉਸਦੇ ਚਾਚੇ ਦੀ ਸੀ। ਜੇ ਟਿਕ ਕੇ ਕੰਮ ਕਰਦਾ ਤਾਂ ਮਾਲਕ ਹੋ ਜਾਂਦਾ

ਕਿਉਂਕਿ ਚਾਚੇ ਦੀ ਕੋਈ ਔਲਾਦ ਨਹੀਂ ਸੀ, ਉਹ ਕਿਹਾ ਕਰਦਾ ਸੀ, ਵਾਨ ਮੇਰਾ ਵਾਰਸ ਹੋਵੇਗਾ। ਇਥੇ ਕਲਰਕਾਂ ਦੇ ਕੱਪੜੇ ਸ਼ਾਨਦਾਰ ਸਨ ਤੇ ਵਾਨ ਦੇ ਮੈਲੇ-ਕੁਚੈਲੇ, ਅਵਾਰਾ ਜਿਹੇ। ਕਿਸੇ ਕਲਰਕ ਨੇ ਇਹ ਵੀ ਪੁੱਛਣਾ ਵਾਜਬ ਨਾ ਸਮਝਿਆ ਕਿ ਕੀ ਕੰਮ ਆਇਐਂ ? ਇਹ ਤਾਂ ਚਿੱਤਰਕਾਰ ਤ੍ਰਸਤੀਗ ਨੇ ਪਛਾਣ ਲਿਆ ਤੇ ਗਰਮਜੋਸ਼ੀ ਨਾਲ ਹੱਥ ਮਿਲਾਂਦਿਆਂ ਕਿਹਾ - ਦਿਸਦੀਆਂ ਨੇ ਗੈਲਰੀਆਂ ? ਇਕ ਤੋਂ ਇਕ ਚੜ੍ਹਦੀ ਤਸਵੀਰ। ਤ੍ਰਸਤੀਗ ਨੂੰ ਆਪਣੀਆਂ ਕੈਨਵਸਾਂ ਦਿਖਾਈਆਂ, ਉਸਨੇ ਕਿਹਾ - ਅਜੇ ਰਸਤੇ ਉਪਰ ਹੈਂ। ਹੋਰ ਮਿਹਨਤ ਕਰ। ਰਾਹ ਸਹੀ ਹੈ ਤੇਰਾ, ਰਿਆਜ਼ ਚਾਹੀਦੀ ਹੈ।

ਫਿਰ ਹੇਗ ਜਾ ਕੇ ਮੋਵ ਨੂੰ ਮਿਲਿਆ। ਸੁਹਣਾ ਸਟੂਡੀਓ ਸੀ। ਬਹੁਤ ਸਾਰੀਆਂ ਪੇਂਟਿੰਗਜ਼ ਪੂਰੀਆਂ, ਕੁਝ ਅਧੂਰੀਆਂ ਲਟਕ ਰਹੀਆਂ ਸਨ। ਰੰਗਾਂ ਦੀ ਸੁਗੰਧੀ ਸੀ। ਇਧਰ ਉਧਰ ਕਿਤਾਬਾਂ ਖਿਲਰੀਆਂ ਪਈਆਂ ਸਨ। ਪਰਿਵਾਰਿਕ ਰਿਸ਼ਤੇ ਨਾਤੇ, ਸੁਖ-ਸਾਂਦ ਦੀਆਂ ਗੱਲਾਂ ਜਲਦੀ ਖ਼ਤਮ ਹੋ ਗਈਆਂ। ਵਾਨ ਨੇ ਆਪਣਾ ਕੰਮ ਮੋਵ ਨੂੰ ਦਿਖਾਇਆ, ਮੋਵ ਨੇ ਵੀ ਉਹੋ ਕਿਹਾ - ਅਜੇ ਹੋਰ ਮਿਹਨਤ ਕਰਨੀ ਪਵੇਗੀ। ਵਾਨ ਨੇ ਕਿਹਾ - ਮੈਨੂੰ ਤੂੰ ਵਿਦਿਆਰਥੀ ਵਜੋਂ ਪ੍ਰਵਾਨ ਕਰ ਲੈ। ਮੈਂ ਹੇਗ ਆ ਜਾਵਾਂਗਾ। ਮੋਵ ਨੇ ਕਿਹਾ - ਦੇਖ ਵਾਨ, ਹਰੇਕ ਕਲਾਕਾਰ ਸਵਾਰਥੀ ਹੁੰਦਾ ਹੈ। ਚਾਹੀਦਾ ਵੀ ਹੈ। ਮੈਂ ਤੈਨੂੰ ਸਮਾਂ ਨਹੀਂ ਦੇ ਸਕਾਂਗਾ। ਵਾਨ ਨੇ ਕਿਹਾ - ਮੈਂ ਸਮਾਂ ਕਦੋਂ ਮੰਗਦਾ ਹਾਂ ? ਬੱਸ ਇਥੇ ਤੇਰੇ ਨੇੜੇ ਬੈਠ ਖਲੋ ਕੇ ਮੈਂ ਆਪਣਾ ਕੰਮ ਕਰਦਾ ਰਹਾਂਗਾ, ਤੈਨੂੰ ਕੰਮ ਕਰਦਿਆਂ ਦੇਖਿਆ ਕਰਾਂਗਾ। ਕਦੀ ਕਦਾਈਂ ਮੇਰੇ ਕੰਮ ਵੱਲ ਝਾਤ ਮਾਰ ਕੇ ਨੁਕਸ ਦੱਸਿਆ ਕਰੀਂ। ਮੋਵ ਹੱਸ ਪਿਆ - ਤੈਨੂੰ ਇਹ ਕੰਮ ਆਸਾਨ ਲੱਗਦਾ ਹੈ। ਕਿਸੇ ਦੇ ਕੰਮ ਦੀ ਨਿਗਰਾਨੀ ਕਰਨੀ ਬਹੁਤ ਬੋਝਲ ਜ਼ਿੰਮੇਵਾਰੀ ਹੈ ਵਾਨ। ਨਾਲੇ ਮੇਰੀ ਆਦਤ ਕੰਮ ਕਰਨ ਦੀ ਹੈ, ਕੰਮ ਬਾਰੇ ਗੱਲਾਂ ਕਰਨ ਸੁਣਨ ਦੀ ਨਹੀਂ। ਵਾਨ ਨੇ ਕਿਹਾ - ਵਾਅਦਾ ਹੈ ਮੈਂ ਬੋਝ ਨਹੀਂ ਬਣਾਂਗਾ। ਦੇਰ ਤੱਕ ਸੋਚਣ ਬਾਦ ਮੋਵ ਨੇ ਕਿਹਾ - ਚਲੋ ਠੀਕ ਐ। ਦੇਖਦੇ ਆਂ। ਹੇਗ ਆ ਜਾਹ। ਘਰ ਵਾਪਸੀ ਵਕਤ ਰੇਲ ਸਫ਼ਰ ਦੌਰਾਨ ਜਿੰਨਾ ਅੱਜ ਖ਼ੁਸ਼ ਸੀ, ਵਾਨ ਏਨਾ ਖ਼ੁਸ਼ ਕਦੀ ਨਹੀਂ ਹੋਇਆ - ਮੈਨੂੰ ਉਸਤਾਦ ਮਿਲ ਗਿਆ ਆਖ਼ਰ। ਦੁਨੀਆਂ ਦਾ ਨਾਮਵਰ ਕਲਾਕਾਰ ! ਉਸਨੇ ਹਾਂ ਕਰ ਦਿੱਤੀ। ਹੁਣ ਦੇਖਣਾ ਮੈਂ ਕੀ ਕੀ ਨਹੀਂ ਕਰਦਾ। ਘਰ ਦੇ ਬੂਹੇ ਥਾਣੀਂ ਅੰਦਰ ਲੰਘਿਆ ਤਾਂ ਦੇਖਿਆ ਕਿ ਕੇ ਆਈ ਹੋਈ ਸੀ।

ਕੇ ਦੇ ਚਿਹਰੇ ਉਪਰ ਵਿਧਵਾ ਦੀ ਉਦਾਸੀ ਪੇਂਟ ਹੋਈ ਸਾਫ਼ ਦਿਸੀ। ਪਹਿਲਾਂ ਵਾਲੀ ਚੁਲਬੁਲੀ ਸੁਹਣੀ ਕੇ ਕਿਧਰੇ ਗੁਆਚ ਗਈ ਸੀ। ਸਾਧਵੀਆਂ ਵਰਗਾ ਪ੍ਰਭਾਵਹੀਣ ਚਿਹਰਾ, ਸੋਗਮਈ ਇਕਹਿਰੀ ਆਵਾਜ਼।

- ਕੇ, ਚੰਗਾ ਲੱਗਾ ਤੂੰ ਇਥੇ ਆਈ, ਵਾਨ ਨੇ ਕਿਹਾ।
- ਸ਼ੁਕਰੀਆ ਵਾਨ।
- ਤੇਰਾ ਬੇਟਾ ਜਾਨ ਵੀ ਆਇਐ ?
- ਹਾਂ ਬਾਗ਼ ਵਿਚ ਖੇਡ ਰਿਹੈ।

ਵਾਨ ਨੇ ਸੋਚਿਆ - ਕੀ ਇਸ ਦੇ ਪਤੀ ਦੀ ਗੱਲ ਕਰ ਕੇ ਧਰਵਾਸ ਦੇਣਾ ਠੀਕ ਰਹੇਗਾ ? ਫਿਰ ਆਪੇ ਫ਼ੈਸਲਾ ਕੀਤਾ - ਕੋਈ ਫ਼ਾਇਦਾ ਨਹੀਂ। ਇਹ ਗੱਲ ਛੇੜਨੀ ਠੀਕ ਨਹੀਂ। ਤੁਰਨ ਫਿਰਨ ਬਾਗ਼ ਵੱਲ ਤੁਰ ਪਏ। ਵਾਨ ਨੇ ਕਿਹਾ - ਮੈਂ ਇਥੇ ਚਿੱਤਰਕਾਰੀ ਕਰਿਆ ਕਰਦਾਂ ਕੇ। ਤੂੰ ਇਥੇ ਆ ਜਾਇਆ ਕਰੀਂ। ਬੱਚਾ ਵੀ ਖੇਡਦਾ ਰਹੇਗਾ। ਕੇ ਨੇ

ਕਿਹਾ - ਪਰ ਇਉਂ ਤੇਰੇ ਕੰਮ ਵਿਚ ਵਿਘਨ ਪਵੇਗਾ। - ਨਹੀਂ ਕੇ ਨਹੀਂ, ਸਗੋਂ ਮੇਰਾ ਕੰਮ ਤੇਰੀ ਹਾਜ਼ਰੀ ਕਾਰਨ ਵਧੀਆ ਹੋਵੇਗਾ। ਕੇ ਨੇ ਵਾਨ ਦਾ ਹੱਥ ਫੜ ਕੇ ਕਿਹਾ - ਆਪਾਂ ਦੋਸਤ ਹੋਵਾਂਗੇ। ਵਾਨ ਨੇ ਕਿਹਾ - ਯਕੀਨਨ।

ਉਸਨੇ ਆਪਣੀ ਕੈਨਵਸ ਫਿੱਟ ਕਰ ਲਈ। ਕੇ ਦੇ ਬੈਠਣ ਲਈ ਬੈਂਚ ਲਿਆ ਦਿੱਤਾ। ਜਾਨ ਨੂੰ ਕਿਹਾ - ਰੇਤ ਦਾ ਘਰ ਬਣਾ। ਕੇ ਨੂੰ ਮਿਲ ਕੇ ਵਾਨ ਏਨਾ ਖ਼ੁਸ਼, ਦੱਸਣਾ ਭੁੱਲ ਗਿਆ ਕਿ ਉਸ ਨੂੰ ਮੋਵ ਜਿੱਡਾ ਵੱਡਾ ਕਲਾਕਾਰ ਉਸਤਾਦ ਵਜੋਂ ਮਿਲ ਗਿਆ ਹੈ। ਜਦੋਂ ਸ਼ਾਮ ਦੇ ਖਾਣੇ ਮਗਰੋਂ ਸਭ ਨੂੰ ਖ਼ਬਰ ਦੱਸੀ ਤਾਂ ਮਾਂ ਨੇ ਕਿਹਾ - ਸ਼ਾਬਾਸ਼। ਉਹ ਅੱਜ ਲੱਖਾਂ ਵਿਚ ਖੇਡਦਾ ਹੈ। ਉਸ ਵਰਗਾ ਬਣ ਜਾਏਂਗਾ ਤਾਂ ਜਨਮ ਸੰਵਰਿਆ ਸਮਝ।

ਵਾਨ ਪੇਂਟਿੰਗ ਲਈ ਬਾਹਰ ਫੀਲਡ ਵਿਚ ਜਾਂਦਾ ਤਾਂ ਕੇ ਤੇ ਜਾਨ ਨਾਲ ਜਾਂਦੇ। ਵਾਨ ਉਸ ਦੀ ਹਾਜ਼ਰੀ ਵਿਚ ਵਧੀਆ ਰੰਗ ਉਤਾਰਦਾ। ਦੁਪਹਿਰ ਦਾ ਖਾਣਾ ਨਹੀਂ ਖਾਂਦਾ ਹੁੰਦਾ ਸੀ ਪਰ ਮਾਂ ਕੁਝ ਨਾ ਕੁਝ ਪੈਕ ਕਰ ਦਿੰਦੀ। ਦੁਪਹਿਰੇ ਤਿੰਨੇ ਜਣੇ ਚਾਦਰ ਵਿਛਾ ਖਾ ਪੀ ਲੈਂਦੇ। ਕੇ ਦਿਨੋ-ਦਿਨ ਹੋਰ ਚੰਗੀ ਲੱਗਣ ਲੱਗੀ, ਉਹ ਆਤਮ ਵਿਸ਼ਵਾਸ ਨਾਲ ਆਪਣੀਆਂ ਯੋਜਨਾਵਾਂ ਦੱਸਦਾ ਗਿਆ, ਕੇ ਨੂੰ ਉਸਦੀ ਗੱਲ ਵਿਚ ਦਿਲਚਸਪੀ ਨਹੀਂ ਸੀ ਪਰ ਇਉਂ ਬੈਠੀ ਰਹੀ ਜਿਵੇਂ ਹਰੇਕ ਗੱਲ ਸਮਝ ਰਹੀ ਹੋਵੇ। ਉਹ ਆਪਣੇ ਪਤੀ ਨਾਲ ਭੂਤਕਾਲ ਵਿਚ ਰਹਿ ਰਹੀ ਸੀ। ਕੁਝ ਰੇਖਾ-ਚਿੱਤਰ ਕੇ ਦੇ ਚਿਹਰੇ ਦੇ ਬਣਾਏ। ਉਸਨੂੰ ਕੇ ਤੇ ਜਾਨ ਦੋਵੇਂ ਚੰਗੇ ਲੱਗਦੇ, ਪਰ ਕੇ ਅਕਸਰ ਆਪਣੇ ਮ੍ਰਿਤਕ ਪਤੀ ਦੀ ਗੱਲ ਛੇੜ ਲੈਂਦੀ ਤਾਂ ਵਾਨ ਨੂੰ ਬੁਰੀ ਲੱਗਦੀ। ਭੂਤਕਾਲ ਨੂੰ ਉਹ ਪਿਆਰ ਦੀ ਬਾਰਸ਼ ਨਾਲ ਧੋ ਸਕਦਾ ਸੀ। ਉਰਸੁਲ ਇਹਦੇ ਮੁਕਾਬਲੇ ਕੀ ਸੀ ? ਨਾਦਾਨ ਬਾਲੜੀ। ਵਾਨ ਕਿੰਨਾ ਮੂਰਖ ਸੀ ਉਦੋਂ। ਉਰਸੁਲ ਨਾਲ ਬਿਤਾਈ ਜ਼ਿੰਦਗੀ ਕੇ ਨਾਲ ਬਿਤਾਏ ਇਕ ਘੰਟੇ ਦੇ ਬਰਾਬਰ ਵੀ ਨਹੀਂ। ਦਫ਼ਾ ਹੋਈ ਚੰਗਾ ਹੋਇਆ। ਸਰਦੀਆਂ ਆ ਰਹੀਆਂ ਹਨ, ਹੇਗ ਜਾਣ ਤੋਂ ਪਹਿਲਾਂ ਪਹਿਲਾਂ ਕੇ ਨਾਲ ਆਖ਼ਰੀ ਗੱਲ ਹੋ ਜਾਣੀ ਚਾਹੀਦੀ ਹੈ। ਜਾਨ ਸੁੱਤਾ ਪਿਆ ਸੀ। ਆਪਣੀ ਇਕ ਪੇਂਟਿੰਗ ਦਿਖਾਉਣ ਵਾਸਤੇ ਉਹ ਕੇ ਵੱਲ ਝੁਕਿਆ, ਪੇਂਟਿੰਗ ਡਿੱਗ ਪਈ, ਕੁਝ ਸ਼ਬਦ ਕਹੇ ਜਿਹੜੇ ਸਪਸ਼ਟ ਨਹੀਂ ਸਨ, ਕੇ ਨੂੰ ਚੁੰਮਦਿਆਂ ਕਿਹਾ - ਆਪਾਂ ਸਦਾ ਇਕੱਠੇ ਰਹਾਂਗੇ। ਤੈਨੂੰ ਮੁੱਦਤਾਂ ਤੋਂ ਪਿਆਰ ਕਰਦਾ ਹਾਂ ਕੇ। ਹੇਗ ਇਕੱਠੇ ਚੱਲਾਂਗੇ। ਮੈਂ ਤੇਰੇ ਨਾਲ ਵਿਆਹ ਕਰਾਉਣ ਦਾ ਇੱਛੁਕ ਹਾਂ ਕੇ...

ਕੇ ਗ਼ੁੱਸੇ ਨਾਲ ਉੱਠੀ ਤੇ ਕਿਹਾ - ਨਹੀਂ। ਕਦੀ ਨਹੀਂ। ਸਮਝਿਆ ? ਸੁੱਤੇ ਜਾਨ ਨੂੰ ਚੁੱਕ ਕੇ ਘਰ ਵੱਲ ਦੌੜ ਪਈ।

- ਕੇ ... ਕੇ... ਕੀ ਹੋਇਆ ? ਵਾਨ ਦੀ ਕੋਈ ਗੱਲ ਨਾ ਸੁਣੀ। ਵਾਨ ਪਿੱਛੇ ਪਿੱਛੇ ਦੌੜਿਆ ਤਾਂ ਰੁਕੀ ...ਉਸ ਦੀਆਂ ਜਿਨ੍ਹਾਂ ਅੱਖਾਂ ਵਿਚ ਥੋੜ੍ਹਾ ਸਮਾਂ ਪਹਿਲਾਂ ਡਰ ਸੀ, ਉਨ੍ਹਾਂ ਵਿਚ ਨਫ਼ਰਤ ਭਰ ਗਈ ਸੀ। ਬੱਚਾ ਜਾਗ ਕੇ ਰੋਣ ਲੱਗ ਪਿਆ ਤੇ ਕੇ ਦੀ ਗਰਦਨ ਨੂੰ ਚੰਬੜ ਗਿਆ।

ਵਾਨ ਨੇ ਲੰਚ ਦਾ ਨਿੱਕਾ ਮੋਟਾ ਸਾਮਾਨ ਟੋਕਰੀ ਵਿਚ ਸੁੱਟਿਆ, ਕਾਗ਼ਜ਼ ਇਕੱਠੇ ਕੀਤੇ, ਸਹਿਜੇ ਸਹਿਜੇ ਘਰ ਵੱਲ ਤੁਰ ਪਿਆ। ਘਰ ਆਇਆ ਤਾਂ ਮਾਤਾ ਪਿਤਾ ਨੂੰ ਤਣਾਉ ਵਿਚ ਦੇਖਿਆ। ਪਿਤਾ ਨੇ ਕਿਹਾ - ਇਹ ਤੂੰ ਕੀ ਕੀਤਾ। ਵਾਨ ਕੇ ਨਾਲ ਕੀ ਕੀਤਾ ? ਵਾਨ ਨੇ ਕਿਹਾ - ਕੀ ਕੀਤਾ ? ਕੀ ਦੱਸਿਐ ਉਸਨੇ ? - ਤੂੰ ਉਸ ਨਾਲ ਜ਼ਬਰਦਸਤੀ ਕੀਤੀ। ਉਸ ਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲਿਆ।

- ਹਾਂ, ਇਸ ਵਿਚ ਕੀ ਗ਼ਲਤ ਹੋਇਆ ? ਮੈਂ ਉਸਨੂੰ ਕਿਹਾ ਮੈਂ ਤੈਨੂੰ ਪਿਆਰ ਕਰਦਾਂ ਤੇ ਤੇਰੇ ਨਾਲ ਵਿਆਹ ਕਰਨ ਦਾ ਇੱਛੁਕ ਹਾਂ। ਇਸ ਵਿਚ ਕੀ ਗ਼ਲਤ ਹੋਇਆ ? - ਪਰ ਇਹ ਕਿਵੇਂ ਹੋ ਸਕਦੈ ਵਾਨ ? ਪਿਤਾ ਨੇ ਕਿਹਾ - ਇਹ ਨਹੀਂ ਹੋ ਸਕਦਾ। ਕੇ ਤੇਰੀ ਫ਼ਸਟ ਕਜ਼ਨ ਹੈ। ਵਾਨ ਗਾਗ ਖ਼ਾਨਦਾਨ ਵਿਚ ਅਜਿਹਾ ਪਾਪ ਨਹੀਂ ਹੋ ਸਕਦਾ।

ਮਾਂ ਨੇ ਕਿਹਾ - ਏਨੀ ਕਾਹਲ ਕਿਉਂ ਕਰਨੀ ਸੀ ਵਾਨ। ਤੈਨੂੰ ਪਤੈ ਉਸ ਦੇ ਪਤੀ ਦੀ ਮੌਤ ਨੂੰ ਅਜੇ ਸਾਲ ਪੂਰਾ ਨਹੀਂ ਹੋਇਆ। ਤੇਰੀ ਕੋਈ ਆਮਦਨ ਵੀ ਨਹੀਂ ਅਜੇ।

ਦੇਰ ਤੱਕ ਵਾਨ ਦੇ ਕੰਨਾਂ ਵਿਚ, ਨਹੀਂ...ਕਦੀ ਨਹੀਂ...ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਸਵੇਰ ਹੋਈ, ਦੇਖਿਆ ਮਾਂ ਰਸੋਈ ਵਿਚ ਖਾਣਾ ਤਿਆਰ ਕਰ ਰਹੀ ਹੈ। ਪੁੱਛਿਆ ਕੇ ਕਿਥੇ ਹੈ ? - ਤੇਰੇ ਪਿਤਾ ਉਸਨੂੰ ਗੱਡੀ ਚੜ੍ਹਾਉਣ ਗਏ ਹਨ। ਉਹ ਆਪਣੇ ਘਰ ਜਾ ਰਹੀ ਹੈ। ਹੁਣ ਗੱਡੀ ਤੁਰਨ ਦਾ ਸਮਾਂ ਹੋ ਗਿਐ। ਉਸਦਾ ਦਿਲ ਕੀਤਾ ਅਗਲੀ ਗੱਡੀ ਫੜ ਕੇ ਉਹ ਕੇ ਦੇ ਘਰ ਜਾ ਕੇ ਉਸਨੂੰ ਮਨਾਏ, ਪਰ ਉਸ ਕੋਲ ਕਿਰਾਏ ਜੋਗੇ ਪੈਸੇ ਨਹੀਂ। ਹੁਣ ਮਾਂ ਤੋਂ ਕਿਰਾਇਆ ਮੰਗੇ ? ਉਸਨੂੰ ਆਪਣੀ ਲਾਚਾਰੀ ਉਪਰ ਗ਼ੁੱਸਾ ਆਇਆ। ਅਠਾਈ ਸਾਲ ਦੀ ਉਮਰ ਹੋ ਗਈ, ਜੇਬ ਵਿਚ ਧੇਲਾ ਨਹੀਂ। ਚਾਰ ਸਾਲ ਛੋਟਾ ਭਰਾ ਹਜ਼ਾਰ ਕਰਾਊਨ ਕਮਾ ਰਿਹੈ। ਲਾਹਨਤ ਹੈ। ਹੁਣ ਤਾਂ ਜੇ ਕੇ ਕਹਿ ਦੇਵੇ ਕਿ ਪੇਂਟਿੰਗ ਛੱਡ ਕੇ ਨੌਕਰੀ ਕਰ, ਫੇਰ ਮੈਂ ਤੇਰੇ ਨਾਲ ਵਿਆਹ ਕਰਵਾਲਾਂਗੀ, ਮੈਂ ਤਾਂ ਵੀ ਹਾਂ ਨਾ ਕਰਾਂ। ਬੇਵਕੂਫ਼ ਕੁੜੀ। ਮੇਰੀ ਡਰਾਇੰਗ ਉਸ ਨਾਲੋਂ ਵਧੀਕ ਸ਼ਾਨਦਾਰ ਹੈ। ਇਹ ਸਮਝੋ ਕਿ ਦੂਜੀ ਵਾਰ ਮੈਂ ਫੇਰ ਜੰਜਾਲ ਵਿਚ ਫਸਣੋਂ ਬਚ ਗਿਆ। ਠੀਕ ਹੋਇਆ। ਜੋ ਹੁੰਦੈ ਠੀਕ ਹੁੰਦੈ।

ਪਿਤਾ ਦਾ ਖ਼ਿਆਲ ਸੀ ਜੇ ਵਾਨ ਖ਼ਾਨਦਾਨੀ ਸਾਂਚੇ ਵਿਚ ਢਲਣ ਲਈ ਤਿਆਰ ਨਹੀਂ ਤਾਂ ਇਹ ਉਸਦਾ ਕਸੂਰ ਹੈ, ਸਾਂਚੇ ਦਾ ਨਹੀਂ। ਇਕ ਦਿਨ ਪਿਤਾ ਨੇ ਕਿਹਾ - ਤੇਰਾ ਨਹੀਂ ਵਾਨ, ਇਹ ਉਨ੍ਹਾਂ ਕਿਤਾਬਾਂ ਦਾ ਕਸੂਰ ਹੈ ਜਿਹੜੀਆਂ ਤੂੰ ਪੜ੍ਹਦਾ ਹੈਂ। ਫ਼ਰੈਂਚ ਕਿਤਾਬਾਂ। ਵਾਨ ਨੇ ਪੁੱਛਿਆ - ਤੁਹਾਡਾ ਮਤਲਬ ਹੈ ਵਿਕਟਰ ਹਿਊਗੋ ਤੇ ਮਿਛਲੇ ?

- ਹਾਂ ਵਾਨ ਉਹ ਚੋਰਾਂ ਡਾਕੂਆਂ ਬਾਰੇ ਲਿਖਦੇ ਹਨ। ਉਨ੍ਹਾਂ ਦੀਆਂ ਕਿਤਾਬਾਂ ਗ਼ਲਤ ਅਸਰ ਪਾਉਂਦੀਆਂ ਹਨ।

- ਬਕਵਾਸ! ਇਨ੍ਹਾਂ ਦੀਆਂ ਲਿਖਤਾਂ ਉਨੀਆਂ ਪਵਿੱਤਰ ਨੇ ਪਿਤਾ ਜਿੰਨੀ ਬਾਈਬਲ।

- ਬਕਵਾਸ ਤੂੰ ਕਰ ਰਿਹੈਂ ਵਾਨ, ਤੂੰ ਕੁਫ਼ਰ ਬਕ ਰਿਹੈਂ। ਉਨ੍ਹਾਂ ਦੀਆਂ ਲਿਖਤਾਂ ਦੁਰਾਚਾਰੀ ਹਨ। ਇਨ੍ਹਾਂ ਸਦਕਾ ਤੂੰ ਭਟਕਿਆ ਹੈਂ।

ਵਾਨ ਨੇ ਕਿਹਾ - ਜੇ ਮੈਨੂੰ ਸਲਾਹ ਲੈਣ ਦੀ ਲੋੜ ਪਈ ਤਾਂ ਮੈਂ ਮਿਛਲੇ ਕੋਲ ਜਾਵਾਂਗਾ। ਮੈਨੂੰ ਤੁਹਾਡੀ ਹਦਾਇਤ ਨਹੀਂ ਚਾਹੀਦੀ। - ਫਿਰ ਤੂੰ ਇਥੇ ਇਸ ਘਰ ਵਿਚ ਰਹਿ ਹੀ ਕਿਉਂ ਰਿਹੈਂ, ਜੇ ਤੇਰੇ ਅੰਦਰ ਇੱਜ਼ਤ ਨਹੀਂ ਪਰਿਵਾਰ ਵਾਸਤੇ ?

ਵਾਨ ਨੇ ਕੇ ਦੇ ਪਿਤਾ ਨੂੰ ਰਜਿਸਟਰਡ ਖ਼ਤ ਲਿਖ ਕੇ, ਕੇ ਦਾ ਹੱਥ ਮੰਗਿਆ ਸੀ। ਪਾਦਰੀ ਪਿਤਾ ਨੇ ਜਵਾਬ ਭੇਜਿਆ - ਕੇ ਕਿਸੇ ਹੋਰ ਨੂੰ ਪਿਆਰ ਕਰਦੀ ਹੈ। ਉਹ ਮੁੰਡਾ ਕਮਾਊ ਹੈ, ਧਨਵਾਨ ਹੈ। ਅੱਗੋਂ ਤੋਂ ਅਜਿਹਾ ਖ਼ਤ ਨਾ ਲਿਖਣਾ। ਵਾਨ ਦੇ ਦਿਲ ਵਿਚ ਆਇਆ - ਸਾਰੇ ਪਾਦਰੀ ਨਾਸਤਿਕ ਤੇ ਪੱਥਰ ਦਿਲ ਹੁੰਦੇ ਹਨ, ਮੇਰੇ ਪਿਤਾ ਸਮੇਤ ਸਾਰੇ ਦੇ ਸਾਰੇ। ਦੂਜਾ ਖ਼ਤ ਥੀਓ ਦਾ ਸੀ, ਲਿਖਿਆ - ਤੇਰੇ ਸਕੈੱਚ ਹੌਲੀ ਹੌਲੀ ਵਿਕਣਗੇ। ਵੀਹ ਕਰਾਊਨ ਐਮਸਟਰਡਮ ਜਾਣ ਵਾਸਤੇ ਭੇਜ ਰਿਹਾਂ।

ਗੱਡੀ ਫੜ ਕੇ ਉਹ ਸ਼ਹਿਰ ਪੁੱਜਾ, ਕੇ ਦੇ ਘਰ ਦਾ ਦਰਵਾਜ਼ਾ ਖੜਕਾਇਆ। ਨੌਕਰਾਣੀ ਨੇ ਦਰਵਾਜ਼ਾ ਖੋਲ੍ਹਿਆ, ਵਾਨ ਨੂੰ ਪਛਾਣ ਕੇ ਕਿਹਾ - ਫਾਦਰ ਘਰ ਨਹੀਂ। ਵਾਨ ਨੇ ਉਸਨੂੰ ਪਰ੍ਹੇ ਹਟਾ ਦਿੱਤਾ ਤੇ ਅੰਦਰ ਚਲਾ ਗਿਆ ਜਿਥੇ ਪਰਿਵਾਰ ਖਾਣਾ ਖਾ ਰਿਹਾ ਸੀ। ਉਸਨੂੰ ਦੇਖ ਕੇ, ਕੇ ਅੰਦਰ ਚਲੀ ਗਈ। ਮੇਜ਼ 'ਤੇ ਦੋ ਮੋਮਬੱਤੀਆਂ ਬਲ ਰਹੀਆਂ ਸਨ। - ਮੈਂ ਕੇ ਨਾਲ ਗੱਲ ਕਰਨ ਆਇਆਂ ਅੰਕਲ। ਪਾਦਰੀ ਨੇ ਕਿਹਾ - ਉਹ ਤੇਰੇ ਵਰਗੇ ਆਵਾਰਾਗਰਦ ਮੁੰਡੇ ਨਾਲ ਗੱਲ ਕਰਨ ਲਈ ਤਿਆਰ ਨਹੀਂ। - ਤੁਸੀਂ ਝੂਠ ਬੋਲਦੇ ਹੋ ਅੰਕਲ। ਪਾਦਰੀ ਨੂੰ ਗ਼ੁੱਸਾ ਆ ਗਿਆ - ਤੈਨੂੰ ਪਤਾ ਨਹੀਂ ਤੂੰ ਕੀ ਕਹਿ ਰਿਹੈਂ ? ਮੈਂ ਫਾਦਰ ਸਟਰਿੱਕਰ ਹਾਂ, ਸੁਣਿਆਂ ? - ਇਕ ਵਾਰ ਕੇ ਨਾਲ ਗੱਲ ਕਰਨ ਦਿਓ ਅੰਕਲ, ਇਹ ਆਖਦਿਆਂ ਉਸਨੇ ਹੱਥ ਦਾ ਪਿਛਲਾ ਪਾਸਾ ਮੋਮਬੱਤੀ ਦੀ ਲਾਟ ਉਪਰ ਕਰਦਿਆਂ ਕਿਹਾ - ਬੱਸ ਉਨਾ ਕੁ ਚਿਰ ਗੱਲ ਕਰਨ ਦਿਉ ਜਿੰਨਾ ਚਿਰ ਮੋਮਬੱਤੀ ਦੀ ਲਾਟ ਉਪਰ ਹੱਥ ਹੈ। ਪਹਿਲਾਂ ਮਾਸ ਕਾਲਾ ਹੋਇਆ, ਫਿਰ ਖ਼ੂਨ ਦੇ ਤੁਪਕੇ ਤੜ ਤੜ ਕਰਕੇ ਹੇਠਾਂ ਡਿੱਗਣ ਲੱਗੇ। ਮਾਸ ਦੇ ਸੜਨ ਦੀ ਦੁਰਗੰਧ ਚੁਫੇਰੇ ਫੈਲਣ ਲੱਗੀ। ਪਾਦਰੀ ਨੇ ਤੇਜ਼ੀ ਨਾਲ ਮੋਮਬੱਤੀ ਚੁੱਕ ਕੇ ਪਰ੍ਹੇ ਸੁੱਟ ਦਿੱਤੀ ਤੇ ਕਿਹਾ - ਪਾਗਲ। ਕਮਰੇ ਵਿਚ ਹਨੇਰਾ ਪਸਰ ਗਿਆ। - ਦਫ਼ਾ ਹੋ ਜਾਹ। ਮੁੜ ਕੇ ਇਸ ਘਰ ਵਿਚ ਕਦਮ ਨਾ ਰੱਖੀਂ। ਸਮਝਿਆ ?

ਵਾਨ ਬਾਹਰ ਸੜਕ 'ਤੇ ਆ ਗਿਆ। ਖੰਭੇ ਉਪਰ ਜਗਦੇ ਦੀਵੇ ਦੀ ਰੌਸ਼ਨੀ ਵਿਚ ਦੇਖਿਆ, ਹੱਥ ਦੇ ਪਿਛਲੇ ਪਾਸੇ ਟੋਆ ਪੈ ਗਿਆ ਸੀ। ਜਿੰਨਾ ਸਮਾਂ ਮੋਮਬੱਤੀ ਦੀ ਲਾਟ ਉਪਰ ਹੱਥ ਰੱਖਿਆ, ਕੇ, ਉੱਨਾ ਸਮਾਂ ਵੀ ਗੱਲ ਕਰਨ ਲਈ ਤਿਆਰ ਨਹੀਂ! ਕਮਾਲ! ਸਾਰੇ ਜਹਾਨ ਵਾਸਤੇ ਮੈਂ ਅਵਾਰਾਗਰਦ ਤੇ ਨਿਕੰਮਾ ਹਾਂ ਬੇਸ਼ਕ ਬਾਰਾਂ ਸਾਲ ਤੋਂ ਨਿਰੰਤਰ ਮਿਹਨਤ ਕਰ ਰਿਹਾਂ। ਕਿਆ ਕਿਸਮਤ ਪਾਈ। ਥੁੱਕ ਦਿੱਤਾ ਪਰ ਮੂੰਹ ਵਿੱਚੋਂ ਕੜਵਾਹਟ ਖ਼ਤਮ ਨਾ ਹੋਈ।

ਮੋਵ ਦੀ ਵਰਕਸ਼ਾਪ ਦੇ ਨਜ਼ਦੀਕ ਚੌਦਾਂ ਫਰਾਂਕ ਮਹੀਨੇ ਦਾ ਚੰਗਾ ਕਮਰਾ ਮਿਲ ਗਿਆ। ਨਿੱਕ- ਸੁੱਕ ਖ਼ਰੀਦ ਲਿਆਂਦਾ ਤੇ ਪੈਸੇ ਮੁੱਕ ਗਏ। ਇਕ ਤਰੀਕ ਨੇੜੇ ਹੈ, ਥੀਓ ਪੰਜਾਹ ਫਰਾਂਕ ਭੇਜੇਗਾ ਤਾਂ ਮੰਜੀ ਖ਼ਰੀਦਾਂਗਾ, ਹਾਲੇ ਹੇਠਾਂ ਸੌਣਾ ਠੀਕ ਹੈ। ਮੋਵ ਨੂੰ ਮਿਲਿਆ ਤਾਂ ਉਸਨੇ ਕਿਹਾ - ਠੀਕ ਫਿਰ ਆ ਈ ਗਿਆ ਤੂੰ ਪੇਂਟਰ ਬਣਨ। ਠੀਕ ਹੈ, ਜੋ ਸਿਖਾ ਸਕਿਆ ਸਿਖਾਵਾਂਗਾ। ਰਹਿਣ ਦਾ ਹੋ ਗਿਐ ਬੰਦੋਬਸਤ ? ਵਾਨ ਨੇ ਹਾਂ ਵਿਚ ਸਿਰ ਹਿਲਾਇਆ। ਹੁਣ ਕਿੰਨੇ ਪੈਸੇ ਨੇ ਤੇਰੇ ਕੋਲ ? - ਵਾਨ ਨੇ ਕਿਹਾ, ਖ਼ਤਮ ਹੋ ਗਏ। ਮੋਵ ਨੇ ਸੌ ਦਾ ਨੋਟ ਫੜਾਉਂਦਿਆਂ ਕਿਹਾ - ਇਸ ਨੂੰ ਉਧਾਰ ਸਮਝ। ਜਦੋਂ ਹੋਣਗੇ ਦੇ ਦੇਈਂ।

- ਮੇਰਾ ਦਿਲ ਪੈਸੇ ਲੈਣ ਨੂੰ ਨਹੀਂ ਕਰਦਾ ਭਰਾ, ਤੂੰ ਮੇਰੀ ਟ੍ਰੇਨਿੰਗ ਮਨਜ਼ੂਰ ਕਰ ਲਈ ਇਹੀ ਬਹੁਤ ਹੈ।

- ਨਹੀਂ ਵਾਨ। ਬੰਦੇ ਦੇ ਜੀਵਨ ਵਿਚ ਉਤਰਾਅ-ਚੜ੍ਹਾਅ ਆਇਆ ਕਰਦੇ ਨੇ। ਇਕ ਦਿਨ ਤੇਰੇ ਵਾਸਤੇ ਸਭ ਕੁਝ ਖ਼ਰੀਦਣਾ ਆਸਾਨ ਹੋ ਜਾਏਗਾ। ਹੁਣ ਪੈਨਸਿਲ ਸਕੈੱਚ ਦਾ ਕੰਮ ਛੱਡ। ਸਕੈੱਚ ਨੀਂ ਵਿਕਦੇ। ਵਾਟਰ ਕੱਲਰ ਤੋਂ ਸ਼ੁਰੂ ਕਰ ਕੇ ਆਇਲ ਕੱਲਰਜ਼ ਤੱਕ ਪਹੁੰਚ। ਅਹੁ ਮੇਰੇ ਰੰਗ, ਬਰੱਸ਼, ਕੈਨਵਸ ਪਈ ਹੈ। ਦਿਖਾ ਜ਼ਰਾ ਕਿਵੇਂ ਕੰਮ ਕਰਦਾ ਹੁੰਨੈ। ਇਥੇ ਆਰਟਿਸਟਾਂ ਦੀ ਇਕ ਯੂਨੀਅਨ ਹੈ, ਤੈਨੂੰ ਉਹਦੀ ਮੈਂਬਰਸ਼ਿਪ ਲੈ ਦਿਆਂਗਾ। ਇਕੱਠੇ ਹੋ ਕੇ ਕੰਮ ਜਲਦੀ ਕਰ ਹੁੰਦੈ।

ਦਬੌਕ ਨਾਲ ਦੋਸਤੀ ਹੋ ਗਈ। ਉਹ ਚੰਗਾ ਕਲਾਕਾਰ ਸੀ ਪਰ ਵਾਨ ਵਾਂਗ ਭਾਵੁਕ

ਨਹੀਂ। ਦਿਲਚਸਪ ਆਦਮੀ। ਤ੍ਰਸਤੀਗ ਰਾਹੀਂ ਇਸ ਦੀਆਂ ਕਿਰਤਾਂ ਵਿਕ ਜਾਂਦੀਆਂ ਸਨ। ਦਬੌਕ ਨੇ ਆਪਣੀਆਂ ਪੇਂਟਿੰਗਜ਼ ਦਿਖਾਈਆਂ, ਵਾਨ ਨੇ ਵਾਹਵਾ ਤਾਂ ਆਖਣਾ ਹੀ ਸੀ ਪਰ ਉਸਨੂੰ ਦਰਮਿਆਨੇ ਦਰਜੇ ਦਾ ਕੰਮ ਲੱਗਿਆ। ਆਖ਼ਰ ਵਾਨ ਨੇ ਹੌਸਲਾ ਕਰ ਕੇ ਆਖ ਹੀ ਦਿੱਤਾ - ਤੁਹਾਡੇ ਚਿੱਤਰਾਂ ਵਿਚਲੇ ਜਿਸਮਾਂ ਦਾ ਅਨੁਪਾਤ ਸਹੀ ਨਹੀਂ। ਦਬੌਕ ਨੇ ਕਿਹਾ - ਹਾਂ ਤੂੰ ਠੀਕ ਹੈਂ, ਇਸੇ ਕਰਕੇ ਮੈਂ ਕੁਦਰਤ ਦੇ ਨਜ਼ਾਰੇ ਵਧੀਕ ਚਿੱਤਰਦਾ ਹਾਂ। ਵਾਨ ਨੇ ਕਿਹਾ - ਤੂੰ ਮਿੱਤਰ ਹੈਂ, ਮੇਰੀ ਗੱਲ ਦਾ ਬੁਰਾ ਨਾ ਮਨਾਈਂ, ਤੇਰਾ ਰੁਤਬਾ ਮੇਰੇ ਤੋਂ ਉੱਚਾ ਹੈ ਕਿਉਂਕਿ ਲੋਕ ਤੇਰੇ ਚਿੱਤਰ ਖ਼ਰੀਦ ਰਹੇ ਨੇ। ਤੇਰੀਆਂ ਸੀਨਰੀਆਂ ਵਿਚ ਵੀ ਜਾਨ ਨਹੀਂ, ਜਜ਼ਬਾ ਨਹੀਂ।

- ਕਿਸ ਕਿਸਮ ਦਾ ਜਜ਼ਬਾ ਵਾਨ ?

- ਜਿਸ ਤਰ੍ਹਾਂ ਦੀ ਭਾਵਨਾ ਦ੍ਰਿਸ਼ ਦੇਖਣ ਵੇਲੇ ਦਰਸ਼ਕ ਦੀ ਹੁੰਦੀ ਹੈ, ਉਹ ਇਸ ਵਿਚ ਹੋਣੀ ਚਾਹੀਦੀ ਹੈ।

- ਪਰ ਮੇਰੇ ਦਿਲ ਵਿਚ ਦ੍ਰਿਸ਼ ਦੇਖਣ ਵੇਲੇ ਜਦੋਂ ਕੋਈ ਭਾਵਨਾ ਹੁੰਦੀ ਹੀ ਨਹੀਂ, ਫੇਰ ਇਸ ਨੂੰ ਕੈਨਵਸ ਉਪਰ ਕਿਵੇਂ ਉਤਾਰਾਂ ?

ਇਕ ਦਿਨ ਵਾਨ ਦੇ ਕਮਰੇ ਵਿਚ ਮੋਵ ਮਿਲਣ ਆ ਗਿਆ ਤਾਂ ਉਸ ਨੂੰ ਚਾਅ ਚੜ੍ਹ ਗਿਆ। ਵਾਟਰ ਕੱਲਰ ਬਾਰੇ ਬੜਾ ਕੁਝ ਦੱਸਿਆ ਜਿਸ ਦਾ ਵਾਨ ਨੂੰ ਪਤਾ ਨਹੀਂ ਸੀ। ਮੋਵ ਨੇ ਕਿਹਾ - ਘੱਟੋ ਘੱਟ ਦਸ ਕੈਨਵਸਾਂ ਖ਼ਰਾਬ ਕਰਨ ਪਿੱਛੋਂ ਤੇਰਾ ਬੁਰੱਸ਼ ਸਹੀ ਚੱਲਣ ਲੱਗੇਗਾ। ਦਿਖਾ ਜ਼ਰਾ ਕੀ ਬਣਾਉਂਦਾ ਰਿਹਾਂ, ਵਾਨ ਨੇ ਪੇਂਟਿੰਗਜ਼ ਦਿਖਾਈਆਂ। ਮੋਵ ਨੇ ਇਹ ਨਹੀਂ ਕਿਹਾ ਕਿ ਗ਼ਲਤ ਨੇ, ਸਗੋਂ ਦੱਸਿਆ - ਇਸ ਨੂੰ ਇਸ ਤਰ੍ਹਾਂ ਬਣਾ ਕੇ ਦੇਖ, ਇਹ ਪਾਸਾ ਜ਼ਰਾ ਇਉਂ ਦਿਖਾ। ਜਿਹੜਾ ਸਮਾਂ ਤੂੰ ਪੈਨਸਿਲ ਸਕੈੱਚ ਬਣਾਉਣ ਉਪਰ ਲਾਇਆ, ਉਹ ਜ਼ਾਇਆ ਨਹੀਂ ਹੋਇਆ, ਹੁਣ ਤੇਰੇ ਰੰਗਾਂ ਵਿਚ ਸਹਾਈ ਹੋਵੇਗਾ। ਤੇਰੇ ਵਿਚਲਾ ਗੁਣ ਮੈਂ ਦੇਖ ਲਿਐ, ਤੇਰੇ ਚਿੱਤਰ ਵਿਕਣਗੇ।

ਇਕ ਤਰੀਕ ਲੰਘਿਆਂ ਕਈ ਦਿਨ ਹੋ ਗਏ, ਥੀਓ ਦੇ ਪੈਸੇ ਨਾ ਆਏ, ਤਿੰਨ ਦਿਨ ਭੁੱਖਾ ਰਿਹਾ। ਕਦੀ ਭੁੱਖ ਉਸ ਮਗਰੋਂ ਲੱਥੇਗੀ ਕਿ ਨਹੀਂ ? ਤ੍ਰਸਤੀਗ ਆਇਆ, ਪੱਚੀ ਕਰਾਊਨ ਦੇ ਗਿਆ ਤੇ ਕਿਹਾ - ਫ਼ਿਕਰ ਨਾ ਕਰੀਂ ਵਾਨ - ਮੈਂ ਤੇਰੀਆਂ ਕਿਰਤਾਂ ਖ਼ਰੀਦਾਂਗਾ। ਇਹ ਦਾਨੀ ਆਦਮੀ ਸਿਖਾਂਦਰੂਆਂ ਦੀ ਹੌਸਲਾ ਅਫ਼ਜ਼ਾਈ ਕਰਨ ਵਾਸਤੇ ਮਾੜੀਆਂ ਪੇਂਟਿੰਗਜ਼ ਵੀ ਖ਼ਰੀਦ ਲੈਂਦਾ, ਆਪ ਠੀਕ-ਠੂਕ ਕਰ ਕੇ ਘਾਟਾ ਪੂਰਾ ਕਰ ਲੈਂਦਾ। ਤੁਰਤ ਰੋਟੀ ਖਾਣ ਵਾਸਤੇ ਵਾਨ ਬਾਹਰ ਨਿਕਲਿਆ। ਪੇਟ ਭਰ ਖਾਣਾ ਖਾਣ ਪਿੱਛੋਂ ਬੁਖ਼ਾਰ ਅਤੇ ਥਕਾਨ ਦੋਵੇਂ ਹਟ ਗਏ ਪਰ ਨਵਾਂ ਰੱਫੜ ਛਿੜ ਪਿਆ। ਹੁਣ ਕੇ ਯਾਦ ਆਉਣ ਲੱਗੀ।

- ਇਹਦੇ ਨਾਲੋਂ ਤਾਂ ਭੁੱਖਾ ਮਰਨਾ ਠੀਕ ਸੀ। ਭੁੱਖ ਬਰਦਾਸ਼ਤ ਹੋ ਜਾਂਦੀ ਹੈ, ਇਹ ਯਾਦ ਬੁਰੀ ਹੈ। ਕਮਰੇ ਵਿਚ ਆ ਗਿਆ। ਬਾਹਰ ਬਰਫ਼ ਪੈ ਰਹੀ ਸੀ ਪਰ ਉਸਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਸਨ। ਉਸਨੇ ਤਾਕੀ ਖੋਲ੍ਹ ਕੇ ਸਿਰ ਬਾਹਰ ਕੀਤਾ ਤਾਂ ਕੁਝ ਠੰਢ ਪਈ।

ਇਕ ਦਿਨ ਤਸਵੀਰਾਂ ਦਾ ਵੱਡਾ ਵਪਾਰੀ ਉਸਦਾ ਅਮੀਰ ਚਾਚਾ ਕਾਰਨੀਲੀਅਸ ਉਸਦੇ ਕਮਰੇ ਵਿਚ ਆ ਗਿਆ, ਹਾਲ-ਚਾਲ ਪੁੱਛਿਆ ਦੱਸਿਆ। ਚਾਚੇ ਨੇ ਕਿਹਾ - ਥੀਓ ਕਮਾਊ ਮੁੰਡਾ ਹੈ। ਤੈਨੂੰ ਵੀ ਹੁਣ ਰੋਟੀ ਜੋਗਾ ਹੋ ਜਾਣਾ ਚਾਹੀਦੈ। ਵਾਨ ਨੇ ਕਿਹਾ - ਰੋਟੀ ਜੋਗਾ ? ਰੋਟੀ ਜੋਗਾ ਤਾਂ ਹਾਂ ਮੈਂ। ਇਹ ਮੇਰਾ ਕੀ ਕਸੂਰ ਜੇ ਮੈਨੂੰ ਰੋਟੀ ਨਹੀਂ ਮਿਲਦੀ ?

ਮੈਂ ਏਨੀ ਮਿਹਨਤ ਕਰਦਾ ਹਾਂ ਕਿ ਰੋਟੀ ਦਾ ਹੱਕਦਾਰ ਹਾਂ। ਮੇਰਾ ਹੱਕ ਮੈਨੂੰ ਅਜੇ ਨਹੀਂ ਮਿਲਿਆ ਤਾਂ ਕੀ ਹੋਇਆ, ਮਿਲ ਜਾਏਗਾ। ਚਾਚੇ ਨੇ ਕਿਹਾ - ਕੀ ਬਣਾਉਂਦਾ ਹੁੰਨੈ ਦਿਖਾ। ਵਾਨ ਨੇ ਸ਼ਹਿਰੀ ਇਮਾਰਤਾਂ ਦੀਆਂ ਛੋਟੇ ਆਕਾਰ ਦੀਆਂ ਪੇਂਟਿੰਗਜ਼ ਦਿਖਾਈਆਂ। ਚਾਚਾ ਖ਼ੁਸ਼ ਹੋਇਆ। ਇਕ ਤਸਵੀਰ ਵੱਲ ਇਸ਼ਾਰਾ ਕਰ ਕੇ ਕਿਹਾ - ਇਸ ਦੀਆਂ ਬਾਰਾਂ ਕਾਪੀਆਂ ਬਣਾ ਦੇਹ। ਕੀ ਲਏਂਗਾ ? ਵਾਨ ਨੇ ਹਿਸਾਬ ਲਾ ਕੇ ਕਿਹਾ - ਢਾਈ ਕ੍ਰਾਊਨ ਤੋਂ ਘੱਟ ਪ੍ਰਤੀ ਕਾਪੀ ਤਾਂ ਨਹੀਂ ਹੋਣੀ। ਚਾਚਾ ਹੱਸ ਪਿਆ - ਪੰਜ ਪੰਜ ਕ੍ਰਾਊਨ ਦਿਆਂਗਾ ਮੁੰਡਿਆ। ਵਧੀਆ ਕੰਮ ਕਰ। ਪਹਿਲੀ ਵਾਰ ਉਸਨੂੰ ਅਜਿਹਾ ਆਰਡਰ ਮਿਲਿਆ, ਬਹੁਤ ਖ਼ੁਸ਼ ਹੋਇਆ।

ਹਫ਼ਤੇ ਕੁ ਬਾਦ ਮੌਵ ਦੇ ਘਰ ਗਿਆ। ਉਹ ਕੋਈ ਚਿੱਤਰ ਬਣਾ ਰਿਹਾ ਸੀ, ਵਾਨ ਨੂੰ ਦੇਖਣ ਸਾਰ ਉਸਨੇ ਆਪਣਾ ਚਿੱਤਰ ਕੱਪੜੇ ਨਾਲ ਢਕ ਦਿੱਤਾ ਤੇ ਕਿਹਾ - ਮੈਂ ਤਿੰਨ ਰਾਤਾਂ ਤੋਂ ਸੁੱਤਾ ਨਹੀਂ ਵਾਨ। ਵਾਨ ਨੇ ਉਸਦੀਆਂ ਲਾਲ ਅੱਖਾਂ ਦੇਖ ਕੇ ਸਮਝ ਲਿਆ ਸੀ ਉਹ ਥੱਕਿਆ ਹੋਇਐ। ਵਾਨ ਨੇ ਕਿਹਾ - ਚੰਗਾ ਚੱਲਦਾਂ, ਫਿਰ ਆਵਾਂਗਾ। ਮੌਵ ਨੇ ਜਿਵੇਂ ਗੱਲ ਸੁਣੀ ਹੀ ਨਹੀਂ। ਇਕ ਦਿਨ ਫਿਰ ਗਿਆ - ਇਸ ਦਿਨ ਠੀਕ ਤਰੀਕੇ ਮਿਲਿਆ ਤੇ ਕਿਹਾ - ਲਿਆ ਦਿਖਾ ਕੀ ਬਣਾਇਐ। ਵਾਨ ਨੇ ਪੇਂਟਿੰਗਜ਼ ਦਿਖਾਈਆਂ, ਮੌਵ ਨੇ ਹਉਕਾ ਲੈਂਦਿਆਂ ਕਿਹਾ - ਤੂੰ ਕੁਝ ਨਹੀਂ ਸਿੱਖ ਸਕਿਆ ਵਾਨ। ਤੈਨੂੰ ਇਹ ਕੰਮ ਛੱਡ ਦੇਣਾ ਚਾਹੀਦੈ। ਆਪਣੀ ਸ਼ਕਲ ਦੇਖੀ ਹੈ ਤੂੰ ਕਿਹੋ ਜਿਹੀ ਬਣਾ ਰੱਖੀ ਹੈ ? ਵਾਨ ਨੇ ਕਿਹਾ - ਜੇ ਲੰਦਨ ਦੀਆਂ ਬਾਰਸ਼ਾਂ ਝੱਲੀਆਂ ਹੁੰਦੀਆਂ, ਮਜ਼ਦੂਰਾਂ ਦੀਆਂ ਬਸਤੀਆਂ ਵਿਚ ਭੁੱਖ ਦੇਖੀ ਹੁੰਦੀ, ਤੇਰੀ ਸ਼ਕਲ ਇਸ ਤਰ੍ਹਾਂ ਦੀ ਹੋ ਜਾਣੀ ਸੀ। ਮੌਵ ਨੇ ਕਿਹਾ - ਅਹੁ ਪਈ ਹੈ ਕੈਨਵਸ, ਨਵੇਂ ਸਿਰੇ ਤੋਂ ਸ਼ੁਰੂ ਕਰ। ਇਹ ਕਹਿ ਕੇ ਉਹ ਸੌਂ ਗਿਆ। ਵਾਨ ਸਾਰੀ ਰਾਤ ਜਾਗਦਾ ਰਿਹਾ ਤੇ ਸੱਤ ਚਿੱਤਰ ਬਣਾਏ। ਮੌਵ ਨੇ ਸਵੇਰੇ ਉੱਠ ਕੇ ਦੇਖੇ ਤਾਂ ਟੁਕੜੇ ਟੁਕੜੇ ਕਰ ਕੇ ਕਿਹਾ - ਤੈਨੂੰ ਊੜਾ ਆੜਾ ਨੀ ਆਉਂਦਾ।

ਵੀਨ ਬਰੁਕ ਨੇ ਪੁੱਛਿਆ - ਤੂੰ ਮਾੜਾ ਲਿਬਾਸ ਪਹਿਨਦੈਂ, ਮਾੜੇ ਲੋਕਾਂ ਦੇ ਚਿਹਰੇ ਉਲੀਕਦੈਂ, ਤੈਨੂੰ ਚੰਗਾ ਦਿਖਾਈ ਨੀ ਦਿੰਦਾ ?

- ਮਾੜਾ ਲਿਬਾਸ ਪਹਿਨਾਂਗਾ ਕਿਉਂਕਿ ਪੈਸੇ ਨਹੀਂ। ਇਸ ਦਾ ਫ਼ਾਇਦਾ ਹੈ, ਆਮ ਲੋਕਾਂ ਨੂੰ ਮਾਡਲ ਬਣਾਉਂਦਾ ਹਾਂ ਤਾਂ ਉਹ ਸੰਗਦੇ ਨਹੀਂ। ਮੈਂ ਵੀ ਉਨ੍ਹਾਂ ਵਰਗਾ ਈ ਨਾ। ਰਹੀ ਗੱਲ ਮੇਰੀ ਸ਼ੈਲੀ ਦੀ। ਮੈਨੂੰ ਦੁਖ ਅਨੰਤ ਲਗਦੈ। ਮੌਵ ਨੇ ਜਦੋਂ ਮੇਰੇ ਚਿੱਤਰ ਟੁਕੜੇ ਟੁਕੜੇ ਕਰਕੇ ਖਿਲਾਰ ਦਿੱਤੇ ਮੈਨੂੰ ਦੁਖ ਨਹੀਂ ਹੋਇਆ ਕਿਉਂਕਿ ਇਸ ਤੋਂ ਪਹਿਲਾਂ ਕੈਨਵਸ ਉਪਰ ਬਣਾਈ ਉਸ ਦੀ ਰਚਨਾ ਦੇਖ ਕੇ ਮੈਂ ਵਿਸਮਾਦਿਤ ਹੋ ਗਿਆ ਸਾਂ। ਰੇਹੜਾ ਮੱਛੀਆਂ ਨਾਲ ਭਰ ਗਿਆ, ਮਛੇਰਾ ਘੋੜੇ ਜੋੜ ਰਿਹਾ ਹੈ। ਘੋੜੇ ਉਮਰ ਭਰ ਭਾਰ ਢੋਹ ਢੋਹ ਥੱਕੇ ਹੋਏ, ਉਦਾਸ, ਨੀਵੀਆਂ ਪਾਈ ਰੇਹੜੇ ਅੱਗੇ ਜੁੜਨ ਲਈ ਤਿਆਰ ਹਨ। ਪਤਾ ਨਹੀਂ ਕਿਹੜਾ ਘੋੜਾ ਕਿਥੇ ਡਿੱਗ ਕੇ ਮਰ ਜਾਵੇ ਤੇ ਮੋਚੀ ਖੱਲ੍ਹ ਉਤਾਰਨ ਲੱਗ ਪਵੇ। ਤਾਂ ਕੀ ? ਘੋੜੇ ਤਿਆਰ ਹਨ। ਭਾਰ ਢੋਣ ਲਈ। ਖੱਲਾਂ ਉਤਰਵਾਉਣ ਲਈ, ਤਿਆਰ-ਬਰ-ਤਿਆਰ। ਇਸ ਨੂੰ ਮੈਂ ਉਹਦਾ ਸ਼ਾਹਕਾਰ ਮੰਨਦਾਂ। ਵੱਡਾ ਬੰਦੈ ਉਹ। ਹਫ਼ਤਾ ਲੱਗ ਗਿਆ ਸੀ ਇਹ ਪੇਂਟਿੰਗ ਬਣਾਉਂਦਿਆਂ ਤੇ ਉਹ ਨੀਮ ਪਾਗਲ ਹੋ ਗਿਆ ਸੀ।

ਵੀਨ ਨੇ ਕਿਹਾ - ਗ਼ਰੀਬੀ ਤਬਾਹਕੁੰਨ ਹੁੰਦੀ ਹੈ। ਕਮਜ਼ੋਰ ਵਾਸਤੇ ਇਹ ਭਿਆਨਕ ਹੈ। ਤਾਕਤਵਰ ਬੰਦਾ ਬਚੇਗਾ ਤੇ ਬਚਾਏਗਾ। ਜਿਹੜੇ ਗ਼ਰੀਬੀ ਹੱਥੋਂ ਮਿਟ ਗਏ, ਮਿਟਣੇ

ਚਾਹੀਦੇ ਸਨ। ਦੁਖ, ਭੁੱਖ ਜਿਸ ਨੂੰ ਮਾਰ ਦਏ, ਉਹ ਕਾਹਦਾ ਮਰਦ। ਜਦੋਂ ਤਕ ਬੰਦਾ ਦਿਲ ਦੀ ਗੱਲ ਪੂਰੀ ਨਹੀਂ ਕਰਦਾ, ਨਾ ਰੱਬ ਮਾਰ ਸਕਦਾ ਹੈ ਨਾ ਸ਼ੈਤਾਨ। ਪਰ ਕੋਈ ਗੱਲ ਹੋਵੇ ਤਾਂ ਕਰਨ ਵਾਲੀ।

ਵਾਨ ਨੇ ਕਿਹਾ - ਮੁੱਦਤ ਤੋਂ ਮੈਂ ਭੁੱਖਮਰੀ ਦਾ ਸ਼ਿਕਾਰ ਹਾਂ। ਬਾਰਸ਼ ਹੋਏ ਜਾਂ ਬਰਫ਼, ਸਿਰ ਉਪਰ ਛੱਤ ਨਹੀਂ। ਦੁਖ ਨੇ ਮੈਨੂੰ ਅਜੇ ਕੋਈ ਸਬਕ ਨਹੀਂ ਸਿਖਾਇਆ ਵੀਨ।

ਵੀਨ ਨੇ ਕਿਹਾ - ਤੈਨੂੰ ਪਤਾ ਈ ਨੀ ਦੁਖ ਕੀ ਹੁੰਦੈ, ਤੂੰ ਦੁਖ ਨੂੰ ਛੁਹਿਆ ਤੱਕ ਨਹੀਂ। ਦੁਖ ਅਨੰਤ ਹੈ ਵਾਨ, ਕੇਵਲ ਦੁਖ ਅਨੰਤ ਹੈ ਹੋਰ ਕੁਝ ਨਹੀਂ। ਬਰੱਸ਼ ਚੁੱਕ, ਚਿਤਰ ਵਾਹ, ਰੱਦ ਹੋਈ ਚੱਲ। ਇਕ ਦਿਨ ਆਏਗਾ ਜਦੋਂ ਸੰਸਾਰ ਕੇਵਲ ਵਾਨ ਗਾਗ ਨੂੰ ਦੇਖੇਗਾ, ਬਾਕੀ ਸਭ ਕੁਝ ਲੋਪ ਹੋ ਜਾਏਗਾ। ਪਰ ਤੂੰ ਆਰਾਮ ਨਾਲ ਰਹਿੰਨੈ। ਤੂੰ ਗ਼ਰੀਬੀ ਤੇ ਦੁਖ ਕਦ ਦੇਖਿਆ ? ਫੇਰ ਵੀ ਦੁੱਖਾਂ ਵਿੱਚੋਂ ਲੰਘਣ ਤੋਂ ਬਿਨਾਂ ਦੁਖ ਦੇ ਸੁਭਾਅ ਦਾ ਪਤੈ। ਜੇ ਪਤੈ ਤਾਂ ਹੀ ਇਹ ਮੇਰੀਆਂ ਕਿਰਤਾਂ ਵਿਚ ਉਤਰਿਆ। ਦਬੌਂਕ ਵਰਗੇ ਚਿੱਤਰ ਬਣਾਉਂਦਾ ਬਣਾਉਂਦਾ ਜੇ ਮੈਂ ਕਰੋੜਪਤੀ ਹੋ ਜਾਂਦਾ, ਮੈਂ ਚਿੱਤਰਾਂ ਅਤੇ ਪੈਸਿਆਂ ਦੋਵਾਂ ਨੂੰ ਅੱਗ ਲਾ ਕੇ ਤੇਰੇ ਵਰਗੀ ਜ਼ਿੰਦਗੀ ਵਿਚ ਆ ਜਾਣਾ ਸੀ। ਰੋਟੀ ਨਾਲ ਰੱਜ ਕੇ ਵੀ ਮੈਨੂੰ ਭੁੱਖ ਦਾ ਪਤਾ ਹੈ ਇਸ ਕਰਕੇ ਮੈਨੂੰ ਭੁੱਖਾ ਮਰਨ ਦੀ ਲੋੜ ਨੀ। ਤੈਨੂੰ ਅਜੇ ਹੋਰ ਦੁਖ ਦੇਖਣਾ ਪਵੇਗਾ। ਕੰਮ ਕਰ।

ਉਸ ਨੂੰ ਡਰ ਲੱਗਦਾ ਅਸਫਲਤਾਈਆਂ ਕਾਰਨ ਭਰਾ ਥੀਓ ਜੇ ਸੌ ਕਰਾਊਨ ਭੇਜਣੇ ਬੰਦ ਕਰ ਦਏ - ਫਿਰ ਉਹ ਕੀ ਕਰੇਗਾ ? ਥੀਓ ਦੀ ਚਿੱਠੀ ਆਈ, ਲਿਖਿਆ - ਮੇਰੀ ਪਰਮੋਸ਼ਨ ਹੋ ਗਈ ਹੈ, ਤਨਖ਼ਾਹ ਵਧ ਗਈ ਹੈ, ਸੋ ਅੱਗੇ ਤੋਂ ਡੇਢ ਸੌ ਭੇਜਿਆ ਕਰਾਂਗਾ। ਹੇਗ ਵਿਚ ਉਸਨੂੰ ਮਿਲਣ ਆਇਆ, ਚਿੱਤਰ ਦੇਖ ਕੇ ਕਿਹਾ - ਹੁਣ ਆਇਲ ਪੇਂਟਿੰਗ ਸ਼ੁਰੂ ਕਰ।

- ਪਰ ਰੰਗ ਮਹਿੰਗੇ ਬਹੁਤ ਨੇ, ਵਾਨ ਨੇ ਕਿਹਾ - ਸੋਨੇ ਦੇ ਭਾਅ ਦੇ। ਥੀਓ ਬਹੁਤ ਸਾਰੀਆਂ ਟਿਊਬਾਂ ਅਤੇ ਬਰੱਸ਼ ਖ਼ਰੀਦ ਕੇ ਦੇ ਗਿਆ। ਪਿਤਾ ਦਾ ਖ਼ਤ ਆਇਆ - ਕੁਝ ਦਿਨਾਂ ਲਈ ਪਿੰਡ ਆ ਜਾਹ।

ਪਿਤਾ ਦੀ ਬਦਲੀ ਨੂਨੀ ਪਿੰਡ ਦੇ ਚਰਚ ਵਿਚ ਹੋ ਗਈ ਸੀ, ਘਰ ਦੁਆਲੇ ਨਿੱਕੀ ਜਿਹੀ ਬਗ਼ੀਚੀ ਸੀ। ਵਧੀਕ ਗਿਣਤੀ ਜੁਲਾਹਿਆਂ ਅਤੇ ਕਿਸਾਨਾਂ ਦੀ। ਰੱਬ ਤੋਂ ਡਰਨ ਵਾਲੇ ਗ਼ਰੀਬ ਲੋਕਾਂ ਦੀ ਬਸਤੀ ਪਿਤਾ-ਪੁਰਖੀ ਪਰੰਪਰਾਵਾਂ ਪੁਗਾਈ ਜਾ ਰਹੀ ਸੀ। ਗਿਰਜੇ ਵੱਲ ਸੁਨਹਿਰੀ ਕਿਰਨਾਂ ਦੇ ਰੰਗ ਸੁੱਟ ਕੇ ਸੂਰਜ ਵਿਦਾ ਹੋਣ ਲੱਗਾ ਤਾਂ ਵਾਨ ਨੇ ਗਹੁ ਨਾਲ ਵਿਭਿੰਨ ਪਰਛਾਵਿਆਂ ਦੀ ਸ਼ਨਾਖ਼ਤ ਕੀਤੀ। ਕੁਝ ਦਿਨ ਕੇਵਲ ਖਾਧਾ, ਪੀਤਾ, ਸੁੱਤਾ, ਆਰਾਮ ਕੀਤਾ। ਸਾਰਿਆਂ ਦਾ ਆਪਸ ਵਿਚ ਬਿਨਾਂ ਗੱਲ ਕੀਤਿਆਂ ਇਕ ਰਾਜ਼ੀਨਾਮਾ ਜਿਹਾ ਹੋ ਗਿਆ ਸੀ ਕਿ ਹੁਣ ਲੜਨਾ ਝਗੜਨਾ ਨਹੀਂ, ਜੋ ਮਰਜ਼ੀ ਕੋਈ ਕਰੇ। ਇਕ ਦਿਨ ਪਾਦਰੀ ਪਿਤਾ ਨੇ ਕਿਹਾ - ਮੈਂ ਗੇਟੇ ਦਾ ਫਾਉਸਟ ਪੜ੍ਹਨਾ ਸ਼ੁਰੂ ਕੀਤੈ। ਕਿਉਂਕਿ ਪੂਜਨੀਕ ਫਾਦਰ ਕੋਟ ਨੇ ਅਨੁਵਾਦ ਕੀਤਾ ਹੈ, ਇਸ ਲਈ ਲੱਗਦੈ ਇਸ ਕਿਤਾਬ ਵਿਚ ਲੁੱਚਪੁਣਾ ਨਹੀਂ ਹੋਣਾ। ਵਾਨ ਨੂੰ ਗ਼ੁੱਸਾ ਤਾਂ ਬਥੇਰਾ ਆਇਆ ਪਰ ਪੀ ਗਿਆ। ਉਸਨੇ ਪੇਂਡੂ ਜੀਵਨ ਉਪਰ ਕੰਮ ਕਰਨ ਦਾ ਫ਼ੈਸਲਾ ਕੀਤਾ।

ਇਕ ਦਿਨ ਬੈਠਿਆਂ ਬੈਠਿਆਂ ਪਿਤਾ ਨੂੰ ਪੁੱਛਿਆ - ਤੁਹਾਡੇ ਕੋਲ ਰਹੀ ਜਾਵਾਂ ਪਿਤਾ ਜੀ ? ਕੋਈ ਇਤਰਾਜ਼ ਨਹੀਂ ?

- ਮੈਨੂੰ ਕੀ ਇਤਰਾਜ਼? ਸਗੋਂ ਦੇਖ ਰਿਹਾਂ ਤੇਰੀ ਕਲਾ ਵਿਚ ਨਿਖਾਰ ਆ ਰਿਹੈ।
- ਕਿੰਨਾ ਚਿਰ ਰਹਾਂ?
- ਜਿੰਨਾ ਚਿਰ ਤੇਰੀ ਮਰਜ਼ੀ।
- ਜੇ ਆਪਸ ਵਿਚ ਤਕਰਾਰ ਹੋ ਗਿਆ ਤਾਂ?
- ਆਪਾਂ ਇਕ ਦੂਜੇ ਨੂੰ ਸਮਝਣ ਦਾ ਯਤਨ ਕਰਾਂਗੇ।
- ਘਰ ਵਿਚ ਤਾਂ ਕੰਮ ਨੀ ਕਰ ਸਕਦਾ। ਮੈਨੂੰ ਸਟੂਡੀਓ ਚਾਹੀਦੈ।
- ਉਸ ਕੋਨੇ ਵਿਚ ਉਹ ਚੌਰਸ ਕਮਰੈ। ਕੱਚਾ ਫ਼ਰਸ਼ ਸਲ੍ਹਾਬਿਆ ਹੋਇਐ। ਆਪਾਂ ਅੱਗ ਬਾਲ ਕੇ ਸੁਕਾ ਦਿਆਂਗੇ, ਆਪਣਾ ਸਾਮਾਨ ਫਿੱਟ ਕਰ ਲਈਂ। ਅਹੁ ਬਾਰੀ ਛੋਟੀ ਹੈ, ਤੈਨੂੰ ਵਧੀਕ ਰੌਸ਼ਨੀ ਚਾਹੀਦੀ ਹੈ। ਮੇਰੇ ਕੋਲ ਏਨੇ ਕੁ ਪੈਸੇ ਹੈਗੇ ਕਿ ਮੈਂ ਵੱਡੀ ਕਰਵਾ ਦਿਆਂ।

ਹਰੇਕ ਜੁਲਾਹੇ ਦੇ ਘਰ ਖੱਡੀ ਸੀ, ਹਫ਼ਤੇ ਵਿਚ ਸੱਠ ਗਜ਼ ਕੱਪੜਾ ਬੁਣਿਆਂ ਜਾਂਦਾ, ਹਫ਼ਤੇ ਦੀ ਕਮਾਈ ਚਾਰ ਪੰਜ ਫਰਾਂਕ ਹੋ ਜਾਂਦੀ। ਖਾਣ ਮਜ਼ਦੂਰਾਂ ਨਾਲੋਂ ਇਨ੍ਹਾਂ ਦੀ ਜ਼ਿੰਦਗੀ ਸ਼ਾਂਤ ਸੀ, ਵਾਨ ਛੇਤੀ ਇਨ੍ਹਾਂ ਵਿਚ ਘੁਲ-ਮਿਲ ਗਿਆ। ਇਨ੍ਹਾਂ ਦੀਆਂ ਤਸਵੀਰਾਂ ਬਣਾਉਣ ਜਾਂਦਾ ਤਾਂ ਬੱਚਿਆਂ ਲਈ ਥੋੜ੍ਹੀ ਮਿਠਾਈ ਲੈ ਜਾਂਦਾ ਜਾਂ ਬੁੱਢੇ ਲਈ ਰਤਾ ਤਮਾਕੂ। ਖੇਤ ਦੇਖਦਾ, ਪੱਕੀਆਂ ਫ਼ਸਲਾਂ ਸੋਨ ਰੰਗੀਆਂ ਹੋ ਜਾਂਦੀਆਂ। ਕਿਸਾਨ ਮਰਦ ਔਰਤਾਂ ਦੇ ਜਿਸਮ ਸਖ਼ਤ ਹੁੰਦੇ, ਨੈਣ ਨਕਸ਼ ਸਿੱਧ ਪੱਧਰੇ।

ਖੇਤਾਂ ਵਿਚ ਖਲੋਤਿਆਂ ਪੇਂਟਿੰਗ ਕਰਦਿਆਂ ਉਸਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਸਦਾ ਪਿੱਛਾ ਕਰਦਾ ਹੋਵੇ, ਕੋਈ ਲੁਕ ਛੁਪ ਕੇ ਦੇਖਦਾ ਹੋਵੇ। ਇਕ ਦਿਨ ਕੈਨਵਸ ਦਾ ਸਟੈਂਡ ਟਿਕਾ ਰਿਹਾ ਸੀ ਤਾਂ ਸ਼ੱਕ ਸੱਚ ਵਿਚ ਬਦਲ ਗਿਆ, ਇਕ ਕੁੜੀ ਉਸਨੂੰ ਕੰਮ ਕਰਦੇ ਨੂੰ ਦੇਖ ਰਹੀ ਸੀ, ਜਦੋਂ ਵਾਨ ਦੀ ਨਜ਼ਰ ਉਸ ਉੱਤੇ ਪਈ, ਉਹ ਤੇਜ਼ੀ ਨਾਲ ਆਪਣੇ ਘਰ ਵੱਲ ਚਲੀ ਗਈ, ਘਰ ਵਾਨ ਦੇ ਘਰ ਦੇ ਨੇੜੇ ਹੀ ਸੀ। ਉਸ ਦਰਵਾਜ਼ੇ ਵੱਲ ਇਸ਼ਾਰਾ ਕਰ ਕੇ ਮਾਂ ਨੂੰ ਪੁੱਛਿਆ - ਉਹ ਕਿਨ੍ਹਾਂ ਦਾ ਘਰ ਐ? - ਇਹ ਬੈਂਜਾਮਿਨ ਪਰਿਵਾਰ ਹੈ। - ਕੌਣ ਨੇ ਇਹ? - ਬਹੁਤ ਪਤਾ ਤਾਂ ਮੈਨੂੰ ਵੀ ਨਹੀਂ, ਪੰਜ ਭੈਣਾਂ ਤੇ ਮਾਂ ਰਹਿ ਰਹੇ ਹਨ। ਪਿਤਾ ਦੀ ਦੇਰ ਪਹਿਲਾਂ ਮੌਤ ਹੋ ਗਈ ਸੀ। ਕਿਸੇ ਨਾਲ ਘੁਲਦੇ-ਮਿਲਦੇ ਨਹੀਂ। ਪੈਸਾ ਟਕਾ ਚੰਗੈ ਇਨ੍ਹਾਂ ਕੋਲ।

ਅਗਲੇ ਦਿਨ ਦੁਪਹਿਰ ਤੱਕ ਪੇਂਟ ਕਰਦਾ ਰਿਹਾ। ਉਸਨੇ ਦੇਖਿਆ, ਉਹੀ ਕੁੜੀ ਸਹਿਜੇ ਸਹਿਜੇ ਉਸ ਵੱਲ ਤੁਰੀ ਆ ਰਹੀ ਹੈ, ਜਿਵੇਂ ਹਿਪਨੋਟਾਈਜ਼ਡ ਹੋਏ, ਜਿਵੇਂ ਨੀਂਦ ਵਿਚ ਤੁਰੀ ਆਉਂਦੀ ਹੋਵੇ, ਜਿਵੇਂ ਕੋਈ ਸ਼ਕਤੀ ਉਸਨੂੰ ਧਕਦੀ ਲਿਆ ਰਹੀ ਹੋਵੇ। ਨੇੜੇ ਆਈ ਤਾਂ ਚਿਹਰੇ ਉਪਰ ਡਰ ਦੇ ਨਿਸ਼ਾਨ ਵੀ ਉਭਰੇ। ਵਾਨ ਨੇ ਸੋਚਿਆ - ਕੋਈ ਗੱਲ ਕਰੇਗੀ। ਚੁੱਪ-ਚਾਪ ਏਨੀ ਨੇੜੇ ਆ ਖਲੋਤੀ ਕਿ ਉਸਦਾ ਗਾਊਨ ਵਾਨ ਦੇ ਕੋਟ ਨੂੰ ਛੂਹ ਗਿਆ। ਵਾਨ ਨੇ ਦੇਖਿਆ, ਕੁੜੀ ਨੇ ਖ਼ੁਸ਼ਕ ਬੁੱਲ੍ਹਾਂ ਉਪਰ ਜੀਭ ਫੇਰੀ। ਬੋਲਣਾ ਤਾਂ ਕੀ ਉਹਨੂੰ ਤਾਂ ਜਿਵੇਂ ਸਾਹ ਲੈਣ ਵਿਚ ਵੀ ਔਖ ਹੋ ਰਹੀ ਸੀ।

- ਮੈਂ ਵਾਨ ਗਾਗ ਹਾਂ। ਤੇਰਾ ਕੀ ਨਾਮ ਹੈ?
- ਮਾਰਗੋ ਬੈਂਜਾਮਿਨ। ਏਨਾ ਕੁ ਬੋਲ ਬੋਲਿਆ, ਵਾਨ ਦੀਆਂ ਬਾਹਾਂ ਫੜ ਲਈਆਂ ਤੇ ਬੇਹੋਸ਼ ਹੋ ਕੇ ਜ਼ਮੀਨ 'ਤੇ ਢੇਰੀ ਹੋ ਗਈ। ਵਾਨ ਨੇ ਪਾਣੀ ਦੀ ਬੋਤਲ ਲਿਆਂਦੀ, ਰੂੰ ਨਾਲ ਮੱਥਾ, ਚਿਹਰਾ ਧੋਤਾ, ਕੁੜੀ ਨੇ ਅੱਖਾਂ ਖੋਲ੍ਹੀਆਂ। ਤੀਹ ਕੁ ਸਾਲ ਦੀ ਸੁਹਣੀ ਕੁੜੀ

ਸੀ, ਹੋਸ਼ ਆਉਣ ਪਿੱਛੋਂ ਉੱਠੀ, ਵਾਨ ਨੂੰ ਬਾਹਾਂ ਵਿਚ ਕੱਸ ਲਿਆ ਤੇ ਬੁੱਲ੍ਹਾਂ 'ਤੇ ਬੁੱਲ੍ਹ ਟਿਕਾ ਦਿੱਤੇ, ਜਿਸਮ ਕੰਬਣ ਲੱਗ ਪਿਆ। ਅਗਲੇ ਦਿਨ ਮਿਲਣ ਦਾ ਸਮਾਂ ਅਤੇ ਥਾਂ ਨਿਸਚਿਤ ਕਰਕੇ ਚਲੀ ਗਈ। ਦੂਜੇ ਦਿਨ ਮਿਲੇ ਤਾਂ ਕੁੜੀ ਨੇ ਪੁੱਛਿਆ - ਮੇਰੀ ਕੱਲ੍ਹ ਦੀ ਹਰਕਤ ਬੁਰੀ ਤਾਂ ਨਹੀਂ ਲੱਗੀ ਵਾਨ ? ਸਹੁੰ ਖਾਂਦੀ ਹਾਂ, ਪਹਿਲੀ ਵਾਰ ਕਿਸੇ ਮਰਦ ਨੂੰ ਛੁਹਿਆ ਸੀ ਮੈਂ। ਤੂੰ ਮੈਨੂੰ ਚੰਗਾ ਲੱਗਾ। ਦੱਸ, ਤੂੰ ਮੈਨੂੰ ਬੁਰੀ ਕੁੜੀ ਤਾਂ ਨੀ ਸਮਝਦਾ ?

- ਬਿਲਕੁਲ ਨਹੀਂ।

- ਬੁਰਾ ਨਾ ਸੋਚੀਂ ਵਾਨ, ਮੈਨੂੰ ਤੇਰੇ ਨਾਲ ਪਿਆਰ ਹੋ ਗਿਐ।

- ਪਿਆਰ ਹੋ ਜਾਣਾ ਬੜਾ ਸੌਖਾ ਕੰਮ ਹੈ ਕੁੜੀਏ, ਬਦਲੇ ਵਿਚ ਪਿਆਰ ਮਿਲੇ, ਇਹ ਜ਼ਰੂਰੀ ਨਹੀਂ।

- ਅਸੀਂ ਪੰਜ ਭੈਣਾਂ ਹਾਂ, ਪੈਸੇ ਦੀ ਘਾਟ ਨਹੀਂ, ਪੰਜੇ ਅਭਾਗੀਆਂ ਕੁਆਰੀਆਂ ਹਾਂ। ਵਾਨ ਨੇ ਉਸਨੂੰ ਆਪਣੇ ਪਿਛਲੇ ਜੀਵਨ ਬਾਰੇ ਦੱਸਿਆ, ਦੱਸਿਆ ਕਿ ਉਸਨੇ ਕਿਥੇ ਕਿਥੇ ਕਿੰਨੇ ਗ਼ਲਤ ਕੰਮ ਕੀਤੇ, ਹਾਰਾਂ ਖਾਧੀਆਂ। ਕੁੜੀ ਨੇ ਹੱਸ ਕੇ ਕਿਹਾ - ਰਾਜਾ ਕੋਈ ਗ਼ਲਤੀ ਨਹੀਂ ਕਰਦਾ, ਰਾਜਾ ਹਾਰ ਨਹੀਂ ਮੰਨਦਾ। ਜੋ ਹੋਇਆ ਉਹੀ ਹੋਣਾ ਸੀ। ਮੇਰੀ ਮਾਂ ਨੇ ਇਕ ਦਿਨ ਮੈਨੂੰ ਕਿਹਾ - ਵਾਨ ਭੈੜਾ ਮੁੰਡਾ ਹੈ। ਇਸ ਦੀਆਂ ਆਦਤਾਂ ਠੀਕ ਨਹੀਂ, ਮੈਂ ਉਸਨੂੰ ਕਹਿ ਦਿੱਤਾ - ਵਾਨ ਬਿਲਕੁਲ ਸਹੀ ਹੈ। ਲੋਕ ਚੁਗ਼ਲਖ਼ੋਰ ਨੇ। ਦੋ ਸਾਲ ਤੂੰ ਕਿਸੇ ਭੈੜੀ ਜ਼ਨਾਨੀ ਨਾਲ ਰਿਹਾ, ਇਹ ਸੁਣ ਕੇ ਮੈਨੂੰ ਤੇਰੇ ਵਿੱਚੋਂ ਯਸੂ ਮਸੀਹ ਦਿੱਸਿਆ ਵਾਨ। ਮੇਰੇ ਦਿਲ ਵਿਚ ਇਕ ਗੱਲ ਆਈ ਸੀ ਕੇਵਲ, ਉਹੀ ਦੋ ਸਾਲ ਤੂੰ ਮੇਰੇ ਨਾਲ ਬਿਤਾਏ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ।

ਵਾਨ ਨੇ ਕਿਹਾ - ਮੈਂ ਦੇਖਿਐ, ਬੜੀ ਮਿਹਨਤ ਤੋਂ ਬਾਅਦ, ਬੜੀ ਦੇਰ ਬਾਦ ਕੋਈ ਸਫਲਤਾ ਮਿਲਦੀ ਹੈ।

ਮਾਰਗੋ ਬੋਲੀ - ਹਾਂ, ਏਨੇ ਸਾਲਾਂ ਦੀ ਉਡੀਕ ਬਾਦ ਤੂੰ ਮਿਲਿਆ ਮੈਨੂੰ। ਹੁਣ ਸਾਰੀ ਉਮਰ ਇਕੱਠੇ ਰਹਾਂਗੇ।

ਦੋਵਾਂ ਘਰਾਂ ਵਿਚ ਇਸ ਖ਼ਬਰ ਦਾ ਮਾੜਾ ਅਸਰ ਹੋਇਆ। ਵਾਨ ਦੇ ਮਾਪੇ ਚਿੰਤਤ ਹੋਏ ਕਿ ਰੋਟੀ ਖਾਣ ਜੋਗੇ ਪੈਸੇ ਤਾਂ ਥੀਓ ਦਿੰਦੈ, ਫਿਰ ਇਹ ਵਿਆਹ ਦਾ ਪੰਗਾ ਕਿਉਂ ਲੈ ਰਿਹੈ ? ਕੁੜੀ ਦੀ ਮਾਂ ਦੀ ਦਲੀਲ ਸੀ ਕਿ ਪੰਜਾਂ ਵਿੱਚੋਂ ਇਕ ਦਾ ਵਿਆਹ, ਮਤਲਬ ਬਾਕੀ ਚਾਰਾਂ ਦੀ ਬੇਇਜ਼ਤੀ! ਤਿੰਨ ਦਿਨ ਬਾਦ ਜਦੋਂ ਕੁੜੀ ਆਈ, ਰੋ ਰੋ ਉਸਦੀਆਂ ਅੱਖਾਂ ਸੁੱਜੀਆਂ ਪਈਆਂ ਸਨ। ਕਿਹਾ - ਉਹ ਸਾਰੀਆਂ ਤੈਨੂੰ ਗੁੰਡਾ, ਬਦਮਾਸ਼, ਅਵਾਰਾਗਰਦ ਸਮਝਦੀਆਂ ਹਨ, ਤੈਨੂੰ ਤੇ ਮੈਨੂੰ ਬਹੁਤ ਗਾਲ੍ਹਾਂ ਦਿੱਤੀਆਂ। ਵਾਨ ਨੇ ਕਿਹਾ - ਇਹੋ ਹੋਣਾ ਸੀ। ਸ਼ਾਮੀਂ ਮੈਂ ਆਪ ਆ ਕੇ ਗੱਲ ਕਰਾਂਗਾ।

ਵਾਨ ਨੇ ਘਰ ਦੇ ਅੰਦਰ ਕਦਮ ਰੱਖਿਆ, ਪਤਾ ਨਹੀਂ ਕਿੰਨੇ ਸਾਲ ਬਾਦ ਕੋਈ ਮਰਦ ਇਸ ਜ਼ਨਾਨਖ਼ਾਨੇ ਵਿਚ ਗਿਆ। ਸਾਰੀਆਂ ਨੇ ਉਸ ਦੁਆਲੇ ਝੁਰਮਟ ਪਾ ਲਿਆ। ਮਾਂ ਬੋਲੀ - ਤੇਰੀ ਇਕ ਜ਼ਨਾਨੀ ਹੇਗ ਵਿਚ ਵੀ ਸੀ ? ਵਾਨ ਨੇ ਗੱਲ ਸਮਝਾਈ। ਫਿਰ ਪੁੱਛਿਆ - ਤੇਰੀ ਉਮਰ ? - ਇਕੱਤੀ ਸਾਲ। ਤੈਨੂੰ ਮਾਰਗੋ ਦੀ ਉਮਰ ਦਾ ਪਤੈ ? - ਹਾਂ ਹੁਣ ਚਾਲੀ ਦੀ ਹੋਈ ਐ। - ਤੇਰੀ ਆਮਦਨ ? - ਡੇਢ ਸੌ ਕ੍ਰਾਊਨ। - ਪਰ ਇਹ ਤਾਂ ਤੇਰਾ ਭਰਾ ਤੇਰੀ ਮਦਦ ਕਰਦੈ। - ਨਹੀਂ, ਇਹ ਤਨਖ਼ਾਹ ਹੈ, ਇਹਦੇ ਬਦਲੇ ਮੈਂ ਉਹਨੂੰ ਤਸਵੀਰਾਂ ਬਣਾ ਕੇ ਦਿੰਨਾਂ। - ਪਰ ਇੰਨੇ ਕੁ ਪੈਸਿਆਂ ਨਾਲ ਦੋ ਜਣਿਆਂ ਦਾ ਨਿਰਬਾਹ

ਨਹੀਂ ਹੋ ਸਕਦਾ। ਮਾਰਗੋ ਬੋਲੀ - ਕਰ ਲਵਾਂਗੇ। ਕੁਝ ਪੈਸੇ ਮੇਰੇ ਕੋਲ ਵੀ ਤਾਂ ਹਨ। ਮਾਂ ਚੀਕੀ - ਖ਼ਬਰਦਾਰ ਜੇ ਤੂੰ ਗੁਸਤਾਖ਼ੀ ਕੀਤੀ ਬੋਲਣ ਦੀ - ਜਿਸ ਪੈਸੇ 'ਤੇ ਤੇਰੀ ਨਜ਼ਰ ਹੈ ਮੈਂ ਤੈਨੂੰ ਉਸ ਵਿੱਚੋਂ ਬੇਦਖ਼ਲ ਕਰ ਦਿਆਂਗੀ। ਇਸ ਅਵਾਰਾਗਰਦ ਨਾਲ ਵਿਆਹ ਦਾ ਕੋਈ ਮਤਲਬ ਨਹੀਂ।

ਵਾਨ ਉੱਠ ਕੇ ਸਟੂਡੀਓ ਵਿਚ ਆ ਗਿਆ। ਕਈ ਦਿਨ ਮਾਰਗੋ ਨਹੀਂ ਆਈ। ਉਸ ਉਪਰ ਸਖ਼ਤ ਪਹਿਰਾ ਲੱਗਣ ਲੱਗਾ। ਇਕ ਸ਼ਾਮ ਅੱਖ ਬਚਾ ਕੇ ਆ ਗਈ, ਪਹਿਲੇ ਦਿਨ ਦੀ ਮੁਲਾਕਾਤ ਵਾਲਾ ਸਫ਼ੈਦ ਗਾਊਨ ਪਹਿਨਿਆ ਹੋਇਆ ਸੀ। ਕਿਹਾ - ਮੈਂ ਤੈਨੂੰ ਪਿਆਰ ਕੀਤਾ ਵਾਨ। ਇਕ ਵਾਰ ਫਿਰ ਉਸੇ ਤਰ੍ਹਾਂ ਚੁੰਮ ਜਿਵੇਂ ਪਹਿਲੇ ਦਿਨ ਚੁੰਮਿਆ ਸੀ। ਵਾਨ ਨੇ ਬਾਹਾਂ ਵਿਚ ਵਲ ਲਈ। ਫਿਰ ਪੁੱਛਿਆ - ਕਿੰਨਾ ਕੁ ਕੰਮ ਰਹਿੰਦੈ ਅੱਜ ਬਾਕੀ ? - ਬੱਸ ਪੰਜ ਦਸ ਮਿੰਟ। ਉਹ ਪਿੱਛੇ ਹਟੀ। ਵਾਨ ਬਰੱਸ਼ ਚਲਾਉਣ ਲੱਗਾ। ਉਸਨੂੰ ਸ਼ੀਸ਼ੀ ਦਾ ਢੱਕਣ ਟੁੱਟਣ ਦੀ ਆਵਾਜ਼ ਸੁਣਾਈ ਦਿੱਤੀ। ਪਿੱਛੇ ਮੁੜ ਕੇ ਦੇਖਿਆ, ਮਾਰਗੋ ਨੇ ਜ਼ਹਿਰ ਪੀ ਲਈ ਸੀ। ਚੀਕ ਮਾਰ ਕੇ ਜ਼ਮੀਨ 'ਤੇ ਡਿੱਗ ਪਈ। ਵਾਨ ਨੇ ਰੌਲਾ ਪਾਇਆ, ਕੁੜੀ ਦੀ ਮਾਂ ਦੌੜੀ ਆਈ, ਗਾਲ੍ਹਾਂ ਬਕਦੀ ਰਹੀ - ਤੂੰ ਕਾਤਲ ਐਂ ਮੇਰੀ ਧੀ ਦਾ, ਦੁਸ਼ਟਾ ਤੂੰ। ਗੱਡੀ ਮੰਗਵਾਈ, ਹਸਪਤਾਲ ਲੈ ਗਏ। ਇਕ ਹੋਰ ਇਸ਼ਕ ਦਾ ਭੋਗ ਪੈ ਗਿਆ। ਸਾਰੀ ਬਸਤੀ ਵਾਨ ਨੂੰ ਨਫ਼ਰਤ ਕਰਨ ਲੱਗੀ।

ਥੀਓ ਪਿੰਡ ਮਿਲਣ ਆਇਆ, ਦੱਸਿਆ - ਲੱਗਦੈ ਕੰਪਨੀ ਮੈਨੂੰ ਹੁਣ ਕਿਸੇ ਬ੍ਰਾਂਚ ਦਾ ਮੈਨੇਜਰ ਬਣਾ ਕੇ ਭੇਜ ਦਏਗੀ। ਫੇਰ ਮੇਰੀ ਮਰਜ਼ੀ ਚੱਲੇਗੀ, ਮੈਂ ਇੰਪਰੈਸ਼ਨਿਸਟਾਂ ਦੀਆਂ ਪੇਂਟਿੰਗਜ਼ ਵੇਚਿਆ ਕਰਾਂਗਾ। ਵਾਨ ਨੇ ਪੁੱਛਿਆ - ਇੰਪਰੈਸ਼ਨਿਸਟ ? ਇਹ ਸ਼ਬਦ ਮੈਂ ਪਹਿਲਾਂ ਵੀ ਸੁਣਿਐ ਕਿਤੇ। ਥੀਓ ਨੇ ਕਿਹਾ - ਪੈਰਿਸ ਦੇ ਨਵੇਂ ਕਲਾਕਾਰ ਜਿਵੇਂ ਮਾਨੀ, ਦੇਗਾ, ਰਨਵਾਰ, ਕਲਾਦ, ਮੋਨੇ, ਸਿਸਲੇ, ਕੂਵੀਏ, ਗੋਗੈਂ, ਸਜ਼ਾਨ, ਸਿਊਰੇ। ਵਾਨ ਨੇ ਪੁੱਛਿਆ - ਪ੍ਰਭਾਵਵਾਦੀ, ਇਸ ਨਾਮ ਦਾ ਕੀ ਮਤਲਬ ? ਥੀਓ ਨੇ ਦੱਸਿਆ - 1874 ਵਿਚ ਇਨ੍ਹਾਂ ਨਵੇਂ ਕਲਾਕਾਰਾਂ ਨੇ ਨੁਮਾਇਸ਼ ਲਾਈ। ਮੋਨੇ ਨੇ ਆਪਣੀ ਤਸਵੀਰ ਹੇਠ ਲਿਖਿਆ ਹੋਇਆ ਸੀ - ਪ੍ਰਭਾਵ। ਕਲਾ ਪਾਰਖੂ ਲੂਈ ਲੇਰੀ ਨੇ ਅਖ਼ਬਾਰਾਂ ਵਾਲਿਆਂ ਨੂੰ ਕਿਹਾ - ਇਹ ਪ੍ਰਭਾਵਵਾਦੀਆਂ ਦੀ ਨੁਮਾਇਸ਼ ਹੈ। ਬੱਸ ਇਹੋ ਨਾਮ ਚੱਲ ਨਿਕਲਿਆ।

- ਉਹ ਗੂੜ੍ਹੇ ਰੰਗ ਰੰਗਦੇ ਹਨ ਕਿ ਹਲਕੇ ?

- ਹਲਕੇ। ਉਹ ਕਹਿੰਦੇ ਨੇ ਗੂੜ੍ਹੇ ਰੰਗ ਬੀਤੇ ਦੀ ਗੱਲ ਹੋ ਗਈ ਹੈ।

- ਪਰ ਮੈਂ ਦਿਨੋ-ਦਿਨ ਹਲਕੇ ਤੋਂ ਗੂੜ੍ਹਾ ਹੁੰਦਾ ਜਾਨਾਂ।

- ਜਦੋਂ ਤੂੰ ਪੈਰਿਸ ਆਏਂਗਾ, ਉਨ੍ਹਾਂ ਨੂੰ ਦੇਖ ਕੇ ਤੇਰੇ ਵਿਚ ਬਦਲਾਉ ਆਏਗਾ।

- ਉਨ੍ਹਾਂ ਦੀਆਂ ਕਿਰਤਾਂ ਵਿਕਦੀਆਂ ਹਨ ?

- ਵਿਕਣ ਲੱਗਣਗੀਆਂ। ਮੈਂ ਕਲਾ ਪਾਰਖੂ ਹਾਂ, ਮੈਨੂੰ ਉਨ੍ਹਾਂ ਦੀ ਤਾਕਤ ਦਾ ਪਤੈ।

- ਹੁਣ ਗੁਜ਼ਾਰਾ ਕਿਵੇਂ ਕਰਦੇ ਨੇ ਉਹ ?

- ਤੇਰੇ ਵਾਂਗੂੰ। ਕੋਈ ਕਿਧਰੋਂ ਮੱਦਦ ਲੈਂਦੈ ਕੋਈ ਕਿਧਰੋਂ। ਕਦੀ ਨਾਲ ਨਾਲ ਹੋਰ ਕੰਮ ਕਰਦੇ ਨੇ, ਰੂਸੋ ਵਾਇਲਨ ਸਿਖਾਉਣ ਦੀਆਂ ਕਲਾਸਾਂ ਲਾਉਂਦੈ। ਮੈਂ ਆਪਣੀ ਕੰਪਨੀ ਨੂੰ ਅਜੇ ਮਨਾ ਨਹੀਂ ਸਕਿਆ ਕਿ ਇਕ ਗੈਲਰੀ ਉਨ੍ਹਾਂ ਦੀ ਵੀ ਸਜਾ ਦੇਈਏ। ਕੰਪਨੀ ਤਾਂ ਦਸ ਫੁੱਟੇ ਬਾਂਸ ਨਾਲ ਉਨ੍ਹਾਂ ਨੂੰ ਛੂਹਣ ਲਈ ਤਿਆਰ ਨਹੀਂ। ਤੂੰ ਪੈਰਿਸ ਚੱਲ।

- ਪਰ ਮੈਂ ਅਜੇ ਹੋਰ ਕੰਮ ਕਰਨੈ। ਕੁਝ ਪੇਂਟਿੰਗਜ਼ ਕਰ ਲਵਾਂ ਫੇਰ ਆਊਂਗਾ।

- ਏਥੇ ਪਿੰਡ ਵਿਚ ਬੈਠਾ ਰਹੇਂਗਾ ਤਾਂ ਉਹ ਤੇਰੇ ਤੋਂ ਏਨੇ ਅੱਗੇ ਲੰਘ ਜਾਣਗੇ ਕਿ ਤੂੰ ਰਲ ਨਹੀਂ ਸਕੇਂਗਾ।

ਵਾਨ ਦੀ ਨੇੜਤਾ ਗਰੂਟ ਪਰਿਵਾਰ ਨਾਲ ਹੋ ਗਈ। ਮਾਂ, ਪਿਉ, ਪੁੱਤਰ ਤੇ ਦੋ ਧੀਆਂ ਦਾ ਕਿਸਾਨ ਪਰਿਵਾਰ। ਉਨ੍ਹਾਂ ਦੇ ਰੰਗ ਤਾਂ ਭੂਰੇ ਸਨ ਪਰ ਨੈਣ ਨਕਸ਼ ਮੋਟੇ ਮੋਟੇ, ਨੀਗਰੋਆਂ ਵਰਗੇ। ਖ਼ੁਰਾਕ ਆਲੂ ਹੁੰਦੀ। ਆਲੂ ਬੀਜਦੇ, ਪੁੱਟਦੇ ਤੇ ਭੁੰਨ ਕੇ ਖਾਂਦੇ। ਇਹੀ ਜੀਵਨ ਸੀ। ਕੁੜੀ ਸਟੀਨ ਸਤਾਰਾਂ ਸਾਲ ਦੀ ਸੀ। ਵਾਨ ਉਨ੍ਹਾਂ ਦੇ ਘਰ ਅਕਸਰ ਚਲਾ ਜਾਂਦਾ ਸਟੀਨ ਸਭ ਤੋਂ ਵਧੀਕ ਹੱਸਦੀ। ਜਦੋਂ ਸਟੀਨ ਦੀ ਤਸਵੀਰ ਬਣਾਉਣ ਲੱਗਾ ਤਾਂ ਕਿਹਾ - ਦੇਖਿਆ ? ਕੋਈ ਗੱਲ ਹੈ ਨਾ ਮੇਰੇ ਵਿਚ, ਤਾਂ ਹੀ ਤਸਵੀਰ ਬਣਾਉਣ ਲੱਗਿਐ ਮੇਰੀ। ਵਾਨ ਨੇ ਕਿਹਾ - ਮੈਂ ਸਾਰੇ ਪਰਿਵਾਰ ਦੀ ਤਸਵੀਰ ਵੀ ਬਣਾਵਾਂਗਾ। ਉਸਨੇ ਇਸ ਪਰਿਵਾਰ ਦੀ ਆਲੂ ਖਾਂਦਿਆਂ ਦੀ ਪੇਂਟਿੰਗ ਬਣਾਈ ਜਿਸ ਦਾ ਨਾਮ 'ਪਟੈਟੋ ਈਟਰਜ਼' ਰੱਖਿਆ। ਇਹ ਪੇਂਟਿੰਗ ਬਾਦ ਵਿਚ ਸੰਸਾਰ ਭਰ ਵਿਚ ਪ੍ਰਸਿੱਧ ਹੋਈ, ਪਰ ਵਾਨ ਦੇ ਹੁੰਦਿਆਂ ਨਹੀਂ।

ਇਕ ਦਿਨ ਖੇਤ ਜਾਂਦਿਆਂ ਸਟੀਨ ਨੇ ਪੁੱਛਿਆ - ਉਸ ਕੁੜੀ ਨੇ ਜ਼ਹਿਰ ਕਿਉਂ ਪੀਤਾ ਸੀ। ਵਾਨ ਨੇ ਕਿਹਾ - ਉਹ ਮੈਨੂੰ ਪਿਆਰ ਕਰਦੀ ਸੀ, ਘਰਦਿਆਂ ਨੂੰ ਇਹ ਮਨਜ਼ੂਰ ਨਹੀਂ ਸੀ, ਬੱਸ ਇਸ ਕਰਕੇ। ਉਹ ਖ਼ੂਬ ਹੱਸੀ, ਇਸੇ ਕਰਕੇ ਬੱਸ ? ਤੇਰੇ ਨਾਲ ਭੱਜ ਜਾਂਦੀ ? ਮੈਂ ਤਾਂ ਨਾ ਜ਼ਹਿਰ ਪੀਵਾਂ। ਮੂਰਖ ਸਿਰੇ ਦੀ।

ਇਕ ਦਿਨ ਵਾਨ ਨੂੰ ਫਾਦਰ ਪਾਵੇਲ ਨੇ ਸੱਦਿਆ। - ਹੁਕਮ ਕਰੋ ਫਾਦਰ ? ਪਾਦਰੀ ਨੇ ਕਿਹਾ - ਕੰਮ ਹੈ ਤਾਂ ਔਖਾ, ਪਰ ਮੈਂ ਕਰ ਸਕਦਾਂ। ਸਟੀਨ ਕੈਥੋਲਿਕ ਹੈ, ਤੂੰ ਪ੍ਰੋਟੈਸਟੈਂਟ, ਤਾਂ ਵੀ ਕੋਈ ਰਸਤਾ ਕੱਢਾਂਗਾ। ਵਿਆਹ ਵਾਸਤੇ ਤਿਆਰ ਹੋ ਜਾਹ।

- ਕੀ ਕਿਹਾ ? ਵਿਆਹ ਵਾਸਤੇ ? ਕਿਉਂ ? ਕੀ ਮਤਲਬ ਫਾਦਰ ?

- ਬਹਾਨੇਬਾਜ਼ੀ ਦੀ ਕੀ ਲੋੜ। ਸਟੀਨ ਗਰਭਵਤੀ ਹੋ ਗਈ ਹੈ ਤੇਰੀ ਕਰਤੂਤ ਕਾਰਨ। ਸੋ ਵਿਆਹ ਤਾਂ ਕਰਨਾ ਪਵੇਗਾ ?

- ਇਹ ਮੇਰਾ ਕੰਮ ਨਹੀਂ ਫਾਦਰ। ਤੁਹਾਡੇ ਕੋਲ ਕੋਈ ਸਬੂਤ ਹੈ ? ਕੀ ਸਟੀਨ ਨੇ ਤੁਹਾਨੂੰ ਦੱਸਿਐ ?

- ਨਹੀਂ, ਸਟੀਨ ਕਹਿੰਦੀ ਮੈਂ ਨੀ ਇਸਦੇ ਪਿਤਾ ਦਾ ਨਾਮ ਦੱਸਣਾ।

- ਤਾਂ ਫੇਰ ਇਹ ਮਾਣ ਸਨਮਾਨ ਮੈਨੂੰ ਕਿਉਂ ਦਿੱਤਾ ਜਾ ਰਿਹੈ ?

- ਕੀ ਤੁਸੀਂ ਮਿਲਦੇ ਨਹੀਂ ਰਹੇ ? ਤੇਰੇ ਸਟੂਡੀਓ ਵਿਚ ਜਾਂਦੀ ਨਹੀਂ ਸੀ ਉਹ ?

- ਹਾਂ ਜਾਂਦੀ ਸੀ। ਪਰ ਇਸ ਦਾ ਇਹ ਮਤਲਬ ਨਹੀਂ ਸੀ ਜੋ ਤੁਸੀਂ ਕੱਢ ਲਿਆ।

- ਕੀ ਤੇਰੀ ਗੱਲ ਸੱਚ ਮੰਨ ਲਵਾਂ ?

- ਹਾਂ ਫਾਦਰ ਇਕਦਮ ਸੱਚ।

ਸ਼ਾਮੀਂ ਜਦੋਂ ਖੇਤ ਦਾ ਕੰਮ ਕਰ ਕੇ ਵਾਪਸ ਆਏ ਤਾਂ ਵਾਨ ਨੇ ਕਿਹਾ - ਸਟੀਨ ਇਧਰ ਆ। ਤੇਰੀ ਤਸਵੀਰ ਬਣਾਉਣੀ ਹੈ। ਹੱਸ ਪਈ, ਕ਼ਿਹਾ - ਥੋੜ੍ਹੇ ਸਮੇਂ ਬਾਦ ਇਕ ਜੀਅ ਹੋਰ ਆ ਜਾਏਗਾ, ਉਸਦੀ ਤਸਵੀਰ ਵੀ ਬਣਾਈਂ।

- ਕੀ ਇਹ ਸੱਚ ਹੈ ਸਟੀਨ ?

ਸਟੀਨ ਨੇ ਵਾਨ ਦਾ ਹੱਥ ਆਪਣੇ ਵਧੇ ਪੇਟ ਉਪਰ ਟਿਕਾ ਕੇ ਕਿਹਾ - ਆਪ ਦੇਖ ਲੈ। ਘਬਰਾਏ ਵਾਨ ਨੇ ਕਿਹਾ - ਫਾਦਰ ਪਾਵੇਲ ਨੇ ਮੈਨੂੰ ਦੱਸਿਐ ਇਹ ਮੇਰੈ ? ਹੱਸ ਪਈ - ਮੇਰਾ ਜੀ ਕਰਦਾ ਸੀ ਤੇਰਾ ਹੋਵੇ ਪਰ ਤੂੰ ਧਿਆਨ ਈ ਨੀ ਦਿੱਤਾ ਮੇਰੇ ਵੱਲ। ਅੱਛਾ ਫਾਦਰ ਦਾ ਖ਼ਿਆਲ ਐ ਇਹ ਤੇਰੈ ? ਕਮਾਲ ਐ।

- ਫਿਰ ਇਹ ਕੀਹਦੈ ਸਟੀਨ ?
- ਇਹ ਚਰਚ ਦੇ ਪ੍ਰਬੰਧਕ ਦਾ ਹੈ ਵਾਨ।
- ਤੇਰੇ ਮਾਪਿਆਂ ਨੂੰ ਪਤੈ ?
- ਹਾਂ ਪਤੈ। ਪਰ ਉਨ੍ਹਾਂ ਨੂੰ ਤੇਰੇ ਉਪਰ ਸ਼ੱਕ ਨਹੀਂ।

ਵਾਨ ਹੈਰਾਨ ਹੋ ਗਿਆ। ਇਸ ਪਰਿਵਾਰ ਦੀ ਧੀ ਗਰਭਵਤੀ ਹੋ ਗਈ ਹੈ, ਇਨ੍ਹਾਂ 'ਤੇ ਕੋਈ ਅਸਰ ਨਹੀਂ। ਜਿਵੇਂ ਗਾਂ ਮੱਝ ਆਸ ਲੱਗੀ ਹੋਵੇ। ਪਰ ਪੂਰਾ ਪਿੰਡ ਵਾਨ ਦੇ ਖ਼ਿਲਾਫ਼ ਹੋ ਗਿਆ। ਵਾਨ ਵਿਰੁੱਧ ਨਫ਼ਰਤ ਹੀ ਏਨੀ ਸੀ ਕਿ ਹਰੇਕ ਪਾਪ ਦਾ ਦੋਸ਼ੀ ਉਹੀ ਹੋ ਸਕਦੈ ਹੋਰ ਕੋਈ ਨਹੀਂ। ਵਾਨ ਗਰੂਟ ਪਰਿਵਾਰ ਕੋਲ ਗਿਆ। ਹੱਸ ਕੇ ਸਵਾਗਤ ਕੀਤਾ ਸਾਰਿਆਂ ਨੇ, ਕੋਈ ਸ਼ਿਕਵਾ ਨਹੀਂ। ਪਿੰਡ ਦੇ ਛੱਬੀ ਸੌ ਬਸ਼ਿੰਦੇ ਲਹੂ ਦੇ ਤਿਹਾਏ। ਮਾਂ ਨੇ ਵਾਨ ਨੂੰ ਕਿਹਾ - ਫਾਦਰ ਨੇ ਕਿਹੈ ਕਿ ਪਿੰਡ ਛੱਡ ਜਾਹ ਵਾਨ। - ਠੀਕ ਹੈ, ਵਾਨ ਨੇ ਕਿਹਾ। ਫਾਦਰ ਨੇ ਗਰੂਟ ਪਰਿਵਾਰ ਨੂੰ ਕਿਹਾ - ਜੇ ਉਹ ਤੁਹਾਨੂੰ ਤਸਵੀਰ ਬਣਾਉਣ ਵਾਸਤੇ ਪੈਸੇ ਦਿੰਦੈ, ਬੰਦ ਕਰੋ। ਮੇਰੇ ਤੋਂ ਪੈਸੇ ਲੈ ਲਉ। ਗਰੂਟਾਂ ਨੇ ਕਿਹਾ - ਵਾਨ ਸਤਿਕਾਰਯੋਗ ਹੈ। ਨਾ ਅਸੀਂ ਉਸ ਤੋਂ ਪੈਸੇ ਲਈਏ, ਨਾ ਤੁਹਾਡੇ ਤੋਂ।

ਪੀਟਰਸਨ ਨੇ ਦੱਸਿਆ ਸੀ - ਕੁਦਰਤ ਨੂੰ ਕਾਗ਼ਜ਼ 'ਤੇ ਉਤਾਰਨ ਲਈ ਜੱਦੋ-ਜਹਿਦ ਕਰੀ ਜਾਓ, ਕੁਦਰਤ ਮੰਨਦੀ ਹੀ ਨਹੀਂ। ਇਕ ਸਮਾਂ ਆਉਂਦੈ, ਸਹਿਜ ਸੁਭਾਅ ਕਲਾਕਾਰ ਨਾਲ ਸੁਰ ਮਿਲਾ ਕੇ ਕੁਦਰਤ ਕਾਗ਼ਜ਼ ਉਪਰ ਆ ਬੈਠਦੀ ਹੈ ਤੇ ਆਖਦੀ ਹੈ - ਦੇਖ ਮੈਂ ਆ ਗਈ। ਪਟੈਟੋ ਈਟਰਜ਼ ਇਸੇ ਤਰ੍ਹਾਂ ਦਾ ਸ਼ਾਹਕਾਰ ਹੈ। ਉਹ ਕੁਦਰਤ ਦੇ ਸਾਂਚੇ ਵਿਚ ਢਲਣ ਲਈ ਦਹਾਕੇ ਤੋਂ ਸੰਘਰਸ਼ ਕਰ ਰਿਹਾ ਸੀ, ਕੁਦਰਤ ਨੇ ਕਿਹਾ - ਮੈਂ ਤੇਰੇ ਸਾਂਚੇ ਵਿਚ ਢਲਾਂਗੀ ਵਾਨ। ਸਵੇਰ ਸਾਰ ਵਾਨ ਨੇ ਇਹ ਪੇਂਟਿੰਗ ਮੁੜ ਦੇਖੀ - ਮੈਲੇ ਕੱਪੜੇ, ਧੁਆਂਖੀ ਕੰਧ, ਖੁਰਦਰੀ ਸ਼ਤੀਰੀ 'ਤੇ ਲਟਕ ਰਹੀ ਲਾਲਟੈਣ, ਸਟੀਨ ਉਬਲੇ ਆਲੂ ਵਰਤਾ ਰਹੀ ਹੈ, ਮਾਂ ਗਲਾਸਾਂ ਵਿਚ ਕਾਫ਼ੀ ਪਾ ਰਹੀ ਹੈ, ਭਰਾ ਗਲਾਸ ਨਾਲ ਬੁੱਲ੍ਹ ਲਾ ਰਿਹੈ, ਸਾਰਿਆਂ ਦੇ ਚਿਹਰੇ ਸ਼ਾਂਤ, ਕੁਦਰਤ ਦੇ ਦੈਵੀ ਵਿਧਾਨ ਨੂੰ ਸਵੀਕਾਰ ਕਰ ਕੇ ਸ਼ੁਕਰਾਨਾ ਕਰਦੇ ਲੋਕ। ਵਾਨ ਤੋਂ ਉਹ ਹੋ ਗਿਆ ਜੋ ਨਹੀਂ ਹੋ ਸਕਦਾ ਸੀ। ਗਰੂਟ ਪਰਿਵਾਰ ਅਮਰ ਹੋ ਗਿਆ, ਗਰੂਟਾਂ ਨੂੰ ਕੋਈ ਪਤਾ ਨਹੀਂ।

ਆਪਣੀਆਂ ਕਲਾ ਕਿਰਤਾਂ ਸੰਭਾਲ ਕੇ ਪੈਰਿਸ ਨੂੰ ਤੁਰ ਪਿਆ। ਥੀਓ ਨੇ ਪੁੱਛਿਆ - ਮੇਰਾ ਆਖ਼ਰੀ ਖ਼ਤ ਮਿਲ ਗਿਆ ਸੀ ? - ਨਹੀਂ, ਕੀ ਖ਼ਾਸ ਸੀ ? - ਮੇਰੀ ਤਰੱਕੀ ਹੋ ਗਈ। ਗੈਲਰੀ ਦਾ ਮੈਨੇਜਰ ਹੋ ਗਿਆ। - ਪਰ ਤੂੰ ਕੱਲ੍ਹ ਸ਼ਾਮ ਦਾ ਹੋਰ ਗੱਲਾਂ ਕਰੀ ਗਿਆ, ਇਹ ਖ਼ਬਰ ਕਿਉਂ ਨੀ ਦੱਸੀ ? - ਤੂੰ ਪਟੈਟੋ ਈਟਰਜ਼ ਅਤੇ ਹੋਰ ਤਸਵੀਰਾਂ ਤੋਂ ਐਨਾ ਖ਼ੁਸ਼ ਸੈਂ ਕਿ ਹੋਰ ਖ਼ੁਸ਼ੀ ਦੀ ਲੋੜ ਨੀ ਸੀ। ਅੱਜ ਚੱਲਾਂਗੇ, ਤੈਨੂੰ ਪ੍ਰਭਾਵਵਾਦੀਆਂ ਦੀ ਗੈਲਰੀ ਦਿਖਾਵਾਂਗਾ, ਮੋਨੇ, ਦੇਗਾ, ਪਿਸਾਰੋ, ਮਾਨੇ। ਦੇਖੀਂ। ਤੇਰੇ ਵਰਗੇ ਸਭ। ਦੇਰ ਦੀ ਇੱਛਾ ਸੀ ਤੂੰ ਪੈਰਿਸ ਆਵੇਂ। ਜੂਨ ਵਿਚ ਆਉਂਦਾ ਤਾਂ ਜ਼ਿਆਦਾ ਚੰਗਾ ਹੁੰਦਾ, ਉਦੋਂ ਮੈਨੂੰ ਕੰਪਨੀ ਵੱਲੋਂ ਵੱਡਾ ਘਰ ਮਿਲੇਗਾ। ਹੁਣ ਵੀ ਠੀਕ ਹੈ। ਥੀਓ ਕੋਲ ਇਕ ਕਮਰਾ, ਰਸੋਈ ਤੇ ਕੈਬਿਨ ਸੀ। ਕਿਹਾ - ਵਾਨ ਮੈਂ ਸਾਮਾਨ ਇਧਰ ਉਧਰ ਕਰ ਕੇ ਤੇਰੀ ਕੈਨਵਸ ਵਾਸਤੇ ਥਾਂ ਬਣਾ ਦਿਆਂਗਾ। ਚੱਲ ਹੁਣ ਚਾਹ ਖ਼ਤਮ ਕਰ। ਪੈਰਿਸ ਦੀ ਹਵਾ ਦੀ ਸੁਗੰਧੀ ਸਵੇਰੇ ਮਾਣਨ ਵਾਲੀ ਹੁੰਦੀ ਹੈ। ਜਿਸਨੇ ਪੈਰਿਸ ਨਹੀਂ ਦੇਖਿਆ, ਕੀ ਦੇਖਿਆ ਫਿਰ। ਸੂਟ ਬੂਟ ਟਾਈ ਕੱਸ ਕੇ ਫਟਾ ਫਟ ਥੀਓ ਤਿਆਰ ਹੋ ਗਿਆ। ਪੁਰਾਣਾ ਕੋਟ ਮੋਢਿਆਂ 'ਤੇ ਸੁੱਟ ਕੇ ਵਾਨ ਚੱਲ

ਪਿਆ। - ਕਿਸੇ ਹੋਰ ਸ਼ਹਿਰ ਵਿਚ ਤੇਰੇ ਵਰਗੇ ਬੰਦੇ ਨੂੰ ਪੁਲਿਸ ਪਾਗਲਖ਼ਾਨੇ ਭੇਜ ਦਿੰਦੀ। ਇਹੋ ਜਿਹੇ ਲਿਬਾਸ ਵਾਲੇ ਪੈਰਿਸ ਵਿਚ ਕਿਉਂਕਿ ਆਮ ਫਿਰਦੇ ਹਨ ਇਸ ਕਰਕੇ ਤੈਨੂੰ ਕੋਈ ਕੁਝ ਨਹੀਂ ਕਹੇਗਾ। ਵਾਨ ਹੱਸ ਪਿਆ।

ਵਾਪਸ ਆ ਕੇ ਥੀਓ ਦੀ ਗੈਲਰੀ ਵੱਲ ਤੁਰ ਪਏ। ਗੈਲਰੀ ਦੇ ਬਾਹਰ ਛਾਤੀ ਤੱਕ ਤਿੰਨ ਔਰਤਾਂ ਦੇ ਪਲਾਸਟਰ ਦੇ ਸਿਰ ਰੱਖੇ ਹੋਏ ਦੇਖੇ, ਇਕ ਹੇਠ ਲਿਖਿਆ ਸੀ - ਡਿਜ਼ਾਈਨ, ਦੂਜੇ ਹੇਠ ਲਿਖਿਆ ਸੀ ਬੁੱਤਤ੍ਰਾਸ਼ੀ ਤੇ ਤੀਜੇ ਹੇਠ - ਪੇਂਟਿੰਗ। ਵਾਨ ਨੇ ਪੁੱਛਿਆ - ਪੇਂਟਿੰਗ ਵਾਲਾ ਬੁੱਤ ਇੰਨਾ ਬਦਸੂਰਤ ਕਿਉਂ ਹੈ ? ਥੀਓ ਨੇ ਕਿਹਾ - ਅੰਦਰ ਜਾ ਕੇ ਹੋਰ ਦੇਖ। ਦੇਖੀ ਚੱਲ ਕੀ ਕੀ ਹੋ ਰਿਹੈ ਇਥੇ। ਪੈਰਿਸ ਦੇਖੀਂ ਮੇਰੀ ਗੈਲਰੀ ਵਿੱਚੋਂ ਦੀ।

ਏਮੀਲ ਜ਼ੋਲਾ ਦੱਸਿਆ ਕਰਦੈ ਵਾਨ ਕਿ ਸ਼ਹਿਨਸ਼ਾਹੀਆਂ ਦਾ ਖ਼ਾਤਮਾ ਤਾਂ ਹੋ ਗਿਐ। ਅਗਲਾ ਇਨਕਲਾਬ ਪੂੰਜੀਵਾਦ ਨੂੰ ਖ਼ਤਮ ਕਰੇਗਾ। ਮੈਂ ਇਨ੍ਹਾਂ ਕਾਮਰੇਡਾਂ ਦਾ ਹਮਦਰਦ ਹਾਂ। ਮੈਂ ਇਨ੍ਹਾਂ ਵਾਸਤੇ ਗੈਲਰੀ ਲਈ ਥਾਂ ਮਨਜ਼ੂਰ ਕਰਵਾਉਣ ਵਾਸਤੇ ਕੰਪਨੀ ਨਾਲ ਜਿੰਨਾ ਲੜਿਆਂ, ਬੱਸ ਮੈਂ ਈ ਜਾਣਦਾਂ, ਇਨ੍ਹਾਂ ਦੇ ਖ਼ਿਆਲ ਅਨੁਸਾਰ ਮੈਨੂੰ ਵੱਧ ਤਨਖ਼ਾਹ ਮਿਲਦੀ ਐ, ਮੈਂ ਵੀ ਪੂੰਜੀਪਤੀ ਹਾਂ। ਸੋ ਮੇਰਾ ਵੀ ਸਫ਼ਾਇਆ ਹੋਇਆ ਸਮਝ। ਖ਼ੂਬ ਹੱਸੇ।

- ਤੂੰ ਜ਼ੋਲਾ ਨੂੰ ਜਾਣਦੈਂ ਥੀਓ ?

- ਹਰ ਹਫ਼ਤੇ ਕਾਫ਼ੀ ਹਾਊਸ ਵਿਚ ਮੀਟਿੰਗ ਹੁੰਦੀ ਹੈ ਸਾਡੀ ਸਾਰਿਆਂ ਦੀ। ਤੈਨੂੰ ਲਿਜਾਵਾਂਗਾ। ਦੇਖੀਂ ਜਾਈਂ ਜਗਤ ਤਮਾਸ਼ਾ। ਜਦੋਂ ਥੀਓ ਆਪਣੇ ਸ਼ੋ ਰੂਮ ਵਿਚ ਗਿਆ ਤਾਂ ਸਾਰੇ ਕਲਰਕਾਂ ਕਾਮਿਆਂ ਨੇ ਖੜੇ ਹੋ ਕੇ ਝੁਕ ਕੇ ਸਲਾਮ ਕੀਤਾ। ਵਾਨ ਨੂੰ ਯਾਦ ਆਇਆ ਜਦੋਂ ਉਹ ਸੇਲਜ਼ਮੈਨ ਹੁੰਦਾ ਸੀ, ਉਹ ਵੀ ਮਾਲਕਾਂ ਦੇ ਆਉਣ ਵੇਲੇ ਇਵੇਂ ਕਰਦਾ ਹੁੰਦਾ ਸੀ। - ਇਹ ਪੌੜੀਆਂ ਚੜ੍ਹ ਜਾ ਵਾਨ। ਉਪਰ ਨਵੇਂ ਕਲਾਕਾਰਾਂ ਦੀ ਗੈਲਰੀ ਦੇਖ ਕੇ ਆ।

ਵਾਨ ਉਪਰ ਗਿਆ - ਇਹ ਕੀ ਹੈ ? ਮੈਂ ਪਾਗਲਖ਼ਾਨੇ ਵਿਚ ਤਾਂ ਨਹੀਂ ਵੜ ਗਿਆ ? ਰੋਕ ਨਾ ਸਕਿਆ, ਖ਼ਾਲੀ ਕੁਰਸੀਆਂ ਉਪਰ ਢੇਰੀ ਹੋ ਕੇ ਅੱਖਾਂ ਪੂੰਝੀਆਂ। ਹੁਣ ਤੱਕ ਉਸਨੇ ਸਿੱਖਿਆ ਸੀ - ਇਕ ਰੰਗ ਦੂਜੇ ਵਿਚ ਮਿਲਦਾ ਹੋਇਆ ਦਿਸਣਾ ਨਹੀਂ ਚਾਹੀਦਾ, ਕਿ ਬਰੱਸ਼ ਦੀ ਛੂਹ ਦਿਸਣੀ ਨਹੀਂ ਚਾਹੀਦੀ, ਰੰਗਾਂ ਅਤੇ ਅਕਾਰਾਂ ਦਾ ਇਕ ਨਿਸਚਿਤ ਸਮਝੌਤਾ ਹੋਇਆ ਕਰਦੈ, ਉਹ ਕਾਇਮ ਰੱਖਣੈ। ਇਹ ਕੀ ਹੈ ? ਇਹ ਤਾਂ ਮੇਰੇ 'ਤੇ ਹੱਸ ਰਹੀਆਂ ਹਨ ? ਸਨਾਤਨੀ ਕਲਾ ਦਾ ਪੂਰਨ ਮਜ਼ਾਕ ! ਜਜ਼ਬਾ, ਮਾਸੂਮੀਅਤ, ਗੰਭੀਰਤਾ ਖ਼ਤਮ। ਜਿਸ ਭੂਰੇ ਰੰਗ ਵਿਚ ਯੂਰਪ ਰੰਗਿਆ ਹੋਇਆ ਨਹੀਂ, ਸਮਝੋ ਨਹਾਤਾ ਹੋਇਆ ਸੀ, ਉਹ ਗ਼ਾਇਬ। ਇਥੇ ਤਾਂ ਸੂਰਜ ਦੀ ਨੰਗੀ ਧੁੱਪ ਹੇਠ ਖਰੂਦ ਮਚਿਆ ਪਿਆ ਸੀ। ਭੜਕੀਲੇ ਕੱਪੜੇ ਪਹਿਨੀ ਨੱਚਦੀਆਂ ਕੁੜੀਆਂ, ਹੇਠਾਂ ਨਾਮ ਲਿਖਿਆ ਸੀ - ਦੇਗਾ। ਅਗਲਾ ਦਰਿਆ ਕਿਨਾਰੇ ਦਾ ਸੀਨ ਸੀ, ਨਾਮ ਲਿਖਿਆ ਸੀ - ਮੋਨੇ। ਮੋਨੇ ਨੇ ਜਿਹੜਾ ਗਾਹੜੇ ਤੋਂ ਗਾਹੜਾ ਰੰਗ ਵਰਤਿਆ, ਵਾਨ ਦੇ ਹਲਕੇ ਤੋਂ ਹਲਕੇ ਰੰਗ ਨਾਲੋਂ ਹਲਕਾ ਸੀ। ਪੂਰੀ ਬੇਸ਼ਰਮੀ ਨਾਲ ਬਰੱਸ਼ ਦੱਸ ਰਿਹਾ ਸੀ ਕਿ ਮੈਂ ਇਥੇ ਇਥੇ ਚੱਲਿਆ ਹਾਂ। ਹਰ ਛੂਹ ਪ੍ਰਤੱਖ। ਅਗਲੀ ਤਸਵੀਰ ਵਿਚ ਕਿਸ਼ਤੀ ਦੂੜਾ ਰਿਹਾ ਬੰਦਾ ਖਲੋਤਾ ਸੀ, ਪੂਰੇ ਤਣਾਓ ਵਿਚ, ਉਸਦੀ ਜ਼ਨਾਨੀ ਸ਼ਾਂਤ ਬੈਠੀ ਸੀ। ਨਾਮ ਫਿਰ ਮੋਨੇ ! ਵਾਨ ਹੈਰਾਨ ਹੋਇਆ, ਮੋਨੇ ਦੀ ਪਿਛਲੀ ਪੇਂਟਿੰਗ ਦੀ ਸ਼ੈਲੀ ਬਿਲਕੁਲ ਵੱਖਰੀ। ਦੁਬਾਰਾ ਨਾਮ ਪੜ੍ਹੇ। ਉਹੋ, ਉਹ ਮੋਨੇ ਸੀ, ਇਹ ਮਾਨੇ ਹੈ। ਉਹੋ, ਇਹ ਤਾਂ ਉਹੀ ਮਾਨੇ ਹੈ ਜਿਸਦੀਆਂ ਤਸਵੀਰਾਂ ਪਾੜਨ ਵਾਸਤੇ ਲੋਕਾਂ ਨੇ ਚਾਕੂਆਂ ਨਾਲ ਹੱਲਾ ਬੋਲ ਦਿੱਤਾ ਸੀ, ਪੁਲਿਸ ਨੇ ਬਚਾਈਆਂ। ਪੁਲਿਸ ਤਸਵੀਰਾਂ ਚੁੱਕ ਕੇ ਲੈ ਗਈ ਤਾਂ ਲੋਕ

ਨੁਮਾਇਸ਼ ਵਾਲੀ ਥਾਂ ਉਪਰ ਥੁੱਕ-ਥੁੱਕ ਕੇ ਘਰਾਂ ਨੂੰ ਚਲੇ ਗਏ। ਵਾਨ ਨੂੰ ਯਾਦ ਆਇਆ - ਜਿਸ ਸ਼ੈਲੀ ਵਿਚ ਜ਼ੋਲਾ ਲਿਖਦਾ ਹੈ ਇਹ ਕਲਾਕਾਰ ਉਸ ਸ਼ੈਲੀ ਵਿਚ ਚਿੱਤਰ ਬਣਾਉਂਦੇ ਹਨ। ਬਗ਼ਾਵਤ ਦੀਆਂ ਨਿਸ਼ਾਨੀਆਂ ਪ੍ਰਤੱਖ। ਕੁਝ ਵੀ ਨਿਸਚਿਤ ਨਹੀਂ। ਉਸਨੂੰ ਮੌਵ ਦਾ ਵਾਕ ਯਾਦ ਆਇਆ - ਤੂੰ ਇਕ ਲਕੀਰ ਦੀ ਪਰਿਭਾਸ਼ਾ ਨਹੀਂ ਦੇ ਸਕਦਾ ਵਾਨ। ਕੋਈ ਵੀ ਨਹੀਂ। ਕੁਝ ਵੀ ਨਿਸਚਿਤ ਨਹੀਂ, ਥਿਰ ਨਹੀਂ। ਵਿਗਿਆਨੀਆਂ ਨੇ ਦੱਸਿਆ ਕਿ ਹਵਾ ਦਿਸਦੀ ਨਹੀਂ। ਇਨ੍ਹਾਂ ਚਿੱਤਰਾਂ ਨੇ ਹਵਾ ਵੀ ਦਿਖਾ ਰੱਖੀ ਹੈ। ਇਨ੍ਹਾਂ ਕਲਾਕਾਰਾਂ ਨੇ ਦੱਸ ਦਿੱਤਾ ਹੈ ਕਿ ਉਹ ਕੈਮਰਾਮੈਨ ਨਹੀਂ ਹਨ। ਕੁਦਰਤ ਉਹੀ ਨਹੀਂ, ਜਿਹੜੀ ਕੈਮਰਾ ਫੜਦਾ ਹੈ। ਕੁਦਰਤ ਉਹੀ ਹੈ ਜਿਸਨੂੰ ਆਦਮੀ ਆਪਣੇ ਹਿਸਾਬ ਨਾਲ ਦੇਖਦੈ, ਚਿੜੀ ਦੀ ਅੱਖ ਆਪਣੇ ਹਿਸਾਬ ਨਾਲ। ਸ਼ੇਰ ਅਤੇ ਖ਼ਰਗੋਸ਼ ਨੂੰ ਕੁਦਰਤ ਇੱਕੋ ਤਰ੍ਹਾਂ ਨਹੀਂ ਦਿਸਦੀ।

ਲੜਖੜਾਂਦਾ ਹੋਇਆ ਵਾਨ ਗੈਲਰੀ ਵਿੱਚੋਂ ਬਾਹਰ ਨਿਕਲ ਕੇ ਕਿਸੇ ਪਾਸੇ ਤੁਰੀ ਗਿਆ ਤੇ ਭੁੱਲ ਗਿਆ ਕਿਧਰੋਂ ਆਇਆ ਸੀ। ਉਸਨੂੰ ਭਰਾ ਦੀ ਗੈਲਰੀ ਦਾ ਨਾਮ ਯਾਦ ਸੀ। ਪੁਲਿਸ ਵਾਲੇ ਨੇ ਉਥੇ ਵਾਪਸ ਪਹੁੰਚਾਇਆ। ਵਾਪਸ ਆ ਕੇ ਆਪਣੀਆਂ ਤਸਵੀਰਾਂ ਦਾ ਬੰਡਲ ਖੋਲ੍ਹਿਆ - ਇਹ ਤਾਂ ਹਜ਼ਾਰਾਂ ਸਾਲ ਪੁਰਾਣੀਆਂ ਹਨ। ਥੀਓ ਨੇੜੇ ਆ ਕੇ ਬੈਠ ਗਿਆ। ਵਾਨ ਦੀਆਂ ਨਿਗਾਹਾਂ ਖ਼ਾਲੀ ਦੇਖੀਆਂ ਤਾਂ ਕਿਹਾ - ਆਰਟ ਦੀ ਪਵਿੱਤਰਤਾ ਭੰਗ ਹੋ ਗਈ ਹੈ ਵਾਨ। ਵਾਨ ਦੀਆਂ ਅੱਖਾਂ ਨਮ ਹੋ ਗਈਆਂ, ਕਿਹਾ - ਮੈਂ ਏਨੇ ਸਾਲ ਜ਼ਾਇਆ ਕਰ ਦਿੱਤੇ ਥੀਓ ? ਤੂੰ ਮੈਨੂੰ ਪਹਿਲਾਂ ਪੈਰਿਸ ਕਿਉਂ ਨਹੀਂ ਲੈ ਕੇ ਆਇਆ ? ਮੈਂ ਵੀ ਕੁਝ ਸਿੱਖ ਜਾਂਦਾ। ਥੀਓ ਹੱਸਿਆ - ਤੈਨੂੰ ਪਤਾ ਨਹੀਂ ਕਿ ਤੂੰ ਵਿਨਸੈਂਟ ਵਾਨ ਗਾਗ ਹੈਂ। ਤੇਰੇ ਵਰਗਾ ਹੋਰ ਕੋਈ ਨਹੀਂ ਜਹਾਨ ਵਿਚ। ਇਹ ਬੱਚੇ ਕੀ ਕਰਨਗੇ ? ਤੂੰ ਕੁਦਰਤ ਨੂੰ ਮੁੱਠੀ ਵਿਚ ਫੜ ਲਿਆ, ਜੇ ਪਹਿਲਾਂ ਮੈਂ ਤੈਨੂੰ ਪੈਰਿਸ ਵਿਚ ਲੈ ਕੇ ਆਉਂਦਾ ਤੈਨੂੰ ਪੈਰਿਸ ਨੇ ਆਪਣੀ ਮੁੱਠੀ ਵਿਚ ਫੜ ਲੈਣਾ ਸੀ। ਦੇਖ ਵਾਨ, ਮਾੜਾ ਮੋਟਾ ਕੋਈ ਅਸਰ ਕਬੂਲਣੈ ਤੇਰੀ ਮਰਜ਼ੀ, ਪਰ ਕਿਤੇ ਇਨ੍ਹਾਂ ਵਰਗਾ ਨਾ ਬਣ ਜਾਈਂ। ਏਨੇ ਪਾਗਲਾਂ ਵਿਚ ਇਕ ਹੋਰ ਪਾਗਲ ਦੀ ਲੋੜ ਨਹੀਂ। ਜਦੋਂ ਖਾਣ ਮਜ਼ਦੂਰਾਂ ਦੀ ਬਸਤੀ ਵਿਚ ਧਰਮ ਪ੍ਰਚਾਰ ਛੱਡ ਕੇ ਤੂੰ ਪੈਨਸਿਲ ਨਾਲ ਸਕੈੱਚ ਬਣਾਏ, ਉਦੋਂ ਤੂੰ ਇਨ੍ਹਾਂ ਪ੍ਰਭਾਵਵਾਦੀਆਂ ਤੋਂ ਅੱਗੇ ਨਿਕਲ ਗਿਆ ਸੀ। ਯਥਾਰਥ ਕੀ ਹੈ, ਇਸਦਾ ਤੈਨੂੰ ਪਤੈ ਕਿਉਂਕਿ ਤੂੰ ਦੇਖ ਚੁੱਕਿਐਂ। ਇਹ ਖ਼ਿਆਲੀ ਪਲਾਉ ਪਕਾ ਰਹੇ ਨੇ। ਤੂੰ ਆਪਣੀਆਂ ਤਸਵੀਰਾਂ ਦੇਖ। ਕੋਈ ਤਸਵੀਰ ਨਿਸਚਿਤ ਸੁਨੇਹਾ ਨਹੀਂ ਦਿੰਦੀ। ਤੇਰੇ ਬਣਾਏ ਚਿਹਰੇ, ਦਰਖ਼ਤ, ਖੇਤ, ਉਸ ਤਰ੍ਹਾਂ ਦੇ ਨਹੀਂ ਜਿਵੇਂ ਕੁਦਰਤ ਦੇ ਬਣਾਏ ਨੇ। ਤੂੰ ਕਿਸੇ ਦਾ ਅਸਰ ਨਹੀਂ ਕਬੂਲਿਆ। ਪੁਰਾਣੇ ਨਿਯਮ, ਪਰੰਪਰਾ ਤੋਂ ਪਾਰ ਲੰਘਿਆ, ਮਹਿਲਾਂ, ਪਰੀਆਂ, ਰਾਜੇ ਰਾਣੀਆਂ ਤੇਰੇ ਪਾਤਰ ਨਹੀਂ, ਤੂੰ ਆਮ ਆਦਮੀ ਨੂੰ ਗ਼ਰੀਬ ਮਜ਼ਦੂਰ ਨੂੰ ਕੈਨਵਸ ਉਪਰ ਉਤਾਰਿਆ। ਤੂੰ ਇਨ੍ਹਾਂ ਸਾਰਿਆਂ ਦਾ ਪਿਓ ਹੈਂ। ਇਨ੍ਹਾਂ ਨੇ ਤੇਰਾ ਕੰਮ ਦੇਖਿਆ, ਤੇਰੇ ਤੋਂ ਪ੍ਰਭਾਵਿਤ ਨੇ।

- ਮੇਰੇ ਚਿੱਤਰ ਦੇਖੇ ਨੇ ਇਨ੍ਹਾਂ ਨੇ ?

- ਮੈਂ ਪੈਰਿਸ ਵਿਚ ਹੋਰ ਕੀ ਖ਼ਾਕ ਛਾਣੀ ਇਸ ਤੋਂ ਬਿਨਾਂ ? ਕੌਣ ਵਧੀਕ ਵਿਕ ਰਿਹੈ, ਇਹ ਗੱਲ ਛੱਡ, ਤੂੰ ਇਕ ਨਵੇਂ ਯੁੱਗ ਦਾ ਜਨਮਦਾਤਾ ਹੈਂ। ਇਹ ਵੀ ਠੀਕ ਹੈ ਕਿ ਇਨ੍ਹਾਂ ਤੋਂ ਤੂੰ ਵੀ ਸਿੱਖੇਂਗਾ, ਮਸਲਨ, ਗਾਹੜੇ ਰੰਗਾਂ ਤੋਂ ਖਹਿੜਾ ਛੁਡਾ। ਅੱਜ ਸਭ ਤੋਂ ਵੱਡੇ ਹੋਟਲ ਵਿਚ ਸ਼ੈਮਪੇਨ ਪੀਆਂਗੇ, ਖਾਣਾ ਖਾਵਾਂਗੇ। ਪੈਰਿਸ ਅਤੇ ਵਾਨ ਗਾਗ ਦਾ ਮਿਲਾਪ ਹੋਇਆ। ਇਹ ਕੋਈ ਆਮ ਘਟਨਾ ਥੋੜ੍ਹੀ ਹੈ ?

ਵਾਨ ਇਕ ਦਿਨ ਕੋਰਮਾ ਸਟੂਡੀਓ ਵਿਚ ਗਿਆ, ਜਿਹੜਾ ਆਰਟਿਸਟ ਉਥੇ ਮਿਲਿਆ, ਉਸਨੂੰ ਕਿਹਾ - ਮੇਰਾ ਨਾਮ ਵਿਨਸੇਂਟ ਵਾਨ ਗਾਗ ਹੈ, ਤੁਹਾਡਾ ?

- ਮੇਰਾ ਨਾਮ ਲੋਤ੍ਰਕ।

- ਤੁਸੀਂ ਥੀਓ ਵਾਨ ਗਾਗ ਦੇ ਕੁਝ ਲੱਗਦੇ ਹੋ ?

- ਹਾਂ ਉਹ ਮੇਰਾ ਛੋਟਾ ਭਰਾ ਹੈ।

- ਉਹ ਕਮਾਲ ਦਾ ਆਰਟ ਕਰਿਟਿਕ ਹੈ, ਨਾਲੇ ਯੋਧਾ। ਸਾਡੇ ਹੱਕਾਂ ਲਈ ਜਿਵੇਂ ਲੜਦੈ, ਬੱਸ ਉਹੀ ਲੜ ਸਕਦੈ। ਅਸੀਂ ਨਵੇਂ ਕਲਾਕਾਰ ਉਸਦੇ ਅਹਿਸਾਨਾਂ ਹੇਠ ਦੱਬੇ ਹੋਏ ਹਾਂ।

- ਮੈਂ ਵੀ ਉਸਦੇ ਅਹਿਸਾਨਾਂ ਹੇਠ ਹਾਂ।

- ਮੈਂ ਅਵਾਰਾ ਔਰਤਾਂ ਦੇ ਚਿੱਤਰ ਬਣਾਉਂਦਾ ਹਾਂ - ਲੋਤ੍ਰੈਕ ਨੇ ਕਿਹਾ।

- ਮੈਂ ਅਵਾਰਾ ਔਰਤ ਦੋ ਸਾਲ ਘਰ ਰੱਖੀ, ਚਿੱਤਰ ਬਣਾਏ। ਭੁੱਖਮਰੀ ਤੰਗ ਆ ਕੇ ਆਪੇ ਵਾਪਸ ਦੌੜ ਗਈ ਮੇਰੀ ਇੱਛਾ ਦੇ ਖ਼ਿਲਾਫ਼। ਮੈਂ ਤਾਂ ਉਸਦਾ ਨਾਜਾਇਜ਼ ਬੱਚਾ ਵੀ ਪਾਲਣ ਵਾਸਤੇ ਤਿਆਰ ਸਾਂ। ਦਿਖਾ ਤਾਂ ਆਪਣੀਆਂ ਕਿਰਤਾਂ ?

ਲੋਤ੍ਰੈਕ ਨੇ ਕਿਹਾ - ਉਸ ਕੋਠੇ ਵਿਚ 27 ਕੁੜੀਆਂ ਸਨ। ਮੈਂ ਹਰੇਕ ਨਾਲ ਸੁੱਤਾ ਤੇ 27 ਪੇਂਟਿੰਗਜ਼ ਕੀਤੀਆਂ, ਆਰਟ ਕਰਿਟਿਕਸ ਨੇ ਦੁਰਕਾਰਦਿਆਂ ਕਿਹਾ - ਜ਼ਮਾਨੇ ਦੀ ਬਦਸੂਰਤੀ। ਆ ਦਾਰੂ ਪੀਵੀਏ ਵਾਨ। ਪੈਂਗ ਉਪਰ ਉੱਠੇ, ਲੋਤ੍ਰੈਕ ਨੇ ਕਿਹਾ - ਜ਼ਮਾਨੇ ਦੀ ਬਦਸੂਰਤੀ ਦੇ ਨਾਮ।

ਵਾਨ ਨੇ ਕਿਹਾ - ਮੈਂ ਕਿਸਾਨ ਚਿੱਤਰੇ ਨੇ ਜਜ਼ਬੇ ਰਹਿਤ ਕਿਸਾਨ। ਇਹ ਔਰਤਾਂ ਵੀ ਕਿਸਾਨੀ ਕਰਦੀਆਂ ਨੇ, ਆਪਣੇ ਜਿਸਮ ਵਾਹੁੰਦੀਆਂ ਨੇ। ਮਿੱਟੀ ਤੇ ਮਾਸ ਵਿਚ ਫ਼ਰਕ ਵੀ ਕੀ ਹੈ ? ਮਿੱਟੀ ਦੇ ਰੂਪ ਨੇ ਦੋਵੇਂ। ਤੇਰਾ ਕੰਮ ਠੀਕ ਹੈ ਮਿੱਤਰ।

ਵਾਨ ਨੇ ਪੈਰਿਸ ਦੇ ਸਾਰੇ ਨਵੇਂ ਪੁਰਾਣੇ ਆਰਟਿਸਟਾਂ ਦੇ ਸਟੂਡੀਓ ਦੇਖੇ, ਥੀਓ ਨੂੰ ਕਿਹਾ - ਮੈਨੂੰ ਤਾਂ ਇਨ੍ਹਾਂ ਦੇ ਮੁਕਾਬਲੇ ਕੁਝ ਨਹੀਂ ਆਉਂਦਾ ?

- ਤਾਂ ਸਿੱਖਣਾ ਸ਼ੁਰੂ ਕਰ ਦੇਹ।

- ਦਹਾਕਾ ਤਾਂ ਵਿਅਰਥ ਗੁਆ ਚੁੱਕਾ ਹਾਂ, ਹੁਣ ਫੇਰ ਕੱਚੀ ਜਮਾਤ ਵਿਚ ਦਾਖ਼ਲ ਹੋ ਜਾਵਾਂ ?

- ਦਹਾਕਾ ਫ਼ਜ਼ੂਲ ਨਹੀਂ ਸੀ, ਹੁਣ ਕੰਮ ਆਏਗਾ। ਜੋ ਜੋ ਫ਼ਾਲਤੂ ਲੱਗਦਾ ਹੈ, ਛਾਂਗਦਾ ਜਾਹ।

- ਸਿੱਖੀ ਜਾਣ ਦਾ ਕੋਈ ਅੰਤ ਨਹੀਂ ਥੀਓ ?

- ਨਾ। ਸਿੱਖਣਾ ਅਨੰਤ ਹੈ। ਪਰ ਐਤਕਾਂ ਦੀ ਸਿਖਲਾਈ ਆਖ਼ਰੀ ਹੈ। ਤੂੰ ਸਿਰੇ ’ਤੇ ਪੁੱਜਣ ਵਾਲਾ ਹੈਂ, ਹੁਣ ਬਹੁਤਾ ਚਿਰ ਨਹੀਂ ਲੱਗਣਾ। ਤੂੰ ਦੁਨੀਆਂ ਦਾ ਪਿਉ ਹੋਏਂਗਾ ਆਰਟ ਵਿਚ, ਇਹ ਮਿੰਟਾਂ ਵਿਚ ਕਿਵੇਂ ਹੋ ਸਕਦੈ ? ਕੰਮ ਤਾਂ ਕਰਨਾ ਪਏਗਾ। ਇਕ ਕਹਾਣੀਕਾਰ ਐ ਮੋਪਾਸਾਂ, ਗਾਈ ਡੀ ਮੋਪਾਸਾਂ, ਜ਼ੋਲਾ ਦਾ ਮੁਰੀਦ ਐ। ਉਹ ਵੀ ਤੁਆਡੇ ਸਾਰਿਆਂ ਵਰਗਾ ਹੈ।

ਵਾਨ ਨੇ ਗੋਗੈਂ ਨੂੰ ਪੁੱਛਿਆ - ਤੂੰ ਏਨੀ ਵਾਰ ਕੋਠੇ ਵਾਲੀਆਂ ਕੋਲ ਕਿਉਂ ਜਾਨੈਂ ? ਉਥੇ ਪਿਆਰ ਨਾਮ ਦੀ ਕੋਈ ਚੀਜ਼ ਤਾਂ ਹੁੰਦੀ ਨੀਂ।

- ਨਾ ਮੈਂ ਉਥੇ ਸੁੰਦਰਤਾ ਦੇਖਣ ਜਾਨਾ, ਨਾ ਪਿਆਰ ਕਰਨ। ਯੱਸੂ ਨੇ ਕਿਹਾ ਸੀ -

ਮਾਸ, ਮਾਸ ਹੈ ਰੂਹ, ਰੂਹ। ਚੰਗੀ ਗੱਲ ਹੈ ਇਹ, ਥੋੜ੍ਹੇ ਕੁ ਪੈਸੇ ਦੇ ਕੇ ਮੇਰਾ ਮਾਸ ਸੰਤੁਸ਼ਟ ਹੋ ਜਾਂਦਾ ਹੈ, ਰੂਹ ਵੀ ਸ਼ਾਂਤ ਹੋ ਜਾਂਦੀ ਹੈ। ਮੈਂ ਕੋਠੇ ਉਪਰ ਜਜ਼ਬਾਤੀ ਨਹੀਂ ਹੁੰਦਾ। ਜਜ਼ਬੇ ਮੇਰੀ ਪੇਂਟਿੰਗ ਵਾਸਤੇ ਨੇ ਕੇਵਲ। ਤੈਨੂੰ ਮੈਂ ਸ਼ੁਦਾਈ ਤਾਂ ਨਹੀਂ ਲੱਗਦਾ ਵਾਨ?

ਵਾਨ ਨੇ ਕਿਹਾ - ਮੈਨੂੰ ਏਨੇ ਵਾਰੀ ਆਪਣੇ ਵਾਸਤੇ ਵਰਤਿਆ ਜਾਂਦਾ ਸੁਣਨਾ ਪਿਆ ਹੈ ਕਿ ਸ਼ੁਦਾਈ ਸ਼ਬਦ ਸਗੋਂ ਮੈਨੂੰ ਚੰਗਾ ਲੱਗਣ ਲੱਗ ਪਿਐ। ਜੇ ਮੈਂ ਸਿਆਣਾ ਹੁੰਦਾ, ਕਿੰਨਾ ਬਦਕਿਸਮਤ ਹੁੰਦਾ।

ਵਾਨ ਨੇ ਨਵੀਆਂ ਪੇਂਟਿੰਗਜ਼ ਤਿਆਰ ਕੀਤੀਆਂ ਤਾਂ ਇਕ ਦਿਨ ਥੀਓ ਆ ਕੇ ਦੇਖਣ ਲੱਗਾ, ਕਿਹਾ - ਤੇਰਾ ਨਾਮ ਕੀ ਹੈ ਓਲਡ ਬੋਆਏ?

- ਵਿਨਸੈਂਟ ਵਾਨ ਗਾਗ।

- ਫਿਰ ਇਹ ਕੀ ਕੀਤੈ ਤੂੰ? ਤੈਨੂੰ ਪੱਕਾ ਪਤੈ ਨਾ ਕਿ ਤੂੰ ਸਿਉਰੇ ਜਾਂ ਗੋਗੈਂ ਨਹੀਂ। ਸਿਉਰੇ, ਸਿਉਰੇ ਹੈ ਤੇ ਗੋਗੈਂ, ਗੋਗੈਂ। ਅਹਿ ਪੇਂਟਿੰਗ ਦੇਖ, ਇਹ ਲੋਤ੍ਰੈਕ ਹੈ। ਤੂੰ ਇਸ ਤਰ੍ਹਾਂ ਇਨ੍ਹਾਂ ਦੇ ਅਸਰ ਕਬੂਲੇਂਗਾ ਤਾਂ ਮਰ ਜਾਏਂਗਾ। ਨਕਲ ਕਰਨੀ ਬੰਦ ਕਰ।

- ਮੈਂ ਅਸਰ ਜ਼ਰੂਰ ਕਬੂਲਿਐ, ਨਕਲ ਨਹੀਂ ਕੀਤੀ।

- ਮੈਂ ਇਕੱਲੀ ਇਕੱਲੀ ਪੇਂਟਿੰਗ ਬਾਰੇ ਦੱਸ ਸਕਦਾਂ ਕਿ ਕਿਸ ਦਿਨ ਤੂੰ ਕਿਸ ਨਾਲ ਬਿਤਾਇਆ। ਸਾਫ਼ ਦਿਸੀ ਜਾਂਦੈ ਸਾਰਾ ਕੁਝ। ਤੂੰ ਕਿੰਨਾ ਵੱਡਾ ਹੈਂ ਤੈਨੂੰ ਪਤਾ ਨਹੀਂ, ਦਿਨੋ-ਦਿਨ ਕਿੰਨਾ ਛੋਟਾ ਹੋ ਰਿਹੈਂ, ਨਹੀਂ ਜਾਣਦਾ। ਨਵੀਂ ਕਲਾ ਨੂੰ ਦੇਖ ਤੇ ਹਜ਼ਮ ਕਰ, ਫਿਰ ਵਾਨ ਗਾਗ ਦਿੱਸੇ, ਸਿਰਫ਼ ਵਾਨ, ਇਹ ਆਪਣੀ ਪੇਂਟਿੰਗ ਦੇਖ, ਇਸ ਵਿਚਲੀ ਕੁੜੀ ਲੋਤ੍ਰੈਕ ਦੀ ਹੈ, ਧੁੱਪ ਦੀਆਂ ਕਿਰਨਾਂ ਮਿਛੇਲ ਦੀਆਂ, ਰੰਗ ਮੋਨੇ ਦੇ, ਪੱਤੇ ਪਿਸਾਰੋ ਦੇ, ਹਵਾ ਸਿਉਰੇ ਦੀ ਤੇ ਕੇਂਦਰੀ ਮੂਰਤ ਮਾਨੇ ਦੀ।

ਇਕ ਦਿਨ ਗੋਗੈਂ ਆ ਕੇ ਵਾਨ ਦੀਆਂ ਕਿਰਤਾਂ ਦੇਖ ਕੇ ਕਹਿਣ ਲੱਗਾ - ਮੈਂ ਥੀਓ ਕੋਲ ਤੇਰੀਆਂ ਸਾਰੀਆਂ ਰਚਨਾਵਾਂ ਦੇਖੀਆਂ ਨੇ। ਇਕ ਗੱਲ ਸੱਚੋ ਸੱਚ ਦੱਸ। ਬੁਰਾ ਨਾ ਮਨਾਈਂ। ਤੈਨੂੰ ਦਿਮਾਗ਼ੀ ਦੌਰੇ ਅਕਸਰ ਪੈਂਦੇ ਨੇ?

- ਕਿਉਂ? ਮੈਨੂੰ ਦਿਮਾਗ਼ੀ ਦੌਰੇ ਕਿਉਂ ਪੈਣ?

- ਤੇਰੀਆਂ ਤਸਵੀਰਾਂ ਤੋਂ ਲੱਗਦੈ। ਇਉਂ ਲੱਗਦੈ ਜਿਵੇਂ ਇਹ ਫਟ ਜਾਣਗੀਆਂ ਇਕ ਧਮਾਕੇ ਨਾਲ। ਜੇ ਨਾ ਫਟੀਆਂ ਤਾਂ ਮੇਰਾ ਦਿਮਾਗ਼ ਫਟ ਜਾਵੇਗਾ। ਪਹਿਲਾਂ ਦਿਮਾਗ਼ ਤੇ ਫੇਰ ਮੇਰੇ ਪੇਟ ਤੱਕ ਅਸਰ ਚਲਾ ਜਾਂਦੈ। ਮੇਰੇ ਪੇਟ ਵਿਚ ਗੜ ਗੜ ਹੋਣ ਲੱਗ ਜਾਂਦੀ ਐ। ਹੈ ਕੋਈ ਨਾ ਕੋਈ ਗੜਬੜ।

ਵਾਨ ਹੱਸ ਪਿਆ - ਫੇਰ ਤਾਂ ਐਂ ਕਰਦੇ ਆਂ, ਮੇਰੀਆਂ ਪੇਂਟਿੰਗਜ਼ ਵਿਕਦੀਆਂ ਤਾਂ ਹੈਨ ਨੀ, ਆਪਾਂ ਇਨ੍ਹਾਂ ਨੂੰ ਇਕ ਇਕ ਕਰਕੇ ਟਾਇਲਟ ਵਿਚ ਲਟਕਾ ਕੇ ਲਿਖ ਦਿੰਨੇ ਆਂ ਬਈ ਜਿਸਨੂੰ ਕਬਜ਼ ਹੈ, ਪੇਂਟਿੰਗ ਦੇਖ ਲਏ। ਤੁਰਤ ਪੇਟ ਸਾਫ਼। ਕੰਮ ਆ ਸਕਦੀਆਂ ਹਨ।

- ਤੂੰ ਰੋਟੀ ਖਾ ਲਈ?

- ਨਹੀਂ।

- ਮੈਂ ਵੀ ਨੀ ਖਾਧੀ, ਵਾਨ ਨੇ ਕਿਹਾ।

- ਪੈਸੇ ਹੈਗੇ?

ਦੋਵਾਂ ਕੋਲ ਧੇਲਾ ਨਹੀਂ। ਥੀਓ ਆਏਗਾ ਤਾਂ ਰੋਟੀ ਖਾਣ ਚੱਲਣਗੇ ਕਿਧਰੇ। ਉਦੋਂ

ਤੱਕ ਸੈਰ ਕਰੀਏ। ਬਾਹਰ ਨਿਕਲੇ ਤਾਂ ਬਗ਼ੀਚੇ ਦੇ ਬੈਂਚ ਉਪਰ ਸਜ਼ਾਨ ਸੁੱਤਾ ਪਿਆ ਸੀ। ਗੋਗੈਂ ਨੇ ਦੇਖ ਕੇ ਕਿਹਾ - ਬੂਟਾਂ ਦਾ ਸਿਰ੍ਹਾਣਾ ਕਿਉਂ ਲਾਉਂਦੈ ਇਹ ? ਜਗਾ ਲਿਆ, ਉੱਠ ਕੇ ਦੱਸਣ ਲੱਗਾ - ਮੈਨੂੰ ਸਰ੍ਹਾਣੇ ਦੀ ਕੋਈ ਲੋੜ ਨੀ ਹੁੰਦੀ। ਸਿਰ ਹੇਠ ਦੇ ਲੈਨਾਂ ਕਿ ਚੋਰੀ ਨਾ ਹੋ ਜਾਣ। ਸਜ਼ਾਨ ਨੇ ਪੁੱਛਿਆ - ਰੋਟੀ ਖਾ ਲਈ ? ਉਸਨੇ ਕਿਹਾ- ਨਹੀਂ, ਤੇ ਤੁਸੀਂ ?

- ਅਸੀਂ ਤਾਂ ਖਾ ਆਏ ਹਾਂ।

ਸਜ਼ਾਨ ਨੇ ਕਿਹਾ - ਚਲੋ ਮੇਰੇ ਨਾਲ ਕੰਪਨੀ ਸੇਕ ਆ ਜਾਓ। ਗੋਗੈਂ ਨੇ ਕਿਹਾ - ਚਲੋ ਠੀਕ ਹੈ। ਗਰਾਹੀ ਗਰਾਹੀ ਖਾ ਲਾਂਗੇ। ਕੰਪਨੀ ਸੇਕ। ਇਹਦਾ ਕਹਿਣਾ ਕੀ ਮੋੜਨਾ।

ਰੋਟੀ ਖਾਂਦਿਆਂ ਸਜ਼ਾਨ ਨੇ ਪੁੱਛਿਆ - ਜ਼ੋਲਾ ਨੇ ਮੇਰੇ ਬਾਰੇ ਕੀ ਕੀ ਬਕਵਾਸ ਕੀਤੈ, ਕਿਤਾਬ ਵਿਚ ਪੜ੍ਹਿਐ ? - ਹਾਂ। ਬਕਵਾਸ ਲਿਖਿਐ ਨਿਹਾ, ਤੇਰੀ ਖਿੱਲੀ ਉਡਾਈ ਐ। ਸਜ਼ਾਨ ਨੇ ਕਿਹਾ - ਤੇ ਆਪ ਕੀ ਹੈ ਉਹ ? ਉਹਦੀ ਲਿਖਤ ਵਿਚਲੀਆਂ ਧੋਬਣਾਂ ਅਸਲੀ ਧੋਬਣਾਂ ਵਾਲੀ ਗੰਦੀ ਬੋਲੀ ਬੋਲਦੀਆਂ ਨੇ। ਪ੍ਰਸੰਗ ਵਿੱਚੋਂ ਜਦੋਂ ਧੋਬਣਾਂ ਬਾਹਰ ਹੋ ਜਾਂਦੀਆਂ ਹਨ, ਜ਼ੋਲਾ ਭੁੱਲ ਜਾਂਦਾ ਹੈ ਕਿ ਉਹ ਹੁਣ ਉਥੇ ਨਹੀਂ ਰਹੀਆਂ, ਉਸਦੇ ਬਾਕੀ ਪਾਤਰ ਵੀ ਧੋਬੀਆਂ ਵਾਲੀ ਬੋਲੀ ਬੋਲਦੇ ਰਹਿੰਦੇ ਨੇ। ਇਹ ਐ ਉਸਦਾ ਇਨਕਲਾਬ।

ਅਗਲੇ ਦਿਨ ਵਾਨ, ਕਾਫ਼ੀ ਹਾਊਸ ਵਿਚ ਚਲਾ ਗਿਆ। ਗੋਗੈਂ ਨੇ ਦੇਖਿਆ ਇਕ ਕੋਨੇ ਵਿਚ ਜ਼ੋਲਾ ਬੈਠਾ ਸੀ। ਇੰਟਰੋਡਿਊਸ ਕਰਵਾਇਆ। ਜ਼ੋਲਾ ਨੇ ਪੁੱਛਿਆ - ਤੇਰੇ ਨਾਲ ਸਜ਼ਾਨ ਆ ਰਿਹਾ ਸੀ, ਮੇਰੇ ਬਾਰੇ ਕੁਝ ਕਹਿੰਦਾ ਸੀ ?

- ਹਾਂ ਤੇਰੀ ਕਿਤਾਬ ਕਾਰਨ ਉਸ ਦੇ ਦਿਲ ਨੂੰ ਠੇਸ ਪੁੱਜੀ ਹੈ, ਵਾਨ ਨੇ ਕਿਹਾ।

- ਉਹ ਹੈ ਈ ਫ਼ਰਾਡ, ਪੰਜ ਸਾਲ ਦੇ ਬੱਚੇ ਜਿੰਨੀ ਅਕਲ ਨੀ ਉਹਨੂੰ। ਤੂੰ ਉਹ ਕਿਤਾਬ ਪੜ੍ਹੀ ? ਵਾਨ ਨੇ ਕਿਹਾ - ਨਹੀਂ, ਪੜ੍ਹਾਂਗਾ, *ਜਰਮੀਨਾਲ* ਪੜ੍ਹ ਲਈ ਹੈ। - ਕਿਵੇਂ ਲੱਗੀ ? - ਬਾਲਜ਼ਾਕ ਤੋਂ ਬਾਦ ਬਸ ਇਹੋ ਕਿਤਾਬ ਹੈ ਇੱਕੋ ਇਕ, ਪੂਰੀ ਸ਼ਾਨਦਾਰ। ਜ਼ੋਲਾ ਖ਼ੁਸ਼ ਹੋ ਗਿਆ - ਸੱਠ ਹਜ਼ਾਰ ਕਾਪੀਆਂ ਵਿਕ ਗਈਆਂ ਨੇ। ਮੈਂ ਅਮੀਰ ਹੋ ਗਿਆਂ ਇੱਕੋ ਕਿਤਾਬ ਕਾਰਨ। ਫ਼ਰਾਂਸ ਦੀਆਂ ਕੋਲਾ ਕੰਪਨੀਆਂ ਵਿਚ ਚਾਰ ਵੱਡੀਆਂ ਹੜਤਾਲਾਂ ਹੋ ਗਈਆਂ ਇਸ ਕਾਰਨ। ਇਨਕਲਾਬ ਆਏਗਾ, ਪੂੰਜੀਵਾਦ ਨੂੰ ਕਹਾਂਗੇ - ਅਲਵਿਦਾ, ਹਮੇਸ਼ ਲਈ ਅਲਵਿਦਾ। ਤੂੰ ਕੀ ਪੇਂਟ ਕਰਦਾ ਹੁੰਨੈ ਵਾਨ ? ਮੈਂ ਤੇਰਾ ਨਾਮ ਸੁਣਿਆ ਹੈ ਕਿਤੋਂ। ਵਾਨ ਨੇ ਕਿਹਾ - ਮੈਂ ਥੀਓ ਦਾ ਭਰਾ ਹਾਂ ਨਾ, ਸੋ ਥੀਓ ਨੇ ਦੱਸਿਆ ਹੋਣਾ। - ਨਹੀਂ ਕਿਸੇ ਹੋਰ ਤੋਂ ਸੁਣਿਐਂ...ਜਰਮੀਨਾਲ, ਤੂੰ ਕੋਲਿਆਂ ਦੀ ਖਾਣ ਜਰਮੀਨਾਲ ਕਦੀ ਗਿਆ ਸੈਂ ?

- ਹਾਂ ਬੋਰੀਨਾਜ, ਦੋ ਸਾਲ ਬਿਤਾਏ ਉਥੇ ਮੈਂ ਖਾਣ ਮਜ਼ਦੂਰਾਂ ਕੋਲ।

- ਓ ਰੱਬਾ। ਬੋਰੀਨਾਜ ... ਉਹ ਤੂੰ ਸੈਂ ਉਥੇ, ਜਿਸ ਨੂੰ ਮਜ਼ਦੂਰ ਯਸੂ ਮਸੀਹ ਕਹਿੰਦੇ ਸਨ। ਦੂਜਾ ਮਸੀਹਾ।

ਵਾਨ ਸ਼ਰਮਾ ਗਿਆ - ਇਹ ਲਫ਼ਜ਼ ਦੂਜਾ ਮਸੀਹਾ ਕਿਥੋਂ ਸੁਣਿਆਂ ਤੂੰ ?

- ਮੈਂ ਪੰਜ ਹਫ਼ਤੇ ਉਥੇ ਬਿਤਾਏ ਬੋਰੀਨਾਜ ਵਿਚ ਜਿਥੇ ਤੂੰ ਰਿਹਾ। *ਜਰਮੀਨਾਲ* ਵਾਸਤੇ ਮਸਾਲਾ ਇਕੱਠਾ ਕਰਦਾ ਫਿਰਦਾ ਸਾਂ। ਉਥੇ ਮਜ਼ਦੂਰਾਂ ਤੋਂ ਤੇਰਾ ਨਾਮ ਸੁਣਿਆਂ। ਉਨ੍ਹਾਂ ਨੇ ਦੱਸਿਆ ਤੂੰ ਖਾਣਾ ਛੱਡ ਦਿੱਤਾ, ਪੈਸੇ ਕੱਪੜੇ ਸਭ ਮਜ਼ਦੂਰਾਂ ਨੂੰ ਦੇ ਦਿੱਤੇ, ਖ਼ੁਦ ਮੌਤ ਦੇ ਦਰਵਾਜ਼ੇ 'ਤੇ ਚਲਾ ਗਿਆ ਤੇ ਤੈਨੂੰ ਮਿਲਿਆ ਕੀਹ ? ਬੇਇਜ਼ਤੀ। ਬੇਇਜ਼ਤ ਕਰਕੇ ਨੌਕਰੀ ਵਿੱਚੋਂ ਕੱਢਿਆ। ਤੇਰੇ ਕਰਕੇ ਉਨ੍ਹਾਂ ਦੇ ਜੀਵਨ ਵਿਚ ਕੁਝ ਸੁਧਰਿਆ ?

- ਭੋਰਾ ਨਹੀਂ। ਹਾਲਤ ਬਦ ਤੋਂ ਬਦਤਰ ਹੁੰਦੀ ਗਈ।

- ਮੇਰੀ ਲਿਖਤ ਕਾਰਨ ਹਾਲਤ ਸੁਧਰੇਗੀ। ਸਾਰੇ ਯੌਰਪ ਵਿਚ ਮੇਰੀ ਕਿਤਾਬ ਨੇ ਤਹਿਲਕਾ ਮਚਾ ਰੱਖਿਐ। ਬਗ਼ਾਵਤ ਯਕੀਨੀ ਹੈ। ਦੇਖ, ਮੈਂ ਸਿਆਣਾ ਰਿਹਾ ਨਾ? ਤੇਰੇ ਵਾਂਗ ਭੁੱਖਾ ਨਹੀਂ ਮਰਦਾ, ਕਿਤਾਬ ਕਾਰਨ ਲੱਖਪਤੀ ਹੋ ਗਿਆਂ, ਤੇਰੀਆਂ ਮੂਰਤਾਂ ਨੇ ਕੀ ਸੁਧਾਰਿਆ? ਕੱਖ ਨਹੀਂ। ਮੇਰੀ ਕਿਤਾਬ ਇਨਕਲਾਬ ਲਿਆਏਗੀ। ਆ ਜਾ ਫੇਰ। ਦਾਰੂ ਪੀਏ। ਵਧੀਆ ਵਿਸਕੀ। ਏਨੇ ਨੂੰ ਦੋ ਤਿੰਨ ਹੋਰ ਪੇਂਟਰ ਜ਼ੋਲਾ ਕੋਲ ਆ ਬੈਠੇ। ਬੋਤਲ ਆ ਗਈ ਤਾਂ ਸਜ਼ਾਨ ਨੇ ਕਿਹਾ - ਜ਼ੋਲਾ ਦੀ ਦਾਰੂ ਪੀਓਗੇ ਤਾਂ ਘੰਟਿਆਂ ਬੱਧੀ ਭਾਸ਼ਣ ਸੁਣਨਾ ਪਏਗਾ। ਬੜਾ ਬੋਰ ਕਰੇਗਾ ਇਨਕਲਾਬ ਲਿਆ ਲਿਆ ਕੇ।

ਗੋਗੈਂ ਨੇ ਦੱਸਿਆ - ਜ਼ੋਲਾ, ਤੇਰੇ ਵਿਰੁੱਧ ਅੱਜ ਲੇਖ ਛਪਿਐ ਲੰਮਾ, ਅਖ਼ਬਾਰ ਵਿਚ। ਲਿਖਿਐ ਕਿ ਤੇਰੀ ਲਿਖਤ ਅਨੈਤਿਕ ਹੈ, ਦੁਰਾਚਾਰੀ ਹੈ।

ਵਾਨ ਹੱਸਿਆ - ਮੇਰੀਆਂ ਤਸਵੀਰਾਂ ਨੇ ਕਦੇ ਸਦਾਚਾਰ ਦਾ ਪੱਲਾ ਨਹੀਂ ਛੱਡਿਆ। ਆਲੋਚਕਾਂ ਨੂੰ ਉਹ ਵੀ ਅਸ਼ਲੀਲ, ਅਨੈਤਿਕ ਲੱਗਦੀਆਂ ਨੇ। ਪਤੈ ਕਿਉਂ? ਮੈਂ ਆਮ ਆਦਮੀ ਦਾ ਦੁਖ ਪ੍ਰਤੱਖ ਦਿਖਾ ਦਿੰਨਾ। ਉਪਰਲਾ ਤਬਕਾ ਤ੍ਰਬਕ ਜਾਂਦੈ ਕਿ ਗ਼ਰੀਬ ਲੋਕ ਇਕੱਠੇ ਨਾ ਹੋ ਜਾਣ। ਵੈਸੇ ਵੀ, ਖ਼ਰੀਦ ਸ਼ਕਤੀ ਉਪਰਲੇ ਤਬਕੇ ਕੋਲ ਹੈ। ਉਸ ਵਾਸਤੇ ਉਸ ਦੀ ਪਸੰਦੀਦਾ ਸੀਨਰੀ, ਖ਼ੁਸ਼ੀ, ਅਨੰਦ ਉਸ ਨੂੰ ਮਿਲੇਗੀ ਨਹੀਂ। ਸੋ ਮੈਂ ਦੁਰਾਚਾਰੀ ਹਾਂ। ਮੈਨੂੰ ਲੱਗਦੈ ਜੇ ਪਾਦਰੀ ਰਹਿ ਕੇ ਮੈਂ ਉਨ੍ਹਾਂ ਨੂੰ ਅਗਲੇ ਜੀਵਨ ਦਾ ਸੁਰਗ ਦਿਖਾਉਂਦਾ ਰਹਿੰਦਾ, ਫੇਰ ਮੈਂ ਦੁਰਾਚਾਰੀ ਹੋਣਾ ਸੀ। ਅਗਲੇ ਜਨਮ ਵਿਚ ਨਹੀਂ, ਇਸੇ ਜਨਮ ਵਿਚ ਉਨ੍ਹਾਂ ਦੇ ਦੁਖ ਕੱਟੇ ਜਾਣੇ ਜ਼ਰੂਰੀ ਹਨ।

ਜ਼ੋਲਾ ਬੋਲਿਆ - ਕੱਲ੍ਹ ਮੈਨੂੰ ਕਾਊਂਟੈਸ ਮਿਲੀ, ਕਹਿਣ ਲੱਗੀ - ਤੇਰੇ ਵਿਚ ਬੇਅੰਤ ਤਾਕਤਵਰ ਸਿਰਜਣਾ ਸ਼ਕਤੀ ਹੈ ਜ਼ੋਲਾ, ਫੇਰ ਪੱਥਰ ਉਲਟਾ ਕੇ ਉਸ ਹੇਠ ਲੁਕੇ ਕੀੜੇ ਸਾਨੂੰ ਕਿਉਂ ਦਿਖਾਉਨੈ? ਪਿਛਲੇ ਸਾਲ ਵਿਕਟਰ ਹਿਊਗੋ ਮਰ ਗਿਆ। ਉਸ ਦੇ ਨਾਲ ਇਕ ਸਭਿਅਤਾ ਖ਼ਤਮ ਹੋ ਗਈ, ਸਭਿਅਤਾ ਜਿਸ ਵਿਚ ਸੂਖਮ ਸਦਾਚਾਰ ਸੀ, ਸੁਹਣੀਆਂ ਕੁੜੀਆਂ ਸਨ, ਰੋਮਾਂਸ, ਪਿਆਰੇ ਝੂਠ, ਮਾਸੂਮ ਬਹਾਨੇ, ਇਹ ਸਭ ਹੁਣ ਨਹੀਂ ਚੱਲੇਗਾ। ਵੀਹਵੀਂ ਸਦੀ ਜਦੋਂ ਹੈ ਈ ਦੁਰਾਚਾਰ ਦੀ ਸਦੀ।

ਰੂਸੋ ਨੇ ਕਿਹਾ - ਅੱਜ ਦੀ ਦੁਨੀਆਂ ਵਿਚ ਵਾਨ ਸਭ ਤੋਂ ਵੱਡਾ ਕਲਾਕਾਰ ਹੈ। ਜ਼ੋਲਾ ਹੱਸਿਆ - ਯਾਨੀ ਕਿ ਸਭ ਤੋਂ ਵੱਡਾ ਦੁਰਾਚਾਰੀ। ਕਿਉਂ ਵਾਨ? ਮਿਲ ਗਿਆ ਇਨਾਮ? ਵਾਨ ਹੱਸ ਪਿਆ - ਜੇ ਦੁਰਾਚਾਰੀ ਹੁੰਦਾ, ਮੈਂ ਬਹੁਤ ਸੁਖੀ ਬੰਦਾ ਹੁੰਦਾ।

ਜ਼ੋਲਾ ਨੇ ਐਲਾਨ ਕੀਤਾ - ਸੁਣੋ ਭਾਈਓ, ਸੱਚ ਸੁਹਣਾ ਹੈ। ਕਿਸੇ ਰੂਪ ਵਿਚ ਹੋਵੇ ਬੇਸ਼ਕ। ਨਰਮ ਬੇਈਮਾਨੀ ਨਾਲੋਂ ਸਖ਼ਤ ਸੱਚ ਚੰਗਾ ਹੈ। ਪੈਰਿਸ ਦੇ ਬਜ਼ਾਰਾਂ ਨਾਲੋਂ ਪਿੰਡਾਂ ਦੇ ਖੇਤ ਵੱਧ ਸੁਹਣੇ। ਖ਼ੁਸ਼ੀ ਦੀ ਉਮਰ ਥੋੜ੍ਹੀ ਹੈ, ਦੁਖ ਸੱਚ ਹੈ, ਦੁਖ ਦੀ ਉਮਰ ਲੰਮੀ ਹੈ।

ਲੋਤ੍ਰੇਕ ਨੇ ਉੱਚੀ ਆਵਾਜ਼ ਵਿਚ ਕਿਹਾ - ਦੁਰਚਾਰੀਓ ਗਲਾਸ ਚੁੱਕੋ। ਪੀਂਦੇ ਕਿਉਂ ਨਹੀਂ? ਦੁਰਾਚਾਰ ਦੇ ਨਾਮ ਜਾਮ ਛਲਕਾਉ। ਗੋਗੈਂ ਨੇ ਸਿਗਰਟ ਬੁੱਲ੍ਹਾਂ ਵਿਚ ਰੱਖੀ, ਜਾਮ ਉਠਾ ਕੇ ਕਹਿਣ ਲੱਗਾ - ਦੁਨੀਆਂ ਵਿਚ ਮੈਂ ਇਕੱਲਾ ਬੰਦਾ ਹਾਂ, ਇੱਕੋ ਘੁੱਟ ਵਿਚ ਸਿਗਰਟ ਤੇ ਵਿਸਕੀ ਇਕੱਠੀਆਂ ਪੀ ਸਕਦਾਂ, ਆਹ ਦੇਖੋ। ਉਸਨੇ ਇਹ ਕਰਾਮਾਤ ਕਰ ਕੇ ਦਿਖਾਈ।

ਆਪਾਂ ਨੂੰ ਕੋਈ ਜਾਣਦਾ ਨਹੀਂ, ਇਸ਼ਤਿਹਾਰਾਂ ਜੋਗੇ ਪੈਸੇ ਨਹੀਂ। ਲੋਕਾਂ ਨੂੰ ਆਪਣੀ ਪ੍ਰਤਿਭਾ ਕਿਵੇਂ ਦੱਸੀਏ? ਸਾਰਿਆਂ ਸਾਹਮਣੇ ਇੱਕੋ ਮਸਲਾ ਸੀ।

ਵਾਨ ਨੇ ਕਿਹਾ - ਕੋਈ ਹੋਟਲ ਲੱਭੋ। ਉਸਦੇ ਡਾਇਨਿੰਗ ਹਾਲ ਵਿਚ ਆਪਣੀਆਂ ਤਸਵੀਰਾਂ ਟੰਗੋ। ਲੋਕ ਆਈ ਜਾਣਗੇ, ਕੀ ਪਤਾ ਕੋਈ ਖ਼ਰੀਦਾਰ ਵੀ ਆ ਜਾਏ?

- ਇਹ ਗੱਲ ਤਾਂ ਠੀਕ ਐ ਪਰ ਹੋਟਲ ਆਪਾਂ ਨੂੰ ਮੁਫ਼ਤ ਥਾਂ ਕਿਉਂ ਦਵੇਗਾ ?

- ਕਿਉਂਕਿ ਆਪਾਂ ਮੁਫ਼ਤ ਵਿਚ ਹੋਟਲ ਨੂੰ ਸਜਾਵਾਂਗੇ - ਵਾਨ ਨੇ ਕਿਹਾ।

- ਗੱਲ ਤਾਂ ਠੀਕ ਲੱਗਦੀ ਐ, ਗੋਗੀਓ ਦੀ ਡਿਊਟੀ ਲਾਈ। ਕੰਮ ਕਰ ਬਈ, ਨਾਰਵਿਨ ਹੋਟਲ ਨੇ ਤਸਵੀਰਾਂ ਇਸ ਸ਼ਰਤ 'ਤੇ ਟੰਗਣ ਦੀ ਆਗਿਆ ਦਿੱਤੀ ਕਿ ਕਲਾਕਾਰ ਡਿਨਰ ਇਸੇ ਹੋਟਲ ਵਿਚ ਕਰਨਗੇ ਨੁਮਾਇਸ਼ ਵਾਲੀ ਸ਼ਾਮ। ਠੀਕ ਹੈ। ਸਭ ਨੇ ਕਿਹਾ ਠੀਕ ਹੈ। ਕਿਸ ਦੀ ਪੇਂਟਿੰਗ ਕਿਥੇ ਲੱਗੇ, ਦੁਪਹਿਰ ਤਕ ਇਹੋ ਖੱਪਖ਼ਾਨਾ ਪੈਂਦਾ ਰਿਹਾ। ਆਖ਼ਰ ਕੰਮ ਹੋ ਗਿਆ। ਗਾਹਕ ਚਾਹ ਪਾਣੀ ਰੋਟੀ ਖਾਣ ਆਉਂਦੇ ਰਹੇ, ਕਿਸੇ ਇਕ ਦਾ ਧਿਆਨ ਵੀ ਤਸਵੀਰਾਂ ਵੱਲ ਨਹੀਂ ਗਿਆ। ਮਹਿੰਗੇ ਭਾਅ ਦੀ ਰੋਟੀ ਖਾ ਕੇ ਆਪੋ-ਆਪਣੀਆਂ ਚੀਜ਼ਾਂ ਵਸਤਾਂ ਚੁੱਕ ਕੇ ਕਲਾਕਾਰ ਘਰੋ-ਘਰੀ ਤੁਰ ਗਏ।

ਆਖ਼ਰ ਥੀਓ ਨੇ ਕਹਿ ਦਿੱਤਾ - ਵਾਨ, ਪੈਰਿਸ ਤੇਰੇ ਰਸਤੇ ਵਿਚ ਅੜਿੱਕਾ ਹੈ। ਤੂੰ ਸਿਵਾਇ ਉਲਝਣਾਂ ਦੇ, ਇਥੇ ਹੋਰ ਕੁਝ ਨਹੀਂ ਦੇਖ ਸਕਦਾ। ਤੇਰੇ ਬਗ਼ੈਰ ਮੇਰਾ ਦਿਲ ਨਹੀਂ ਲੱਗਣਾ, ਇਹ ਮੈਨੂੰ ਪਤੈ, ਜਿੰਨੀ ਛੇਤੀ ਇਸ ਭੀੜ ਵਿੱਚੋਂ ਨਿਕਲ ਜਾਵੇਂ, ਚੰਗਾ ਰਹੇਂਗਾ। ਤੂੰ ਕੁਦਰਤ ਦਾ, ਪਿੰਡ ਦਾ ਚਿਤੇਰਾ ਹੈਂ, ਪੈਰਿਸ ਤੈਨੂੰ ਨਿਗਲ ਜਾਏਗਾ। ਪੈਰਿਸ ਸਕੂਲ ਹੈ ਜਿਹੜਾ ਸਾਰੀ ਉਮਰ ਬੰਦੇ ਨੂੰ ਵਿਦਿਆਰਥੀ ਬਣਾਈ ਰੱਖਦਾ ਹੈ। ਪਿੰਡ ਵਿਚ ਹਰੇਕ ਬੰਦਾ ਉਸਤਾਦ ਹੁੰਦੈ। ਇਹ ਫ਼ਰਕ ਐ ਪਿੰਡ ਅਤੇ ਸ਼ਹਿਰ ਦਾ। ਤੂੰ ਉਸਤਾਦ ਹੈਂ, ਸਿਖਾਂਦਰੂ ਨਹੀਂ।

- ਤੂੰ ਮੇਰੀ ਮਦਦ ਕਰਦਾ ਰਹੇਂਗਾ ਥੀਓ ?

- ਮੇਰੇ ਉਪਰ ਇਤਬਾਰ ਕਰ, ਇਹ ਆਖਦਿਆਂ ਥੀਓ ਦੀਆਂ ਅੱਖਾਂ ਭਿੱਜ ਗਈਆਂ।

- ਮੈਂ ਸਖ਼ਤ ਗਰਮੀ ਦੇ ਦੇਸ ਵਿਚ ਕੰਮ ਕਰਨਾ ਚਾਹੁੰਨਾਂ। ਪੈਰਿਸ ਦੀ ਠੰਢ ਮੇਰੇ ਹੱਡਾਂ ਵਿਚ ਜੰਮ ਗਈ ਹੈ। ਅਫ਼ਰੀਕਾ ਦੀ ਧੁੱਪ ਵਿਚ ਮੇਰੇ ਰੰਗ ਨਿਖਰਨਗੇ ਥੀਓ।

- ਨਹੀਂ, ਅਫ਼ਰੀਕਾ ਦੂਰ ਹੈ। ਆਰਲੇ, ਯੂਨਾਨ ਦੀ ਬਸਤੀ ਹੈ। ਇਥੇ ਰੋਮਨਾਂ ਨੇ ਲੰਮਾ ਸਮਾਂ ਰਾਜ ਕੀਤਾ। ਇਥੇ ਬੜੀ ਧੁੱਪ ਹੈ। ਲੋਕ ਸੁਹਣੇ ਵੀ ਨੇ ਸਭਿਅਕ ਵੀ। ਪੁਰਾਣੀ ਸਭਿਅਤਾ ਅਜੇ ਕਾਇਮ ਹੈ। ਬਹੁਤਾ ਮਹਿੰਗਾ ਵੀ ਨਹੀਂ। ਆਰਲੇ ਠੀਕ ਹੈ।

ਥੀਓ ਕੰਮ ਤੋਂ ਵਾਪਸ ਆਇਆ ਤਾਂ ਇਕ ਪੱਤਰ ਲਿਖਿਆ ਪਿਆ ਸੀ - ਆਰਲੇ ਜਾ ਰਿਹਾਂ। ਕੁਝ ਤਸਵੀਰਾਂ ਤੇਰੀਆਂ ਕੰਧਾਂ ਉਪਰ ਟੰਗ ਦਿੱਤੀਆਂ ਹਨ ਤਾਂ ਕਿ ਮੈਨੂੰ ਭੁੱਲ ਨਾ ਜਾਵੇਂ। ਦਿਲ ਵਿਚ ਤੇਰੇ ਨਾਲ ਹੱਥ ਮਿਲਾ ਲਿਆ - ਵਾਨ।

ਆਰਲੇ ਦਾ ਸੂਰਜ ਪਿਘਲੇ ਹੋਏ ਲਾਵੇ ਦੀ ਗੇਂਦ ਵਰਗਾ ਸੀ। ਅੱਖਾਂ ਚੁੰਧਿਆ ਦੇਣ ਵਾਲੀ ਧੁੱਪ। ਸਾਦੇ ਹੋਟਲ ਵਿਚ ਸਾਦਾ ਜਿਹਾ ਕਮਰਾ ਲੈ ਲਿਆ ਜਿਸ ਵਿਚ ਕੈਨਵਸ ਸਟੈਂਡ ਫਿਟ ਨਹੀਂ ਹੋ ਸਕਦਾ ਸੀ, ਤਾਂ ਕੀ, ਉਹ ਤਾਂ ਆਊਟਡੋਰ ਪੇਂਟਿੰਗ ਕਰੇਗਾ। ਸ਼ਹਿਰ ਇਸ ਤਰ੍ਹਾਂ ਦਾ ਸੀ ਜਿਵੇਂ ਰੋਮਨ ਹੁਣੇ ਛੱਡ ਕੇ ਵਾਪਸ ਗਏ ਹੋਣ। ਪੱਥਰਾਂ ਦੇ ਉੱਚੇ ਮਕਾਨ, ਗਲੀਆਂ ਤੰਗ, ਤਾਂ ਕਿ ਘੱਟ ਤੋਂ ਘੱਟ ਧੁੱਪ ਆ ਸਕੇ। ਏਨਾ ਗੂੜ੍ਹਾ ਨੀਲਾ ਆਕਾਸ਼ ਜੀਵਨ ਵਿਚ ਪਹਿਲੀ ਵਾਰ ਦੇਖਿਆ। ਇਸੇ ਤਰ੍ਹਾਂ ਜ਼ਮੀਨ ਉਪਰਲੀ ਹਰਿਆਲੀ ਤਾਂ ਜਿਵੇਂ ਪਾਗਲ ਹੋ ਗਈ ਹੋਵੇ। ਜੇ ਇਨ੍ਹਾਂ ਰੰਗਾਂ ਨੂੰ ਕੈਨਵਸ ਉਪਰ ਉਤਾਰਨ ਵਿਚ ਕਾਮਯਾਬ ਹੋ ਗਿਆ ਤਾਂ ਕੀ ਕੋਈ ਮੰਨੇਗਾ ਕਿ ਕਿਤੇ ਇਸ ਤਰ੍ਹਾਂ ਦੇ ਰੰਗ ਮੌਜੂਦ ਹਨ ? ਲਾਲ ਧਰਤੀ, ਚਾਂਦੀ ਰੰਗਾ ਚਮਕਦਾ ਬੱਦਲ ਜਿਵੇਂ ਚੀਕਾਂ ਮਾਰਦਾ ਜਾਂਦਾ ਹੋਵੇ, ਵੱਡੇ ਸੂਹੇ ਗੁਲਾਬ ਤੁਹਾਡੇ ਵੱਲ ਦੇਖਣੋਂ ਨਹੀਂ ਹਟਦੇ। ਕੁਦਰਤ ਨੱਚ ਰਹੀ ਦੇਖੀ। ਬਦਾਮ ਦੇ ਫੁੱਲ ਖਿੜਨੇ ਸ਼ੁਰੂ ਹੋ

ਗਏ ਸਨ। ਏਨੀ ਨੀਝ ਨਾਲ ਦੇਖੀ ਗਿਆ ਕਿ ਥੱਕ ਕੇ ਅੱਖਾਂ ਦੁਖਣ ਲੱਗ ਪਈਆਂ। ਪੈਰਿਸ ਦੀ ਠੰਢ ਜੜ੍ਹੋਂ ਕੱਟੀ ਗਈ, ਸਾਰੀ ਸੁਸਤੀ, ਥਕਾਵਟ ਤੇ ਉਦਾਸੀ ਉੱਡ ਗਈ। ਰੂਹ ਅਨੰਦ ਵਿਭੋਰ ਹੋ ਗਈ।

ਗੁਲਾਬੀ ਮਿੱਟੀ ਦੇ ਕਿਨਾਰਿਆਂ ਵਿਚਕਾਰ ਨੀਲਾ ਦਰਿਆ ਵਗ ਰਿਹਾ ਸੀ। ਦਰੱਖ਼ਤ ਹੇਠ ਔਰਤਾਂ ਕੱਪੜੇ ਧੋ ਰਹੀਆਂ ਸਨ। ਸ਼ਾਮੀਂ ਘੁੰਮ ਫਿਰ ਕੇ ਹੋਟਲ ਦੇ ਬਾਰ ਰੂਮ ਵਿਚ ਜਾ ਬੈਠਾ ਤੇ ਪੈੱਗ ਦਾ ਆਰਡਰ ਦਿੱਤਾ। ਇਕ ਅਜਨਬੀ ਨੇੜੇ ਆ ਬੈਠਾ, ਆਪਣਾ ਨਾਮ ਦੱਸ ਕੇ ਕਿਹਾ - ਮੈਂ ਪੱਤਰਕਾਰ ਹਾਂ। ਤੁਸੀਂ ?

- ਮੈਂ ਆਰਟਿਸਟ।

- ਕਿੰਨਾ ਚਿਰ ਰਹੋਗੇ ?

- ਲੰਮਾ ਸਮਾਂ, ਸ਼ਾਇਦ ਸਾਲ।

- ਨਾ ਰਹੋ ਏਨਾ ਸਮਾਂ, ਸੂਰਜ ਦੀ ਧੁੱਪ ਪਾਗਲ ਕਰ ਦਿੰਦੀ ਹੈ। ਹਨੇਰੀਆਂ ਪੈਰ ਉਖਾੜ ਦਿੰਦੀਆਂ ਹਨ। ਇਥੋਂ ਦੇ ਸਾਰੇ ਵਸਨੀਕ ਨੀਮ ਪਾਗਲ ਹਨ।

ਵਾਨ ਹੱਸਿਆ - ਤੈਨੂੰ ਐਵੇਂ ਲੱਗਾ। ਮੈਂ ਇਥੇ ਟਿਕਾਂਗਾ ਦੇਰ ਤਕ।

ਇਥੇ ਉਸ ਦਾ ਦਿਲ ਲੱਗਾ। ਹਰ ਰੋਜ਼ ਇਕ ਪੇਂਟਿੰਗ ਮੁਕੰਮਲ ਹੋ ਜਾਂਦੀ। ਕਦੀ ਕਦੀ ਤਾਂ ਦੋ ਬਣ ਜਾਂਦੀਆਂ। ਉਸ ਨੇ ਆਪਣੀਆਂ ਕੈਨਵਸਾਂ ਉਪਰ ਧੁੱਪਾਂ ਅਤੇ ਹਨੇਰੀਆਂ ਦਿਖਾਈਆਂ। ਇਕ ਤਸਵੀਰ ਦੇਖ ਕੇ ਆਪਣੇ ਆਪ ਨੂੰ ਕਿਹਾ - ਇਹ ਪੇਂਟਿੰਗ ਦੇਖ ਕੇ ਲੋਕ ਕਿਹਾ ਕਰਨਗੇ ਸ਼ਰਾਬੀ ਹੋ ਕੇ ਬਣਾਈ ਐ।

ਲੋਕ ਉਸਨੂੰ ਠੀਕ ਲੱਗੇ। ਭੂਰੇ ਵਾਲ ਤੇ ਲਾਲ ਸਿਰ ਕਾਰਨ ਲੋਕਾਂ ਨੇ ਆਪੇ ਉਸ ਦਾ ਨਾਮ ਫੂਰੂ ਰੱਖ ਦਿੱਤਾ, ਫੂ ਮਾਇਨ ਫੂਲ, ਰੂ ਮਾਇਨੇ ਰੈੱਡ ਯਾਨੀ ਕਿ ਲਾਲ ਪਾਗਲ। ...ਫੂਰੂ ... ਧੁੱਪੇ ਖਲੋਤਾ ਸਾਰਾ ਸਾਰਾ ਦਿਨ ਪੇਂਟਿੰਗ ਕਰਦਾ। ਹੁਣ ਉਸ ਨੂੰ ਪ੍ਰਵਾਹ ਨਹੀਂ ਸੀ ਮਨਜ਼ੂਰ ਹੋਏਗਾ ਕਿ ਨਹੀਂ, ਰਚਨਾ ਵਿਕੇਗੀ ਕਿ ਨਹੀਂ। ਉਸ ਦੀ ਕੋਈ ਨਿੱਜੀ ਜ਼ਿੰਦਗੀ ਨਹੀਂ ਸੀ। ਨਾ ਔਰਤ, ਨਾ ਬੱਚੇ, ਨਾ ਰੱਬ, ਨਾ ਖਾਣ-ਪੀਣ ਵਿਚ ਦਿਲਚਸਪੀ, ਬਸ ਨਿਰੰਤਰ ਪੇਂਟਿੰਗ, ਪੇਂਟਿੰਗ ਉਸ ਦਾ ਜੀਵਨ ਸੀ, ਪੇਂਟਿੰਗ ਕਰਦਾ, ਹੋਰ ਸਭ ਕੁਝ ਭੁੱਲ ਜਾਂਦਾ, ਬੱਸ ਇਹੀ ਉਸ ਨੂੰ ਚਾਹੀਦਾ ਸੀ।

ਇਕ ਸ਼ਾਮ ਉਸਨੇ ਸ਼ੋਰ ਸ਼ਰਾਬਾ ਸੁਣਿਆ, ਉਸ ਪਾਸੇ ਤੁਰ ਪਿਆ। ਇਹ ਲਾਲਬੱਤੀ ਇਲਾਕਾ ਸੀ, ਕਿਸੇ ਕਾਰਨ ਬਦਮਾਸ਼ਾਂ ਨੇ ਦੋ ਸਿਪਾਹੀ ਮਾਰ ਦਿੱਤੇ ਤੇ ਹੁਣ ਭਾਰੀ ਗਿਣਤੀ ਵਿਚ ਪੁਲਿਸ ਧਰ ਪਕੜ ਕਰ ਰਹੀ ਸੀ। ਚੀਕ ਚਿਲਾਹਟ ਤੋਂ ਬਚ ਕੇ ਉਹ ਇਕ ਹਵੇਲੀ ਵਿਚ ਵੜ ਗਿਆ, ਮਾਲਕ ਨੇ ਹੱਥ ਮਿਲਾਇਆ, ਪੁੱਛਿਆ - ਕੋਈ ਗ਼ਜ਼ਬ ਦੀ ਚੀਜ਼ ਦਿਖਾਵਾਂ ? ਇਕ ਕੁੜੀ ਐ। ਦੇਖਿਓ ਜ਼ਰਾ। ਸੱਦਾ ਭੇਜਿਆ ਤਾਂ ਕੁੜੀ ਨਚਦੀ ਹੋਈ ਕਮਰੇ ਵਿਚ ਆਈ ਤੇ ਗਾਹਕ ਨੂੰ ਸਲਾਮ ਕਿਹਾ।

- ਤੂੰ ? ਤੂੰ ਤਾਂ ਨਿੱਕੀ ਜਿਹੀ ਬਾਲੜੀ ਹੈਂ ? ਵਾਨ ਨੇ ਕਿਹਾ।

- ਨਹੀਂ ... ਮੈਂ ਸੋਲ੍ਹਾਂ ਸਾਲ ਦੀ ਹੋ ਗਈ ਆਂ।

- ਇਥੇ ਕਦੋਂ ਆਈ ?

- ਇਕ ਸਾਲ ਪਹਿਲਾਂ।

ਨੀਲੀਆਂ ਅੱਖਾਂ ਵਾਲੀ ਕੁੜੀ ਸੁਹਣੀ ਸੀ। ਤਿੱਖੀਆਂ ਛਾਤੀਆਂ ਇਉਂ ਲੱਗਦੀਆਂ ਸਨ ਜਿਵੇਂ ਲੜਦਿਆਂ ਹੋਇਆਂ ਕੋਈ ਦੋਵੇਂ ਉਂਗਲਾਂ ਵਿਰੋਧੀ ਵੱਲ ਸੇਧੇ।

ਵਾਨ ਨੇ ਕਿਹਾ - ਤੂੰ ਸੁਹਣੀ ਹੈਂ। ਕੁੜੀ ਖ਼ੁਸ਼ ਹੋ ਗਈ ਤੇ ਕਿਹਾ ਤੂੰ ਵੀ ਸੁਹਣਾ ਹੈਂ ਫ੍ਰੂ ਰੂ। - ਤੈਨੂੰ ਮੇਰੇ ਨਾਮ ਦਾ ਕਿਵੇਂ ਪਤੈ ? - ਤੂੰ ਸਾਰਾ ਦਿਨ ਧੁੱਪੇ ਖਲੋਤਾ ਪੇਂਟ ਕਰਦਾ ਹੁੰਨੈ, ਲੋਕ ਆਪਸ ਵਿਚ ਗੱਲਾਂ ਕਰਦਿਆਂ ਤੈਨੂੰ ਫ੍ਰੂਰੂ ਕਹਿੰਦੇ ਸੁਣੇ ਮੈਂ। ਤੂੰ ਟੋਪ ਵੀ ਨਹੀਂ ਪਾਉਂਦਾ। ਦੇਖ ਤੇਰੀਆਂ ਅੱਖਾਂ ਤੇ ਸਿਰ ਧੁੱਪ ਕਾਰਨ ਕਿੰਨੇ ਲਾਲ ਨੇ। - ਮੇਰਾ ਨਾਮ ਵਾਨ ਹੈ, ਤੂੰ ਵਾਨ ਨੀਂ ਕਹਿ ਸਕਦੀ ? ਕੁੜੀ ਨੇ ਕਿਹਾ - ਨਾ ਨਾ। ਫ੍ਰੂਰੂ ਵਧੀਐ। ਮੇਰਾ ਨਾਮ ਰਛੈਲ ਐ।

- ਵਿਸਕੀ ਮੰਗਵਾਵਾਂ ? ਕੁੜੀ ਨੇ ਪੁੱਛਿਆ।

- ਨਾ ਵਾਈਨ ਠੀਕ ਐ। ਮੇਰੇ ਕੋਲ ਬਹੁਤੇ ਪੈਸੇ ਨਹੀਂ। ਬੋਤਲ ਆ ਗਈ ਤਾਂ ਰਛੈਲ ਨੇ ਕਿਹਾ - ਮੇਰੇ ਕਮਰੇ ਵਿਚ ਚੱਲਦੇ ਆਂ। ਉਥੇ ਪੀਵੀਂ। ਕਮਰੇ ਵਿਚ ਆ ਗਏ। ਵਾਨ ਮੰਜੀ 'ਤੇ ਬੈਠ ਗਿਆ। ਕੰਨ ਦੀ ਮਿੱਠੀ ਲੈ ਕੇ ਰਛੈਲ ਨੇ ਕਿਹਾ - ਤੇਰੇ ਨਿੱਕੇ ਨਿੱਕੇ ਕੰਨ ਕਿੰਨੇ ਸੁਹਣੇ ਨੇ ਫ੍ਰੂਰੂ। ਇਕ ਮਹੀਨੇ ਬਾਦ ਮੇਰੇ ਕੋਲ ਕੋਈ ਗਾਹਕ ਆਇਐ। ਤੂੰ ਹਰ ਰਾਤ ਆਇਆ ਕਰ ਫ੍ਰੂਰੂ। ਵਾਨ ਨੇ ਕਿਹਾ - ਕਿਥੇ, ਮੇਰੇ ਕੋਲ ਏਨੇ ਪੈਸੇ ਕਿਥੇ ? ਕੁੜੀ ਨੇ ਦੋਵੇਂ ਕੰਨ ਹੱਥਾਂ ਵਿਚ ਲੈ ਕੇ ਕਿਹਾ - ਮੇਰੀ ਕੀਮਤ ਪੰਜ ਫਰਾਂਕ ਹੈ ਫ੍ਰੂਰੂ। ਜਿਸ ਦਿਨ ਤੇਰੇ ਕੋਲ ਪੰਜ ਫਰਾਂਕ ਨਾ ਹੋਣ, ਇਕ ਕੰਨ ਦੇ ਜਾਈਂ। ਦੋਵੇਂ ਖ਼ੂਬ ਹੱਸੇ।

ਵਾਨ ਜਾਣ ਲੱਗਾ, ਕੁੜੀ ਨੇ ਕਿਹਾ - ਜਦੋਂ ਦਿਲ ਕਰੇ ਮੇਰੇ ਕੋਲ ਆਇਆ ਕਰੀਂ ਫ੍ਰੂਰੂ। ਹੋਰ ਕਿਸੇ ਕੁੜੀ ਕੋਲ ਨੀ ਜਾਣਾ। ਠੀਕ ?

ਨਿਰਵਿਘਨ ਉਸਦਾ ਕੰਮ ਚੱਲਿਆ, ਏਨੀਆਂ ਤਸਵੀਰਾਂ ਹੋ ਗਈਆਂ ਕਿ ਕਮਰਾ ਭਰ ਗਿਆ, ਉਸਨੇ ਇਕ ਫ਼ਾਲਤੂ ਕਾਨਸ 'ਤੇ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਹੋਟਲ ਮਾਲਕ ਨੇ ਇਸ ਦਾ ਵਾਧੂ ਕਿਰਾਇਆ ਮੰਗਿਆ। ਵਾਨ ਨੇ ਆਪਣੇ ਆਪ ਨੂੰ ਕਿਹਾ - ਜੇ ਮੇਰੇ ਕੋਲ ਪੈਸੇ ਹੁੰਦੇ ਮੈਂ ਆਪਣੀਆਂ ਸਾਰੀਆਂ ਤਸਵੀਰਾਂ ਮਹਿੰਗੇ ਭਾਅ ਖ਼ਰੀਦ ਲੈਂਦਾ। ਪੈਸੇ ਵੀ ਤੇ ਤਸਵੀਰਾਂ ਵੀ, ਦੋਵੇਂ ਮੇਰੇ ਕੋਲ ਰਹਿ ਜਾਂਦੀਆਂ। ਉਸਨੂੰ ਮੋਪਾਸਾਂ ਦਾ ਵਾਕ ਯਾਦ ਆਇਆ - ਕਲਾਕਾਰ ਦਾ ਹਰ ਹੱਕ ਹੈ ਉਹ ਆਪਣਾ ਨਵਾਂ ਸੰਸਾਰ ਸਿਰਜੇ ਜਿਹੜਾ ਦਿਸਦੇ ਸੰਸਾਰ ਤੋਂ ਵਧੀਕ ਸੁਹਣਾ, ਵਧੀਕ ਸਾਦਾ, ਧਰਵਾਸ ਦਿੰਦਾ ਹੋਵੇ ਤੇ ਦਿਸਦੇ ਤੋਂ ਵਧੀਕ ਅਸਲੀ ਹੋਵੇ।

- ਕੀ ਏਨੀ ਵੱਡੀ ਗਿਣਤੀ ਵਿਚ ਤਸਵੀਰਾਂ ਬਣਾਈ ਜਾਣਾ ਠੀਕ ਹੈ ? ਉਸਨੇ ਆਪਣੇ ਆਪ ਨੂੰ ਪੁੱਛਿਆ, ਪਰ ਇਸ ਵਿਚ ਮੇਰਾ ਕੀ ਵੱਸ, ਤੇਜ਼ੀ ਨਾਲ ਖ਼ਿਆਲ ਆ ਰਹੇ ਨੇ, ਤੇਜ਼ੀ ਨਾਲ ਆਪੇ ਬੁਰੱਸ਼ ਚੱਲੀ ਜਾਂਦੈ, ਹੁਣ ਜਜ਼ਬੇ ਮਜ਼ਬੂਤ ਨੇ, ਹੋਣ ਦਿਉ ਜੋ ਹੁੰਦੈ, ਇਕ ਦਿਨ ਆਏਗਾ ਜਦੋਂ ਜਜ਼ਬਿਆਂ ਤੋਂ ਮੁਕਤ ਹੋ ਜਾਵਾਂਗਾ, ਫੇਰ ਬੈਠ ਜਾਵਾਂਗਾ ਚੁੱਪ-ਚਾਪ। ਹਾਲੇ ਕੰਮ ਬਥੇਰਾ ਪਿਐ ਕਰਨ ਵਾਲਾ।

ਡਾਕੀਆ ਰੂਲੈਂ ਆਪਣੇ ਮੁੰਡੇ ਨਾਲ ਕਿਧਰੇ ਜਾ ਰਿਹਾ ਸੀ, ਰਸਤੇ ਵਿਚ ਵਾਨ ਪੇਂਟ ਕਰਦਾ ਦੇਖਿਆ। ਡਾਕੀਏ ਨੇ ਕਿਹਾ - ਮੈਂ ਆਰਟ ਵੱਲੋਂ ਕੋਰਾ ਹਾਂ ਸ੍ਰੀਮਾਨ, ਜੇ ਆਗਿਆ ਦਿਉ ਤਾਂ ਦੇਖ ਲਵਾਂ ਇਹ ਕੀ ਕਰਿਆ ਕਰਦੇ ਹੋ ?

- ਹਾਂ ਖ਼ੁਸ਼ੀ ਨਾਲ ਰੂਲੈਂ।

- ਤੇਰੇ ਚਿੱਤਰੇ ਖੇਤ ਬਿਲਕੁਲ ਅਸਲੀ ਲੱਗਦੇ ਨੇ ਵਾਨ। ਮੈਂ ਜਿਨ੍ਹਾਂ ਖੇਤਾਂ ਵਿੱਚੋਂ ਦੀ ਲੰਘ ਕੇ ਆਇਆਂ, ਉਹੀ ਤਾਂ ਹਨ ਇਹ, ਇਥੇ ਮੇਰੀ ਛਾਤੀ ਵਿਚ ਕੁਝ ਕੰਬ ਰਿਹੈ ਵਾਨ, ਬੇਸ਼ਕ ਹੱਥ ਲਾ ਕੇ ਦੇਖ ਲੈ। ਖੇਤ ਵਿਚਲੀ ਫ਼ਸਲ ਕੱਟੀ ਜਾਵੇਗੀ ਵਾਨ, ਖੇਤ ਸੁੰਨੇ

ਹੋ ਜਾਣਗੇ, ਤੇਰੀ ਇਹ ਫ਼ਸਲ ਜੁਗੋ ਜੁੱਗ ਅਟੱਲ ਰਹੇਗੀ। ਮੈਂ ਅਨਪੜ੍ਹ ਬੰਦਾ ਆਰਟ ਬਾਰੇ ਨਹੀਂ ਜਾਣਦਾ, ਏਨਾ ਜਾਣ ਗਿਆਂ ਕਿ ਤੂੰ ਕਮਾਲ ਐ ਬੱਸ। ਜਦੋਂ ਮੈਂ ਛੋਟਾ ਹੁੰਦਾ ਸਾਂ, ਉਦੋਂ ਮੈਨੂੰ ਰੱਬ ਮਹਿਸੂਸ ਹੋਇਆ ਕਰਦਾ ਸੀ, ਸਮਾਂ ਬੀਤਣ ਨਾਲ ਉਸਦੀ ਸ਼ਕਲ ਧੁੰਧਲੀ ਪੈ ਗਈ, ਅੱਜ ਫੇਰ ਤੇਰੇ ਕਾਗ਼ਜ਼ ਉਪਰ ਦਿੱਸ ਗਿਐ। ਮੇਰੀ ਤਨਖ਼ਾਹ ਘੱਟ ਐ, ਨਹੀਂ ਤਾਂ ਮੈਂ ਕੋਈ ਤਸਵੀਰ ਖ਼ਰੀਦ ਲੈਂਦਾ।

- ਮੈਂ ਕਿਸੇ ਦਿਨ ਤੇਰੀ ਤਸਵੀਰ ਬਣਾ ਕੇ ਤੈਨੂੰ ਗਿਫ਼ਟ ਦੇ ਕੇ ਜਾਵਾਂਗਾ।

- ਸ੍ਰੀਮਾਨ ਇਹ ਦੱਸੋ, ਇਸ ਸੰਸਾਰ ਤੋਂ ਬਿਨਾਂ ਵੀ ਕੋਈ ਹੋਰ ਦੁਨੀਆਂ ਹੈ ?

- ਇਹ ਤਾਂ ਮੈਨੂੰ ਬਹੁਤਾ ਪਤਾ ਨਹੀਂ ਪਰ ਲੱਗਦਾ ਇਉਂ ਹੈ ਜਿਵੇਂ ਬੱਸਾਂ ਤੇ ਰੇਲਾਂ, ਸਾਨੂੰ ਇਕ ਤੋਂ ਦੂਜੀ ਥਾਂ ਲੈ ਜਾਂਦੀਆਂ ਹਨ, ਇਸੇ ਤਰ੍ਹਾਂ ਟਾਈਫ਼ਾਈਡ, ਤਪਦਿਕ ਤੇ ਪਲੇਗ ਸਾਨੂੰ ਇਕ ਦੁਨੀਆਂ ਵਿੱਚੋਂ ਚੁੱਕ ਕੇ ਦੂਜੀ ਵਿਚ ਲੈ ਜਾਂਦੀਆਂ ਹਨ।

- ਤੁਸੀਂ ਮੇਰੀ ਤਸਵੀਰ ਨਹੀਂ ਬਣਾਉਗੇ ਸ੍ਰੀਮਾਨ ਕਿਉਂਕਿ ਜਿਹੋ ਜਿਹੇ ਬਦਸੂਰਤ ਬੰਦੇ ਤੁਹਾਨੂੰ ਚਾਹੀਦੇ ਹਨ ਮੈਂ ਉਨਾ ਬਦਸ਼ਕਲ ਨਹੀਂ।

ਵਾਨ ਹੱਸ ਪਿਆ - ਤੂੰ ਰੱਬ ਵਰਗੈਂ। ਰੱਬ ਦੀ ਇਹੋ ਜਿਹੀ ਦਾਹੜੀ ਤੇ ਮੁੱਛਾਂ ਨੇ।

- ਤੁਸੀਂ ਮਜ਼ਾਕ ਨਾ ਕਰੋ ਸ੍ਰੀਮਾਨ, ਕੱਲ੍ਹ ਸ਼ਾਮੀਂ ਸਾਡੇ ਘਰ ਖਾਣਾ ਖਾਣ ਆਉਣਾ। ਬਹੁਤ ਕੁਝ ਤਾਂ ਨਹੀਂ ਹੋਣਾ, ਪਰ ਜੋ ਵੀ ਹੈ, ਆਉਣਾ ਜ਼ਰੂਰ।

ਅਗਲੇ ਦਿਨ ਖਾਣਾ ਖਾਂਦਿਆਂ ਡਾਕੀਏ ਨੇ ਕਿਹਾ - ਮੈਂ ਜੁਆਨੀ ਵਿਚ ਰਿਪਬਲੀਕਨ ਹੁੰਦਾ ਸੀ। ਮੈਨੂੰ ਲੱਗਦਾ ਹੁੰਦਾ ਅਸੀਂ ਰਾਜਿਆਂ ਕਰਕੇ ਗ਼ਰੀਬ ਆਂ। ਲੋਕਤੰਤਰ ਵਿਚ ਸਾਰੇ ਬਰਾਬਰ ਹੋਣਗੇ। ਪਰ ਕੁਝ ਵੀ ਨਹੀਂ ਬਦਲਿਆ, ਉਹੀ ਕੁਝ ਸਭ। ਮੈਂ ਅਨਪੜ੍ਹ ਹਾਂ ਸ੍ਰੀਮਾਨ, ਜੇ ਮੈਂ ਪੜ੍ਹਿਆ ਹੁੰਦਾ ਸ਼ਾਇਦ ਇਨ੍ਹਾਂ ਗੱਲਾਂ ਬਾਰੇ ਪਤਾ ਲੱਗ ਈ ਜਾਂਦਾ। ਵਾਨ ਹੱਸਿਆ - ਮੈਂ ਵੀ ਅਨਪੜ੍ਹ ਆਂ। ਮੈਨੂੰ ਵੀ ਕੋਈ ਪਤਾ ਨੀ ਲੱਗਦਾ ਇਸ ਸਾਰੇ ਕਾਸੇ ਦਾ।

ਸੋਚਣ ਲੱਗਾ - ਏਨਾ ਕੰਮ ਕਿਵੇਂ ਕਰੀ ਜਾਨਾਂ ? ਮੈਨੂੰ ਯਕੀਨ ਐ ਮਰਨ ਪਿੱਛੋਂ ਜਦੋਂ ਮੇਰਾ ਜਿਸਮ ਲੱਕੜ ਵਾਂਗ ਆਕੜ ਜਾਵੇਗਾ, ਮੇਰੀਆਂ ਉਂਗਲਾਂ ਉਦੋਂ ਵੀ ਪੇਂਟ ਕਰਨ ਵਾਸਤੇ ਨਰਮ, ਨਾਜ਼ਕ ਰਹਿਣਗੀਆਂ।

ਹੋਟਲ ਦਾ ਕਮਰਾ ਤੰਗ ਸੀ ਤੇ ਮਹਿੰਗਾ ਵੀ। ਸਰਦੀਆਂ ਵਿਚ ਉਹ ਫੀਲਡਵਰਕ ਤਾਂ ਕਰ ਨਹੀਂ ਸਕੇਗਾ, ਇਸ ਲਈ ਜੇ ਕੋਈ ਸਸਤਾ ਜਿਹਾ ਘਰ ਮਿਲ ਜਾਵੇ। ਉਸ ਨੇ ਡਾਕੀਏ ਦੀ ਮਦਦ ਲਈ। ਇਕ ਘਰ ਲੱਭ ਗਿਆ। ਡਾਕੀਏ ਨੇ ਕਿਹਾ - ਤੁਸੀਂ ਗੱਲ ਨਾ ਕਰਿਉ। ਤੁਹਾਨੂੰ ਸੌਦੇਬਾਜ਼ੀ ਕਰਨੀ ਨਹੀਂ ਆਉਂਦੀ। ਘਰ ਦੇਖਿਆ ਤਾਂ ਵਾਨ ਨੇ ਕਿਹਾ - ਏਨਾ ਵੱਡਾ ਘਰ ਨੀ ਮੈਂ ਲੈ ਸਕਦਾ, ਪੈਸੇ ਨਹੀਂ। ਕਿਰਾਏ ਦੀ ਗੱਲ ਹੋਣ ਲੱਗੀ। ਮਾਲਕ ਨੇ ਪੁੱਛਿਆ - ਪਹਿਲਾਂ ਇਹ ਦੱਸੋ, ਕਿੰਨਾ ਚਿਰ ਰਹੋਗੇ ? ਵਾਨ ਨੇ ਕਿਹਾ - ਘੱਟੋ ਘੱਟ ਛੇ ਮਹੀਨੇ, ਪਰ ਵੱਧ ਵੀ ਹੋ ਸਕਦੈ। ਮਾਲਕ ਨੇ ਕਿਹਾ - ਅੱਛਾ ? ਛੇ ਮਹੀਨੇ ? ਪੰਦਰਾਂ ਫਰਾਂਕ ਜ਼ਿਆਦਾ ਤਾਂ ਨਹੀਂ ? ਸੌਦਾ ਹੋ ਗਿਆ, ਏਨਾ ਸਸਤਾ ? ਹੋਟਲ ਦੇ ਖ਼ਰਚ ਦਾ ਤੀਜਾ ਹਿੱਸਾ।

ਪਾਲ ਗੋਗੈਂ ਦਾ ਖ਼ਤ ਆਇਆ - ਕਰਜ਼ੇ ਕਾਰਨ ਜੇਲ੍ਹ ਦੀ ਹਵਾ ਖਾ ਕੇ ਆਇਆਂ, ਲਹਿਣੇਦਾਰ ਨੇ ਮੇਰੀਆਂ ਤਸਵੀਰਾਂ ਨੂੰ ਜੰਦਰਾ ਮਾਰ ਰੱਖਿਐ - ਪੈਸੇ ਦੇ ਜਾਈਂ ਤੇ ਇਹ ਕਚਰਾ ਲੈ ਜਾਈਂ। ਮੇਰੀ ਹਾਲਤ ਮੰਗਤੇ ਵਰਗੀ ਹੋ ਗਈ ਹੈ।

ਪੜ੍ਹ ਕੇ ਵਾਨ ਰੋ ਪਿਆ। ਏਨਾ ਸ਼ਾਨਦਾਰ ਕਲਾਕਾਰ, ਉਹ ਕਲਾਕਾਰ ਜਿਸ ਦੇ

ਮੋਢਿਆਂ ਉਪਰ ਭਵਿੱਖ ਦੇ ਸੁਫ਼ਨੇ ਰੰਗਾਂ ਵਿਚ ਰੰਗੇ ਹੋਏ ਨੇ, ਉਸਦਾ ਇਹ ਹਾਲ। ਜ਼ਮਾਨੇ ’ਤੇ ਲੱਖ ਲਾਹਨਤ। ਉਸ ਨੂੰ ਇਕ ਗੱਲ ਸੁੱਝੀ। ਜੇ ਗੋਗੈਂ ਇਥੇ ਆ ਜਾਵੇ ? ਡੇਢ ਸੌ ਵਿਚ ਦੋਵਾਂ ਦਾ ਗੁਜ਼ਾਰਾ ਚੱਲ ਸਕਦੈ। ਉਸ ਨਾਲ ਰਹਿਣਾ ਇਉਂ ਹੋਵੇਗਾ ਜਿਵੇਂ ਸੁਰਗ ਵਿਚ ਰਹੀਏ, ਉਸ ਤੋਂ ਕਿੰਨਾ ਕੁਝ ਸਿੱਖਣ ਨੂੰ ਮਿਲੇਗਾ, ਤੇ ਡੇਢ ਸੌ ਕਿਉਂ ? ਗੋਗੈਂ ਪੇਂਟਿੰਗਜ਼ ਭੇਜਦਾ ਰਹੇਗਾ ਥੀਓ ਨੂੰ, ਉਸਦੀਆਂ ਕਿਰਤਾਂ ਤਾਂ ਵਿਕਣ ਲੱਗ ਗਈਆਂ ਨੇ, ਥੀਓ ਦੋ ਸੌ ਵੀ ਭੇਜ ਸਕਦੈ। ਦੇਖਦੇ ਆਂ।

ਡਾਕੀਆ ਆਇਆ। ਖ਼ਾਲੀ ਕੈਨਵਸ ਦੇਖ ਕੇ ਪੁੱਛਿਆ - ਕੀ ਬਣਾਉਗੇ ਸ੍ਰੀਮਾਨ ?

ਵਾਨ ਨੇ ਕਿਹਾ - ਪਤਝੜ। ਆਹ, ਦੇਖ, ਇਥੇ ਇਸ ਪਾਸੇ ਸਰੂ ਦੇ ਦਰੱਖ਼ਤਾਂ ਦੀ ਕਤਾਰ ਹੋਏਗੀ, ਬੋਤਲਾਂ ਵਰਗੇ ਸਰੂ ਇਥੇ, ਚੈਸਨਟ ਦੇ ਪੀਲੇ ਪੱਤਿਆਂ ਵਾਲੇ ਦਰੱਖ਼ਤ, ਥੋੜ੍ਹੇ ਕੁ ਨਿੰਬੂ, ਝਾੜੀਆਂ ਦੀ ਵਾੜ ਇਧਰੋਂ ਉਧਰ ਜਾਏਗੀ, ਐਥੇ ਰੇਤ, ਐਥੇ ਘਾਹ ਹੋਏਗਾ, ਆਹ ਪਗਡੰਡੀ ਜਾ ਰਹੀ ਹੈ। ਉਪਰ ਨੀਲਾ ਖ਼ਾਲੀ ਆਕਾਸ਼।

- ਵਾਹ ਸ੍ਰੀਮਾਨ ਵਾਹ। ਤੁਸੀਂ ਗ਼ਜ਼ਬ ਹੋ। ਖ਼ਾਲੀ ਕਾਗ਼ਜ਼ ਉਪਰ ਤੁਸੀਂ ਪੂਰਾ ਬਾਗ਼ ਦਿਖਾ ਦਿੱਤਾ, ਤੁਸੀਂ ਅੰਨ੍ਹੇ ਨੂੰ ਅੱਖਾਂ ਦੇ ਸਕਦੇ ਹੋ। ਕਮਾਲ।

ਥੀਓ ਨੇ ਗੋਗੈਂ ਦੇ ਕਿਰਾਏ ਦਾ ਪ੍ਰਬੰਧ ਕਰ ਦਿੱਤਾ। ਥੋੜ੍ਹੇ ਕੁ ਪੈਸੇ ਵਾਨ ਨੂੰ ਵਾਧੂ ਖ਼ਰਚੇ ਲਈ ਭੇਜੇ। ਰੰਗ ਅਤੇ ਕਾਗ਼ਜ਼ ਭੇਜੇ। ਵਾਨ ਨੇ ਪੂਰੀ ਜਾਨ ਲਾ ਕੇ ਉਸਦਾ ਬੈਡਰੂਮ ਸਜਾਉਣਾ ਸ਼ੁਰੂ ਕੀਤਾ। ਖ਼ੁਦ ਭੁੰਜੇ ਸੌਂ ਲਵੇਗਾ, ਉਸਤਾਦ ਦਾ ਕਮਰਾ ਵਧੀਆ ਹੋਣਾ ਚਾਹੀਦੈ।

ਗਰਮੀ ਦੀ ਰੁੱਤ ਆਈ, ਸੂਰਜਮੁਖੀ ਖਿੜੇ, ਕੈਨਵਸਾਂ ’ਤੇ ਉਤਰੇ ਤੇ ਨਾਲ ਹੀ ਆ ਉਤਰਿਆ ਪਾਲ ਗੋਗੈਂ। ਮਾਲਕ ਮਕਾਨ ਨੇ ਚਹਿਕਦਿਆਂ ਕਿਹਾ - ਮੈਂ ਤੁਹਾਨੂੰ ਦੇਖਿਐ ਸ੍ਰੀਮਾਨ, ਪਹਿਲਾਂ ਦੇਖਿਐ।

- ਕਿਥੇ ?

- ਤੁਸੀਂ ਵਾਨ ਨੂੰ ਆਪਣੀ ਪੇਂਟਿੰਗ ਭੇਜੀ ਸੀ, ਮੈਂ ਦੇਖੀ ਸੀ। ਤੁਸੀਂ ਸ਼ਾਨਦਾਰ ਪੇਂਟਰ ਹੋ ਸ੍ਰੀਮਾਨ।

ਵਾਨ ਅਤੇ ਗੋਗੈਂ ਕਲਾ ਦੀ ਥਿਊਰੀ ਉਪਰ ਇਕ ਦੂਜੇ ਤੋਂ ਉਲਟ ਹੁੰਦੇ। ਜਿਹੜੇ ਕਲਾਕਾਰ ਅਤੇ ਜਿਹੜੀ ਸ਼ੈਲੀ ਵਾਨ ਦੀ ਮਨਪਸੰਦ, ਗੋਗੈਂ ਉਸ ਦੇ ਖ਼ਿਲਾਫ਼। ਜਿਨ੍ਹਾਂ ਮਸਲਿਆਂ ਉਪਰ ਉਹ ਸਹਿਮਤ ਹੁੰਦੇ, ਉਨ੍ਹਾਂ ਦੀ ਸਹਿਮਤੀ ਦੇ ਕਾਰਨ ਵੀ ਇਕ ਦੂਜੇ ਦੇ ਉਲਟ ਹੁੰਦੇ।

- ਤੈਨੂੰ ਕਦੀ ਪੇਂਟਿੰਗ ਕਰਨੀ ਨਹੀਂ ਆਉਣੀ ਵਾਨ। ਤੂੰ ਕੁਦਰਤ ਦੀ ਨਕਲ ਕਿਉਂ ਕਰਦੈਂ ? ਕੁਦਰਤ ਨੂੰ ਦੇਖ। ਫਿਰ ਵਾਪਸ ਘਰ ਆ ਕੇ ਠੰਢੇ ਦਿਮਾਗ਼ ਨਾਲ ਠੰਢੇ ਖ਼ੂਨ ਨਾਲ ਉਤਾਰ।

- ਠੰਢਾ ਦਿਮਾਗ਼ ? ਕਿਉਂ ? ਮੈਂ ਇਥੇ ਗਰਮ ਖ਼ੂਨ ਅਤੇ ਗਰਮ ਦਿਮਾਗ਼ ਵਾਸਤੇ ਏਡੀ ਦੂਰ ਆਇਆ। ਮੈਨੂੰ ਗਰਮੀ ਦੀ ਲੋੜ ਹੈ ਠੰਢ ਦੀ ਨਹੀਂ। ਪੈਰਿਸ ਨਹੀਂ ਚਾਹੀਦਾ।

- ਦੂਜਾ ਪਰਚਾਰ ਕਰਨਾ ਛੱਡ ਦੇਹ। ਪਰਚਾਰ ਕਰਨੈ ਤਾਂ ਚਰਚ ਵਿਚ ਜਾਹ। ਪੇਂਟਿੰਗ ਪ੍ਰਵਚਨ ਨਹੀਂ ਕਰਦੀ, ਕਹਾਣੀ ਨਹੀ ਸੁਣਾਉਂਦੀ, ਦਿਸਦੀ ਹੋਈ ਵੀ ਅਦ੍ਰਿਸ਼ਟ ਹੈ। ਇਸ ਦਾ ਆਪਣਾ ਕੋਈ ਫਲਸਫਾ ਨਹੀਂ ਹੁੰਦਾ, ਕੇਵਲ ਸਟਾਈਲ ਹੁੰਦਾ ਹੈ। ਖ਼ੈਰ ਤੇਰੀ ਮਰਜ਼ੀ। ਅੱਜ ਤੇਰੀਆਂ ਕੋਠੇ ਵਾਲੀਆਂ ਕੋਲ ਚੱਲਾਂਗੇ।

- ਠੀਕ ਐ। ਪਰ ਰਛੈਲ ਮੇਰੀ ਹੈ। ਉਸ ਵੱਲ ਦੇਖਣਾ ਵੀ ਨਹੀਂ। ਠੀਕ ?

ਸ਼ਾਮੀਂ ਦੋਵੇਂ ਹਵੇਲੀ ਵਿਚ ਗਏ। ਰਛੈਲ ਦੌੜੀ ਆਈ ਤੇ ਵਾਨ ਦੀ ਗੋਦ ਵਿਚ ਬੈਠ ਗਈ। ਹਵੇਲੀ ਦੇ ਮਾਲਕ ਲੂਈ ਨਾਲ ਗੋਗੈਂ ਦੀ ਵਾਕਫ਼ੀ ਕਰਵਾਈ। ਲੂਈ ਨੇ ਕਿਹਾ - ਸ੍ਰੀਮਾਨ ਮੈਂ ਪਿਛਲੇ ਸਾਲ ਪੈਰਿਸ ਤੋਂ ਦੋ ਤਸਵੀਰਾਂ ਖ਼ਰੀਦ ਲਿਆਇਆ ਸਾਂ। ਜ਼ਰਾ ਦੇਖੋਗੇ ? ਗੋਗੈਂ, ਲੂਈ ਨਾਲ ਚਲਾ ਗਿਆ ਤੇ ਰਛੈਲ ਵਾਨ ਨੂੰ ਆਪਣੇ ਕਮਰੇ ਵਿਚ ਲੈ ਗਈ। ਵਾਨ ਨੇ ਕਿਹਾ - ਮੈਂ ਇਥੇ ਛੇ ਮਹੀਨਿਆਂ ਤੋਂ ਆ ਰਿਹਾਂ, ਮੈਨੂੰ ਤਾਂ ਲੂਈ ਨੇ ਤਸਵੀਰਾਂ ਦੇਖਣ ਲਈ ਕਦੀ ਕਿਹਾ ਨਹੀਂ। ਰਛੈਲ ਹੱਸੀ - ਤੈਨੂੰ ਪੇਂਟਰ ਕੌਣ ਸਮਝਦੈ ਫੂਊ ? ਤੂੰ ਮਹੀਨਿਆਂ ਬਾਦ ਆਇਐਂ। ਮੇਰੀ ਯਾਦ ਨੀਂ ਆਉਂਦੀ ?

- ਨਹੀਂ ਇਹ ਗੱਲ ਨਹੀਂ ਰਛੈਲ। ਮੇਰੇ ਕੋਲ ਪੈਸੇ ਨਹੀਂ ਹੁੰਦੇ।

ਉਸਨੇ ਦੋਵੇਂ ਕੰਨ ਆਪਣੇ ਹੱਥਾਂ ਵਿਚ ਲੈ ਕੇ ਵਾਰੀ ਵਾਰੀ ਚੁੰਮੇ। ਕਿੰਨੇ ਸੁਹਣੇ। ਜੇ ਕਿਤੇ ਹੋ ਸਕਦਾ, ਇਥੋਂ ਕੱਟ ਕੇ ਇਹ ਮੈਂ ਆਪਣੇ ਸਿਰ ਉਪਰ ਸਿਉਂ ਲੈਂਦੀ।

ਕੋਈ ਹੱਸਿਆ ਸੀ ਕਿ ਰੋਇਆ, ਪਤਾ ਨਹੀਂ। ਹਾਲ ਵਿੱਚੋਂ ਚੀਕਣ ਦੀ ਆਵਾਜ਼ ਆਈ। ਵਾਨ ਅਤੇ ਰਛੈਲ ਉਧਰ ਤੁਰ ਪਏ। ਗੋਗੈਂ ਫ਼ਰਸ਼ 'ਤੇ ਡਿੱਗਿਆ ਪਿਆ ਰੋ ਰਿਹਾ ਸੀ। ਵਾਨ ਨੂੰ ਦੇਖ ਕੇ ਕਹਿਣ ਲੱਗਾ - ਆਹ ਦੇਖ ... ਕੰਧ ਉਪਰਲੀਆਂ ਦੋ ਤਸਵੀਰਾਂ ਦੇਖ। ਲੂਈ, ਗੂਪਲਜ਼ ਕੰਪਨੀ ਤੋਂ ਖ਼ਰੀਦ ਕੇ ਲਿਆਇਐ। ਵੇਸਵਾਵਾਂ ਦੇ ਕੋਠੇ ਤੱਕ ਤਾਂ ਪਹੁੰਚੇ ਆਖ਼ਰ। ਹੋਰ ਥਾਵਾਂ 'ਤੇ ਵੀ ਪੁੱਜਾਂਗੇ। ਉਹ ਦਰਵਾਜ਼ਿਓਂ ਬਾਹਰ ਭੱਜਣ ਲੱਗਾ ਤਾਂ ਵਾਨ ਨੇ ਪੁੱਛਿਆ - ਕਿੱਧਰ ਚੱਲਿਐਂ ਹੁਣ ? ਡਾਕਖ਼ਾਨੇ। ਆਪਣੇ ਭਰਾ ਨੂੰ ਟੈਲੀਗ੍ਰਾਮ ਦੇਣ।

ਅਗਲੀ ਸ਼ਾਮ ਵਾਨ ਦੀਆਂ ਤਸਵੀਰਾਂ ਦੇਖ ਕੇ ਗੋਗੈਂ ਨੇ ਕਿਹਾ - ਸਾਰੀ ਉਮਰ ਨਹੀਂ। ਸਾਰੀ ਉਮਰ ਤੈਨੂੰ ਬਰੱਸ਼ ਚਲਾਉਣਾ ਨੀ ਆਉਣਾ। ਆਪਣੇ ਸਿਰ ਵਿੱਚੋਂ ਡੱਚ ਦਿਮਾਗ਼ ਕੱਢ ਦੇ ਵਾਨ, ਦੁਨੀਆਂ ਕਬੂਲ ਕਰ ਲਏਗੀ।

- ਇਹ ਮੇਰਾ ਸਟੂਡੀਓ ਹੈ ਸ੍ਰੀਮਾਨ, ਮੇਰੀਆਂ ਤਸਵੀਰਾਂ। ਮੈਂ ਮਨਜ਼ੂਰ ਨਾਮਨਜ਼ੂਰ ਨੂੰ ਲੱਤ ਨੀ ਮਾਰਦਾ। ਜਿਵੇਂ ਦਿਲ ਕਰੇ ਤੂੰ ਲਕੀਰਾਂ ਮਾਰ, ਮੈਂ ਤੈਨੂੰ ਕਦੇ ਟੋਕਿਐ ?

- ਤੈਨੂੰ ਤਾਂ ਪੋਸਟਕਾਰਡ ਦੀ ਸਟੈਂਪ ਵਿਸਮਾਦਿਤ ਕਰ ਦਿੰਦੀ ਐ ਮੂਰਖ ਵਾਨ, ਤੈਨੂੰ ਕੀ ਪਤਾ ਦੇਗਾ ਕੀ ਕੀ ਪੇਂਟ ਕਰ ਦਿੰਦੈ।

- ਦੇਗਾ ਕੀ ਚੀਜ਼ ? ਮਿਛਲੇ ਦਾ ਕੰਮ ਦੇਖਿਐ ?

- ਮਿਛਲੇ ? ਜਜ਼ਬਾਤੀ...ਪਾਗਲ...ਉਹ ਕੀ ਕਰ ਸਕਦੈ ?

- ਮਿਛਲੇ ਮੇਰਾ ਰੂਹਾਨੀ ਉਸਤਾਦ ਹੈ, ਮੇਰਾ ਪਿਤਾ, ਸਮਝਿਆ ?

ਉਹਨੂੰ ਨਾ ਤੈਨੂੰ ਰੰਗਾਂ ਦੇ ਮੇਲ ਦਾ ਕੋਈ ਪਤਾ ਨਹੀਂ। ਰੰਗਾਂ ਵਿਚ ਸੁਫ਼ਨੇ ਭਰਨੇ ਹੁੰਦੇ ਨੇ, ਰੰਗਾਂ ਤੋਂ ਪਰੇਡ ਨਹੀਂ ਕਰਵਾਈਦੀ ਬਰਗੇਡੀਅਰ। ਇਕ ਗੱਲ ਤੈਨੂੰ ਹੋਰ ਦੱਸਾਂ ਵਾਨ ? ਜਿਹੜੇ ਬੰਦੇ ਮੇਰੇ ਨਾਲ ਬਹਿਸ ਕਰਦੇ ਨੇ ਉਨ੍ਹਾਂ ਦਾ ਦਿਮਾਗ਼ ਹਿੱਲ ਜਾਂਦੈ।

ਵਾਨ ਹੱਸਿਆ - ਧਮਕੀ ਦੇ ਰਿਹੈਂ ?

- ਨਾ ਸੂਚਨਾ ਦੇ ਰਿਹਾਂ।

ਬੇਪ੍ਰਵਾਹ ਹੋ ਕੇ ਧੁੱਪ ਵਿਚ ਖਲੋਤਾ ਵਾਨ ਧੜਾ-ਧੜਾ ਪੇਂਟਿੰਗ-ਦਰ-ਪੇਂਟਿੰਗ ਕਰ ਰਿਹਾ ਸੀ। ਕਦੀ ਕਦੀ ਇਕ ਦਿਨ ਵਿਚ ਤਿੰਨ, ਸੋਚਦਾ - ਕੀ ਪਤਾ ਜੀਵਨ ਕਿੰਨਾ ਕੁ ਚਿਰ ਉਪਜਾਊ ਰਹੇਗਾ, ਪੱਕੀ ਫ਼ਸਲ ਸਾਂਭਣੀ ਠੀਕ। ਸਮਾਂ ਕੈਲੰਡਰਾਂ ਦੀ ਥਾਂ ਮੇਰੀਆਂ

ਤਸਵੀਰਾਂ ਰਾਹੀਂ ਮਿਣਿਆ ਜਾਏਗਾ। ਦੁਨੀਆਂ ਨੂੰ ਕਦੋਂ ਪਤਾ ਲੱਗੇਗਾ ਦੁਨੀਆਂ ਜਾਣੇ, ਵਾਨ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਮੰਜ਼ਲ ਤੱਕ ਪੁੱਜ ਗਿਆ ਹੈ, ਸੰਪੂਰਨਤਾ ਤੱਕ। ਇਹੋ ਕਾਫ਼ੀ ਸੀ।

ਗੋਗੈਂ ਨੇ ਪੇਂਟ ਕਰਦੇ ਵਾਨ ਦਾ ਚਿੱਤਰ ਬਣਾਇਆ, ਦੇਖ ਕੇ ਵਾਨ ਨੇ ਕਿਹਾ - ਹਾਂ, ਇਹ ਹਾਂ ਤਾਂ ਮੈਂ ਹੀ ਪਰ ਇਉਂ ਲੱਗਦੈ ਜਿਵੇਂ ਕਿਸੇ ਪਾਗਲ ਵਾਨ ਦੀ ਤਸਵੀਰ ਹੋਵੇ। ਦੋਵੇਂ ਜਣੇ ਹੋਟਲ ਵਿਚ ਜਾ ਕੇ ਵਿਸਕੀ ਪੀਣ ਲੱਗੇ। ਅਚਾਨਕ ਵਾਨ ਨੇ ਪੈੱਗ ਵਾਲਾ ਗਲਾਸ ਗੋਗੈਂ ਦੇ ਸਿਰ ਵਿਚ ਮਾਰਿਆ, ਵੱਜਣ ਪਿੱਛੋਂ ਜ਼ਮੀਨ 'ਤੇ ਟੋਟੇ ਟੋਟੇ ਹੋ ਕੇ ਖਿਲਰ ਗਿਆ। ਉਸਨੇ ਵਾਨ ਨੂੰ ਬਾਹਾਂ ਵਿਚ ਚੁੱਕ ਲਿਆ ਤੇ ਮੰਜੇ 'ਤੇ ਲਿਟਾ ਦਿੱਤਾ। ਤੁਰਤ ਸੌਂ ਗਿਆ। ਅਗਲੀ ਸਵੇਰ ਉੱਠ ਕੇ ਕਿਹਾ - ਗੋਗੈਂ ਮੈਨੂੰ ਮਾੜਾ ਕੁ ਯਾਦ ਹੈ ਜਿਵੇਂ ਮੈਂ ਕੱਲ੍ਹ ਤੇਰੀ ਬੇਇਜ਼ਤੀ ਕੀਤੀ ਹੋਵੇ।

- ਮੈਂ ਤੈਨੂੰ ਬੇਪ੍ਰਵਾਹ ਦਿਲ ਨਾਲ ਮਾਫ਼ ਕਰ ਦਿੱਤਾ ਹੈ। ਤੈਨੂੰ ਪਤੈ ਮੈਂ ਤੇਰੇ ਤੋਂ ਤਕੜਾ ਹਾਂ ? ਜੇ ਮੈਨੂੰ ਗ਼ੁੱਸਾ ਚੜ੍ਹ ਜਾਂਦਾ ਫੇਰ ਤੇਰਾ ਕੀ ਬਣਦਾ ? ਇਕ ਗੱਲ ਮੈਂ ਕਰਾਂਗਾ। ਤੇਰੇ ਵਿਹਾਰ ਬਾਰੇ ਥੀਓ ਨੂੰ ਦੱਸਾਂਗਾ ਤੇ ਜਲਦੀ ਪੈਰਿਸ ਲਈ ਰਵਾਨਾ ਹੋਵਾਂਗਾ।

- ਨਾ ਨਾ ਗੋਗੈਂ ਇਹ ਘਰ, ਇਸ ਘਰ ਦੀ ਹਰੇਕ ਚੀਜ਼ ਤਾਂ ਮੈਂ ਤੇਰੇ ਲਈ ਖ਼ਰੀਦੀ ਸੀ। ਮੈਨੂੰ ਛੱਡ ਜਾਏਂਗਾ ? ਵਾਨ ਨੇ ਮਾਫ਼ੀਆਂ ਮੰਗੀਆਂ, ਹੱਥ ਜੋੜੇ, ਬੁਰੇ ਲਫ਼ਜ਼ ਕਹੇ, ਫਿਰ ਧਮਕੀ ਦਿੱਤੀ, ਫਿਰ ਰੋ ਪਿਆ। ਪੀਲੇ ਘਰ ਵਿਚ ਜਜ਼ਬਿਆਂ ਦਾ ਤੂਫ਼ਾਨ ਚੱਲਿਆ। ਗੋਗੈਂ ਸਾਰੀ ਰਾਤ ਨਾ ਸੌਂਦਾ, ਸਵੇਰ ਸਾਰ ਸੌਂ ਜਾਂਦਾ। ਉਹਨੂੰ ਲੱਗਦਾ, ਜਦੋਂ ਸੁੱਤਾ ਹੁੰਨਾ, ਵਾਨ ਮੇਰੇ ਸਿਰ੍ਹਾਣੇ ਖਲੋਤਾ ਰਹਿੰਦੈ, ਕਿਉਂ ? ਇਕ ਦਿਨ ਪੁੱਛਿਆ - ਤੈਨੂੰ ਹੋਇਆ ਕੀ ਐ ਵਾਨ ? ਵਾਨ ਨੇ ਕੋਈ ਉੱਤਰ ਨਾ ਦਿੱਤਾ, ਬਿਸਤਰੇ 'ਤੇ ਲੇਟਿਆ, ਸੌਂ ਗਿਆ।

ਅਗਲੀ ਰਾਤ ਵਾਨ ਫਿਰ ਗੋਗੈਂ ਦੇ ਸਿਰ੍ਹਾਣੇ ਆ ਖਲੋਤਾ, ਉੱਚੀ ਆਵਾਜ਼ ਵਿਚ ਉਸ ਨੇ ਕਿਹਾ - ਜਾਹ ਸੌਂ ਜਾ ਵਾਨ। ਜਾ ਕੇ ਸੌਂ ਗਿਆ।

ਅਗਲੀ ਸਵੇਰ ਵਾਨ ਨੇ ਸੂਪ ਬਣਾ ਕੇ ਗੋਗੈਂ ਨੂੰ ਕੱਪ ਦਿੱਤਾ। ਘੁੱਟ ਭਰ ਕੇ ਗੋਗੈਂ ਦਹਾੜਿਆ - ਤੂੰ ਅੱਖ ਬਚਾ ਕੇ ਮੇਰੇ ਸੂਪ ਵਿਚ ਪੇਂਟ ਮਿਲਾ ਦਿੱਤੈ। ਵਾਨ ਹੱਸ ਪਿਆ। ਸ਼ਾਮੀਂ ਦੋਵੇਂ ਕੋਠੇ ਵਾਲੀਆਂ ਕੋਲ ਚਲੇ ਗਏ। ਰਛੈਲ ਆਈ, ਹੱਸ ਕੇ ਕਹਿਣ ਲੱਗੀ - ਮੇਰੇ ਕਮਰੇ ਵਿਚ ਚੱਲ ਫੂਕੂ। ਵਾਨ ਨੇ ਕਿਹਾ - ਨਹੀਂ। ਮੇਰੇ ਕੋਲ ਪੰਜ ਫਰਾਂਕ ਨਹੀਂ। ਤਾਂ ਕੀ ਫੂਕੂ ? ਇਕ ਕੰਨ ਦੇ ਦਈਂ। ਪੰਜ ਪੰਜ ਫਰਾਂਕ ਦੇ ਤਾਂ ਹੈਗੇ ਇਹ। ਠੀਕ ਹੈ, ਵਾਨ ਨੇ ਕਿਹਾ।

ਘਰ ਆਏ। ਵਾਨ ਨੇ ਉਸਤਰਾ ਚੁੱਕਿਆ। ਗ਼ੁਸਲਖ਼ਾਨੇ ਦੇ ਸ਼ੀਸ਼ੇ ਸਾਹਮਣੇ ਖਲੋ ਕੇ ਇਕ ਹੁਝਕੇ ਨਾਲ ਸੱਜਾ ਕੰਨ ਜੜ੍ਹ ਤੋਂ ਵੱਢ ਦਿੱਤਾ। ਸਿਰ ਦੁਆਲੇ ਤੌਲੀਆ ਲਪੇਟਿਆ, ਕੰਨ ਨੂੰ ਟੂਟੀ ਹੇਠ ਧੋਇਆ। ਫਿਰ ਸਾਫ਼ ਕਾਗ਼ਜ਼ ਵਿਚ ਵਲੇਟ ਲਿਆ। ਉਸ ਦੀ ਹਾਲਤ ਦੇਖ ਕੇ ਗੋਗੈਂ ਦੌੜ ਕੇ ਹੋਟਲ ਵਿਚ ਜਾ ਵੜਿਆ। ਵਾਨ ਨੇ ਕੋਠੇ ਦੀ ਘੰਟੀ ਖੜਕਾਈ। ਦਰਵਾਜ਼ਾ ਖੁੱਲ੍ਹਾ, ਕਿਹਾ - ਰਛੈਲ ਨੂੰ ਭੇਜ। ਰਛੈਲ ਆ ਗਈ।

- ਓ ਫੂਕੂ। ਹਾਂ ਦੱਸ ਕੀ ਗੱਲ ਐ ?

- ਮੈਂ ਤੇਰੇ ਲਈ ਤੁਹਫ਼ਾ ਲਿਆਇਆਂ।

ਕਾਗ਼ਜ਼ ਦੀ ਤਹਿ ਖੋਲ੍ਹੀ ਤਾਂ ਕੰਨ ਦੇਖ ਕੇ ਚੀਕ ਮਾਰੀ ਤੇ ਬੇਹੋਸ਼ ਹੋ ਕੇ ਡਿੱਗ ਪਈ।

ਵਾਪਸ ਆਪਣੇ ਘਰ ਆ ਕੇ ਵਾਨ ਸੌਂ ਗਿਆ। ਅਗਲੀ ਸਵੇਰ ਗੋਗੈਂ ਆਇਆ, ਘਰ ਲਾਗੇ ਲੋਕਾਂ ਦੀ ਭੀੜ ਦੇਖੀ। ਡਾਕੀਆ ਰੂਲੈਂ ਘਬਰਾਹਟ ਵਿਚ ਹੱਥ ਮਲ ਰਿਹਾ ਸੀ। ਉਸਨੇ ਗੋਗੈਂ ਨੂੰ ਪੁੱਛਿਆ - ਤੂੰ ਕੀ ਕਰ ਦਿੱਤਾ ਆਪਣੇ ਦੋਸਤ ਨੂੰ ?

- ਕੀ ਕਰ ਦਿੱਤਾ ਮੈਂ ? ਗੋਗੈਂ ਨੇ ਪੁੱਛਿਆ।

ਉਹ ਮਰ ਗਿਐ। ਆਹ ਲਹੂ ਦੇਖ। ਫ਼ਰਸ਼ ਤੇ ਪੌੜੀਆਂ ਵਿਚ ਖ਼ੂਨ ਹੀ ਖ਼ੂਨ। ਗੋਗੈਂ ਅਤੇ ਰੂਲੈਂ ਪੁਲਿਸ ਅਫ਼ਸਰ ਨਾਲ ਅੰਦਰ ਗਏ। ਲਹੂ ਭਿੱਜੇ ਬਿਸਤਰੇ ਉਪਰ ਵਾਨ ਲੇਟਿਆ ਹੋਇਆ ਸੀ। ਗੋਗੈਂ ਨੇ ਹੱਥ ਲਾਇਆ, ਜਿਸਮ ਗਰਮ ਸੀ, ਦੇਖਿਆ, ਦਿਲ ਧੜਕ ਰਿਹਾ ਸੀ। ਗੋਗੈਂ ਨੇ ਪੁਲਿਸ ਨੂੰ ਕਿਹਾ - ਮੈਂ ਚੱਲਦਾਂ, ਮੇਰੇ ਸਾਹਮਣੇ ਇਸ ਦੀ ਹਾਲਤ ਖ਼ਰਾਬ ਹੋ ਜਾਵੇਗੀ। ਹਸਪਤਾਲ ਲੈ ਜਾਓ। ਜੇ ਮੇਰੇ ਬਾਰੇ ਪੁੱਛੇ ਤਾਂ ਕਹਿਣਾ ਪੈਰਿਸ ਚਲਾ ਗਿਐ। ਬੱਘੀ ਵਿਚ ਬਿਠਾ ਕੇ ਹਸਪਤਾਲ ਲਿਜਾ ਰਹੇ ਸਨ, ਡਾਕੀਆ ਨਾਲ ਨਾਲ ਦੌੜ ਰਿਹਾ ਸੀ।

ਡਾਕਟਰ ਨੇ ਜ਼ਖ਼ਮ ਸਾਫ਼ ਕੀਤਾ, ਦਵਾਈ ਲਾਈ, ਪੱਟੀ ਕੀਤੀ, ਕਮਰੇ ਵਿੱਚੋਂ ਹਰੇਕ ਚੀਜ਼ ਚੁੱਕ ਲਈ ਗਈ। ਆਰਾਮ ਕਰੇ, ਬਾਹਰੋਂ ਤਾਲਾ ਲਾ ਦਿੱਤਾ। ਦਿਨ ਢਲੇ ਜਦੋਂ ਡਾਕਟਰ ਨਬਜ਼ ਦੇਖ ਰਿਹਾ ਸੀ, ਜਾਗ ਪਿਆ, ਪੁੱਛਿਆ - ਮੈਂ ਕਿਥੇ ਹਾਂ ?

- ਹਸਪਤਾਲ ਵਿਚ, ਡਾਕਟਰ ਨੇ ਕਿਹਾ। ਉਹ ਆਪਣਾ ਹੱਥ ਸੱਜੇ ਕੰਨ ਵੱਲ ਲਿਜਾਣ ਲੱਗਾ ਤਾਂ ਡਾਕਟਰ ਨੇ ਹੱਥ ਫੜ ਲਿਆ।

- ਉਹ, ਯਾਦ ਆਇਆ। ਕੰਨ ਸੀ ਇਥੇ।

- ਜ਼ਖ਼ਮ ਵੱਡਾ ਨਹੀਂ। ਛੇਤੀ ਠੀਕ ਹੋ ਜਾਏਂਗਾ।

- ਮੇਰਾ ਦੋਸਤ ਕਿਥੇ ਐ ?

- ਪੈਰਿਸ ਚਲਾ ਗਿਐ।

- ਇਹ ਕਮਰਾ ਬਿਲਕੁਲ ਖ਼ਾਲੀ ਕਿਉਂ ਹੈ ਡਾਕਟਰ ?

- ਤਾਂ ਕਿ ਤੂੰ ਬਚ ਸਕੇਂ।

- ਬਚ ਸਕਾਂ ? ਕਿਸ ਤੋਂ ਖ਼ਤਰੈ ਮੈਨੂੰ ?

- ਤੇਰੇ ਤੋਂ। ਖ਼ੂਨ ਜ਼ਿਆਦਾ ਵਗ ਗਿਐ, ਕੁਝ ਕਮਜ਼ੋਰੀ ਰਹੇਗੀ, ਬਾਕੀ ਠੀਕ ਐ।

- ਅੱਛਾ, ਠੀਕ ਐ, ਸਮਝ ਗਿਆ।

ਅਗਲੀ ਸਵੇਰ ਨੀਂਦੋਂ ਜਾਗਿਆ ਤਾਂ ਸਿਰ੍ਹਾਣੇ ਥੀਓ ਬੈਠਾ ਸੀ, ਪੀਲਾ ਚਿਹਰਾ ਲਾਲ ਅੱਖਾਂ। ਵਾਨ ਦੀ ਨਜ਼ਰ ਥੀਓ 'ਤੇ ਪਈ, ਗੋਡਿਆਂ ਭਾਰ ਜ਼ਮੀਨ 'ਤੇ ਬੈਠ ਕੇ ਥੀਓ ਨੇ ਵਾਨ ਦਾ ਹੱਥ ਫੜ ਕੇ ਬਾਰ ਬਾਰ ਚੁੰਮਿਆ, ਜ਼ਾਰ ਜ਼ਾਰ ਰੋਇਆ, ਉਚੀ ਉਚੀ, ਬੱਚਿਆਂ ਵਾਂਗ।

- ਇਥੇ ਰਹੀਂ ਥੀਓ, ਜਾਈਂ ਨਾ। ਜਦੋਂ ਮੇਰੀ ਅੱਖ ਖੁੱਲ੍ਹੇ, ਮੇਰੇ ਸਾਹਮਣੇ ਤੇਰਾ ਚਿਹਰਾ ਹੋਣਾ ਚਾਹੀਦੈ। ਠੀਕ ? ਤੈਨੂੰ ਕਿਸ ਨੇ ਦੱਸਿਆ ?

- ਗੋਗੈਂ ਨੇ। ਤਾਰ ਮਿਲੀ। ਉਦੀਂ ਟਰੇਨ ਫੜ ਕੇ ਇਥੇ ਪਹੁੰਚ ਗਿਆ। ਡਾਕਟਰ ਨੇ ਦੱਸਿਆ ਇਹ ਸਨ-ਸਟਰੋਕ ਐ, ਨੰਗੇ ਸਿਰ ਤੂੰ ਧੁੱਪੇ ਪੇਂਟ ਕਰਦਾ ਰਿਹਾ। ਇਥੇ ਕਈਆਂ ਨੂੰ ਹੋ ਜਾਂਦੈ। ਤੂੰ ਰਾਜ਼ੀ ਹੋ ਜਾਹ, ਤੈਨੂੰ ਖ਼ੁਸ਼ਖ਼ਬਰੀ ਸੁਣਾਊਂਗਾ। ਡਾਕਟਰ ਚਲਾ ਗਿਆ, ਤਾਂ ਵਾਨ ਨੇ ਕਿਹਾ - ਸੁਣਾ ਹੁਣ ਖ਼ੁਸ਼ਖ਼ਬਰੀ।

- ਮੈਂ ਇਕ ਡੱਚ ਕੁੜੀ ਲੱਭ ਲਈ ਜੋਹੰਨਾ ਬੰਗਰ। ਅਕਲ ਸ਼ਕਲ ਆਪਣੀ ਮਾਂ ਵਰਗੀ ਐ।

ਪਹਿਲਾਂ ਤਾਂ ਮੈਨੂੰ ਇਕੱਲਾ ਰਹਿਣ ਦੀ ਆਦਤ ਸੀ ਪਰ ਜਦੋਂ ਇਕ ਸਾਲ ਤੂੰ ਮੇਰੇ ਕੋਲ ਰਹਿ ਕੇ ਇਥੇ ਆ ਗਿਆ ਫਿਰ ਮੇਰਾ ਦਿਲ ਨੀ ਲੱਗਾ।

- ਥੀਓ, ਦੁਖ ਤੋਂ ਬਿਨਾਂ ਮੈਂ ਤੈਨੂੰ ਕੀ ਦਿੱਤਾ ?

- ਤੂੰ ਆ ਗਿਆ ਤਾਂ ਮੈਨੂੰ ਯਾਦ ਆਉਂਦਾ - ਇਥੇ ਤੇਰੇ ਜੁੱਤੇ ਪਏ ਹੁੰਦੇ, ਇਥੇ ਕੈਨਵਸ, ਇਥੇ ਰੰਗ ਤੇ ਰੰਗਾਂ ਦੀ ਖ਼ੁਸ਼ਬੂ।

ਰੂਲੈਂ ਡਾਕੀਆ ਹਰ ਸ਼ਾਮ ਗੁਲਦਸਤਾ ਲੈ ਕੇ ਹਾਜ਼ਰ ਹੁੰਦਾ।

ਪੂਰੀ ਹੋਸ਼ ਪਰਤ ਆਈ ਤਾਂ ਡਾਕਟਰ ਨੇ ਥੀਓ ਨੂੰ ਕਿਹਾ - ਤੂੰ ਜਾਹ ਹੁਣ। ਕੋਈ ਖ਼ਤਰਾ ਨਹੀਂ। ਤੇਰੀ ਥਾਂ ਮੈਂ ਹਾਂ ਹੁਣ ਇਥੇ, ਮੈਂ ਵੀ ਇਸ ਦਾ ਭਰਾ ਹਾਂ। ਥੀਓ ਚਲਾ ਗਿਆ, ਕਮਰੇ ਵਿਚ ਮੇਜ਼ ਕੁਰਸੀ, ਜੱਗ ਗਲਾਸ ਟਿਕਾ ਦਿੱਤੇ। ਡਾਕਟਰ ਨੇ ਕਿਹਾ - ਉਠ ਵਾਨ ਬਾਹਰ ਚੱਲਦੇ ਆਂ ਤਾਜ਼ੀ ਹਵਾ ਵਿਚ, ਸੰਭਲ ਕੇ, ਦੇਖੀਂ ਲੱਤਾਂ ਭਾਰ ਚੁੱਕ ਰਹੀਆਂ ਨੇ ? ਸਭ ਠੀਕ ਹੈ। ਬਾਹਰ ਨਿਕਲ ਆਏ।

- ਸੱਚ ਦੱਸ ਵਾਨ, ਤੂੰ ਅਜਿਹਾ ਕਿਉਂ ਕੀਤਾ ? ਡਾਕਟਰ ਨੇ ਪੁੱਛਿਆ।

- ਪਤਾ ਨਹੀਂ ਡਾਕਟਰ।

- ਤੂੰ ਉਦੋਂ ਕੀ ਸੋਚ ਰਿਹਾ ਸੀ ?

- ਮੈਂ ? ਮੈਂ ਕੁਝ ਸੋਚਿਆ ਹੀ ਨਹੀਂ ਡਾਕਟਰ।

ਹਫ਼ਤੇ ਕੁ ਬਾਦ ਵਾਨ ਡਾਕਟਰ ਸਾਹਮਣੇ ਬੈਠਾ ਗੱਲਾਂ ਕਰ ਰਿਹਾ ਸੀ ਤਾਂ ਮੇਜ਼ ਉੱਤੇ ਉਸਤਰਾ ਪਿਆ ਦੇਖਿਆ, ਚੁੱਕ ਕੇ ਖੋਲ੍ਹ ਲਿਆ, ਕਿਹਾ - ਡਾਕਟਰ ਤੇਰੀ ਦਾਹੜੀ ਵਧੀ ਹੋਈ ਐ, ਕਹੇਂ ਤਾਂ ਸ਼ੇਵ ਕਰ ਦਿਆਂ ?

- ਹੇਠਾਂ ਰੱਖ, ਇਸ ਨੂੰ ਹੇਠਾਂ ਰੱਖ, ਡਾਕਟਰ ਨੇ ਕਿਹਾ।

- ਮੈਂ ਬਹੁਤ ਵਧੀਆ ਸ਼ੇਵ ਕਰਦਾਂ ਡਾਕਟਰ, ਦਿਖਾਵਾਂ ?

- ਤੁਰਤ ਬੰਦ ਕਰ ਕੇ ਮੇਜ਼ ਉਪਰ ਰੱਖ ਵਾਨ। ਡਾਕਟਰ ਚਿੱਲਾਇਆ। ਵਾਨ ਨੇ ਉਸਤਰਾ ਬੰਦ ਕਰ ਕੇ ਮੇਜ਼ 'ਤੇ ਰੱਖ ਦਿੱਤਾ।

- ਮੈਂ ਪੇਂਟ ਕਰ ਲਿਆ ਕਰਾਂ ਡਾਕਟਰ ? ਇਸ ਤਰ੍ਹਾਂ ਬੈਠਿਆਂ ਮੇਰਾ ਸਮਾਂ ਨੀ ਲੰਘਦਾ। ਡਾਕਟਰ ਨੇ ਆਗਿਆ ਦੇ ਦਿੱਤੀ, ਹੌਸਲਾ ਅਫਜ਼ਾਈ ਵਾਸਤੇ, ਨਾਰਮਲ ਕਰਨ ਵਾਸਤੇ ਡਾਕਟਰ ਨੇ ਕਿਹਾ - ਮੇਰੀ ਤਸਵੀਰ ਬਣਾ ਦੇਹ ਵਾਨ।

ਵਾਨ ਨੇ ਖ਼ੂਬਸੂਰਤ ਪੋਰਟਰੇਟ ਚਿੱਤਰ ਦਿੱਤਾ, ਡਾਕਟਰ ਨੂੰ ਦਿੰਦਿਆਂ ਕਿਹਾ - ਇਹ ਕਬੂਲ ਕਰੋ ਡਾਕਟਰ। ਮੇਰੇ ਕੋਲ ਹੋਰ ਕੁਝ ਦੇਣ ਨੂੰ ਨਹੀਂ ਹੈ। ਡਾਕਟਰ ਨੇ ਤਸਵੀਰ ਦੀ ਦਾਦ ਦਿੱਤੀ, ਸ਼ੁਕਰਾਨਾ ਕਰਦਿਆਂ ਕਿਹਾ - ਸੰਸਾਰ ਦੇ ਸਭ ਤੋਂ ਵੱਡੇ ਚਿੱਤਰਕਾਰ ਨੇ ਮੇਰਾ ਚਿੱਤਰ ਬਣਾਇਐ। ਇਸ ਤੋਂ ਵਧੀਕ ਸ਼ਾਨ ਕੀ ਹੋ ਸਕਦੀ ਹੈ ? ਵਾਨ ਖ਼ੁਸ਼ ਹੋ ਗਿਆ। ਆਪਣੀ ਕੋਠੀ ਵਿਚ ਲਿਜਾ ਕੇ ਉਸ ਥਾਂ 'ਤੇ ਚਿੱਤਰ ਟੰਗ ਦਿੱਤਾ ਜਿਥੇ ਕੰਧ ਵਿਚ ਤਰੇੜ ਆਈ ਹੋਈ ਸੀ। ਡਾਕਟਰ ਤੇ ਉਸਦੀ ਬੀਵੀ ਚਿੱਤਰ ਦੇਖ ਦੇਖ ਦੇਰ ਤੱਕ ਹੱਸੀ ਗਏ।

ਵਾਨ ਨੂੰ ਭਿਆਨਕ ਆਵਾਜ਼ਾਂ ਅਤੇ ਡਰਾਉਣੇ ਦ੍ਰਿਸ਼ ਦਿੱਸਣ ਲੱਗ ਜਾਂਦੇ। ਕਾਵਾਂ ਦੇ ਝੁੰਡ ਨਾਲ ਆਕਾਸ਼ ਕਾਲਾ ਹੋ ਜਾਂਦਾ ਤੇ ਉਹ ਵਾਨ ਦਾ ਮਾਸ ਨੋਚਣ ਲੱਗ ਜਾਂਦੇ। ਡਾਕਟਰ ਨਸ਼ੇ ਦੀਆਂ ਗੋਲੀਆਂ ਦੇ ਦਿੰਦਾ। ਡਾਕੀਆ ਉਸਨੂੰ ਕਦੀ ਘਰ ਕਦੀ ਹੋਟਲ ਖਾਣੇ ਵਾਸਤੇ ਲੈ ਜਾਂਦਾ। ਵਾਨ ਨੇ ਕਿਹਾ - ਰੂਲੈਂ ਇਹ ਤਾਂ ਮੈਨੂੰ ਪਤਾ ਸੀ ਕਿ ਲੱਤ ਬਾਂਹ ਟੁੱਟ ਜਾਵੇ, ਫੇਰ ਠੀਕ ਹੋ ਜਾਂਦੀ ਐ, ਟੁੱਟਣ ਤੋਂ ਬਾਦ ਦਿਮਾਗ਼ ਵੀ ਠੀਕ ਹੋ ਸਕਦੈ ਇਹ ਮੈਨੂੰ ਪਤਾ ਨਹੀਂ।

ਇਕ ਦਿਨ ਰਛੈਲ ਨੂੰ ਮਿਲਣ ਗਿਆ, ਕਿਹਾ - ਮਾਫ਼ ਕਰੀਂ ਕੁੜੀਏ। ਮੈਂ ਤੇਰਾ ਦਿਲ ਦੁਖਾਇਆ। ਕੁੜੀ ਬੋਲੀ - ਤੂੰ ਕੋਈ ਪਹਿਲਾ ਨਹੀਂ ਫ਼ੂਰੂ। ਤੇਰੇ ਵਰਗੇ ਹੋਰ ਵੀ ਬਹੁਤ ਹਨ ਦਿਲ ਦੁਖਾਣ ਵਾਲੇ।

ਨਾਰਮਲ ਹੋ ਕੇ ਫਿਰ ਪੇਂਟਿੰਗ ਕਰਨ ਲੱਗਾ। ਡਾਕਟਰ ਕੋਲ ਚੱਕਰ ਲੱਗਦਾ।

ਡਾਕਟਰ ਨੇ ਕਿਹਾ - ਵੈਸੇ ਤਾਂ ਸਾਰੇ ਈ ਕਲਾਕਾਰ ਅਸਾਧਾਰਨ ਹੱਦ ਤਕ ਜਜ਼ਬਾਤੀ ਹੁੰਦੇ ਹਨ, ਜੇ ਉਹ ਸਾਡੇ ਵਰਗੇ ਹੋਣ ਫੇਰ ਕਲਾਕਾਰ ਕਿਵੇਂ ਹੋਣ ? ਪਰ ਤੈਨੂੰ ਬਚ ਬਚ ਕੇ ਰਹਿਣਾ ਪਵੇਗਾ ਵਾਨ। ਵੱਡੀ ਉਤੇਜਨਾ ਮਾਰੂ ਹੁੰਦੀ ਹੈ। ਇਹ ਬੰਦੇ ਨੂੰ ਲੈ ਬੈਠਦੀ ਹੈ।

- ਮੈਨੂੰ ਪਤੈ ਡਾਕਟਰ। ਮੈਂ ਉਸ ਰਸਤੇ ਉੱਤੇ ਚੱਲ ਰਿਹਾਂ ਤੇਜ਼ੀ ਨਾਲ ਜਿਹੜਾ ਮੌਤ ਤੱਕ ਪੁੱਜਦਾ ਹੈ। ਪਰ ਚਾਰਾ ਨਹੀਂ, ਪੇਂਟ ਨਹੀਂ ਕਰਦਾ ਤਾਂ ਵੀ ਮੌਤ ਹੈ। ਇਕ ਆਰਟਿਸਟ ਪੇਂਟ ਨਾ ਕਰੇ ਫਿਰ ਜਿਊਣਾ ਕਿਸ ਕੰਮ ? ਮੈਂ ਪੇਂਟ ਕਰਾਂਗਾ।

ਬਿਨਾਂ ਨਾਗਾ ਉਸਨੇ ਇਸ ਅਵਧੀ ਵਿਚ ਸੈਂਤੀ ਚਿੱਤਰ ਬਣਾਏ। ਥੱਕ ਗਿਆ। ਕੁਰਸੀ 'ਤੇ ਬੈਠ ਗਿਆ, ਸਾਰਾ ਦਿਨ ਬੈਠਾ ਰਿਹਾ, ਸ਼ਾਮੀਂ ਹੋਟਲ ਵੱਲ ਤੁਰ ਪਿਆ, ਸੂਪ ਦਾ ਆਰਡਰ ਦਿੱਤਾ। ਉਸ ਨੂੰ ਖ਼ੌਫ਼ਨਾਕ ਆਵਾਜ਼ਾਂ ਫਿਰ ਸੁਣਾਈ ਦੇਣ ਲੱਗੀਆਂ। ਸੂਪ ਦਾ ਕਟੋਰਾ ਫ਼ਰਸ਼ 'ਤੇ ਪਟਕਾ ਕੇ ਦਹਾੜਿਆ - ਇਸ ਸੂਪ ਵਿਚ ਜ਼ਹਿਰ ਕਿਉਂ ਪਾਇਐ ? ਮੇਰੇ ਕਤਲ ਦੀ ਯੋਜਨਾ ? ਸੁਰੱਖਿਆ ਕਰਮਚਾਰੀਆਂ ਨੇ ਜੱਫਾ ਮਾਰ ਕੇ ਬੱਘੀ ਵਿਚ ਸੁੱਟ ਲਿਆ ਤੇ ਹਸਪਤਾਲ ਵਿਚ ਛੱਡ ਆਏ। ਅੱਠ ਪਹਿਰ ਬਾਦ ਹੋਸ਼ ਪਰਤਣ ਲੱਗੀ। ਗੱਲਾਂ ਕਰਨ ਲੱਗਾ। ਫਿਰ ਤੁਰਨ ਫਿਰਨ ਲੱਗਾ। ਸਾਰਾ ਸ਼ਹਿਰ ਉਸ ਨੂੰ ਜਾਣ ਗਿਆ ਸੀ। ਬੱਚੇ ਫ਼ੂਰੂ ਫ਼ੂਰੂ ਕਹਿ ਕੇ ਦੌੜ ਜਾਂਦੇ, ਫ਼ੂਰੂ ਦੂਜਾ ਕੰਨ ਸਾਨੂੰ ਦੇ ਦੇਹ ? ਕੱਟੇ ਕੰਨ ਦੇ ਟੱਪੇ ਜੋੜ ਜੋੜ ਗਾਉਂਦੇ :

ਫ਼ੂਰੂ ਨੇ ਕੱਟ ਲਿਆ ਸੱਜਾ ਕੰਨ।
ਖੱਬਾ ਵੀ ਜਾਏਗਾ ਗੱਲ ਮੇਰੀ ਮੰਨ।
ਰੌਲਾ ਪਾਓ ਟੱਲ ਖੜਕਾਓ
ਨਾ ਗੱਲ ਸੁਣਦਾ ਨਾ ਟੰਨ ਟੰਨ।
ਫ਼ੂਰੂ ਫ਼ੂਰੂ, ਹੋ ਗਿਆ ਕਹਿਰ।
ਫ਼ੂਰੂ ਦੇ ਸੂਪ ਚ ਪੈ ਗਿਆ ਜ਼ਹਿਰ।

ਵਾਨ ਚੀਕਿਆ - ਦੌੜਦੇ ਹੋ ਕਿ ਨਹੀਂ ਸ਼ੈਤਾਨੋ ? ਬੁਰੀ ਮਾਰ ਮਾਰਾਂਗਾ ਜੇ ਨਾ ਹਟੇ। ਭੱਜ ਜਾਓ। ਇਹ ਆਖਦਿਆਂ ਉਸਨੇ ਆਪਣੀਆਂ ਵਸਤੂਆਂ ਹੇਠਾਂ ਗਲੀ ਵਿਚ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਬੱਚੇ ਤਾਂ ਦੌੜ ਗਏ ਪਰ ਉਸ ਨੇ ਕੋਈ ਚੀਜ਼ ਨਹੀਂ ਛੱਡੀ। ਧੇਲਾ ਧੇਲਾ ਜੋੜ ਕੇ ਖ਼ਰੀਦੀਆਂ ਸਾਰੀਆਂ ਵਸਤਾਂ ਹੇਠਾਂ ਵਗਾਹ ਮਾਰੀਆਂ, ਸਣੇ ਕੈਨਵਸਾਂ, ਰੰਗਾਂ ਤੇ ਬਰੱਸ਼ਾਂ ਦੇ।

ਨੱਬੇ ਬੰਦਿਆਂ ਨੇ ਸ਼ਹਿਰ ਦੇ ਮੇਅਰ ਨੂੰ ਅਰਜ਼ੀ ਲਿਖੀ,

- ਅਸੀਂ ਆਰਲੀ ਦੇ ਵਸਨੀਕ ਬੇਨਤੀ ਕਰਦੇ ਹਾਂ ਸ੍ਰੀਮਾਨ ਕਿ ਵਿਨਸੈਂਟ ਵਾਨ ਗਾਗ ਨਾਮ ਦਾ ਬੰਦਾ ਪਾਗਲ ਹੋ ਗਿਐ। ਜੇ ਉਸਨੂੰ ਬੰਦ ਨਾ ਕੀਤਾ, ਦੁਰਘਟਨਾ ਘਟ ਸਕਦੀ ਹੈ। ਪੁਲਿਸ ਆਈ, ਜੇਲ੍ਹ ਵਿਚ ਇਕੱਲੇ ਨੂੰ ਬੰਦ ਕਰ ਦਿੱਤਾ, ਬਾਹਰ ਪਹਿਰੇਦਾਰ ਲਾ ਦਿੱਤਾ। ਜਦੋਂ ਉਸਨੂੰ ਹੋਸ਼ ਆਈ ਤਾਂ ਕਿਹਾ - ਡਾਕਟਰ ਰੇ ਨੂੰ ਮਿਲਾ ਦਿਉ ? ਸਿਪਾਹੀ ਨੇ ਕਿਹਾ - ਨਹੀਂ। ਫਿਰ ਕਿਹਾ - ਕੁਝ ਕਾਗ਼ਜ਼ ਤੇ ਇਕ ਪੈਨਸਿਲ ਦੇ ਦਿਉ। ਮੈਂ ਆਪਣੇ ਭਰਾ ਨੂੰ ਖ਼ਤ ਲਿਖਣੈ। ਸਿਪਾਹੀ ਨੇ ਕਿਹਾ - ਆਗਿਆ ਨਹੀਂ।

ਡਾਕਟਰ ਰੇ ਨੂੰ ਪਤਾ ਲੱਗਾ, ਖ਼ੁਦ ਚੱਲ ਆਇਆ, ਕਿਹਾ - ਤੇਰੇ ਲਈ ਅਜਿਹਾ ਵਰਤਾਰਾ ਠੀਕ ਨੀ ਵਾਨ। ਇਕ ਵਾਰ ਜੇ ਜੇਲ੍ਹ ਦੇ ਡਾਕਟਰ ਨੇ ਲਿਖ ਦਿੱਤਾ ਕਿ ਤੂੰ ਪਾਗਲ ਹੈਂ ਫੇਰ ਸਾਰੀ ਉਮਰ ਵਾਸਤੇ ਜੰਦਰਾ ਵੱਜਿਆ ਸਮਝ। ਮੈਂ ਤੈਨੂੰ ਜਲਦੀ ਛੁਡਾ ਕੇ ਆਪਣੇ ਕੋਲ ਲੈ ਜਾਵਾਂਗਾ। ਵਾਅਦਾ।

- ਥੀਓ ਨੂੰ ਖ਼ਬਰ ਨੀ ਕਰਨੀ ਡਾਕਟਰ। ਉਸਦਾ ਵਿਆਹ ਨੇੜੇ ਹੈ। ਸਭ ਸੱਤਿਆਨਾਸ ਹੋ ਜਾਏਗਾ। ਮੈਂ ਆਪ ਚਿੱਠੀ ਲਿਖਾਂਗਾ ਕਿ ਕੰਮ ਵਿਚ ਰੁਝਿਆ ਹੋਣ ਕਰਕੇ ਵਿਆਹ ਵਿਚ ਸ਼ਾਮਿਲ ਨਹੀਂ ਹੋਵਾਂਗਾ, ਬਾਦ ਵਿਚ ਜਸ਼ਨ ਮਨਾਵਾਂਗੇ। ਡਾਕਟਰ, ਤੁਸੀਂ ਮੈਨੂੰ ਆਪਣੇ ਹਸਪਤਾਲ ਵਿਚ ਕਦੋਂ ਲਿਜਾਉਗੇ ?

- ਇਸ ਵਾਰੀ ਆਪਣੇ ਹਸਪਤਾਲ ਵਿਚ ਨਹੀਂ। ਦੂਜੇ ਵਿਚ ਲਿਜਾਵਾਂਗੇ।

- ਉਸ ਪਾਗਲਾਂ ਵਾਲੇ ਵਿਚ ? ਪਰ ਮੈਂ ਤਾਂ ਠੀਕ ਆਂ ? ਮੈਂ ਨੀ ਉਥੇ ਜਾਣਾ, ਉਥੇ ਤਾਂ ਮੈਂ ਪਾਗਲ ਹੋ ਜਾਵਾਂਗਾ।

- ਨਹੀਂ ਵਾਨ, ਤੂੰ ਬਿਲਕੁਲ ਠੀਕ ਐਂ। ਗੱਲ ਇਹ ਹੈ, ਜਿਵੇਂ ਜਿਸਮਾਨੀ ਬਿਮਾਰੀਆਂ ਹੁੰਦੀਆਂ ਨੇ, ਉਸੇ ਤਰ੍ਹਾਂ ਦਿਮਾਗ਼ੀ ਵੀ ਹਨ। ਰਤਾ ਕੁ ਕੋਈ ਪੇਚ ਢਿੱਲਾ ਹੋ ਗਿਐ ਤੇਰਾ, ਉਥੇ ਬੜੇ ਸਿਆਣੇ ਡਾਕਟਰ ਨੇ, ਬੱਸ ਪੇਚ ਕਸ ਦੇਣਗੇ।

- ਮੈਨੂੰ ਪੇਂਟ ਕਰਨ ਦੇਣਗੇ ?

- ਕਿਉਂ ਨੀ ? ਜੋ ਮਰਜ਼ੀ ਕਰੀਂ। ਬਸ ਆਪਣੇ ਆਪ ਨੂੰ ਜ਼ਖ਼ਮੀ ਨਾ ਕਰੀਂ ਫੇਰ ਸਭ ਠੀਕ।

- ਪਰ ਇਸ ਸੈੱਲ ਵਿੱਚੋਂ ਮੈਂ ਕਿਵੇਂ ਨਿਕਲਾਂਗਾ, ਜੇਲ੍ਹ ਵਿੱਚੋਂ ?

- ਮੈਂ ਲਿਜਾਵਾਂਗਾ। ਮੈਂ ਜ਼ਮਾਨਤ ਭਰ ਦਿੱਤੀ ਹੈ। ਮੇਰੇ ਨਾਲ ਤੈਨੂੰ ਭੇਜ ਦੇਣਗੇ।

ਡਾਕਟਰ ਵਾਨ ਨੂੰ ਰਿਹਾ ਕਰਵਾ ਲਿਆਇਆ, ਬੱਘੀ ਵਿਚ ਬਿਠਾ ਕੇ ਪਾਗਲਖ਼ਾਨੇ ਵੱਲ ਚੱਲ ਪਿਆ। ਉੱਚੀ ਪਹਾੜੀ ਉੱਪਰ ਇਕ ਇਮਾਰਤ ਸੀ। ਡਾਕਟਰ ਨੇ ਦੱਸਿਆ - ਇਥੇ ਪਹਿਲਾਂ ਚੰਗੀ ਆਬਾਦੀ ਸੀ ਕਦੀ ਵਾਨ। ਦਰਿਆ ਵਿਚ ਹੜ੍ਹ ਆਇਆ ਤਾਂ ਪਾਣੀ ਇਥੇ ਤੱਕ ਆ ਗਿਆ ਜਿਥੇ ਆਪਾਂ ਹੁਣ ਖੜੇ ਹਾਂ। ਸਭ ਖੇਡ ਖ਼ਤਮ, ਅਹੁ ਹਸਪਤਾਲ ਈਸਾਈ ਆਸ਼ਰਮ ਹੁੰਦਾ ਸੀ। ਉਥੇ ਡਾਕਟਰ ਤੇ ਨਰਸਾਂ ਚੰਗੀਆਂ ਹਨ। ਲੋਹੇ ਦਾ ਵੱਡਾ ਗੇਟ ਖੁੱਲ੍ਹਿਆ, ਦੋਵੇਂ ਅੰਦਰ ਗਏ, ਅੰਦਰਲਾ ਡਾਕਟਰ ਨੇੜੇ ਖਲੋਤਾ ਸੀ, ਦੁਆ ਸਲਾਮ ਹੋਈ, ਰੇ ਨੇ ਕਿਹਾ - ਇਹ ਮਰੀਜ਼ ਨਹੀਂ ਡਾਕਟਰ ਪੇਰੋਂ, ਮੇਰਾ ਮਿੱਤਰ ਹੈ, ਸ਼ਾਨਦਾਰ ਪੇਂਟਰ। ਇਸ ਦਾ ਉਵੇਂ ਖ਼ਿਆਲ ਰੱਖਣਾ ਜਿਵੇਂ ਮੈਂ ਰੱਖਦਾ ਸੀ। ਇਹ ਕਹਿ ਕੇ ਡਾਕਟਰ ਰੇ ਚਲਾ ਗਿਆ ਤੇ ਪਾਗਲਖ਼ਾਨੇ ਦਾ ਲੋਹੇ ਦਾ ਵੱਡਾ ਦਰਵਾਜ਼ਾ ਠਾਹ ਬੰਦ ਹੋ ਗਿਆ।

ਜਿਸ ਵਾਰਡ ਵਿਚ ਵਾਨ ਨੂੰ ਰੱਖਿਆ ਗਿਆ, ਉਹ ਥਰਡ ਕਲਾਸ ਰੇਲਵੇ ਵੇਟਿੰਗ ਰੂਮ ਵਰਗਾ ਸੀ। ਪਾਗਲ ਬੰਦੇ ਸਿਰ 'ਤੇ ਟੋਪੀ, ਹੱਥ ਵਿਚ ਸੋਟੀ ਫੜੀ ਇਧਰ ਉਧਰ ਘੁੰਮਦੇ ਰਹਿੰਦੇ ਜਿਵੇਂ ਗੱਡੀ ਬੱਸ ਆਉਣ ਹੀ ਵਾਲੀ ਹੈ ਤੇ ਸਵਾਰ ਹੋ ਕੇ ਉਹ ਆਪੋ-ਆਪਣੇ ਟਿਕਾਣਿਆਂ 'ਤੇ ਚਲੇ ਜਾਣਗੇ। ਵਾਨ ਨੇ ਦੇਖਿਆ, ਗਿਆਰਾਂ ਬੰਦੇ ਉਸ ਚੁੱਲ੍ਹੇ ਵੱਲ ਹੱਥ ਫੈਲਾ ਕੇ ਅੱਗ ਸੇਕ ਰਹੇ ਸਨ ਜਿਸ ਵਿਚ ਅੱਗ ਨਹੀਂ ਸੀ। ਕੋਈ ਨਵਾਂ ਬੰਦਾ ਆਇਆ ਹੈ, ਕਿਸੇ ਨੇ ਨਹੀਂ ਦੇਖਿਆ। ਆਪਸ ਵਿਚ ਵੀ ਕੋਈ ਗੱਲ ਨਹੀਂ ਕਰ ਰਿਹਾ ਸੀ। ਵਾਨ ਵਾਰਡ ਤੋਂ ਬਾਹਰ ਨਿਕਲਿਆ, ਉਸ ਥਾਂ ਵਿਹੜੇ ਵਿਚ ਚਲਾ ਗਿਆ ਜਿਥੇ ਡਾਕਟਰ ਪੇਰੋਂ ਕੁਰਸੀ 'ਤੇ ਬੈਠਾ ਸੀ, ਵਾਨ ਵੀ ਨੇੜੇ ਬੈਠ ਗਿਆ। ਡਾਕਟਰ ਨੇ ਕਿਹਾ - ਪਹਿਲਾਂ ਮੈਂ ਸਰੀਰ ਦਾ ਇਲਾਜ ਕਰਿਆ ਕਰਦਾ ਸਾਂ ਹੁਣ ਰੂਹਾਂ ਠੀਕ ਕਰਦਾ ਹੁੰਨਾ। ਇੱਕੋ ਗੱਲ ਐ।

- ਤੁਸੀਂ ਮਨੋਰੋਗੀਆਂ ਦੇ ਡਾਕਟਰ ਹੋ। ਮੈਂ ਆਪਣਾ ਕੰਨ ਕਿਉਂ ਕੱਟ ਲਿਆ ਸੀ ਪੇਰੋਂ ?

- ਇਹ ਕੋਈ ਖ਼ਾਸ ਘਟਨਾ ਨਹੀਂ। ਕੰਨ ਦੇ ਤੰਤੂ ਬਹੁਤ ਨਾਜ਼ਕ ਹੁੰਦੇ ਨੇ। ਪਾਗਲ ਨੂੰ ਅਜੀਬ ਆਵਾਜ਼ਾਂ ਸੁਣੀ ਜਾਂਦੀਆਂ ਨੇ, ਉਹਨੂੰ ਲੱਗਣ ਲੱਗਦੈ ਕਿ ਕੰਨ ਕੱਟਣ ਨਾਲ ਆਵਾਜ਼ਾਂ ਆਉਣੀਆਂ ਬੰਦ ਹੋ ਜਾਣਗੀਆਂ।

- ਤੇ ਇਸ ਦਾ ਇਲਾਜ ਕੀ ਹੈ ਡਾਕਟਰ ?

- ਇਲਾਜ ? ਹਫ਼ਤੇ ਵਿਚ ਦੋ ਵਾਰ ਗਰਮ ਪਾਣੀ ਨਾਲ ਇਸ਼ਨਾਨ।

- ਹੋਰ ਮੈਂ ਕੀ ਕਰਿਆ ਕਰਾਂ ਡਾਕਟਰ ?

- ਨਾ ਪੜ੍ਹ, ਨਾ ਬੋਲ, ਨਾ ਸੋਚ, ਨਾ ਦਲੀਲਬਾਜ਼ੀ ਕਰ। ਸ਼ਾਂਤ ਰਹਿ। ਜੇ ਤੇਰਾ ਬਾਈਬਲ ਪੜ੍ਹਨ ਨੂੰ ਦਿਲ ਨਹੀਂ ਕਰਦਾ, ਮੈਂ ਸਿਸਟਰ ਨੂੰ ਕਹਿ ਦਿਆਂਗਾ ਤੈਨੂੰ ਮਜਬੂਰ ਨਾ ਕਰੇ। ਸ਼ਾਮ ਦਾ ਖਾਣਾ ਪੰਜ ਵਜੇ ਤਿਆਰ ਹੋ ਜਾਂਦੈ। ਘੰਟੀ ਵੱਜਦੀ ਹੁੰਦੀ ਐ। ਬੱਸ ਇਸ ਜੀਵਨ ਨਾਲ ਇਕ-ਸੁਰ ਹੋ ਜਾ, ਫੇਰ ਜਲਦੀ ਰਾਜ਼ੀ ਹੋ ਜਾਏਂਗਾ।

ਰਾਤ ਪਈ, ਸਾਰੇ ਜਣੇ ਆਪੋ-ਆਪਣੇ ਬਿਸਤਰਿਆਂ 'ਤੇ ਜਾ ਲੇਟੇ। ਵਾਨ ਦੇਰ ਤਕ ਜਾਗਦਾ ਰਿਹਾ, ਪਤਾ ਨਹੀਂ ਕਦੋਂ ਨੀਂਦ ਆਈ। ਸਵੇਰ ਵੇਲੇ ਉਸ ਦੀ ਨੀਂਦ ਇਕ ਪਾਗਲ ਦੀਆਂ ਸਿਸਕੀਆਂ ਕਾਰਨ ਖੁੱਲ੍ਹੀ।

ਰੋਣਾ ਉੱਚੀ ਹੁੰਦਾ ਗਿਆ ਤੇ ਚੀਕਾਂ ਆਕਾਸ਼ ਤੱਕ ਪੁੱਜ ਗਈਆਂ। ਇਕ ਜੁਆਨ ਰੋਂਦਾ ਰੋਂਦਾ ਉੱਠਿਆ, ਵਾਨ ਨੂੰ ਕਿਹਾ - ਮੈਂ ਪੈਸੇ ਖੋਹਣ ਲਈ ਕਤਲ ਨਹੀਂ ਕੀਤਾ ਸ੍ਰੀਮਾਨ। ਮੇਰੀ ਤਲਾਸ਼ੀ ਲੈ ਲਉ। ਮੈਂ ਤਾਂ ਵਕੀਲ ਆਂ। ਮੈਂ ਤੁਹਾਡੇ ਕੇਸ ਲੜਨ ਲਈ ਵੀ ਤਿਆਰ ਆਂ। ਪੁਲਿਸ ਨੇ ਝੂਠੇ ਕੇਸ ਵਿਚ ਫਸਾ ਲਿਆ।

ਵਾਨ ਨੂੰ ਪਤਾ ਨਾ ਲੱਗਾ ਕੀ ਕਰੇ। ਆਲੇ-ਦੁਆਲੇ ਦੇਖਿਆ। ਬਾਕੀ ਬੰਦੇ ਗੂੜ੍ਹੀ ਨੀਂਦ ਸੁੱਤੇ ਪਏ ਸਨ। ਸਵੇਰਾ ਹੋਇਆ। ਇਕ ਇਕ ਕਰਕੇ ਪਾਗਲ ਉੱਠਦੇ ਗਏ ਤੇ ਬੁਝੇ ਚੁੱਲ੍ਹੇ ਦੁਆਲੇ ਜੁੜਦੇ ਗਏ। ਵਾਨ ਸੋਚਣ ਲੱਗਾ - ਇਸ ਸੇਂਟ ਪਾਲ ਨਾਮ ਦੇ ਆਸ਼ਰਮ ਵਿਚ ਪਾਗਲ ਹਨ, ਮੈਨੂੰ ਇਥੇ ਕਿਉਂ ਛੱਡਿਆ ਗਿਐ ? ਉਹ ਡਾਕਟਰ ਦੀ ਕੋਠੀ ਵੱਲ ਜਾਣ ਲੱਗਾ ਤਾਂ ਕੁੱਤੇ ਦੇ ਰੋਣ ਦੀ ਆਵਾਜ਼ ਸੁਣੀ, ਨਹੀਂ... ਬਘਿਆੜ ਦੀ ਆਵਾਜ਼ ਸੀ... ਹੋਰ ਅੱਗੇ ਗਿਆ ਤਾਂ ਦੇਖਿਆ ਇਕ ਪਾਗਲ ਅਸਮਾਨ ਵੱਲ ਮੂੰਹ ਕਰੀ ਇਹ ਆਵਾਜ਼ਾਂ ਕੱਢ ਰਿਹਾ ਸੀ। ਬੁਝੇ ਹੋਏ ਚੁੱਲ੍ਹੇ ਦੁਆਲੇ ਅੱਗ ਸੇਕਦੇ ਬੰਦਿਆਂ ਉੱਤੇ ਆਵਾਜ਼ਾਂ ਦਾ ਕੋਈ ਅਸਰ ਨਾ ਹੋਇਆ।

ਇਕ ਪਾਗਲ ਨੇ ਚਾਕੂ ਦੀ ਨੋਕ ਆਪਣੀ ਛਾਤੀ ਉਪਰ ਰੱਖੀ ਤੇ ਚੀਕਿਆ - ਮੈਂ ਜਾ ਰਿਹਾਂ। ਖ਼ਬਰਦਾਰ। ਕੋਈ ਨਾ ਰੋਕੇ। ਛਾਲ ਮਾਰ ਕੇ ਇਕ ਪਾਗਲ ਨੇ ਚਾਕੂ ਖੋਹ ਲਿਆ, ਕਿਹਾ - ਤੈਨੂੰ ਪਤਾ ਨੀ ਅੱਜ ਐਤਵਾਰ ਹੈ ? ਐਤਵਾਰ ਵਾਲੇ ਦਿਨ ਨੀ ਮਰਨਾ ਹੁੰਦਾ। ਅੱਜ ਛੁੱਟੀ ਹੈ। ਅੱਜ ਕੁਝ ਨਹੀਂ ਕਰਨਾ। ਛੁੱਟੀ ਮਨਾ। ਕੱਲ੍ਹ ਨੂੰ ਮਰ ਜਾਈਂ।

ਵਾਨ ਨੇ ਡਾਕਟਰ ਨੂੰ ਪੁੱਛਿਆ - ਇਹ ਮਰੀਜ਼ ਏਨੇ ਖ਼ਾਮੋਸ਼ ਕਿਉਂ ਨੇ ਡਾਕਟਰ ? ਜਦੋਂ ਦੌਰਾ ਪੈਂਦੈ, ਉਦੋਂ ਚੀਕਦੇ ਨੇ ਬੱਸ। ਡਾਕਟਰ ਨੇ ਦੱਸਿਆ - ਗੱਲਾਂ ਕਰਨ ਦਾ ਮਤਲਬ ਹੁੰਦੈ ਦਲੀਲਾਂ ਦੇਣਾ, ਇਸ ਨਾਲ ਉਤੇਜਨਾ ਪੈਦਾ ਹੋ ਜਾਂਦੀ ਐ, ਉਤੇਜਨਾ ਦਾ ਅਰਥ ਹੈ ਦੌਰਾ। ਇਨ੍ਹਾਂ ਨੂੰ ਤਜਰਬੇ ਨੇ ਸਿਖਾ ਦਿੱਤੈ - ਇਕ ਚੁੱਪ ਸੌ ਸੁਖ।

- ਇਹ ਕਿਤਾਬਾਂ ਵੀ ਨਹੀਂ ਪੜ੍ਹਦੇ ਡਾਕਟਰ ?

- ਵਾਨ, ਇਨ੍ਹਾਂ ਨੂੰ, ਇਨ੍ਹਾਂ ਦੇ ਆਪਣੇ ਜਹਾਨ ਵਿੱਚੋਂ ਬਾਹਰ ਨਾ ਕੱਢੋ। ਇਹ ਨਿਕਲਣਾ ਵੀ ਨਹੀਂ ਚਾਹੁੰਦੇ। ਤੈਨੂੰ ਯਾਦ ਹੈ ਡਰਾਇਡਨ ਨੇ ਕੀ ਕਿਹਾ ਸੀ ? ਕਿਹਾ - ਪਾਗਲਪਨ ਵਿਚ ਅਨੰਦ ਹੈ, ਇਸ ਅਨੰਦ ਦੀ ਖ਼ੂਬੀ ਦਾ ਪਾਗਲਾਂ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ। ਥੀਓ ਨੇ ਡਾਕ ਰਾਹੀਂ ਸ਼ੈਕਸਪੀਅਰ ਦਾ *ਰਿਚਰਡ ਦੂਜਾ, ਹੈਨਰੀ ਚੌਥਾ, ਹੈਨਰੀ ਪੰਜਵਾਂ* ਭੇਜੇ। ਨਾਲ ਹੀ ਖ਼ਬਰ ਮਿਲੀ ਕਿ ਉਸਨੇ ਵਿਆਹ ਕਰਵਾ ਲਿਆ, ਪੈਕਟ ਵਿਚ ਰੰਗ ਅਤੇ ਬਰੱਸ਼ ਸਨ। ਡਾਕਟਰ ਨੇ ਕੈਨਵਸ ਤੇ ਸਟੈਂਡ ਮੰਗਵਾ ਦਿੱਤਾ। ਵਾਨ ਡੇਢ ਮਹੀਨੇ ਬਾਦ ਫੇਰ ਕੁਦਰਤ ਦੇ ਆਹਮੋ ਸਾਹਮਣੇ ਜਾ ਖਲੋਤਾ। ਉਸ ਨੂੰ ਲੱਗਾ ਜਿਵੇਂ ਵਾਰਡ ਵਿਚਲੀ ਮੌਤ ਦੀ ਦੁਰਗੰਧ 'ਚੋਂ ਬਾਹਰ ਆ ਗਿਐ। ਬਹੁਤ ਲੰਮਾ ਤੇ ਪਿਆਰਾ ਖ਼ਤ ਲਿਖ ਕੇ ਥੀਓ ਨੂੰ ਭੇਜਿਆ, ਲਿਖਿਆ - ਜਦੋਂ ਛੁੱਟੀ ਮਿਲੀ ਉਦੋਂ ਪੈਰਿਸ ਆ ਜਾਵਾਂਗਾ। ਬਥੇਰੀ ਧੁੱਪ ਦੇਖ ਲਈ।

ਪਾਗਲ, ਵਾਰਡ ਵਿੱਚੋਂ ਬਾਹਰ ਆ ਕੇ ਚੁੱਪ-ਚਾਪ ਉਸ ਨੂੰ ਪੇਂਟ ਕਰਦਿਆਂ ਦੇਖਦੇ, ਇਕਦਮ ਖ਼ਾਮੋਸ਼, ਸਤਿਕਾਰ ਨਾਲ। ਪਾਗਲਾਂ ਦੀ ਖ਼ਾਮੋਸ਼ੀ ਸੁਹਣੀ ਹੈ। ਇਹੋ ਹਨ ਤਮੀਜ਼ ਵਾਲੇ ਲੋਕ ਦਰਅਸਲ।

ਇਕ ਦਿਨ ਵਾਨ ਨੇ ਡਾਕਟਰ ਨੂੰ ਕਿਹਾ - ਬਾਹਰ ਮੈਦਾਨਾਂ ਵਿਚ ਜਾ ਕੇ ਪੇਂਟ ਕਰ ਲਵਾਂ ਡਾਕਟਰ ? ਡਾਕਟਰ ਨੇ ਕਿਹਾ - ਨਾ ਵਾਨ। ਖ਼ਤਰਾ ਹੈ। ਜੇ ਤੈਨੂੰ ਬਾਹਰ ਦੌਰਾ ਪੈ ਗਿਆ ? ਇਥੇ ਤਾਂ ਮੈਂ ਹਾਂ, ਸੋ ਫ਼ਿਕਰ ਨਹੀਂ।

- ਨਹੀਂ ਡਾਕਟਰ। ਮੈਂ ਸਗੋਂ ਰਾਜ਼ੀ ਹੋ ਜਾਵਾਂਗਾ। ਇਸ ਬੰਦੀਖ਼ਾਨੇ ਵਿਚ ਮੈਨੂੰ ਦੌਰਾ ਪੈ ਸਕਦੈ, ਬਾਹਰ ਜਾ ਕੇ ਇਕਦਮ ਠੀਕ ਠਾਕ ਹੋ ਜਾਵਾਂਗਾ।

ਮਿਹਰਬਾਨ ਡਾਕਟਰ ਨੇ ਦਰਬਾਨ ਨੂੰ ਇਸ਼ਾਰਾ ਕੀਤਾ, ਆਪਣੇ ਰੰਗਾਂ, ਕੈਨਵਸ ਅਤੇ ਸਟੈਂਡ ਸਮੇਤ ਵਾਨ ਨੂੰ ਬਾਹਰ ਜਾਣ ਦੀ ਆਗਿਆ ਮਿਲ ਗਈ। ਬਹੁਤ ਖ਼ੁਸ਼। ਸੂਰਜਮੁਖੀ ਦੇ ਫੁੱਲ ਦੇਖੇ ... ਅੱਜ ਕੇਵਲ ਸੂਰਜਮੁਖੀ ਕਾਗ਼ਜ਼ ਉਪਰ ਉਤਰਨਗੇ। ਹਰ ਰੋਜ਼ ਰੰਗ ਭਰਦਾ, ਹਰ ਰੋਜ਼ ਨਵੀਂ ਤਾਕਤ ਹਾਸਲ ਹੁੰਦੀ। ਤੰਦਰੁਸਤ ਹੋਣ ਲੱਗਾ।

ਡਾਕੀਏ ਰੂਲੈਂ ਤੇ ਡਾਕਟਰ ਰੇ ਨੂੰ ਮਿਲਣ ਚੱਲ ਪਿਆ, ਫਿਰ ਖ਼ਿਆਲ ਆਇਆ, ਪਹਿਲਾਂ ਪੀਲੇ ਘਰ ਵਿਚ ਮਾਲਕ ਮਕਾਨ ਦੇ ਕਬਜ਼ੇ ਵਿੱਚੋਂ ਤਸਵੀਰਾਂ ਤਾਂ ਲੈ ਆਵਾਂ। ਉਸ ਸ਼ਾਮ ਉਹ ਆਸ਼ਰਮ ਵਿਚ ਵਾਪਸ ਨਾ ਗਿਆ। ਅਗਲੀ ਸਵੇਰ ਟੋਏ ਵਿਚ ਮੂੰਹ ਭਾਰ ਡਿੱਗਿਆ ਪਿਆ ਲੋਕਾਂ ਨੇ ਆਸ਼ਰਮ ਵਿਚ ਪੁਚਾਇਆ। ਤਿੰਨ ਹਫ਼ਤੇ ਬੁਖ਼ਾਰ ਨਾ ਉਤਰਿਆ, ਬੇਹੋਸ਼ੀ ਵਿਚ ਆਖੀ ਜਾਂਦਾ - ਸਤਿਆਨਾਸ, ਬੇੜਾ ਗ਼ਰਕ। ਨਰਸਾਂ ਆਪਸ ਵਿਚ ਗੱਲਾਂ ਕਰਦੀਆਂ - ਇਹ ਪਾਗਲ ਹੋਣ ਕਰਕੇ ਪੇਂਟ ਕਰੀ ਜਾਂਦੈ ਕਿ ਪੇਂਟ ਕਰਨ ਸਦਕਾ ਪਾਗਲ ਹੋਇਐ ?

ਉਸਨੂੰ ਡੇਲਾਕ੍ਰੀਕਸ ਦਾ ਵਾਕ ਯਾਦ ਆਇਆ - ਜਦੋਂ ਮੇਰੇ ਮੂੰਹ ਵਿਚ ਦੰਦ ਨਹੀਂ ਸਨ, ਜਦੋਂ ਮੇਰੇ ਫੇਫੜਿਆਂ ਵਿਚ ਅਜੇ ਹਵਾ ਦੀ ਆਵਾਜਾਈ ਸ਼ੁਰੂ ਨਹੀਂ ਹੋਈ ਸੀ, ਉਦੋਂ ਮੈਂ ਪੇਂਟਿੰਗ ਲੱਭ ਲਈ ਸੀ। ਵਾਨ ਸੋਚਣ ਲੱਗਾ ਮੇਰੀ ਉਮਰ ਬੀਤ ਚੱਲੀ, ਮੈਨੂੰ ਕਦੋਂ ਲੱਭੇਗੀ ? ਉਸਨੂੰ ਸੁਨੇਹਾ ਮਿਲਿਆ - ਡਾਕਟਰ ਪੇਰੋਂ ਨੇ ਸੱਦਿਆ ਹੈ। ਚਲਾ ਗਿਆ। ਰਜਿਸਟਰਡ ਖ਼ਤ ਆਇਆ ਸੀ। ਖੋਲ੍ਹਿਆ, ਥੀਓ ਦਾ ਸੀ, ਚਾਰ ਸੌ ਫਰਾਂਕ ਸਨ। ਏਨੀ ਵੱਡੀ ਰਕਮ ? ਖ਼ਤ ਪੜ੍ਹਿਆ - ਪਿਆਰੇ ਵਾਨ, ਤੇਰੀ ਇਕ ਤਸਵੀਰ ਚਾਰ ਸੌ ਦੀ ਵਿਕ ਗਈ, ਲਾਲ ਬਗ਼ੀਚਾ, ਜਿਹੜੀ ਪਿਛਲੀ ਬਸੰਤ ਵਿਚ ਬਣਾ ਕੇ ਭੇਜੀ ਸੀ। ਹੁਣ ਤੂੰ ਸਾਰੇ

ਯੌਰਪ ਵਿਚ ਜਾਏਂਗਾ। ਜੇ ਡਾਕਟਰ ਆਗਿਆ ਦੇਵੇ ਤਾਂ ਇਨ੍ਹਾਂ ਪੈਸਿਆਂ ਵਿੱਚੋਂ ਟਿਕਟ ਖ਼ਰੀਦ ਕੇ ਪੈਰਿਸ ਆ ਜਾਹ। ਤੇਰਾ - ਥੀਓ।

ਵਾਨ ਨੇ ਡਾਕਟਰ ਅਤੇ ਉਸਦੀ ਪਤਨੀ ਨੂੰ ਖ਼ਤ ਪੜ੍ਹਾਇਆ। ਖ਼ੁਸ਼ ਵਾਪਸ ਆ ਰਿਹਾ ਸੀ। ਪਤਨੀ ਨੇ ਡਾਕਟਰ ਨੂੰ ਪੁੱਛਿਆ - ਕੀ ਇਹ ਸੱਚ ਹੋ ਸਕਦੈ ਕਿ ਐਨੇ ਪੈਸਿਆਂ ਦੀ ਤਸਵੀਰ ਵਿਕੀ ਹੋਵੇ? ਡਾਕਟਰ ਹੱਸ ਪਿਆ - ਭਲੀਏ ਲੋਕੇ ਇਹਦਾ ਭਰਾ ਚੰਗੈ, ਇਹਨੂੰ ਠੀਕ ਕਰਨੈ ਨਾ ਉਹਨੇ। ਹੌਸਲਾ ਅਫ਼ਜ਼ਾਈ ਸਹੀ ਚੀਜ਼ ਹੁੰਦੀ ਹੈ।

ਅਗਲੇ ਦਿਨ ਥੀਓ ਦੀ ਤਾਰ ਆ ਗਈ - ਖ਼ੁਸ਼ਖ਼ਬਰੀ, ਜੋਹੰਨਾ ਨੇ ਬੇਟੇ ਨੂੰ ਜਨਮ ਦਿੱਤਾ ਹੈ, ਜੋ ਤੇਰਾ ਨਾਮ, ਉਹੀ ਰੱਖਿਆ ਹੈ, ਵਿਨਸੈਂਟ। ਮਾਂ ਤੇ ਵਿਨਸੈਂਟ ਠੀਕ ਹਨ - ਥੀਓ। ਖ਼ੁਸ਼ਖ਼ਬਰੀ ਸੁਣ ਕੇ ਪੇਂਟਿੰਗ ਕਰਦਿਆਂ ਆਪਣੇ ਆਪ ਨੂੰ ਕਿਹਾ - ਜਦੋਂ ਮੇਰੇ ਮੂੰਹ ਵਿਚ ਦੰਦ ਨਾ ਰਹੇ ਤੇ ਫੇਫੜਿਆਂ ਵਿੱਚੋਂ ਸਾਹ ਮੁੱਕ ਗਿਆ, ਮੈਨੂੰ ਉਦੋਂ ਪੇਂਟਿੰਗ ਲੱਭੇਗੀ।

ਸਾਲ ਬਾਦ ਉਸ ਨੂੰ ਪਤਾ ਲੱਗ ਗਿਆ ਕਿ ਉਸ ਨੂੰ ਹਰ ਤਿੰਨ ਮਹੀਨਿਆਂ ਬਾਦ ਦੌਰਾ ਪੈਂਦਾ ਹੈ। ਹੁਣ ਜਦੋਂ ਉਸ ਨੂੰ ਲੱਛਣ ਦਿਸਣਗੇ, ਆਪੇ ਪਲੰਘ 'ਤੇ ਲੇਟ ਜਾਏਗਾ। ਉਹ ਦੇਖਦਾ - ਨਰਸਾਂ ਬਾਰ ਬਾਰ ਛਾਤੀ 'ਤੇ ਕਰਾਸ ਬਣਾ ਰਹੀਆਂ ਹਨ, ਮਾਲਾ ਫੇਰਦੀਆਂ ਰਹਿੰਦੀਆਂ, ਪੰਜ ਪੰਜ ਛੇ ਛੇ ਵਾਰੀ ਪ੍ਰਾਰਥਨਾ ਕਰਦੀਆਂ, ਬਾਈਬਲ ਦੇ ਵਰਕੇ ਫਰੋਲਦੀਆਂ ਰਹਿੰਦੀਆਂ, ਪਤਾ ਨਾ ਲੱਗਦਾ ਮਰੀਜ਼ ਪਾਗਲ ਨੇ ਕਿ ਨਰਸਾਂ।

ਥੀਓ ਨੂੰ ਖ਼ਤ ਲਿਖ ਕੇ ਦੱਸਿਆ ਕਿ ਫਲਾਣੇ ਦਿਨ ਪੈਰਿਸ ਪੁੱਜ ਜਾਵੇਗਾ। ਗੱਡੀ ਆਉਣ ਤੋਂ ਦੋ ਘੰਟੇ ਪਹਿਲਾਂ ਥੀਓ ਸਟੇਸ਼ਨ 'ਤੇ ਪੁੱਜ ਗਿਆ। ਪਿਆਰ ਨਾਲ ਮਿਲੇ, ਘਰ ਆਏ, ਜੋਹੰਨਾ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ - ਸੁਹਣੀ ਕੁੜੀ ਲੱਭੀ ਤੂੰ ਥੀਓ। ਅੰਦਰ ਜਾ ਕੇ ਸੁੱਤਾ ਪਿਆ ਬੱਚਾ ਦੇਖ ਕੇ ਵਾਨ ਦੀਆਂ ਅੱਖਾਂ ਭਰ ਆਈਆਂ। ਜੋਹੰਨਾ ਸਮਝ ਗਈ - ਵਾਨ ਉਸ ਮਾਸ ਦਾ ਲੋਥੜਾ ਹੈ ਜਿਹੜਾ ਆਪਣੇ ਵਿੱਚੋਂ ਇਕ ਹੋਰ ਲੋਥੜਾ ਪੈਦਾ ਕਰ ਕੇ ਨਹੀਂ ਜਾਏਗਾ, ਜਿਹੜਾ ਉਸ ਦੇ ਮਰਨ ਪਿੱਛੋਂ ਜਿਊਂਦਾ ਰਹੇ। ਵਾਨ ਦੀ ਮੌਤ ਅਨੰਤ ਹੋਵੇਗੀ। ਜੋਹੰਨਾ ਨੇ ਅਜੇ ਸੱਜਾ ਕੰਨ ਨਹੀਂ ਦੇਖਿਆ। ਬੱਚਾ ਜਾਗ ਪਿਆ, ਵਾਨ ਨੇ ਚੁੱਕ ਲਿਆ, ਥੀਓ ਨੇ ਉਸ ਤੋਂ ਵਾਪਸ ਲੈਂਦਿਆਂ ਗਰਦਨ ਹੇਠ ਹੱਥ ਰੱਖ ਕੇ ਫੜਦਿਆਂ ਕਿਹਾ - ਇਉਂ ਫੜੀਦੈ ਨਿੱਕਾ ਬੱਚਾ।

ਵਾਨ ਹੱਸ ਪਿਆ - ਬਰੱਸ਼ ਫੜਨ ਤੋਂ ਬਿਨਾਂ ਮੈਨੂੰ ਕੁਝ ਵੀ ਫੜਨਾ ਨਹੀਂ ਆਉਂਦਾ, ਆਪਣਾ ਆਪਣਾ ਤਰੀਕਾ ਹੁੰਦੈ ਜਿਉਣ ਦਾ ਥੀਓ। ਤੂੰ ਜਿਉਂਦੇ ਮਾਸ ਰਾਹੀਂ ਜੀਏਂਗਾ, ਮੈਂ ਰੰਗਾਂ ਦੀ ਜੂਨ ਵਿਚ ਜਿਊਂਦਾ ਰਹਾਂਗਾ।

ਅਗਲੇ ਦਿਨ ਥੀਓ ਤੇ ਵਾਨ ਦੇ ਦੋਸਤ ਮਿਲਣ ਆਉਣ ਲੱਗ ਪਏ। ਜੋਹੰਨਾ ਚਾਹ ਕਾਫ਼ੀ ਵਰਤਾਉਂਦੀ ਰਹੀ। ਦਰਜਨਾਂ ਕਲਾਕਾਰਾਂ ਨੇ ਮੇਲਾ ਲਾ ਦਿੱਤਾ। ਸਭ ਨੇ ਵਾਨ ਲਈ ਕੋਈ ਨਾ ਕੋਈ ਤੁਹਫ਼ਾ ਲਿਆਂਦਾ। ਥੀਓ ਨੇ ਇਕ ਪੈਕਟ ਵਾਨ ਦੇ ਹੱਥ ਫੜਾਇਆ। ਖੋਲ੍ਹ ਕੇ ਦੇਖਿਆ - ਇਹ ਤਾਂ ਸਾਰੇ ਉਸੇ ਦੇ ਖ਼ਤ ਨੇ। ਇਕ ਇਕ ਲਾਈਨ ਸੰਭਾਲੀ ਹੋਈ, ਵੀਹ ਸਾਲ ਤੋਂ ਲੈ ਕੇ ਹੁਣ ਤੱਕ ਦੇ 700 ਖ਼ਤ। ਫਿਰ ਅਲਮਾਰੀ ਖੋਲ੍ਹੀ...ਦਸ ਸਾਲ ਪਹਿਲਾਂ ਖਾਣ ਮਜ਼ਦੂਰਾਂ ਦੇ ਰੇਖਾ ਚਿੱਤਰਾਂ ਤੋਂ ਲੈ ਕੇ ਹੁਣ ਤਕ ਦੇ ਆਖ਼ਰੀ ਰੰਗੀਨ ਚਿੱਤਰ ਤੱਕ... ਹਰ ਖ਼ਤ, ਹਰ ਚਿੱਤਰ ਡਾਕੂਮੈਂਟਡ, ਤਰੀਖ਼ਾਂ ਲਿਖੀਆਂ ਹੋਈਆਂ।

ਅਗਲੇ ਦਿਨ ਥੀਓ, ਪਤਨੀ ਬੱਚੇ ਸਮੇਤ ਦੁਪਹਿਰ ਤੱਕ ਚਲੇ ਗਏ, ਵਾਨ ਇਕੱਲਾ ਰਹਿ ਗਿਆ। ਉਸਨੇ ਫ਼ੈਸਲਾ ਕੀਤਾ, ਇਸ ਘਰ ਦੀਆਂ ਸਾਰੀਆਂ ਕੰਧਾਂ 'ਤੇ ਤਸਵੀਰਾਂ

ਲਟਕਾ ਦਿਆਂ... ਕਾਲਕ੍ਰਮ ਅਨੁਸਾਰ। ਉਸਨੇ ਘਰ ਦੀ ਕੋਈ ਥਾਂ ਨਹੀਂ ਛੱਡੀ। ਦੁਪਹਿਰ ਜਦੋਂ ਤਿੱਕੜੀ ਵਾਪਸ ਆਈ ਤਾਂ ਵਾਨ ਨੇ ਕਿਹਾ - ਅੱਖਾਂ ਬੰਦ ਕਰੋ, ਤੁਹਾਨੂੰ ਨੁਮਾਇਸ਼ ਦਿਖਾਣੀ ਹੈ। ਅੱਖਾਂ ਬੰਦ ਕਰ ਲਈਆਂ। ਦਰਵਾਜ਼ਾ ਖੋਲ੍ਹ ਕੇ ਕਿਹਾ - ਅੱਖਾਂ ਖੋਲ੍ਹੋ, ਅੱਖਾਂ ਖੁੱਲ੍ਹੀਆਂ ਤਾਂ ਵਾਨ ਦਾ ਜਹਾਨ ਲਿਸ਼ਕ ਰਿਹਾ ਸੀ। ਪਤੀ ਪਤਨੀ ਨੇ ਤਾੜੀਆਂ ਨਾਲ ਦਾਦ ਦਿੱਤੀ ਤਾਂ ਵਾਨ ਨੇ ਕਿਹਾ - ਥੀਓ, ਪਾਪਾ ਕਿਹਾ ਕਰਦੇ ਸਨ, ਬੁਰਾਈ ਵਿੱਚੋਂ ਚੰਗਿਆਈ ਪੈਦਾ ਨਹੀਂ ਹੋ ਸਕਦੀ। ਮੈਂ ਉੱਤਰ ਦਿੰਦਾ - ਹੋਣੀ ਜ਼ਰੂਰੀ ਹੈ। ਦੇਖੋ ਦਸ ਸਾਲ ਪਹਿਲਾਂ ਜਿਸ ਨੂੰ ਤੁਰਨਾ ਨਹੀਂ ਆਉਂਦਾ ਸੀ, ਹੁਣ ਆਕਾਸ਼ ਵਿਚ ਉੱਡ ਰਿਹੈ। ਨੁਮਾਇਸ਼ ਨਹੀਂ, ਆਰਟਿਸਟ ਦਾ ਜੀਵਨ ਦੇਖਦੇ ਦੇਖਦੇ ਅੱਗੇ ਵਧੇ।

ਜੋਹੰਨਾ ਨੇ ਡੱਚ ਖਾਣਾ ਤਿਆਰ ਕੀਤਾ, ਮੁੱਦਤ ਬਾਦ ਵਾਨ ਨੂੰ ਘਰ ਦੇ ਖਾਣੇ ਦਾ ਸੁਆਦ ਆਇਆ। ਥੀਓ ਨੇ ਕਿਹਾ - ਇਥੇ ਡਾਕਟਰ ਗਾਛੇ ਮਨੋਵਿਗਿਆਨੀ ਹੈ, ਕੰਮ ਵਿਚ ਤਾਂ ਨਿਪੁੰਨ ਹੈ ਹੀ, ਉਸ ਦੀ ਮਹਾਰਤ ਕਲਾਕਾਰਾਂ ਨੂੰ ਠੀਕ ਕਰਨ ਦੀ ਹੈ, ਜਿਵੇਂ ਉਹ ਕਹੀ ਜਾਵੇ ਕਰੀ ਜਾਈਂ। ਉਹ ਆਪ ਵੀ ਪੇਂਟਰ ਹੈ, ਹਰ ਸਾਲ ਨੁਮਾਇਸ਼ ਲਾਉਂਦੈ। ਵਾਨ ਨੇ ਪੁੱਛਿਆ - ਕੀ ਉਸਨੇ ਮੇਰੀ ਕੋਈ ਤਸਵੀਰ ਦੇਖੀ ? ਥੀਓ ਹੱਸ ਪਿਆ - ਹੋਰ ਤੈਨੂੰ ਉਹਨੇ ਇਥੇ ਪੈਰਿਸ ਆਉਣ ਲਈ ਕਿਉਂ ਕਿਹਾ ? ਤੇਰੀ ਸੂਰਜਮੁਖੀ ਵਾਲੀ ਪੇਂਟਿੰਗ ਦੇਖ ਕੇ ਉਸਨੇ ਕਿਹਾ ਸੀ - ਇਸ ਤੋਂ ਪਹਿਲਾਂ ਅਜਿਹਾ ਸੂਰਜਮੁਖੀ, ਕਲਾ ਦੇ ਇਤਿਹਾਸ ਵਿਚ ਨਹੀਂ ਬਣਿਆਂ। ਇਸ ਇਕੱਲੀ ਪੇਂਟਿੰਗ ਸਦਕਾ ਵਾਨ ਅਮਰ ਹੈ।

ਗਾਛੇ ਤਪਾਕ ਨਾਲ ਮਿਲਿਆ, ਕਿਹਾ - ਲਉ, ਕਮਾਲ ਹੋ ਗਿਆ, ਆਪਣਾ ਕੰਮ ਕਰਨ ਦਾ ਸਾਮਾਨ ਨਾਲ ਹੀ ਲੈ ਆਇਆ ਵਾਨ। ਮੈਂ ਸੋਚਦਾ ਸੀ ਇਥੇ ਪੇਂਟਿੰਗ ਕਰਨ ਲਈ ਆਖਾਂਗਾ ਮੇਰੇ ਘਰ, ਪਤਾ ਨੀ ਮੰਨੇਗਾ ਕਿ ਨਾ। ਥੀਓ ਨੇ ਜਾਣ ਦੀ ਆਗਿਆ ਮੰਗੀ ਤੇ ਕਿਹਾ - ਖ਼ਿਆਲ ਰੱਖੀਂ ਡਾਕਟਰ। ਕੋਈ ਮੁਸ਼ਕਲ ਪੇਸ਼ ਆਏ ਤਾਂ ਮੈਨੂੰ ਤਾਰ ਦੇ ਦੇਣੀ। ਗਾਛੇ ਨੇ ਕਿਹਾ - ਮੇਰਾ ਤਾਂ ਆਪਣਾ ਜੀ ਕਰਦਾ ਹੁੰਦੈ ਮੈਂ ਪਾਗਲ ਹੋ ਜਾਵਾਂ। ਵਾਨ, ਸੁਣ - ਕੋਈ ਸ਼ਾਨਦਾਰ ਰੂਹ ਅਜਿਹੀ ਨਹੀਂ ਜਿਸ ਵਿਚ ਪਾਗਲਪਣ ਦਾ ਮਿਸ਼ਰਣ ਨਾ ਹੋਵੇ, ਪਤੈ ਕਿਸ ਨੇ ਕਹੀ ਇਹ ਗੱਲ ? ਅਰਸਤੂ ਨੇ।

- ਪਰ ਡਾਕਟਰ ਇਸ ਦੀ ਉਮਰ ਅਜੇ 37 ਸਾਲ ਹੈ ਕੇਵਲ, ਥੀਓ ਨੇ ਕਿਹਾ, ਅਸਲ ਜੀਵਨ ਤਾਂ ਸ਼ੁਰੂ ਹੋਣਾ ਹੈ।

- ਇਕ ਮਹੀਨੇ ਵਿਚ ਥੀਓ, ਬੱਸ ਇਕ ਮਹੀਨੇ ਵਿਚ ਨੌਂ ਬਰ ਨੌਂ। ਸਭ ਤੋਂ ਪਹਿਲਾਂ ਮੇਰਾ ਪੋਰਟਰੇਟ ਬਣਾਏਗਾ। ਵਾਨ ਨੇ ਕਿਹਾ - ਨਹੀਂ ਹੁਣੇ ਨਹੀਂ। ਅਜੇ ਮੈਂ ਤੁਹਾਨੂੰ ਜਾਣਦਾ ਨਹੀਂ। ਚਿੱਤਰ ਉਹ ਹੁੰਦੈ ਜਿਹੜਾ ਸ਼ਖ਼ਸ ਦੇ ਗੁਣ ਔਗੁਣ ਦਿਖਾਵੇ, ਕੇਵਲ ਨੈਣ ਨਕਸ਼ ਨਹੀਂ।

ਕੁਝ ਦਿਨਾਂ ਬਾਦ ਡਾਕਟਰ ਦਾ ਚਿੱਤਰ ਬਣਨ ਲੱਗਾ। ਪੂਰਾ ਦਿਨ ਲੱਗ ਗਿਆ। ਸ਼ਾਮ ਨੂੰ ਡਾਕਟਰ ਨੇ ਆਪਣਾ ਚਿੱਤਰ ਦੇਖਿਆ, ਜਿਵੇਂ ਸ਼ੈਦਾਈ ਹੋ ਗਿਆ ਹੋਵੇ ਖ਼ੁਸ਼ੀ ਨਾਲ। ਗ਼ਜ਼ਬ, ਕਮਾਲ, ਵਾਹਵਾ, ਦੇਰ ਤੱਕ ਸਿਫ਼ਤਾਂ ਕਰਨ ਪਿੱਛੋਂ ਕਿਹਾ - ਇਹ ਚਿੱਤਰ ਮੈਨੂੰ ਮਿਲ ਜਾਏਗਾ ? ਵਾਨ ਨੇ ਹੱਸ ਕੇ ਕਿਹਾ - ਹੋਰ ਕਿਸ ਨੂੰ ਮਿਲੇਗਾ ? ਡਾਕਟਰ ਦੀ ਖ਼ੁਸ਼ੀ ਦਾ ਅੰਤ ਨਹੀਂ ਸੀ।

- ਮੇਰੇ ਕੋਲ ਛਾਪੇ ਦੀ ਮਸ਼ੀਨ ਹੈ ਵਾਨ। ਜਿੰਨੀਆਂ ਮਰਜ਼ੀ ਤਸਵੀਰਾਂ ਛਾਪੀ ਜਾਈਂ। ਧੇਲਾ ਖ਼ਰਚ ਨਹੀਂ ਹੋਣ ਦਿਆਂਗਾ।

ਤੀਜਾ ਮਹੀਨਾ ਆ ਰਿਹਾ ਸੀ, ਵਾਨ ਦੇ ਦੌਰੇ ਦਾ ਸਮਾਂ। ਫ਼ਿਕਰਮੰਦ ਹੋ ਗਿਆ ਕਿ ਉਸ ਕਾਰਨ ਸਾਰੇ ਪਰੇਸ਼ਾਨ ਹੋਣਗੇ। ਦੂਜੀ ਬੁਰੀ ਖ਼ਬਰ ਮਿਲੀ ਕਿ ਥੀਓ ਦਾ ਬੱਚਾ ਬਿਮਾਰ ਹੋ ਗਿਆ, ਵਾਨ ਉਸ ਦੀ ਖ਼ਬਰ ਵਾਸਤੇ ਗਿਆ। ਬੱਚੇ ਨਾਲੋਂ ਥੀਓ ਵਧੀਕ ਕਮਜ਼ੋਰ ਲੱਗਿਆ।

- ਤੈਨੂੰ ਕੀ ਹੋ ਗਿਆ ਥੀਓ ?

- ਇਕ ਤਾਂ ਬੱਚੇ ਦਾ ਫ਼ਿਕਰ, ਦੂਜਾ ਕੰਪਨੀ ਨੇ ਮੈਨੂੰ ਕਿਹੈ ਮੇਰਾ ਕੰਮ ਸਹੀ ਨਹੀਂ, ਘਾਟੇ ਵਿਚ ਜਾ ਰਿਹੈ, ਮੈਨੂੰ ਕਿਸੇ ਦਿਨ ਵੀ ਨੌਕਰੀ ਤੋਂ ਜਵਾਬ ਮਿਲ ਸਕਦੈ। ਮੈਂ ਨਵੇਂ ਕਲਾਕਾਰਾਂ ਦੀਆਂ ਤਸਵੀਰਾਂ ਖ਼ਰੀਦੀ ਗਿਆ ਨਾ, ਕੰਪਨੀ ਦਾ ਨੁਕਸਾਨ ਹੋਇਆ, ਉਹ ਵਿਕਦੀਆਂ ਨਹੀਂ।

- ਜੇ ਨੌਕਰੀ ਤੋਂ ਜਵਾਬ ਮਿਲ ਗਿਆ, ਫੇਰ ਆਪਣੀ ਦੁਕਾਨ ਖੋਲ੍ਹੇਂਗਾ ?

- ਕਿਵੇਂ, ਕਿਸ ਨਾਲ ਖੋਲ੍ਹਾਂਗਾ, ਮੇਰੇ ਕੋਲ ਪੈਸੇ ਕਿਥੇ ਨੇ ?

- ਤੂੰ ਮੇਰੇ ਉੱਤੇ ਐਵੇਂ ਪੈਸੇ ਰੋੜ੍ਹੇ ਥੀਓ।

- ਇਹੋ ਜਿਹੀਆਂ ਗੱਲਾਂ ਕਰ ਕੇ ਮੇਰਾ ਦਿਲ ਨਾ ਦੁਖਾ ਵਾਨ। ਹੋਰ ਗੱਲ ਕਰ। ਮੈਨੂੰ ਪਤਨੀ ਅਤੇ ਬੱਚੇ ਦਾ ਫ਼ਿਕਰ ਵਧੀਕ ਹੈ।

ਕੁਝ ਦਿਨ ਭਰਾ ਕੋਲ ਰਹਿ ਕੇ ਵਾਪਸ ਡਾਕਟਰ ਕੋਲ ਚਲਾ ਗਿਆ, ਚਿੰਤਾ ਗ੍ਰਸਤ, ਜੇ ਥੀਓ ਨੂੰ ਜਵਾਬ ਮਿਲ ਗਿਆ, ਫੇਰ ਭੀਖ ਮੰਗਾਂਗੇ ? ਭਰਜਾਈ ਤੇ ਬੱਚਾ ? ਉਹ ਹੋਟਲ ਵਿਚ ਜਾ ਕੇ ਬੈਠ ਗਿਆ। ਖਾਣ ਪੀਣ ਲਈ ਪੈਸੇ ਨਹੀਂ ਸਨ, ਥੀਓ ਤੋਂ ਮੰਗਣ ਦੀ ਸਥਿਤੀ ਨਹੀਂ ਸੀ, ਉਸਨੇ ਪੇਂਟ ਅਤੇ ਕੈਨਵਸ ਕਿਵੇਂ ਖ਼ਰੀਦੇ ? ਦੌਰਾ ਪੈਣ ਵਿਚ ਵੀ ਦਿਨ ਥੋੜ੍ਹੇ ਹਨ। ਪਰ ਚਲੋ, ਪੇਂਟ ਕਰਨ ਲਈ ਨਵੇਂ ਅਹਿਸਾਸ ਪੈਦਾ ਹੋਣੇ ਵੀ ਤਾਂ ਬੰਦ ਹੋ ਗਏ ਨੇ। ਕੁਦਰਤ ਚਾਹੁੰਦੀ ਹੈ ਇਹ ਕਾਰਖ਼ਾਨਾ ਹੁਣ ਬੰਦ ਹੋਵੇ।

ਜੁਲਾਈ ਦੇ ਅੱਧ ਵਿਚ ਗਰਮੀ ਹੋ ਗਈ, ਬੱਚਾ ਅਜੇ ਬਿਮਾਰ ਸੀ, ਥੀਓ ਸੰਕਟ ਗ੍ਰਸਤ, ਤਾਂ ਵੀ ਪੰਜਾਹ ਫਰਾਂਕ ਭੇਜ ਦਿੱਤੇ। ਸ਼ਾਇਦ ਆਖ਼ਰੀ ਪੰਜਾਹ ਦੀ ਰਕਮ ਹੋਵੇ, ਵਾਨ ਨੇ ਸੋਚਿਆ। ਨਦੀ ਦੇ ਕਿਨਾਰੇ ਕਿਨਾਰੇ ਹਰੇ ਘਾਹ ਉਪਰ ਤੁਰਦਿਆਂ ਖੇਤਾਂ ਵੱਲ ਚਲਾ ਗਿਆ, ਫਿਰ ਵਾਪਸ ਆ ਕੇ ਡਾਕਟਰ ਗਾਛੇ ਕੋਲ ਖਾਣਾ ਖਾਧਾ, ਖਾਧਾ ਤਾਂ ਰੱਜ ਕੇ ਪਰ ਸੁਆਦ ਕਿਹੋ ਜਿਹਾ ਸੀ, ਪਤਾ ਨਾ ਲੱਗਾ। ਡਾਕਟਰ, ਵਾਨ ਦੀਆਂ ਕਿਰਤਾਂ ਦੀ ਸਿਫ਼ਤ ਕਰਨੋਂ ਹਟਿਆ ਨਾ ਤਾਂ ਵਾਨ ਨੇ ਕਿਹਾ - ਇਹ ਕਿਸੇ ਹੋਰ ਦੇ ਹੱਥ ਸਨ, ਮੇਰੇ ਤੋਂ ਤਾਂ ਦਸਖ਼ਤ ਠੀਕ ਨਹੀਂ ਕਰ ਹੁੰਦੇ। ਸੋਚਣ ਲੱਗਾ, ਫ਼ਰਜ਼ ਕਰੋ ਥੀਓ ਦੀ ਹੀ ਨੌਕਰੀ ਕਾਇਮ ਰਹੇ, ਫ਼ਰਜ਼ ਕਰੋ ਮੈਨੂੰ ਡੇਢ ਸੌ ਮਹੀਨਾ ਮਿਲਦਾ ਰਹੇ, ਫਿਰ ਮੈਂ ਜੀਵੀ ਜਾਵਾਂ ? ਹੁਣ ਕਰਨ ਵਾਲਾ ਕੰਮ ਨਹੀਂ ਰਿਹਾ ਤਾਂ ਪਾਗਲਖ਼ਾਨੇ ਵਿਚ ਅੱਡੀਆਂ ਰਗੜੀ ਜਾਣ ਦਾ ਕੀ ਮਤਲਬ ? ਇਹ ਵੀ ਮੰਨ ਲਉ ਮੈਂ ਬਿਲਕੁਲ ਠੀਕ ਹੋ ਜਾਵਾਂ, ਤਾਂ ਵੀ ਮੇਰਾ ਹੁਣ ਥੀਓ ਦੇ ਪੈਸੇ 'ਤੇ ਕੀ ਹੱਕ ? ਉਸ ਦੀ ਕਮਾਈ ਹੁਣ ਨਿੱਕੇ ਵਿਨਸੈਂਟ ਵਾਸਤੇ ਹੈ ਮੇਰੇ ਲਈ ਨਹੀਂ। ਹੁਣ ਮੈਂ ਹੋਸ਼ ਵਿਚ ਹਾਂ, ਕੋਈ ਫ਼ੈਸਲਾ ਲੈਣ ਦੇ ਸਮਰੱਥ, ਫ਼ਰਜ਼ ਕਰੋ ਦੌਰਾ ਪੈਣ ਬਾਦ ਦਿਮਾਗ਼ ਬਿਲਕੁਲ ਨਕਾਰਾ ਹੋ ਗਿਆ, ਫਿਰ ਥੀਓ ਕੀ ਕਰੇਗਾ ? ਹੁਣ ਮੈਂ ਆਪਣੇ ਆਪ ਨੂੰ ਗੋਲੀ ਮਾਰਨ ਦੇ ਸਮਰੱਥ ਹਾਂ, ਅਟੈਕ ਬਾਦ ਦਿਮਾਗ਼ ਨਕਾਰਾ ਹੋ ਗਿਆ ਫਿਰ ਤਾਂ ਇਹ ਕੰਮ ਵੀ ਹੱਥੋਂ ਨਿਕਲ ਗਿਆ ਸਮਝੋ। ਹੋਰ ਤਾਂ ਕਿਸੇ ਨੇ ਇਹ ਕੰਮ ਕਰਨਾ ਨਹੀਂ।

ਸਾਮਾਨ ਲੈ ਕੇ ਪੇਂਟਿੰਗ ਲਈ ਖੇਤ ਵੱਲ ਨਿਕਲ ਗਿਆ, ਅਜੇ ਬੁਰੱਸ਼ ਚੁੱਕਿਆ

ਹੀ ਸੀ ਕਿ ਕਾਵਾਂ ਦੀ ਡਾਰ ਇਰਦ ਗਿਰਦ ਚੱਕਰ ਲਾਉਣ ਲੱਗੀ, ਜਿਵੇਂ ਜਿਸਮ ਨੋਚ ਲੈਣਗੇ... ਉਸਨੇ ਫਟਾ ਫਟ ਇਹੋ ਕਾਂ ਪੇਂਟ ਕਰ ਦਿੱਤੇ, ਹੇਠਾਂ ਲਿਖ ਦਿੱਤਾ - ਪੱਕੀ ਫ਼ਸਲ ਉਪਰ ਕਾਂ। ਆਖ਼ਰੀ ਪੇਂਟਿੰਗ। ਜੀਵਨ ਵਿਚ ਮਿਲੇ ਸਾਰੇ ਬੰਦੇ ਇਕ ਇਕ ਕਰਕੇ ਯਾਦ ਆਏ ... ਹੁਣ ਸਾਰਿਆਂ ਨੂੰ ਅਲਵਿਦਾ ਕਹੀਏ ... ਹਾਂ ਵਿਦਾ ਤਾਂ ਹੋਈਦਾ ਹੁੰਦੈ, ਵਿਦਾਇਗੀ ਪੇਂਟ ਨਹੀਂ ਕੀਤੀ ਜਾਂਦੀ, ਰਿਵਾਲਵਰ ਦੀ ਨਾਲੀ ਵੱਖੀ ’ਤੇ ਰੱਖ ਕੇ ਘੋੜਾ ਦੱਬ ਦਿੱਤਾ, ਡਿੱਗ ਪਿਆ। ਕੁਝ ਦੇਰ ਬਾਦ ਸੰਭਲਿਆ, ਉੱਠ ਖਲੋਤਾ, ਸਹਿਜੇ ਸਹਿਜੇ, ਜਿਥੇ ਠਹਿਰਿਆ ਹੋਇਆ ਸੀ, ਉਸ ਹੋਟਲ ਤੱਕ ਪੁੱਜ ਗਿਆ, ਲਹੂ ਲੁਹਾਣ। ਹੋਟਲ ਵਾਲਿਆਂ ਤੁਰਤ ਬਿਸਤਰੇ ’ਤੇ ਲਿਟਾ ਕੇ ਡਾਕਟਰ ਗਾਛੇ ਨੂੰ ਬੁਲਾ ਲਿਆਂਦਾ। ਕਾਹਲੀ ਕਾਹਲੀ ਨਿਰੀਖਣ ਕਰ ਕੇ ਡਾਕਟਰ ਬੈਠ ਗਿਆ। ਪੁੱਛਿਆ - ਦਰਦ ਕਿੰਨਾ ਕੁ ਹੈ ? - ਕੋਈ ਦਰਦ ਨਹੀਂ, ਵਾਨ ਨੇ ਕਿਹਾ - ਸਿਗਾਰ ਸੁਲਗਾ ਕੇ ਦੇ ਦੇਹ। ਡਾਕਟਰ ਨੇ ਕਿਹਾ - ਵਾਨ ਅੱਜ ਕੰਪਨੀ ਦਾ ਦਫ਼ਤਰ ਬੰਦ ਹੈ, ਥੀਓ ਦੇ ਘਰ ਦਾ ਐਡਰੈਸ ਲਿਖਾ।

- ਨਹੀਂ, ਅੱਜ ਉਹਨੂੰ ਛੁੱਟੀ ਮਨਾਉਣ ਦੇਹ। ਛੇ ਦਿਨ ਜਾਨ ਮਾਰ ਕੇ ਕੰਮ ਕਰਨ ਵਾਲੇ ਨੂੰ ਇਕ ਦਿਨ ਵੀ ਚੈਨ ਨਾ ਮਿਲੇ ? ਅੱਜ ਨੀ ਦੱਸਣਾ।

ਅਗਲੇ ਦਿਨ ਦਫ਼ਤਰ ਵਿਚ ਥੀਓ ਨੂੰ ਤਾਰ ਮਿਲੀ, ਗੱਡੀ ਚੜ੍ਹਿਆ ਤੇ ਪੁੱਜ ਗਿਆ।

- ਆ ਗਿਆ ਥੀਓ ? ਵਾਨ ਨੇ ਕਿਹਾ। ਥੀਓ ਨੇ ਬੱਚੇ ਵਾਂਗ ਵਾਨ ਨੂੰ ਜੱਫੀ ਵਿਚ ਘੁੱਟ ਲਿਆ। ਬੋਲ ਨਾ ਸਕਿਆ। ਡਾਕਟਰ ਆਇਆ ਤਾਂ ਥੀਓ ਉਸ ਨੂੰ ਬਾਹਰ ਲੈ ਗਿਆ, ਨਾਂਹ ਵਿਚ ਸਿਰ ਹਿਲਾਂਦਿਆਂ ਕਿਹਾ - ਗੋਲੀ ਅੰਦਰ ਪਈ ਹੈ। ਏਨਾ ਖ਼ੂਨ ਵਗ ਚੁੱਕੈ ਕਿ ਆਪ੍ਰੇਸ਼ਨ ਨਹੀਂ ਹੋ ਸਕਦਾ। ਬੱਸ ਕੰਮ ਖ਼ਤਮ। ਏਨਾ ਵੱਡਾ ਜ਼ਖ਼ਮ, ਇਹ ਤੁਰ ਕੇ ਇਥੇ ਕਿਵੇਂ ਪਹੁੰਚ ਗਿਆ ... ਜਿਵੇਂ ਫੌਲਾਦ ਦਾ ਬਣਿਆ ਹੋਵੇ। ਸਾਰਾ ਦਿਨ ਥੀਓ ਮੰਜੇ ਲਾਗੇ ਬੈਠਾ ਰਿਹਾ।

ਵਾਨ ਨੇ ਕਿਹਾ - ਪਿੰਡ ਦਾ ਘਰਾਟ ਯਾਦ ਹੈ ਥੀਓ ? ਆਪਾਂ ਉਥੇ ਖੇਡਿਆ ਕਰਦੇ। ਉੱਚੀਆਂ ਲੰਮੀਆਂ ਫ਼ਸਲਾਂ ਪਾਰ ਕਰਨ ਵੇਲੇ ਤੂੰ ਮੇਰੀ ਬਾਂਹ ਫੜ ਕੇ ਤੁਰਦਾ, ਕਿ ਕਿਤੇ ਗੁਆਚ ਈ ਨਾ ਜਾਵੇਂ। ਹਸਪਤਾਲ ਵਿਚ ਬਚਪਨ ਅਤੇ ਪਿੰਡ ਯਾਦ ਆਉਂਦਾ ਰਿਹਾ। ਰਸੋਈ ਪਿਛਲੇ ਬਗ਼ੀਚੇ ਵਿਚ ਖੇਡਿਆ ਕਰਦੇ ਸਾਂ ਆਪਾਂ।

- ਬਹੁਤ ਦੇਰ ਹੋ ਗਈ ਉਨ੍ਹਾਂ ਗੱਲਾਂ ਨੂੰ ਵਾਨ। ਹੈਨਾ ?

- ਹਾਂ...ਲੰਮਾ ਜੀਵਨ ਪੰਧ। ਆਪਣਾ ਖ਼ਿਆਲ ਰੱਖੀਂ। ਜੋਹੰਨਾ ਅਤੇ ਨਿੱਕੜੇ ਦਾ ਖ਼ਿਆਲ ਰੱਖੀਂ। ਪਿੰਡ ਵਿਚ ਰਿਹਾਇਸ਼ ਕਰ, ਉਥੇ ਬੱਚਾ ਠੀਕ ਵਧੇ ਫੁੱਲੇਗਾ। ਗੂਪਲ ਕੰਪਨੀ ਦਾ ਖਹਿੜਾ ਛੱਡ, ਕੀ ਦਿੱਤਾ ਉਨ੍ਹਾਂ ਤੈਨੂੰ, ਕੀ ਛੱਡਿਐ ਉਨ੍ਹਾਂ ਤੇਰੇ ਵਿਚ ?

- ਵਾਨ ਮੈਂ ਹੁਣ ਆਪਣੀ ਗੈਲਰੀ ਸਥਾਪਤ ਕਰਾਂਗਾ। ਪਹਿਲੀ ਗੈਲਰੀ ਤੇਰੇ ਚਿੱਤਰਾਂ ਦੀ ਹੋਏਗੀ। ਬੈਨਰ ਲਾਵਾਂਗਾ : ਵਿਨਸੈਂਟ ਵਾਨ ਗਾਗ ਦੀ ਸੰਪੂਰਨ ਕਲਾ ਸਮੱਗਰੀ।

- ਠੀਕ ਹੈ, ਥੀਓ, ਜੀਵਨ ਆਰਟ ਦੇ ਲੇਖੇ ਲੱਗਾ, ਮੇਰਾ ਮਨੋਰਥ ਪੂਰਾ ਹੋਇਆ।

ਅਗਲੀ ਸਵੇਰ ਪਾਸਾ ਲੈਂਦਿਆਂ ਕਿਹਾ - ਹੁਣ ਮੈਂ ਜਾਣਾ ਹੈ ਥੀਓ। ਅੱਖਾਂ ਬੰਦ ਕਰ ਲਈਆਂ। ਜਦੋਂ ਆਖ਼ਰੀ ਸਾਹ ਲਿਆ, ਉਦੋਂ ਥੀਓ ਨੇ ਉਸਦਾ ਹੱਥ ਫੜਿਆ ਹੋਇਆ ਸੀ। ਰੂਸੋ, ਗੋਗੀਓ, ਤਾਂਗੀ, ਆਰੀ, ਏਮੀਲ ਪੈਰਿਸ ਤੋਂ ਇਥੇ ਹੋਟਲ ਵਿਚ ਪੁੱਜ ਗਏ। ਹੋਟਲ ਇਕ ਦਿਨ ਲਈ ਬੰਦ ਕਰ ਦਿੱਤਾ। ਕਾਲੇ ਰੰਗ ਦੀ ਬੱਘੀ ਅੱਗੇ ਦੋ ਕਾਲੇ ਘੋੜੇ ਜੁੜੇ ਹੋਏ। ਹਾਜ਼ਰ ਕਲਾਕਾਰ ਆਪਸ ਵਿਚ ਨਜ਼ਰਾਂ ਨਾ ਮਿਲਾ ਸਕੇ। ਪਾਦਰੀ ਨੂੰ ਬੁਲਾਉਣਾ

ਭੁੱਲ ਗਏ। ਕੋਚਵਾਨ ਦਰਵਾਜ਼ੇ ਅੰਦਰ ਆਇਆ, ਕਿਹਾ - ਚਲੋ ਜੀ ਹੁਣ। ਤਾਬੂਤ ਚੁੱਕਣ ਵੇਲੇ ਡਾਕਟਰ ਤੋਂ ਇਲਾਵਾ ਕੋਈ ਨਾ ਬੋਲ ਸਕਿਆ। ਡਾਕਟਰ ਨੇ ਕਿਹਾ - ਵਾਨ ਕਿਤੇ ਨਹੀਂ ਗਿਆ। ਉਦਾਸ ਨਾ ਹੋਵੋ, ਉਹ ਹਮੇਸ਼ ਰਹੇਗਾ ਇਥੇ। ਉਸ ਦਾ ਪਿਆਰ, ਉਸ ਦੀ ਸਿਰਜਣਾ, ਉਸ ਦੀ ਸੁੰਦਰਤਾ ਹਮੇਸ਼ ਜਹਾਨ ਨੂੰ ਸਰਸ਼ਾਰ ਕਰਦੀ ਰਹੇਗੀ। ਉਹ ਵਿਸ਼ਾਲ ਪਰਬਤ ਸੀ। ਆਰਟ ਦਾ ਮਹਾਨ ਸ਼ਹੀਦ।

ਥੀਓ ਨੇ ਸ਼ੁਕਰਾਨੇ ਵਜੋਂ ਬੋਲਣਾ ਚਾਹਿਆ...ਮੈਂ...ਮੈਂ..., ਬੋਲ ਨਾ ਨਿਕਲੇ।

ਬਕਸਾ ਚੁੱਕ ਕੇ ਗੱਡੀ ਵਿਚ ਸਹਿਜੇ ਟਿਕਾ ਦਿੱਤਾ। ਪਿੰਡ ਦੇ ਕਬਰਿਸਤਾਨ ਵਿਚ ਪੁੱਜ ਗਏ। ਛੇ ਜਣਿਆਂ ਨੇ ਅਰਥੀ ਚੁੱਕੀ, ਥੀਓ ਪਿੱਛੇ ਪਿੱਛੇ ਤੁਰਿਆ। ਅਰਥੀ ਹੇਠਾਂ ਉਤਾਰ ਕੇ ਮਿੱਟੀ ਪਾਈ। ਵਾਪਸੀ ਵਕਤ ਥੀਓ ਨੇ ਫਿਰ ਕੁਝ ਕਹਿਣਾ ਚਾਹਿਆ, ਪਰ ਨਹੀਂ।

ਕੁਝ ਦਿਨਾਂ ਬਾਦ ਡਾਕਟਰ ਗਾਛੇ ਕਬਰ ਦੇ ਆਲੇ-ਦੁਆਲੇ ਸੂਰਜਮੁਖੀ ਦੇ ਬੀ ਬੀਜ ਆਇਆ। ਥੀਓ ਖ਼ਾਮੋਸ਼ ਰਹਿੰਦਾ। ਛੇ ਮਹੀਨਿਆਂ ਬਾਦ ਥੀਓ ਦੀ ਮੌਤ ਹੋ ਗਈ। ਪੈਰਿਸ ਦੇ ਕਬਰਿਸਤਾਨ ਵਿਚ ਲਿਜਾਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਧਰਵਾਸ ਵਾਸਤੇ ਜੋਹੰਨਾ ਨੇ ਬਾਈਬਲ ਖੋਲ੍ਹੀ, ਸੈਮੁਅਲ ਦੀ ਪੰਕਤੀ ਪੜ੍ਹੀ, ਲਿਖਿਆ ਸੀ - ਮੌਤ ਵੀ ਉਨ੍ਹਾਂ ਨੂੰ ਨਿਖੇੜ ਨਾ ਸਕੀ। ਪੜ੍ਹ ਕੇ ਕਿਹਾ - ਪੈਰਿਸ ਵਿਚ ਨਹੀਂ, ਵਾਨ ਦੀ ਕਬਰ ਲਾਗੇ। ਦੋਵੇਂ ਭਰਾ ਇਕੱਠੇ ਸੌਣ।

ਓਵੇਰ ਪਿੰਡ ਦੀ ਜ਼ਮੀਨ ਉਪਰ ਜਦੋਂ ਧੁੱਪ ਛਾਂਟੇ ਮਾਰਦੀ ਹੈ, ਉਦੋਂ ਥੀਓ, ਵਾਨ ਭਰਾ ਦੇ ਸੂਰਜਮੁਖੀਆਂ ਦੀ ਛਾਂ ਹੇਠ ਆਰਾਮ ਕਰਦਾ ਹੈ।

•

ਕਾਫ਼ਕਾ ਦੀ ਪਤਨੀ ਦੋਰਾ

(4 ਮਾਰਚ, 1898 — 15 ਅਗਸਤ, 1952)

(ਜੋ ਸੰਭਵ ਹੈ, ਵਾਪਰ ਕੇ ਰਹੇਗਾ ਯਕੀਨਨ,
ਜੋ ਵਾਪਰਿਆ, ਉਹੀ ਸੰਭਵ ਸੀ — ਕਾਫ਼ਕਾ)

ਕਾਫ਼ਕਾ ਦੀ ਪਤਨੀ ਦੋਰਾ ਦੇ ਜੀਵਨ ਬਾਬਤ ਲਿਖਤਾਂ ਪ੍ਰਾਪਤ ਹਨ ਪਰ ਕੈਥੀ ਦਾਇਮੰਤ ਦੀ ਲਿਖਤ ਸਭ ਤੋਂ ਵਧੀਕ ਭਰੋਸੇਯੋਗ ਹੈ। ਕਿਤਾਬ ਦਾ ਨਾਮ ਹੈ, *ਕਾਫ਼ਕਾ'ਜ਼ ਲਾਸਟ ਲਵ*। ਇਹ ਕਿਤਾਬ ਉਸਨੇ ਮੂਲ ਸਰੋਤ ਲੱਭ ਕੇ ਲਿਖੀ ਹੈ ਤੇ ਉਨ੍ਹਾਂ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ ਹਨ ਜਿਹੜੇ ਦੋਰਾ ਦੇ ਨਜ਼ਦੀਕ ਰਹੇ, ਇਨ੍ਹਾਂ ਵਿਚ ਉਸ ਦੇ ਪਰਿਵਾਰ ਦੇ ਮੈਂਬਰ ਵੀ ਹਨ। ਯਹੂਦੀਆਂ ਦੇ ਪੁਰਾਤਨ ਧਰਮ ਗ੍ਰੰਥ ਹਿਬਰੂ ਭਾਸ਼ਾ ਵਿਚ ਹਨ ਪਰ ਜਿਹੜੀ ਬੋਲੀ ਹੁਣ ਯਹੂਦੀ ਬਸਤੀਆਂ ਵਿਚ ਬੋਲੀ ਜਾਂਦੀ ਹੈ ਉਹ ਯਿੱਦਿਸ਼ ਹੈ ਜੋ ਹਿਬਰੂ ਦੇ ਨੇੜੇ ਹੈ। ਹਿਬਰੂ ਅਤੇ ਅਰਬੀ ਵੀ ਆਪਸ ਵਿਚ ਇਕ ਦੂਜੀ ਦੇ ਬਹੁਤ ਨੇੜੇ ਹਨ, ਹਿਬਰੂ ਦੇ ਪਹਿਲੇ ਅੱਖਰ ਅਲਿਫ਼, ਬੇ, ਵੇ, ਜੀਮ, ਦਾਲ, ਹੇ, ਆਦਿਕ ਹੀ ਹਨ। ਦੋਰਾ ਦੀਆਂ ਯਿੱਦਿਸ਼ ਲਿਖਤਾਂ ਵਿੱਚੋਂ ਹਵਾਲੇ ਦਿੱਤੇ ਹਨ। ਉਸਨੇ ਜਰਮਨ ਵਿਚ ਵੀ ਆਪਣੀਆਂ ਲਿਖਤਾਂ ਛਪਵਾਈਆਂ, ਉਨ੍ਹਾਂ ਦਾ ਅਧਿਐਨ ਹੈ। ਕੈਥੀ ਨੇ ਰੂਸ, ਇਜ਼ਰਾਈਲ, ਪੋਲੈਂਡ, ਜਰਮਨ ਅਤੇ ਅਮਰੀਕਾ ਦੇ ਪੁਰਾ-ਖੋਜ ਕੇਂਦਰ ਛਾਣੇ ਹਨ। ਕੈਥੀ ਦੱਸਦੀ ਹੈ ਜਦੋਂ ਉਹ 1971 ਵਿਚ ਕਾਫ਼ਕਾ ਦੀ ਕਹਾਣੀ *ਮੈਟਾਮਾਰਫੋਸਿਸ* ਨੂੰ ਅਨੁਵਾਦ ਕਰ ਰਹੀ ਸੀ ਤਾਂ ਉਸਦੇ ਅਧਿਆਪਕ ਨੇ ਪੁੱਛਿਆ, ਤੂੰ ਵੀ ਦਾਇਮੰਤ ਹੈਂ ਕੈਥੀ, ਤੂੰ ਦੋਰਾ ਦਾਇਮੰਤ ਦੀ ਰਿਸ਼ਤੇਦਾਰ ਹੈਂ ? ਕੈਥੀ ਨੇ ਕਿਹਾ - ਮੈਂ ਤਾਂ ਇਹ ਨਾਮ ਪਹਿਲੀ ਵਾਰ ਸੁਣਿਆ ਹੈ, ਕੌਣ ਸੀ ਦੋਰਾ ? ਅਧਿਆਪਕ ਨੇ ਕਿਹਾ - ਕਾਫ਼ਕਾ ਦੇ ਜੀਵਨ ਵਿਚ ਆਖ਼ਰੀ ਔਰਤ, ਉਸਦੀਆਂ ਬਾਹਵਾਂ ਵਿਚ ਕਾਫ਼ਕਾ ਨੇ ਆਖ਼ਰੀ ਸਾਹ ਲਿਆ, ਦੋਰਾ ਨੇ ਉਸਦੀਆਂ ਲਿਖਤਾਂ ਨੂੰ ਅੱਗ ਲਾ ਦਿੱਤੀ ਸੀ। ਅਧਿਆਪਕ ਦੀ ਗੱਲ ਸੁਣ ਕੇ ਕੈਥੀ ਨੇ ਮੈਕਸਬਰੋਦ ਲਿਖਤ ਕਾਫ਼ਕਾ ਦੀ ਜੀਵਨੀ ਪੜ੍ਹੀ ਤਾਂ ਜਾਣਿਆਂ ਕਿ ਦੋਰਾ ਜਦੋਂ ਕਾਫ਼ਕਾ ਨੂੰ ਮਿਲੀ, ਉੱਨੀ ਸਾਲ ਦੀ ਸੀ। ਇਹੀ ਹੁਣ ਕੈਥੀ ਦੀ ਉਮਰ।

ਕੈਥੀ ਲਿਖਦੀ ਹੈ - ਇਹ ਕਿਤਾਬ ਲਿਖਣ ਵਿਚ ਸਹਾਇਤਾ ਬਹੁਤ ਭਲੇ ਲੋਕਾਂ ਨੇ ਕੀਤੀ ਪਰ ਸੱਚ ਜਾਣਨਾ, ਦੋਰਾ ਮੇਰੀ ਸਹੇਲੀ ਬਣ ਗਈ, ਉਹ ਹਰ ਵਕਤ ਮੇਰੇ ਨਾਲ ਨਾਲ ਤੁਰਦੀ, ਮੈਂ ਉਸ ਤੋਂ ਸਿੱਖਿਆ, ਕਿਸੇ ਦੇ ਕੰਮ ਕਿਵੇਂ ਆਉਣਾ ਹੈ, ਆਪਣੇ ਆਪ ਨੂੰ ਬਦਲੀਦਾ ਕਿਵੇਂ ਹੈ। ਸਾਲ 1948 ਵਿਚ ਕਾਫ਼ਕਾ ਬਾਰੇ ਉਸਦੀ ਪਹਿਲੀ ਇੰਟਰਵਿਊ ਛਪੀ ਸੀ ਜਿਸ ਵਿਚ ਉਸਨੇ ਕਿਹਾ ਸੀ - ਮੈਂ ਨਿਰਪੱਖ ਨਹੀਂ ਹਾਂ, ਹੋ ਈ ਨਹੀਂ ਸਕਦੀ, ਇਸ ਕਰਕੇ ਜਿਹੜੇ ਤੱਥ ਦੱਸਾਂਗੀ ਉਨ੍ਹਾਂ ਦਾ ਕੋਈ ਮਹੱਤਵ ਨਹੀਂ, ਇਕ ਪਵਿੱਤਰ ਮਾਹੌਲ ਸਿਰਜਾਂਗੀ ਮੈਂ। ਜਿਹੜੀ ਕਹਾਣੀ ਤੁਹਾਨੂੰ ਸੁਣਾਵਾਂਗੀ ਉਸਦੇ ਧੁਰ ਅੰਦਰ ਵੱਖਰੀ ਤਰ੍ਹਾਂ

ਦਾ ਸੱਚ ਹੈ ਤੇ ਮੈਂ ਉਸ ਸੱਚ ਦਾ ਨਿੱਕਾ ਹਿੱਸਾ ਹਾਂ, ਸੋ ਨਿਰਪੱਖ ਨਹੀਂ। ਇਹ ਸਤਰਾਂ ਲਿਖਦੀ ਹੋਈ ਕੈਥੀ ਆਖਦੀ ਹੈ - ਮੈਂ ਦੋਰਾ ਦੇ ਦਾਇਮੰਤ ਪਰਿਵਾਰ ਨੂੰ ਮਿਲੀ, ਉਨ੍ਹਾਂ ਤੋਂ ਬਹੁਤ ਹੌਸਲਾ ਮਿਲਿਆ। ਮੈਨੂੰ ਸਬੂਤ ਤਾਂ ਨਹੀਂ ਮਿਲੇ ਪਰ ਅਹਿਸਾਸ ਹੋਇਆ ਕਿ ਮੈਂ ਦੋਰਾ ਦਾਇਮੰਤ ਦੀ ਰਿਸ਼ਤੇਦਾਰ ਹਾਂ, ਸੋ ਮੈਂ ਵੀ ਨਿਰਪੱਖ ਨਹੀਂ ਹਾਂ।

ਤਿੰਨ ਜੂਨ 1924 ਅੱਧੀ ਰਾਤ, ਕਾਫ਼ਕਾ, ਸੈਨੇਟੋਰੀਅਮ ਵਿਚ ਸੁੱਤਾ ਪਿਆ ਸੀ। ਦੋਰਾ ਲਾਗੇ ਬੈਠੀ ਉਸਨੂੰ ਦੇਖ ਰਹੀ ਸੀ, ਤਿੱਖਾ ਨੱਕ, ਡੂੰਘੀਆਂ ਅੱਖਾਂ, ਲੰਮਾ ਕੱਦ, ਜਿਵੇਂ ਗੋਰੇ ਰੰਗ ਦਾ ਕੋਈ ਹਿੰਦੁਸਤਾਨੀ ਹੋਵੇ। ਪਹਿਲੀ ਵਾਰ ਦੇਖਣ ਵਕਤ ਦੋਰਾ ਨੂੰ ਉਹ ਹਿੰਦੁਸਤਾਨੀ ਹੀ ਲੱਗਿਆ ਸੀ। ਸਾਹਮਣੇ ਖਿੜਕੀ ਖੁੱਲ੍ਹੀ ਸੀ ਜਿਸ ਵਿੱਚੋਂ ਤਾਜ਼ੀ ਹਵਾ ਅੰਦਰ ਆ ਰਹੀ ਸੀ, ਛਾਤੀ ਹੌਲੀ ਹੌਲੀ ਹੇਠ ਉਪਰ ਉੱਠ ਬੈਠ ਰਹੀ ਸੀ। ਹੁਣ ਉਹ ਨਿਰੰਤਰ ਮੌਤ ਵੱਲ ਵਧ ਰਿਹਾ ਸੀ ਪਰ ਦੋਰਾ ਬਜ਼ਿਦ ਸੀ ਕਿ ਉਹ ਉਸਨੂੰ ਮੌਤ ਦੇ ਪੰਜੇ ਵਿੱਚੋਂ ਛੁਡਾ ਲਏਗੀ। ਇਸ ਯਹੂਦੀ ਕੁੜੀ ਨੇ ਬਚਪਨ ਵਿਚ ਇੰਜੀਲ ਦੀਆਂ ਸਾਖੀਆਂ ਸੁਣੀਆਂ ਤੇ ਪੜ੍ਹੀਆਂ ਸਨ ਜਿਨ੍ਹਾਂ ਵਿਚ ਕਰਾਮਾਤਾਂ ਹੀ ਕਰਾਮਾਤਾਂ ਸਨ। ਇਥੇ ਵੀ ਕਰਾਮਾਤ ਹੋਏਗੀ ਤੇ ਕਾਫ਼ਕਾ ਤੰਦਰੁਸਤ ਹੋ ਕੇ ਘਰ ਜਾਏਗਾ। ਨਿੱਕੀ ਜਿਹੀ ਘੁੱਟ ਅੰਦਰ ਲੰਘਾਂਦਿਆਂ ਬਹੁਤ ਦਰਦ ਹੁੰਦਾ ਸੀ, ਤਾਂ ਵੀ ਕਾਫ਼ਕਾ ਦੀ ਇੱਛਾ ਸੀ ਜਿਊਂਦਾ ਰਹਾਂ। ਉਸ ਨੂੰ ਸਾਹ ਔਖਾ ਆਉਣ ਲੱਗਾ ਤਾਂ ਦੋਰਾ ਨੇ ਉਸਦੇ ਮੱਥੇ 'ਤੇ ਹੱਥ ਰੱਖ ਕੇ ਕਿਹਾ - ਜੇ ਤੂੰ ਨਾ ਬਚਿਆ ਮੈਂ ਖ਼ੁਦਕੁਸ਼ੀ ਕਰ ਲਵਾਂਗੀ ਫਰਾਂਜ਼। ਮਾਸੂਮ ਬਲੈਕਮੇਲ। ਕਾਫ਼ਕਾ ਮਰ ਗਿਆ। ਦੋਰਾ ਦੇਰ ਤੱਕ ਜਿਊਂਦੀ ਰਹੀ। ਗਿਆਰਾਂ ਮਹੀਨੇ ਪਹਿਲਾਂ ਜਦੋਂ ਉਹ ਕਾਫ਼ਕਾ ਨੂੰ ਮਿਲੀ, ਉਸੇ ਦਿਨ ਉਸ ਅੰਦਰ ਇਕ ਸੁਫ਼ਨੇ ਨੇ ਜਨਮ ਲਿਆ ਸੀ ਕਿ ਇਕੱਠੇ ਫਲਸਤੀਨ ਜਾਵਾਂਗੇ।

13 ਜੁਲਾਈ 1923 ਨੂੰ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਵਾਸਤੇ ਬਾਲਟਿੱਕ ਸਾਗਰ ਕਿਨਾਰੇ ਕੈਂਪ ਦੀ ਰਸੋਈ ਵਿਚ ਮੱਛੀਆਂ ਸਾਫ਼ ਕਰ ਰਹੀ ਸੀ। ਦਿਨ ਵਿਚ ਪਤਲੇ ਲੰਮੇ ਕੱਦ ਦਾ ਇਕ ਬੰਦਾ ਉਸਨੇ ਦੋ ਬੱਚਿਆਂ ਨਾਲ ਖੇਡਦਾ ਦੇਖਿਆ ਸੀ। ਖ਼ੁਦ ਇਹ ਕੁੜੀ ਦਰਮਿਆਨੇ ਕੱਦ ਤੇ ਦਰਮਿਆਨੀ ਦਿੱਖ ਵਾਲੀ ਸੀ। ਡੂੰਘੀਆਂ ਕਾਲੀਆਂ ਅੱਖਾਂ, ਜਦੋਂ ਮੁਸਕਰਾਉਂਦੀ, ਮੋਨਾਲਿਜ਼ਾ ਵਰਗੀ ਉਦਾਸੀ ਉਦੋਂ ਵੀ ਉਸਦੇ ਚਿਹਰੇ ਉਪਰ ਟਿਕੀ ਹੁੰਦੀ। ਆਪਣੀ ਇਹ ਸ਼ਕਲ ਉਸਨੂੰ ਖ਼ੁਦ ਵੀ ਚੰਗੀ ਲੱਗਦੀ ਸੀ ਕਿਉਂਕਿ ਬਹੁਤੀਆਂ ਫੋਟੋਆਂ ਵਿਚ ਇਹੋ ਉਦਾਸ ਮੁਸਕਣੀ ਹੈ। ਇਹ ਯਤੀਮ ਰਫ਼ਿਊਜੀ ਬੱਚਿਆਂ ਦਾ ਕੈਂਪ ਸੀ ਜਿਹੜੇ ਪਹਿਲੀ ਸੰਸਾਰ ਜੰਗ ਵਿਚ ਉਜੜ ਗਏ ਸਨ। ਐਤਵਾਰ ਦਾ ਦਿਨ ਹੋਣ ਕਰਕੇ ਵੱਡਾ ਖਾਣਾ ਤਿਆਰ ਕਰਨਾ ਸੀ। ਉਹ ਖਪਰੇ ਨਾਲ ਮੱਛੀਆਂ ਦੇ ਸਿਰ ਧੜ ਤੋਂ ਵੱਖ ਕਰਨ ਲੱਗੀ। ਪਿਛੋਕੜ ਪੋਲੈਂਡ ਦਾ ਸੀ ਪਰ ਦਸਵੀਂ ਪਾਸ ਇਸ ਕੁੜੀ ਨੇ ਇਸ਼ਤਿਹਾਰ ਪੜ੍ਹੇ ਜਿਨ੍ਹਾਂ ਰਾਹੀਂ ਅਨਾਥ ਯਹੂਦੀ ਬੱਚਿਆਂ ਦੀ ਦੇਖ ਭਾਲ ਵਾਸਤੇ ਵਾਲੰਟੀਅਰਾਂ ਦੀ ਮੰਗ ਕੀਤੀ ਸੀ। ਇਹ ਕੁੜੀ ਖ਼ੁਦ ਵਿਤਕਰੇ ਅਤੇ ਨਫ਼ਰਤ ਦਾ ਜ਼ਾਇਕਾ ਚੱਖ ਚੁੱਕੀ ਸੀ ਇਸ ਕਰਕੇ ਬਿਨਾਂ ਪਰਿਵਾਰ ਨੂੰ ਦੱਸਿਆਂ ਪੁੱਛਿਆਂ ਕੈਂਪ ਵਿਚ ਆ ਗਈ। ਬੱਚੇ ਇਹਨੂੰ ਏਸ ਕਰਕੇ ਪਿਆਰ ਕਰਦੇ ਸਨ ਕਿਉਂਕਿ ਇਸ ਜਿੰਨੀਆਂ ਕਹਾਣੀਆਂ ਕਿਸੇ ਨੂੰ ਨਹੀਂ ਆਉਂਦੀਆਂ ਸਨ।

ਪੁਰਾਣੀ ਬਾਈਬਲ ਦੀਆਂ ਸਾਖੀਆਂ ਸੁਣਾਉਂਦੀ ਸੁਣਾਉਂਦੀ ਉਹ ਯੈਰੋਸ਼ਲਮ ਪਹੁੰਚ ਜਾਂਦੀ, ਕਿਹਾ ਕਰਦੀ - ਗੈਲੀਲੀ ਦੇ ਖੇਤ, ਕੈਨਾਨ ਦੇਸ, ਵਡੇਰਿਆਂ ਦੀ ਪਵਿੱਤਰ ਧਰਤੀ। ਸੁਣਿਐ ਰੇਗਿਸਤਾਨ ਹੈ, ਤਾਂ ਕੀ, ਅਸੀਂ ਬਾਗ਼ ਲਾਵਾਂਗੇ, ਸਾਡੇ ਬੱਚੇ, ਫਿਰ ਬੱਚਿਆਂ ਦੇ ਬੱਚੇ ਉਥੇ ਬੇਖ਼ੌਫ਼ ਖੇਡਿਆ ਕਰਨਗੇ।

ਭੈਣ ਭਰਾਵਾਂ ਵਿੱਚੋਂ ਵੱਡੀ ਦੋਰਾ ਸੀ, ਮਾਂ ਦੀ ਮੌਤ ਹੋਈ ਤਾਂ ਬੱਚਿਆਂ ਦੀ ਪਰਵਰਿਸ਼ ਦਾ ਭਾਰ ਦੋਰਾ ਨੇ ਢੋਇਆ। ਕਠਿਨ ਕੰਮ ਤਾਂ ਸੀ ਪਰ ਇਸ ਨਾਲ ਉਸ ਅੰਦਰ ਮਮਤਾ ਦੇ ਅੰਸ਼ ਬਲਵਾਨ ਹੋ ਗਏ, ਉਸਨੂੰ ਜ਼ਿੰਮੇਵਾਰੀ ਸੰਭਾਲਣੀ ਬਚਪਨ ਵਿਚ ਆ ਗਈ। ਯਹੂਦੀ ਪਿਤਾ ਹੱਠ-ਧਰਮੀ ਸੀ। ਕੁੜੀਆਂ ਦੀ ਪੜ੍ਹਾਈ ਦੇ ਖ਼ਿਲਾਫ਼, ਧਰਮ ਗ੍ਰੰਥਾਂ ਦਾ ਪਾਠ ਤਾਂ ਬਿਲਕੁਲ ਨਹੀਂ। ਕਿਹਾ ਕਰਦਾ - ਪੈਗੰਬਰਾਂ ਦੀਆਂ ਗੱਲਾਂ ਦਾ ਨਿਆਣਿਆਂ ਨਾਲ ਕੀ ਵਾਸਤਾ ? ਪਹਿਲੀ ਪਤਨੀ ਦੀ ਮੌਤ ਤੋਂ ਦਸ ਸਾਲ ਬਾਦ ਉਸਨੇ ਦੂਜਾ ਵਿਆਹ ਕਰਵਾ ਲਿਆ ਤਦ ਦੋਰਾ ਜੁਆਨ ਹੋ ਚੁੱਕੀ ਸੀ। ਪਿਤਾ ਨੇ ਆਗਿਆ ਨਹੀਂ ਦੇਣੀ ਸੀ, ਬਿਨਾਂ ਦੱਸੇ ਇਸ ਕੈਂਪ ਵਿਚ ਆ ਗਈ। ਥੋੜ੍ਹਾ ਕੁ ਚਿਰ ਥੀਏਟਰ ਵਿਚ ਵੀ ਕੰਮ ਕੀਤਾ। ਉਸਨੇ ਪਰੰਪਰਾ ਤੋਂ ਹਟ ਕੇ ਨਵਾਂ ਯੌਰਪੀਅਨ ਜੀਵਨ ਬਤੀਤ ਕਰਨ ਦਾ ਫ਼ੈਸਲਾ ਕੀਤਾ, ਖ਼ੁਦ ਕਮਾਏਗੀ, ਖਾਏਗੀ, ਆਪਣੇ ਫ਼ੈਸਲੇ ਆਪ ਕਰੇਗੀ। ਪੋਲੈਂਡ ਛੱਡ ਕੇ ਜਰਮਨੀ ਆ ਗਈ, ਕਿਹਾ ਕਰਦੀ ਸੀ - ਦੋਸਤੋਵਸਕੀ ਦੇ ਨਾਵਲ ਦਾ ਕੋਈ ਆਮ ਜਿਹਾ ਪਾਤਰ ਅੱਖਾਂ ਵਿਚ ਸੁਫ਼ਨੇ ਸੰਜੋਅ ਕੇ ਜਿਵੇਂ ਹਨੇਰੇ ਰਸਤੇ ਵੱਲ ਤੁਰ ਪੈਂਦਾ ਹੈ, ਮੈਂ ਇਸ ਤਰ੍ਹਾਂ ਤੁਰੀ ਅਨਜਾਣ ਰਾਹਾਂ ਉਪਰ। ਪਿਤਾ ਨੇ ਮੋੜਨ ਦਾ ਯਤਨ ਕੀਤਾ, ਵਿਅਰਥ। ਪਿਤਾ ਅਨੁਸਾਰ ਕਲੰਕ ਲਾ ਗਈ।

ਮੱਛੀਆਂ ਦੇ ਟੁਕੜੇ ਕਰਦਿਆਂ ਫਿਰ ਉਸਦਾ ਖ਼ਿਆਲ ਸਾਗਰ ਕੰਢੇ ਬੱਚਿਆਂ ਨਾਲ ਖੇਡਦੇ ਲੰਮ ਸਲੰਮੇ ਜੁਆਨ ਵੱਲ ਚਲਾ ਗਿਆ। ਕੈਂਪ ਵਿਚ ਐਲਾਨ ਹੋਇਆ ਸੀ ਕਿ ਅੱਜ ਪਰਾਗ ਦਾ ਡਾ. ਕਾਫ਼ਕਾ ਨਾਮ ਦਾ ਲੇਖਕ ਆਏਗਾ। ਕਮਰੇ ਵਿਚ ਬੂਹੇ ਥਾਣੀ ਆਉਂਦੀ ਰੌਸ਼ਨੀ ਮੱਧਮ ਪਈ ਤਾਂ ਉਸਨੇ ਦੇਖਿਆ ਦਰਵਾਜ਼ੇ ਉਪਰ ਉਹੀ ਲੰਮਾ ਬੰਦਾ ਖਲੋਤਾ ਸੀ, ਸਿਰ ਰਤਾ ਕੁ ਟੇਢਾ। ਕੱਲ੍ਹ ਨਾਲੋਂ ਰਤਾ ਕੁ ਵਧੀਕ ਲੰਮਾ, ਛੇ ਫ਼ੁੱਟ ਤੋਂ ਵਧੀਕ। ਉਸਨੇ ਰਸੋਈ ਅੰਦਰ ਕਦਮ ਰੱਖਿਆ ਤਾਂ ਦੋਰਾ ਦੇ ਦਿਲ ਅੰਦਰ ਕੁਝ ਘਬਰਾਹਟ ਹੋਈ। ਉਸਦੀ ਨਜ਼ਰ ਕਿਸੇ ਜਾਦੂਗਰ ਵਰਗੀ ਸੀ। ਬੰਦੇ ਨੇ ਕਿਹਾ - ਨਾਜ਼ੁਕ ਹੱਥਾਂ ਨੂੰ ਖ਼ੂਨੀ ਕੰਮ ਕਰਨਾ ਪੈ ਗਿਆ। ਸਿਰ ਨੀਵਾਂ ਕਰਕੇ ਆਪਣੇ ਟੋਪ ਨੂੰ ਹੱਥ ਨਾਲ ਛੂਹ ਕੇ ਸਲਾਮ ਕੀਤਾ। ਫਿਰ ਚਲਾ ਗਿਆ।

ਸ਼ਾਮ ਦੇ ਖਾਣੇ ਵੇਲੇ ਸਾਰੇ ਬੱਚੇ ਬੈਂਚਾਂ 'ਤੇ ਖ਼ਾਮੋਸ਼ ਬੈਠੇ ਸਨ ਤਾਂ ਦੋਰਾ ਨੇ ਦੇਖਿਆ ਉਹੀ ਅਜਨਬੀ ਕੁਝ ਗੱਲਾਂ ਕਰਨ ਆਇਆ ਹੈ। ਤਾਂ ਇਹ ਹੈ ਪਰਾਗ ਤੋਂ ਡਾ. ਕਾਫ਼ਕਾ। ਨਜ਼ਦੀਕ ਹੋਟਲ ਵਿਚ ਰਹਿੰਦਾ ਹੈ। ਕੈਂਪ ਦੇ ਰਸਤੇ ਦਾ ਪਤਾ ਨਹੀਂ ਸੀ ਇਸ ਲਈ ਟਹਿਲਦਾ ਟਹਿਲਦਾ ਰਸੋਈ ਵੱਲ ਲੰਘ ਗਿਆ ਸੀ। ਕੱਲ੍ਹ ਜਦੋਂ ਦੋਰਾ ਨੇ ਇਸ ਨੂੰ ਦੇਖਿਆ ਸੀ ਤਾਂ ਇਕ ਮੁੰਡਾ ਇਕ ਕੁੜੀ ਇਸ ਨਾਲ ਖੇਡ ਰਹੇ ਸਨ ਤੇ ਇਕ ਔਰਤ ਲਾਗੇ ਖਲੋਤੀ ਸੀ। ਦੋਰਾ ਨੇ ਸਮਝਿਆ ਇਹ ਇਸ ਦਾ ਪਰਿਵਾਰ ਹੈ। ਪਰ ਅੱਜ ਇਹ ਇਕੱਲਾ ਕਿਉਂ ਆਇਆ ਹੈ ਹਾਲ ਵਿਚ ? ਬਾਦ ਵਿਚ ਪਤਾ ਲੱਗਾ ਕਿ ਹੋਟਲ ਵਿਚ ਉਹ ਆਪਣੀ ਭੈਣ ਅਤੇ ਭਾਣਜੀ ਨਾਲ ਰਹਿ ਰਿਹਾ ਹੈ, ਅਜੇ ਵਿਆਹਿਆ ਹੋਇਆ ਨਹੀਂ। ਇਹ ਖ਼ਬਰ ਸੁਣ ਕੇ ਦੋਰਾ ਨੂੰ ਖ਼ੁਸ਼ੀ ਹੋਈ। ਪ੍ਰਾਰਥਨਾ, ਕੀ ਪਤਾ ਸੁਣੀ ਜਾਵੇ। ਇਹ ਤਾਂ ਪਹਿਲੇ ਦਿਨ ਮੱਛੀਆਂ ਵਾਲੀ ਟਿੱਪਣੀ ਤੋਂ ਜਾਣ ਗਈ ਕਿ ਉਹ ਮਾਸਾਹਾਰੀ ਨਹੀਂ, ਉਸ ਨੂੰ ਪਤਾ ਲੱਗਦਾ ਗਿਆ ਕਾਫ਼ਕਾ ਨੇ ਵਕਾਲਤ ਵਿਚ ਡਾਕਟਰੇਟ ਦੀ ਡਿਗਰੀ ਲੈ ਕੇ ਬੀਮਾ ਕੰਪਨੀ ਵਿਚ ਅਫ਼ਸਰ ਦੀ ਨੌਕਰੀ ਸ਼ੁਰੂ ਕਰ ਦਿੱਤੀ ਹੈ ਤੇ ਲੇਖਕ ਵਜੋਂ ਆਪਣੀ ਸਾਖ਼ ਬਣਾ ਚੁੱਕਾ ਹੈ।

ਹਾਲ ਵਿਚ ਦਾਖ਼ਲ ਹੋਇਆ ਤਾਂ ਸਾਰੇ ਬੱਚੇ ਉਤਸੁਕਤਾ ਨਾਲ ਉਸ ਵੱਲ ਦੇਖਣ

ਲੱਗੇ। ਪੰਜ ਸਾਲ ਦਾ ਇਕ ਬੱਚਾ ਖਲੋ ਕੇ ਕੁਝ ਕਹਿਣ ਹੀ ਲੱਗਾ ਸੀ ਕਿ ਲੱਤਾਂ ਕੰਬੀਆਂ, ਡਿੱਗ ਪਿਆ, ਸਾਰਾ ਹਾਲ ਹੱਸਣ ਲੱਗਾ। ਮੁੰਡੇ ਦੀ ਖਿੱਲੀ ਉੱਡ ਗਈ। ਕਾਫ਼ਕਾ ਉਸ ਦੇ ਨੇੜੇ ਗਿਆ। ਪਿਆਰ ਨਾਲ ਗੱਲ੍ਹਾਂ ਥਪ-ਥਪਾਂਦਿਆਂ ਕਿਹਾ - ਯਾਰ ਤੂੰ ਕਿੰਨੇ ਆਰਾਮ ਨਾਲ ਡਿੱਗਿਆ ਤੇ ਕਿੰਨੀ ਸ਼ਾਨ ਨਾਲ ਆਪੇ ਫਿਰ ਖੜਾ ਹੋ ਗਿਆ, ਕਮਾਲ ਐਂ ਤੂੰ। ਸਾਰਿਆਂ ਨੇ ਤਾੜੀਆਂ ਅਤੇ ਕਿਲਕਾਰੀਆਂ ਨਾਲ ਬੱਚੇ ਨੂੰ ਦਾਦ ਦਿੱਤੀ ਤਾਂ ਉਹ ਵੀ ਹੱਸਣ ਲੱਗ ਗਿਆ। ਦੋਰਾ ਇਸ ਘਟਨਾ ਨੂੰ ਕਦੀ ਨਹੀਂ ਭੁੱਲੀ। ਕਾਫ਼ਕਾ ਦੀ ਮੌਤ ਦੇ ਪੱਚੀ ਸਾਲ ਬਾਦ ਉਸਨੇ ਇਹ ਘਟਨਾ ਦੁਹਰਾਉਂਦਿਆਂ ਕਿਹਾ ਸੀ - ਕਾਫ਼ਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਉਸ ਸਦਕਾ ਸੰਸਾਰ ਬਚ ਸਕੇ, ਆਪ ਉਸਨੇ ਨਹੀਂ ਬਚਣਾ ਸੀ।

ਬੱਚਿਆਂ ਦੇ ਸੈਸ਼ਨ ਤੋਂ ਬਾਦ ਦੋਰਾ ਉਸ ਨਾਲ ਗੱਲੀਂ ਲੱਗ ਗਈ। ਉਹ ਖ਼ੁਸ਼ ਹੋਈ ਕਿ ਕਾਫ਼ਕਾ ਨੂੰ ਹਿਬਰੂ ਨਹੀਂ ਆਉਂਦੀ, ਸਿੱਖਣ ਦਾ ਇੱਛੁਕ ਹੈ। ਦੋਰਾ ਨੂੰ ਹਿਬਰੂ ਆਉਂਦੀ ਸੀ, ਕਾਫ਼ਕਾ ਨੇ ਕਿਹਾ - ਪੜ੍ਹ ਕੇ ਸੁਣਾ। ਦੋਰਾ ਸੁਣਾਈ ਗਈ। ਨਾਲੇ ਦੱਸਿਆ ਕਿ ਪਿਤਾ ਜੀ ਭਰਾਵਾਂ ਨੂੰ ਹਿਬਰੂ ਪੜ੍ਹਾਇਆ ਕਰਦੇ ਸਨ, ਮੈਂ ਧੱਕੇ ਨਾਲ ਬੈਠ ਜਾਂਦੀ, ਪਿਤਾ ਦੀ ਡਾਂਟ ਫਿਟਕਾਰ ਦੀ ਪ੍ਰਵਾਹ ਨਹੀਂ। ਪਿਤਾ ਕਿਹਾ ਕਰਦਾ ਸੀ - ਗੰਵਾਰਾਂ, ਬਜ਼ਾਰਾਂ ਤੇ ਬੱਚਿਆਂ ਵਾਸਤੇ ਇਹ ਬੋਲੀ ਨਹੀਂ ਬਣੀ, ਕੁੜੀਆਂ ਦਾ ਇਸ ਨਾਲ ਕੀ ਮਤਲਬ? ਯਹੂਦੀਆਂ ਦੀ ਪੁਨਰ-ਜਾਗਰਣ ਲਹਿਰ ਜ਼ਿਓਨਿਜ਼ਮ, ਸਿੰਘ ਸਭਾ ਵਰਗੀ ਸੀ ਜੋ ਕੁੜੀਆਂ ਨੂੰ ਹਿਬਰੂ ਸਿੱਖਣ ਲਈ ਉਤਸ਼ਾਹਿਤ ਕਰਦੇ ਸਨ। ਪਿਤਾ ਇਸੇ ਕਾਰਨ ਸਦਕਾ ਜ਼ਿਓਨਿਸਟਾਂ ਨੂੰ ਪਸੰਦ ਨਹੀਂ ਕਰਦਾ ਸੀ। ਦੋਰਾ ਨੇ ਬਗ਼ਾਵਤ ਕਰ ਕੇ ਹਿਬਰੂ ਸਕੂਲ ਵਿਚ ਦਾਖ਼ਲਾ ਲਿਆ ਤੇ ਇਹ ਸਨਾਤਨੀ ਜ਼ਬਾਨ ਸਿੱਖੀ। ਕੈਂਪ ਹਾਲ ਦੇ ਇਕ ਕੋਨੇ ਵਿਚ ਬੈਠ ਕੇ ਦੋਰਾ ਨੇ ਪੈਗ਼ੰਬਰ ਈਸਾਈਆਹ ਦੀ ਪੋਥੀ ਖੋਲ੍ਹੀ ਤੇ ਪੜ੍ਹਨੀ ਸ਼ੁਰੂ ਕਰ ਦਿੱਤੀ। ਕਾਫ਼ਕਾ ਦੀਆਂ ਅੱਖਾਂ ਵਿਚ ਲਿਸ਼ਕ, ਹੋਠਾਂ ਉਪਰ ਮੁਸਕਾਨ ਨੱਚੀ। ਫੇਰ ਦੋਰਾ ਨੇ ਕਿਤਾਬ ਬੰਦ ਕਰ ਕੇ ਕਿਹਾ - ਕਿਤਾਬ ਤਾਂ ਮੈਂ ਐਵੇਂ ਖੋਲ੍ਹ ਲਈ ਸੀ, ਇਹ ਸਾਰੇ ਬੋਲ ਤਾਂ ਮੈਨੂੰ ਯਾਦ ਨੇ,. ਇਹ ਕਹਿ ਕੇ ਉਸਨੇ ਕਿਤਾਬ ਬੰਦ ਕਰ ਦਿੱਤੀ ਤੇ ਪੜ੍ਹੇ ਹੋਏ ਪ੍ਰਵਚਨ ਜ਼ਬਾਨੀ ਸੁਣਾ ਦਿੱਤੇ। ਕਾਫ਼ਕਾ ਨੇ ਭਰਪੂਰ ਦਾਦ ਦਿੱਤੀ, ਕਿਹਾ - ਲੱਗਿਆ ਇਹ ਬੋਲ ਕਿਸੇ ਹੋਰ ਦੁਨੀਆਂ ਵਿੱਚੋਂ ਆਏ ਤੇ ਸੁਣੇ।

ਕਾਫ਼ਕਾ ਨੇ ਇਥੋਂ ਆਪਣੇ ਇਕ ਖ਼ਤ ਵਿਚ ਲਿਖਿਆ - ਦਰੱਖਤਾਂ ਵਿੱਚੋਂ ਪਰਲੇ ਪਾਰ ਨਿੱਕੇ ਬੱਚੇ ਖੇਡਦੇ ਦਿਸ ਰਹੇ ਹਨ। ਖ਼ੁਸ਼, ਸਿਹਤਮੰਦ, ਉਤਸ਼ਾਹਿਤ ਪੂਰਬੀ ਯੂਰਪ ਦੇ ਇਨ੍ਹਾਂ ਯਹੂਦੀ ਯਤੀਮ ਬੱਚਿਆਂ ਨੂੰ ਪੱਛਮੀ ਯੂਰਪ ਦੇ ਯਹੂਦੀ, ਬਰਲਿਨ ਦੀ ਮਾਰ ਤੋਂ ਬਚਾਉਣਾ ਚਾਹੁੰਦੇ ਨੇ। ਸਾਰਾ ਦਿਨ ਤੇ ਅੱਧੀ ਰਾਤ ਤੱਕ, ਇਨ੍ਹਾਂ ਦੇ ਹਾਸਿਆਂ ਅਤੇ ਗੀਤਾਂ ਨਾਲ ਗੂੰਜਦਾ ਰਹਿੰਦਾ ਹੈ ਜੰਗਲ ਅਤੇ ਸਮੁੰਦਰ ਦਾ ਕਿਨਾਰਾ। ਇਹ ਦਾਅਵਾ ਤਾਂ ਮੈਂ ਨਹੀਂ ਕਰਦਾ ਕਿ ਮੈਂ ਖ਼ੁਸ਼ ਹਾਂ। ਲੱਗਦਾ ਹੈ ਮੈਂ ਖ਼ੁਸ਼ੀ ਦੀ ਦਹਿਲੀਜ਼ ਉੱਤੇ ਪੁੱਜ ਗਿਆ ਹਾਂ। ਅੱਜ ਜੀਵਨ ਵਿਚ ਪਹਿਲੀ ਵਾਰ ਆਪਣੀ ਮਨਮਰਜ਼ੀ ਨਾਲ, ਖ਼ੁਸ਼ੀ ਨਾਲ, ਮੈਂ ਵੱਡਾ ਪਵਿੱਤਰ ਦਿਨ ਸੈਬਥ ਮਨਾਵਾਂਗਾ। ਇਸ ਕੈਂਪ ਵਿਚ ਸਹਾਇਤਾ ਕਰਨ ਵਾਸਤੇ ਉਸ ਨੇ ਕਈਆਂ ਨੂੰ ਖ਼ਤ ਲਿਖੇ ਤੇ ਕਿਹਾ - ਇਨ੍ਹਾਂ ਬੱਚਿਆਂ ਦਾ ਭਲਾ ਬਾਦ ਵਿਚ ਹੋਵੇਗਾ, ਤੁਹਾਡਾ ਭਲਾ ਤੁਰੰਤ ਹੋ ਜਾਏਗਾ। ਪੂਰੀ ਤਨਦੇਹੀ ਨਾਲ ਕੈਂਪ ਦੀ ਸੇਵਾ ਵਿਚ ਮਗਨ ਦੋਰਾ ਚੰਗੀ ਲੱਗੀ।

ਕਾਫ਼ਕਾ ਨੇ ਹਿਬਰੂ ਸਿੱਖਣ ਦਾ ਕਈ ਵਾਰ ਯਤਨ ਕੀਤਾ ਪਰ ਸਫਲ ਨਾ ਹੋਇਆ।

ਦੋਰਾ ਇਹ ਬੋਲੀ ਇਉਂ ਬੋਲਦੀ ਜਿਵੇਂ ਉਸਦੀ ਮਾਤ ਭਾਸ਼ਾ ਹੋਵੇ। ਪ੍ਰਵਚਨ ਸੁਣਾਉਂਦੀ, ਸਾਖੀਆਂ ਸੁਣਾਉਂਦੀ ਇਉਂ ਲੱਗਦੀ ਜਿਵੇਂ ਕੋਈ ਏਸ਼ੀਅਨ ਸਾਧੂ ਤਪੋਬਣ ਵਿਚ ਹਜ਼ਾਰ ਸਾਲ ਪੁਰਾਣੇ ਯੁੱਗ ਵਿਚ ਲੈ ਗਿਆ ਹੋਵੇ। ਦੋਰਾ ਵਿੱਚੋਂ ਯਹੂਦੀ ਦਾਦੀਆਂ, ਨਾਨੀਆਂ ਦਿਖਾਈ ਦਿੰਦੀਆਂ। ਅਦਭੁਤ ਰਹੱਸਮਈ ਮਾਹੌਲ ਦੀ ਸਿਰਜਣਾ ਹੁੰਦੀ। ਉਹ ਸੋਚਦਾ ਰਹਿੰਦਾ - ਮੇਰੇ ਨਾਲੋਂ ਅੱਧੀ ਉਮਰ ਛੋਟੀ ਇਹ ਕੁੜੀ ਕਿੰਨੀ ਆਸਾਨੀ ਨਾਲ ਮਾਨਸਿਕ ਤੇ ਭਾਵੁਕ ਸੰਗਲ ਤੋੜ ਦਿੰਦੀ ਹੈ, ਇਹ ਉਹ ਕੰਮ ਕਰ ਰਹੀ ਹੈ ਜੋ ਮੇਰੇ ਤੋਂ ਨਾ ਹੋਏ, ਨਾ ਹੋਣਗੇ। ਆਰਾਮ ਨਾਲ ਇਸ ਕੁੜੀ ਨੇ ਪਿਤਾ ਵਿਰੁੱਧ ਬਗ਼ਾਵਤ ਕਰ ਦਿੱਤੀ, ਮੇਰੇ ਅੰਦਰ ਅਜਿਹਾ ਹੌਸਲਾ ਕਦੀ ਨਹੀਂ ਬਣ ਸਕਿਆ। ਉਸਨੇ ਕਿਹਾ - ਦੋਰਾ, ਬਚਪਨ ਵਿਚ ਪਿਤਾ ਨੇ ਮੇਰੇ ਖ਼ਿਲਾਫ਼ ਯੁੱਧ ਕਰ ਕੇ ਮੈਨੂੰ ਹਰਾ ਦਿੱਤਾ। ਮੈਂ ਰਣਭੂਮੀ ਵਿੱਚੋਂ ਹੁਣ ਤੱਕ ਬਾਹਰ ਨਹੀਂ ਨਿਕਲਿਆ। ਨਿਰੰਤਰ ਹਾਰਦਾ ਆ ਰਿਹਾ ਹਾਂ। ਹਰ ਰੋਜ਼ ਥੋੜ੍ਹਾ ਬਹੁਤ ਸਮਾਂ ਇਕੱਠਿਆਂ ਬਿਤਾਉਂਦੇ। ਉਮਰ ਦੇ ਅਖ਼ੀਰ ਵਿਚ ਦੋਰਾ ਨੇ ਡਾਇਰੀ ਵਿਚ ਲਿਖਿਆ - ਮੇਰੇ ਨਾਲ ਆਲੂ ਛਿੱਲ ਰਿਹਾ ਹੈ, ਚੁੱਲ੍ਹੇ ਦੇ ਲਾਗੇ ਬੈਠਾ ਹੈ, ਜੰਗਲ ਦੇ ਬੈਂਚ ਉਪਰ ਮੇਰੇ ਲਾਗੇ ਗੱਲਾਂ ਕਰ ਰਿਹਾ ਉਹ ਦਿੱਸਦਾ ਰਹਿੰਦਾ ਹੈ। ਕਾਫ਼ਕਾ ਨੇ ਆਪਣੇ ਇਕ ਖ਼ਤ ਵਿਚ ਲਿਖਿਆ - ਦੋਰਾ ਮੇਰੇ ਨਾਲ ਸੀ। ਅਸੀਂ ਥੋੜ੍ਹੀ ਦੇਰ ਹਿਬਰੂ ਪੜ੍ਹੀ। ਦੇਰ ਬਾਦ ਇਕ ਨਿੱਘੀ ਸ਼ਾਮ ਬਿਤਾਈ। ਦੇਰ ਤੱਕ ਇਸ ਦਾ ਨਿੱਘ ਮੈਨੂੰ ਸੁਖ ਦਿੰਦਾ ਰਹੇਗਾ। ਪਰਦੇਸ ਵਿਚ ਇਉਂ ਰਹਿ ਰਹੀ ਹੈ ਜਿਵੇਂ ਉਸਦਾ ਪੁਸ਼ਤੈਨੀ ਘਰ ਹੋਵੇ। ਸਾਡੇ ਦੋਹਾਂ ਵਿਚ ਵੱਡਾ ਫ਼ਰਕ ਹੈ। ਉਹ ਥਿਰ ਹੈ, ਮੈਂ ਅਸਥਿਰ।

ਦੋਰਾ ਦੱਸਦੀ ਹੈ - ਘੰਟਿਆਂ ਬੱਧੀ ਅਸੀਂ ਇਕੱਠੇ ਬੈਠੇ ਗੱਲਾਂ ਕਰਦੇ। ਉਹ ਬਹੁਤ ਸਵਾਲ ਪੁੱਛਦਾ। ਉਸਨੂੰ ਪੁੱਛਣ ਦਾ ਤਰੀਕਾ ਆਉਂਦਾ ਸੀ। ਉਹ ਬੱਚਿਆਂ ਵਾਂਗ ਸਵਾਲ ਕਰੀ ਜਾਂਦਾ। ਮੈਂ ਉੱਤਰ ਦੇਈ ਜਾਂਦੀ। ਉਲਟ ਹੋਣਾ ਚਾਹੀਦਾ ਸੀ। ਉਸਦੇ ਮੁਕਾਬਲੇ ਮੈਂ ਅਨਪੜ੍ਹ ਕੁੜੀ। ਚਾਹੀਦਾ ਤਾਂ ਇਹ ਸੀ, ਮੈਂ ਸਵਾਲ ਪੁੱਛਦੀ। ਉਹ ਦੋਵਾਂ ਕੰਨਾਂ ਨਾਲ ਉੱਤਰ ਸੁਣਿਆ ਕਰਦਾ ਸੀ ਤੇ ਮੇਰੇ ਵੱਲੋਂ ਦਿੱਤੇ ਜਵਾਬ ਉਸਨੂੰ ਸ਼ਾਇਦ ਠੀਕ ਲੱਗਦੇ ਹੋਣਗੇ। ਪੁਰਾਤਨ ਇੰਜੀਲ ਦੀਆਂ ਕਹਾਣੀਆਂ ਤਾਂ ਉਹ ਬਾਰ ਬਾਰ ਸੁਣੀ ਜਾਂਦਾ। ਯਹੂਦੀ ਲੋਕ-ਕਹਾਣੀਆਂ ਸੁਣਾਉਂਦੀ ਤਾਂ ਉਸਨੂੰ ਸਜਿੰਦ ਪਾਤਰ ਸਾਹਮਣੇ ਦਿਖਾਈ ਦੇਣ ਲੱਗਦੇ।

ਕਾਫ਼ਕਾ ਨੂੰ ਉਸਦੀ ਤੰਦਰੁਸਤ ਸ਼ਖ਼ਸੀਅਤ ਚੰਗੀ ਲਗਦੀ, ਇਕਦਮ ਦੇਸੀ, ਸਿੱਧੀ ਸਪਾਟ, ਬਗ਼ੈਰ ਵਲ-ਵਿੰਗ ਦੇ, ਕੋਈ ਦਿਖਾਵਾ ਨਹੀਂ ਬਣਾਵਟ ਨਹੀਂ, ਪ੍ਰਾਚੀਨ ਕੁਦਰਤ ਜਿਵੇਂ ਕੁੜੀ ਦੇ ਲਿਬਾਸ ਵਿਚ ਖੇਡਣ ਆ ਜਾਏ। ਦੋਰਾ ਦਾ ਪ੍ਰਭਾਵ ਇਹ ਸੀ। ਕਾਫ਼ਕਾ ਘੜਿਆ ਤਰਾਸ਼ਿਆ ਹੋਇਆ, ਪਾਲਿਸ਼ ਕੀਤਾ ਹੋਇਆ ਬਰੀਕ ਸੁਭਾਅ ਵਾਲਾ ਬੰਦਾ ਸੀ, ਹਸਮੁਖ, ਥੋੜ੍ਹਾ ਕੁ ਸ਼ਰਮਾਕਲ, ਤੁਹਾਥੋਂ ਸਭ ਕੁਝ ਪੁੱਛੀ ਜਾਇਗਾ, ਆਪਣੇ ਬਾਰੇ ਮੂੰਹ ਨਹੀਂ ਖੋਲ੍ਹਦਾ। ਜਾਣਨ ਦੀ ਉਸ ਵਰਗੀ ਪਿਆਸ ਕਿਸੇ ਵਿਚ ਨਹੀਂ ਦੇਖੀ। ਉਸ ਤੋਂ ਉਸ ਬਾਰੇ ਕੁਝ ਪੁੱਛੋ ਤਾਂ ਇੱਧਰ ਉਧਰ ਦੇਖਣ ਲੱਗ ਜਾਂਦੈ, ਜਿਵੇਂ ਡਰ ਗਿਆ ਹੋਵੇ, ਗੱਲ ਹੋਰ ਪੁੱਛੀ ਸੀ ਜਵਾਬ ਕੋਈ ਹੋਰ ਮਿਲ ਗਿਆ। ਉਸ ਨਾਲ ਗੱਲਾਂ ਕਰਨ ਵਾਲਾ ਬੰਦਾ ਸਹਿਜੇ ਸਹਿਜੇ ਗੱਲ ਕਰਨ ਵਾਸਤੇ ਖ਼ੁਦ ਮਜਬੂਰ ਹੋ ਜਾਂਦਾ, ਕਾਫ਼ਕਾ ਕਿਹੜਾ ਕਿਸੇ ਨੂੰ ਕੋਈ ਹਦਾਇਤ ਦਿੰਦਾ ਸੀ। ਖੜਾਕ ਨਾ ਹੋਵੇ, ਜਿਵੇਂ ਕੋਈ ਪੱਬਾਂ ਭਾਰ ਤੁਰਦਾ ਤੁਰਦਾ ਲੰਘੇ, ਜਿਵੇਂ ਮੀਲਾਂ ਤੱਕ ਮਖ਼ਮਲ ਦਾ ਕਾਲੀਨ ਵਿਛਿਆ ਹੋਵੇ, ਹੌਲੀ ਹੌਲੀ ਨੰਗੇ ਪੈਰੀਂ ਤੁਰੀਏ।

ਦੋਰਾ ਇਸ ਕਰਕੇ ਜਰਮਨੀ ਵਿਚ ਗਈ ਸੀ ਕਿਉਂਕਿ ਉਸਨੂੰ ਪ੍ਰਭਾਵ ਮਿਲਿਆ

ਸੀ ਕਿ ਜਰਮਨ ਲੋਕ ਮਜ਼ਬੂਤ ਇਰਾਦੇ, ਥਿਰ ਸ਼ਖ਼ਸੀਅਤ ਵਾਲੇ ਬੰਦੇ ਹਨ ਪਰ ਜਲਦ ਉਸਨੂੰ ਪਤਾ ਲੱਗ ਗਿਆ ਇਹ ਉਸਦਾ ਭਰਮ ਸੀ। ਉਹ ਜ਼ਰੂਰੀ ਚੀਜ਼ ਜਿਸ ਸਦਕਾ ਆਦਮੀ ਨੂੰ ਆਦਮੀ ਕਿਹਾ ਜਾਂਦਾ ਹੈ, ਗ਼ੈਰ-ਹਾਜ਼ਰ ਸੀ। ਉਸਨੇ ਦੇਖਿਆ - ਕਾਫ਼ਕਾ ਵਿਚ ਬਹੁਤ ਕੁਝ ਕੀਮਤੀ ਸੀ ਪਰ ਉਹ ਇਸਨੂੰ ਨਜ਼ਰਅੰਦਾਜ਼ ਕਰ ਕੇ ਅਬਿਨਾਸ਼ੀ ਦੀ ਤਲਾਸ਼ ਵਿਚ ਘੁੰਮ ਰਿਹਾ ਸੀ। ਜਦੋਂ ਉਹ ਤੁਹਾਨੂੰ ਸੁਣ ਰਿਹਾ ਹੁੰਦੈ, ਮੱਤ ਸੋਚੋ ਉਸਨੂੰ ਇਸਦਾ ਪਹਿਲਾਂ ਪਤਾ ਨਹੀਂ ਸੀ, ਉਸਦਾ ਅਰਥ ਇਹ ਸੀ ਕਿ ਜਦੋਂ ਉਹ ਕਿਸੇ ਦੀ ਗੱਲ ਸੁਣਦਾ ਹੈ, ਉਦੋਂ ਉਹ ਬਾਹਰਲੇ ਜਗਤ ਨਾਲ ਹੱਥ ਮਿਲਾਉਂਦਾ ਹੈ, ਉਦੋਂ ਉਸਨੂੰ ਲਗਦਾ ਹੈ ਕਿ ਉਹ ਵੀ ਜਿਉਂਦਾ ਹੈ, ਮੈਂ ਉਸਨੂੰ ਚੰਗੀ ਲੱਗਦੀ ਸਾਂ ਕਿਉਂਕਿ ਉਸਨੂੰ ਮਹਿਸੂਸ ਹੁੰਦਾ ਸੀ ਜਿਵੇਂ ਉਸਨੂੰ ਗਾਰਾ ਮਿਲ ਗਿਆ ਹੋਵੇ ਤੇ ਉਹ ਉਸ ਵਿੱਚੋਂ ਮਨਚਾਹੀ ਮੂਰਤ ਘੜੇਗਾ। ਉਹ ਸੰਪੂਰਨ ਸੀ, ਮੈਂ ਜ਼ੀਰੋ।

ਦੋਰਾ ਨੇ ਲਿਖਿਆ - ਪੱਛਮੀ ਯੌਰਪ ਦੇ ਲੋਕ ਸਾਨੂੰ ਪੂਰਬੀਆਂ ਨੂੰ ਜਾਹਲ ਸਮਝਦੇ ਨੇ। ਮੈਂ ਵੀ ਇਸੇ ਖ਼ਿਆਲ ਨਾਲ ਗਈ ਸੀ ਕਿ ਮੈਨੂੰ ਅਕਲ ਆ ਜਾਏਗੀ। ਮੈਂ ਦੇਖਿਆ ਉਹ ਤਾਂ ਥੱਕੇ ਟੁੱਟੇ ਅੱਧੇ ਅਧੂਰੇ ਲਾਚਾਰ ਬੰਦੇ ਨੇ, ਜਦੋਂ ਵੱਡੀ ਮੁਸੀਬਤ ਵਿਚ ਘਿਰ ਜਾਂਦੇ ਨੇ, ਜਿਵੇਂ ਸੰਸਾਰ ਜੰਗ ਵਿਚ, ਉਦੋਂ ਉਨ੍ਹਾਂ ਨੂੰ ਲੱਗਦੈ ਕਿ ਪੂਰਬ ਉਨ੍ਹਾਂ ਨੂੰ ਬਚਾ ਲਏਗਾ। ਮੈਂ ਪੱਛਮ ਵਿਚ ਰੌਸ਼ਨੀ ਦੀ ਤਲਾਸ਼ ਵਿਚ ਗਈ ਸਾਂ, ਉਥੋਂ ਦੇ ਹਨੇਰ ਖ਼ਾਤੇ ਵਿੱਚੋਂ ਮੈਨੂੰ ਕੁਝ ਨਹੀਂ ਦਿਸਿਆ, ਸਗੋਂ ਮੈਨੂੰ ਅਹਿਸਾਸ ਹੋਇਆ, ਇਨ੍ਹਾਂ ਲਾਚਾਰ ਲੋਕਾਂ ਨੂੰ ਦੇਣ ਵਾਸਤੇ ਮੇਰੇ ਕੋਲ ਬਹੁਤ ਕੁਝ ਹੈ। ਪੱਛਮ ਵਿਚ ਲਿਖਣ ਬੋਲਣ ਦੀ ਪੂਰਨ ਆਜ਼ਾਦੀ ਹੈ ਪਰ ਉਨ੍ਹਾਂ ਕੋਲ ਕਹਿਣ ਵਾਸਤੇ ਕੁਝ ਹੋਵੇ ਤਾਂ ਸਹੀ। ਅਸੀਂ ਪੂਰਬੀ ਲੋਕ ਘੱਟ ਬੋਲਦੇ ਹਾਂ ਪਰ ਸਾਨੂੰ ਕਰਤਾਰ ਅਤੇ ਉਸਦੀ ਰਚਨਾ ਵਿਚ ਭਰੋਸਾ ਹੈ, ਇਸ ਭਰੋਸੇ ਸਦਕਾ ਸੰਸਾਰ ਸੁਹਣਾ ਲੱਗਦਾ ਹੈ। ਮੇਰੇ ਸਾਹਮਣੇ ਪੱਛਮ ਦਾ ਬਿਹਤਰੀਨ ਦਿਮਾਗ਼ ਕਾਫ਼ਕਾ ਹੈ, ਇਹ ਵੀ ਮੰਗਤੇ ਵਾਂਗ ਭਿੱਖਿਆ ਪਾਤਰ ਮੇਰੇ ਅੱਗੇ ਕਰ ਦਿੰਦਾ ਹੈ, ਮੈਂ ਇਸ ਵਿਚ ਪੈਗ਼ੰਬਰਾਂ ਦੀ ਬਾਣੀ, ਇੰਜੀਲ ਦੀ ਸਾਖੀ ਪਾ ਦਿੰਦੀ ਹਾਂ, ਮੇਰੇ ਕੋਲ ਹੋਰ ਕੀ ਹੈ ਇਸ ਨੂੰ ਦੇਣ ਵਾਸਤੇ ? ਇਹ ਸੰਤੁਸ਼ਟ ਹੋ ਜਾਂਦਾ ਹੈ।

ਪੰਜ ਸਾਲ ਤੋਂ ਉਹ ਤਪਦਿਕ ਤੋਂ ਪੀੜਿਤ ਸੀ। ਬਾਲਟਿਕ ਸਾਗਰ ਕੰਢੇ ਰਾਜ਼ੀ ਹੋਣ ਵਾਸਤੇ ਨਹੀਂ, ਇਹ ਪਰਖ ਕਰਨ ਵਾਸਤੇ ਆਇਆ ਸੀ ਕਿ ਉਹ ਫਲਸਤੀਨ ਤੱਕ ਦੀ ਯਾਤਰਾ ਕਰਨ ਦੇ ਕਾਬਲ ਹੈ ਕਿ ਨਹੀਂ। ਇਕ ਸਾਲ ਤੋਂ ਤਾਂ ਉਹ ਮੰਜੇ 'ਤੇ ਪਿਆ ਸੀ। ਹਿਊਗੋ ਬਰਗਮਾਨ, ਹਿਬਰੂ ਯੂਨੀਵਰਸਿਟੀ, ਯੇਰੂਸ਼ਲਮ ਵਿਚ ਪ੍ਰੋਫ਼ੈਸਰ ਸੀ, ਉਸਦੀ ਪਤਨੀ ਨੇ ਕਾਫ਼ਕਾ ਨੂੰ ਖ਼ਤ ਰਾਹੀਂ ਸੱਦਦਿਆਂ ਕਿਹਾ ਸੀ ਕਿ ਸਾਡੇ ਘਰ ਵਿਚ ਰਹੀਂ, ਇਥੋਂ ਦੇ ਮਾਰੂਥਲ ਦੀ ਗਰਮ ਹਵਾ ਖ਼ੁਸ਼ਕ ਹੈ, ਉਹ ਤੇਰੇ ਇਲਾਜ ਲਈ ਸਹਾਈ ਹੋਵੇਗੀ। ਉਹ ਮੰਨ ਗਿਆ, ਉਸ ਨੂੰ ਲੱਗਾ ਉਹ ਰਾਜ਼ੀ ਹੋ ਜਾਏਗਾ, ਫਿਰ ਯਹੂਦੀ ਧਰਮ ਵਿਚ ਆਪਣੀਆਂ ਜੜ੍ਹਾਂ ਲੱਭੇਗਾ, ਉਨ੍ਹਾਂ ਲੋਕਾਂ ਵਿਚ ਸ਼ਾਮਿਲ ਹੋਵੇਗਾ ਜਿਹੜੇ ਫਲਸਤੀਨ ਵਿਚ ਯਹੂਦੀ ਕੌਮ ਦਾ ਘਰ ਉਸਾਰਨਗੇ। ਉਸਨੇ ਲਿਖ ਦਿੱਤਾ ਕਿ ਅਕਤੂਬਰ 1923 ਵਿਚ ਆਵਾਂਗਾ। ਦੋਰਾ ਨਾਲ ਫਲਸਤੀਨ ਜਾਣ ਦਾ ਪ੍ਰੋਗਰਾਮ ਤੈਅ ਹੋਵੇਗਾ।

ਛੁੱਟੀਆਂ ਮੁੱਕ ਗਈਆਂ, ਉਹ ਵਾਪਸ ਪਰਾਗ ਨਹੀਂ ਸੀ ਜਾਣਾ ਚਾਹੁੰਦਾ। ਉਹ ਤਾਂ ਦਸ ਸਾਲ ਪਹਿਲਾਂ, ਤੀਹ ਸਾਲ ਦੀ ਉਮਰ ਵਿਚ ਜਰਮਨੀ ਵਿਚ ਵੱਸਣ ਦਾ ਇੱਛੁਕ ਸੀ, ਬਿਮਾਰ ਹੋਣ ਕਰਕੇ ਇਕੱਲਿਆਂ ਜਾਣ ਦੀ ਹਿੰਮਤ ਨਹੀਂ ਸੀ, ਦੋਸਤਾਂ ਨੂੰ ਮਨਾਇਆ,

ਕੋਈ ਨਾ ਮੰਨਿਆ ਤਾਂ ਆਖ਼ਰ ਕੁਝ ਦਿਨਾਂ ਵਾਸਤੇ ਆਪਣੀ ਭੈਣ ਨੂੰ ਨਾਲ ਲੈ ਕੇ ਆ ਗਿਆ। ਹੁਣ ਦੋਰਾ ਮਿਲ ਗਈ। ਦੋਰਾ ਨੇ ਅਕਾਦਮੀ ਆਫ਼ ਹਿਬਰੂ ਸਟੱਡੀਜ਼ ਵਿਚ ਦਾਖ਼ਲਾ ਲੈ ਲਿਆ ਸੀ। ਕਾਫ਼ਕਾ ਦੀ ਇੱਛਾ ਹੋਈ ਕਿ ਉਹ ਵੀ ਦਾਖ਼ਲ ਹੋਵੇਗਾ। ਦੋਰਾ ਨੇ ਦੱਸ ਦਿੱਤਾ ਸੀ ਕਿ ਮੁਫ਼ਤ ਫ਼ਲੈਟ ਦਾ ਬੰਦੋਬਸਤ ਉਹ ਕਰ ਦਏਗੀ। ਫਿਰ ਤਾਂ ਠੀਕ ਹੋ ਗਿਆ ਸਭ। ਉਹ ਇਕੱਲਾ ਨਹੀਂ ਹੋਏਗਾ। ਜਦੋਂ ਇਹ ਅਹਿਸਾਸ ਹੋਇਆ ਕਿ ਟੁੱਟਦੀ ਜਾਂਦੀ ਸਾਹਾਂ ਦੀ ਡੋਰ ਫਿਰ ਗੰਢੀ ਜਾ ਸਕਦੀ ਹੈ ਤਾਂ ਇਨਕਾਰ ਕਿਸ ਵਾਸਤੇ ? ਇਕ ਦੂਜੇ ਨੂੰ ਜਾਣਨ ਦੇ ਤਿੰਨ ਹਫ਼ਤੇ ਬੀਤ ਗਏ। ਫ਼ੈਸਲਾ ਹੋ ਗਿਆ ਕਿ ਹੁਣ ਬਰਲਿਨ ਰਿਹਾ ਕਰਾਂਗੇ। ਪਹਿਲਾਂ ਦੋਰਾ ਕਿਸੇ ਮਰਦ ਨਾਲ ਕਦੀ ਨਹੀਂ ਰਹੀ ਸੀ। ਉਸਨੂੰ ਅਚੰਭਾ ਲੱਗਦਾ ਸੀ, ਬਿਨਾਂ ਵਿਆਹ ਦੇ ਮਰਦ ਔਰਤ ਇਕੱਠੇ ਰਹੀ ਜਾਂਦੇ, ਕੋਈ ਇਤਰਾਜ਼ ਨਾ ਕਰਦਾ। ਜੇ ਕਿਤੇ ਦੋਰਾ ਦੇ ਨਗਰ ਵਿਚ ਇਸ ਗੱਲ ਦਾ ਪਤਾ ਲੱਗ ਜਾਂਦਾ, ਉਸਦੇ ਮਾਪਿਆਂ ਦੀ ਇੱਜ਼ਤ ਖੇਹ ਹੋ ਜਾਣੀ ਸੀ।

ਕਾਫ਼ਕਾ ਦੀ ਇੱਛਾ ਸੀ ਵਿਆਹ ਕਰੇ, ਪਿਤਾ ਬਣੇ ਪਰ ਛੇ ਸਾਲ ਪਹਿਲਾਂ ਤਪਦਿਕ ਦਾ ਪਤਾ ਲੱਗ ਗਿਆ ਸੀ, ਲਾਇਲਾਜ, ਸਜ਼ਾਇ ਮੌਤ, ਕੌਣ ਆਪਣੀ ਧੀ ਨੂੰ ਜਵਾਨ ਵਿਧਵਾ ਹੋਣ ਦੀ ਆਗਿਆ ਦੇਵੇਗਾ ? ਲਿਖਦਾ ਹੈ - ਜਦੋਂ ਖ਼ਬਰ ਸੁਣੀ ਕਿ ਭਾਣਜੀ ਦਾ ਜਨਮ ਹੋਇਆ ਹੈ, ਮੈਨੂੰ ਗ਼ੁੱਸਾ ਆ ਗਿਆ, ਈਰਖਾ ਹੋਈ, ਗੱਲ ਕੋਈ ਨਹੀਂ ਹੋਰ, ਬੱਸ ਇਕ ਆਤਮ ਗਿਲਾਨੀ ਕਿ ਮੈਂ ਆਪਣੇ ਬੱਚੇ ਦਾ ਮੂੰਹ ਨਹੀਂ ਦੇਖ ਸਕਾਂਗਾ। ਦੋਰਾ, ਸਿਹਤਮੰਦ, ਦ੍ਰਿੜ੍ਹ-ਵਿਸ਼ਵਾਸੀ ਤੇ ਪਿਆਰੀ ਕੁੜੀ ਨੂੰ ਦੇਖ ਕੇ ਉਸ ਅੰਦਰ ਇਕ ਵਾਰ ਫਿਰ ਆਤਮ-ਵਿਸ਼ਵਾਸ ਜਾਗਿਆ। ਮਿਲੇਨਾ ਨੂੰ ਖ਼ਤ ਵਿਚ ਲਿਖਿਆ - ਆਪਣੀ ਵੱਡੀ ਭੈਣ ਨਾਲ ਪਰਾਗ ਤੋਂ ਬਾਲਟਿਕ ਗਿਆ। ਬੰਦ ਕਮਰੇ ਤੋਂ ਖਹਿੜਾ ਛੁੱਟਿਆ। ਉਥੇ ਸਬੱਬ ਇਉਂ ਬਣਿਆ ਕਿ ਅਕਤੂਬਰ ਵਿਚ ਫਲਸਤੀਨ ਜਾਵਾਂਗਾ। ਮੈਂ ਮੰਜਾ ਨਹੀਂ ਛੱਡ ਸਕਦਾ ਪਰ ਜਿਹੜਾ ਮਰੀਜ਼ ਮੰਜੇ ਦਾ ਮੁਥਾਜ ਹੈ ਉਸ ਉਪਰ ਇਹ ਪਾਬੰਦੀ ਤਾਂ ਨਹੀਂ ਲੱਗਣੀ ਚਾਹੀਦੀ ਕਿ ਫਲਸਤੀਨ ਜਾਣ ਦਾ ਸੁਫ਼ਨਾ ਵੀ ਨਾ ਲਵੇ। ਦੋਰਾ ਫਲਸਤੀਨ ਜਾਣ ਦੀ ਇੱਛੁਕ ਹੈ, ਕਹਿੰਦੀ ਹੈ ਰਾਜ਼ੀ ਹੋ ਜਾਹ ਜਲਦੀ। ਉਹ ਤੰਦਰੁਸਤ ਹੈ। ਤੰਦਰੁਸਤਾਂ ਨੂੰ ਹੀ ਹੱਕ ਹੈ ਸੁਫ਼ਨੇ ਲੈਣ ਦਾ।

ਹਾਰਨ ਆਰੌਨ ਦਾਇਮੰਤ ਪਿਤਾ ਅਤੇ ਫ਼ਰੀਦਾ ਦਾਇਮੰਤ ਮਾਂ ਦੇ ਘਰ ਦੋਰਜਾ ਦਾਇਮੰਤ ਦਾ ਜਨਮ 4 ਮਾਰਚ 1898 ਨੂੰ ਹੋਇਆ। ਦੋਰਜਾ ਸ਼ਬਦ ਨੂੰ ਬੋਲਣ ਵੇਲੇ ਦੋਰਾ ਕਿਹਾ ਗਿਆ ਤੇ ਇਹੀ ਨਾਮ ਪ੍ਰਚਲਿਤ ਹੋਇਆ। ਪੋਲੈਂਡ ਦਾ ਇਹ ਲਫ਼ਜ਼ ਦਾਇਮੰਤ, ਜਿਹੜਾ ਉਨ੍ਹਾਂ ਦਾ ਖ਼ਾਨਦਾਨੀ ਨਾਮ ਹੈ, ਅੰਗਰੇਜ਼ੀ ਵਿਚ ਡਾਇਮੰਡ (ਹੀਰਾ) ਹੈ। ਜਦੋਂ ਉਹ ਪਹਿਲੀ ਵਾਰੀ ਕਾਫ਼ਕਾ ਨੂੰ ਮਿਲੀ, ਉਦੋਂ ਉਸਦੀ ਉਮਰ 25 ਸਾਲ ਸੀ। ਸਰੀਰ ਦੀ ਬਣਤਰ ਅਜਿਹੀ ਸੀ ਕਿ ਉਹ ਛੋਟੀ ਲੱਗਦੀ ਸੀ, ਗ਼ਲਤੀ ਖਾ ਕੇ ਲੇਖਕ ਬਰੋਦ ਨੇ ਉਸਨੂੰ ਉੱਨੀ ਸਾਲ ਦੀ ਲਿਖ ਦਿੱਤਾ। ਦੋਰਾ ਇਹ ਗ਼ਲਤੀ ਕਿਉਂ ਦਰੁਸਤ ਕਰਦੀ ? ਉਸਨੂੰ ਇਹੋ ਠੀਕ ਲੱਗਾ। ਦੋਰਾ ਦੇ ਵੱਡੇ ਭਰਾ ਦਾ ਨਾਮ ਦਾਊਦ ਸੀ ਤੇ ਛੋਟਿਆਂ ਦਾ ਨਾਮ ਯਾਕੂਬ, ਇਬਰਾਹੀਮ ਤੇ ਅਰਜ। ਅਰਜ ਦਾ ਜਨਮ 1905 ਵਿਚ ਹੋਇਆ ਤੇ ਉਸਦੇ ਜਨਮ ਵਕਤ ਮਾਂ ਦੀ ਮੌਤ ਹੋਈ ਹਾਲਾਂਕਿ ਉਸਦੀ ਮੌਤ ਦਾ ਰਿਕਾਰਡ ਕਿਤੇ ਨਹੀਂ ਮਿਲਦਾ। ਜਿਸ ਕਬਰਿਸਤਾਨ ਵਿਚ ਦਫ਼ਨ ਹੋਈ ਉਸਨੂੰ ਯਹੂਦੀਆਂ ਵਿਰੁੱਧ ਦੰਗਿਆਂ ਦੌਰਾਨ ਨਸ਼ਟ ਕਰ ਦਿੱਤਾ ਗਿਆ ਸੀ।

ਪਿਤਾ ਨੂੰ ਪੋਲਿਸ਼, ਜਰਮਨ, ਯਿੱਦਿਸ਼ ਅਤੇ ਹਿਬਰੂ ਜ਼ਬਾਨਾਂ ਆਉਂਦੀਆਂ ਸਨ। ਅੰਮ੍ਰਿਤ ਵੇਲੇ ਚਾਰ ਵਜੇ ਉੱਠ ਕੇ ਮੂੰਹ ਵਿਚ ਬੁਰਕੀ ਪਾਉਣ ਤੋਂ ਪਹਿਲਾਂ ਪਾਠ ਕਰਦਾ। ਲੋਕ ਉਸਦੀ ਸਲਾਹ ਲੈਣ ਆਉਂਦੇ, ਉਸਨੂੰ ਯਹੂਦੀ ਮੰਦਰ ਦਾ ਮੁਖੀ ਚੁਣ ਲਿਆ ਗਿਆ, ਦਾਨੀ ਲੋਕ ਪੈਸੇ ਜਮ੍ਹਾਂ ਕਰਾਉਂਦੇ। ਉਸਦੇ ਘਰ ਚਾਹ-ਪਾਣੀ ਦਾ ਲੰਗਰ ਚੱਲਦਾ ਹੀ ਰਹਿੰਦਾ ਜਿਥੇ ਤਾਲਮੂਦ ਗ੍ਰੰਥ ਦੀਆਂ ਸਾਖੀਆਂ ਦੀ ਵਿਆਖਿਆ ਹੁੰਦੀ, ਵਿਚਾਰ-ਵਟਾਂਦਰੇ ਹੁੰਦੇ। ਬੰਦੇ ਦੀ ਪਰਖ ਉਸਦੀਆਂ ਰੁਚੀਆਂ, ਵਿਦਵਤਾ ਜਾਂ ਪਹਿਰਾਵੇ ਤੋਂ ਨਹੀਂ, ਉਸਦੇ ਇਖ਼ਲਾਕ ਤੋਂ ਕੀਤੀ ਜਾਂਦੀ ਸੀ। ਪਵਿੱਤਰ ਦਿਨ (ਸੈਬਥ) ਸਾਰਾ ਦਿਨ ਮਾਂ ਖਾਣ ਚੀਜ਼ਾਂ ਬਣਾ ਬਣਾ ਬੱਚਿਆਂ ਦੇ ਹੱਥ ਟੋਕਰੀਆਂ ਫੜਾ ਕੇ ਗ਼ਰੀਬ ਬਸਤੀਆਂ ਵਿਚ ਵੰਡਣ ਲਈ ਭੇਜਦੀ - ਰੱਬ ਕਿਸੇ ਬੱਚੇ ਨੂੰ ਭੁੱਖਾ ਨਾ ਰੱਖੇ, ਅਰਦਾਸ ਕਰੀ ਜਾਂਦੀ। ਇਹ ਪੱਕਾ ਧਰਮੀ ਖ਼ਾਨਦਾਨ ਇੰਨਾ ਹਠੀ ਸੀ ਕਿ ਨਵੀਂ ਪਰੰਪਰਾ ਦੀ ਆਗਿਆ ਨਹੀਂ ਦਿੰਦਾ ਸੀ।

ਪਰ ਅਚਾਨਕ ਪੁਨਰ-ਜਾਗਰਣ ਦੀਆਂ ਲਹਿਰਾਂ ਨੇ ਯੋਰਪੀਨ ਯਹੂਦੀਆਂ ਨੂੰ ਝੰਜੋੜ ਦਿੱਤਾ, 1820 ਵਿਚ ਯਹੂਦੀਆਂ ਨੂੰ ਬਰਾਬਰੀ ਦੇ ਅਧਿਕਾਰ ਮਿਲੇ ਤਾਂ ਉਨ੍ਹਾਂ ਨੂੰ ਨਵਾਂ ਜਹਾਨ ਮਿਲਿਆ। ਸਿਆਸਤ, ਫਲਸਫਾ, ਉਦਯੋਗ, ਵਿੱਤ, ਆਰਟ, ਵਿਗਿਆਨ ਅਤੇ ਤਕਨਾਲੋਜੀ ਵਿਚ ਯਹੂਦੀਆਂ ਨੇ ਕਦਮ ਰੱਖੇ ਤਾਂ ਇਨ੍ਹਾਂ ਵਰਜਿਤ ਖੇਤਰਾਂ ਵਿਚ ਇਨ੍ਹਾਂ ਨੇ ਅਕਲ ਦਾ ਲੋਹਾ ਮਨਵਾਇਆ। ਬਰਲਿਨ, ਵੀਆਨਾ, ਪਰਾਗ, ਬੁਦਾਪੈਸਟ ਅਤੇ ਵਾਰਸਾ ਵਿਚ ਯਹੂਦੀ ਵਪਾਰ ਅਤੇ ਸਭਿਆਚਾਰ ਛਾਲਾਂ ਮਾਰਦਾ ਅੱਗੇ ਵਧਿਆ। ਯਹੂਦੀ ਬਜ਼ੁਰਗ ਨਵੇਂ ਸਕੂਲ, ਨਵੇਂ ਲਿਬਾਸ, ਨਵੇਂ ਸਾਹਿਤ ਦੇ ਪੱਕੇ ਵਿਰੋਧੀ ਸਨ ਪਰ ਉਹ ਬੇਬੱਸ ਹੋ ਗਏ। ਨਵਾਂ ਸਭਿਆਚਾਰ ਰੁਕਣ ਦਾ ਨਾਮ ਨਹੀਂ ਲੈਂਦਾ ਸੀ। ਇਸ ਬੰਦ ਮਾਹੌਲ ਵਿਚ ਦੋਰਾ ਜਵਾਨ ਹੋਈ। ਉਸਨੇ ਪੁਜਾਰੀਆਂ ਤੋਂ ਸੁਣਿਆ ਹੋਇਆ ਸੀ ਕਿ ਰੱਬ ਦੀ ਪ੍ਰਾਪਤੀ ਵਾਸਤੇ ਵਿਦਵਾਨ ਹੋਣਾ ਜ਼ਰੂਰੀ ਨਹੀਂ। ਵਰਤ ਰੱਖਣੇ, ਸੰਨਿਆਸੀ ਹੋਣਾ ਜ਼ਰੂਰੀ ਨਹੀਂ, ਰੱਬ ਹਰ ਵਕਤ ਤੁਹਾਡੇ ਨਾਲ ਹੈ। ਖਾਂਦੀ ਪੀਂਦੀ, ਹੱਸਦੀ ਖੇਡਦੀ, ਨੱਚਦੀ ਗਾਉਂਦੀ, ਉਹ ਰੱਬ ਦੇ ਨਾਲ ਨਾਲ ਰਿਹਾ ਕਰਦੀ।

ਬਗ਼ਾਵਤ ਕਰ ਕੇ ਦੋਰਾ ਜਦੋਂ ਸੈਕੂਲਰ ਸਕੂਲ ਵਿਚ ਦਾਖ਼ਲ ਹੋ ਗਈ, ਪਿਤਾ ਦੁਖੀ ਹੋਇਆ, ਪਰ ਨਹੀਂ ਰੁਕੀ. ਤਾਂ ਅੱਕ ਕੇ ਕਿਹਾ - ਚਲੋ ਠੀਕ ਹੈ ਫਿਰ। ਨਰਕ ਵਿਚ ਜਾਣ ਦਾ ਫ਼ੈਸਲਾ ਕਰਦੀ ਹੈ ਕਰੇ। ਸਮਾਂ ਬਰਬਾਦ ਕਰਦੀ ਹੈ ਕਰੇ, ਘੱਟੋ ਘੱਟ ਮੁੰਡੇ ਕਹਿਣੇ ਵਿਚ ਹਨ, ਸ਼ੁਕਰ ਹੈ, ਤਾਲਮੂਦ ਗ੍ਰੰਥ ਦਾ ਪਾਠ ਕਰਦੇ ਹਨ।

ਇੰਨੇ ਵਿਚ ਹੰਗੇਰੀਅਨ ਸਲਤਨਤ ਦੇ ਰਾਜਕੁਮਾਰ ਫਰਾਂਜ਼ ਫਰਡੀਨੰਡ ਦਾ ਕਤਲ ਹੋ ਗਿਆ। ਜਰਮਨੀ ਅਤੇ ਰੂਸ ਵਿਚਕਾਰ ਯੁੱਧ ਦਾ ਮੈਦਾਨ ਪੋਲੈਂਡ, ਕੌਣ ਮੰਨੇਗਾ ਕਿ ਪਹਿਲੇ ਇੱਕੋ ਮਹੀਨੇ ਦੌਰਾਨ ਦੋਵਾਂ ਪਾਸਿਆਂ ਦੇ ਪੰਜ ਪੰਜ ਲੱਖ ਬੰਦੇ ਕਤਲ ਹੋਏ?

1896 ਵਿਚ ਯਹੂਦੀ ਦਾਰਸ਼ਨਿਕ ਥਿਓਡੋਰ ਹਰਜ਼ਲ ਨੇ *ਯਹੂਦੀ ਸਟੇਟ* ਨਾਮ ਦਾ ਪੈਂਫ਼ਲਿਟ ਲਿਖਿਆ ਜਿਸ ਵਿਚ ਇਸ ਗੱਲ ਦੀ ਵਕਾਲਤ ਕੀਤੀ ਗਈ ਕਿ ਫਲਸਤੀਨ ਵਿਖੇ ਯਹੂਦੀਆਂ ਦਾ ਦੇਸ਼ ਹੋਵੇ। ਹਰਜ਼ਲ ਤੋਂ ਪਹਿਲਾਂ ਵੀ ਅਜਿਹੀਆਂ ਗੱਲਾਂ ਹੁੰਦੀਆਂ ਰਹੀਆਂ ਸਨ ਪਰ ਇਸ ਲੇਖ ਦੀਆਂ ਦਲੀਲਾਂ ਅਤੇ ਵਿਉਂਤਾਂ ਨੇ ਹਲਚਲ ਮਚਾ ਦਿੱਤੀ। ਆਪਣੀਆਂ ਅਰਦਾਸਾਂ ਵਿਚ ਪਹਿਲਾਂ ਵੀ ਯੇਰੋਸ਼ਲਮ ਯਹੂਦੀਆਂ ਨੂੰ ਵਿਸਰਿਆ ਨਹੀਂ ਸੀ। ਉਨ੍ਹਾਂ ਦੀ ਇੰਜੀਲ ਵਿਚ ਉਸ ਵੇਲੇ ਦੀ ਪ੍ਰਾਰਥਨਾ ਦਰਜ ਹੈ ਜਦੋਂ ਰੋਮਨਾਂ ਨੇ ਯੇਰੋਸ਼ਲਮ ਦਾ ਮੰਦਰ ਢਾਹ ਕੇ ਯਹੂਦੀਆਂ ਨੂੰ ਦੇਸ ਨਿਕਾਲਾ ਦੇ ਦਿੱਤਾ ਸੀ, ਲਿਖਿਆ ਹੈ - ਓ

ਯੇਰੋਸ਼ਲਮ, ਜੇ ਮੈਂ ਤੈਨੂੰ ਭੁਲਾ ਦਿਆਂ ਤਾਂ ਮੇਰੇ ਸੱਜੇ ਹੱਥ ਨੇ ਜੋ ਵਿੱਦਿਆ ਸਿੱਖੀ ਹੈ, ਉਹ ਭੁੱਲ ਜਾਏ। ਹਰ ਅਰਦਾਸ ਵਿਚ ਵਾਕ - ਅਗਲਾ ਸਾਲ ਯੇਰੋਸ਼ਲਮ ਵਿਚ।" ਜ਼ੀਓਨਿਸਟ ਲਹਿਰ ਵਿਚ ਨਵੇਂ ਪੁਰਾਣੇ ਹਰ ਰੰਗ ਦੇ ਯਹੂਦੀ ਤਾਂ ਸ਼ਾਮਿਲ ਹੋਏ ਹੀ, ਯਹੂਦੀ ਕਾਮਰੇਡ ਵੀ ਹਿਬਰੂ ਸਿੱਖਣ ਲਈ ਦਾਖ਼ਲ ਹੋ ਗਏ। ਲਹਿਰ ਏਨੀ ਤੇਜ਼ ਹੋ ਗਈ ਕਿ ਦੋ ਨਵੰਬਰ ਨੂੰ ਬਰਤਾਨੀਆਂ ਦੇ ਵਿਦੇਸ਼ ਸਕੱਤਰ ਆਰਥਰ ਜੇਮਜ਼ ਨੇ ਐਲਾਨ ਕਰ ਦਿੱਤਾ ਕਿ ਸਰਕਾਰ ਪਹਿਲੀ ਸੰਸਾਰ ਜੰਗ ਖ਼ਤਮ ਹੋਣ ਸਾਰ ਯਹੂਦੀਆਂ ਨੂੰ ਫਲਸਤੀਨ ਦੇ ਦਏਗੀ। ਇਸ ਐਲਾਨ ਨੇ ਲੋਕਾਂ ਦਾ ਵਿਸ਼ਵਾਸ ਥਿਓਡੋਰ ਹਰਜ਼ਲ ਦੇ ਐਲਾਨਨਾਮੇ ਵਿਚ ਪੱਕਾ ਕਰ ਦਿੱਤਾ।

ਫਿਰ ਵੀ, ਫਲਸਤੀਨ ਅਜੇ ਦੂਰ ਸੀ। ਹਰਜ਼ਲ ਨੇ ਕਿਹਾ ਸੀ - ਅਚਾਨਕ ਇੱਕੋ ਵਕਤ ਦੁਨੀਆਂ ਭਰ ਦੇ ਯਹੂਦੀ ਨਹੀਂ ਜਾਣਗੇ। ਸਭ ਤੋਂ ਪਹਿਲਾਂ ਭੁੱਖੀ ਨੰਗੀ ਆਬਾਦੀ ਜਾਏਗੀ, ਸੜਕਾਂ ਬਣਾਏਗੀ, ਦਰਿਆਵਾਂ ਦੇ ਵਹਿਣ ਦਾ ਰੁਖ਼ ਬਦਲੇਗੀ, ਮਾਰੂ ਜ਼ਮੀਨ ਵਿਚ ਖੇਤੀ ਹੋਣ ਲੱਗੇਗੀ। ਪੁਲ ਬਣਨਗੇ, ਰੇਲਵੇ ਲਾਈਨਾਂ ਵਿਛਣਗੀਆਂ ਮਾਰੂਥਲ ਵਿਚ। ਉਸ ਪਿੱਛੋਂ ਮੱਧ ਵਰਗ ਤੇ ਅਖ਼ੀਰ ਵਿਚ ਅਮੀਰ ਆ ਕੇ ਵੱਸਣਗੇ। ਦੋਰਾ, ਕਰਾਕੋਵ ਯਹੂਦੀ ਸਕੂਲ ਵਿਚ ਦਾਖ਼ਲ ਹੋਈ ਤਾਂ ਪਤਾ ਲੱਗਾ ਕਿ ਜਿਨ੍ਹਾਂ ਯਹੂਦੀਆਂ ਨੇ ਪੋਲੈਂਡ ਦੀ ਆਜ਼ਾਦੀ ਦੇ ਹੱਕ ਵਿਚ ਯੁੱਧ ਲੜਿਆ ਸੀ, ਆਜ਼ਾਦ ਹੋਣ ਪਿੱਛੋਂ ਪੋਲੈਂਡ ਦੇ ਫ਼ੌਜੀਆਂ ਨੇ ਉਹ ਭੇਡਾਂ ਵਾਂਗ ਵੱਢ ਸੁਟੇ। ਇਹ ਦੋਰਾ ਦੀ ਜ਼ਿੰਦਗੀ ਦੇ ਮੋੜ ਦਾ ਅਹਿਮ ਨੁਕਤਾ ਸੀ।

ਯਹੂਦੀਆਂ ਨੇ ਜਰਮਨੀ ਨੂੰ ਹਰ ਲੋੜੀਂਦਾ ਸਮਰਥਨ ਦਿੱਤਾ ਸੀ ਤਾਂ ਵੀ ਨਫ਼ਰਤ ਦਾ ਸ਼ਿਕਾਰ ਸਨ। ਸਾਲ 1297 ਵਿਚ ਸਰਕਾਰ ਨੇ ਜੁਲਾਹਿਆਂ ਨੂੰ ਹੁਕਮ ਦੇ ਦਿੱਤਾ ਕਿ ਉਹ ਯਹੂਦੀਆਂ ਦੀ ਰੂੰ ਜਾਂ ਸੂਤ ਨਾ ਖ਼ਰੀਦਣ। ਹਰ ਆਫ਼ਤ ਦਾ ਕਾਰਨ ਯਹੂਦੀ ਸਮਝੇ ਜਾਂਦੇ। ਚੌਧਵੀਂ ਸਦੀ ਦੇ ਅੱਧ ਵਿਚਕਾਰ ਪਲੇਗ ਪੈ ਗਈ ਤਾਂ ਇਸ ਦੇ ਕਸੂਰਵਾਰ ਯਹੂਦੀ ਸਮਝੇ ਗਏ ਤੇ ਦੇਸ ਨਿਕਾਲਾ ਦਿੱਤਾ ਗਿਆ। 1671 ਵਿਚ ਖ਼ਾਸ ਮਿਹਰਬਾਨ ਹੋ ਕੇ ਸਰਕਾਰ ਨੇ 50 ਯਹੂਦੀ ਪਰਿਵਾਰਾਂ ਨੂੰ ਰਹਿਣ ਦੀ ਆਗਿਆ ਦਿੱਤੀ, ਸਾਲ 1800 ਤੱਕ ਯਹੂਦੀਆਂ ਦੀ ਗਿਣਤੀ ਤੇਤੀ ਸੌ ਹੋ ਗਈ। ਜਦੋਂ ਦੋਰਾ ਬਰਲਿਨ ਗਈ, ਉਦੋਂ ਯਹੂਦੀ ਇਕ ਲੱਖ ਸੱਤਰ ਹਜ਼ਾਰ ਹੋ ਗਏ ਸਨ ਤੇ ਇਹ ਗਿਣਤੀ 5 ਪ੍ਰਤੀਸ਼ਤ ਹੋ ਗਈ। ਹਰ ਅਦਾਰੇ ਵਿਚ ਉਨ੍ਹਾਂ ਲਾਜਵਾਬ ਮਿਹਨਤ ਕੀਤੀ। ਬੈਂਕਾਂ, ਸਕੂਲਾਂ, ਸਟੋਰਾਂ ਅਤੇ ਵਪਾਰ ਕੇਂਦਰਾਂ ਦੇ ਮਾਲਕ ਹੋ ਗਏ। ਜਰਮਨੀ ਦੇ ਦੋ ਸਭ ਤੋਂ ਵੱਡੇ ਅਖ਼ਬਾਰ *ਉਲਸਟੀਨ* ਅਤੇ *ਮੋਸੇ* ਦੇ ਮਾਲਕ ਯਹੂਦੀ ਸਨ। ਇਹ ਸਮਝੋ ਕਿ 1920 ਦਾ ਜਰਮਨ ਕਲਚਰ, ਯਹੂਦੀ ਕਲਚਰ ਸੀ।

ਦੋਰਾ ਨੇ ਆਪਣੀ ਪੜ੍ਹਾਈ ਅਤੇ ਕੈਂਪ ਦੀਆਂ ਜ਼ਿੰਮੇਵਾਰੀਆਂ ਜਾਰੀ ਰੱਖੀਆਂ ਤੇ ਕਾਫ਼ਕਾ ਬਰਲਿਨ ਹੋ ਕੇ ਵਾਪਸ ਪਰਾਗ ਚਲਾ ਗਿਆ ਕਿਉਂਕਿ ਸਿਹਤ ਨਿਰੰਤਰ ਜਵਾਬ ਦੇ ਰਹੀ ਸੀ। ਕਾਫ਼ਕਾ ਦੀ ਭੈਣ ਆਪਣੇ ਭਰਾ ਨੂੰ ਮਿਲਣ ਪਰਾਗ ਆਈ ਤਾਂ ਮੰਜੇ 'ਤੇ ਪਿਆ ਛੇ ਫੁੱਟਾ ਪਿੰਜਰ ਦੇਖਿਆ, ਉਸਨੂੰ ਦਹਿਲ ਪੈ ਗਿਆ। ਬਿਨਾਂ ਕਿਸੇ ਨਾਲ ਗੱਲ ਕੀਤਿਆਂ ਉਹ ਉਸਨੂੰ ਆਪਣੇ ਪਿੰਡ ਲੈ ਗਈ। ਇਹ ਕਾਫ਼ਕਾ ਤੋਂ ਨੌਂ ਸਾਲ ਛੋਟੀ, ਆਤਮ ਵਿਸ਼ਵਾਸੀ, ਅਜ਼ਾਦ, ਦੂਰਅੰਦੇਸ਼, ਗ਼ਜ਼ਬ ਦੇ ਮਾਨਸਿਕ ਤਵਾਜ਼ਨ ਵਾਲੀ ਕੁੜੀ ਸੀ ਜਿਸਨੇ ਪਿਓ ਦਾ ਕਾਨੂੰਨ ਵਾਲਾ ਡੰਡਾ ਵਗਾਹ ਕੇ ਮਰਜ਼ੀ ਨਾਲ, ਈਸਾਈ ਨਾਲ ਵਿਆਹ ਕੀਤਾ। ਕਾਫ਼ਕਾ ਕਿਹਾ ਕਰਦਾ ਸੀ - ਬੀਬੀ ਤੇਰੇ ਨਾਲ ਈਰਖਾ ਹੈ ਮੈਨੂੰ। ਮੇਰੇ ਵਿਚ ਤੇਰੇ ਜਿੰਨਾ ਹੌਸਲਾ ਕਦੀ ਨਹੀਂ ਪੈਦਾ ਹੋਇਆ। ਓਟਲਾ ਖੇਤੀ ਵਿਗਿਆਨ ਪੜ੍ਹ ਕੇ ਯੇਰੋਸ਼ਲਮ ਵਿਚ ਵੱਸਣਾ ਚਾਹੁੰਦੀ ਸੀ, ਕਾਫ਼ਕਾ ਨੇ ਕਿਹਾ - ਪਿਤਾ ਨਾਲ ਗੱਲ ਨਾ ਕਰੀਂ, ਤੇਰੀ ਪੜ੍ਹਾਈ

ਦਾ ਖ਼ਰਚਾ ਮੇਰੇ ਜ਼ਿੰਮੇ। ਪਰਿਵਾਰ ਦੇ ਸਾਰੇ ਬਾਕੀ ਜੀਅ ਕਿਹਾ ਕਰਦੇ ਸਨ ਕਿ ਇਹ ਭੈਣ ਭਰਾ ਜਦੋਂ ਮਿਲਦੇ ਹਨ ਸਾਡੇ ਖ਼ਿਲਾਫ਼ ਸਾਜ਼ਸ਼ ਰਚਦੇ ਹਨ। ਕਾਫ਼ਕਾ ਨੇ ਓਟਲਾ ਨੂੰ ਕਿਹਾ - ਜੇ ਥੋੜ੍ਹੇ ਕੁ ਦਿਨ ਤੇਰੇ ਘਰ ਮੈਂ ਇਕੱਲਾ ਰਹਿ ਲਵਾਂ? ਕੁੜੀ ਨੇ ਮਕਾਨ ਕਿਰਾਏ 'ਤੇ ਲੈ ਲਿਆ, ਪਰਿਵਾਰ ਸਮੇਤ ਚਲੀ ਗਈ ਤੇ ਕਾਫ਼ਕਾ ਉਸਦੇ ਘਰ ਵਿਚ ਕੁਝ ਦਿਨ ਨਹੀਂ, 1916-17 ਦੀਆਂ ਸਰਦੀਆਂ ਦੇ ਛੇ ਮਹੀਨੇ ਰਿਹਾ। ਇਸ ਸਮੇਂ ਦੌਰਾਨ ਇਹ ਘਰ ਤਪੋਬਣ (ਹਰਮਿਟੇਜ) ਹੋ ਗਿਆ ਸੀ ਜਿਥੇ ਉਸਨੇ ਗੰਭੀਰ ਰਚਨਾ ਕੀਤੀ।

ਕਾਫ਼ਕਾ ਤੋਂ ਬਾਦ ਉਸਦੇ ਦੋ ਭਰਾ ਜੰਮੇ ਜੋ ਮਰ ਗਏ ਸਨ। ਮਾਂ ਪਿਓ ਦੀ ਖ਼ਾਮੋਸ਼ੀ, ਉਦਾਸੀ ਦੇਖਦਾ ਦੇਖਦਾ, ਇਉਂ ਸੋਚਦਾ ਜਿਵੇਂ ਇਨ੍ਹਾਂ ਦੋ ਛੋਟਿਆਂ ਦਾ ਕਾਤਲ ਉਹੀ ਹੈ, ਉਸਨੂੰ ਆਪਣੇ ਆਪ ਨਾਲ ਨਫ਼ਰਤ ਬਚਪਨ ਵਿਚ ਹੀ ਹੋ ਗਈ ਸੀ।

ਅਗਸਤ ਮਹੀਨੇ ਦੋਰਾ ਨੇ ਬਰਲਿਨ ਵਿਚ ਸੁਹਣਾ ਫ਼ਲੈਟ ਕਾਫ਼ਕਾ ਵਾਸਤੇ ਕਿਰਾਏ 'ਤੇ ਲੱਭ ਲਿਆ, ਹਵਾਦਾਰ, ਆਲੇ-ਦੁਆਲੇ ਬਗ਼ੀਚਾ, ਵੱਡਾ ਕਮਰਾ, ਰਸੋਈ, ਗ਼ੁਸਲਖ਼ਾਨਾ, ਇਕ ਪਾਸੇ ਪਿਆਨੋ ਪਿਆ ਸੀ ਜਿਹੜਾ ਚੁੱਪ ਦੇ ਬਾਵਜੂਦ ਸੰਗੀਤ ਵੰਡਦਾ ਲੱਗਦਾ। ਉਸਨੇ ਕਾਫ਼ਕਾ ਨੂੰ ਸੱਦਾ ਭੇਜ ਦਿੱਤਾ ਤੇ ਉਡੀਕਣ ਲੱਗੀ। ਕਾਫ਼ਕਾ ਦੀ ਸਿਹਤ ਠੀਕ ਨਹੀਂ ਸੀ। ਮੈਕਸਬਰੋਦ ਨੂੰ ਪੋਸਟ ਕਾਰਡ ਉਪਰ ਲਿਖਿਆ - ਲਗਾਤਾਰ ਆਵਾਜ਼ਾਂ ਆ ਰਹੀਆਂ ਹਨ, ਕੋਈ ਦਰਵਾਜ਼ੇ 'ਤੇ ਦਸਤਕ ਦੇ ਰਿਹੈ। ਸਾਲ 1919 ਦੀ ਜਨਵਰੀ ਵੀ ਲੰਘ ਗਈ, ਉਹ ਨਾ ਜਾ ਸਕਿਆ। ਨਵੰਬਰ ਵਿਚ ਬਰੋਦ ਨੂੰ ਨਾਲ ਲੈ ਕੇ ਸ਼ੇਲਟਨ ਸ਼ਹਿਰ ਆਪਣੀ ਭੈਣ ਦੇ ਘਰ ਚਲਾ ਗਿਆ, ਇਹ ਸਿਹਤ ਲਈ ਠੀਕ ਥਾਂ ਸੀ। ਉਸਨੂੰ ਦੋਰਾ ਦੇ ਖ਼ਤ ਮਿਲਦੇ ਰਹੇ ਪਰ ਬਰਲਿਨ ਨਾ ਜਾ ਸਕਿਆ। ਸਤੰਬਰ 20, 1921 ਯਹੂਦੀਆਂ ਦਾ ਦਸ ਦਿਨ ਦਾ ਧਾਰਮਿਕ ਤਿਓਹਾਰ ਸ਼ੁਰੂ ਹੁੰਦਾ ਸੀ। ਧਰਮ ਗ੍ਰੰਥ ਵਿਚ ਰੱਬ ਨੇ ਲਿਖਿਆ ਹੋਇਆ ਸੀ, ਅਗਲੇ ਸਾਲ ਕੌਣ ਰਹੇਗਾ, ਕੌਣ ਮਰੇਗਾ। ਪੁਜਾਰੀ ਵਰਤ ਰੱਖਦਾ ਸੀ, ਪ੍ਰਾਰਥਨਾ ਕਰਦਾ ਸੀ। ਦੋਰਾ ਦਾ ਮੰਨਣਾ ਸੀ ਕਿ ਰੱਬ ਮੇਰੇ ਅਤੇ ਕਾਫ਼ਕਾ ਦਾ ਨਾਮ ਜਿਊਣ ਵਾਲੇ ਬੰਦਿਆਂ ਦੀ ਲਿਸਟ ਵਿਚ ਲਿਖੇਗਾ। ਦੋਰਾ ਨੂੰ ਕਾਫ਼ਕਾ ਦੀ ਤਾਰ ਮਿਲੀ ਕਿ ਮੈਂ ਆ ਰਿਹਾ ਹਾਂ। ਸਟੇਸ਼ਨ 'ਤੇ ਲੈਣ ਜਾਏਗੀ। ਸ਼ੇਲਟਨ ਤੋਂ ਪਰਾਗ ਤੇ ਪਰਾਗ ਤੋਂ ਬਰਲਿਨ। ਕਾਫ਼ਕਾ ਨੇ ਲਿਖਿਆ - ਕੱਲ੍ਹ ਨੂੰ ਮੈਂ ਬਰਲਿਨ ਪੁੱਜ ਜਾਵਾਂਗਾ ਬਸ਼ਰਤਿ ਹਨੇਰੀ ਝਾੜੀ ਪਿੱਛੋਂ ਮੌਤ ਨੇ ਘਾਤ ਲਾ ਕੇ ਹਮਲਾ ਨਾ ਕੀਤਾ। ਪਿਤਾ ਨੇ ਬਰਲਿਨ ਵਿਚ ਸ਼ੁਰੂ ਹੋਏ ਕਤਲਿਆਮ ਦੀਆਂ ਖ਼ਬਰਾਂ ਸੁਣਾ ਕੇ ਜਾਣ ਤੋਂ ਮਨ੍ਹਾਂ ਕੀਤਾ, ਪਰ ਵਿਅਰਥ। ਤੁਰਨ ਤੋਂ ਪਹਿਲਾਂ ਕਾਫ਼ਕਾ ਨੇ ਆਪਣੇ ਮਿੱਤਰ ਆਸਕਰ ਬਾਮ ਨੂੰ ਲਿਖਿਆ - ਯਾਤਰਾ ਓਨੀ ਹੀ ਖ਼ਤਰਨਾਕ ਹੈ ਜਿੰਨਾ ਨੈਪੋਲੀਅਨ ਵਲੋਂ ਰੂਸ ਉਪਰ ਫ਼ੌਜਾਂ ਦੀ ਚੜ੍ਹਾਈ ਜੋਖਮ ਭਰੀ ਮੁਹਿੰਮ ਸੀ।

ਬਿਮਾਰ ਹੋਣ ਦੇ ਬਾਵਜੂਦ ਹਾਰਡੀ ਦਾ ਪਾਤਰ ਜੂਡ ਇਕ ਰਾਤ ਮਹਿਬੂਬਾ ਸੂ ਨੂੰ ਮਿਲਣ ਵਾਸਤੇ ਰੇਲ ਗੱਡੀ ਚੜ੍ਹਿਆ, ਉਸਨੂੰ ਦੂਰੋਂ ਦੇਖ ਕੇ ਵਾਪਸ ਆ ਗਿਆ। ਤੇਜ਼ ਬੁਖ਼ਾਰ। ਗ਼ੁਸੈਲੀ ਪਤਨੀ ਐਰਾਬੇਲਾ ਨੇ ਕਿਹਾ - ਕਿਉਂ ਗਿਆ ਸੀ ਉਸ ਹਰਾਮਜ਼ਾਦੀ ਕੋਲ? ਸ਼ਾਂਤ ਜੂਡ ਨੇ ਕਿਹਾ - ਦੋ ਕੰਮ ਕਰਨੇ ਜ਼ਰੂਰੀ ਸਨ, ਪਹਿਲਾਂ ਸੂ ਨੂੰ ਦੇਖਣਾ, ਫੇਰ ਮਰ ਜਾਣਾ। ਇਕ ਫੇਰੀ ਨਾਲ ਦੋਵੇਂ ਕੰਮ ਹੋ ਗਏ। ਜੂਡ ਦੀ ਮੌਤ ਹੋਈ।

ਭੈਣ ਓਟਲਾ ਨੂੰ ਲਿਖਿਆ - ਤੁਰਨ ਲੱਗਾ ਹਾਂ ਪਰ ਲੱਗਦਾ ਹੈ ਇਸ ਵਾਰ ਜਿਹੋ ਜਿਹੀ ਖ਼ਤਰਨਾਕ ਫ਼ੌਜ ਨਾਲ ਮੁਕਾਬਲਾ ਹੋਵੇਗਾ, ਪਹਿਲਾਂ ਨਹੀਂ ਹੋਇਆ ਸੀ। ਪਿਤਾ ਮੇਰੇ

ਜਾਣ ਵਿਰੁੱਧ ਝਗੜਦਾ ਰਿਹਾ, ਮਾਂ ਹਮੇਸ਼ ਵਾਂਗ ਉਦਾਸ ਦੇਖਦੀ ਰਹੀ, ਤੁਰ ਪਿਆ। ਉਸਨੂੰ ਮਿਲਣ ਵਾਸਤੇ ਮੈਕਸਬਰੋਦ ਵੀ ਬਰਲਿਨ ਦੀ ਗੱਡੀ ਸਵਾਰ ਹੋ ਗਿਆ। ਬਰਲਿਨ ਵਿਚ ਬਰੋਦ ਦੀ ਇਕ ਸਹੇਲੀ ਐਮੀ ਰਹਿੰਦੀ ਸੀ, ਉਸ ਨੂੰ ਵੀ ਮਿਲੇਗਾ। ਕਾਫ਼ਕਾ ਨੇ ਬਰੋਦ ਨੂੰ ਸਖ਼ਤ ਲਫ਼ਜ਼ਾਂ ਵਿਚ ਇਸ ਰੋਮਾਂਸ ਦੇ ਨੁਕਸਾਨ ਸਮਝਾਏ। ਕਾਫ਼ਕਾ ਨੇ ਇਸ ਕੁੜੀ ਉਪਰ ਕਿਤਾਬ ਲਿਖੀ, *ਪਰੀ ਨਾਲ ਬਿਤਾਈ ਜ਼ਿੰਦਗੀ*। ਕਾਫ਼ਕਾ ਦੀਆਂ ਦਲੀਲਾਂ ਦਾ ਬਰੋਦ ਉਪਰ ਅਸਰ ਹੋਇਆ, ਲਿਖਦਾ ਹੈ - ਉਸਦੀ ਦਲੀਲ ਨੂੰ ਕੋਈ ਨਹੀਂ ਕੱਟ ਸਕਦਾ, ਮੈਂ ਤਾਂ ਚੀਜ਼ ਹੀ ਕੀ ਹਾਂ। ਆਰਾਮ ਨਾਲ ਉਹ ਦੁਨੀਆਂ ਨੂੰ ਸਿੱਧੇ ਰਾਹ 'ਤੇ ਪਾ ਦਿੰਦਾ ਹੈ ਪਰ ਖ਼ੁਦ ਉਸ ਦਾ ਰਸਤਾ ਵਿੰਗ-ਤੜਿੰਗਾ ਰਿਹਾ। ਬਰੋਦ ਅਤੇ ਕਾਫ਼ਕਾ ਦੀ ਦੋਸਤੀ ਨੂੰ ਸਾਹਿਤ ਦੇ ਇਤਿਹਾਸ ਵਿਚ ਬੇਮਿਸਾਲ ਪ੍ਰਸ਼ੰਸਾ ਮਿਲੀ ਹੈ ਜਿਵੇਂ ਜਾਨਸਨ ਅਤੇ ਬੋਸਵੈਲ ਦੀ ਦੋਸਤੀ ਨੂੰ। ਕਾਫ਼ਕਾ ਉਪਰ ਜਿਹੜਾ ਮੈਂ ਸ਼ਬਦ ਚਿੱਤਰ ਲਿਖਿਆ ਸੀ ਉਸ ਵਿਚ ਉਨ੍ਹਾਂ ਦੋਵਾਂ ਦੀ ਪਹਿਲੀ ਮੁਲਾਕਾਤ ਦਾ ਵੇਰਵਾ ਦਿਲਕਸ਼ ਹੈ, ਬਰੋਦ 18 ਸਾਲ ਦਾ ਸੀ ਤੇ ਕਾਫ਼ਕਾ 19 ਸਾਲ ਦਾ। ਬਰੋਦ ਨੇ ਜਰਮਨ ਵਿਦਿਆਰਥੀਆਂ ਸਾਹਮਣੇ ਨੀਤਸ਼ੇ ਉਪਰ ਲਿਖਿਆ ਪੇਪਰ ਪੜ੍ਹਦਿਆਂ ਬਾਕੀ ਤਲਖ਼ ਟਿੱਪਣੀਆਂ ਤੋਂ ਇਲਾਵਾ ਇਹ ਵੀ ਕਿਹਾ ਸੀ - ਅਵਾਰਾਗਰਦ, ਸਿਵਾਇ ਜ਼ਨਾਨੀਬਾਜ਼ ਦੇ ਹੋਰ ਕੁਝ ਨਹੀਂ ਉਹ। ਨੀਤਸ਼ੇ ਉਪਰ ਟਿੱਪਣੀਆਂ ਕਰਦਿਆਂ ਕਾਫ਼ਕਾ ਨੇ ਬਰੋਦ ਦੇ ਪੇਪਰ ਦੀ ਉਹ ਤੂੜੀ ਉਡਾਈ ਕਿ ਬਰੋਦ ਸਦਾ ਲਈ ਕਾਫ਼ਕਾ ਦਾ ਮੁਰੀਦ ਹੋ ਗਿਆ। ਹਮੇਸ਼ ਸ਼ਾਂਤ ਰਹਿਣ ਵਾਲਾ ਕਾਫ਼ਕਾ ਉਸ ਦਿਨ ਪੂਰਾ ਤੂਫ਼ਾਨ ਹੋ ਗਿਆ ਸੀ। ਪੈਂਤੀ ਸਾਲ ਬਾਦ ਜਦੋਂ ਬਰੋਦ ਨੇ ਉਸਦੀ ਜੀਵਨੀ ਲਿਖੀ, ਉਸ ਵਿਚ ਇਸ ਘਟਨਾ ਨੂੰ ਯਾਦ ਕਰਦਿਆਂ ਕਿਹਾ - "ਮੇਰੇ ਵਿਚਾਰ ਧੁੰਦਲੇ ਅਤੇ ਉਲਝੇ ਹੋਏ ਸਨ, ਮੇਰੇ ਵਿਚ ਬਚਗਾਨਾ ਹੰਕਾਰ, ਭਰਿਸ਼ਟ ਈਰਖਾ ਅਤੇ ਬਣਾਉਟੀ ਸਿਆਣਪ ਸੀ, ਕਾਫ਼ਕਾ ਦੇ ਤੂਫਾਨ ਤੋਂ ਬਾਦ ਅਸਮਾਨ ਨਿਰਮਲ ਹੋ ਗਿਆ। ਇਸ ਪਿੱਛੋਂ ਮੈਂ ਪੜ੍ਹਨ ਦੀ ਅਕਲ ਹਾਸਲ ਕੀਤੀ। ਕੁਦਰਤ ਜਿਵੇਂ ਹੌਲੀ ਦੇਣੀ ਬੂਟਿਆਂ ਦੇ ਕੰਨ ਵਿਚ ਕੁਝ ਆਖਦੀ ਹੈ ਤਾਂ ਫੁੱਲ ਖਿੜ ਜਾਂਦੇ ਹਨ, ਕਾਫ਼ਕਾ ਦੇ ਬੋਲ ਇਸ ਤਰ੍ਹਾਂ ਦੇ ਸਨ, ਇਹੋ ਜਿਹੇ ਬੋਲ ਉਹ ਸੁਣਨੇ ਚਾਹੁੰਦਾ ਹੁੰਦਾ। ਉਸਨੇ ਕਿਸ ਕਿਸ ਥਾਂ ਕੀ ਕੀ ਗੱਲ ਕੀਤੀ, ਮੈਨੂੰ ਸਾਫ਼ ਦਿਸੀ ਜਾਂਦੀ ਹੈ। ਉਸ ਦੀ ਹਾਜ਼ਰੀ ਵਿਚ ਕਿਸੇ ਨਾਲ ਬੇਇਨਸਾਫ਼ੀ ਹੋਵੇ, ਅਸੰਭਵ।"

ਕਿਤਾਬਾਂ ਬਾਰੇ ਕਾਫ਼ਕਾ ਕਿਹਾ ਕਰਦਾ - "ਜਿਸ ਕਿਲ੍ਹੇ ਦੇ ਕਮਰੇ ਮੈਥੋਂ ਨਹੀਂ ਖੁੱਲ੍ਹੇ, ਕਿਤਾਬਾਂ ਉਨ੍ਹਾਂ ਦੀਆਂ ਚਾਬੀਆਂ ਹਨ।"

ਟਾਈਲ ਤੇ ਸਬਾਈਨ ਦੋ ਸਹੇਲੀਆਂ ਕਾਫ਼ਕਾ ਨੂੰ ਕੈਂਪ ਵਿਚ ਆਉਂਦਿਆਂ ਜਾਂਦਿਆਂ ਦੇਖਦੀਆਂ, ਉਨ੍ਹਾਂ ਨੂੰ ਲੱਗਦਾ ਹੁੰਦਾ, ਇਹ ਇਸ ਕਰਕੇ ਅਨਾਥਾਂ ਦੇ ਕੈਂਪ ਵਿਚ ਆ ਜਾਂਦੈ ਤਾਂ ਕਿ ਕੈਂਪ ਸਨਮਾਨਯੋਗ ਬਣ ਜਾਵੇ। ਰੇਸਤਰਾਂ ਵਿਚ ਆਈਸ-ਕਰੀਮ ਖਾ ਰਹੀਆਂ ਸਨ, ਲਾਲ ਰਤਨਾਂ ਨਾਲ ਮੜ੍ਹਿਆ ਆਈਸ-ਕਰੀਮ ਦਾ ਸ਼ੀਸ਼ੇ ਦਾ ਕੱਪ ਗ਼ਜ਼ਬ ਦਾ ਸੁਹਣਾ ਸੀ। ਸੋਲ੍ਹਾਂ ਸਾਲਾਂ ਦੀ ਟਾਈਲ ਨੇ ਹਉਕਾ ਲੈ ਕੇ ਆਪਣੀ ਸਹੇਲੀ ਨੂੰ ਕਿਹਾ - ਇਹ ਕੱਪ ਹਾਸਲ ਕਰਨ ਲਈ ਮੈਂ ਸਭ ਕੁਝ ਦੇਣ ਨੂੰ ਤਿਆਰ ਹਾਂ। ਸਬਾਈਨ ਨੇ ਹੱਸ ਕੇ ਪੁੱਛਿਆ - ਤੇਰੇ ਕੋਲ ਹੈ ਕੀ ਦੇਣ ਲਈ ? ਫਿਰ ਦੋਵਾਂ ਨੇ ਦੇਖਿਆ, ਪਰ੍ਹੇ ਕਾਫ਼ਕਾ ਖਲੋਤਾ ਸੀ। ਇਹ ਸੋਚ ਕੇ ਕਿ ਕਿਤੇ ਕਾਫ਼ਕਾ ਉਨ੍ਹਾਂ ਦੀਆਂ ਗੱਲਾਂ ਸੁਣ ਨਾ ਰਿਹਾ ਹੋਵੇ, ਝੱਟ ਬਾਹਰ ਖਿਸਕ ਗਈਆਂ। ਮਹੀਨੇ ਕੁ ਮਗਰੋਂ ਟਾਈਲ ਖ਼ਬਰ ਲੈਣ ਉਸਦੇ ਫ਼ਲੈਟ ਵਿਚ ਗਈ। ਦਰਵਾਜ਼ਾ ਖੋਲ੍ਹ ਕੇ ਕਾਫ਼ਕਾ ਨੇ ਕਿਹਾ - ਰਤਾ ਠਹਿਰ। ਉਹ ਰੁਕ ਗਈ। ਕਾਫ਼ਕਾ ਅੰਦਰ ਗਿਆ,

ਇਕ ਪੈਕਟ ਟਾਈਲ ਨੂੰ ਫੜਾਇਆ, ਖੋਲ੍ਹ ਕੇ ਦੇਖਿਆ, ਗ਼ਜ਼ਬ, ਉਹੀ ਲਾਲ ਜੜਾਊ ਆਈਸ-ਕਰੀਮ ਕੱਪ। ਖ਼ੁਸ਼ ਹੋਈ ਟਾਈਲ ਨੂੰ ਕਾਫ਼ਕਾ ਨੇ ਕਿਹਾ - ਆਪਣੀ ਪੁਰਾਣੀ ਕਹਾਵਤ ਹੈ ਨਾ, ਵਿਆਹ ਵਾਲੇ ਦਿਨ ਇਸ ਨੂੰ ਚੂਰ ਚੂਰ ਕਰ ਦੇਈਂ।

ਇਕ ਦਿਨ ਉਸਨੇ ਦੋਰਾ ਨੂੰ ਕਿਹਾ - ਬਰਲਿਨ ਆ ਕੇ ਵੱਸਣ ਦਾ ਮੇਰਾ ਸੁਫ਼ਨਾ ਪੂਰਾ ਹੋ ਗਿਆ। ਪਰਾਗ ਦੇ ਪੰਜਿਆਂ ਵਿੱਚੋਂ ਕਦੀ ਨਿਕਲ ਸਕਾਂਗਾ, ਉਮੀਦ ਨਹੀਂ ਸੀ, ਬਰਲਿਨ ਮੇਰੀ ਪ੍ਰਾਪਤੀ ਹੈ, ਇਸ ਨੂੰ ਪ੍ਰਾਪਤ ਕਰਨ ਤੋਂ ਬਿਨਾਂ ਮੈਂ ਮਰਨਾ ਨਹੀਂ। ਦੋਰਾ ਨੇ ਦੱਸਿਆ - ਉਸਦੀਆਂ ਸਾਰੀਆਂ ਲਿਖਤਾਂ ਇਕ ਪਾਸੇ, ਉਸ ਨਾਲ ਬਿਤਾਇਆ ਇਕ ਦਿਨ, ਦੂਜੇ ਪਾਸੇ, ਦੂਜਾ ਪਾਸਾ ਵਜ਼ਨਦਾਰ ਹੈ। ਕਿਸੇ ਲੇਖਕ ਨੂੰ ਮਿਲਣ ਨਹੀਂ, ਇਕ ਸ਼ਾਨਦਾਰ ਮਰਦ ਨੂੰ ਮਿਲਣ ਗਈ ਸਾਂ ਮੈਂ।

ਕਾਫ਼ਕਾ ਦੋਰਾ ਦੇ ਪਿਛਲੇ ਜੀਵਨ ਬਾਬਤ ਸਵਾਲ 'ਤੇ ਸਵਾਲ ਪੁੱਛਦਾ ਰਹਿੰਦਾ, ਦੋਰਾ ਦੱਸਦੀ ਹੈ - ਪੂਰੇ ਧਿਆਨ ਨਾਲ ਸੁਣਦਾ, ਮੇਰਾ ਸਾਧਾਰਨ ਜਿਹਾ ਵਾਕ ਸੁਣ ਕੇ ਕਦੀ ਕਦਾਈਂ ਸੁੰਨ ਹੋ ਜਾਂਦਾ। ਉਹਨੂੰ ਪੂਰਬ ਦੀਆਂ ਦੇਸੀ ਗੱਲਾਂ ਦੀ ਭੁੱਖ ਸੀ, ਜਿਵੇਂ ਉਸ ਅੰਦਰਲੇ ਦੱਬੇ ਹੋਏ ਖ਼ਜ਼ਾਨਿਆਂ ਨਾਲ ਮਿਲਦਾ ਜੁਲਦਾ ਹੋਵੇ ਪੂਰਬ... ਅਨੰਤ ਭੇਦ, ਅਨੰਤ ਰਮਜ਼ਾਂ। ਉਹ ਗੱਲਾਂ ਕਰਨ ਦਾ ਸ਼ੁਕੀਨ ਸੀ, ਗੱਲਾਂ ਕਰਦਿਆਂ ਅੱਖਾਂ ਵਿਚ ਲਿਸ਼ਕ ਅਤੇ ਹੋਠਾਂ 'ਤੇ ਮੁਸਕਾਨ ਦੋਵੇਂ ਨੱਚਦੀਆਂ ਰਹਿੰਦੀਆਂ। ਕਦੀ ਕਦਾਈਂ ਇਉਂ ਵੀ ਮੁਸਕਰਾਉਂਦਾ ਜਿਵੇਂ ਆਪਣੇ ਵਾਕਾਂ ਵਿਚ ਉਂਗਲਾਂ ਰਾਹੀਂ ਰੰਗ ਭਰਨ ਲੱਗਾ ਹੈ। ਜਦੋਂ ਉਸਨੂੰ ਯਕੀਨ ਹੋ ਜਾਂਦਾ ਸਰੋਤਾ ਉਹ ਰਮਜ਼ ਸਮਝ ਗਿਆ ਹੈ ਜੋ ਉਹ ਸਮਝਾਉਣਾ ਚਾਹੁੰਦਾ, ਬਹੁਤ ਸੰਤੁਸ਼ਟ ਹੁੰਦਾ। ਬੋਲਾਂ ਵਿਚ ਸੰਗੀਤ ਸੀ, ਮੱਧਮ ਜਿਹੀਆਂ ਸੁਰਾਂ। ਮੌਤ ਐਨ ਸਾਹਮਣੇ, ਰੋਮ ਰੋਮ ਵਿਚ ਦਰਦ, ਆਪਣਾ ਦੁਖ ਨਾ ਦੱਸ ਕੇ ਮਿਲਣ ਵਾਲੇ ਨੂੰ ਸੁਖਦਾਈ ਗੱਲਾਂ ਸੁਣਾਉਂਦਾ ਕਾਫ਼ਕਾ ਮੈਂ ਹੁਣ ਵੀ ਦੇਖ ਰਹੀ ਹਾਂ। ਉਸ ਵਿਚ ਕੁਝ ਅਬਿਨਾਸ਼ੀ ਸੀ ਜਿਸ ਕਰਕੇ ਉਸ ਬਾਰੇ ਕਥਨ ਕਰਨਾ ਔਖਾ ਕੰਮ ਹੈ। ਸਮਾਂ ਬੀਤਣ ਨਾਲ ਨੈਣ ਨਕਸ਼ ਤੇ ਗੱਲਾਂ ਧੁੰਦਲੀਆਂ ਹੋ ਜਾਇਆ ਕਰਦੀਆਂ ਹਨ, ਉਸਦੀ ਸ਼ਖ਼ਸੀਅਤ ਦਿਨ-ਬਦਿਨ ਨਿੱਖਰ ਨਿੱਖਰ ਸਾਹਮਣੇ ਆ ਰਹੀ ਹੈ।

ਜਦੋਂ ਲਿਖਣ ਲੱਗਦਾ, ਦੋਰਾ ਆਪਣੇ ਆਪ ਉਸਨੂੰ ਇਕਾਂਤ ਵਿਚ ਛੱਡ ਕੇ ਬਾਹਰ ਚਲੀ ਜਾਂਦੀ, ਕਾਫ਼ਕਾ ਨੇ ਕਦੀ ਉਸਨੂੰ ਕਿਹਾ ਨਹੀਂ ਸੀ। ਉਹ ਜਾਣ ਜਾਂਦੀ। ਦੋਰਾ ਨੇ ਪੁੱਛਿਆ - ਫੇਲਿਸ ਨੂੰ ਪਿਆਰ ਕੀਤਾ, ਉਸ ਵਿਚ ਕੀ ਨੁਕਸ ਸੀ, ਤੁਸੀਂ ਵਿਆਹ ਤੋਂ ਇਨਕਾਰ ਕੀਤਾ ? ਕਾਫ਼ਕਾ ਨੇ ਕਿਹਾ - ਉਹ ਚੰਗੀ ਸੀ ਪਰ ਪੂਰੀ ਦੁਨੀਆਂਦਾਰ, ਜੋੜ ਘਟਾ ਵਿਚ ਪ੍ਰਬੀਨ, ਉਸ ਨੂੰ ਵਿਆਹੁਣ ਦਾ ਅਰਥ ਹੋਣਾ ਸੀ ਪੂਰਾ ਯੌਰਪ ਆਪਣੇ ਘਰ ਵਿਚ ਲੈ ਆਉਣਾ, ਯੌਰਪ, ਜਿਸਦਾ ਮਾਇਨਾ ਹੈ ਝੂਠ ਤੇ ਫ਼ਰੇਬ। ਉਸਨੂੰ ਸੁਹਣਾ ਘਰ, ਚੰਗੀ ਆਮਦਨ ਤੇ ਸਮੇਂ ਦਾ ਪਾਬੰਦ ਪਤੀ ਚਾਹੀਦਾ ਸੀ। ਮੈਂ ਆਪਣੀ ਘੜੀ ਡੇਢ ਘੰਟਾ ਅੱਗੇ ਰੱਖਦਾ ਹਾਂ। ਜਦੋਂ ਉਹਦਾ ਦਾਅ ਲੱਗਦਾ, ਘੜੀ ਠੀਕ ਕਰ ਦਿੰਦੀ, ਮੇਰਾ ਸਾਰਾ ਪ੍ਰੋਗਰਾਮ ਗ਼ਲਤ ਹੋ ਜਾਂਦਾ। ਜਾਂ ਮੈਂ ਗ਼ਲਤ ਸੀ ਜਾਂ ਉਹ, ਇਹ ਪੱਕੀ ਗੱਲ ਹੈ ਕਿ ਸਾਡੇ ਦੋਵਾਂ ਵਿੱਚੋਂ ਇਕ ਸਹੀ ਨਹੀਂ ਸੀ।

ਦੋਰਾ ਨੇ ਲਿਖਿਆ - ਜਦੋਂ ਮੈਂ ਦੇਖਦੀ ਉਹ ਲਿਖਣੋਂ ਹਟ ਗਿਐ, ਉਸਦੇ ਕਮਰੇ ਵਿਚ ਚਲੀ ਜਾਂਦੀ। ਜੋ ਲਿਖਿਆ, ਪੜ੍ਹ ਕੇ ਸੁਣਾਉਂਦਾ। ਅਖ਼ੀਰ ਵਿਚ ਆਖਦਾ, ਪਤਾ ਨੀ ਕਿਵੇਂ ਲਿਖੀ ਗਿਆ ਮੈਂ, ਭੂਤ ਆਲੇ-ਦੁਆਲੇ ਘੁੰਮਦੇ ਰਹੇ, ਬਚ ਗਿਆ, ਇਹ ਗੱਲ

ਕਰਨ ਵੇਲੇ ਉਸਦੇ ਹੋਠਾਂ 'ਤੇ ਬੱਚੇ ਵਰਗੀ ਮੁਸਕਾਨ ਹੁੰਦੀ, ਬੱਚਾ ਇਉਂ ਗੱਲ ਕਰਿਆ ਕਰਦੈ ਜਿਵੇਂ ਉਹਨੂੰ ਭੂਤਾਂ ਪ੍ਰੇਤਾਂ, ਸਭ ਦਾ ਪੂਰਾ ਪਤਾ ਹੈ, ਵੱਡੇ ਕੁਝ ਨਹੀਂ ਜਾਣਦੇ। ਮਹਿੰਗੇ ਦਰਜੀ ਤੋਂ ਕੱਪੜੇ ਸਿਲਾਉਂਦਾ, ਵਧੀਆ ਸੂਟ, ਬੂਟ ਅਤੇ ਟਾਈ, ਨਹੀਂ ਤਾਂ ਬਾਹਰ ਨਹੀਂ ਨਿਕਲੇਗਾ। ਇਕ ਦਿਨ ਕਹਿਣ ਲੱਗਾ - ਦੋਰਾ, ਮੇਰੇ ਤੋਂ ਕਦੀ ਕਦਾਈਂ ਚੰਗੀ ਚੀਜ਼ ਲਿਖੀ ਜਾਂਦੀ ਐ, ਜਿਵੇਂ ਅੰਨ੍ਹੇ ਚੂਚੇ ਨੂੰ ਦਾਣਾ ਲੱਭ ਜਾਏ।

ਦੋਰਾ ਨੇ ਦੱਸਿਆ - ਬਰਲਿਨ ਦੀਆਂ ਸੜਕਾਂ ਉਪਰ ਅਮੀਰਾਂ ਦੇ ਵੱਡੇ, ਭਰੇ-ਭਕੁੰਨੇ ਸਟੋਰਾਂ ਦੇ ਬਾਹਰ ਅੰਗਹੀਣ ਮੰਗਤੇ, ਭੁੱਖੇ ਬੱਚੇ, ਬੇਸਹਾਰੇ ਬੁੱਢੇ ਵਿਲਕਦੇ, ਰੋਟੀ ਮੰਗਦੇ ਦੇਖਦਾ ਰਹਿੰਦਾ, ਮਹਿੰਗਾਈ ਸਦਕਾ ਰੋਟੀ ਹਰ ਰੋਜ਼ ਹੋਰ ਨਿੱਕੀ ਹੋ ਜਾਂਦੀ, ਸਿਤਾਰ ਦੀ ਇਕ ਤਾਰ ਛੂਹੋ, ਬਾਕੀ ਸਾਰੀਆਂ ਖ਼ੁਦ-ਬ-ਖ਼ੁਦ ਕੰਬਣ ਲੱਗ ਜਾਂਦੀਆਂ ਨੇ। ਇਨ੍ਹਾਂ ਸੜਕਾਂ ਦਾ ਦੌਰਾ ਕਰ ਕੇ ਕਾਫ਼ਕਾ ਘਰ ਆਉਂਦਾ, ਹਾਲਤ ਇਸ ਤਰ੍ਹਾਂ ਹੁੰਦੀ ਜਿਵੇਂ ਜੰਗ ਦੇ ਮੈਦਾਨ ਵਿੱਚੋਂ ਹਜ਼ਾਰ ਵਾਰ ਮਰ ਕੇ ਮੁੜਿਆ ਹੋਵੇ, ਰੰਗ ਨੀਲਾ ਹੋ ਜਾਂਦਾ ਸੀ। ਯਸੂ ਮਸੀਹ ਮੋਢੇ ਉਪਰ ਆਪਣਾ ਕਰਾੱਸ ਆਪ ਚੁੱਕ ਪਹਾੜੀ ਉਪਰ ਚੜ੍ਹਿਆ ਸੀ, ਇਸ ਗੱਲ ਵਿਚ ਕੋਈ ਅਤਿਕਥਨੀ ਤਾਂ ਨਹੀਂ ਨਾ।

ਕਾਫ਼ਕਾ ਹੋਰ ਸਾਰੇ ਮਸਲਿਆਂ ਵਿਚ ਉਲਝ ਜਾਂਦਾ ਸੀ, ਸਾਹਿਤ ਰਚਨਾ ਵੇਲੇ ਉਹ ਪੂਰਨ ਪਾਰਦਰਸ਼ੀ ਹੁੰਦਾ, ਬੇਲਿਹਾਜ਼, ਦ੍ਰਿੜ੍ਹ ਇਰਾਦੇ ਵਾਲਾ, ਸਾਹਿਤ ਉਸ ਵਾਸਤੇ ਧਰਮ ਸੀ, ਕਿਹਾ ਕਰਦਾ ਸੀ - ਇਹ ਜਿਹੜਾ ਕੁਝ ਲਿਖਿਆ ਜਾ ਰਿਹੈ ਦੋਰਾ, ਇਹ ਸਾਹਿਤ ਨਹੀਂ ਹੈ, ਇਹ ਤਾਂ ਵਰਤਮਾਨ ਦੇ ਨਿੱਕੇ ਨਿੱਕੇ ਪਰਛਾਵੇਂ ਮਾਤਰ ਹਨ। ਸਾਹਿਤ ਰਚਨਾ ਵੇਲੇ ਉਹ ਅਨੰਤ ਅਪਹੁੰਚ ਹੁੰਦਾ।

ਦੋਰਾ ਨੇ ਡਾਇਰੀ ਵਿਚ ਲਿਖਿਆ - ਅਖ਼ੀਰਲੇ ਦਿਨਾਂ ਵਿਚ ਉਸਨੇ ਮੈਨੂੰ ਕਹਿ ਦਿੱਤਾ ਸੀ ਕਿ ਹੁਣ ਮੈਂ ਇਕੱਲਾ ਨਹੀਂ ਰਹਿ ਸਕਦਾ, ਸੋ ਜਦੋਂ ਮੈਂ ਲਿਖਦਾ ਹੋਵਾਂ ਉਦੋਂ ਵੀ ਮੇਰੇ ਕੋਲ ਰਿਹਾ ਕਰ। ਮੈਂ ਨਿੱਕੇ ਮੋਟੇ ਕੰਮ ਕਰਦੀ ਰਹਿੰਦੀ, ਕਿਤਾਬ ਪੜ੍ਹਦੀ ਰਹਿੰਦੀ। ਉਹ ਲਿਖ ਰਿਹਾ ਸੀ, ਇਕ ਰਾਤ ਮੈਂ ਪੜ੍ਹਦੀ ਪੜ੍ਹਦੀ ਸੋਫੇ ਉਪਰ ਸੌਂ ਗਈ। ਜਦੋਂ ਅੱਖ ਖੁੱਲ੍ਹੀ, ਉਹ ਆਪਣਾ ਕੰਮ ਮੁਕਾ ਕੇ ਮੇਰੇ ਲਾਗੇ ਬੈਠਾ ਦੇਖਿਆ। ਉਸ ਦਾ ਅਸਾਧਾਰਨ ਚਿਹਰਾ ਲਿਸ਼ਕ ਰਿਹਾ ਸੀ, ਬਿਲਕੁਲ ਉਸ ਤਰ੍ਹਾਂ ਜਿਵੇਂ ਤਸਵੀਰਾਂ ਵਿਚ ਫ਼ਕੀਰ ਦਾ ਵਿਸਮਾਦ ਦਿਖਾਇਆ ਹੁੰਦਾ ਹੈ, ਕਾਫ਼ਕਾ ਨਹੀਂ, ਇਹ ਕੋਈ ਹੋਰ ਸੀ। ਕਾਫ਼ਕਾ ਨੇ ਇਕ ਦਿਨ ਕਿਹਾ - ਟੱਕਰਾਂ ਮਾਰ ਮਾਰ ਜਦੋਂ ਮੱਥਾ ਲਹੂ ਲੁਹਾਣ ਹੋ ਜਾਵੇ, ਉਦੋਂ ਮੈਨੂੰ ਤਸੱਲੀ ਹੁੰਦੀ ਹੈ। ਦੋਰਾ ਇਹ ਸਬੂਤ ਹੁੰਦਾ ਹੈ ਇਸ ਗੱਲ ਦਾ ਕਿ ਜਿਸ ਚਟਾਨ ਨਾਲ ਟਕਰਾਇਆ, ਉਹ ਸਖ਼ਤ ਸੀ।

ਮੈਕਸਬਰੋਦ ਕਾਫ਼ਕਾ ਅਤੇ ਦੋਰਾ ਨੂੰ ਮਿਲਣ ਬਰਲਿਨ ਗਿਆ, ਲਿਖਦਾ ਹੈ - ਦੋਰਾ ਨਾਲ ਬਿਤਾਏ ਉਸਦੇ ਦਿਨ ਸਭ ਤੋਂ ਵਧੀਕ ਸੁਖਦਾਈ ਪਲ ਸਨ, ਮੈਨੂੰ ਆਪਣੀਆਂ ਤਾਜ਼ੀਆਂ ਰਚਨਾਵਾ ਪੜ੍ਹ ਕੇ ਸੁਣਾਈਆਂ। ਮੈਂ ਉਸ ਦੀਆਂ ਲਿਖਤਾਂ ਹੁਣ ਪੜ੍ਹਦਾ ਹਾਂ ਤਾਂ ਉਸ ਦੇ ਬੋਲ, ਅੰਦਾਜ਼ ਸਾਹਮਣੇ ਆ ਜਾਂਦਾ ਹੈ। ਵਾਕ ਸਜਿੰਦ ਹੋ ਜਾਂਦੇ, ਚੁਫੇਰ ਸੰਗੀਤ ਪਸਰ ਜਾਂਦਾ। ਉਹ ਛਪਣ ਲਈ ਤਿਆਰ ਨਾ ਹੁੰਦਾ ਤਾਂ ਕਦੀ ਮੈਂ ਮੰਗਤੇ ਵਾਂਗ ਭੀਖ ਮੰਗਦਾ, ਕਦੀ ਚੋਰੀ ਕਰਦਾ, ਕਦੀ ਧੱਕੇ ਨਾਲ ਖੋਹ ਲਿਆਉਂਦਾ, ਉਹ ਕਹੀ ਜਾਂਦਾ - ਇਹ ਠੀਕ ਨਹੀਂ, ਗ਼ਲਤੀਆਂ ਨੇ।

ਪ੍ਰਕਾਸ਼ਕ ਕੁਰਟ ਵੋਫ ਵਰਲੇਗ ਨੇ ਕਾਫ਼ਕਾ ਨੂੰ ਖ਼ਤ ਲਿਖਿਆ - ਤੁਹਾਡੀਆਂ ਕਿਤਾਬਾਂ

ਵਿਕ ਨਹੀਂ ਰਹੀਆਂ। ਦੇਰ ਬਾਦ ਤੁਹਾਡੇ ਪਾਠਕ ਪੈਦਾ ਹੋਣਗੇ। ਸਾਨੂੰ ਇਨ੍ਹਾਂ ਵਿਚਲੇ ਵਾਕਾਂ ਦੀ ਕੀਮਤ ਦਾ ਪਤਾ ਹੈ। ਸਾਨੂੰ ਫ਼ਖ਼ਰ ਹੈ ਅਸੀਂ ਤੁਹਾਡੇ ਪ੍ਰਕਾਸ਼ਕ ਹਾਂ।

ਬਰੋਦ ਨੇ ਖ਼ਤ ਲਿਖ ਕੇ ਸਿਹਤ ਬਾਬਤ ਪੁੱਛਿਆ ਤਾਂ ਉਤਰ ਦਿੱਤਾ - ਬਾਕੀ ਅੰਗਾਂ ਦਾ ਕੰਮ ਤਾਂ ਤਮਾਮ ਹੈ, ਸਿਰ ਬਚਿਆ ਹੈ ਅਜੇ, ਸਿਰ ਇਸ ਤਰ੍ਹਾਂ ਦਾ ਜਿਵੇਂ ਸ਼ੇਰ ਨੇ ਲੋਹ-ਟੋਪ ਪਹਿਨ ਲਿਆ ਹੋਵੇ। ਹਨੇਰ-ਖ਼ਾਤੇ ਵਿਚ ਅਕਸਰ ਡੁੱਬ ਜਾਨਾਂ, ਦੇਰ ਬਾਦ ਫੇਰ ਚਾਨਣ ਦਿਖਾਈ ਦੇਣ ਲੱਗ ਜਾਂਦੈ।

ਭੈਣ ਓਟਲਾ ਦੋਹਾਂ ਨੂੰ ਮਿਲ ਕੇ ਪੇਕੇ ਗਈ ਤਾਂ ਮਾਪਿਆਂ ਨੂੰ ਦੁੱਖ ਹੋਇਆ ਕਿ ਕਿਸ ਫ਼ਜ਼ੂਲ ਕੁੜੀ ਨੂੰ ਘਰ ਰੱਖ ਲਿਐ। ਓਟਲਾ ਨੇ ਦੋਰਾ ਦੀਆਂ ਸਿਫ਼ਤਾਂ ਕੀਤੀਆਂ, ਪਰ ਮਾਪਿਆਂ ਨੂੰ ਇਤਬਾਰ ਨਹੀਂ ਆਇਆ, ਦੁਖੀ ਹੋਏ।

1924 ਦੇ ਨਵੇਂ ਸਾਲ ਭੈਣਾਂ ਅਤੇ ਮਾਪਿਆਂ ਵਲੋਂ ਏਨੇ ਤੁਹਫ਼ੇ, ਏਨੀਆਂ ਖਾਣ ਚੀਜ਼ਾਂ ਆਈਆਂ ਕਿ ਪੈਕਟ ਖੋਲ੍ਹਦੀ ਖੋਲ੍ਹਦੀ ਦੋਰਾ ਰੋ ਪਈ। ਕਾਫ਼ਕਾ ਦੀ ਭਾਣਜੀ ਦੱਸਦੀ ਹੈ ਕਿ ਨਾਨਾ ਨਾਨੀ ਨੂੰ ਇਹ ਪੂਰਬਣੀ ਪਸੰਦ ਨਹੀਂ ਸੀ। ਕਿਹਾ ਕਰਦੇ ਸਨ - ਇਹ ਠੀਕ ਨਹੀਂ ਖੁਆਉਂਦੀ ਪਿਲਾਉਂਦੀ, ਮਾਰ ਦਏਗੀ ਸਾਡੇ ਪੁੱਤਰ ਨੂੰ।

ਜਨਵਰੀ ਦੇ ਦੂਜੇ ਹਫ਼ਤੇ ਬੁਖ਼ਾਰ ਤੇਜ਼ ਹੋ ਗਿਆ। ਦੋਰਾ ਨੇ ਸਭ ਤੋਂ ਵੱਡਾ ਡਾਕਟਰ ਜੋ ਪ੍ਰੋਫ਼ੈਸਰ ਵੀ ਸੀ, ਸੱਦਿਆ। ਆਪ ਤਾਂ ਉਹ ਆਇਆ ਨਹੀਂ, ਆਪਣਾ ਤੀਹ ਸਾਲ ਦਾ ਸਹਾਇਕ ਭੇਜ ਦਿੱਤਾ। ਸਾਰਾ ਕੁਝ ਚੈੱਕ ਕਰਨ ਤੋਂ ਬਾਦ ਸਹਾਇਕ ਨੇ ਕਿਹਾ - ਬੁਖ਼ਾਰ ਤੋਂ ਬਿਨਾਂ ਹੋਰ ਕੋਈ ਤਕਲੀਫ਼ ਨਹੀਂ। ਕੱਢੋ 160 ਚੈਕ ਕ੍ਰਾਊਨ। ਕਾਫ਼ਕਾ ਨੇ ਕਿਹਾ - ਦੋਰਾ, ਚੰਗਾ ਹੋਇਆ ਵੱਡਾ ਡਾਕਟਰ ਨਹੀਂ ਆਇਆ, ਮਾਂਜ ਦੇਣਾ ਸੀ ਆਪਾਂ ਨੂੰ ਜੇ ਖ਼ੁਦ ਆ ਜਾਂਦਾ। ਮੈਨੂੰ ਮਹਿੰਗਾਈ ਦਾ ਇਕ ਫ਼ਾਇਦਾ ਵੀ ਹੈ। ਸਸਤਾ, ਫ਼ਜ਼ੂਲ ਖਾਣਾ ਸੁਆਦ ਲੱਗਣ ਲੱਗ ਜਾਂਦੈ।

ਹਰ ਸ਼ਨੀਵਾਰ ਦੀ ਸ਼ਾਮ ਅਰਦਾਸ ਵਿਚ ਬੀਤਦੀ। ਬੱਚਾ ਇਕ ਕਹਾਣੀ ਜਿਵੇਂ ਬਾਰ ਬਾਰ ਸੁਣੀ ਜਾਂਦਾ ਹੈ, ਉਹ ਦੋਰਾ ਤੋਂ ਅਰਦਾਸ ਸੁਣੀ ਜਾਂਦਾ - ਹਿਬਰੂ ਭਾਸ਼ਾ ਦੇ ਪਰਮੇਸ਼ਰ, ਇਜ਼ਰਾਈਲ ਦੇ ਯਹੂਦੀਆਂ ਨੂੰ ਤੇਰੀ ਮੱਦਦ ਦੀ ਲੋੜ ਹੈ, ਆਉਣ ਵਾਲੇ ਸੱਤੇ ਦਿਨ ਭਾਗਾਂ ਭਰੇ ਹੋਣ, ਤੇਰੀ ਪਵਿੱਤਰਤਾ ਸਾਡੀ ਦੁਨੀਆਂਦਾਰੀ ਨੂੰ ਸਿੰਜਦੀ ਰਹੇ, ਆਪਣੇ ਮੁਰੀਦਾਂ ਦੀ ਮੁਰਾਦ ਪੂਰੀ ਕਰ ਪਿਤਾ। ਸਿਹਤ ਮਿਲੇ, ਜੀਵਨ ਮਿਲੇ, ਸਭ ਨੂੰ ਅੰਨ ਦੇਹ, ਧਨ ਦੇਹ, ਸ਼ਾਨਾਂ ਬਖ਼ਸ਼। ਯੇਰੋਸ਼ਲਮ ਦੇ ਦਰਵਾਜ਼ੇ ਖੋਲ੍ਹ ਦੇ, ਹਮੇਸ਼ਾ ਖੁੱਲ੍ਹੇ ਰੱਖੀਂ।"

ਫਿਰ ਖ਼ੁਦ ਅਰਦਾਸ ਕਰਨ ਲੱਗ ਜਾਂਦਾ - ਯੇਰੋਸ਼ਲਮ ਦੇ ਦਰ ਖੁੱਲ੍ਹਣਗੇ, ਅਸੀਂ ਜਾਵਾਂਗੇ। ਸਗਲ ਸੰਸਾਰਾਂ ਦੇ ਪਿਤਾ, ਕੇਵਲ ਤੂੰ ਸਾਡਾ ਰਾਖਾ ਹੈਂ। ਕੌੜੀ ਜੁਦਾਈ ਮਿੱਠੇ ਮਿਲਾਪਾਂ ਵਿਚ ਬਦਲੇਗੀ, ਅਗਲਾ ਹਫ਼ਤਾ, ਅਗਲਾ ਮਹੀਨਾ, ਅਗਲਾ ਸਾਲ, ਸੁਖਦਾਈ ਹੋਵੇ। ਦੋਰਾ ਨੇ ਇਕ ਦਿਨ ਕਿਹਾ - ਦੇਖਿਆ ਅਰਦਾਸ ਨਾਲ ਕਿੰਨਾ ਸੁਖ, ਕਿੰਨੀ ਸ਼ਾਂਤੀ ਮਿਲਦੀ ਹੈ। ਤੂੰ ਸਾਰੀ ਉਮਰ ਅਰਦਾਸ ਨਹੀਂ ਕੀਤੀ, ਸੰਗਤ ਵਿਚ ਨਹੀਂ ਗਿਆ, ਹੁਣ ਲੱਗਾ ਨਾ ਪਤਾ ਇਸ ਦੀ ਮਿਠਾਸ ਦਾ? ਜੇ ਸ਼ੁਰੂ ਤੋਂ ਰੱਬ ਨੂੰ ਯਾਦ ਰੱਖਿਆ ਹੁੰਦਾ ਤਾਂ ਕਾਹਨੂੰ ਕਸ਼ਟ ਆਉਂਦੇ।

ਕਾਫ਼ਕਾ ਨੇ ਬਰੋਦ ਨੂੰ ਲਿਖਿਆ - ਮਹਿੰਗਾਈ ਕਰਕੇ ਇਹੀ ਸੁਹਣਾ ਫ਼ਲੈਟ 1 ਫ਼ਰਵਰੀ 1924 ਨੂੰ ਛੱਡਣਾ ਪਵੇਗਾ। ਤੰਗੀ ਏਨੀ ਹੈ ਕਿ ਸਾਡੀ ਮਾਲਕ ਮਕਾਨ ਨੇ ਆਪਣਾ ਇੱਕੋ ਇਕ ਬੈਡ-ਰੂਮ ਵੀ ਕਿਰਾਏ 'ਤੇ ਦੇ ਦਿੱਤਾ। ਬਾਰ ਬਾਰ ਫ਼ਲੈਟ ਬਦਲਣ ਨਾਲ ਮੈਂ ਸਾਰਾ ਬਰਲਿਨ ਸ਼ਹਿਰ ਦੇਖ ਲਊਂਗਾ। ਪਰਾਗ ਵਿਚ ਨੀ ਮੈਂ ਜਾਣਾ ਹੁਣ ਕਦੇ।"

ਬਰੋਦ ਨੇ ਸੁਆਦਲੇ ਖਾਣੇ ਦਾ ਵੱਡਾ ਪੈਕਟ ਭੇਜਿਆ, ਧੰਨਵਾਦ ਕਰਦਿਆਂ ਕਾਫ਼ਕਾ ਨੇ ਕਿਹਾ - "ਅਸੀਂ ਇਕੱਲਿਆਂ ਨਹੀਂ ਖਾਧਾ। ਆਪਣੇ ਜੋਗਾ ਰੱਖ ਕੇ ਦੋਰਾ ਬਾਕੀ ਸਾਰਾ ਯਤੀਮਖ਼ਾਨੇ ਲੈ ਗਈ। ਦੱਸਦੀ ਸੀ, ਉਦਾਸ ਬੱਚੇ ਖਿੜ ਗਏ ਸਨ। ਪਹਿਲਾਂ ਵੀ ਇਕ ਦਿਨ 20 ਕ੍ਰਾਊਨ ਦੇ ਕੇ ਆਈ ਸੀ। ਪੰਜ ਦਿਨ ਬਾਦ ਮਕਾਨ ਖ਼ਾਲੀ ਕਰਨਾ ਹੈ ਪਰ ਅਜੇ ਨਵਾਂ ਲੱਭਾ ਨਹੀਂ। ਚੰਗੇ ਮਕਾਨ ਤੇਜ਼ ਕਦਮੀਂ ਸਾਡੇ ਕੋਲੋਂ ਦੀ ਲੰਘ ਜਾਂਦੇ ਹਨ, ਮਾੜੇ ਵਿਚ ਰਹਿਣ ਨੂੰ ਦਿਲ ਨੀ ਕਰਦਾ। ਮੇਰਾ ਜੀ ਨੌਕਰੀ ਕਰਨ ਨੂੰ ਕਰਦਾ ਹੈ, ਪਰ ਉਠਿਆ ਨਹੀਂ ਜਾਂਦਾ। ਮੰਜੀ 'ਤੇ ਪਏ ਬੰਦੇ ਨੂੰ ਥੋੜ੍ਹਾ ਨੌਕਰੀ ਦਏਗਾ ਕੋਈ।"

ਉਸਨੂੰ ਕਵੀ ਹਾਰਤ ਪਸੰਦ ਸੀ ਜੋ ਗ਼ਜ਼ਬ ਦੇ ਅੰਦਾਜ਼ ਵਿਚ ਪੁਰਾਣੀਆਂ ਨਜ਼ਮਾਂ ਸਟੇਜ 'ਤੇ ਪੇਸ਼ ਕਰਦਾ, ਨਿਰਾ ਜਾਦੂਗਰ। ਜੀਨੀਅਸ। ਹਾਰਤ ਨੇ ਸੱਦਾ-ਪੱਤਰ ਭੇਜਿਆ ਕਿ ਬਰਲਿਨ ਵਿਚ ਸ਼ੋਅ ਦੇਖਣ ਆਓ। ਧੰਨਵਾਦ ਕਰਦਿਆਂ ਕਾਫ਼ਕਾ ਨੇ ਲਿਖਿਆ - ਆ ਨੀ ਸਕਦਾ। ਦੋਰਾ ਦਾਇਮੰਤ ਆਏਗੀ। ਉਸ ਨਾਲ ਮੇਰੇ ਘਰ ਆ ਜਾਹ। ਤੈਨੂੰ ਮਿਲਿਆਂ ਮੁੱਦਤ ਹੋ ਗਈ।

ਦੋਰਾ ਉਸਦਾ ਸ਼ੋਅ ਦੇਖਣ ਗਈ, ਆ ਕੇ ਹੂਬਹੂ, ਉਹ ਸਾਰਾ ਕੁਝ ਕਾਫ਼ਕਾ ਅੱਗੇ ਦੁਹਰਾ ਦਿੱਤਾ, ਜੋ ਹਾਰਤ ਨੇ ਕੀਤਾ ਤੇ ਕਿਹਾ। ਦੋਰਾ ਨੇ ਸੋਚਿਆ - ਐਕਟਿੰਗ ਦੁਆਰਾ ਰੋਟੀ ਕਮਾਈ ਜਾ ਸਕਦੀ ਹੈ।

ਕੈਸਰ ਵਿਦਵਾਨ ਵੀ ਸੀ, ਪ੍ਰਕਾਸ਼ਕ ਵੀ। ਉਸਨੇ ਲਿਖਿਆ - ਕਾਫ਼ਕਾ ਜਿੱਡਾ ਕੱਦਾਵਰ ਲੇਖਕ ਅੱਜ ਕੋਈ ਨਹੀਂ, ਉਸਦੇ ਵਾਕਾਂ ਵਿਚ ਅਲੰਕਾਰ ਨਹੀਂ, ਵਿਉਂਤਬੰਦੀ ਨਹੀਂ, ਬਿਨਾਂ ਕਿਸੇ ਕੋਸ਼ਿਸ਼ ਦੇ ਉਹ ਅਣਘੜੇ ਸੋਨੇ ਦੇ ਢੇਰ ਲਾ ਗਿਐ। ਮੈਂ ਉਸ ਨੂੰ 1924 ਦੀਆਂ ਸਰਦੀਆਂ ਵਿਚ ਮਿਲਿਆ। ਬਿਮਾਰ ਸੀ। ਕਮਜ਼ੋਰ। ਨਿਰਾ ਬੱਚਾ ਲੱਗ ਰਿਹਾ ਸੀ। ਬੱਚੇ ਵਾਂਗ ਖ਼ੁਸ਼ ਸੀ। ਮੈਨੂੰ ਇਉਂ ਲੱਗਣ ਲੱਗਾ ਜਿਵੇਂ ਇਹ ਬਿਮਾਰੀ ਨੂੰ ਵੀ ਪਿਆਰ ਕਰਨ ਲੱਗ ਪਿਐ। ਉਸਨੇ ਮੈਨੂੰ ਕਿਹਾ - ਆਦਮੀ ਸੁੰਦਰਤਾ ਦੇਖਣ ਦੇ ਸਮਰੱਥ ਰਹੇ, ਤਾਂ ਬੁੱਢਾ ਨਹੀਂ ਹੁੰਦਾ।

ਪ੍ਰਸਿੱਧ ਲੇਖਕ ਵਰਫਲ ਉਸਨੂੰ ਮਿਲਣ ਆਇਆ। ਦੇਰ ਤੱਕ ਦੋਵੇਂ ਅੰਦਰ ਬੈਠੇ ਰਹੇ, ਫਿਰ ਅਚਾਨਕ ਫਟਾੱਕ ਦਰਵਾਜ਼ਾ ਖੁੱਲ੍ਹਿਆ ਤੇ ਵਰਫਲ ਰੋਂਦਾ ਰੋਂਦਾ ਬਾਹਰ ਨਿਕਲ ਗਿਆ। ਦੋਰਾ ਨੇ ਪੁੱਛਿਆ, ਕਿਹਾ - ਕਾਫ਼ਕਾ ਨੂੰ ਮੇਰੀ ਕੋਈ ਰਚਨਾ ਪਸੰਦ ਨਹੀਂ। ਨਹੀਂ ਤਾਂ ਨਾ ਸਹੀ, ਮੇਰੀ ਖੱਲ ਤਾਂ ਨਹੀਂ ਉਤਾਰਨੀ ਚਾਹੀਦੀ ਸੀ। ਦੋਰਾ ਨੇ ਕਿਹਾ - ਉਹ ਹੈ ਈ ਇਸ ਤਰ੍ਹਾਂ ਦਾ। ਉਹ ਤਾਂ ਆਪਣੀ ਖੱਲ ਆਪ ਉਤਾਰਦਾ ਰਹਿੰਦੈ। ਆਪਣੀ ਲਿਖਤ ਨੂੰ ਅੱਗ ਲਾ ਦਿੰਦੈ। ਛਪਣ ਲਈ ਨਹੀਂ ਭੇਜਦਾ, ਕਹਿੰਦਾ ਰਹਿੰਦੈ - ਇਹ ਬਕਵਾਸ ਹੈ। ਤੂੰ ਉਹਦੀ ਗੱਲ ਦਾ ਬੁਰਾ ਨਾ ਮਨਾ। ਉਹ ਠੀਕ ਨਹੀਂ ਨਾ। ਉਹਨੇ ਤਾਂ ਮੇਰੇ ਹੱਥੋਂ ਆਪਣੀਆਂ ਡਾਇਰੀਆਂ ਨੂੰ ਅੱਗ ਲੁਆ ਦਿੱਤੀ ਸੀ। ਸੁਆਹ ਦੇਖ ਕੇ ਸ਼ਾਂਤ ਹੋ ਗਿਆ ਤੇ ਕਿਹਾ - ਲਿਖਤ ਆਦਮੀ ਦੇ ਅਨੁਭਵ ਦੀ ਸੁਆਹ ਹੁੰਦੀ ਹੈ।

1919 ਵਿਚ ਦੋਰਾ ਡਾ. ਨੈਲਕਨ ਨੂੰ ਮਿਲੀ ਸੀ। ਦੋਵੇਂ ਇਕ ਦੂਜੇ ਨੂੰ ਚੰਗੇ ਲੱਗੇ। ਦੋਰਾ ਨੂੰ ਉਸਦਾ ਫ਼ੋਨ ਨੰਬਰ ਲੱਭ ਗਿਆ। ਫ਼ੋਨ ਕੀਤਾ - ਦੋਰਾ ਹਾਂ, ਪਛਾਣਿਐ ? ਮੇਰਾ ਦੋਸਤ ਫ਼ਰਾਂਜ਼ ਬਹੁਤ ਬਿਮਾਰ ਹੈ। ਦੇਖਣ ਆਏਂਗਾ ? ਸਾਡੇ ਕੋਲ ਫ਼ੀਸ ਦੇਣ ਵਾਸਤੇ ਪੈਸੇ ਨਹੀਂ। ਆ ਜਾਏਂਗਾ ? ਨੈਲਕਨ ਆਇਆ, ਦੱਸਦਾ ਹੈ - ਬਹੁਤ ਕਮਜ਼ੋਰ ਸੀ ਪਰ ਦੋਸਤਾਨਾ ਮੁਸਕਾਨ ਹੋਠਾਂ 'ਤੇ। ਬੋਲਿਆ ਤਾਂ ਨਹੀਂ ਪਰ ਨਜ਼ਰਾਂ ਕਹਿ ਰਹੀਆਂ ਸਨ - ਕਿਉਂ ਆਪਣਾ

ਸਮਾਂ ਖ਼ਰਾਬ ਕਰਦੈਂ ਜੁਆਨ। ਹੁਣ ਕੁਝ ਨਹੀਂ ਸੰਵਰਨਾ। 1974 ਵਿਚ ਡਾ. ਨੈਲਕਨ ਦੀ ਜਦੋਂ ਬਤੌਰ ਹਕੀਮ ਧੁੰਮ ਮਚੀ ਹੋਈ ਸੀ, ਲਿਖਦਾ ਹੈ - ਅਫ਼ਸੋਸ, ਮੈਂ ਏਡੇ ਵੱਡੇ ਲੇਖਕ ਦੇ ਕੰਮ ਨਹੀਂ ਆ ਸਕਿਆ। ਫ਼ੀਸ ਨਹੀਂ ਸੀ, ਆਪਣੀ ਕਿਤਾਬ ਦਸਤਖ਼ਤ ਕਰਕੇ ਮੈਨੂੰ ਫੜਾ ਦਿੱਤੀ। ਦੋਰਾ ਘਰੋਂ ਬਾਹਰ ਜਾਣੋਂ ਹਟ ਗਈ ਸੀ। ਘਰ ਬੈਠੀ ਕੱਪੜੇ ਸਿਊਂ ਕੇ ਕੁਝ ਕਮਾ ਲੈਂਦੀ।

17 ਮਾਰਚ 1924 ਨੂੰ ਉਸਨੇ ਹਾਰ ਮੰਨ ਲਈ, ਬਰਲਿਨ ਤੋਂ ਪਰਾਗ ਜਾਣ ਦਾ ਫ਼ੈਸਲਾ ਕੀਤਾ। ਉਹ ਨਹੀਂ ਚਾਹੁੰਦਾ ਸੀ ਦੋਰਾ ਉਸ ਨਾਲ ਜਾਏ। ਦੋਰਾ ਗ਼ੁਲਾਮ ਜ਼ਿੰਦਗੀ ਕਿਉਂ ਬਿਤਾਵੇ ? ਮੇਰੇ ਮਾਪਿਆਂ ਹੱਥੋਂ ਬੇਇਜ਼ਤ ਕਿਉਂ ਹੋਵੇ। ਦੋਰਾ ਨਾਲ ਜਾਣ ਲਈ ਬਜ਼ਿਦ ਸੀ, ਆਖ਼ਰ ਕਾਫ਼ਕਾ ਨੇ ਕਿਹਾ - ਨਹੀਂ। ਇਥੇ ਰਹਿ। ਹਰ ਰੋਜ਼ ਖ਼ਤ ਲਿਖਿਆ ਕਰਾਂਗਾ। ਚੰਗਾ ਇਉਂ ਕਰੀਂ, ਮਾਪਿਆਂ ਨੂੰ ਮਿਲ ਕੇ ਜਦੋਂ ਮੈਂ ਸੈਨੇਟੋਰੀਅਮ ਵਿਚ ਦਾਖ਼ਲ ਹੋ ਗਿਆ, ਉਦੋਂ ਆ ਜਾਈਂ। ਜਦੋਂ ਤੱਕ ਟਰੇਨ ਅੱਖੋਂ ਪਰ੍ਹੇ ਨਹੀਂ ਹੋਈ, ਦੋਰਾ ਦੇਰ ਤੱਕ ਪਲੇਟਫ਼ਾਰਮ 'ਤੇ ਖਲੋਤੀ ਦੇਖਦੀ ਰਹੀ।

30 ਸਾਲ ਬਾਦ ਦੋਰਾ ਨੇ ਡਾਇਰੀ ਵਿਚ ਲਿਖਿਆ - ਉਹ ਯਾਦ ਆ ਜਾਂਦੈ ਤਾਂ ਮੈਂ ਕਲਪਨਾ ਦੇ ਸੰਸਾਰ ਵਿਚ ਖੋ ਜਾਂਦੀ ਹਾਂ, ਅੰਦਰਲਾ ਸੰਸਾਰ ਦਿਸਦੇ ਸੰਸਾਰ ਤੋਂ ਵਧੀਕ ਅਸਲੀ ਹੈ।

ਤਿੰਨ ਹਫ਼ਤੇ ਬੀਤ ਗਏ। ਕਾਫ਼ਕਾ ਮਾਪਿਆਂ ਪਾਸ ਰਿਹਾ। ਦੋਰਾ ਦਾ ਬੜਾ ਦਿਲ ਕਰਦਾ ਸੀ ਕਿ ਪਰਾਗ ਚਲੀ ਜਾਏ, ਬੇਇਜ਼ਤੀ ਹੁੰਦੀ ਹੈ ਹੋਣ ਦਿਓ, ਫੇਰ ਕੀ ਹੋਇਆ। ਪਰ ਨਹੀਂ ਗਈ। ਗਵਾਂਢਣਾਂ ਨੂੰ ਦੱਸ ਦਿੰਦੀ ਕਿ ਜਾ ਰਹੀ ਹਾਂ, ਪਰ ਕਾਫ਼ਕਾ ਦਾ ਹੁਕਮ ਮੋੜਨ ਦੀ ਸਮਰੱਥਾ ਨਹੀਂ ਸੀ। ਵਿਗੜਦੀ ਹਾਲਤ ਦੇਖ ਕੇ ਮਾਪਿਆਂ ਨੇ ਸੈਨੇਟੋਰੀਅਮ ਭੇਜਣ ਦਾ ਫ਼ੈਸਲਾ ਕਰ ਲਿਆ। ਦੋਰਾ ਨੂੰ ਪਤਾ ਲੱਗਾ, ਕਾਫ਼ਕਾ ਤੋਂ ਪਹਿਲਾਂ ਉਥੇ ਪੁੱਜ ਗਈ।

ਸਾਹ ਨਾਲੀ ਤੱਕ ਤਪਦਿਕ ਪੁੱਜ ਗਈ। ਪਾਣੀ ਦੀ ਘੁੱਟ ਇਉਂ ਲੰਘਦੀ ਸੀ ਜਿਵੇਂ ਸ਼ੀਸ਼ੇ ਦੇ ਟੁਕੜੇ ਨਿਗਲੇ ਹੋਣ। ਮੌਤ ਦੇ ਨਿਸ਼ਾਨ ਪ੍ਰਗਟ ਹੋਣ ਲੱਗੇ ਤਾਂ ਵੀਆਨਾ ਦੇ ਹਸਪਤਾਲ ਵਿਚ ਲਿਜਾਣ ਦਾ ਫ਼ੈਸਲਾ ਹੋਇਆ। ਬਗ਼ੈਰ ਛੱਤ ਦੇ ਜੀਪ ਵਿਚ ਪਿਛਲੀ ਸੀਟ 'ਤੇ ਬਿਠਾ ਕੇ ਦੋਰਾ ਨੇ ਦੋ ਕੰਬਲ ਉਸ ਦੁਆਲੇ ਲਪੇਟ ਦਿੱਤੇ। ਹਵਾ ਨਾ ਲੱਗੇ, ਆਪ ਅੱਗੇ ਖਲੋ ਗਈ। ਕਣੀਆਂ ਡਿੱਗ ਰਹੀਆਂ ਸਨ ਨਿੱਕੀਆਂ ਨਿੱਕੀਆਂ, ਬਰਫ਼ਾਨੀ ਠੱਕਾ ਵਗ ਰਿਹਾ ਸੀ। ਚਾਰ ਘੰਟਿਆਂ ਵਿਚ ਇਹ ਸਫ਼ਰ ਮੁਕਾਇਆ। ਹਸਪਤਾਲ ਦੇ ਉਸ ਵੱਡੇ ਕਮਰੇ ਵਿਚ ਲੈ ਗਏ ਜਿਥੇ ਮਰੀਜ਼ ਮਰ ਰਹੇ ਸਨ। ਦੋਰਾ ਨੂੰ ਕੇਵਲ ਦੋ ਘੰਟੇ ਉਸ ਕੋਲ ਬੈਠਣ ਦੀ ਆਗਿਆ ਸੀ।

ਇਕ ਰਿਸ਼ਟ ਪੁਸ਼ਟ ਹਸਮੁੱਖ ਮਰੀਜ਼ ਇਸ ਹਾਲ ਵਿਚ ਟਹਿਲਦਾ ਫਿਰਦਾ ਰਹਿੰਦਾ ਸੀ। ਤਰਲ ਖਾਣਾ ਟਿਊਬ ਰਾਹੀਂ ਅੰਦਰ ਪਹੁੰਚਾਉਂਦੇ ਸਨ ਬਾਕੀ ਸਭ ਠੀਕ ਸੀ। ਇਕ ਦਿਨ ਉਹ ਮਰ ਗਿਆ। ਜਦੋਂ ਦੋਰਾ ਆਈ, ਕਾਫ਼ਕਾ ਨੇ ਉਸਦੀ ਲਾਸ਼ ਵੱਲ ਇਸ਼ਾਰਾ ਕੀਤਾ ਤੇ ਗੁਸੈਲੀਆਂ ਨਜ਼ਰਾਂ ਘੁਮਾਈਆਂ। ਮੌਤ ਕਾਰਨ ਡਰਨ ਦੀ ਥਾਂ ਉਹ ਮਰੀਜ਼ ਉਪਰ ਗ਼ੁੱਸੇ ਸੀ ਕਿ ਇਹੋ ਜਿਹੀ ਸਿਹਤ ਹੁੰਦਿਆਂ ਕਿਉਂ ਮਰਿਆ। ਕਈ ਦਿਨ ਮਾਪਿਆਂ ਨੂੰ ਖ਼ਤ ਨਾ ਲਿਖ ਸਕਿਆ, ਦੋਰਾ ਨੇ ਲਿਖਿਆ - ਕਾਫ਼ਕਾ ਦੇ ਮਾਤਾ ਪਿਤਾ ਜੀਓ। ਖਿਮਾ ਮੰਗਦੀ ਹਾਂ, ਕਾਫ਼ਕਾ ਦੀ ਥਾਂ ਲਿਖਣਾ ਪੈ ਰਿਹਾ ਹੈ। ਉਸਦੀ ਥਾਂ ਨਹੀਂ ਹਾਂ ਮੈਂ। ਸੋਚਿਆ ਕਾਫ਼ਕਾ

ਵਲੋਂ ਬਿਲਕੁਲ ਨਾ ਲਿਖਣ ਦੀ ਥਾਂ 'ਤੇ ਜੇ ਮੈਂ ਲਿਖ ਦਿਆਂ ? ਅੱਜ ਤਬੀਅਤ ਠੀਕ ਰਹੀ। ਲੱਗਦੈ ਥੋੜ੍ਹੇ ਦਿਨ, ਫਿਰ ਛੁੱਟੀ ਦੇ ਦੇਣਗੇ।

- ਦੋਰਾ।

ਹਰ ਰੋਜ਼ ਕਿਸੇ ਨਾ ਕਿਸੇ ਦੀ ਮੌਤ ਹੁੰਦੀ। ਦੋਰਾ ਸਵੇਰ ਸਾਰ ਆਈ ਤਾਂ ਨਾਲ ਵਾਲਾ ਬੈੱਡ ਖ਼ਾਲੀ ਸੀ। ਕਾਫ਼ਕਾ ਨੇ ਦੱਸਿਆ - ਡਾਕਟਰ ਤਾਂ ਕਦੋਂ ਦੇ ਭੱਜ ਗਏ ਸਨ। ਪਾਦਰੀ ਬਹੁਤ ਧੀਰਜਵਾਨ ਸੀ। ਚਾਰ ਘੰਟੇ ਬੈਠਾ ਬਾਈਬਲ ਦੇ ਵਾਕਾਂ ਨਾਲ ਸ਼ਾਂਤੀ ਦਿੰਦਾ ਰਿਹਾ। ਪਾਦਰੀ ਉਦੋਂ ਗਿਆ, ਜਦੋਂ ਮਰੀਜ਼ ਚਲਾ ਗਿਆ।

ਪ੍ਰਸਿੱਧ ਸਾਹਿਤਕਾਰ ਵਰਫਲ ਨੇ ਚੀਫ਼ ਸਰਜਨ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਕਾਫ਼ਕਾ ਨੂੰ ਵੱਖਰਾ ਕਮਰਾ ਦਿੱਤਾ ਜਾਵੇ। ਡਾਕਟਰ ਨੇ ਕਿਹਾ - ਕਿਸੇ ਵਰਫਲ ਨੇ ਕਿਸੇ ਕਾਫ਼ਕਾ ਦੀ ਸਿਫ਼ਾਰਸ਼ ਕੀਤੀ ਹੈ। ਕਾਫ਼ਕਾ ਦਾ ਤਾਂ ਮੈਨੂੰ ਪਤੈ ਕਿ ਉਹ ਮਰੀਜ਼ ਨੰਬਰ ਬਾਰ੍ਹਾਂ ਹੈ, ਇਹ ਵਰਫਲ ਕੌਣ ਹੋਇਆ ?

ਬਰੋਦ ਨੂੰ ਲਿਖਿਆ - ਦੂਜਿਆਂ ਨਾਲੋਂ ਮੇਰੇ ਜੀਵਨ ਵਿਚ ਮਿਠਾਸ ਵਧੀਕ ਸੀ ਸੋ ਦੂਜਿਆਂ ਦੀ ਮੌਤ ਨਾਲੋਂ ਮੇਰੀ ਮੌਤ ਵਧੀਕ ਕੌੜੀ ਹੋਏਗੀ। ਬਰੋਦ ਦੀ ਸਿਫ਼ਾਰਸ਼ ਕਾਰਨ ਫੇਫੜਿਆਂ ਦੇ ਮਾਹਿਰ ਦੋ ਡਾਕਟਰ ਆਏ, ਬਹੁਤ ਮਹਿੰਗੇ, ਪਰ ਕਿਉਂਕਿ ਬਰੋਦ ਨੇ ਕਿਹਾ ਸੀ, ਸੋ ਮੰਨ ਗਏ। ਦਿਨ ਰਾਤ ਸੇਵਾ ਵਿਚ ਲੱਗੀ ਇਹ ਕੁੜੀ ਕਾਫ਼ਕਾ ਦੇ ਮਾਪਿਆਂ ਨੂੰ ਚੰਗੀ ਲੱਗਣ ਲੱਗੀ। ਚਿੱਠੀਆਂ ਵਿਚ ਅਸੀਸਾਂ ਦੇਣ ਲੱਗੇ। ਦੋਰਾ ਨੇ ਲਿਖਿਆ - ਤੁਹਾਡੀਆਂ ਅਸੀਸਾਂ ਮੈਨੂੰ ਕਿੰਨੀ ਖ਼ੁਸ਼ੀ ਦਿੰਦੀਆਂ ਹਨ, ਮੇਰੇ ਬੇਰੰਗੇ ਅੱਖਰ ਦੱਸ ਨਹੀਂ ਸਕਦੇ।

ਨਣਦ ਓਟਲਾ ਨੂੰ ਲਿਖਿਆ - ਮੈਂ ਚਾਹੁੰਦੀ ਹਾਂ ਕਾਫ਼ਕਾ ਰਾਜ਼ੀ ਹੋਵੇ ਤਾਂ ਕਿ ਤੁਹਾਨੂੰ ਦੁਖ ਨਾ ਪੁੱਜੇ, ਬੱਸ ਇਹੀ ਸੋਚਦੀ ਰਹਿੰਦੀ ਹਾਂ। ਹੋਰ ਮੇਰੇ ਦਿਮਾਗ਼ ਵਿਚ ਕੋਈ ਗੱਲ ਨਹੀਂ ਆਉਂਦੀ। ਮੈਨੂੰ ਪੱਕਾ ਪਤੈ ਇਹ ਜਲਦੀ ਰਾਜ਼ੀ ਹੋਵੇਗਾ।"

ਕਾਫ਼ਕਾ ਨੇ ਦੋਰਾ ਨੂੰ ਕਿਹਾ - ਆਪਾਂ ਨੂੰ ਵਿਆਹ ਕਰਵਾ ਲੈਣਾ ਚਾਹੀਦੈ। ਦੋਰਾ ਨੇ ਕਿਹਾ - ਸਾਲ ਤੋਂ ਇਕੱਠੇ ਹਾਂ, ਰਸਮਾਂ ਰੀਤਾਂ ਉਪਰੋਂ ਮੇਰਾ ਇਤਬਾਰ ਉੱਠ ਗਿਐ। ਪਿਤਾ ਮੰਨੇਗਾ ਨਹੀਂ। ਇਵੇਂ ਠੀਕ ਹਾਂ। ਕਾਫ਼ਕਾ ਨਹੀਂ ਮੰਨਿਆ, ਦੋਰਾ ਦੇ ਪਿਤਾ ਨੂੰ ਲਿਖਿਆ - ਸਨਮਾਨਯੋਗ ਪਿਤਾ, ਮੈਂ ਤੁਹਾਡੇ ਪਰਿਵਾਰ ਦੇ ਜੀਆਂ ਵਾਂਗ ਪੱਕਾ ਯਹੂਦੀ ਤਾਂ ਨਹੀਂ, ਪਰ ਮੈਂ ਪ੍ਰਾਰਥਨਾ ਕਰਦਾ ਹੁੰਨਾਂ। ਕਿਸੇ ਦਿਨ ਤੁਹਾਡੇ ਵਰਗਾ ਵੀ ਹੋ ਜਾਵਾਂਗਾ। ਮੈਨੂੰ ਉਮੀਦ ਹੈ ਦੋਰਾ ਨੂੰ ਮੇਰੇ ਨਾਲ ਵਿਆਹ ਦੀ ਆਗਿਆ ਦੇ ਕੇ ਤੁਸੀਂ ਮੈਨੂੰ ਆਪਣੇ ਪਰਿਵਾਰ ਵਿਚ ਪ੍ਰਵਾਨ ਕਰ ਲਵੋਗੇ। ਇੰਨੇ ਸਤਿਕਾਰ ਨਾਲ ਲਿਖੇ ਵਾਕ ਪੜ੍ਹ ਕੇ ਇਕ ਵਾਰ ਤਾਂ ਦੋਰਾ ਨੂੰ ਲੱਗਿਆ ਕਿ ਆਗਿਆ ਮਿਲ ਜਾਏਗੀ। ਆਪਣੇ ਪੁੱਤਰ ਦੇ ਹੱਥ ਪਵਿੱਤਰ ਪਾਦਰੀ ਨੇ ਖ਼ਤ ਦਾ ਜਵਾਬ ਭੇਜਿਆ। ਭਰਾ ਵੀ ਪਿਤਾ ਜਿੰਨਾ ਧਰਮੀ ਬੰਦਾ ਸੀ, ਭੈਣ ਨਾਲ ਕੋਈ ਗੱਲ ਨਹੀਂ ਕੀਤੀ, ਉਸਦੀ ਝੋਲੀ ਵਿਚ ਜਵਾਬ ਸੁੱਟ ਗਿਆ, ਦੋਰਾ ਨੇ ਕਾਗ਼ਜ਼ ਖੋਲ੍ਹ ਕੇ ਪੜ੍ਹਿਆ। ਕੇਵਲ ਇਕ ਲਫ਼ਜ਼ ਲਿਖਿਆ ਹੋਇਆ ਸੀ - ਨਹੀਂ।

ਡਾਕਟਰ ਹੋਫਮੈਨ ਨੇ ਕਿਹਾ - ਕਾਫ਼ਕਾ ਦੀ ਮੌਤ ਬਹੁਤ ਨੇੜੇ ਆ ਗਈ ਹੈ ਦੋਰਾ। ਪਾਦਰੀ ਆ ਗਿਐ। ਤੂੰ ਵਿਆਹ ਦੀ ਰਸਮ ਲਈ ਹਾਂ ਕਰ। ਮੈਂ ਤੇ ਮੇਰੀ ਪਤਨੀ ਗਵਾਹਾਂ ਵਜੋਂ ਦਸਤਖ਼ਤ ਕਰਾਂਗੇ। ਦੋਰਾ ਨੇ ਕਿਹਾ - ਤੁਹਾਡੀ ਇਹ ਗੱਲ ਹਮਦਰਦੀ ਭਰੀ ਲੱਗਦੀ ਹੈ ਡਾਕਟਰ, ਪਰ ਮੇਰੇ ਈਮਾਨ ਅਨੁਸਾਰ ਮਰਦੇ ਆਦਮੀ ਨੂੰ ਆਰਾਮ ਨਾਲ ਮਰਨ ਦੇਣਾ ਵੱਡਾ ਪੁੰਨ ਹੈ। ਮੇਰੀ ਅਤੇ ਉਸਦੀ ਰੂਹ ਨੂੰ ਕਸ਼ਟ ਨਾ ਦਿਉ।

ਕਾਫ਼ਕਾ ਨੇ ਡਾ. ਰਾਬਰਟ ਨੂੰ ਕਿਹਾ - ਹੁਣ ਆਖ਼ਰੀ ਟੀਕਾ ਲਾ ਡਾਕਟਰ। ਮੈਨੂੰ ਤਸੀਹੇ ਨਾ ਦੇਹ। ਡਾਕਟਰ ਨੇ ਦੋਰਾ ਨੂੰ ਡਾਕਖ਼ਾਨੇ ਜਾ ਕੇ ਮਾਪਿਆਂ ਨੂੰ ਖ਼ਬਰ ਦੇਣ ਲਈ ਕਿਹਾ। ਉਹ ਜਾਣਾ ਨਹੀਂ ਚਾਹੁੰਦੀ ਸੀ ਪਰ ਡਾਕਟਰ ਦਾ ਹੁਕਮ ਸੀ। ਤਿੰਨ ਜੂਨ, ਮਾਰਫੀਨ ਦਾ ਵੱਡਾ ਟੀਕਾ ਲਾਇਆ ਗਿਆ।

ਜਦੋਂ ਦੋਰਾ ਗੁਲਦਸਤਾ ਲੈ ਕੇ ਵਾਪਸ ਆਈ, ਪੂਰਾ ਬੇਹੋਸ਼ ਹੋ ਚੁੱਕਾ ਸੀ। ਦੋਰਾ ਨੇ ਫੁੱਲ ਉਸਦੇ ਚਿਹਰੇ ਨੇੜੇ ਕਰ ਦਿੱਤੇ। ਕਾਫ਼ਕਾ ਨੇ ਅੱਖਾਂ ਖੋਲ੍ਹੀਆਂ, ਦੋਰਾ ਨੇ ਕਿਹਾ - ਦੇਖ ਕਾਫ਼ਕਾ, ਕਿੰਨੀ ਸੁਹਣੀ ਖ਼ੁਸ਼ਬੂ ਹੈ, ਸੁੰਘ ਕੇ ਦੇਖ। ਬੇਹੋਸ਼ ਬੰਦੇ ਨੇ ਆਪਣਾ ਸਿਰ ਫੁੱਲਾਂ ਦੀ ਸੁਗੰਧੀ ਵਾਸਤੇ ਉਪਰ ਚੁੱਕਿਆ। ਫੁੱਲ ਸੁੰਘੇ। ਬੋਲਣ ਦੀ ਸਮਰੱਥਾ ਨਹੀਂ ਰਹੀ ਸੀ, ਹੱਥਾਂ ਅੱਖਾਂ ਅਤੇ ਸਿਰ ਵਿਚ ਅਜੇ ਜਾਨ ਸੀ। ਦੋਰਾ ਨੇ ਦਿਲ 'ਤੇ ਹੱਥ ਰੱਖ ਦਿੱਤਾ। ਧੜਕਣ ਹੌਲੀ ਹੋ ਰਹੀ ਸੀ। ਫਿਰ ਕਾਫ਼ਕਾ ਦੀ ਛਾਤੀ ਉਪਰ ਆਪਣਾ ਕੰਨ ਟਿਕਾ ਦਿੱਤਾ। ਆਖ਼ਰੀ ਸਾਹ ਤੇ ਆਖ਼ਰੀ ਧੜਕਣ ਸੁਣ ਕੇ ਦੋਰਾ ਨੇ ਕਿਹਾ - ਤੇਰੇ ਦੁਖ ਖ਼ਤਮ ਕਾਫ਼ਕਾ, ਮੇਰੇ ਸ਼ੁਰੂ।

ਦੋਰਾ ਜਦੋਂ ਖ਼ੁਦ ਮੌਤ ਦਾ ਸਾਹਮਣਾ ਕਰ ਰਹੀ ਸੀ, ਨੇ ਲਿਖਿਆ - ਫਰਾਂਜ਼ ਦੀ ਮੌਤ ਮੇਰੀ ਮੌਤ ਸੀ। ਸਭ ਖ਼ਤਮ। ਮੇਰੇ ਲਈ ਹਨੇਰਾ ਸੀ ਚੁਫੇਰੇ। ਹੁਣ ਦੂਜੀ ਵਾਰ ਫੇਰ ਮਰਨਾ ਪਵੇਗਾ। ਨਰਸ ਨੇ ਜਦੋਂ ਕਾਫ਼ਕਾ ਦੀਆਂ ਪਲਕਾਂ ਬੰਦ ਕੀਤੀਆਂ, ਮੈਂ ਦੇਖਿਆ, ਉਸਦੇ ਸਿਰ ਦੇ ਵਾਲ ਉਲਝੇ ਹੋਏ ਸਨ। ਕਾਫ਼ਕਾ ਨੂੰ ਇਸ ਤਰ੍ਹਾਂ ਰਹਿਣਾ ਪਸੰਦ ਨਹੀਂ ਸੀ, ਮੈਂ ਦਰਾਜ ਵਿੱਚੋਂ ਤੁਰਤ ਬਰੱਸ਼ ਕੱਢ ਕੇ ਉਸ ਦੇ ਵਾਲ ਵਾਹ ਦਿੱਤੇ। ਪਿਤਾ ਨੇ ਪਰਾਗ ਲਿਜਾ ਕੇ ਕਾਫ਼ਕਾ ਨੂੰ ਦਫ਼ਨ ਕੀਤਾ। ਅਖ਼ਬਾਰਾਂ ਵਿਚ ਉਸਦੀ ਮੌਤ ਦੀ ਸੂਚਨਾ ਲਿਖੀ, ਪਰ ਨਾਲ ਇਹ ਵੀ ਲਿਖਿਆ - ਮੇਰੇ ਘਰ ਅਫ਼ਸੋਸ ਕਰਨ ਨਾ ਆਉਣਾ ਜੀ।

ਤਾਬੂਤ ਧਰਤੀ ਅੰਦਰ ਉਤਾਰ ਦਿੱਤਾ ਤਾਂ ਦੋਰਾ ਨੇ ਚੀਕ ਮਾਰੀ, ਜ਼ਮੀਨ ਤੇ ਡਿੱਗ ਪਈ, ਯਹੂਦੀ ਪ੍ਰਾਰਥਨਾਵਾਂ ਵਿਚ ਉਸਦੀਆਂ ਸਿਸਕੀਆਂ ਗੁੰਮ ਹੋ ਗਈਆਂ। ਪ੍ਰੋ. ਉਰਜ਼ੀਦਿਲ, ਜੋ ਇਥੇ ਮੌਜੂਦ ਸੀ ਲਿਖਦਾ ਹੈ - ਮੈਂ ਮੌਤ ਬਾਰੇ ਪੜ੍ਹਿਆ ਸੀ, ਮੌਤ ਉਪਰ ਕਵਿਤਾਵਾਂ ਲਿਖੀਆਂ ਸਨ, ਇਹ ਹੁੰਦੀ ਕੀ ਹੈ, ਕਾਫ਼ਕਾ ਦੀ ਮੌਤ ਪਿੱਛੋਂ ਪਤਾ ਲੱਗਾ। ਹਫ਼ਤੇ ਬਾਦ ਸ਼ਰਧਾਂਜਲੀ ਦਿੰਦਿਆਂ ਮੈਕਸਬਰੋਦ ਨੇ ਕਿਹਾ - ਮੂਸਾ ਨੂੰ ਝਾੜੀ ਦੀਆਂ ਲਾਟਾਂ ਵਿੱਚੋਂ ਜੋ ਦਿਸਿਆ, ਸਾਨੂੰ ਕਾਫ਼ਕਾ ਵਿੱਚੋਂ ਦਿਸਿਆ। ਕਾਫ਼ਕਾ ਖ਼ਤਮ ਹੋ ਗਿਐ, ਕਾਫ਼ਕਾ ਦਾ ਦੌਰ ਹੁਣ ਸ਼ੁਰੂ ਹੋਵੇਗਾ।

ਕਾਫ਼ਕਾ ਦੇ ਮਾਪਿਆਂ ਕੋਲ ਦੋ ਮਹੀਨੇ ਪਰਾਗ ਵਿਚ ਬਿਤਾਉਣ ਬਾਦ ਦੋਰਾ ਬਰਲਿਨ ਗਈ। ਉਸ ਦੀ ਇੱਛਾ ਸੀ ਥਿਏਟਰ ਸਿੱਖੇਗੀ।

ਮਿਲਿਕ ਗੇਵਿਚ ਨੇ ਕਾਫ਼ਕਾ ਦੀ ਜਾਣ-ਪਛਾਣ ਅਤੇ ਇਕ ਕਹਾਣੀ ਦਾ ਅਨੁਵਾਦ ਮੈਗਜ਼ੀਨ ਵਿਚ ਛਪਵਾਇਆ। ਲਿਖਦਾ ਹੈ - ਅਨੁਵਾਦ ਵਧੀਆ ਨਹੀਂ ਸੀ ਇਸ ਕਰਕੇ ਮੈਂ ਫ਼ੈਸਲਾ ਕੀਤਾ ਆਪਣਾ ਨਾਮ ਨਾ ਛਪਵਾਵਾਂ। ਛਪੀ ਲਿਖਤ ਪੜ੍ਹ ਕੇ ਹੋਰ ਵੀ ਨਿਰਾਸਤਾ ਹੋਈ, ਕਾਹਨੂੰ ਛਪਵਾਉਣਾ ਸੀ, ਪਰ ਚਲੋ ਹੁਣ ਕਾਫ਼ਕਾ ਕਿਹੜਾ ਜਿਊਂਦਾ ਹੈ, ਮੈਂ ਕੁਝ ਰਾਹਤ ਮਹਿਸੂਸ ਕੀਤੀ। ਰੂਸੀ ਬਾਰਡਰ ਦੇ ਲਾਗੇ ਯਹੂਦੀ ਪੋਲਿਸ਼ ਆਬਾਦੀ ਵਿਚ ਮੇਰਾ ਰੂਬਰੂ ਹੋਣਾ ਸੀ। ਪ੍ਰੋਗਰਾਮ ਸ਼ੁਰੂ ਹੋਣ ਵਿਚ ਕੁਝ ਸਮਾਂ ਸੀ, ਇਕ ਜੁਆਨ ਕੁੜੀ ਮੇਰੇ ਨੇੜੇ ਆਈ, ਉਸਦਾ ਚਿਹਰਾ ਹਾਵ-ਭਾਵ ਤੋਂ ਇਕਦਮ ਖ਼ਾਲੀ, ਪੀਲਾ, ਉਸਨੇ ਇਉਂ ਗੱਲ ਸ਼ੁਰੂ ਕੀਤੀ ਜਿਵੇਂ ਦੂਰੋਂ ਖਲਾਅ ਵਿੱਚੋਂ ਆਵਾਜ਼ ਆਏ, ਬੇਰੰਗ ਆਵਾਜ਼। ਉਸਨੇ ਕਿਹਾ - ਮੈਂ

ਕਾਫ਼ਕਾ ਬਾਰੇ ਤੁਹਾਡੀ ਲਿਖਤ ਪੜ੍ਹੀ ਹੈ। ਮੈਂ ਸ਼ਰਮਿੰਦਾ ਹੋ ਗਿਆ, ਇਸ ਨੂੰ ਕਿਥੋਂ ਪਤਾ ਲੱਗ ਗਿਆ ਇਹ ਮੇਰੀ ਲਿਖਤ ਸੀ ? ਮੈਂ ਇਸ ਬਾਰੇ ਗੱਲ ਕਰਨ ਦਾ ਇੱਛੁਕ ਨਹੀਂ ਸਾਂ। ਆਖ਼ਰ ਮੈਂ ਪੁੱਛਿਆ - ਤੂੰ ਕਾਫ਼ਕਾ ਨੂੰ ਕਿੰਨਾ ਕੁ ਪੜ੍ਹਿਆ ਹੈ ? ਉਹ ਸ਼ਰਮਾ ਗਈ, ਸ਼ੁੱਧ ਜਰਮਨ ਜ਼ਬਾਨ ਵਿਚ ਬੋਲੀ - ਮੈਂ ਕਾਫ਼ਕਾ ਦੀ ਪਤਨੀ ਦੋਰਾ ਹਾਂ।

ਸਟੇਜ ਉਪਰ ਮੇਰੇ ਤੋਂ ਕਾਫ਼ਕਾ ਬਾਰੇ ਮਾਣ ਕਰਨ ਯੋਗ ਕੋਈ ਗੱਲ ਨਾ ਹੋਈ, ਬਾਰੰਬਾਰ ਇਕ ਵਾਕ ਮੇਰੇ ਕੰਨ ਵਿਚ ਆ ਗੂੰਜਦਾ - ਮੈਂ ਕਾਫ਼ਕਾ ਦੀ ਪਤਨੀ ਹਾਂ। ਓ ਰੱਬਾ ਜਿਥੇ ਸਰੋਤਿਆਂ ਵਿਚ ਦੋਰਾ ਦਾਇਮੰਤ ਬੈਠੀ ਹੋਵੇ, ਉਥੇ ਮੈਂ ਕੀ ਕਹਾਂ। ਲੈਕਚਰ ਪਿੱਛੋਂ ਕਿਸੇ ਨੇ ਸਵਾਲ ਨਹੀਂ ਪੁੱਛੇ। ਮੈਂ ਬਾਹਰ ਨਿਕਲਿਆ, ਇੱਛਾ ਸੀ ਇਕ ਵਾਰ ਫਿਰ ਮਿਲਾਂ, ਉਹ ਆਪੇ ਆ ਗਈ, ਉਹੀ ਕੁੜੀ ਜਿਹੜੀ ਕਾਫ਼ਕਾ ਨੂੰ ਯਿੱਦਿਸ਼ ਅਤੇ ਹਿਬਰੂ ਸਿਖਾਇਆ ਕਰਦੀ ਸੀ, ਪੁਰਾਣੀ ਇੰਜੀਲ ਦੀਆਂ ਸਾਖੀਆਂ ਸੁਣਾਇਆ ਕਰਦੀ ਸੀ। ਦੋਰਾ ਨੇ ਦੱਸਿਆ - ਉਸਦੇ ਮਾਪੇ ਮੈਨੂੰ ਪਸੰਦ ਨਹੀਂ ਕਰਦੇ ਸਨ ਪਰ ਮੌਤ ਪਿੱਛੋਂ ਧਰਵਾਸ ਦੇਣ ਵਾਸਤੇ ਮੈਂ ਉਨ੍ਹਾਂ ਦੇ ਘਰ ਲੰਮਾ ਸਮਾਂ ਬਿਤਾਇਆ। ਬੇਸ਼ੱਕ ਉਲਝਿਆ ਹੋਇਆ ਆਦਮੀ ਸੀ ਪਰ ਸੀ ਤਾਂ ਉਨ੍ਹਾਂ ਦਾ ਪਿਆਰਾ ਸ਼ਾਨਾਮੱਤਾ ਪੁੱਤਰ। ਫਿਰ ਉਹ ਚਲੀ ਗਈ। ਅਲਿਜ਼ਬੇਥ ਬੈਟੀ, ਦੋਰਾ ਤੋਂ ਚਾਰ ਸਾਲ ਛੋਟੀ ਉਸਦੀ ਸਹੇਲੀ ਸੀ, 1995 ਵਿਚ ਬੈਟੀ ਨੇ ਦੱਸਿਆ - ਉਹ ਦ੍ਰਿੜ੍ਹ ਆਤਮ-ਵਿਸ਼ਵਾਸ ਵਾਲੀ ਕੁੜੀ ਸੀ, ਕਾਫ਼ਕਾ ਦੀਆਂ ਗੱਲਾਂ ਮੁੱਕਣ ਨਾ ਦਿੰਦੀ - ਉਸਦੇ ਹੱਥ ਕਿੰਨੇ ਸੁਹਣੇ ਸਨ... ਉਸਦੀਆਂ ਅੱਖਾਂ ਕਿੰਨੀਆਂ ਸੁਹਣੀਆਂ...। ਕੁਝ ਲੋਕ ਆਮ ਸੋਚਦੇ, ਇਹ ਸ਼ੇਖ਼ੀ ਮਾਰ ਰਹੀ ਹੈ। ਮਾਮੂਲੀ ਪੜ੍ਹੀ, ਗ਼ਰੀਬ ਯਹੂਦੀ ਘਰ ਵਿਚ ਯਿੱਦਿਸ਼ ਬੋਲਦੀ ਕੁੜੀ ਨੂੰ ਕਾਫ਼ਕਾ ਵਰਗਾ ਜੀਨੀਅਸ ਕਿਵੇਂ ਪਸੰਦ ਕਰ ਸਕਦਾ ਹੈ ? ਬੈਟੀ ਦੱਸਦੀ ਹੈ - ਉਮਰ ਬੀਤਣ ਨਾਲ ਯਾਦਾਂ ਧੁੰਦਲੀਆਂ ਪੈ ਜਾਂਦੀਆਂ ਹਨ, ਦੋਰਾ ਦੀਆਂ ਦੱਸੀਆਂ ਗੱਲਾਂ ਸ਼ੀਸ਼ੇ ਵਾਂਗ ਸਾਫ਼ ਹਨ ਅਜੇ।

ਅਠਾਈ ਸਾਲ ਦੀ ਉਮਰ ਵਿਚ ਬਰਲਿਨ ਦੇ ਇਕ ਥਿਏਟਰ ਵਿਚ ਕੰਮ ਕਰਨ ਲੱਗ ਪਈ। ਥਿਏਟਰ ਉਸਦੀ ਸਹੇਲੀ ਦਾ ਸੀ, ਸੋ ਰਹਿਣ ਸਹਿਣ ਖਾਣ ਪੀਣ ਮੁਫ਼ਤ ਦਾ ਸੀ ਤੇ ਜੇਬ ਖ਼ਰਚਾ ਚਲਾਉਣ ਵਾਸਤੇ ਤਿੰਨ ਸਾਲ ਦੇ ਇਕ ਬੱਚੇ ਦੀ ਖਿਡਾਵੀ ਵਜੋਂ ਵੀ ਕੰਮ ਕਰਦੀ। ਸਿਹਤ ਅਕਸਰ ਵਿਗੜ ਜਾਂਦੀ। ਪੀਐਚ.ਡੀ. ਵਾਸਤੇ ਕੰਮ ਕਰ ਰਿਹਾ ਕਲਾਪਸਟਾੱਕ, ਦੋਰਾ ਨੂੰ ਕਈ ਵਾਰ ਮਿਲਿਆ। ਕਾਫ਼ਕਾ ਦੀ ਭੈਣ ਓਟਲਾ ਨੂੰ ਉਸਨੇ ਇਕ ਖ਼ਤ ਵਿਚ ਲਿਖਿਆ - ਦੋਰਾ ਹਸਮੁਖ ਹੈ, ਰੌਣਕੀ ਹੈ, ਆਲਾ-ਦੁਆਲਾ ਮਹਿਕਾ ਦਿੰਦੀ ਹੈ, ਪਰ ਇਸ ਸਾਰੇ ਉਪਰ ਉਦਾਸੀ ਦੀ ਚਾਦਰ ਵਿਛੀ ਰਹਿੰਦੀ ਹੈ। ਵਿੱਚੋਂ ਦੀ ਕਈ ਮਹੀਨੇ ਬਿਮਾਰ ਰਹੀ ਪਰ ਹੁਣ ਉਨੀ ਸੁਹਣੀ ਹੋ ਗਈ ਹੈ ਜਿੰਨੀ ਕਾਫ਼ਕਾ ਵੇਲੇ ਹੁੰਦੀ ਸੀ। ਤੇਰੇ ਵਾਂਗ ਸੁਆਦ ਖਾਣੇ ਬਣਾਉਂਦੀ ਹੈ।

ਕੈਸਲ ਦੀ ਪਹਿਲੀ ਐਡੀਸ਼ਨ 1500 ਕਾਪੀਆਂ ਛਪੀਆਂ ਤੇ ਕੀਮਤ ਰੱਖੀ ਗਈ 35 ਡਾਲਰ, ਦੋਰਾ ਨੂੰ 150 ਮਾਰਕ ਮਹੀਨੇ ਦੀ ਰਾਇਲਟੀ ਮਿਲਣ ਲੱਗ ਗਈ। ਇਹ ਬੰਦੋਬਸਤ ਕਲਾਪਸਟਾੱਕ ਅਤੇ ਵਿੱਲੀਹਾਸ ਨੇ ਕਰਵਾਇਆ ਸੀ। ਉਹ ਖ਼ੁਸ਼ ਹੋ ਗਈ, ਜਿਹੜੇ 30 ਵਧੀਆ ਕਲਾਕਾਰ ਥਿਏਟਰ ਕੰਪਨੀ ਨੇ ਕੰਮ ਲਈ ਚੁਣੇ, ਉਨ੍ਹਾਂ ਵਿਚ ਦੋਰਾ ਵੀ ਸੀ। ਇਸ ਥਿਏਟਰ ਕੰਪਨੀ ਨੇ ਵੀਹ ਸਾਲ ਯੌਰਪ ਵਿਚ ਕਲਾਸਿਕ ਨਾਟਕ ਖੇਡੇ। ਇਬਸਨ ਦੇ ਨਾਟਕਾਂ ਨੇ ਤਰਥੱਲੀ ਮਚਾ ਦਿੱਤੀ ਸੀ।

1927 ਵਿਚ ਇਸੇ ਥਿਏਟਰ ਕੰਪਨੀ ਵਿਚ ਬਰਟਾ ਲਾਸਕ ਨਾਮ ਦੀ 45 ਸਾਲਾ

ਔਰਤ ਆਈ ਸੀ ਜੋ ਨਾਟਕ ਲਿਖਦੀ। ਪਹਿਲੀ ਸੰਸਾਰ ਜੰਗ ਵਿਚ ਉਸਦਾ ਭਰਾ ਏਮਿਲ ਲਾਸਕ, ਜਿਸਨੇ ਫਿਲਾਸਫੀ ਵਿਚ ਪੀਐਚ.ਡੀ. ਹੀਡਲਬਰਗ ਯੂਨੀਵਰਸਿਟੀ ਤੋਂ ਕੀਤੀ ਸੀ, ਜ਼ਾਰ ਦੀਆਂ ਫ਼ੌਜਾਂ ਵਿਰੁੱਧ ਜੰਗ ਲੜਦਾ ਮਾਰਿਆ ਗਿਆ ਸੀ। ਦੋ ਸਾਲ ਬਾਦ ਦੂਜਾ ਭਰਾ ਹਾਂਸ, ਪੂਰਬੀ ਫਰੰਟ 'ਤੇ ਲੜਦਾ ਮਰਿਆ। ਬਰਟਾ, ਯੁੱਧ ਦੇ ਖ਼ਿਲਾਫ਼ ਕਵਿਤਾਵਾਂ ਅਤੇ ਨਾਟਕ ਲਿਖਦੀ ਲਿਖਦੀ ਪੱਕੀ ਸੋਸ਼ਲਿਸਟ ਹੋ ਗਈ। ਇਹੋ ਔਰਤ ਬਾਦ ਵਿਚ ਦੋਰਾ ਦੀ ਸੱਸ ਬਣੀ। ਬਰਟਾ ਦਾ ਇਤਿਹਾਸਕ ਨਾਟਕ ਲਿਊਨਾ-21 ਇਕ ਸ਼ੋਅ ਤੋਂ ਬਾਦ ਪੁਲਿਸ ਨੇ ਬੰਦ ਕਰਵਾ ਦਿੱਤਾ ਕਿਉਂਕਿ ਇਸ ਵਿਚ ਮਜ਼ਦੂਰਾਂ ਦੀ ਤਰਾਸਦੀ ਦੇ ਦ੍ਰਿਸ਼ ਬਗ਼ਾਵਤ ਕਰਵਾ ਸਕਦੇ ਸਨ। ਇਹ ਨਾਟਕ ਦੂਜੀ ਵਾਰ ਵਈਮਾਰ ਨੈਸ਼ਨਲ ਥਿਏਟਰ ਵਿਚ, ਜਦੋਂ ਬਰਟਾ 78 ਸਾਲ ਦੀ ਹੋ ਗਈ ਸੀ, ਫਿਰ ਖੇਡਿਆ ਗਿਆ ਸੀ।

ਦੋਰਾ ਨੇ ਸ਼ਿੱਲਰ, ਗੇਟੇ, ਹੀਨ, ਇਬਸਨ ਅਤੇ ਸ਼ੈਕਸਪੀਅਰ ਦੇ ਨਾਟਕ ਖੇਡੇ। ਨਾਲ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ। ਇਸੇ ਥਿਏਟਰ ਵਿਚ ਕੰਮ ਕਰਦੀ ਉਸ ਤੋਂ 12 ਸਾਲ ਛੋਟੀ ਲੂਸੀ, ਜਦੋਂ 92 ਸਾਲ ਦੀ ਸੀ, ਨੇ 2002 ਵਿਚ ਦੱਸਿਆ - ਮੈਂ ਉਸ ਨੂੰ ਦੋਰੀ ਕਿਹਾ ਕਰਦੀ। ਉਸ ਵਰਗੀ ਤਾਕਤਵਰ ਸ਼ਖ਼ਸੀਅਤ ਮੈਂ ਨਹੀਂ ਦੇਖੀ ਕੋਈ, ਸੰਪੂਰਨ, ਸੰਤੁਸ਼ਟ, ਆਤਮ-ਸਨਮਾਨਿਤ, ਉਹ ਸਭ ਕੁਝ ਸੀ ਬੱਸ।

ਨਾਟਕ ਵਿਚ ਗਰੈਜੂਏਸ਼ਨ ਮੁਕੰਮਲ ਕਰ ਕੇ ਦੋਰਾ ਨੇ ਕੁਲੈਕਟਿਵ ਥਿਏਟਰ ਕੰਪਨੀ ਵਿਚ 1928 ਵਿਚ ਨੌਕਰੀ ਲੈ ਲਈ। ਇਕ ਸਾਲ ਵਿਚ 36 ਥਿਏਟਰਾਂ ਵਿਚ ਨਾਟਕ ਕੀਤੇ। ਕੁਝ ਨਾਟਕਾਂ ਵਿਚ ਡਬਲ ਰੋਲ ਵੀ ਕੀਤੇ। ਉਸਦਾ ਸਿੱਕਾ ਚੱਲ ਪਿਆ, ਔਖੇ ਤੋਂ ਔਖੇ ਰੋਲ ਸਫਲ ਨਿਭਾਏ। ਉਹ ਉਸਦੀ ਚੜ੍ਹਤ ਦਾ ਸਾਲ ਸੀ।

30 ਅਪ੍ਰੈਲ, 1929 ਨੂੰ ਕੰਪਨੀ ਦਾ ਕੰਟਰੈਕਟ ਖ਼ਤਮ ਹੋਇਆ ਤਾਂ ਉਹ ਬਰਲਿਨ ਇਕ ਸੁਹਣੇ ਫ਼ਲੈਟ ਵਿਚ ਰਹਿਣ ਲੱਗੀ। ਆਰਥਿਕ ਮੰਦਾ ਚੱਲ ਰਿਹਾ ਸੀ। ਹੜਤਾਲਾਂ ਤੇ ਪ੍ਰਦਰਸ਼ਨਾਂ ਦੀ ਭਰਮਾਰ ਸੀ। ਪੁਲਿਸ ਚੀਫ਼ ਕਾਰਲ ਜ਼ਿਰਾਬਲ, ਜਿਸਨੇ ਬਰਟਾ ਲਾਸਕ ਦਾ ਨਾਟਕ ਲਿਉਨਾ-21 ਬੰਦ ਕਰਵਾ ਦਿੱਤਾ ਸੀ, ਐਲਾਨ ਕਰ ਰਿਹਾ ਸੀ - ਮੈਂ ਹੜਤਾਲੀਆਂ ਨੂੰ ਸਬਕ ਸਿਖਾ ਦਿਆਂਗਾ। ਹਰ ਰੋਜ਼ ਗਲੀਆਂ ਮੁਹੱਲਿਆਂ ਵਿਚ ਫ਼ਾਇਰਿੰਗ ਹੁੰਦੀ।

ਦੋਰਾ ਕਈ ਥਾਈਂ ਗਈ, ਥਿਏਟਰ ਵਿਚ ਕੰਮ ਨਾ ਮਿਲਿਆ। ਥਿਏਟਰ ਬਦਲ ਚੁੱਕਾ ਸੀ, ਬਰਤੋਲ ਬਰੈਖਤ ਛਾ ਰਿਹਾ ਸੀ, ਦੋਰਾ ਦਾ ਕਲਾਸੀਕਲ ਥਿਏਟਰ ਪੁਰਾਣਾ ਹੋ ਚੁੱਕਾ ਸੀ। ਕਮਿਊਨਿਸਟ, ਥਿਏਟਰ ਰਾਹੀਂ ਇਨਕਲਾਬ ਲਿਆਉਣ ਦੇ ਯਤਨ ਕਰ ਰਹੇ ਸਨ ਤੇ ਲੋਕ ਲਗਾਤਾਰ ਉਨ੍ਹਾਂ ਵਲ ਝੁਕ ਰਹੇ ਸਨ, ਮੱਧ ਵਰਗ ਵਾਸਤੇ ਇਹੋ ਆਸ ਦੀ ਕਿਰਨ ਸੀ। ਗੋਬਲਜ਼ ਨੇ ਨਵੀਂ ਪਾਰਟੀ ਖੜੀ ਕਰ ਦਿੱਤੀ ਤੇ ਨਜ਼ਰਬੰਦ ਹਿਟਲਰ ਰਿਹਾ ਹੋ ਕੇ ਸਰਗਰਮ ਹੋ ਗਿਆ। ਉਸਦੀ ਪਹਿਲੀ ਹਿਟ-ਲਿਸਟ 'ਤੇ ਕਾਮਰੇਡ ਸਨ। ਬੇਰੁਜ਼ਗਾਰ ਦੋਰਾ ਨੂੰ ਕਾਮਰੇਡਾਂ ਦੀਆਂ ਗੱਲਾਂ ਤੇ ਯੋਜਨਾਵਾਂ ਸਹੀ ਲੱਗਣ ਲੱਗ ਪਈਆਂ। ਉਹ ਮੰਝਧਾਰ ਵਿਚ ਫਸੀ ਹੋਈ ਸੀ। ਅਖ਼ਬਾਰਾਂ ਵਿਚ ਕਾਫ਼ਕਾ ਬਾਰੇ ਇੰਟਰਵਿਊਜ਼ ਛਪਦੀਆਂ, ਭਾਸ਼ਣ ਵਿਚ ਉਹ ਕਾਫ਼ਕਾ ਨੂੰ ਜ਼ਮਾਨੇ ਦਾ ਸੁਪਰਮਾਈਂਡ ਮੰਨਦੀ, ਪਰ ਕਾਫ਼ਕਾ ਕਮਿਊਨਿਸਟਾਂ ਦੇ ਖ਼ਿਲਾਫ਼ ਸੀ।

ਜਰਮਨ ਵਿਚ ਜਨਵਰੀ 1930 ਵਿਚ ਭਿਆਨਕ ਮੰਦਾ ਆਇਆ, ਵਿਆਪਕ ਬੇਰੁਜ਼ਗਾਰੀ, ਮਹਿੰਗਾਈ, ਫ਼ੈਕਟਰੀਆਂ, ਕੰਪਨੀਆਂ ਬੰਦ, ਲੱਖਾਂ ਦੀ ਗਿਣਤੀ ਵਿਚ ਮਜ਼ਦੂਰ

ਸੜਕਾਂ ਉਪਰ। ਲਾਲ ਝੰਡਿਆਂ ਦੀ ਗਿਣਤੀ ਵਧਣ ਲੱਗੀ। ਦੋਰਾ ਦੀ ਰੋਟੀ ਰਾਇਲਟੀ ਕਾਰਨ ਚੱਲਦੀ ਸੀ। ਦੋਰਾ ਨੇ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਦਾ ਕਾਰਡ ਲੈ ਲਿਆ, ਉਸਦਾ ਗੁਪਤ ਨਾਮ ਮਾਰੀਆ ਰੱਖਿਆ ਗਿਆ। ਮਾਸਕੋ ਪਾਰਟੀ ਹੈੱਡ ਆਫ਼ਿਸ ਨੇ ਦੋਰਾ ਬਾਰੇ ਸੂਚਨਾ ਮੰਗੀ, ਇਹ ਸੂਚਨਾ ਭੇਜੀ ਗਈ :

> ਕਾਮਰੇਡ ਮਾਰੀਆ ਨੂੰ ਮੈਂ 1930 ਤੋਂ ਜਾਣਦਾ ਹਾਂ। ਡੇਢ ਸਾਲ ਤੋਂ ਉਹ ਪਾਰਟੀ ਦੇ ਕੰਮਾਂ ਵਿਚ ਸਰਗਰਮ ਹੈ। ਉਸਦੀਆਂ ਹੋਰ ਗਤੀਵਿਧੀਆਂ ਦਾ ਮੈਨੂੰ ਪਤਾ ਨਹੀਂ। ਇਹ ਮੈਂ ਨਿਜੀ ਤੌਰ 'ਤੇ ਜਾਣਦਾ ਹਾਂ ਕਿ ਉਹ ਆਪਣੇ ਪਹਿਲੇ ਪਤੀ ਕਾਫ਼ਕਾ ਦੀ ਜਾਇਦਾਦ ਅਤੇ ਰਾਇਲਟੀ ਵਿੱਚੋਂ ਹਿੱਸਾ ਲੈਂਦੀ ਰਹੀ ਹੈ ਤੇ ਜ਼ਿਓਨਿਸਟ ਯਹੂਦੀ ਮੈਕਸਬਰੋਦ ਉਸਦਾ ਹਮਦਰਦ ਹੈ।

ਕਾਮਰੇਡਾਂ ਨੂੰ ਉਸਦੀ ਮੰਚ ਯੋਗਤਾ ਦਾ ਇਲਮ ਸੀ, ਉਨ੍ਹਾਂ ਨੇ ਨੁੱਕੜ ਨਾਟਕਾਂ ਰਾਹੀਂ ਪਾਰਟੀ ਦਾ ਪ੍ਰਚਾਰ ਕਰਨਾ ਸੀ, ਉਸਨੂੰ ਮੰਚ ਅਧਿਆਪਕਾ ਰੱਖ ਲਿਆ। ਰੂਸ ਦੇ ਇਨਕਲਾਬ ਵਾਸਤੇ ਮੰਚ ਦਾ ਹਥਿਆਰ ਕਾਮਯਾਬ ਹੋਇਆ ਸੀ, ਨਾਜ਼ੀਆਂ ਦੀ ਮੱਦਦ ਦੇਸੀ ਵਿਦੇਸੀ ਧਨਵਾਨ ਕਰ ਰਹੇ ਸਨ, ਕਮਿਊਨਿਸਟ ਉਨ੍ਹਾਂ ਦੇ ਪ੍ਰਾਪੇਗੰਡੇ ਦਾ ਮੁਕਾਬਲਾ ਪ੍ਰੈਸ, ਰੇਡੀਓ ਰਾਹੀਂ ਨਹੀਂ ਕਰ ਸਕਦੇ ਸਨ, ਨੁੱਕੜ ਨਾਟਕ ਕਾਰਗਰ ਹੋ ਸਕਦਾ ਸੀ, ਪੁਲਿਸ ਨੇ ਸਟੇਟ ਨੂੰ ਸੂਚਨਾ ਭੇਜੀ :

> ਇਹ ਨੌਟੰਕੀਏ ਦਿਨੋ ਦਿਨ ਭਰਵੀਆਂ ਭੀੜਾਂ ਖਿੱਚ ਰਹੇ ਨੇ। ਇਨ੍ਹਾਂ ਦੇ ਨਾਟਕ ਭਾਸ਼ਣਾਂ ਨਾਲੋਂ ਵਧੀਕ ਧੂਹ ਪਾਉਂਦੇ ਹਨ। ਇਨ੍ਹਾਂ ਵਿਰੁੱਧ ਸਰਕਾਰ ਨੂੰ ਕੁਝ ਕਰਨਾ ਪਵੇਗਾ ਨਹੀਂ ਤਾਂ...।

ਫਲਸਰੂਪ ਨੁੱਕੜ ਨਾਟਕਾਂ ਵਿਰੁੱਧ ਐਕਟ ਪਾਸ ਹੋ ਗਿਆ। ਪਾਰਟੀ ਵਾਸਤੇ ਦੋਰਾ ਹਰ ਦਿੱਤੀ ਜ਼ਿੰਮੇਵਾਰੀ ਨਿਭਾ ਰਹੀ ਸੀ ਪਰ ਇਕ ਕਾਮਰੇਡ ਨੇ ਟਿੱਪਣੀ ਦਿੱਤੀ - ਦਿਲੋਂ ਨਹੀਂ ਇਹ ਸਾਡੇ ਨਾਲ।

ਅਰਥ-ਸ਼ਾਸਤਰੀ ਲੁੱਜ਼ ਲਾਸਕ, ਦੋਰਾ ਦੇ ਕਮਰੇ ਵਿਚ ਨਵੇਂ ਕਾਮਰੇਡ ਰੰਗਰੂਟਾਂ ਨੂੰ ਪੜ੍ਹਾਉਣ ਆਇਆ ਕਰਦਾ ਸੀ। ਇਹ ਨਾਸਤਕ ਯਹੂਦੀ ਦੋਰਾ ਤੋਂ ਪੰਜ ਸਾਲ ਛੋਟਾ ਸੀ। ਚੰਗਾ ਪੜ੍ਹ ਕੇ ਵੀ ਨੌਕਰੀ ਨਾ ਮਿਲੀ ਤਾਂ ਮਾਂ ਦੀ ਪ੍ਰੇਰਨਾ ਸਦਕਾ ਕਮਿਊਨਿਸਟਾਂ ਵਾਸਤੇ ਕੰਮ ਕਰਨ ਲੱਗ ਪਿਆ। ਉਹ ਸੁਹਣਾ ਸਿਹਤਵੰਦ ਜੁਆਨ ਸੀ। ਉਸਦਾ ਸੁਭਾਅ ਸ਼ਾਂਤ, ਦੂਰਦਰਸ਼ੀ, ਬਰਦਾਸ਼ਤ ਕਰਨ ਵਾਲਾ ਸੀ, ਦੋਰਾ ਤੋਂ ਭਿੰਨ। ਦੋਰਾ ਤੋਂ ਕਿਤੇ ਵਧੀਕ ਪੜ੍ਹਿਆ ਲਿਖਿਆ। ਫ਼ਰੈਂਚ ਅਤੇ ਅੰਗਰੇਜ਼ੀ ਸਮੇਤ ਇਹ ਜਰਮਨ ਮੁੰਡਾ, ਯੂਨਾਨੀ ਤੇ ਲਾਤੀਨੀ ਭਾਸ਼ਾਵਾਂ ਪੜ੍ਹ ਲੈਂਦਾ ਸੀ। ਪਹਿਲਾਂ ਪੰਜ ਸਾਲ ਉਸਨੇ ਕਾਨੂੰਨ ਪੜ੍ਹਿਆ ਪਰ 1925 ਵਿਚ *ਦਾਸ ਕੈਪੀਟਾ* ਪੜ੍ਹ ਕੇ ਅਰਥ-ਸ਼ਾਸਤਰ ਵਿਚ ਦਾਖ਼ਲਾ ਲੈ ਲਿਆ, ਸਾਲ 1930 ਵਿਚ ਉਸਨੇ *ਬਰਾਮਦਾਂ ਦਾ ਟੈਕਸ* ਕਿਤਾਬ ਛਪਵਾਈ। ਖ਼ੁਸ਼ਹਾਲ ਪਰਿਵਾਰ ਦਾ ਮੁੰਡਾ ਸੀ ਇਹ। ਪਿਤਾ ਡਾਕਟਰ ਸੀ ਤੇ ਯਹੂਦੀ ਮਾਂ ਬਰਟਾ ਲਾਸਕ ਵਿਦਵਾਨ, ਕਲਾਕਾਰ, ਸ਼ਾਇਰ, ਪੱਕੀ ਕਮਿਊਨਿਸਟ। ਦੋ ਬੇਟੇ ਦੋ ਬੇਟੀਆਂ ਦੀ ਮਾਂ। ਦੋਰਾ ਇਸੇ ਘਰ ਵਿਚ ਸਾਮਾਨ ਲੈ ਆਈ ਤੇ ਲੁੱਜ਼ ਨਾਲ ਮਾਰਕਸੀ ਸਾਹਿਤ ਵੰਡਣਾ ਸ਼ੁਰੂ ਕਰ ਦਿੱਤਾ। ਲੁੱਜ਼ ਦਾ ਜਨਮ 1903 ਵਿਚ ਹੋਇਆ ਸੀ। ਦੋਰਾ ਇਕੱਲਤਾ ਮਹਿਸੂਸ ਕਰਨ ਲੱਗੀ ਸੀ। ਇਹ ਵੱਡਾ ਘਰ ਬੱਚੇ ਬੱਚੀਆਂ ਨਾਲ ਭਰਿਆ ਰੌਣਕਾਂ ਵਾਲਾ ਸੀ।

ਜਰਮਨੀ ਬੇਰੁਜ਼ਗਾਰੀ ਤੇ ਗ਼ਰੀਬੀ ਨਾਲ ਘੁਲ ਰਿਹਾ ਸੀ, ਅੰਦਾਜ਼ੇ ਸਨ ਕਿ ਡਿਕਟੇਟਰਸ਼ਿਪ ਲਾਗੂ ਹੋ ਸਕਦੀ ਹੈ, ਵਿਸਫੋਟ ਹੋ ਸਕਦੇ ਹਨ, ਸਿਵਲ-ਵਾਰ ਲੱਗ ਸਕਦੀ

ਹੈ, ਪਰ ਅਜਿਹਾ ਕੁਝ ਨਹੀਂ ਹੋਇਆ। ਚੋਣਾਂ ਹੋਈਆਂ, ਸੋਸ਼ਲ ਡੈਮੋਕਰੈਟ ਹਾਰ ਗਏ, ਨਾਜ਼ੀਆਂ ਹੱਥ ਪਾਰਲੀਮੈਂਟ ਆ ਗਈ। ਸਾਮੀ ਲੋਕ ਹਿਟਲਰ ਤੋਂ ਭੈਭੀਤ ਸਨ। ਯਹੂਦੀਆਂ ਵਿਚ ਬੇਚੈਨੀ ਸੀ। ਅਮਰੀਕਾ ਦੀ ਯੂਨੀਵਰਸਿਟੀ ਤੋਂ ਅਧਿਆਪਕ ਵਜੋਂ ਨੌਕਰੀ ਦਾ ਪੱਤਰ ਪ੍ਰਾਪਤ ਕਰ ਕੇ ਆਈਨਸਟੀਨ ਨੇ ਆਪਣੀ ਪਤਨੀ ਨੂੰ ਮੁਸਕਰਾਂਦਿਆਂ ਕਿਹਾ - ਇਕ ਵਾਰੀ ਧਿਆਨ ਨਾਲ ਦੇਖ ਲੈ ਆਪਣਾ ਇਹ ਜਰਮਨੀ ਵਾਲਾ ਘਰ। ਪਤਨੀ ਨੇ ਪੁੱਛਿਆ - ਕਿਉਂ ? ਆਈਨਸਟੀਨ ਨੇ ਉਤਰ ਦਿੱਤਾ - ਸ਼ਾਇਦ ਕਦੀ ਫੇਰ ਦੇਖ ਈ ਨਾ ਸਕੀਏ।

ਦੋਰਾ ਨਿਸਚਿੰਤ ਰਹੀ। ਹਰੇਕ ਯਹੂਦੀ ਨੂੰ ਅਤੇ ਕਮਿਊਨਿਸਟ ਨੂੰ ਮਾਸਕ ਚੰਦਾ ਦੇਣਾ ਪੈਂਦਾ ਸੀ। ਦੋਰਾ ਨੇ ਯਹੂਦੀਆਂ ਨੂੰ ਚੰਦਾ ਦੇਣਾ ਬੰਦ ਕਰ ਦਿੱਤਾ, ਉਹ ਦੋ ਭਾਰ ਨਹੀਂ ਉਠਾ ਸਕਦੀ ਸੀ। ਬਿਨਾਂ ਧਾਰਮਿਕ ਰਸਮਾਂ ਦੇ ਉਸਨੇ ਲੁੱਜ਼ ਨਾਲ ਵਿਆਹ ਕਰਵਾ ਲਿਆ। ਰਜਿਸਟਰਾਰ ਨੇ ਲਿਖਿਆ - ਅਰਥ-ਸ਼ਾਸਤਰੀ ਲੁੱਜ਼ ਅਤੇ ਰੰਗ-ਕਰਮੀ ਦੋਰਾ ਦਾ ਵਿਆਹ ਦਰਜ ਹੋਇਆ, 30 ਜੂਨ 1932।

28 ਫ਼ਰਵਰੀ, 1933 ਨੂੰ ਜਰਮਨ ਪਾਰਲੀਮੈਂਟ ਦੀ ਇਮਾਰਤ ਵਿਚ ਧਮਾਕਾ ਹੋਇਆ ਤੇ ਅੱਗ ਦੀਆਂ ਲਪਟਾਂ ਉੱਠੀਆਂ। ਨਾਜ਼ੀਆਂ ਨੇ ਕਾਮਰੇਡਾਂ ਵਿਰੁੱਧ ਦੋਸ਼ ਥੋਪ ਦਿੱਤਾ - ਉਨ੍ਹਾਂ ਦੀ ਕਰਤੂਤ ਹੈ। ਹਿਟਲਰ ਨੇ ਪੁਲਿਸ ਫੋਰਸ ਦੇ ਮੁਖੀ ਨੂੰ ਸ਼ਸ਼ਕੀਰਿਆ - ਹੁਣ ਅਸੀਂ ਦੱਸਾਂਗੇ ਅਸੀਂ ਕੀ ਹਾਂ। ਜਿਹੜਾ ਸਾਡੇ ਰਾਹ ਵਿਚ ਆਏ ਵੱਢ ਦਿਉ। ਕਮਿਊਨਿਸਟਾਂ ਨੂੰ ਫਾਹੇ ਲਾ ਦਿਉ ਤੇ ਇਨ੍ਹਾਂ ਦੇ ਹਮਦਰਦਾਂ ਨੂੰ ਜੇਲ੍ਹਾਂ ਵਿਚ ਸੁੱਟੋ। ਪੁਲਿਸ ਫ਼ੋਰਸ ਦਾ ਨਾਮ ਗੈਸਟਾਪੋ ਰੱਖ ਦਿੱਤਾ। ਐਮਰਜੈਂਸੀ ਲਾਗੂ ਹੋ ਗਈ। ਦੋਰਾ ਰਾਤੋ-ਰਾਤ ਅਪਰਾਧਣ ਹੋ ਗਈ। ਗ੍ਰਿਫ਼ਤਾਰੀਆਂ, ਮੁੱਕਦਮਿਆਂ ਦੀ ਕੋਈ ਲੋੜ ਨਹੀਂ, ਪੁਲਿਸ ਨੂੰ ਜਿਸ 'ਤੇ ਸ਼ੱਕ ਹੋਵੇ, ਫੜੇ ਤੇ ਗੋਲੀ ਮਾਰੇ। ਭਾਰੀ ਗਿਣਤੀ ਵਿਚ ਫੜ ਫੜ ਲੋਕ ਮਾਰੇ ਜਾਣ ਲੱਗੇ। ਭੀੜਾਂ ਇਕੱਠੀਆਂ ਹੁੰਦੀਆਂ, ਪਹਿਲੀ ਸੰਸਾਰ ਜੰਗ ਵਿਚ ਗਾਇਆ ਜਾਣ ਵਾਲਾ ਗੀਤ ਫਿਰ ਅਸਮਾਨ ਵੱਲ ਉੱਠਣ ਲੱਗਾ - ਸਾਡਾ ਦ੍ਰਿੜ੍ਹ ਵਿਸ਼ਵਾਸ। ਹਾਰੇਗਾ ਫ਼ਰਾਂਸ।

ਹਜ਼ਾਰਾਂ ਕਮਿਊਨਿਸਟ, ਕਲਾਕਾਰ, ਲੇਖਕ, ਸਿਵਲ ਅਫ਼ਸਰ, ਸਿਆਸੀ ਨੇਤਾ ਅਤੇ ਯਹੂਦੀ, ਜਰਮਨੀ ਛੱਡ ਕੇ ਭੱਜਣ ਲੱਗੇ, ਅਜੇ ਬਾਰਡਰ ਸੀਲ ਨਹੀਂ ਹੋਇਆ ਸੀ। ਬਹੁਤ ਸਾਰੇ ਦੜ ਵੱਟਣ ਲੱਗੇ, ਸ਼ਾਇਦ ਇਹ ਝੱਖੜ ਬੰਦ ਹੋ ਈ ਜਾਵੇ। ਲੁੱਜ਼ ਅਤੇ ਦੋਰਾ ਨੇ ਫ਼ੈਸਲਾ ਕੀਤਾ - ਇਥੇ ਰਹਾਂਗੇ ਤੇ ਲੜਾਂਗੇ। 23 ਮਾਰਚ, 1933 ਨੂੰ ਲੂੱਜ਼ ਫੜ ਲਿਆ ਗਿਆ। ਇਲਜ਼ਾਮ ਸੀ - ਕਮਿਊਨਿਸਟ ਸਾਹਿਤ ਵੰਡਦਾ ਹੈ। ਚਾਰ ਦਿਨ ਉਸ ਨੂੰ ਤਸੀਹੇ ਦਿੱਤੇ ਗਏ ਕਿ ਹੋਰ ਬੰਦਿਆਂ ਦੇ ਨਾਮ ਲੈ। ਉਸਨੇ ਬੁੱਲ੍ਹ ਨਾ ਖੋਲ੍ਹੇ। ਘਰ ਦੀ ਤਲਾਸ਼ੀ ਦੌਰਾਨ ਪੁਲਿਸ ਨੇ *ਖ਼ਤਰਨਾਕ ਗੱਦਾਰ ਸਮੱਗਰੀ ਫੜੀ*। ਛੋਟਾ ਭਰਾ ਵੀ ਫੜ ਲਿਆ। ਕੁਝ ਹਫ਼ਤਿਆਂ ਬਾਦ ਜਦੋਂ ਦੇਖਿਆ ਕਿ ਗੰਭੀਰ ਅਪਰਾਧ ਤਾਂ ਹੈ ਨਹੀਂ, ਰਿਹਾਅ ਕਰ ਦਿੱਤੇ। ਰਿਹਾਈ ਬਾਦ ਇਨ੍ਹਾਂ ਨੇ ਰੂਸ ਵਿਚ ਜਾਣ ਦਾ ਫ਼ੈਸਲਾ ਕੀਤਾ। 55 ਸਾਲ ਦੀ ਬਰਟਾ ਨੂੰ ਇਕ ਮਹੀਨਾ ਠਾਣੇ ਵਿਚ ਰੱਖ ਕੇ ਛੱਡ ਦਿੱਤਾ। ਦੋਹਾਂ ਨੂੰ ਜਿਸ ਗੱਲ ਦਾ ਡਰ ਸੀ ਉਹੋ ਹੋਈ, ਕਾਫ਼ਕਾ ਦੀਆਂ ਡਾਇਰੀਆਂ ਅਤੇ ਰਚਨਾਵਾਂ ਪੁਲਿਸ ਲੈ ਗਈ। ਦੋਰਾ ਨੂੰ ਪਾਗਲਪਣ ਦੇ ਦੌਰੇ ਪੈਂਦੇ। ਇਹ ਸਾਹਿਤ ਉਸਨੇ ਲੁਕਾ ਕੇ ਰੱਖਿਆ ਸੀ, ਮੈਕਸਬਰੋਦ ਨੂੰ ਵੀ ਨਹੀਂ ਦੱਸਿਆ ਸੀ, ਦੱਸ ਦਿੰਦੀ, ਬਚ ਜਾਂਦਾ, ਬਰੋਦ ਨੇ ਉਸ ਤੋਂ ਮੰਗਿਆ ਵੀ, ਉਹ ਝੂਠ ਬੋਲੀ ਗਈ ਕਿ ਮੇਰੇ ਕੋਲ ਕੁਝ ਨਹੀਂ। ਹੁਣ ਦੋ ਰਸਤੇ ਬਚੇ, ਇਕ ਤਾਂ ਸਦਾ ਲਈ ਚੁੱਪ ਕਰ ਜਾਵੇ। ਕਿਸੇ ਨੂੰ ਪਤਾ ਨਾ ਲੱਗੇ ਕਿ ਦੋਰਾ ਕੋਲ ਕੁਝ ਹੈ ਸੀ। ਪਰ ਫਿਰ

ਇਹ ਸਾਹਿਤ ਸਦਾ ਲਈ ਨਸ਼ਟ ਹੋ ਜਾਵੇਗਾ। ਦੂਜਾ ਇਹ ਕਿ ਦੱਸ ਦੇਵੇ, ਫਿਰ ਬਚਣ ਦੀ ਸੰਭਾਵਨਾ ਹੈ। ਇਸ ਨੇ ਦੂਜਾ ਰਾਹ ਚੁਣਿਆ। ਬਰੋਦ ਨੂੰ ਗੁਪਤ ਖ਼ਤ ਵਿਚ ਲਿਖਿਆ - ਮੈਂ ਝੂਠ ਬੋਲੀ ਗਈ, ਕਾਫ਼ਕਾ ਸਾਹਿਤ ਹੈ ਸੀ ਮੇਰੇ ਕੋਲ, ਪੁਲਿਸ ਲੈ ਗਈ, ਬਚਾ ਸਕਦੈਂ ਤਾਂ ਬਚਾ ਲੈ।

ਬਰੋਦ ਤੁਰਤ ਸ਼ਾਇਰ ਹੋਫਮੈਨ ਕੋਲ ਗਿਆ ਜੋ ਬਰਲਿਨ ਵਿਚ ਪਰਾਗ ਵਲੋਂ ਰਾਜਦੂਤ ਸੀ। ਉਸਨੇ ਗੈਸਟਾਪੋ ਨਾਲ ਸੰਪਰਕ ਕਰ ਕੇ ਕਾਫ਼ਕਾ ਦੀਆਂ ਲਿਖਤਾਂ ਮੰਗੀਆਂ। ਗੈਸਟਾਪੋ ਤੋਂ ਜਵਾਬ ਮਿਲਿਆ - ਸੈਂਕੜੇ ਮਣ ਕਾਗ਼ਜ਼ ਫੜੇ ਹਨ। ਢੇਰ ਲਾਈ ਜਾਂਦੇ ਹਾਂ। ਕੌਣ ਲੱਭੇਗਾ ਇਸ ਪਹਾੜ ਵਿੱਚੋਂ ਕਾਫ਼ਕਾ ਨੂੰ ? ਚਾਰ ਸਾਲ ਬਾਦ ਜਰਮਨ ਅਖ਼ਬਾਰ ਵਿਚ ਬਰੋਦ ਨੇ ਲੰਮੇ ਲੇਖ ਰਾਹੀਂ ਕਾਫ਼ਕਾ ਸਾਹਿਤ ਭਾਲਣ ਦੀ ਅਪੀਲ ਕੀਤੀ। ਉਸਨੇ ਇਸ ਲੇਖ ਵਿਚ ਦੋਰਾ ਦਾ ਕੋਈ ਜ਼ਿਕਰ ਨਹੀਂ ਕੀਤਾ। ਦੁਖੀ ਔਰਤ ਨੂੰ ਸ਼ਰਮਿੰਦਗੀ ਨਹੀਂ ਦੇਣੀ ਚਾਹੁੰਦਾ ਸੀ।

ਸਟੇਟ ਨੇ ਐਲਾਨ ਕਰ ਦਿੱਤਾ - ਯਹੂਦੀਆਂ ਦੀਆਂ ਦੁਕਾਨਾਂ ਵਿੱਚੋਂ ਸਾਮਾਨ ਨਹੀਂ ਖ਼ਰੀਦਣਾ, ਯਹੂਦੀ ਅਫ਼ਸਰਾਂ, ਜੱਜਾਂ, ਜੇਲ੍ਹ ਸੁਪਰਡੰਟਾਂ ਆਦਿਕ ਸਾਰੇ ਮੁਲਾਜ਼ਮਾਂ ਤੋਂ ਅਸਤੀਫ਼ੇ ਲੈ ਲਏ। ਯਹੂਦੀ ਬੱਚੇ ਸਕੂਲਾਂ ਵਿੱਚੋਂ ਕੱਢ ਦਿੱਤੇ। ਜਿਨ੍ਹਾਂ ਨੇ ਪੀਐਚ.ਡੀ. ਖੋਜ ਕਾਰਜ ਕਰ ਲਏ, ਫ਼ੈਸਲਾ ਹੋਇਆ ਉਨ੍ਹਾਂ ਨੂੰ ਡਿਗਰੀਆਂ ਨਹੀਂ ਦੇਣੀਆਂ। ਸਾਲ 1925 ਦੇ ਅਪ੍ਰੈਲ ਮਹੀਨੇ *ਭੀੜ ਘਟਾਊ ਐਕਟ* ਪਾਸ ਹੋਣ ਉਪਰੰਤ ਇਹੋ ਕੁਝ ਹੋਇਆ। ਦਸ ਮਈ ਨੂੰ ਗੋਬਲਜ਼ (ਹਿਟਲਰ ਦਾ ਪ੍ਰਾਪੇਗੰਡਾ ਮੰਤਰੀ) ਨੇ ਐਲਾਨ ਕਰ ਦਿੱਤਾ - ਕਮਿਊਨਿਸਟਾਂ, ਯਹੂਦੀਆਂ, ਗ਼ੈਰ-ਆਰੀਆਂ ਅਤੇ ਵਿਦੇਸ਼ੀਆਂ ਦੇ ਗੰਦ ਤੋਂ ਬਚਾ ਕੇ, ਜਰਮਨ ਨੂੰ ਪਵਿੱਤਰ ਕਰਨਾ ਹੈ। ਉਤਸ਼ਾਹੀ ਨਾਜ਼ੀ ਸੈਨਿਕ ਚਿਲਾ ਰਹੇ ਸਨ - ਮਾਰਕਸ ਨੂੰ ਸਾੜੋ, ਫ਼ਰਾਇਡ ਨੂੰ ਸਾੜੋ। ਲਾਇਬਰੇਰੀਆਂ ਵਿੱਚੋਂ ਆਈਨਸਟੀਨ, ਜੈਕ ਲੰਡਨ, ਹੈਲਨ ਕੈਲਰ, ਮਾਰਗ੍ਰੇਟ ਸੰਗਰ ਅਤੇ ਐਚ.ਜੀ. ਵੈਲਜ਼ ਦੀਆਂ ਕਿਤਾਬਾਂ ਦੀ ਲੋਹੜੀ ਦੁਆਲੇ ਨਾਚ ਕੀਤਾ। ਕਾਫ਼ਕਾ ਸਾਹਿਤ ਬਚ ਗਿਆ ਕਿਉਂਕਿ ਇਨ੍ਹਾਂ ਨੂੰ ਉਸ ਬਾਰੇ ਪਤਾ ਨਹੀਂ ਸੀ ਕੌਣ ਹੈ। ਹੈਨਰਿਕ ਹੀਨ ਨੂੰ ਕਾਫ਼ਕਾ ਬਹੁਤ ਪਸੰਦ ਕਰਦਾ ਸੀ, ਉਸ ਨੇ ਲਿਖਿਆ ਸੀ - ਕਿਤਾਬਾਂ ਫੂਕਣ ਵਾਲੇ ਥੋੜ੍ਹੀ ਦੇਰ ਬਾਦ ਬੰਦਿਆਂ ਨੂੰ ਫੂਕਣ ਲੱਗ ਜਾਂਦੇ ਹਨ। ਹੀਨ ਦੀਆਂ ਕਿਤਾਬਾਂ ਸਾੜ ਦਿੱਤੀਆਂ ਗਈਆਂ। ਦੋਰਾ ਇਨ੍ਹਾਂ ਦਿਨਾਂ ਵਿਚ ਗਰਭਵਤੀ ਸੀ। ਦੋਰਾ ਅਤੇ ਲੁੱਜ਼ ਘਰ ਬਦਲ ਬਦਲ ਕੇ ਛੁਪਦੇ ਛੁਪਾਂਦੇ ਦਿਨ ਕਟੀ ਕਰ ਰਹੇ ਸਨ। ਇਕ ਯਹੂਦੀ ਤੇ ਨਾਲ ਫਿਰ ਕਮਿਊਨਿਸਟ, ਬਚਣ ਦੀ ਕੀ ਸੰਭਾਵਨਾ ? ਅਗਸਤ 8 ਦੀ ਰਾਤ ਰੇਡ ਹੋਇਆ, ਲੁੱਜ਼ ਨੂੰ ਲੈ ਗਏ। ਕੱਪੜਿਆਂ ਦਾ ਨਿੱਕਾ ਅਟੈਚੀ ਨਾਲ ਲਿਜਾਣ ਦਿੱਤਾ। ਕੁਝ ਦਿਨਾਂ ਬਾਦ ਅਧ-ਜਲਿਆ ਅਟੈਚੀ ਦੇ ਗਏ। ਇਸ ਵਿਚ ਖ਼ੂਨ ਨਾਲ ਲਿਬੜੀ ਨਿੱਕਰ ਮਿਲੀ, ਮਾਰ ਦਿੱਤਾ ? ਸ਼ਾਇਦ।

1 ਮਾਰਚ, 1934 ਨੂੰ ਦੋਰਾ ਨੇ ਸਿਹਤਵੰਦ ਤੇ ਸੁਣੱਖੀ ਧੀ ਨੂੰ ਜਨਮ ਦਿੱਤਾ। ਕਦੀ ਕਦੀ ਸੁਨੇਹਾ ਮਿਲਦਾ, ਲੁੱਜ਼ ਜਿਊਂਦਾ ਹੈ। ਉਸਨੇ ਪੁਲਿਸ ਚੀਫ਼ ਨੂੰ ਪੱਤਰ ਲਿਖਿਆ, ਇਸ ਜਜ਼ਬਾਤੀ ਪੱਤਰ ਵਿਚ ਅਪੀਲ ਕੀਤੀ ਗਈ ਸੀ ਕਿ ਨਿਰਦੋਸ਼ ਲੁੱਜ਼ ਉਪਰ ਕਹਿਰ ਢਾਹੁਣੇ ਠੀਕ ਨਹੀਂ। ਅੱਠ ਮਹੀਨਿਆਂ ਬਾਦ ਉਹ ਘਰ ਪਰਤ ਆਇਆ, ਕਰਾਮਾਤ ਤੋਂ ਘੱਟ ਨਹੀਂ ਸੀ। ਉਸਨੇ ਆਪਣੇ ਸਾਥੀ ਗੋਲੀ ਦਾ ਸ਼ਿਕਾਰ ਹੁੰਦੇ ਅੱਖੀਂ ਦੇਖੇ ਸਨ। ਉਸਨੇ ਦੱਸਿਆ - ਮੈਨੂੰ ਜੇਲ੍ਹ ਸੁਪਰਡੰਟ ਨੇ ਬੁਲਾ ਕੇ ਕਿਹਾ - ਤੇਰੀ ਜ਼ਨਾਨੀ ਦੇ ਇਸ ਖ਼ਤ ਕਰਕੇ ਤੇਰੇ ਉਪਰ ਤਰਸ ਆ ਗਿਆ ਵਰਨਾ...।

ਪਰਿਵਾਰ ਨੇ ਸਲਾਹ ਕੀਤੀ ਕਿ ਮਜ਼ਦੂਰਾਂ ਦੇ ਸੁਰਗ, ਰੂਸ ਵਿਚ ਜਾਇਆ ਜਾਵੇ। ਸਭ ਤੋਂ ਪਹਿਲਾਂ ਬਰਟਾ ਮਾਂ ਪੁੱਜੀ। ਹਾਲਾਂਕਿ ਦਹਾਕਿਆਂ ਤੋਂ ਉਹ ਕਮਿਊਨਿਸਟ ਲੀਡਰ ਰਹੀ ਸੀ, ਮਾਸਕੋ ਨੇ ਉਸਦੇ ਪਿਛੋਕੜ ਬਾਰੇ ਜਾਣਕਾਰੀ ਲਈ ਤੇ ਰਹਿਣ ਦੀ ਆਗਿਆ ਮਿਲਣ ਵਿਚ ਸਾਲ ਲੱਗਾ। ਚਾਰ ਮਹੀਨਿਆਂ ਬਾਦ ਲੁੱਜ਼ ਨੂੰ ਰੂਸ ਆਉਣ ਦੀ ਆਗਿਆ ਮਿਲ ਗਈ। ਉਹ 28 ਫ਼ਰਵਰੀ 1935 ਦੇ ਦਿਨ ਰੂਸ ਪੁੱਜ ਗਿਆ। ਮਾਂ ਨੂੰ ਲਾਇਬਰੇਰੀ ਸਹਾਇਕ ਦੀ ਤੇ ਲੁੱਜ਼ ਨੂੰ ਮਾਰਕਸ-ਏਂਜਲਜ਼-ਲੈਨਿਨ ਵਿਦਿਆਲੇ ਵਿਚ ਜੂਨੀਅਰ ਅਕਾਦਮਿਕ ਸਹਾਇਕ ਰੱਖ ਲਿਆ। ਦੋਰਾ ਨੇ ਵੀ ਅਰਜ਼ੀ ਪਾ ਦਿੱਤੀ। ਸੋਚਿਆ ਕਰਦੀ - ਰੂਸ ਵਿਚ ਜਾ ਕੇ ਫਿਰ ਰੰਗਮੰਚ 'ਤੇ ਕੰਮ ਕਰਾਂਗੀ। ਉਥੇ ਯਹੂਦੀ ਡਰਾਮਾ ਅਜੇ ਵੀ ਹਰਮਨ ਪਿਆਰਾ ਸੀ।

ਸਮਾਜਵਾਦ, ਸਾਂਝੇ ਲੰਗਰ, ਸਾਂਝੀ ਜ਼ਮੀਨ, ਬਰਾਬਰੀ ਦੇ ਹੱਕ, ਮੁਫ਼ਤ ਇਲਾਜ, ਮੁਫ਼ਤ ਵਿੱਦਿਆ, ਵਧੀਆ ਤਨਖ਼ਾਹਾਂ, ਦੂਰੋਂ ਦੂਰੋਂ ਬੜੇ ਸੁਹਾਵਣੇ ਦ੍ਰਿਸ਼ ਸਨ। ਇਨ੍ਹਾਂ ਮਾਸੂਮਾਂ ਨੂੰ ਕੀ ਪਤਾ ਸੀ ਕਿ 1934 ਦੇ ਅਖ਼ੀਰ ਵਿਚ ਸਟਾਲਿਨ ਰੂਸ ਵਿਚ ਉਹੀ ਕੁਝ ਕਰੇਗਾ ਜੋ ਹਿਟਲਰ ਜਰਮਨੀ ਵਿਚ ਕਰ ਰਿਹਾ ਸੀ। ਹਿਟਲਰ ਨੇ ਆਪਣੇ ਨਾਜ਼ੀ ਸਾਥੀ ਤੇ ਦੋਸਤ, ਪਾਰਟੀ ਨੂੰ ਪਵਿੱਤਰ ਕਰਨ ਵਾਸਤੇ ਗੋਲੀਆਂ ਨਾਲ ਭੁੰਨ ਦਿੱਤੇ ਸਨ। ਇਵੇਂ ਸਟਾਲਿਨ ਰੂਸ ਨੂੰ ਕਤਲਾਂ ਰਾਹੀਂ ਪਵਿੱਤਰ ਕਰ ਰਿਹਾ ਸੀ। ਹਿਟਲਰ ਨੇ 60 ਲੱਖ ਯਹੂਦੀ ਮਾਰੇ। ਰੂਸੀ ਸਰ ਜ਼ਮੀਨ ਨੂੰ ਹਰ ਤਰ੍ਹਾਂ ਦੇ ਕਲਪਿਤ ਸਿਆਸੀ ਬਾਗ਼ੀਆਂ ਨੂੰ ਉਨੀ ਹੀ ਬੇਰਹਿਮੀ ਨਾਲ ਹਿਟਲਰ ਤੋਂ ਵਧੀਕ ਗਿਣਤੀ ਵਿਚ ਸਟਾਲਿਨ ਨੇ ਮਾਰਿਆ। ਇਸ ਨੂੰ ਪਾਰਟੀ ਦੀ ਸਫ਼ਾਇਆ ਮੁਹਿੰਮ (purges) ਕਿਹਾ ਗਿਆ।

ਦੋਰਾ, ਮੇਰੀਆਨਾ ਧੀ ਨਾਲ ਸੰਤੁਸ਼ਟ ਸੀ। ਸਤੰਬਰ 15 ਨੂੰ ਯਹੂਦੀਆਂ ਵਿਰੁੱਧ ਇਕ ਹੋਰ ਕਾਨੂੰਨ ਪਾਸ ਹੋਇਆ, ਉਨ੍ਹਾਂ ਤੋਂ ਨਾਗਰਿਕਤਾ ਖੋਹ ਲਈ, ਇਹ ਜਰਮਨਾਂ ਨਾਲ ਵਿਆਹ ਨਹੀਂ ਕਰਵਾਉਣਗੇ, ਹੋਰ ਸਮਾਜਿਕ ਸੰਬੰਧ ਨਹੀਂ ਰਹਿਣਗੇ। ਜੇ ਕੋਈ ਯਹੂਦੀ ਧਰਮ ਬਦਲ ਕੇ ਈਸਾਈ ਹੋਣਾ ਚਾਹੇ, ਆਗਿਆ ਨਹੀਂ। ਇਸ ਘੱਲੂਘਾਰੇ ਦੇ ਇਤਿਹਾਸਕਾਰ ਲੂਸੀ ਦਾਦੋਵਿਚ ਨੇ ਲਿਖਿਆ - ਜਿਹੜਾ ਯਹੂਦੀ ਹੈ, ਉਹ ਯਹੂਦੀ ਹੈ, ਯਹੂਦੀ ਹੈ, ਯਹੂਦੀ ਹੈ, ਮਾਰੋ। ਨਾਜ਼ੀਆਂ ਦਾ ਇਹੋ ਇਕ ਨਾਅਰਾ ਸੀ।

ਦੋਰਾ ਦੇ ਸਹੁਰੇ ਡਾ. ਜੈਕਬਸਨ ਲਾਸਕ ਨੂੰ ਰੂਸੋਂ ਸੱਦਾ ਆ ਗਿਆ ਤੇ ਪੱਤਰ ਵਿਚ ਲਿਖਿਆ ਸੀ ਕਿ ਦੋਰਾ ਅਤੇ ਉਸਦੀ ਧੀ ਵੀ ਉਸ ਨਾਲ ਆ ਸਕਦੇ ਹਨ। ਰਸਮੀ ਪ੍ਰਵਾਨਗੀਆਂ ਫੇਰ ਮਿਲ ਜਾਣਗੀਆਂ। ਦੋਰਾ ਨੇ ਅਟੈਚੀ ਕੇਸ ਵਿਚ ਸਾਮਾਨ ਪਾ ਲਿਆ। ਕਾਫ਼ਕਾ ਦੀਆਂ ਕੁਝ ਕਿਤਾਬਾਂ ਅਤੇ ਵਾਲ ਵਾਹੁਣ ਵਾਲਾ ਸੁਨਹਿਰੀ ਬੁਰੱਸ਼। ਕਾਫ਼ਕਾ ਦੀ ਨਿੱਜੀ ਨਿਸ਼ਾਨੀ ਬੱਸ ਇਹੋ ਬਚੀ ਸੀ ਇਕ। ਤੁਰਨ ਤੋਂ ਪਹਿਲਾਂ ਚੰਗੇ ਹੋਟਲ ਵਿਚ ਦੋਸਤਾਂ ਨਾਲ ਖ਼ੁਸ਼ ਖ਼ੁਸ਼ ਖਾਣਾ ਖਾਧਾ, ਸੁਖੀ ਸਫ਼ਰ ਵਾਸਤੇ ਯਹੂਦੀ ਪ੍ਰਾਰਥਨਾ ਕੀਤੀ, ਯਿੱਦਿਸ਼ ਬੋਲੀ ਵਿਚ ਰਸਮੀ ਯਹੂਦੀ ਗੀਤ ਗਾਏ, ਨਰਕ, ਸੁਰਗ ਬਣ ਗਿਆ, ਥੋੜ੍ਹੀ ਦੇਰ ਲਈ।

ਕਵੀ ਸਟੈਨਸਿਲ ਅਗਲੇ ਦਿਨ ਰੇਲਵੇ ਸਟੇਸ਼ਨ 'ਤੇ ਇਨ੍ਹਾਂ ਨੂੰ ਵਿਦਾ ਕਰਨ ਗਿਆ। ਧੀ ਦੋ ਸਾਲ ਦੀ ਹੋ ਗਈ ਸੀ। ਦੋਰਾ ਦੀ ਮੁੱਠੀ ਵਿਚ ਜਿੰਨੇ ਚਾਂਦੀ ਦੇ ਸਿੱਕੇ ਆਏ, ਸਟੈਨਸਿਲ ਨੂੰ ਦਿੰਦਿਆਂ ਕਿਹਾ - ਛੋਟਿਆਂ ਨੂੰ ਦਿਆ ਹੀ ਕਰਦੇ ਨੇ ਵੱਡੇ। ਗੈਸਟਾਪੋ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਜਾਂਦਿਆਂ ਦੇਖਿਆ, ਥਾਣੇ ਵਿਚ ਰਿਪੋਰਟ ਦਰਜ ਕਰਵਾਈ - ਅੱਜ 11-2-1936 ਨੂੰ ਲਾਸਕ ਪਰਿਵਾਰ ਮਾਸਕੋ ਲਈ ਰਵਾਨਾ ਹੋਇਆ। ਜਰਮਨ ਛੱਡ ਕੇ ਸੋਵੀਅਤ ਬੋਲਸ਼ਵਿਕਾਂ ਦੀ ਨੌਕਰੀ ਕਰਨੀ ਗ਼ੱਦਾਰੀ ਹੈ।

ਦੋ ਦਿਨ ਦੋ ਰਾਤ ਸਫ਼ਰ ਮੁਕਾ ਕੇ ਕਾਰਵਾਂ ਮਾਸਕੋ ਪੁੱਜਾ। ਜੁਆਨੀ ਵਿਚ ਡਾ. ਲਾਸਕ ਏਨਾ ਰੁਝਿਆ ਰਹਿੰਦਾ ਸੀ ਕਿ ਬੱਚਿਆਂ ਵਲ ਧਿਆਨ ਨਾ ਦਿੰਦਾ। ਨਾਜ਼ੀਆਂ ਨੇ ਉਸ ਨੂੰ ਇੰਨਾ ਵਿਹਲਾ ਕਰ ਦਿੱਤਾ ਕਿ ਪੋਤੀ ਨਾਲ ਖੇਡਦਾ ਰਹਿੰਦਾ। ਪੋਤੀ ਨੂੰ ਆਪਣੇ ਪਿਤਾ ਦਾ ਕੁਝ ਪਤਾ ਨਹੀਂ ਸੀ।

ਦੋਰਾ ਨੂੰ ਮਾਸਕੋ ਸੁਫ਼ਨਿਆਂ ਦਾ ਸ਼ਹਿਰ ਲੱਗਿਆ, ਤੁਰੀ ਜਾਂਦੀ ਨੇ ਹਿਬਰੂ ਅੱਖਰਾਂ ਵਿਚ ਲਿਸ਼ਕਦਾ ਪੜ੍ਹਿਆ - *ਯਹੂਦੀ ਕਾਮਿਆਂ ਦਾ ਥਿਏਟਰ,* ਪਹਿਲੀ ਵਾਰ ਆਪਣੇ ਯਹੂਦੀ ਹੋਣ ਉਪਰ ਮਾਣ ਹੋਇਆ, ਹੈ ਇਕ ਥਾਂ ਜਿਥੇ ਯਹੂਦੀ ਵੀ ਸਤਿਕਾਰ ਯੋਗ ਹਨ। ਮਾਸਕੋ ਵਿਚ ਨਵੀਨਤਾ ਆ ਰਹੀ ਸੀ, ਮੈਟਰੋ ਰੇਲ ਚੱਲ ਪਈ ਸੀ, ਨਵੀਆਂ ਕਾਲੋਨੀਆਂ ਆਬਾਦ ਹੋ ਰਹੀਆਂ ਸਨ। ਦੋਰਾ ਦੇ ਦੋਸਤ ਆਏ ਤੇ ਯਹੂਦੀ ਰੂਸੀ ਐਕਟਰ ਡਾਇਰੈਕਟਰ ਸੁਲੇਮਾਨ ਮਿਖ਼ਾਈਲ ਨੂੰ ਕਿੰਗ ਲੀਅਰ ਦਾ ਰੋਲ ਕਰਦਿਆਂ ਦਿਖਾਉਣ ਵਾਸਤੇ *ਸਟੇਟ ਯਹੂਦੀ ਥਿਏਟਰ* ਲੈ ਗਏ। ਇਹ ਰਾਤ ਉਸਨੂੰ ਕਦੀ ਨਾ ਭੁੱਲੀ। ਸੁਲੇਮਾਨ ਦੀ ਅਦਾਕਾਰੀ ਤਾਂ ਸੀ ਹੀ ਸਿਖਰਲੀ, ਬਾਕੀ ਸਾਰਾ ਕੁਝ ਵੀ ਸ਼ਾਨਦਾਰ ਸੀ।

ਕਈ ਸਾਲ ਬਾਦ ਸਟੇਨਸਲ ਦੇ ਯਿੱਦੀ ਰਸਾਲੇ ਵਾਸਤੇ ਉਸਨੇ ਲਿਖਿਆ - ਪੀਲੇ, ਬਿਮਾਰ, ਅਪਰਾਧੀ ਜਰਮਨ ਵਿੱਚੋਂ ਨਿਕਲ ਕੇ ਇਸ ਥਿਏਟਰ ਦੇ ਲੋਕ ਕਿਹੋ ਜਿਹੇ ਲੱਗੇ, ਦੱਸ ਨਹੀਂ ਹੁੰਦਾ, ਹਿਬਰੂ ਅੱਖਰ ਦੇਖ ਦੇਖ ਮੈਂ ਰੱਜਦੀ ਨਾ, ਦੁਆ ਕਰਦੀ, ਰੂਸ ਸੁਖੀ ਵੱਸੇ। ਲੰਮੀਆਂ ਕਤਾਰਾਂ ਵਿਚ ਵੱਖ ਵੱਖ ਬੋਲੀਆਂ, ਵੱਖ ਵੱਖ ਨਸਲਾਂ ਦੇ ਲੋਕ ਟਿਕਟ ਖ਼ਰੀਦਣ ਲਈ ਖਲੋਤੇ, ਠੰਢ ਤੋਂ ਬਚਣ ਲਈ ਕਦੀ ਕਦੀ ਸਹਿਜੇ ਸਹਿਜੇ ਕੁੱਦਣ ਲੱਗਦੇ, ਕਿੰਗ ਲੀਅਰ ਦਾ ਯਹੂਦੀ ਨਾਇਕ ਦੇਖਣ ਲਈ ਤੱਤਪਰ। ਅੱਜ ਜਿਹੜਾ ਇਸ ਦਾ ਨਾਇਕ ਹੈ, ਉਸੇ ਸੁਲੇਮਾਨ ਨੇ 1920 ਵਿਚ ਇਸ ਥਿਏਟਰ ਦੀ ਉਸਾਰੀ ਕੀਤੀ ਸੀ। ਤੁਹਾਡੀ ਕਲਪਣਾ ਜਿੰਨੀ ਮਰਜ਼ੀ ਵੱਡੀ ਹੈ, ਤੁਸੀਂ ਇਸ ਦੀ ਸੁੰਦਰਤਾ ਤੱਕ ਖ਼ਿਆਲਾਂ ਖ਼ਿਆਲਾਂ ਵਿਚ ਨਹੀਂ ਪੁੱਜ ਸਕਦੇ। ਡਰਾਮਾ ਕਿਹੋ ਜਿਹਾ ਲੱਗਾ, ਨਹੀਂ ਲਿਖਾਂਗੀ, ਦੁਨੀਆਂ ਭਰ ਦੇ ਆਰਟ ਕਰਿਟਿਕ ਲਿਖ ਤਾਂ ਚੁੱਕੇ ਹਨ। ਖ਼ਤਮ ਹੋਣ 'ਤੇ ਲੋਕ ਸੁਲੇਮਾਨ ਦੇ ਦੁਆਲੇ ਇਉਂ ਚੱਕਰ ਕੱਟਣ ਲੱਗੇ ਜਿਵੇਂ ਘੁੱਗੀਆਂ ਗੇੜੇ ਕੱਢਦੀਆਂ ਹੋਣ। ਸੁਲੇਮਾਨ ਨੂੰ ਪਿਆਰ ਕਰਨੋਂ ਹਟਿਆ ਈ ਨਹੀਂ ਜਾਂਦਾ।

ਰੂਸੀ ਨਾਗਰਿਕਤਾ ਲੈਣ ਵਾਸਤੇ ਉਸਨੇ ਫ਼ਾਰਮ ਭਰਿਆ, ਹਰ ਤੱਥ ਸਹੀ। ਲਿਖਿਆ ਕਿ ਛੇ ਸਾਲ ਤੋਂ ਜਰਮਨ ਵਿਚ ਕਾਮਰੇਡਾਂ ਦੀ ਲੀਡਰ ਰਹੀ ਹਾਂ। ਅਧਿਕਾਰੀਆਂ ਨੇ ਕਿਹਾ - ਜਰਮਨ ਰਹਿੰਦੇ ਉਨ੍ਹਾਂ ਕਾਮਰੇਡਾਂ ਦੇ ਨਾਮ ਦੱਸੋ ਜਿਹੜੇ ਤੁਹਾਡੇ ਤੱਥਾਂ ਦੇ ਸਹੀ ਹੋਣ ਦੀ ਪੁਸ਼ਟੀ ਕਰਨ। ਦੋਰਾ ਨੇ ਕਿਹਾ - ਕਾਮਰੇਡ ਰੋਸ਼ੀਲਡ, ਪਰ ਉਹ ਹੁਣ ਜੇਲ੍ਹ ਵਿਚ ਹੈ।

ਧੀ ਮੇਰੀਆਨਾ ਨੂੰ ਤੇਜ਼ ਬੁਖ਼ਾਰ ਹੋ ਗਿਆ, ਇਕ ਵਾਰ ਤਾਂ ਬਚਣ ਦੀ ਆਸ ਨਹੀਂ ਸੀ ਰਹੀ। ਹਸਪਤਾਲ ਦਾਖ਼ਲ ਕਰਵਾਈ। ਦਵਾਈਆਂ ਨਹੀਂ ਸਨ। ਮੈਲੀਆਂ ਚਾਦਰਾਂ ਤੇ ਗੰਦੇ ਕੰਬਲ, ਚਾਦਰਾਂ ਹਫ਼ਤੇ ਵਿਚ ਇਕ ਵਾਰ ਧੋਣੀਆਂ, ਕੰਬਲ ਕਦੀ ਵੀ ਨਹੀਂ। ਸੁਕੀ ਉਲਟੀ ਖੁਰਚ ਕੇ ਉਤਾਰ ਦਿੰਦੇ। ਜੀਨ ਲੀਆਨ ਨੇ ਲਿਖਿਆ ਸੀ - ਸਮਾਜਵਾਦ ਵਿਚ ਕਿਉਂਕਿ ਸਾਰੇ ਬਰਾਬਰ ਹਨ, ਤੁਸੀਂ ਸਾਫ਼ ਚਾਦਰ, ਸਾਫ਼ ਕੰਬਲ ਘਰੋਂ ਹਸਪਤਾਲ ਨਹੀਂ ਲਿਆ ਸਕਦੇ। ਭਾਰੀ ਮਸ਼ੀਨਰੀ ਖ਼ਰੀਦੀ ਜਾ ਰਹੀ ਹੈ, ਵੱਡੀ ਗਿਣਤੀ ਵਿਚ ਸਿਆਸੀ ਕਤਲ ਹੋ ਰਹੇ ਹਨ, ਹਸਪਤਾਲਾਂ ਵੱਲ ਧਿਆਨ ਦੇਣ ਦੀ ਫ਼ੁਰਸਤ ਕਿਸ ਨੂੰ ਹੈ, ਪੈਸੇ ਕਿਥੇ ਹਨ ?

ਖ਼ੁਫ਼ੀਆ ਪੁਲਿਸ ਅਫ਼ਸਰ ਨੇ ਪੁੱਛਿਆ - ਉਲਾ ਨਾਮ ਦੀ ਔਰਤ ਨੂੰ ਜਾਣਦੀ ਹੈਂ ? ਦੋਰਾ ਨੇ ਸਾਬਤ ਕਰਨਾ ਸੀ ਕਿ ਰੂਸ ਦੀ ਪਵਿੱਤਰ ਧਰਤੀ ਉਪਰ ਕੋਈ ਤੱਥ ਨਹੀਂ ਛੁਪਾਏਗੀ, ਕਿਹਾ - ਹਾਂ, ਉਹ ਮੇਰੇ ਨਾਲ ਥਿਏਟਰ ਕਰਦੀ ਰਹੀ ਹੈ। ਅਫ਼ਸਰ ਨੇ ਦੱਸਿਆ - ਤੁਹਾਨੂੰ ਪਤੈ ਉਹ ਡਬਲ ਡਿਊਟੀ ਕਰਦੀ ਰਹੀ ? ਇਧਰ ਰੂਸ ਵਿਚ ਪਨਾਹ ਲੈ ਲਈ ਤੇ ਕੰਮ ਨਾਜ਼ੀਆਂ ਕੋਲ ਮੁਖ਼ਬਰੀ ਦਾ ਕਰਦੀ ਰਹੀ, ਉਸ ਦਾ ਮੁੰਡਾ ਤੇਰੀ ਧੀ ਜਿੱਡਾ ਕੁ ਹੈ। ਉਸਦੇ ਪਤੀ ਬੈਕਰ ਨੂੰ ਇਥੇ ਗ਼ੱਦਾਰੀ ਦੇ ਦੋਸ਼ ਅਧੀਨ ਦਸ ਸਾਲ ਦੀ ਸਜ਼ਾ ਮਿਲੀ ਹੈ।

30 ਜੂਨ 1935, ਦੋਰਾ ਦੇ ਦਿਉਰ ਅਰਨੈਸਟ ਦੀ ਲਾਸ਼ ਮਾਸਕੋ ਹਸਪਤਾਲ ਦੇ ਇਕ ਮੇਜ਼ ਉਪਰ ਪਈ ਮਿਲੀ, ਸਾਰੇ ਪਰਿਵਾਰ ਵਿਚ ਸਭ ਤੋਂ ਦਲੇਰ ਜੁਆਨ ਸੀ ਇਹ। ਇਸ ਦੀ ਮੌਤ ਦੇ ਕਾਰਨ ਦਾ ਕਿਸੇ ਨੂੰ ਪਤਾ ਨਾ ਲੱਗਾ, ਮਾਂ ਬਰਟਾ ਦੁਖ ਤੋਂ ਰਾਹਤ ਪਾਉਣ ਵਾਸਤੇ ਲਿਖਣ ਲੱਗ ਪਈ।

ਮਾਸਕੋ ਵਿਚ ਪਬਲਿਕ ਮੁਕੱਦਮਿਆਂ ਦੀਆਂ ਖ਼ਬਰਾਂ ਗਰਮ ਸਨ, ਕਿਵੇਂ ਪੁਰਾਣੇ ਇਨਕਲਾਬੀ ਹੀਰੋ, ਜ਼ੀਨੋਵੀਵ ਤੇ ਕਾਮੀਨੀਵ ਤੋਂ ਗ਼ੱਦਾਰੀ ਕਰਨ ਦੇ ਇਕਬਾਲੀਆ ਬਿਆਨ ਕਰਵਾਏ ਗਏ ਤੇ ਫਿਰ ਗੋਲੀਆਂ ਦਾਗ਼ੀਆਂ ਗਈਆਂ, ਉਨ੍ਹਾਂ ਪਿੱਛੋਂ 60 ਜਰਨੈਲਾਂ ਤੇ ਪਾਰਟੀ ਲੀਡਰਾਂ ਨੂੰ ਸ਼ਰੇਆਮ ਇਸੇ ਤਰ੍ਹਾਂ ਮਾਰਿਆ ਗਿਆ। ਕਾਮਰੇਡ ਨਿਕੋਲਾਈ ਬੁਖਾਰਨ, ਲੈਨਿਨ ਅਤੇ ਤਾਸਕੀ ਤੋਂ ਬਾਦ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਚਿੰਤਕ ਸੀ। ਲੈਨਿਨ ਉਸਨੂੰ ਪਾਰਟੀ ਦਾ ਕੋਹਿਨੂਰ ਕਿਹਾ ਕਰਦਾ ਸੀ। ਸਾਲ 1938 ਵਿਚ ਸਟਾਲਿਨ ਦੁਆਰਾ ਚੌਥੇ ਅਤੇ ਆਖ਼ਰੀ ਬਦਨਾਮ ਮਾਸਕੋ ਮੁਕੱਦਮੇ ਵਿਚ ਜਿਵੇਂ ਜ਼ਲੀਲ ਕਰ ਕੇ ਮਾਰਿਆ, ਪੜ੍ਹ ਕੇ ਕਾਂਬਾ ਛਿੜ ਜਾਂਦਾ ਹੈ। ਇਕ ਰੂਸੀ ਦੂਜੇ ਨਾਲ ਗੱਲ ਕਰ ਕੇ ਸਹਿਮਦਾ ਸੀ, ਕੀ ਪਤਾ ਕੌਣ ਕੇ.ਜੀ.ਬੀ. ਦਾ ਏਜੰਟ ਹੋਵੇ ?

ਸਜ਼ਾ ਕੱਟ ਰਹੇ ਬੈਕਰ ਨੂੰ ਗੋਲੀ ਨਾਲ ਫੁੰਡ ਦਿੱਤਾ ਗਿਆ। ਦੋਰਾ, ਬੈਕਰ ਅਤੇ ਇਸ ਦੀ ਪਤਨੀ ਨੂੰ ਜਾਣਦੀ ਸੀ, ਇਹੋ ਤਕੜਾ ਅਪਰਾਧ ਬਣਦਾ ਸੀ।

ਜਰਮਨ ਸਰਕਾਰ ਨੇ *ਬਿਮਾਰ ਯਹੂਦੀ ਦਿਮਾਗ਼ ਦੀਆਂ ਕਿਰਤਾਂ* ਆਖ ਕੇ ਕਾਫ਼ਕਾ ਦੇ ਸਾਹਿਤ ਉਪਰ ਪਾਬੰਦੀ ਲਾ ਦਿੱਤੀ, ਮਾਸਕੋ ਵਿਚ ਇਟਾਲੀਅਨ ਕਾਮਰੇਡ ਲਿਨਾਰੀ ਰਹਿੰਦਾ ਸੀ ਜਿਹੜਾ ਕਾਫ਼ਕਾ ਦਾ ਪਾਠਕ ਸੀ, ਮਸੋਲੀਨੀ ਦੇ ਤਸੀਹਾ ਕੇਂਦਰ ਵਿਚ ਉਸਦੀਆਂ ਦੋਵੇਂ ਲੱਤਾਂ ਅਤੇ ਇਕ ਹੱਥ ਕੱਟ ਦਿੱਤਾ ਗਿਆ ਸੀ। ਦੋਰਾ ਨੇ ਉਸ ਨੂੰ ਪੁੱਛਿਆ - ਕੀ ਰੂਸੀਆਂ ਵਾਸਤੇ ਕਾਫ਼ਕਾ ਦੇ ਅਨੁਵਾਦ ਵਧੀਆ ਰਹਿਣਗੇ ? ਲਿਨਾਰੀ ਨੇ ਹਾਂ ਵਿਚ ਸਿਰ ਹਿਲਾਇਆ - ਯਕੀਨਨ, ਉਹ ਬਹੁਤ ਵੱਡਾ ਬੰਦਾ ਸੀ।

ਦੋਰਾ ਦੀ ਘਬਰਾਹਟ ਵੱਧ ਰਹੀ ਸੀ, ਕੁਝ ਸਮੇਂ ਬਾਦ ਉਸ ਦੀ ਜਾਣ-ਪਛਾਣ ਦਾ ਬੰਦਾ ਜਾਂ ਗ੍ਰਿਫ਼ਤਾਰ ਕਰ ਲਿਆ ਜਾਂਦਾ ਜਾਂ ਮਰੇ ਦੀ ਖ਼ਬਰ ਸੁਣਦੀ। ਵਿਦੇਸ਼ੀ ਕਾਮਰੇਡਾਂ ਉਪਰ ਕਰੜੀ ਨਿਗਾਹ ਸੀ।

1 ਮਾਰਚ ਨੂੰ ਮੇਰੀਆਨਾ ਦਾ ਤੀਜਾ ਜਨਮ ਦਿਨ ਮਨਾਇਆ ਗਿਆ। ਦੋਰਾ ਨੇ ਧਿਆਨ ਨਾਲ ਦੇਖਿਆ, ਮੇਰੀਆਨਾ ਕਾਫ਼ਕਾ ਵਰਗੀ ਬਣਦੀ ਜਾ ਰਹੀ ਸੀ, ਉਵੇਂ ਡੂੰਘੀਆਂ ਗੱਲ੍ਹਾਂ, ਉਹੋ ਜਿਹੀਆਂ ਅੱਖਾਂ। ਪਤਲਾ ਜਿਸਮ ਕਿਉਂ ਹੈ, ਟੈਸਟ ਕਰਵਾਏ ਗਏ ਤਾਂ ਤਪਦਿਕ ਦੇ ਲੱਛਣ ਨਿਕਲੇ। ਸਿਰ ਦੇ ਵਾਲ ਝੜਨ ਲੱਗੇ। ਡਾਕਟਰ ਨਾਂਹ ਵਿਚ ਸਿਰ ਹਿਲਾਣ ਲੱਗੇ ... ਰੂਸ ਵਿਚ ਇਲਾਜ ਨਹੀਂ। ਰੂਸ ਵਿੱਚੋਂ ਬਾਹਰ ਲਿਜਾ ਕੇ ਇਲਾਜ ਕਰਵਾਉਣ ਦੀ ਆਗਿਆ ਨਹੀਂ ਮਿਲੇਗੀ, ਦੋਰਾ ਜਾਣਦੀ ਸੀ, ਤਾਂ ਵੀ ਉਸ ਨੇ ਸਵਿਟਜ਼ਰਲੈਂਡ ਜਾਣ

ਵਾਸਤੇ ਅਰਜ਼ੀ ਪਾ ਦਿੱਤੀ, ਦੋਰਾ ਨੂੰ ਯਕੀਨ ਹੋ ਗਿਆ, ਆਗਿਆ ਮਿਲੇਗੀ, ਧੀ ਬਚੇਗੀ। ਇਕ ਮੁਸ਼ਕਲ ਹੋਰ, ਜੇ ਰੂਸ ਨੇ ਜਾਣ ਦੀ ਆਗਿਆ ਦੇ ਦਿੱਤੀ ਤਾਂ ਸਵਿਸ ਵੀਜ਼ਾ ਕਿਵੇਂ ਮਿਲੇਗਾ ? ਦੋਰਾ ਨੇ ਇਕ ਚਲਾਕੀ ਖੇਡੀ ਹੋਈ ਸੀ, ਰੂਸੀ ਪਾਸਪੋਰਟ ਲੈ ਕੇ ਜਰਮਨ ਪਾਸਪੋਰਟ ਜਮ੍ਹਾਂ ਕਰਵਾਉਣਾ ਹੁੰਦਾ ਹੈ। ਉਸਨੇ ਨਹੀਂ ਕਰਵਾਇਆ ਸੀ, ਇਸ ਦੀ ਸਜ਼ਾ ਗੋਲੀ ਹੈ। ਹੋਵੇ ਗੋਲੀ ਦੀ ਸਜ਼ਾ। ਤਾਂ ਕੀ।

ਦੋਰਾ ਦੀ ਉਹ ਅਰਜ਼ੀ ਰੱਦ ਹੋ ਗਈ ਜਿਹੜੀ ਉਸਨੇ ਕਮਿਊਨਿਸਟ ਪਾਰਟੀ ਆਫ਼ ਰਸ਼ੀਆ ਦੀ ਮੈਂਬਰਸ਼ਿਪ ਲਈ ਪਾਈ ਸੀ - *ਇਸ ਦਾ ਪਿਛੋਕੜ ਸ਼ੱਕੀ ਹੈ।* ਬਿਨਾਂ ਪਾਰਟੀ ਮੈਂਬਰਸ਼ਿਪ ਵਿਦੇਸ਼ੀ ਬੰਦੇ ਲਈ ਜੀਣਾ ਔਖਾ ਕੰਮ ਸੀ। ਦੋਰਾ ਦੀ ਉਸ ਅਰਜ਼ੀ ਦਾ ਕੋਈ ਜਵਾਬ ਨਹੀਂ ਆਇਆ ਜੋ ਉਸਨੇ ਰੂਸ ਛੱਡਣ ਦੀ ਆਗਿਆ ਲਈ ਭੇਜੀ ਸੀ।

ਪਤੀ ਲੁੱਜ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਕਿਸੇ ਗ਼ਲਤ ਬੰਦੇ ਨਾਲ ਸੰਬੰਧਾਂ ਦਾ ਪਤਾ ਲੱਗਾ ਸੀ, ਦੋਰਾ ਨੇ ਲਿਨਾਰੀ ਨੂੰ ਕਾਫ਼ਕਾ ਦੀਆਂ ਕਿਤਾਬਾਂ ਦਿੱਤੀਆਂ ਸਨ, ਉਸ ਨੂੰ ਵੀ ਗ੍ਰਿਫ਼ਤਾਰ ਕਰ ਕੇ ਅਣਦੱਸੀ ਥਾਂ ਲੈ ਗਏ। ਦੋਰਾ ਦੇ ਹੱਕ ਵਿਚ ਤਾਂ ਕਿਸੇ ਨੇ ਕੀ ਗੱਲ ਕਰਨੀ ਸੀ, ਦੋਰਾ ਦੀ ਗੱਲ ਕੋਈ ਸੁਣਨ ਲਈ ਤਿਆਰ ਨਹੀਂ ਸੀ। ਕੁਝ ਸਾਹਿਤ ਨਾਜ਼ੀ ਲੈ ਗਏ, ਬਾਕੀ ਬਚਦਾ ਰੂਸੀ। ਫ਼ੈਸਲਾ ਸੀ ਤਾਂ ਖ਼ਤਰਨਾਕ ਪਰ ਦੋਰਾ ਫ਼ੈਸਲੇ ਲੈ ਸਕਦੀ ਸੀ। ਉਸਨੇ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ - ਜਰਮਨੀ ਵਿਚ ਕਾਫ਼ਕਾ ਸਾਹਿਤ ਉੱਤੇ ਪਾਬੰਦੀ ਹੈ। ਮੈਂ ਲਿਨਾਰੀ ਨੂੰ ਉਹ ਕਿਤਾਬਾਂ ਦੇ ਦਿੱਤੀਆਂ ਜਿਹੜੀਆਂ ਅਜੇ ਛਪੀਆਂ ਨਹੀਂ। ਸਾਰਾ ਸੰਸਾਰ ਜਾਣਦਾ ਹੈ ਇਹ ਲਿਖਤਾਂ ਅਣਮੋਲ ਹਨ, ਲਿਨਾਰੀ ਕੋਲੋਂ ਜੋ ਕਿਤਾਬਾਂ ਤੁਸੀ ਜ਼ਬਤ ਕੀਤੀਆਂ, ਮੈਨੂੰ ਵਾਪਸ ਕਰ ਦਿਓ ਤਾਂ ਤੁਹਾਡੀ ਕੇਵਲ ਮੈਂ ਨਹੀਂ, ਦੁਨੀਆਂ ਸ਼ੁਕਰਗੁਜ਼ਾਰ ਹੋਵੇਗੀ। ਦੋਰਾ ਨੂੰ ਨਾ ਖ਼ਤ ਦਾ ਜਵਾਬ ਮਿਲਿਆ ਨਾ ਕਿਤਾਬਾਂ। ਮੇਰੀਆਨਾ ਆਸ ਤੋਂ ਉਲਟ ਚੌਥਾ ਜਨਮ ਦਿਨ ਮਨਾਣ ਤੱਕ ਜੀਵੀ ਗਈ, ਵਾਲ ਮੁੜ ਉੱਗਣੇ ਸ਼ੁਰੂ ਹੋ ਗਏ। 26 ਮਈ ਨੂੰ ਰਸਮੀ ਤੌਰ 'ਤੇ ਲੁੱਜ਼ ਉਪਰ ਜਸੂਸੀ ਕਰਨ ਦਾ ਦੋਸ਼ ਲੱਗ ਗਿਆ, ਮਹੀਨਿਆਂ ਤੱਕ ਉਸ ਦੀ ਮਾਂ ਬਰਟਾ ਨੂੰ ਵੀ ਪਤਾ ਨਾ ਲੱਗਾ ਕਿਥੇ ਲੈ ਗਏ। ਲੁੱਜ਼ ਸੋਚਦਾ ਰਿਹਾ ਕਿ ਅਦਾਲਤ ਵਿਚ ਜਾ ਕੇ ਆਪਣੇ ਨਿਰਦੋਸ਼ ਹੋਣ ਦੇ ਸਬੂਤ ਦਿਆਂਗਾ ਤਾਂ ਰਿਹਾਈ ਹੋ ਜਾਵੇਗੀ। ਅਦਾਲਤ ਸਾਹਮਣੇ ਪੇਸ਼ੀ ਨਹੀਂ ਹੋਈ, ਪੁਲਿਸ ਮਹਿਕਮੇ ਨੇ ਪੰਜ ਸਾਲ ਬਾ-ਮੁਸ਼ਕਤ ਕੈਦ ਦੀ ਸਜ਼ਾ ਸੁਣਾ ਦਿੱਤੀ, ਪੂਰਬੀ ਸਾਇਬੇਰੀਆ ਭੇਜ ਦਿੱਤਾ ਗਿਆ। ਦੋਰਾ ਨੇ ਮੁੜ ਉਸਦੀ ਸ਼ਕਲ ਕਦੀ ਨਹੀਂ ਦੇਖੀ।

1938 ਵਿਚ ਧੀ ਸਮੇਤ ਦੋਰਾ ਰੂਸ ਵਿੱਚੋਂ ਭੱਜ ਨਿਕਲਣ ਵਿਚ ਕਿਵੇਂ ਕਾਮਯਾਬ ਹੋਈ, ਇਸ ਭੇਦ ਦਾ ਕਿਸੇ ਨੂੰ ਪਤਾ ਨਹੀਂ। ਬਸ ਏਨਾ ਜ਼ਰੂਰ ਹੈ, ਉਸ ਨੇ ਉਹ ਕਰ ਦਿੱਤਾ ਜੋ ਹੋ ਨਹੀਂ ਸਕਦਾ, ਪਾਵਲ ਲਿਖਦਾ ਹੈ - ਬੱਚੀ ਨੂੰ ਰਾਜ਼ੀ ਕਰ ਲੈਣਾ ਚਮਤਕਾਰ ਹੈ, ਇਸ ਤੋਂ ਵੀ ਵੱਡਾ ਚਮਤਕਾਰ ਹੈ ਪੋਲਿਸ਼ ਕੁੜੀ, ਕੈਦੀ ਦੀ ਪਤਨੀ ਦਾ ਸਟਾਲਿਨ ਦੀ ਲੋਹ-ਕੰਧ ਟੱਪ ਕੇ ਨਿਕਲ ਜਾਣਾ, ਇਨ੍ਹਾਂ ਨੂੰ ਤ੍ਰਾਸਕੀ ਦੇ ਮੁਰੀਦ ਆਖ ਕੇ ਗੋਲੀ ਦਾਗਣੀ ਸੀ ਤੇ ਬਸ ਕੰਮ ਫ਼ਤਹਿ। ਜੋ ਦੋਰਾ ਨੇ ਕੀਤਾ, ਉਹ ਦੋਰਾ ਹੀ ਕਰ ਸਕਦੀ ਸੀ।

ਸਟਾਲਿਨੀ ਆਤੰਕ ਦੇ ਸ਼ਿਕਾਰ ਵਿਦੇਸ਼ੀਆਂ ਉਪਰ ਰੇਨਰ ਬਾਰਥ ਵੱਡੀ ਅਥਾਰਟੀ ਹੈ, ਉਹ ਅੰਦਾਜ਼ਾ ਲਾਉਂਦਾ ਹੈ ਕਿ ਜਿਹੜੇ ਵਿਦੇਸ਼ੀ ਰੂਸ ਵਿੱਚੋਂ ਵਾਪਸ ਦੇਸ ਜਾਣਾ ਚਾਹੁੰਦੇ, ਸਰਕਾਰ ਇਹ ਵਾਅਦਾ ਲੈ ਕੇ, ਕਿ ਉਥੇ ਜਾ ਕੇ ਰੂਸ ਵਾਸਤੇ ਜਸੂਸੀ ਕਰੋਗੇ, ਭੇਜ ਦਿੱਤੇ ਜਾਂਦੇ ਸਨ, ਕਿਉਂਕਿ ਵਿਦੇਸ਼ਾਂ ਵਿਚ ਏਜੰਟਾਂ ਦੀ ਘਾਟ ਸੀ। ਇਸ ਨੂੰ ਜਸੂਸੀ ਕਰਨਾ ਨਹੀਂ,

ਪਾਰਟੀ ਦੇ ਖ਼ਾਸ ਕੰਮ ਕਰਨਾ ਕਿਹਾ ਜਾਂਦਾ ਸੀ, ਆਪਣੀ ਧੀ ਨੂੰ ਬਚਾਉਣ ਵਾਸਤੇ ਉਹ ਅਜਿਹਾ ਕਰ ਸਕਦੀ ਸੀ। ਜਿਨ੍ਹਾਂ ਦੇ ਪਤੀ ਕੈਦ ਹੋ ਜਾਂਦੇ ਸਨ, ਉਨਾਂ ਦੀਆਂ ਪਤਨੀਆਂ ਅਤੇ ਬੱਚੇ ਜਾਂ ਤਾਂ ਭੁੱਖ ਨਾਲ ਮਰ ਜਾਂਦੇ ਸਨ ਜਾਂ ਸਟਾਲਿਨ ਦੀ ਸਰਕਾਰ ਜਰਮਨ ਗੈਸਟਾਪੋ ਨੂੰ ਸੌਂਪ ਦਿੰਦੀ, ਉਹ ਮਾਰ ਦਿੰਦੇ। ਪਰ ਦੋਰਾ ਦੇ ਕੇਸ ਵਿਚ ਇਹ ਸਭ ਅੰਦਾਜ਼ੇ ਹਨ, ਪੱਕਾ ਪਤਾ ਕਿਸੇ ਨੂੰ ਨਹੀਂ, ਕੀ ਹੋਇਆ।

ਸਟੀਮਰ ਰਾਹੀਂ ਕਾਲਾ ਸਾਗਰ ਪਾਰ ਕਰ ਕੇ ਇਸਤੰਬੂਲ ਪੁੱਜੀ। ਫਿਰ ਰੇਲ ਰਾਹੀਂ ਬੁਲਗਾਰੀਆ, ਯੂਗੋਸਲਾਵੀਆ ਤੋਂ ਇਟਲੀ ਹੁੰਦੀ ਹੋਈ ਸਵਿਸ ਬਾਰਡਰ ਲੁਗਾਨੋ 'ਤੇ ਪੁੱਜੀ, ਸਵਿਟਜ਼ਰਲੈਂਡ ਨੇ ਉਸ ਨੂੰ ਬਾਰਡਰ ਪਾਰ ਕਰਨ ਦੀ ਆਗਿਆ ਨਾ ਦਿੱਤੀ। ਇਥੋਂ ਉਸਨੇ ਹਾਲੈਂਡ ਜਾਣ ਦਾ ਫ਼ੈਸਲਾ ਕੀਤਾ, ਜਿਥੇ ਨਣਦ ਨਣਦੋਈਆ ਰਹਿੰਦੇ ਸਨ। ਇਸ ਸਫ਼ਰ ਦਾ ਖ਼ਰਚਾ ਕਿਥੋਂ ਆਇਆ, ਕੋਈ ਨਹੀਂ ਜਾਣਦਾ। ਰੂਥ ਲਾਸਕ ਆਪਣੀ ਭਰਜਾਈ ਅਤੇ ਭਤੀਜੀ ਨੂੰ ਦੇਖ ਕੇ ਬੇਅੰਤ ਖ਼ੁਸ਼ ਹੋਈ। ਭਤੀਜੀ ਤਾਂ ਪਹਿਲੀ ਵਾਰ ਦੇਖੀ, ਉਸਦੇ ਜਨਮ ਤੋਂ ਪਹਿਲੋਂ ਇਹ ਜਰਮਨੀ ਛੱਡ ਚੁੱਕੀ ਸੀ, ਦੋਰਾ ਨੇ ਦਿਓਰ ਦੇ ਕਤਲ ਅਤੇ ਪਤੀ ਨੂੰ ਕੈਦ ਦੀਆਂ ਉਦਾਸ ਖ਼ਬਰਾਂ ਦਿੱਤੀਆਂ, ਰੂਥ ਨੇ ਕਿਹਾ - ਮੈਨੂੰ ਤਾਂ ਲੱਗਦਾ ਸੀ ਮੈਂ ਹੁਣ ਕਿਸੇ ਨੂੰ ਕਦੀ ਨਹੀਂ ਦੇਖ ਸਕਾਂਗੀ ਪਰ ਦੇਖ ਤੂੰ ਆ ਗਈ। ਭਤੀਜੀ ਆ ਗਈ।

ਦੋਰਾ ਨੇ ਕਿਹਾ - ਜੇ ਧੀ ਦਾ ਇਥੇ ਇਲਾਜ ਨਾ ਹੋਇਆ, ਫੇਰ ਮੈਂ ਇਹਨੂੰ ਇੰਗਲੈਂਡ ਲੈ ਜਾਵਾਂਗੀ। ਦੁਨੀਆਂ ਦੇ ਸਭ ਤੋਂ ਵਧੀਆ ਡਾਕਟਰ ਉਥੇ ਨੇ। ਰੂਥ ਨੇ ਕਿਹਾ - ਹਾਂ, ਲੰਡਨ ਦੇ ਪੂਰਬ ਵਿਚ ਯਹੂਦੀ ਬਸਤੀਆਂ ਨੇ, ਉਥੇ ਉਜੜੇ ਲੋਕਾਂ ਵਾਸਤੇ ਰਾਹਤ ਕੈਂਪ ਵੀ ਨੇ। ਜਰਮਨ ਧਮਕੀਆਂ ਦੇ ਰਿਹਾ ਸੀ, ਦੋਰਾ ਸੋਚਣ ਲੱਗੀ ਜੇ ਇੰਗਲੈਂਡ ਵਿਰੁੱਧ ਜਰਮਨੀ ਨੇ ਯੁੱਧ ਛੇੜ ਦਿੱਤਾ, ਫਿਰ ਬਾਰਡਰ ਸੀਲ ਹੋ ਜਾਵੇਗਾ, ਫਿਰ ਮੈਂ ਕਿਵੇਂ ਜਾ ਸਕਾਂਗੀ ? ਫਿਰ ਤਾਂ ਇਥੇ ਫਸ ਜਾਵਾਂਗੀ। ਕੁਝ ਦਿਨ ਆਰਾਮ ਕਰ ਕੇ ਦੋਰਾ ਧੀ ਸਮੇਤ ਲੰਦਨ ਵੱਲ ਰਵਾਨਾ ਹੋ ਗਈ। ਚਾਰ ਘੰਟਿਆਂ ਦਾ ਸਮੁੰਦਰੀ ਸਫ਼ਰ ਮੁਕਾ ਕੇ ਬਾਰਡਰ ਪੁੱਜੀ ਤਾਂ ਦਾਖ਼ਲੇ ਤੋਂ ਇਨਕਾਰ। ਇੰਗਲੈਂਡ ਇਕ ਜਰਮਨ ਨੂੰ ਕਿਉਂ ਵੜਨ ਦੇਵੇ ? ਵਾਪਸ ਨਣਦ ਦੇ ਘਰ ਪਰਤ ਆਈ।

ਜਦੋਂ ਚੈਕੋਸਲਵਾਕੀਆ ਉਪਰ ਜਰਮਨੀ ਨੇ ਹਮਲਾ ਕਰ ਦਿੱਤਾ, ਮੈਕਸਬਰੋਦ ਤਲ-ਅਵੀਵ ਨੂੰ ਜਾਣ ਵਾਲੇ ਸਮੁੰਦਰੀ ਜਹਾਜ਼ ਵਿਚ ਬੈਠ ਗਿਆ। ਉਸਦੇ ਹੱਥ ਵਿਚ ਇਕ ਅਟੈਚੀ ਕੇਸ ਸੀ ਜਿਸ ਵਿਚ ਕਾਫ਼ਕਾ ਦੀਆਂ ਅਣਛਪੀਆਂ ਲਿਖਤਾਂ ਸਨ। ਚੈਕੋਸਲਵਾਕੀਆ ਬਾਰਡਰ ਤੋਂ ਤੁਰਨ ਵਾਲਾ ਇਹ ਆਖ਼ਰੀ ਜਹਾਜ਼ ਸੀ। ਸਾਲ 1937 ਵਿਚ ਬਰੋਦ ਨੇ ਕਾਫ਼ਕਾ ਦੀ ਜੀਵਨੀ ਛਪਵਾਈ ਸੀ ਜੋ ਦੋਰਾ ਨੇ ਨਹੀਂ ਪੜ੍ਹੀ ਸੀ। ਹੁਣ ਯੌਰਪ ਆ ਕੇ ਪੜ੍ਹੀ। ਇਕ ਅਧਿਆਏ ਤਾਂ ਹੈ ਹੀ ਦੋਰਾ ਉਪਰ। ਉਹ ਤਾਂ ਬਰੋਦ ਨੂੰ ਸਮਝ ਹੀ ਨਹੀਂ ਸਕੀ। ਲੜ ਪੈਂਦੀ ਸੀ, ਝੂਠ ਬੋਲ ਕੇ ਕਾਫ਼ਕਾ ਦੀਆਂ ਜ਼ਾਇਆ ਕੀਤੀਆਂ ਲਿਖਤਾਂ, ਮੈਕਸ ਨੂੰ ਦੇ ਦਿੰਦੀ। ਬਰੋਦ ਵਾਸਤੇ ਕਾਫ਼ਕਾ ਅਤੇ ਦੋਰਾ ਇੱਕੋ ਚੀਜ਼ ਦੇ ਦੋ ਨਾਮ ਹਨ। ਬਰੋਦ ਦਾ ਇਹ ਵਾਕ - *ਸੈਨੇਟੋਰੀਅਮ ਵਿੱਚੋਂ ਵੀਆਨਾ ਇਲਾਂਜ ਵਾਸਤੇ ਬਿਮਾਰ ਕਾਫ਼ਕਾ ਲਈ ਜਿਹੜੀ ਟੈਕਸੀ ਮਿਲੀ ਉਸ ਦੀ ਛੱਤ ਨਹੀਂ ਸੀ, ਮੀਂਹ ਪੈ ਰਿਹਾ ਸੀ, ਝੱਖੜ ਝੁੱਲ ਰਿਹਾ ਸੀ, ਕਿਤੇ ਠੰਢ ਨਾ ਲੱਗ ਜਾਵੇ, ਖੁੱਲ੍ਹੀ ਜੀਪ ਵਿਚ ਆਪ ਦੋਰਾ ਖੜੀ ਹੋ ਗਈ, ਆਪਣੇ ਪਿੱਛੇ ਕਾਫ਼ਕਾ ਨੂੰ ਬਿਠਾ ਦਿੱਤਾ, ਕੁਝ ਕੁ ਹਵਾ ਤਾਂ ਰੁਕੇ।* ਪੜ੍ਹ ਕੇ ਰੋ ਪਈ।

ਬਰੋਦ ਨੇ ਲਿਖ ਦਿੱਤਾ ਸੀ ਕਿ ਜਦੋਂ ਉਹ ਕਾਫ਼ਕਾ ਨੂੰ ਪਹਿਲੀ ਵਾਰ ਮਿਲੀ,

19 ਸਾਲ ਦੀ ਸੀ, ਦਰਅਸਲ ਉਹ ਉਦੋਂ 25 ਸਾਲ ਦੀ ਸੀ, ਬਰੋਦ ਨੇ 6 ਸਾਲ ਕੱਟ ਦਿੱਤੇ। ਦੋਰਾ ਨੇ ਵੀ ਆਪਣੀ ਉਮਰ ਵਿੱਚੋਂ 6 ਸਾਲ ਕੱਟ ਦਿੱਤੇ। ਸਾਰੀ ਦੁਨੀਆਂ ਨੇ ਬਰੋਦ ਦੀ ਗੱਲ ਸਹੀ ਮੰਨ ਲਈ।

ਪੰਜ ਵਾਰ ਇੰਗਲੈਂਡ ਦੀ ਹੱਦ ਤੋਂ ਨਿਰਾਸ਼ ਵਾਪਸ ਪਰਤੀ, ਫਿਰ ਉਸਨੇ ਆਖ਼ਰੀ ਅਰਜ਼ੀ ਆਪਣੀ ਧੀ ਦਾ ਵਾਸਤਾ ਪਾ ਕੇ ਇਹ ਕੀਤੀ ਕਿ ਉਸ ਦਾ ਇਕ ਰਿਸ਼ਤੇਦਾਰ ਹੇਗ ਵਿਚ ਰਹਿੰਦਾ ਹੈ। ਫ਼ੋਨ ਕਰ ਕੇ ਬੁਲਾ ਲਉ। ਮੈਨੂੰ ਨਾ ਜਾਣ ਦਿਉ, ਮੇਰੀ ਬਿਮਾਰ ਧੀ ਨੂੰ ਤਾਂ ਇਲਾਜ ਵਾਸਤੇ ਲੈ ਜਾਵੇ। ਅਫ਼ਸਰ ਮੰਨ ਗਿਆ। ਮੇਰੀਆਨਾ ਚਲੀ ਗਈ ਤੇ ਦੋਰਾ ਵਾਪਸ ਪਰਤ ਆਈ, ਤਿੰਨ ਹੋਰ ਕੋਸ਼ਿਸ਼ਾਂ ਕੀਤੀਆਂ, ਤੀਜੀ ਕੋਸ਼ਿਸ਼ ਵਕਤ ਆਗਿਆ ਮਿਲ ਗਈ। ਦੋ ਮਹੀਨੇ ਦੀ ਆਰਜ਼ੀ ਮਨਜ਼ੂਰੀ, ਮਨਜ਼ੂਰੀ ਹੋਰ ਵਧਾਉਣ ਵਾਸਤੇ ਜੁਟ ਗਈ, ਛੇ ਮਹੀਨੇ ਹੋਰ ਮਿਲੇ।

ਧੀ ਅਜੇ ਸਫ਼ਰ ਜੋਗੀ ਨਹੀਂ ਸੀ, ਕਮਜ਼ੋਰ ਸੀ, ਪਰ ਖ਼ਬਰਾਂ ਦੱਸ ਰਹੀਆਂ ਸਨ ਕਿ ਜਰਮਨ, ਪੋਲੈਂਡ ਉਪਰ ਹਮਲਾ ਕਰਨ ਵਾਲਾ ਹੈ। ਜਿਵੇਂ ਵੀ ਹੋਵੇ, ਜਲਦੀ ਨਿਕਲੀਏ। ਬਿਮਾਰ ਧੀ ਸਮੇਤ ਇੰਗਲੈਂਡ ਅੰਦਰ ਲੰਘ ਆਈ, ਇਕ ਹਫ਼ਤੇ ਬਾਦ ਪੋਲੈਂਡ 'ਤੇ ਹੱਲਾ ਹੋ ਗਿਆ, ਸੰਸਾਰ ਯੁੱਧ ਸ਼ੁਰੂ, ਦੁਨੀਆਂ ਭਰ ਦੇ ਬਾਰਡਰ ਸੀਲ, ਦੋਰਾ ਦੇ ਪਿਤਾ ਹਰਸ਼ਲ ਦਾਇਮੰਤ ਦੀ 1938 ਵਿਚ ਮੌਤ ਹੋ ਗਈ ਸੀ, ਸੋ ਪਰਿਵਾਰ ਦੇ ਸੰਕਟਾਂ ਤੋਂ ਬੇਖ਼ਬਰ ਖ਼ੁਸ਼ਕਿਸਮਤ ਰਿਹਾ। ਪਹਿਲਾ ਘੇਰਾ ਜਰਮਨਾਂ ਨੇ ਦੋਰਾ ਦੇ ਪੇਕੇ ਬੈਦਜ਼ਿਨ ਸ਼ਹਿਰ ਨੂੰ ਪਾਇਆ, ਵੱਡੀ ਗਿਣਤੀ ਵਿਚ ਯਹੂਦੀ ਆਪਣੇ ਮੰਦਰ (ਸਿਨੇਗਾਗ) ਵਿਚ ਪ੍ਰਾਰਥਨਾ ਕਰਨ ਵਾਸਤੇ ਚਲੇ ਗਏ। ਸਤੰਬਰ 9, ਅੱਧੀ ਰਾਤ ਪੈਟਰੋਲ ਦੇ ਪੀਪੇ ਪਾ ਕੇ ਅੱਗ ਲਾ ਦਿੱਤੀ। ਸਭ ਸੜ ਕੇ ਸੁਆਹ, ਆਲੇ-ਦੁਆਲੇ ਦੇ 50 ਘਰ ਨਾਲ ਦੀ ਨਾਲ ਤਬਾਹ, 27 ਹਜ਼ਾਰ ਯਹੂਦੀ ਇਸ ਸ਼ਹਿਰ ਵਿਚ ਵੱਸਦੇ ਸਨ। ਇਕੱਠੇ ਕਰ ਕੇ ਇਕ ਕੌਂਸਲ ਬਣਾ ਦਿੱਤੀ ਜਿਸ ਦੇ ਮੁਖੀ ਯਹੂਦੀ ਬਣਾਏ, ਕਿਹਾ ਗਿਆ ਕਿ ਕਿਸੇ ਦਾ ਨੁਕਸਾਨ ਨਹੀਂ ਕਰਾਂਗੇ। ਸਭ ਨੂੰ ਵਾਰੀ ਸਿਰ ਕੰਮ ਦਿਆਂਗੇ। ਬੇਸ਼ਕ ਕੰਮ ਜਰਮਨ ਤਸੀਹਾ ਕੇਂਦਰਾਂ ਦੀ ਸੇਵਾ ਕਰਨ ਦਾ ਹੋਵੇਗਾ ਪਰ ਤਨਖ਼ਾਹ ਮਿਲੇਗੀ ਤੇ ਜਾਨ ਬਚੇਗੀ। ਕਤਾਰਾਂ ਵਿਚ ਖਲਾਰ ਕੇ ਪਹਿਲੋਂ ਜੁਆਨ ਸੁਣੱਖੇ ਸਿਹਤਮੰਦ ਮੁੰਡੇ ਕੁੜੀਆਂ ਨੂੰ ਚੁਣਿਆਂ ਜਾਂਦਾ ਤੇ ਕੰਮ 'ਤੇ ਲੈ ਜਾਂਦੇ। ਦੋਰਾ ਦੀ 17 ਸਾਲਾ ਭੈਣ ਸਾਰਾ ਚੁਣੀ ਗਈ, ਸਾਰਾ ਦਾ ਮੁੜ ਕੇ ਪਤਾ ਨਹੀਂ ਲੱਗਾ ਕਿਧਰ ਗਈ।

ਇੰਗਲੈਂਡ ਵਿਚ ਰਹਿੰਦੇ ਪਰਦੇਸੀਆਂ ਦੀਆਂ ਲਿਸਟਾ ਬਣੀਆਂ, ਏ, ਬੀ, ਸੀ, ਕਲਾਸਾਂ ਵਿਚ ਵੰਡੇ ਗਏ, ਏ ਕਲਾਸ ਖ਼ਤਰਨਾਕ ਦੁਸ਼ਮਣ, ਨਜ਼ਰਬੰਦ ਕਰੋ, ਬੀ ਕਲਾਸ ਉਨ੍ਹਾਂ ਦੇ ਹਮਦਰਦ ਘੱਟ ਖ਼ਤਰਨਾਕ, ਪੁਲਿਸ ਨੂੰ ਦੱਸੇ ਬਗ਼ੈਰ ਰਿਹਾਇਸ਼ ਤੋਂ ਪੰਜ ਮੀਲ ਤੋਂ ਦੂਰ ਨਾ ਜਾਣ, ਕੈਮਰਾ, ਦੂਰਬੀਨ, ਨਕਸ਼ਾ ਰੱਖਣ ਦੀ ਮਨਾਹੀ, ਤੇ ਸੀ ਕਲਾਸ ਲੋਕ ਨਾਜ਼ੀਆਂ ਤੋਂ ਪੀੜਤ ਸ਼ਰਨਾਰਥੀ ਹਨ, ਨੁਕਸਾਨਦਾਇਕ ਨਹੀਂ, ਰਹਿਣ ਦਿਉ। ਜਨਵਰੀ 1940 ਨੂੰ ਦੋਰਾ ਨੂੰ ਬੀ ਕਲਾਸ ਮਿਲੀ। ਦੋਰਾ ਦੀ ਨਣਦ ਨੇ 15 ਅਪ੍ਰੈਲ ਨੂੰ ਅਮਰੀਕਾ ਵਿਚ ਪਨਾਹ ਲਈ।

ਜਰਮਨ ਨੇ ਜਿਸ ਦਿਨ ਹਾਲੈਂਡ 'ਤੇ ਹੱਲਾ ਬੋਲਿਆ, ਪ੍ਰਧਾਨ-ਮੰਤਰੀ ਚਮਰਲੇਨ ਨੇ ਅਸਤੀਫ਼ਾ ਦੇ ਦਿੱਤਾ, ਚਰਚਲ ਨੇ ਕਮਾਨ ਸੰਭਾਲ ਲਈ, ਪਾਰਲੀਮੈਂਟ ਵਿਚ ਸਵਾਲ ਉਠਿਆ ਕਿ 70 ਹਜ਼ਾਰ ਜਰਮਨ ਆਸਟਰੀਅਨ ਰਫ਼ੂਜੀਆਂ ਦਾ ਕੀ ਕਰੀਏ ? ਫ਼ੈਸਲਾ

ਹੋਇਆ ਕਿ 16 ਤੋਂ 60 ਸਾਲ ਦੇ ਬੀ ਕਲਾਸ ਮਰਦ ਰਫ਼ੂਜੀਆਂ ਨੂੰ ਕੰਡਿਆਲੀ ਤਾਰ ਅੰਦਰ ਰੱਖੋ। ਇਕ ਸਾਂਸਦ ਨੇ ਕਿਹਾ - ਔਰਤਾਂ ਨੂੰ ਕਿਉਂ ਨਹੀਂ ? ਔਰਤਾਂ ਮਰਦਾਂ ਤੋਂ ਵਧੀਕ ਖ਼ਤਰਨਾਕ ਜਸੂਸ ਹੁੰਦੀਆਂ ਹਨ। ਠੀਕ ਹੈ, ਔਰਤਾਂ ਵੀ ਨਜ਼ਰਬੰਦ, ਦੋਰਾ ਇਨ੍ਹਾਂ ਵਿੱਚੋਂ ਇਕ। ਆਕਸਫ਼ੋਰਡ ਵਰਗੀ ਦਰਿਆ ਦਿਲ ਯੂਨੀਵਰਸਿਟੀ ਦਾ ਬਿਆਨ ਛਪਿਆ - *ਸਾਰੇ ਵਿਦੇਸ਼ੀ ਮੁਸੀਬਤ ਦੀ ਜੜ੍ਹ ਹਨ, ਨਜ਼ਰਬੰਦ ਕੀਤੇ ਜਾਣ।*

ਪੁਲਿਸ ਨੇ ਦੋਰਾ ਦਾ ਦਰਵਾਜ਼ਾ ਖੜਕਾਇਆ ਤੇ ਚੱਲਣ ਦਾ ਇਸ਼ਾਰਾ ਕੀਤਾ। ਦੋਰਾ ਨੇ ਫਟਾਫਟ ਧੀ ਦੇ ਕੱਪੜੇ ਅਟੈਚੀ ਵਿਚ ਤੁੰਨੇ ਤੇ ਕਾਫ਼ਕਾ ਦਾ ਬਖ਼ਸ਼ਿਆ ਪਰਸ ਵਿਚ ਪਾ ਕੇ ਪੁਲਿਸ ਨਾਲ ਚੱਲ ਪਈ, ਉੱਤਰੀ ਲੰਦਨ ਦੀ ਹੋਲਵੇ ਜੇਲ੍ਹ ਵਿਚ ਬੰਦ ਕਰ ਦਿੱਤੀਆਂ।

ਪਹਿਲੇ ਦਿਨ ਖਾਣ ਵਾਸਤੇ ਬੱਸ ਚਾਹ ਅਤੇ ਬਿਸਕੁਟ ਮਿਲੇ। ਦੋਰਾ ਨੇ ਧੀ ਦੇ ਗੁਰਦੇ ਫ਼ੇਲ੍ਹ ਹੋਣ ਦਾ ਡਰ ਦੱਸ ਕੇ ਤਾਜ਼ਾ ਪਾਣੀ ਅਤੇ ਸਬਜ਼ੀ ਮੰਗੀ, ਕੋਈ ਅਸਰ ਨਹੀਂ। ਹਿਟਲਰ ਅਤੇ ਸਟਾਲਿਨ ਦੇ ਕਹਿਰ ਤੋਂ ਬਚ ਕੇ ਇੰਗਲੈਂਡ ਗਈ ਦੋਰਾ ਨਾਲ ਇਹ ਬੀਤੀ। ਦੋ ਦਿਨਾਂ ਬਾਦ ਬੱਸਾਂ ਵਿਚ ਲੱਦ ਕੇ ਕੈਦੀਆਂ ਨੂੰ ਲਿਵਰਪੂਲ ਲਿਜਾਇਆ ਗਿਆ, ਰਾਹ ਵਿਚ ਖਲੋਤੇ ਦਰਸ਼ਕ ਇਨ੍ਹਾਂ ਨੂੰ ਗਾਲ੍ਹਾਂ ਦਿੰਦੇ, ਅੰਡੇ ਸੁੱਟ ਕੇ ਅਪਮਾਨਿਤ ਕਰਦੇ, ਦੋਰਾ ਅਤੇ ਧੀ ਨੂੰ ਸੀਟ ਨਹੀਂ ਮਿਲੀ, ਖਲੋਤੀਆਂ ਸਨ ਕਿ ਇਕ ਪਰ੍ਹੇ ਬੈਠੀ ਔਰਤ ਨੇ ਕਮਜ਼ੋਰ ਕੁੜੀ ਨੂੰ ਬੁਲਾਉਣ ਦਾ ਇਸ਼ਾਰਾ ਕੀਤਾ, ਮੇਰੀਆਨਾ ਮਾਂ ਵੱਲ ਝਾਕੀ, ਮਾਂ ਨੇ ਆਗਿਆ ਦਿੱਤੀ ਤਾਂ ਬੈਠੀ ਔਰਤ ਨੇ ਗੋਦ ਵਿਚ ਬਿਠਾ ਲਈ। ਇਸ ਬੀਬੀ ਦਾ ਨਾਮ ਜੋਹੰਨਾ ਸੀ। ਦੋਰਾ ਇਸ ਨੂੰ ਹੈਨੀ ਕਹਿ ਕੇ ਬੁਲਾਉਂਦੀ। ਇਸ ਮਾਮੂਲੀ ਘਟਨਾ ਸਦਕਾ ਦੋਰਾ ਨਾਲ ਉਮਰ ਭਰ ਦੀ ਦੋਸਤੀ ਦਾ ਮੁੱਢ ਬੱਝ ਗਿਆ। 24 ਸਾਲਾ ਹੈਨੀ, ਗਾਉਂਦੀ ਸੀ, ਦੋ ਮਹੀਨੇ ਪਹਿਲਾਂ ਯਹੂਦੀ ਸੰਗੀਤਕਾਰ ਪਾਲ ਨਾਲ ਵਿਆਹ ਹੋਇਆ ਸੀ, ਲਿਵਰਪੂਲ ਤੋਂ ਜਹਾਜ਼ ਵਿਚ ਚਾੜ੍ਹ ਕੇ ਇਨ੍ਹਾਂ ਤਿੰਨ ਹਜ਼ਾਰ ਔਰਤਾਂ ਤੇ ਬੱਚਿਆਂ ਨੂੰ *ਆਈਲ ਆਫ਼ ਮੈਨ* ਨਾਮ ਦੇ ਟਾਪੂ ਉਪਰ ਉਤਾਰ ਦਿੱਤਾ। ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਿਚਕਾਰ 33 x 12 ਵਰਗ ਮੀਲ ਦਾ ਇਹ ਟਾਪੂ ਅਨੇਕ ਕਹਾਣੀਆਂ ਵਿਚ ਘਿਰਿਆ ਹੋਇਆ ਹੈ। ਕਦੀ ਇਹ ਚੰਗੀ ਸੈਰਗਾਹ ਹੁੰਦੀ ਸੀ, ਅੱਜ ਇਹ ਜੇਲ੍ਹ ਹੈ। ਹੈਨੀ ਇਥੇ ਨੇੜੇ ਨਜ਼ਰਬੰਦ ਸੀ, ਅਕਸਰ ਮਿਲਣ ਆਉਂਦੀ। ਦੋਰਾ ਦੀ ਛੇ ਸਾਲਾ ਧੀ ਬਾਰੇ ਡਾਇਰੀ ਵਿਚ ਲਿਖਿਆ - *ਮੇਰੀਆਨਾ ਜਮਾਂਦਰੂ ਕਲਾਕਾਰ ਹੈ। ਗੰਭੀਰਤਾ ਅਤੇ ਹਾਸਰਸ ਉਸ ਦੇ ਹੋਠਾਂ 'ਤੇ ਮਿਲੇ- ਜੁਲੇ ਥਰਕਦੇ ਰਹਿੰਦੇ ਹਨ, ਪੂਰੀ ਮੌਲਿਕ ਅਦਾਕਾਰ।*

ਬੈਲਜੀਅਮ, ਨਾਰਵੇ ਅਤੇ ਫ਼ਰਾਂਸ ਨੇ ਜਰਮਨਾਂ ਅੱਗੇ ਹਾਰ ਮੰਨ ਲਈ। ਪੈਰਿਸ ਦੀ ਲੁੱਟ ਦਾ ਜ਼ਾਇਕਾ ਲੈਣ ਲਈ ਮਸੋਲੀਨੀ ਦੀਆਂ ਇਟਾਲੀਅਨ ਫ਼ੌਜਾਂ ਆ ਵੜੀਆਂ। ਪੈਰਿਸ ਧੂੰਏਂ ਦਾ ਪਹਾੜ ਲੱਗਦਾ ਸੀ, ਹੈਨੀ ਅਤੇ ਦੋਰਾ ਸਵੇਰ ਸ਼ਾਮ ਯਹੂਦੀ ਪ੍ਰਾਰਥਨਾਵਾਂ ਕਰਦੀਆਂ, ਫਿਰ ਇਕ ਦੂਜੀ ਨੂੰ ਪੁੱਛਦੀਆਂ - ਜੇ ਇੰਗਲੈਂਡ ਵੀ ਹਾਰ ਗਿਆ, ਫੇਰ ਆਪਣਾ ਕੀ ਬਣੂ ? ਬਰਤਾਨੀਆਂ ਦੀਆਂ ਕੈਦਣਾਂ ਬਰਤਾਨੀਆਂ ਦੀ ਖ਼ੈਰ ਮੰਗਦੀਆਂ। ਇੰਗਲੈਂਡ ਦੀ ਹਾਰ ਦਾ ਅਰਥ ਤਸੀਹਾ ਕੇਂਦਰ... ਤਸੀਹਾ ਕੇਂਦਰ ਦਾ ਅਰਥ ਗੈਸ ਚੈਂਬਰਾਂ ਵਿਚ ਵਿਆਪਕ ਮੌਤ।

ਹੈਨੀ ਨੇ ਸਮਾਂ ਲੰਘਾਉਣ ਵਾਸਤੇ ਡਾਇਰੀ ਲਿਖਣੀ ਸ਼ੁਰੂ ਕਰ ਦਿੱਤੀ, ਲਿਖਿਆ - *ਦੋਰਾ ਕਾਫ਼ਕਾ ਹੈ ... ਤਾਂ ਸਭ ਕੁਝ ਹੈ।*

ਦੋਰਾ ਦਾ ਫ਼ੈਸਲਾ ਸੀ ਕਿ ਰੂਸ ਅਤੇ ਇੰਗਲੈਂਡ ਵਿਚ ਬਿਤਾਈ ਅਉਧ ਬਾਰੇ ਕੁਝ

ਨਹੀਂ ਦੱਸੇਗੀ, ਕੁਝ ਨਹੀਂ ਲਿਖੇਗੀ। ਹੈਨੀ ਲਿਖਦੀ ਹੈ - *ਕਾਫ਼ਕਾ ਨੂੰ ਮਰਿਆਂ 16 ਸਾਲ ਹੋ ਗਏ ਨੇ, ਇਹ ਉਹਦੀਆਂ ਗੱਲਾਂ ਇਉਂ ਕਰਦੀ ਹੈ ਜਿਵੇਂ ਉਹ ਜਿਊਂਦਾ ਹੈ, ਜਿਵੇਂ ਉਹ ਸੋਚਦਾ ਸੀ ਬੰਦਾ ਅਜਿਹਾ ਹੋਣਾ ਚਾਹੀਦਾ ਹੈ, ਇਹ ਉਹੋ ਜਿਹੀ ਬਣਨਾ ਚਾਹੁੰਦੀ ਹੈ, ਜੋ ਸਹੀ ਹੈ, ਜੋ ਪਵਿੱਤਰ ਹੈ, ਜੋ ਰੂਹਾਨੀ ਹੈ, ਉਸ ਨੂੰ ਪਿਆਰ ਕਰ, ਪਿਆਰ ਅਤੇ ਮੌਤ ਇੱਕੋ ਚੀਜ਼ ਦੇ ਦੋ ਨਾਮ ਹਨ।*

ਇਸ ਟਾਪੂ ਉਪਰ ਆਲੀਸ਼ਾਨ ਹੋਟਲ ਸਨ। ਜਿਹੜੇ ਕੈਦੀਆਂ ਕੋਲ ਪੈਸਾ ਸੀ, ਉਹਨਾਂ ਨੂੰ ਸਭ ਕੁਝ ਮਿਲਦਾ। ਦੋਰਾ ਨੇ ਇਕ ਹੋਟਲ ਵਿਚ ਕੁੱਕ ਵਜੋਂ ਨੌਕਰੀ ਕਰ ਲਈ ਜਿਸ ਨਾਲ ਚਾਰ ਪੈਸੇ ਮਿਲ ਜਾਂਦੇ, ਨਾਲੇ ਧੀ ਵਾਸਤੇ ਸਬਜ਼ੀ ਤੇ ਫਲ ਲੈ ਆਉਂਦੀ। ਧੀ ਅਜੇ ਕਮਜ਼ੋਰ ਸੀ। ਇਕ ਦਿਨ ਉਨ੍ਹਾਂ ਨੂੰ ਫ਼ਿਲਮ ਦਿਖਾਈ ਗਈ *ਦ ਵਿਜ਼ਾਰਡ ਆਫ਼ ਓਜ਼*। ਸਭ ਨੂੰ ਚੰਗੀ ਲੱਗੀ। ਮੇਰੀਆਨਾ ਨੇ ਕਿਹਾ - ਨਾਇਕਾ ਏਨੀ ਸੁਹਣੀ ਹੈ, ਪਰੀਆਂ ਵਰਗੀ ਕਿ ਉਸਦੇ ਕੀਤੇ ਗ਼ਲਤ ਕੰਮ ਵੀ ਗ਼ਲਤ ਨਹੀਂ ਲੱਗਦੇ। ਇਕ ਦਿਨ ਹੈਨੀ ਅਤੇ ਮੇਰੀਆਨਾ ਨੇ ਇਸ ਫ਼ਿਲਮ ਵਿਚਲੀਆਂ ਕੁੜੀਆਂ ਦੇ ਸੰਵਾਦ ਕੰਠ ਕਰ ਕੇ ਐਕਟਿੰਗ ਕੀਤੀ, ਸਭ ਨੂੰ ਹਸਾਇਆ, ਮੇਰੀਆਨਾ ਨੇ ਕਿਹਾ - ਹੈਨੀ ਆਂਟੀ, ਇਸ ਫ਼ਿਲਮ ਵਿਚਲੀ ਚੁੜੇਲ ਦੀ ਮੌਤ ਮੈਨੂੰ ਚੰਗੀ ਨਹੀਂ ਲੱਗਦੀ, ਆਪਾਂ ਇਉਂ ਕਰਦੇ ਆਂ, ਆਪਾਂ ਇਹਦਾ ਸੁਭਾਅ ਬਦਲ ਦਿੰਨੇ ਆਂ, ਇਹ ਨੇਕੀ ਕਰਨ ਲੱਗ ਜਾਵੇ ਤਾਂ ਬਚ ਜਾਵੇਗੀ, ਦੋਵਾਂ ਨੇ ਚੁੜੇਲ ਦਾ ਸੁਭਾਅ ਬਦਲ ਕੇ ਉਸ ਨੂੰ ਬਚਾਇਆ। ਮੇਰੀਆਨਾ ਨੇ ਚੁੜੇਲ ਦਾ ਰੋਲ ਕੀਤਾ, ਨੇਕੀ ਕਰਦੀ ਨਿੱਕੀ ਚੁੜੇਲ ਉੱਤੇ ਕੈਦਣਾਂ ਨੇ ਫੁੱਲਾਂ ਦੀ ਬਾਰਸ਼ ਕਰ ਦਿੱਤੀ। ਛੇ ਸਾਲ ਦੀ ਕੁੜੀ ਦੀ ਸੰਵੇਦਨਾ ਦੇਖ ਕੇ ਹੈਨੀ ਹੈਰਾਨ ਹੋ ਗਈ।

ਕੈਦਣਾਂ ਜੇਲ੍ਹ ਦੇ ਪ੍ਰਬੰਧ ਦੀ ਆਲੋਚਨਾ ਕਰਦੀਆਂ ਤਾਂ ਦੋਰਾ ਆਖਦੀ - ਤੁਹਾਨੂੰ ਪਤਾ ਨਹੀਂ ਦੁਖ ਕੀ ਹੁੰਦੈ। ਸਾਰੀਆਂ ਕੈਦਣਾਂ ਯਹੂਦੀ ਨਹੀਂ ਸਨ, ਕਾਫ਼ੀ ਜਰਮਨ ਔਰਤਾਂ ਨਾਜ਼ੀਆਂ ਦੀਆਂ ਹਮਦਰਦ ਸਨ, ਨਾਜ਼ੀਆਂ ਦੀ ਜਿੱਤ ਦੀ ਖ਼ਬਰ ਸੁਣ ਕੇ ਖ਼ੁਸ਼ੀ ਮਨਾਉਂਦੀਆਂ। ਦੋਰਾ ਨੂੰ ਆਪਣੇ ਪਤੀ, ਸੱਸ, ਸਹੁਰੇ ਦੀ ਕੋਈ ਖ਼ਬਰ ਨਹੀਂ ਸੀ, ਕਾਫ਼ਕਾ ਦੀਆਂ ਭੈਣਾਂ ਕਿਵੇਂ ਹਨ, ਕਿਥੇ ਹਨ, ਪਤਾ ਨਹੀਂ, ਸਹੁਰਾ 77 ਸਾਲ ਦੀ ਉਮਰੇ ਤੁਰ ਗਿਆ ਪਰ ਇਸ ਦੀ ਖ਼ਬਰ ਦੋਰਾ ਨੂੰ ਅਜੇ ਨਹੀਂ ਮਿਲੀ।

ਬਰਤਾਨੀਆਂ ਨੂੰ ਲੱਗਾ, ਇਹ ਕੈਦੀ ਬੜਾ ਵੱਡਾ ਭਾਰ ਹਨ। ਕੈਨੇਡਾ ਨੇ ਕਿਹਾ - ਅਸੀਂ ਬਾਰ੍ਹਾਂ ਹਜ਼ਾਰ ਕੈਦੀ ਲੈਣ ਵਾਸਤੇ ਤਿਆਰ ਹਾਂ। ਇਕ ਦੁਰਘਟਨਾ ਨੇ ਸਭ ਦੇ ਦਹਿਲ ਪਾ ਦਿੱਤਾ। ਜਹਾਜ਼ 600 ਕੈਦੀਆਂ ਨੂੰ ਕੈਨੇਡਾ ਲਈ ਜਾ ਰਿਹਾ ਸੀ ਕਿ ਜਰਮਨ ਤਾਰਪੀਡੋ ਨੇ ਫੁੰਡ ਦਿੱਤਾ, ਸਾਰੇ ਡੁੱਬ ਗਏ।

ਦੋਰਾ ਨੇ ਕੈਦਣਾਂ ਵਿੱਚੋਂ ਕਲਾਕਾਰ ਲੱਭ ਲਏ। ਖ਼ੁਦ ਨਾਟਕ ਦਾ ਨਿਰਦੇਸ਼ਨ ਤੇ ਐਕਟਿੰਗ ਕਰਦੀ। ਹੈਨੀ ਦੀ ਸੁਰੀਲੀ ਆਵਾਜ਼ ਗੂੰਜਦੀ। ਹਰ ਸ਼ਾਮ ਕੋਈ ਨਾ ਕੋਈ ਮਨੋਰੰਜਨ ਆਈਟਮ ਖੇਡੀ ਜਾਂਦੀ। ਹੈਨੀ ਨੇ ਲਿਖਿਆ - ਹੁਣ ਮੈਂ ਸਾਹ ਲੈਣ ਲੱਗ ਪਈ ਹਾਂ, ਹੁਣ ਮੇਰਾ ਮੁੜ ਤੋਂ ਦਿਲ ਧੜਕਣ ਲੱਗਾ ਹੈ। ਤਿੰਨ ਜੁਲਾਈ ਕਾਫ਼ਕਾ ਦਾ ਜਨਮ ਦਿਨ ਸੀ। ਦੋਰਾ ਨੇ ਕਿਹਾ - ਅੱਜ ਜਿਊਂਦਾ ਹੁੰਦਾ ਤਾਂ 57 ਸਾਲ ਦਾ ਹੋ ਜਾਣਾ ਸੀ। ਆਉ ਅੱਜ ਆਪਾਂ ਉਸ ਦਾ ਜਨਮ ਦਿਨ ਉਸੇ ਤਰ੍ਹਾਂ ਮਨਾਈਏ ਜਿਵੇਂ ਉਹ ਮਨਾਇਆ ਕਰਦਾ ਸੀ, ਨਾਟਕ ਖੇਡੀਏ, ਕਵਿਤਾਵਾਂ ਸੁਣਾਈਏ। ਸ਼ਬੇਅਰ ਦਾ *ਲਾਇਲਕ ਟਾਈਮ* ਤਿਆਰ ਕਰਵਾਇਆ, ਦੋਰਾ ਨੇ ਸੀਗੱਲ ਦਾ ਗੀਤ ਗਾਇਆ, ਮੇਰੀਆਨਾ ਨੇ ਜਰਮਨ

ਗੀਤ ਸੁਣਾਇਆ ਜਿਹੜਾ ਮਾਂ ਤੋਂ ਵਿਛੜੀ ਕੁੜੀ ਗਾਉਂਦੀ ਹੈ। ਸਰੋਤੇ ਅਸ਼ ਅਸ਼ ਕਰ ਉੱਠੇ। ਹਰੇਕ ਦੀਆਂ ਅੱਖਾਂ ਛਲਕੀਆਂ। ਹੈੱਨੀ ਲਿਖਦੀ ਹੈ - ਜਦੋਂ ਯਿੱਦਿਸ਼ ਯਹੂਦੀ ਗੀਤ ਗਾਉਂਦੀ ਹੈ, ਸੰਵਾਦ ਬੋਲਦੀ ਹੈ, ਉਦੋਂ ਦੋਰਾ ਬੇਅੰਤ ਸੁਹਣੀ ਲੱਗਦੀ ਹੈ, ਉਹ ਵਾਸਤਵ ਵਿਚ ਦੱਸ ਰਹੀ ਹੁੰਦੀ ਹੈ ਕਿ ਯਹੂਦੀ ਕਲਚਰ ਖ਼ਾਮੋਸ਼ ਨਹੀਂ ਹੋਇਆ, ਯਹੂਦੀ ਮਰੇ ਨਹੀਂ। ਉਹ ਸਾਨੂੰ ਬਲਵਾਨ ਕਰ ਦਿੰਦੀ। ਉਸਨੂੰ ਗੇਟੇ ਦਾ ਗੀਤ *ਚਰਖਾ ਕੱਤਦੀ ਗਰੇਚਨ* ਯਾਦ ਸੀ, ਮੈਨੂੰ ਫਰਾਂਜ਼ ਸ਼ੁਬੇਅਰ ਦਾ ਸੁਰਬੱਧ ਕੀਤਾ ਇਹ ਗੀਤ ਗਾ ਕੇ ਸੁਣਾਇਆ, ਫਿਰ ਮੈਨੂੰ ਕਿਹਾ - ਪਹਿਲਾਂ ਲਿਖ, ਫਿਰ ਪੜ੍ਹ, ਇਸ ਤੋਂ ਬਾਦ ਗਾ, ਮੈਂ ਇਵੇਂ ਹੀ ਕੀਤਾ ਤਾਂ ਪਤਾ ਲੱਗਾ ਜੁਆਨ ਕੁੜੀ ਦੇ ਦਿਲ ਵਿਚਲੇ ਭਾਵ ਕਿਵੇਂ ਪ੍ਰਗਟ ਹੁੰਦੇ ਹਨ। ਇਹੋ ਦੋਰਾ ਨੇ ਦੱਸਣਾ ਸੀ।

ਅੱਸੀ ਦਿਨਾਂ ਵਿਚ ਪੰਜ ਦੇਸ਼ ਹਾਰ ਗਏ। ਅਮਰੀਕਾ ਚੁੱਪ ਬੈਠਾ ਸੀ, ਲੜਾਈ ਵਿੱਚੋਂ ਪਰ੍ਹੇ ਰਹਿਣ ਦਾ ਫ਼ੈਸਲਾ ਸੀ, ਪਰ ਹੁਣ ਇੰਗਲੈਂਡ ਦੀ ਵਾਰੀ ਆ ਗਈ। ਜੂਨ ਵਿਚ ਰਾਸ਼ਟਰਪਤੀ ਰੂਜ਼ਵੇਲਟ ਦਾ ਬਿਆਨ ਆਇਆ - ਲੋੜ ਪਏ ਤਾਂ ਇੰਗਲੈਂਡ ਨੂੰ ਉਧਾਰੇ ਹਥਿਆਰ ਦੇ ਦਿਆਂਗਾ।

ਇੰਗਲੈਂਡ ਉਪਰ ਜੁਲਾਈ ਦੇ ਅੱਧ ਵਿਚ ਹਵਾਈ ਹੱਲੇ ਸ਼ੁਰੂ ਹੋਏ। ਅਗਸਤ ਵਿਚ ਧਮਾਕੇ ਦੇਸ਼ ਦੇ ਅੰਦਰ ਪੁੱਜ ਗਏ। ਹਰ ਰੋਜ਼ 1500 ਬੰਬਰ ਤੇ ਫ਼ਾਈਟਰ ਕਾਲੀ ਘਟਾ ਵਾਂਗ ਛਾ ਜਾਂਦੇ। ਇਹ ਉਹ ਦਿਨ ਸਨ ਜਦੋਂ ਲੰਡਨ ਵਰਗਾ ਆਧੁਨਿਕ ਸਭਿਅਤਾ ਵਾਲਾ ਮਹਾਂਨਗਰ ਉਜਾੜ ਕਬਰਿਸਤਾਨ ਬਣ ਗਿਆ ਸੀ। ਇੰਗਲੈਂਡ ਦੇ ਸਾਰੇ ਵੱਡੇ ਸ਼ਹਿਰਾਂ ਦੀ ਤਬਾਹੀ ਹੋਈ। ਆਮ ਅਫ਼ਵਾਹ ਸੀ ਕਿ ਜਰਮਨ ਫ਼ੌਜ ਇਸ ਟਾਪੂ ਵਿਚ ਆਈ ਕਿ ਆਈ। ਹੈੱਨੀ ਅਤੇ ਮੇਰੀਆਨਾ ਕਮਜ਼ੋਰ ਹੋ ਗਈਆਂ, ਇਕ ਮਹੀਨੇ ਵਿਚ ਇਕ ਲਿਫ਼ਾਫ਼ਾ ਮਿਲਦਾ, ਚਾਰ ਲਾਈਨਾਂ ਦੀ ਚਿੱਠੀ ਭੇਜੀ ਜਾ ਸਕਦੀ ਸੀ, ਦੋਰਾ ਦਾ ਕੋਈ ਨਹੀਂ ਸੀ ਸੋ ਉਹ ਆਪਣਾ ਲਿਫ਼ਾਫ਼ਾ ਹੈੱਨੀ ਨੂੰ ਦੇ ਦਿੰਦੀ ਤਾਂ ਕਿ ਦੋ ਖ਼ਤ ਲਿਖ ਸਕੇ। ਜਨਵਰੀ 1941 ਨੂੰ ਹੈੱਨੀ ਦੀ ਰਿਹਾਈ ਆ ਗਈ। ਇਕ ਕਮੇਟੀ ਬਣੀ ਜਿਹੜੀ ਕੈਦਣਾਂ ਤੋਂ ਪੁੱਛਦੀ ਸੀ - ਉਹ ਯੁੱਧ ਵਿਚ ਕੀ ਸੇਵਾ ਕਰ ਸਕਦੀਆਂ ਹਨ, ਜੋ ਕੰਮ ਦੀ ਹੁੰਦੀ, ਰਿਹਾਅ ਕਰਕੇ ਉਸ ਤੋਂ ਕੰਮ ਲਿਆ ਜਾਂਦਾ, ਬੀ ਕਲਾਸ ਵਾਲੇ, ਸੀ ਕਲਾਸ ਵਿਚ ਤਬਦੀਲ ਕਰ ਦਿੱਤੇ ਜਾਂਦੇ। ਫ਼ਰਵਰੀ ਵਿਚ ਕੁਲ ਦਸ ਹਜ਼ਾਰ ਰਫ਼ੂਜੀ ਰਿਹਾਅ ਕਰ ਦਿੱਤੇ, ਹੈੱਨੀ ਦਾ ਪਤੀ ਪਾਲ ਵੀ। ਮਾਰਚ ਵਿਚ ਹੈੱਨੀ ਨੇ ਦੋਰਾ ਨੂੰ ਖ਼ਤ ਲਿਖਿਆ, ਸੁਗਾਤਾਂ ਭੇਜੀਆਂ, ਦੋਰਾ ਸੀ ਕਲਾਸ ਵਿਚ ਹੋ ਗਈ ਪਰ ਅਜੇ ਰਿਹਾਈ ਦਾ ਹੁਕਮ ਨਹੀਂ ਆਇਆ। ਜਦੋਂ ਰਿਹਾਈ ਹੋਈ, ਕਿਥੇ ਜਾਵੇਗੀ ਪਤਾ ਨਹੀਂ।

ਰਿਹਾਈ ਹੋਈ, ਡੋਰਥੀ ਨਾਂ ਦੀ ਕੁੜੀ ਜੋ ਵਾਈਟਹੈੱਡ ਦੀ ਨਿਗਰਾਨੀ ਵਿਚ ਪੀਐਚ.ਡੀ. ਕਰ ਰਹੀ ਸੀ, ਨੂੰ ਦੋਰਾ ਬਾਰੇ ਪਤਾ ਲੱਗਿਆ। ਉਸਨੇ ਉਹ ਲੱਭ ਲਈ। ਆਪਣੇ ਕਮਰੇ ਵਿਚ ਲੈ ਆਈ, ਇਕ ਕਮਰਾ, ਇਕ ਛੋਟੀ ਰਸੋਈ। ਇਕ ਲੋਹੇ ਦਾ ਮੇਜ਼। ਜਦੋਂ ਹਵਾਈ ਹਮਲੇ ਦਾ ਸਾਇਰਨ ਵੱਜਦਾ, ਤਿੰਨੇ ਜਣੀਆਂ ਮੇਜ਼ ਹੇਠ ਵੜ ਜਾਂਦੀਆਂ। ਬਚਾਉ ਵਾਸਤੇ ਇਹੋ ਤਰੀਕਾ ਦੱਸਿਆ ਗਿਆ ਸੀ। ਡੋਰਥੀ ਲਿਖਦੀ ਹੈ - ਮੇਰੀਆਨਾ ਹਮੇਸ਼ਾ ਡਰੀ ਰਹਿੰਦੀ, ਜਦੋਂ ਕੋਈ ਆਉਂਦਾ, ਮਾਂ ਦੇ ਪਿੱਛੇ ਛੁਪੀ, ਇਕ ਪਾਸਿਉਂ ਆਉਣ ਵਾਲੇ ਨੂੰ ਵੇਖਦੀ।

ਇਕ ਦਿਨ ਡੋਰਥੀ, ਮੇਰੀਆਨਾ ਨੂੰ ਲੰਮੀ ਸੈਰ ਵਾਸਤੇ ਲੈ ਗਈ। ਜਾਂਦੇ ਜਾਂਦੇ ਬੱਚੀ

ਨੇ ਕਿਹਾ - ਅੱਜ ਮੇਰੇ ਪਹਿਲੇ ਪਾਪਾ ਦਾ ਜਨਮ ਦਿਨ ਹੈ। ਡੋਰਥੀ ਸਮਝ ਗਈ। ਦੋਵਾਂ ਨੇ ਜੰਗਲੀ ਫੁੱਲ ਚੁਣੇ, ਇਕ ਥਾਂ ਗੋਲ ਦਾਇਰੇ ਵਿਚ ਰੱਖ ਕੇ ਮੱਥਾ ਟੇਕਿਆ, ਇਉਂ ਕਾਫ਼ਕਾ ਦਾ ਜਨਮ ਦਿਨ ਮਨਾਇਆ।

ਦੋਰਾ ਲੰਡਨ ਵਿਚ ਸਟੈਨਸਲ ਨੂੰ ਮਿਲੀ, ਉਹੀ ਕਵੀ ਜਿਹੜਾ ਉਸਨੂੰ ਰੂਸ ਵਾਲੀ ਗੱਡੀ 'ਤੇ ਵਿਦਾ ਕਰਨ ਆਇਆ ਸੀ, ਉਹ ਇਕ ਅਖ਼ਬਾਰ ਕੱਢ ਰਿਹਾ ਸੀ। ਉਸਨੇ ਦੋਰਾ ਨੂੰ ਦੱਸਿਆ - ਮੇਰੇ ਵਾਸਤੇ ਕੇਵਲ ਦੋ ਬੰਦੇ ਹਨ ਸਾਹਿਤ ਵਿਚ, ਕਾਫ਼ਕਾ ਅਤੇ ਫਲਾਬੇਅਰ। ਮੈਂ ਨੀ ਹੋਰ ਕਿਸੇ ਨੂੰ ਜਾਣਦਾ। ਮੇਰੇ ਵਾਸਤੇ ਇੱਕੋ ਬੋਲੀ ਜਿਊਂਦੀ ਜਾਗਦੀ ਹੈ, ਉਹ ਹੈ ਯਿੱਦਿਸ਼। ਸ਼ਨੀਵਾਰ ਨੂੰ ਯਹੂਦੀ ਮੰਦਰ ਵਿਚ ਇਕੱਠੇ ਹੁੰਦੇ। ਦੋਰਾ ਕੁਝ ਨਾ ਕੁਝ ਹਮੇਸ਼ਾ ਸੁਣਾਉਂਦੀ, ਸਰੋਤੇ ਉਸ ਦੀ ਆਵਾਜ਼, ਉਸ ਦਾ ਇਕ ਇਕ ਅੱਖਰ, ਅਰਥ, ਪੀਣ ਵਾਸਤੇ ਪੱਥਰ ਵਾਂਗ ਖਲੋਤੇ ਹੁੰਦੇ।

ਦੋਰਾ ਨੇ ਕਈ ਕੰਮ ਕੀਤੇ। ਉਸਨੇ ਦਰਜ਼ੀ ਦੀ ਦੁਕਾਨ ਖੋਲ੍ਹ ਕੇ ਉਸ ਉਪਰ ਕਾਮੇ ਰੱਖੇ। ਦੁਕਾਨ ਖ਼ੂਬ ਚੱਲੀ। ਪੈਸਾ ਕਮਾ ਕੇ ਹੋਟਲ ਖੋਲ੍ਹਿਆ, ਖ਼ੂਬ ਚੱਲਿਆ, ਉਹ ਵੀ ਕਿਸੇ ਨੂੰ ਵੇਚ ਦਿੱਤਾ, ਕਾਰਨ ਪੁੱਛਿਆ ਤਾਂ ਹੱਸ ਪਈ - ਏਨੇ ਪੈਸੇ ਮੈਂ ਕਿਥੇ ਸੰਭਾਲਦੀ ਫਿਰਦੀ, ਆਪ ਲੰਡਨ ਵਿਚ ਰਹਿੰਦੀ, ਕੰਮ ਕਰਦੀ, ਧੀ ਦੂਰ ਸਕੂਲ ਵਿਚ ਦਾਖ਼ਲ ਕਰਵਾ ਦਿੱਤੀ ਜਿਥੇ ਹਵਾਈ ਹਮਲਿਆਂ ਦਾ ਖ਼ਤਰਾ ਨਹੀਂ ਸੀ। 8 ਮਈ, 1945 ਨੂੰ ਯੁੱਧ ਖ਼ਤਮ ਹੋਇਆ ਤਾਂ ਦੋਰਾ ਨੇ ਸਾਰੇ ਸਕੇ ਸੰਬੰਧੀਆਂ ਨੂੰ ਖ਼ਤ ਲਿਖ ਕੇ ਪੁੱਛਿਆ - ਠੀਕ ਹੋ ? ਕੌਣ ਕੌਣ ਬਚਿਆ ? ਕਿਸੇ ਦਾ ਜਵਾਬ ਨਹੀਂ ਆਇਆ, ਉਹ ਡਰ ਗਈ, ਮੈਕਸਬਰੋਦ ਨੂੰ ਤਲ-ਅਵੀਵ ਤਾਰ ਪਾਈ, ਤਾਰ ਦਾ ਜਵਾਬ ਆ ਗਿਆ, ਸ਼ੁਕਰ ਹੈ।

ਦੋਰਾ ਨੂੰ ਸੱਦਾ ਮਿਲਿਆ ਕਿ ਯਿੱਦਿਸ਼ ਬੋਲਾਂ ਵਿਚ ਯਹੂਦੀ ਡਰਾਮਾ ਦੇਖਣ ਆ। ਉਹ ਗਈ। ਉਸ ਨੂੰ ਰੀਵੀਊ ਲਿਖਣ ਵਾਸਤੇ ਕਿਹਾ, ਨਾਂਹ ਕਰ ਦਿੱਤੀ; ਲਿਖਿਆ - *ਇਥੇ ਕਿਸੇ ਨੂੰ ਇਹ ਪਿਆਰੀ ਜ਼ਬਾਨ ਨਹੀਂ ਆਉਂਦੀ, ਮਿਹਨਤ ਕਰ ਕੇ ਸੰਵਾਦ ਯਾਦ ਕੀਤੇ ਹੋਏ ਹਨ। ਯਹੂਦੀ ਰੂਹ ਗ਼ਾਇਬ ਹੈ। ਮੈ ਦੱਸਾਂਗੀ ਯਿੱਦਿਸ਼ ਥਿਏਟਰ ਕੀ ਹੁੰਦਾ ਸੀ। 1946 ਵਿਚ ਡਾਇਨਾ ਹੈਲਪਰਨ ਨੇ ਲੰਡਨ ਵਿਚ ਯਿੱਦਿਸ਼ ਡਰਾਮੇ ਖੇਡੇ ਤਾਂ ਦੋਰਾ ਨੇ ਕਿਹਾ - ਇਹ ਹੈ ਸਹੀ ਹੁਨਰ, ਸਹੀ ਰੂਹ, ਇਹ ਜਿਊਂਦੀ ਰਹੇਗੀ। ਤਾਜ਼ੀ ਹਵਾ ਦੀ ਮਹਿਕ ਆਈ। ...ਸ਼ੈਕਸਪੀਅਰ ਦਾ 'ਮਰਚੈਂਟ ਆਫ ਵੀਨਿਸ' ਖੇਡਿਆ ਜਾਂਦਾ ਦੇਖਿਆ। ਖ਼ੂਨ ਪੀਣਾ ਯਹੂਦੀ ਸ਼ਾਈਲਾਕ ਦੇਖਿਆ। ਮੈਨੂੰ ਲੱਗਿਆ ਮੇਰੇ ਕੱਪੜਿਆਂ ਨੂੰ ਕਿਸੇ ਨੇ ਅੱਗ ਲਾ ਦਿੱਤੀ। ਜਿਵੇਂ ਮੈ ਠੱਗੀ ਗਈ, ਅਪਮਾਨਿਤ ਹੋ ਗਈ। ਸ਼ੈਕਸਪੀਅਰ ਵਰਗਾ ਸ਼ਾਇਰ ਸਾਡੀ ਵੱਖੀ ਵਿਚ ਏਡੀ ਸਖ਼ਤ ਮੁੱਕੀ ਮਾਰ ਗਿਆ ਕਿ ਪੱਸਲੀਆਂ ਟੁੱਟ ਗਈਆਂ। ਇਸ ਵਿੱਚੋਂ ਅਨੰਦ ਲੈ ਰਹੇ ਗ਼ੈਰ-ਯਹੂਦੀਆਂ ਨਾਲ ਮੈਨੂੰ ਈਰਖਾ ਹੋਈ। ਛੁਰਾ, ਜ਼ਖ਼ਮ, ਬਕਵਾਸ, ਬੇਇਜ਼ਤੀ... ਸਾਰਾ ਕੁਝ ਯਹੂਦੀਆਂ ਖ਼ਿਲਾਫ਼, ਇਹ ਹੈ ਕਲਾ ਕਲਾ ਲਈ, ਬੇਸ਼ਕ ਸਾਨੂੰ ਯੌਰਪੀਅਨ ਕਹੋ ਜਾਂ ਕਹੋ ਕਿ ਅਸੀਂ ਯੌਰਪ ਵਿਚ ਘੁਲ ਮਿਲ ਗਏ ਹਾਂ ਪਰ ਸਾਡਾ ਇਹ ਇਖ਼ਲਾਕ ਨਹੀਂ। ਯਹੂਦੀ ਆਤਮਾ ਨੂੰ ਸਿੰਜਣ ਵਾਲੀ ਖ਼ੁਰਾਕ ਇਖ਼ਲਾਕ ਹੈ, ਕਲਾ ਨਹੀਂ। ਜਿਹੜੀ ਕਲਾ ਕੁਦਰਤੀ ਨਿਯਮਾਂ ਦੇ ਖ਼ਿਲਾਫ਼ ਹੈ, ਜਿੰਨੇ ਮਰਜ਼ੀ ਰੰਗ ਭਰੋ, ਉਹ ਹੁਨਰ ਨਹੀਂ ਹੁੰਦੀ। ਬਹੁਤ ਵਧੀਕ ਮੰਗ ਨਹੀਂ ਮੇਰੀ, ਮੈਂ ਕਹਿੰਦੀ ਹਾਂ, ਆਦਮੀ, ਆਦਮੀ ਤਾਂ ਬਣੇ ਘੱਟੋ ਘੱਟ। ਸਾਡਾ ਯਹੂਦੀਆਂ ਦਾ ਗ਼ੁਸੈਲਾ ਈਰਖਾਲੂ ਰੱਬ ਇਸ ਤਰ੍ਹਾਂ ਦਾ ਕਲਾਕਾਰ ਨਹੀਂ। ਮੈਂ ਅਣਗਿਣਤ ਵਾਰ ਸਟੇਜ ਉਪਰ ਸ਼ਾਈਲਾਕ ਦੇਖ ਚੁੱਕੀ ਹਾਂ, ਜਿੰਨੀ ਮਰਜ਼ੀ*

ਕਲਾਕਾਰੀ ਦੀ ਉਪਮਾ ਕਰੀ ਜਾਉ, ਅਸੀਂ ਬਤੌਰ ਯਹੂਦੀ ਇਸ ਨਾਟਕ ਨੂੰ ਰੱਦ ਕਰਦੇ ਹਾਂ ਕਿਉਂਕਿ ਇਸ ਦੇ ਕਰਤਾ ਅਤੇ ਵਿਆਖਿਆਕਾਰਾਂ ਨੇ ਐਨੀ ਨਫ਼ਰਤ, ਡਕੈਤੀ ਤੇ ਹਿੰਸਾ ਦੀ ਸ਼ਾਨ ਦਿਖਾ ਕੇ ਹੁਨਰ ਨੂੰ ਅਪਵਿੱਤਰ, ਦਾਗ਼ੀ ਕੀਤਾ ਹੈ।

ਮੀਜ਼ਲ ਨੇ ਇਸ ਨਾਟਕ ਦਾ ਯਿੱਦਿਸ਼ ਵਿਚ ਤਰਜਮਾ ਕਰ ਕੇ ਖੇਡਿਆ, ਦੋਰਾ ਨੂੰ ਦਿਖਾਇਆ ਤੇ ਟਿੱਪਣੀ ਲਿਖਣ ਲਈ ਕਿਹਾ। ਦੋਰਾ ਨੇ ਲਿਖਿਆ - ਮੇਰੇ ਕੋਲ ਤਾਂ ਇੰਜੀਲ ਦਾ ਵਾਕ ਹੈ - *ਅਜੇ ਅਸੀਂ ਨਿਰਾਸ਼ ਨਹੀਂ ਹੋਏ। ਇਕ ਪਾਸੇ ਸ਼ੈਕਸਪੀਅਰ ਹੈ, ਉਸ ਦਾ ਸ਼ਾਈਲਾਕ ਹੈ, ਦੂਜੇ ਪਾਸੇ ਇਹ ਹੈ ਸਾਡਾ ਯਿੱਦਿਸ਼ ਥਿਏਟਰ, ਮੇਰਾ ਦਿਲ ਖ਼ੁਸ਼ੀ ਨਾਲ ਝੂਮ ਉਠਿਆ, ਨੱਚਣ ਲੱਗਾ। ਇਹ ਹੈ ਨਾ ਸਾਡੀ ਬੋਲੀ, ਸਾਡਾ ਕਲਚਰ, ਸਿਖਰ ਦੀ ਕਲਾ। ਮੀਜ਼ਲ ਦੋਸਤ, ਤੇਰੀ ਉਪਮਾ ਵਾਸਤੇ ਮੇਰੇ ਕੋਲ ਲਫ਼ਜ਼ ਨਹੀਂ। ਉਹੀ ਸ਼ੈਕਸਪੀਅਰ... ਉਹੀ ਸ਼ਾਈਲਾਕ... । ਸ਼ਾਬਾਸ਼ ਤੈਨੂੰ ਮੀਜ਼ਲ, ਸ਼ਾਬਾਸ਼। ਤੇਰੀ ਜ਼ਬਾਨ, ਤੇਰੀ ਕਲਾ, ਤੇਰਾ ਯਿੱਦਿਸ਼ ਥਿਏਟਰ ਕਾਇਮ ਰਹਿਣਗੇ। ਮੇਰੀ ਇੱਛਾ ਹੈ ਕਿ ਜਿਥੇ 'ਮਰਚੈਂਟ ਆਫ ਵੀਨਿਸ' ਖੇਡਿਆ ਜਾਏ, ਸ਼ਾਈਲਾਕ ਦਾ ਰੋਲ ਉਹ ਬੰਦਾ ਕਰੇ ਜਿਹੜਾ ਜਮਾਂਦਰੂ ਯਹੂਦੀ ਹੋਵੇ। ਫਿਰ ਇਨਸਾਫ਼ ਹੋਵੇਗਾ, ਫਿਰ ਅਕਾਦਾਰ ਵਿਜਈ ਹੋਵੇਗਾ, ਪਰ ਸਾਡੇ ਨਵੇਂ ਨਿੱਕੇ ਕਲਾਕਾਰ ਜਦੋਂ ਲਿਸ਼ਕਦੇ ਹਨ, ਉਦੋਂ ਉਨ੍ਹਾਂ ਨੂੰ ਫ਼ਿਲਮ ਖ਼ਰੀਦ ਲੈਂਦੀ ਹੈ, ਉਦੋਂ ਉਹ ਅਮਰੀਕਾ ਚਲੇ ਜਾਂਦੇ ਹਨ। ਸਾਡੇ ਬੱਚੇ ਸਾਡੇ ਤੋਂ ਖੁਸ ਰਹੇ ਹਨ। ਤਮਾਰਾ ਸੋਲੋਮੋਵ ਚਲਾ ਗਿਆ, ਫੇਲਾ, ਸ਼ਲੋਮੋ, ਕੋਹਿਨ, ਸਭ ਗਏ। ਹੁਣ ਯਹੂਦੀ ਰੰਗਮੰਗ ਉੱਤੇ ਕਿੰਨੇ ਕੁ ਸ਼ਲੋਮੋ, ਕਿੰਨੇ ਕੁ ਕੋਹਿਨ ਹਨ?*

ਦੋਰਾ ਨੇ ਜਨਵਰੀ 1947 ਵਿਚ ਆਪਣੇ ਦੋ ਭਰਾ ਤੇ ਇਕ ਭੈਣ ਲੱਭ ਲਈ, ਸੱਸ ਮਿਲ ਗਈ। ਸ਼ੁਕਰ ਹੈ ਮਿਲ ਗਏ। ਉਸਦੇ ਗਿਆਰਾਂ ਭੈਣ ਭਰਾਵਾਂ ਵਿੱਚੋਂ ਤਿੰਨ ਬਚੇ, ਬਾਕੀ ਮਾਰੇ ਗਏ। ਪੰਜਾਹ ਸਾਲ ਦੀ ਉਮਰ ਦੇ ਭਰਾ ਦਾਊਦ ਦਾਇਮੰਤ ਦਾ ਸਭ ਕੁਝ ਬਰਬਾਦ ਹੋ ਚੁੱਕਾ ਸੀ...ਰੱਬ ਵੀ... ਇਸ ਦਾ ਰੱਬ ਤੋਂ ਇਤਬਾਰ ਉੱਠ ਗਿਆ ਸੀ। ਨਾਜ਼ੀਆਂ ਨੇ ਸਭ ਖੋਹ ਲਿਆ। ਚੌਵੀ ਸਾਲ ਦੀ ਛੋਟੀ ਭੈਣ ਸਾਰਾ ਜਿਊਂਦੀ ਸੀ ਕਿਉਂਕਿ ਉਸਨੇ ਰੱਬ ਅਜੇ ਫੜ ਰੱਖਿਆ ਸੀ। ਜਦੋਂ ਯੁੱਧ ਮੁੱਕਣ ਦਾ ਐਲਾਨ ਹੋਇਆ, ਮੁਸ਼ੱਕਤ ਕੈਂਪ ਵਿਚ 80 ਲੱਖ ਲੋਕ ਬੇਘਰੇ, ਬੇਵਤਨੇ ਸਨ। ਇਨ੍ਹਾਂ ਨੂੰ ਆਬਾਦ ਕਰਨਾ ਸੀ। ਸਾਰਾ, ਰੂਸੀ ਕੈਂਪ ਵਿੱਚੋਂ ਰਿਹਾਅ ਹੋ ਕੇ ਆਪਣੇ ਘਰ ਪੋਲੈਂਡ ਪਰਤਣਾ ਚਾਹੁੰਦੀ ਸੀ। ਰਿਹਾਈ ਵੇਲੇ ਰੂਸੀ ਫ਼ੌਜੀ ਧੂ ਕੇ ਉਸਨੂੰ ਇਕ ਪਾਸੇ ਲੈ ਗਿਆ, ਕਿਹਾ - ਮੈਂ ਤੈਨੂੰ ਆਜ਼ਾਦੀ ਦਿੱਤੀ ਹੈ, ਇਸ ਬਦਲੇ ਤੂੰ ਵੀ ਮੈਨੂੰ ਗਿਫ਼ਟ ਦੇਹ, ਕੁੜੀ ਨੇ ਚੀਕ ਮਾਰੀ, ਫਿਰ ਫ਼ੌਜੀ ਦੇ ਮੂੰਹ 'ਤੇ ਘਸੁੰਨ ਮਾਰਿਆ। ਫ਼ੌਜੀ ਨੇ ਉਸ ਨੂੰ ਠੁੱਡੇ ਤਾਂ ਮਾਰੇ ਪਰ ਫਿਰ ਛੋੜਿਆ ਨਹੀਂ। ਬੈਦਜ਼ਿਨ ਪੁੱਜ ਕੇ ਸਾਰਾ ਨੇ ਆਪਣੇ ਘਰ ਦਾ ਬੂਹਾ ਖੜਕਾਇਆ, ਅਜੀਬ ਆਵਾਜ਼ਾਂ ਸੁਣੀਆਂ, ਇਥੇ ਤਾਂ ਪੋਲੈਂਡ ਦੇ ਬੰਦੇ ਰਹਿ ਰਹੇ ਸਨ, ਉਨ੍ਹਾਂ ਸਾਰਾ ਨੂੰ ਅੰਦਰ ਆਉਣ ਦੀ ਇਜਾਜ਼ਤ ਨਾ ਦਿੱਤੀ, ਉਸਦੀਆਂ ਅੱਖਾਂ ਸਾਹਮਣੇ ਜਦੋਂ ਤੜਾਕ ਕਰ ਕੇ ਬੂਹਾ ਬੰਦ ਹੋਇਆ, ਬੇਹੋਸ਼ ਹੋ ਕੇ ਢੇਰੀ ਹੋ ਗਈ। ਛੇ ਸਾਲ ਤਸੀਹਾ ਕੇਂਦਰਾਂ ਵਿਚ ਉਹ ਇਸ ਆਸ ਨਾਲ ਜਿਊਂਦੀ ਰਹੀ ਸੀ ਕਿ ਆਪਣੇ ਘਰ ਜਾਏਗੀ, ਪਰਿਵਾਰ ਨੂੰ ਮਿਲੇਗੀ। ਏਨੀਆਂ ਮੁਸੀਬਤਾਂ ਵਿਚ ਵੀ ਉਹਨੇ ਭੈਣਾਂ, ਭਾਣਜਿਆਂ, ਭਾਣਜੀਆਂ ਦੀਆਂ ਫੋਟੋਆਂ ਸੰਭਾਲੀ ਰੱਖੀਆਂ ਸਨ, ਇਨ੍ਹਾਂ ਵਿਚ ਦੋਰਾ ਅਤੇ ਮੇਰੀਆਨਾ ਵੀ ਸੀ। ਉਹ ਪਿੰਡ ਦੀ ਹਥਾਈ ਵੱਲ ਤੁਰ ਪਈ, ਇਸ ਨੂੰ ਦੱਸਿਆ ਗਿਆ ਕਿ ਜਿਹੜੇ ਬੰਦੇ ਜਿਊਂਦੇ ਬਚੇ ਹਨ, ਉਨ੍ਹਾਂ ਦੀ ਲਿਸਟ ਉਥੇ ਕੰਧ ਉਪਰ ਚਿਪਕਾਈ ਹੋਈ ਹੈ। ਉਸਨੇ ਲਿਸਟ ਪੜ੍ਹੀ। ਲਿਸਟ ਉਪਰ ਉਸਦਾ ਆਪਣਾ ਨਾਮ ਸੀ,

ਕੇਵਲ ਸਾਰਾ, ਬਾਕੀ ਸਭ ਖ਼ਤਮ। ਉਹ ਤਾਂ ਸ਼ੁਕਰ ਸਮਝੋ ਕਿ ਸਾਰਾ ਬਚ ਗਈ। ਕੈਂਪਾਂ ਵਿੱਚੋਂ ਜਿਊਂਦੇ ਬਚੇ ਜਿਹੜੇ ਯਹੂਦੀ, ਆਪਣੇ ਘਰਾਂ ਨੂੰ ਪਰਤੇ, ਕਬਜ਼ਾਕਾਰੀ ਪੋਲਿਸ਼ਾਂ ਨੇ ਮਾਰੇ। ਨਾਜ਼ੀ ਚਲੇ ਗਏ, ਯਹੂਦੀਆਂ ਖ਼ਿਲਾਫ਼ ਨਫ਼ਰਤ ਨਹੀਂ ਗਈ। ਢਾਈ ਲੱਖ ਯਹੂਦੀ ਰਫ਼ੂਜੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋਏ।

ਅਮਰੀਕਨ ਰਾਸ਼ਟਰਪਤੀ ਨੇ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਕਾਨੂੰਨ ਪੜ੍ਹਾਉਂਦੇ ਪ੍ਰੋਫ਼ੈਸਰ ਹੈਰੀਸਨ ਨੂੰ ਕੈਂਪਾਂ ਦੀ ਸਥਿਤੀ ਜਾਣਨ ਵਾਸਤੇ ਭੇਜਿਆ। ਉਸਨੇ ਦੱਸਿਆ - *ਨਾਜ਼ੀਆਂ ਦੇ ਕੈਂਪਾਂ ਨਾਲੋਂ ਇਕ ਫ਼ਰਕ ਹੈ, ਹੁਣ ਬੰਦੀਆਂ ਨੂੰ ਗੋਲੀ ਨਹੀਂ ਮਾਰੀ ਜਾਂਦੀ। ਬਾਕੀ ਸਭ ਉਵੇਂ ਹੈ। ਯਹੂਦੀ ਕਹਿੰਦੇ ਹਨ ਸਾਨੂੰ ਫਲਸਤੀਨ ਭੇਜੋ। ਮਰਨਾ ਹੈ ਤਾਂ ਪੁਰਖਿਆਂ ਦੇ ਦੇਸ ਵਿਚ ਤਾਂ ਮਰੀਏ। ਇਕ ਲੱਖ ਪਰਮਿਟ ਤੁਰਤ ਚਾਹੀਦੇ ਹਨ। ਉਜਾੜ ਰੇਗਿਸਤਾਨ ਵਿਚ ਵਸਣ ਦੇ ਇੱਛੁਕ ਹਨ।*

ਸਾਰੀ ਦੁਨੀਆਂ ਯਹੂਦੀਆਂ ਦੀ ਦੁਸ਼ਮਣ। ਕੀੜੀਆਂ ਵਾਂਗ ਉਹ ਤਲ-ਅਵੀਵ ਵੱਲ ਸਰਕਣ ਲੱਗੇ। ਮੱਧ ਸਾਗਰ ਕਿਨਾਰੇ, ਮਾਰੂਥਲ ਵਿਚ ਇਕ ਸ਼ਹਿਰ ਉਸਰਨ ਲੱਗਾ। ਅੰਗਰੇਜ਼ਾਂ ਦਾ ਖ਼ਿਆਲ ਸੀ ਮੁਸਲਮਾਨ ਇਨ੍ਹਾਂ ਨੂੰ ਦੁਰਕਾਰਨਗੇ ਨਹੀਂ ਕਿਉਂਕਿ ਇੱਕੋ ਸਾਮੀ ਪਿਛੋਕੜ ਹੈ।

ਫਲਸਤੀਨ ਦੇ ਮੁਸਲਮਾਨਾਂ ਨੇ ਇਨ੍ਹਾਂ ਨੂੰ ਦੁਸ਼ਮਣ ਨੰਬਰ ਇਕ ਵਜੋਂ ਜਾਣਿਆ। ਫਲਸਤੀਨ ਦੇ ਪੂਰਬ ਵੱਲ ਜਾਰਡਨ ਦਰਿਆ ਕਿਨਾਰੇ ਇਨ੍ਹਾਂ ਨੂੰ ਵੱਖ ਵਸਾ ਕੇ ਆਬਾਦੀ ਦਾ ਨਾਮ ਟਰਾਂਸ-ਜਾਰਡਨ ਰੱਖਿਆ। ਵਿਜਈ ਬਰਤਾਨੀਆ ਅੱਗੇ ਇਨ੍ਹਾਂ ਨੇ ਤਰਲੇ ਪਾਏ ਕਿ ਇਹ ਸਾਡਾ ਪੁਸ਼ਤੈਨੀ ਥਾਂ ਹੈ, ਸਾਨੂੰ ਇਥੇ ਤਾਂ ਵੱਸਣ ਦੀ ਆਗਿਆ ਮਿਲੇ। ਬਰਤਾਨੀਆ ਨੇ ਵਾਈਟ ਪੇਪਰ ਜਾਰੀ ਕੀਤਾ ਜਿਸ ਵਿਚ ਵਾਅਦਾ ਕੀਤਾ ਗਿਆ ਕਿ ਪੰਜ ਸਾਲ ਦੇ ਸਮੇਂ ਅੰਦਰ 75 ਹਜ਼ਾਰ ਯਹੂਦੀਆਂ ਨੂੰ ਇਜ਼ਰਾਈਲ ਵਿਚ ਜਾਣ ਦੀ ਆਗਿਆ ਮਿਲੇਗੀ। ਯਹੂਦੀਆਂ ਦੇ ਜੁਆਨ ਨੇਤਾ ਦਾਊਦ-ਬਿਨ-ਗੁਰੀਆਂ ਨੇ ਪਹਿਲੇ ਸੰਸਾਰ ਯੁੱਧ ਵਿਚ ਯਹੂਦੀਆਂ ਨੂੰ ਤੁਰਕਾਂ ਖ਼ਿਲਾਫ਼ ਅੰਗਰੇਜ਼ਾਂ ਦੀ ਮੱਦਦ ਲਈ ਮਨਾਇਆ ਸੀ। ਦਾਊਦ ਨੇ ਐਲਾਨ ਕੀਤਾ - *ਜਦੋਂ ਅਸੀਂ ਹਿਟਲਰ ਖ਼ਿਲਾਫ਼ ਲੜੇ ਮਰੇ, ਉਦੋਂ ਸਾਡੇ ਕੋਲ ਅੰਗਰੇਜ਼ਾਂ ਦਾ ਲਿਖਿਆ ਇਹ ਵਾਈਟ ਪੇਪਰ ਨਹੀਂ ਸੀ। ਹੁਣ ਹਿਟਲਰ ਨਹੀਂ, ਹੁਣ ਅਸੀਂ ਇਸ ਵਾਈਟ ਪੇਪਰ ਖ਼ਿਲਾਫ਼ ਲੜਾਂਗੇ ਤੇ ਮਰਾਂਗੇ। ਅਸੀਂ ਸਦੀਆਂ ਤੋਂ ਉਜੜੇ ਫਿਰਦੇ ਹਾਂ, ਮਰਦੇ ਫਿਰਦੇ ਹਾਂ। ਸੱਠ ਲੱਖ ਮੌਤਾਂ ਦੀ ਗਿਣਤੀ ਕਾਫ਼ੀ ਹੈ। ਸੰਸਾਰ ਨੇ ਐਲਾਨ ਕਰ ਦਿੱਤਾ ਹੈ ਕਿ ਯੁੱਧ ਬੰਦ ਹੋ ਗਿਆ ਹੈ। ਅਸੀਂ ਬਚੇ ਹੋਏ ਯਹੂਦੀ, ਤ੍ਰਿਸਕਾਰੇ ਬੰਦੇ, ਦੁਨੀਆਂ ਖ਼ਿਲਾਫ਼ ਲੜਾਂਗੇ। ਅਸੀਂ ਯੁੱਧ-ਬੰਦੀ ਦਾ ਐਲਾਨ ਨਹੀਂ ਕੀਤਾ।*

1947 ਤੋਂ ਫਲਸਤੀਨ, ਮੁਸਲਮਾਨਾਂ ਅਤੇ ਯਹੂਦੀਆਂ ਦਾ ਯੁੱਧ ਖੇਤਰ ਬਣਦਾ ਰਿਹਾ, ਅੰਗਰੇਜ਼ਾਂ ਨੇ ਅਰਬਾਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਯਹੂਦੀਆਂ ਨੇ ਆਪਣੇ ਆਪ ਨੂੰ ਬਚਾਉਣ ਲਈ ਆਪੇ ਇਕ ਫ਼ੌਜ ਖੜੀ ਕਰ ਲਈ। ਯਹੂਦੀਆਂ ਨੇ ਅਰਬਾਂ ਕੋਲੋਂ ਬੰਜਰ ਜਮੀਨ ਖ਼ਰੀਦਣੀ ਸ਼ੁਰੂ ਕਰ ਦਿੱਤੀ। ਇਸ ਦਾ ਵੀ ਅੰਗਰੇਜ਼ਾਂ ਨੇ ਵਿਰੋਧ ਕੀਤਾ।

ਦੋਰਾ ਨੂੰ ਜਦੋਂ ਪਤਾ ਲੱਗਾ ਸਾਰਾ ਜਿਊਂਦੀ ਹੈ, ਉਸਦੇ ਪਤੀ ਦਾ ਨਾਮ ਅਬਰਾਹਮ ਹੈ ਤੇ ਉਨ੍ਹਾਂ ਦੇ ਘਰ ਬੱਚੀ ਜੰਮੀ ਹੈ, ਉਸਨੇ ਲੋਜ਼ੇਨ ਅਖ਼ਬਾਰ ਵਿਚ ਇਸ਼ਤਿਹਾਰ ਛਪਵਾਇਆ - *ਵਧਾਈ ਮੇਰੀ ਭੈਣ ਸਾਰਾ, ਨਵੀਂ ਜ਼ਿੰਦਗੀ, ਨਵੀਂ ਰੌਸ਼ਨੀ। ਤੇਰੀ ਵਫ਼ਾਦਾਰ ਤੇ ਪਿਆਰੀ ਭੈਣ ਦੋਰਾ ਵਲੋਂ ਚੰਗੇ ਭਵਿੱਖ ਦੀ ਮੰਗਲ ਕਾਮਨਾ।*

ਧੀ ਮੇਰੀਆਨਾ ਵਾਂਗ ਦੋਰਾ ਨੂੰ ਵੀ ਗੁਰਦੇ ਦੀ ਤਕਲੀਫ਼ ਨੇ ਘੇਰ ਲਿਆ। ਚਿਹਰਾ ਅੜੇ ਲੱਤਾਂ ਸੁੱਜ ਗਈਆਂ, ਮੰਜੇ ਤੋਂ ਉਠਿਆ ਨਾ ਜਾਂਦਾ, ਤਾਂ ਵੀ ਕੱਪੜੇ ਸਿਉਂ ਕੇ ਗੁਜ਼ਾਰਾ ਕਰਦੀ। ਉਸਨੇ ਖ਼ਬਰ ਪੜ੍ਹੀ ਕਿ ਇੰਗਲੈਂਡ, ਯਹੂਦੀਆਂ ਦੇ ਫਲਸਤੀਨੀ ਵਸੇਬੇ ਦੇ ਖ਼ਿਲਾਫ਼ ਹੈ, ਵੀਹ ਹਜ਼ਾਰ ਤੋਂ ਵਧੀਕ ਯਹੂਦੀ ਇਕ ਸਾਲ ਵਿਚ ਨਹੀਂ ਜਾਣਗੇ। ਅਮਰੀਕਾ ਨੇ ਇਕ ਲੱਖ ਯਹੂਦੀਆਂ ਨੂੰ ਸ਼ਰਣ ਦੇ ਦਿੱਤੀ, ਯਤੀਮਾਂ ਨੂੰ ਪਹਿਲ ਦਿੱਤੀ ਗਈ। ਸਾਰਾ ਨੂੰ ਫਲਸਤੀਨ ਜਾਣ ਵਾਸਤੇ ਦੋ ਸਾਲ ਉਡੀਕਣਾ ਪਿਆ।

ਦੋਰਾ ਕੁਝ ਸੁਧਰੀ, ਧੀ ਦੀ ਸਿਹਤ ਵਿਗੜ ਗਈ। ਹਰ ਹਫ਼ਤੇ ਰੇਲ ਰਸਤੇ ਲਿਊਟਨ ਜਾ ਕੇ ਟੀਕੇ ਲੁਆਉਣੇ ਪੈਂਦੇ। ਦਹਾਕੇ ਬਾਦ ਬਰੋਦ ਨੇ ਕਾਫ਼ਕਾ ਜੀਵਨੀ ਦੀ ਨਵੀਂ ਐਡੀਸ਼ਨ ਛਾਪੀ, ਨਵਾਂ ਅਧਿਆਇ ਲਿਖਿਆ - *ਕਾਫ਼ਕਾ ਬਾਰੇ ਏਨਾ ਕੁਝ ਲਿਖਿਆ ਗਿਆ ਹੈ ਕਿ ਸਾਰਾ ਪੜ੍ਹਿਆ ਨਹੀਂ ਜਾ ਸਕਦਾ, ਭ੍ਰਾਂਤੀਆਂ ਤੇ ਆਪਾ ਵਿਰੋਧਾਂ ਨਾਲ ਭਰੀਆਂ ਲਿਖਤਾਂ ਹਨ, ਕੋਈ ਕਾਫ਼ਕਾ ਨੂੰ ਨਹੀਂ ਜਾਣ ਸਕਿਆ, ਆਲੇ ਦੁਆਲੇ ਪਰਿਕਰਮਾਂ ਕਰ ਰਹੇ ਹਨ, ਮੈਂ ਜਿਹੜਾ ਉਸ ਦਾ ਦੋਸਤ ਹਾਂ, ਮੈਂ ਵੀ ਉਸ ਨੂੰ ਇੰਨਾ ਕੁ ਜਾਣਦਾ ਹਾਂ ਕਿ ਉਹ ਆਦਮੀ ਨੂੰ ਸਵੱਛ, ਸੰਪੂਰਨ ਦੇਖਣ ਦਾ ਸੁਫ਼ਨਾ ਲੈਂਦਾ ਹੈ।*

ਕਾਫ਼ਕਾ ਬਾਰੇ ਊਲ-ਜਲੂਲ ਵਧੀਕ ਛਪ ਰਿਹਾ ਸੀ। ਦੋਰਾ ਦਾ ਦਿਲ ਕੀਤਾ ਉਹ ਆਪਣੀ ਖ਼ਾਮੋਸ਼ੀ ਤੋੜੇ। ਹੋਦਿਨ ਉਸਦੇ ਘਰ ਇੰਟਰਵਿਊ ਲੈਣ ਗਿਆ। ਦੋਰਾ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਦੀ, ਪਰ ਉਸਦਾ ਫ਼ੈਸਲਾ ਸੀ ਕਿ ਇੰਟਰਵਿਊ ਜਰਮਨ ਭਾਸ਼ਾ ਵਿਚ ਹੋਵੇਗੀ, ਉਹ ਭਾਸ਼ਾ ਜਿਸ ਵਿਚ ਕਾਫ਼ਕਾ ਲਿਖਦਾ ਸੀ। ਦੋਰਾ ਦਾ ਖ਼ਿਆਲ ਸੀ ਕੇਵਲ ਜਰਮਨ ਜਾਣਨ ਵਾਲਾ ਬੰਦਾ ਉਸਦੇ ਨਜ਼ਦੀਕ ਪੁੱਜ ਸਕਦਾ ਹੈ। ਹੋਦਿਨ ਲਿਖਦਾ ਹੈ - ਦੋਰਾ ਨੇ ਪਹਿਲੀ ਮੁਲਾਕਾਤ ਵਿਚ ਕਹਿ ਦਿੱਤਾ ਸੀ - *ਮੈਂ ਨਿਰਪੱਖ ਨਹੀਂ ਹਾਂ, ਹੋ ਈ ਨਹੀਂ ਸਕਦੀ, ਉਸਦੀ ਮੌਤ ਹੋਇਆਂ ਵੀਹ ਸਾਲ ਬੀਤ ਗਏ ਹਨ। ਸ਼ਬਦ, ਤੱਥ ਕੀ ਕਰਨਗੇ, ਮਹੱਤਵਪੂਰਨ ਹੈ ਉਹ ਮਾਹੌਲ, ਜਿਹੜਾ ਕਾਫ਼ਕਾ ਨੇ ਸਿਰਜਿਆ। ਮੇਰੇ ਅੰਦਰਲਾ ਕਾਫ਼ਕਾ ਸੱਚ ਹੈ, ਮੁਹੱਬਤ ਉਸਦੇ ਵਰਣਨ ਵਿਚ ਘੁਲੀ ਹੋਈ ਹੋਵੇਗੀ ਹੀ।*

ਉਸਨੇ ਪਹਿਲੀ ਮੁਲਾਕਾਤ ਤੋਂ ਲੈ ਕੇ ਅਖ਼ੀਰ ਤੱਕ ਦੀਆਂ ਗੱਲਾਂ ਦੱਸੀਆਂ, ਯਾਦਾਂ ਦੇ ਝਰਨੇ ਵਗ ਪਏ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ।

ਮੈਂ ਮੱਛੀਆਂ ਕੱਟ ਰਹੀ ਸਾਂ। ਉਸਨੇ ਕਿਹਾ - ਇਹ ਕੋਮਲ ਹੱਥ... ਇਹ ਕੰਮ। ਉਹ ਆਵਾਜ਼ ਅਜੇ ਤੱਕ ਮੈਨੂੰ ਸੁਣਾਈ ਦਿੰਦੀ ਹੈ। ਹਮੇਸ਼ ਖ਼ੁਸ਼ਮਿਜਾਜ਼। ਇਸ ਤਰ੍ਹਾਂ ਦੀਆਂ ਅੱਖਾਂ, ਜਿਵੇਂ ਕਹਿੰਦਾ ਹੋਵੇ - ਜੋ ਮੈਨੂੰ ਪਤਾ ਹੈ ਉਸਦਾ ਤੁਹਾਨੂੰ ਕੀ ਪਤਾ। ਬੱਚਿਆਂ ਵਰਗੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ। ਉਹ ਸੂਲੀ ਤੋਂ ਬਚਣ ਦਾ ਇੱਛੁਕ ਸੀ, ਉਸਨੂੰ ਇਹ ਵੀ ਪਤਾ ਸੀ ਕਿ ਸੂਲੀ ਤੋਂ ਬਗ਼ੈਰ ਜੀਵਨ, ਜੀਵਨ ਨਹੀਂ ਹੁੰਦਾ, ਉਸ ਨੂੰ ਪਤਾ ਸੀ ਬ੍ਰਹਿਮੰਡ ਦੀ ਸੁਪਰੀਮ ਕੋਰਟ ਵਿੱਚੋਂ ਕੋਈ ਬਰੀ ਨਹੀਂ ਹੁੰਦਾ। ਮੇਰੇ ਉਪਰ ਉਸ ਦਾ ਅਸਰ ਕਿਉਂ ਹੋਇਆ ਪਤਾ ਨਹੀਂ। ਲੋਕ ਕਹਿੰਦੇ ਸਨ - ਪੂਰਬ ਸ਼ਾਂਤ ਹੈ, ਖ਼ਾਮੋਸ਼ ਹੈ, ਪੂਰਬ ਯੁੱਧ ਨਹੀਂ ਚਾਹੁੰਦਾ। ਮੈਨੂੰ ਪੂਰਬਣੀ ਨੂੰ ਇਉਂ ਲੱਗਾ ਜਿਵੇਂ ਰੌਸ਼ਨੀ ਹੈ ਈ ਪੱਛਮ ਵਿਚ। ਇਹ ਮੈਨੂੰ ਇਥੇ ਆ ਕੇ ਪਤਾ ਲੱਗਾ ਕਿ ਪੱਛਮ ਬੇਚੈਨ ਹੈ। ਇਥੇ ਕੁਝ ਗੜਬੜ ਹੈ। ਪੂਰਬ ਦੇ ਲੋਕ ਵਧੀਕ ਨਹੀਂ ਬੋਲਦੇ। ਕਾਫ਼ਕਾ ਵਿੱਚੋਂ ਮੈਨੂੰ ਪੂਰਾ ਪੱਛਮ ਮਿਲਿਆ। ਮੈਨੂੰ ਕੁਝ ਸਿਖਾਣ ਦੀ ਥਾਂ ਉਹ ਮੇਰੇ ਤੋਂ ਸਿੱਖਣ ਲੱਗ ਗਿਆ, ਉਸ ਨੂੰ ਲੱਗਿਆ, ਦੋਰਾ ਸੰਪੂਰਨ ਪੂਰਬ ਹੈ। ਉਸ ਨੇ ਮੇਰੇ ਤੋਂ ਧਰਮ ਸਿੱਖਿਆ। ਇਕ ਉਮੀਦ ਵਾਂਗ ਉਸ ਨੂੰ ਮੈਂ ਮਿਲੀ। ਹਰੇਕ ਲਿਖਤ

ਸਭ ਤੋਂ ਪਹਿਲਾਂ ਮੈਨੂੰ ਹੀ ਸੁਣਾਉਂਦਾ। ਕਦੀ ਕਹਿ ਦਿੰਦਾ - ਮੇਰੀਆਂ ਲਿਖਤਾਂ ਪ੍ਰੇਤ ਨੇ। ਮੈਂ ਇਨ੍ਹਾਂ ਤੋਂ ਬਚਣਾ ਚਾਹੁੰਨਾਂ। ਅੱਗ ਲਾ ਦੇਹ ਦੋਰਾ, ਮੈਨੂੰ ਮੁਕਤ ਕਰ। ਮੁਕਤ ਹੋ ਕੇ ਉਸਨੇ ਕਿਹੋ ਜਿਹਾ ਲਿਖਣਾ ਸੀ, ਕੀ ਪਤਾ, ਉਹ ਮੁਕਤ ਹੋਇਆ ਹੀ ਨਹੀਂ। ਉਸ ਨੂੰ ਹਰੇਕ ਵਸਤੂ ਸ਼ੱਕੀ ਲੱਗਦੀ, ਸਿਵਾਇ ਸਾਹਿਤ ਰਚਨਾ ਦੇ। ਬ੍ਰਹਿਮੰਡ ਦੇ ਟੁਕੜੇ ਜੋੜਨ ਦਾ ਇੱਛੁਕ ਸੀ, ਕਿਸੇ ਇਕ ਨੂੰ ਦੇਖਣ ਵਾਸਤੇ, ਉਸਨੂੰ ਪਤਾ ਸੀ ਪੂਰਬ ਬ੍ਰਹਿਮੰਡ ਦੀ ਏਕਤਾ ਨੂੰ ਪਛਾਣਦਾ ਹੈ। ਜਿਊਣ ਵਾਸਤੇ ਰੂਹਾਨੀ ਤਾਕਤ ਚਾਹੀਦੀ ਹੈ, ਬਗ਼ੈਰ ਕਿਸੇ ਰਾਜ਼ੀਨਾਵੇਂ ਦੇ। ਪੱਛਮ ਇਸ ਤੋਂ ਵੰਚਿਤ ਹੈ।

ਹੋਦਿਨ ਨੂੰ ਇੰਟਰਵਿਊ ਵਾਸਤੇ ਸਵਾਲ ਨਹੀਂ ਪੁੱਛਣੇ ਪਏ। ਤੁਰ ਪੈਂਦੀ ਤਾਂ ਰੁਕਦੀ ਹੀ ਨਹੀਂ ਸੀ, ਫਟਾਫਟ ਘੰਟੇ ਬੀਤੀ ਜਾਂਦੇ। ਦੋਰਾ ਨੇ ਹੋਦਿਨ ਨੂੰ ਉਹ ਕਹਾਣੀ ਸੁਣਾਈ ਜਿਹੜੀ ਕਾਫ਼ਕਾ ਤੋਂ ਸੁਣੀ ਸੀ - *ਖੰਾਣ ਮਜ਼ਦੂਰ ਆਪਣੀ ਮਾਸ਼ੂਕਾ ਨਾਲ ਖਾਣ ਵੱਲ ਗਿਆ, ਪੈਰ ਫਿਸਲਿਆ, ਡੂੰਘੇ ਹਨੇਰਿਆਂ ਵਿਚ ਚਲਾ ਗਿਆ, ਕਦੀ ਨਾ ਪਰਤਿਆ, ਕੁੜੀ ਉਸਦੀ ਯਾਦ ਵਿਚ ਬੁੱਢੀ ਹੋ ਗਈ ਪਰ ਵਿਆਹ ਨਾ ਕਰਵਾਇਆ, ਉਡੀਕਦੀ ਰਹੀ, ਆਏਗਾ। ਇਕ ਦਿਨ ਉਸ ਪਾਸ ਲਾਸ਼ ਪੁੱਜੀ, ਖਾਣ ਦੀਆਂ ਗੈਸਾਂ ਕਾਰਨ ਲਾਸ਼ ਉਵੇਂ ਤਰੋ ਤਾਜ਼ਾ ਸੀ ਜਿਵੇਂ ਵਿਛੜਨ ਵਾਲੇ ਦਿਨ। ਵਿਆਹ ਅਤੇ ਸ਼ਮਸ਼ਾਨ-ਘਾਟ ਇਕ ਹੋ ਗਏ।*

ਜਦੋਂ ਮੈਂ ਉਸਦੀ ਕਿਤਾਬ ਪੜ੍ਹਦੀ ਹਾਂ, ਮੈਨੂੰ ਉਸ ਦੀ ਉਹੀ ਆਵਾਜ਼ ਸੁਣਾਈ ਦਿੰਦੀ ਹੈ ਜਦੋਂ ਉਹ ਮੈਨੂੰ ਸੁਣਾਇਆ ਕਰਦਾ, ਸ਼ੁਰੂ ਸ਼ੁਰੂ ਵਿਚ ਮੈਨੂੰ ਜਰਮਨ ਘੱਟ ਆਉਂਦੀ ਸੀ, ਇਹ ਕੁਝ ਜ਼ਿਆਦਾ ਹੀ ਨਵੀਨ ਭਾਸ਼ਾ ਸੀ। ਕਾਫ਼ਕਾ ਨੂੰ ਖ਼ੂਬ ਆਉਂਦੀ ਸੀ, ਪਰ ਉਹ ਪੁਰਾਤਨ ਭਾਸ਼ਾ ਦੀ ਤਲਾਸ਼ ਕਰਦਾ ਰਿਹਾ, ਉਸ ਅੰਦਰ ਪੁਰਾਤਨਤਾ ਛੁਪੀ ਬੈਠੀ ਸੀ। ਉਹ ਕਿਸੇ ਖ਼ਾਸ ਯੁੱਗ ਦੀ ਪ੍ਰਤਿਨਿਧਤਾ ਨਹੀਂ ਕਰਦਾ, ਮਨੁੱਖ ਦੀ ਹੋਣੀ ਦਾ ਪ੍ਰਤਿਨਿਧ ਹੈ। ਉਸਦਾ ਯਥਾਰਥ ਰੋਜ਼ਮੱਰਾ ਦੀਆਂ ਘਟਨਾਵਾਂ ਨਹੀਂ, ਜਮੇ ਹੋਏ ਉਸ ਅਨੰਤ ਪਲ ਦਾ ਪ੍ਰਤਿਨਿਧ ਹੈ ਜਿਹੜਾ ਥੋੜ੍ਹੀ ਦੇਰ ਵਾਸਤੇ ਪਕੜ ਵਿਚ ਆਇਆ ਤੇ ਬੀਤ ਗਿਆ।

1948 ਵਿਚ ਕਾਫ਼ਕਾ ਦੀ ਭਾਣਜੀ ਆਪਣੇ ਪਤੀ ਸਮੇਤ ਦੋਰਾ ਨੂੰ ਮਿਲਣ ਆਈ। ਸਾਰੇ ਪਰਿਵਾਰਾਂ ਵਿੱਚੋਂ ਬੱਸ ਇਹੋ ਬਚੀ ਸੀ ਇਕ। ਓਟਲਾ ਬਚ ਸਕਦੀ ਸੀ ਕਿਉਂਕਿ ਉਸ ਦਾ ਪਤੀ ਆਰੀਆ ਸੀ। ਨਾਜ਼ੀ, ਆਰੀਆਂ ਨੂੰ ਛੱਡ ਦਿਆ ਕਰਦੇ ਹਨ ਬੇਸ਼ਕ ਉਹਨਾਂ ਦੇ ਪਤੀ ਪਤਨੀਆਂ ਯਹੂਦੀ ਹੋਣ। ਮਰਨ ਵਾਸਤੇ ਓਟਲਾ ਨੇ ਪਤੀ ਤੋਂ ਤਲਾਕ ਲਿਆ, ਫਿਰ ਖ਼ੁਦ ਨਾਜ਼ੀ ਕੋਲ ਜਾ ਕੇ ਕਿਹਾ - ਮੈਂ ਯਹੂਦੀ ਹਾਂ। ਮੈਨੂੰ ਮਾਰੋ। ਬਾਕੀਆਂ ਸਣੇ ਉਸਨੂੰ ਗੈਸ ਚੈਂਬਰ ਵਿਚ ਮਾਰਿਆ ਗਿਆ। ਕਾਫ਼ਕਾ ਦੀ ਭੈਣ, ਕਾਫ਼ਕਾ ਦੇ ਸੁਫ਼ਨੇ ਵਾਂਗ ਜਿਊਣ ਅਤੇ ਮਰਨ ਦੀ ਇੱਛੁਕ ਰਹੀ। ਲੱਖਾਂ ਯਹੂਦੀ ਮਰ ਰਹੇ ਹੋਣ ਤੇ ਮੈਂ ਇਸ ਕਰਕੇ ਬਚ ਜਾਵਾਂ ਕਿ ਮੇਰਾ ਪਤੀ ਆਰੀਆ ਹੈ। ਇਸ ਵਿਆਹ ਅਤੇ ਇਸ ਜੀਵਨ ਉੱਤੇ ਲਾਹਣਤ। ਉਹ ਪਿਤਾ ਦੇ ਖ਼ਿਲਾਫ਼, ਕਾਫ਼ਕਾ ਦੇ ਹੱਕ ਵਿਚ ਹੋਇਆ ਕਰਦੀ। ਕਾਫ਼ਕਾ ਕਿਹਾ ਕਰਦਾ - ਤੂੰ ਬੜੀ ਦਲੇਰ ਕੁੜੀ ਹੈਂ। ਮੈਂ ਡਰ ਜਾਨਾਂ, ਤੂੰ ਨੀ ਡਰਦੀ। ਓਟਲਾ ਨੇ ਆਪਣੀ ਬਹਾਦਰੀ ਦੀ ਲਾਜ ਰੱਖੀ।

ਕਾਫ਼ਕਾ ਦੀ ਭਾਣਜੀ ਮੇਰੀਆਨਾ ਸਟੀਨਰ ਨੇ ਪਹਿਲੀ ਵਾਰ 1990 ਵਿਚ ਦੋਰਾ ਬਾਰੇ ਜ਼ਬਾਨ ਖੋਲ੍ਹੀ, ਕਿਹਾ - ਕਵੀ ਮੂਰ ਨੇ ਮੈਨੂੰ ਦੱਸਿਆ ਦੋਰਾ ਲੰਦਨ ਵਿਚ ਰਹਿੰਦੀ ਹੈ। ਬਿਮਾਰ ਹੈ, ਤੰਗੀ ਤੁਰਸ਼ੀ ਵਿਚ ਹੈ। ਉਸ ਦੀ ਇਕ ਧੀ ਹੈ, ਉਸ ਦਾ ਨਾਮ ਵੀ ਮੇਰੀਆਨਾ ਹੈ। ਸਾਲ 1948 ਵਿਚ ਇਹ ਕੁੜੀ ਲੰਦਨ ਅੰਗਰੇਜ਼ੀ ਦੇ ਪ੍ਰਕਾਸ਼ਕ ਸੈਕੱਰ ਐਂਡ ਵਾਰਬਰ

ਨੂੰ ਮਿਲੀ, ਕਿਹਾ - ਮੈਨੂੰ ਪਤੈ ਇੰਗਲੈਂਡ ਵਿਚ ਲੇਖਕਾਂ ਨੂੰ ਰਾਇਲਟੀ ਮਿਲਦੀ ਹੈ ਪਰ ਇਥੇ ਦੋਰਾ ਨਾਮ ਦੀ ਇਕ ਔਰਤ ਗ਼ਰੀਬੀ ਭੋਗ ਰਹੀ ਹੈ। ਤੁਹਾਨੂੰ ਉਸ ਦਾ ਸਿਰਨਾਵਾਂ ਪਤੈ ? ਪ੍ਰਕਾਸ਼ਕ ਦਾ ਖ਼ਤ ਥੋੜ੍ਹੇ ਦਿਨਾਂ ਬਾਦ ਦੋਰਾ ਦਾ ਸਿਰਨਾਵਾਂ ਲੈ ਕੇ ਆ ਗਿਆ। ਆਪਣੇ ਵਾਕਫ਼ ਇਕ ਪ੍ਰਾਪਰਟੀ ਡੀਲਰ ਕੋਲ ਮੈਂ ਮਕਾਨ ਲੈਣ ਵਾਸਤੇ ਜਿਧਰ ਜਾਣਾ ਸੀ, ਉਸੇ ਪਾਸੇ ਦਾ ਸੀ ਇਹ ਸਿਰਨਾਵਾਂ। ਇਕ ਸਹੇਲੀ ਨੂੰ ਨਾਲ ਲੈ ਕੇ ਮੈਂ ਡੀਲਰ ਵੱਲ ਚੱਲ ਪਈ, ਅਸੀਂ ਅਜੇ ਬੈਠੀਆਂ ਈ ਸਾਂ ਕਿ ਇਕ ਔਰਤ ਆਉਂਦੀ ਦਿਸੀ। ਮੈਂ ਆਪਣੀ ਸਹੇਲੀ ਨੂੰ ਕਿਹਾ - ਅਹੁ ਦੋਰਾ ਆ ਰਹੀ ਹੈ। ਉਹ ਹੱਸ ਕੇ ਕਹਿਣ ਲੱਗੀ - ਜਦੋਂ ਦਾ ਤੈਨੂੰ ਇਹ ਕਾਰਡ ਮਿਲਿਆ, ਹਰੇਕ ਜ਼ਨਾਨੀ ਤੈਨੂੰ ਦੋਰਾ ਦਿਸਦੀ ਹੈ।

ਦੋਰਾ ਡੀਲਰ ਕੋਲ ਆਈ, ਕਿਹਾ - ਮੈਨੂੰ ਇਕ ਕਮਰਾ ਕਿਰਾਏ 'ਤੇ ਚਾਹੀਦੈ। ਉਦੋਂ ਮੈਂ ਗਿਆਰਾਂ ਸਾਲ ਦੀ ਸਾਂ ਜਦੋਂ 1924 ਵਿਚ ਦੋਰਾ ਨੂੰ ਦੇਖਿਆ ਸੀ। ਅਜੇ ਮੈਂ ਡੀਲਰ ਤੋਂ ਕਾਰਡ 'ਤੇ ਲਿਖੇ ਸਿਰਨਾਵੇਂ ਬਾਰੇ ਪੁੱਛਣਾ ਸੀ ਕਿ ਦੋਰਾ ਆਪੇ ਆ ਗਈ। ਧਰਤੀ ਅਤੇ ਆਕਾਸ਼ ਵਿਚਕਾਰ ਬਹੁਤ ਕੁਝ ਗ਼ੈਬੀ ਹੈ, ਮੇਰਾ ਵਿਸ਼ਵਾਸ ਹੈ। ਇਸ ਤਰ੍ਹਾਂ ਦੇ ਮੌਕਾ-ਮੇਲ ਮੇਰੇ ਨਾਲ ਬੜੀ ਵਾਰ ਵਾਪਰੇ। ਇਹ ਮੇਲ ਮੈਨੂੰ ਪਿਆਰੇ ਲੱਗਦੇ ਹਨ। ਇਨ੍ਹਾਂ ਮੇਲਾਂ ਨੂੰ ਮੈਂ ਵੀ ਤਾਂ ਪਸੰਦ ਹਾਂ, ਇਸੇ ਕਰਕੇ ਆਉਂਦੇ ਹਨ। ਮੈਂ ਪੁੱਛਿਆ - ਤੁਸੀਂ ਦੋਰਾ ਹੋ ? ਉਸਨੇ ਕਿਹਾ - ਹਾਂ। ਮੈਂ ਕਿਹਾ - ਮੈਂ ਮੇਰੀਆਨਾ ਹਾਂ। ਉਸਨੂੰ ਸਮਝ ਨਾ ਲੱਗੀ। ਫਿਰ ਮੈ ਕਿਹਾ - ਵੱਲੀ ਦੀ ਧੀ ਹਾਂ। ਉਸਨੂੰ ਫਿਰ ਵੀ ਪਤਾ ਨਾ ਲੱਗਾ। ਫਿਰ ਮੈਂ ਕਿਹਾ - ਕਾਫ਼ਕਾ ਦੀ ਭਾਣਜੀ, ਉਸ ਦੀ ਭੈਣ ਵੱਲੀ ਦੀ ਧੀ। ਉਹ ਸਮਝ ਗਈ। ਕੰਬਣ ਲੱਗੀ। ਫਿਰ ਹੰਝੂ ਵਗਣ ਲੱਗ ਪਏ। ਕਮਰੇ ਵਿਚਕਾਰ, ਪੰਜ ਛੇ ਬੰਦਿਆਂ ਦੀ ਮੌਜੂਦਗੀ ਵਿਚ ਜਦੋਂ ਅਸੀਂ ਮਿਲੀਆਂ, ਸਾਨੂੰ ਯਕੀਨ ਨਾ ਆਇਆ, ਸਾਨੂੰ ਲੱਗਾ ਜਿਵੇਂ ਸੁਫ਼ਨਾ ਦਿੱਸਿਐ ਕੋਈ।

15 ਮਈ 1948 ਦੇ ਪਵਿੱਤਰ ਦਿਨ ਨਵਾਂ ਝੰਡਾ ਆਕਾਸ਼ ਵਿਚ ਲਹਿਰਾਇਆ, ਸਫ਼ੈਦ ਰੰਗ, ਦਾਊਦ ਦਾ ਨੀਲਾ ਤਾਰਾ ਐਨ ਵਿਚਕਾਰ। ਦੋਰਾ ਸਮੇਤ ਲੱਖਾਂ ਯਹੂਦੀਆਂ ਨੂੰ ਖ਼ੁਸ਼ੀ ਮਿਲੀ। ਇਜ਼ਰਾਈਲ ਮਿਲ ਗਿਆ। ਲੱਖਾਂ ਅਰਬ ਉਦਾਸ ਹੋਏ। ਨਵੇਂ ਯੁੱਧ ਦੀ ਸ਼ੁਰੂਆਤ। ਯੂ.ਐਨ.ਓ. ਨੇ ਮਤਾ ਪਾਸ ਕਰ ਕੇ ਫਲਸਤੀਨ ਦੇ ਦੋ ਟੋਟੇ ਕਰ ਦਿੱਤੇ। ਇਕ ਅਰਬ ਸਟੇਟ, ਦੂਜੀ ਯਹੂਦੀ ਸਟੇਟ। ਜਾਰਡਨ ਦਰਿਆ ਨੇ ਦੋਵੇਂ ਦੇਸਾਂ ਨੂੰ ਵੱਖ ਕੀਤਾ। ਯੇਰੂਸ਼ਲਮ ਨੂੰ ਸਰਬ ਸਾਂਝੀ ਥਾਂ ਬਣਾਇਆ ਗਿਆ, ਜਿਵੇਂ ਰੋਮ।

ਅਰਬਾਂ ਨੇ ਇਹ ਵੰਡ ਪ੍ਰਵਾਨ ਨਾ ਕੀਤੀ। ਮਿਸਰ, ਲੈਬਨਾਨ, ਈਰਾਕ, ਜਾਰਡਨ ਅਤੇ ਸੀਰੀਆ ਨੇ ਇਕੱਠਿਆਂ ਹਮਲਾ ਕਰ ਦਿੱਤਾ, ਤਲ-ਅਵੀਵ ਵਾਲੇ ਪਾਸਿਉਂ ਮਿਸਰ ਨੇ ਗਲੀਲੀ ਉਪਰ, ਸੀਰੀਆ ਨੇ ਨਜ਼ਾਰਥ ਉਪਰ, ਲੈਬਨਾਨ ਤੇ ਜਾਰਡਨ ਨੇ ਯੇਰੂਸ਼ਲਮ ਉਪਰ ਧਾਵਾ ਕੀਤਾ। ਜਨਮ ਲੈਣ ਸਾਰ ਨਵਜੰਮਿਆ ਬੱਚਾ ਚੁਫੇਰਿਉਂ ਘਿਰ ਗਿਆ। ਯਹੂਦੀ ਮਰਦੇ ਰਹੇ ਤੇ ਮਰਨ ਵਾਸਤੇ ਬਾਹਰੋਂ ਉਥੇ ਪੁੱਜਦੇ ਵੀ ਰਹੇ। ਸਾਰਾ ਆਪਣੇ ਪਤੀ ਤੇ ਧੀ ਸਣੇ ਅਵੀਵ ਪੁੱਜ ਗਈ। ਦੋਰਾ ਨੂੰ ਇਹ ਖ਼ਬਰਾਂ ਮਿਲਦੀਆਂ ਰਹੀਆਂ। ਉਸ ਦਾ ਮਨ ਬੜੀ ਵਾਰ ਉਥੇ ਜਾਣ ਨੂੰ ਕੀਤਾ। ਆਜ਼ਾਦ ਦੇਸ ਬਣੇ ਨੂੰ ਸਾਲ ਬੀਤ ਗਿਆ ਸੀ, ਪਰਿਵਾਰ ਦੇ ਜੀਅ ਵੀ ਉਥੇ ਰਹਿ ਰਹੇ ਸਨ, ਹੁਣ ਸਫ਼ਰ ਵਾਸਤੇ ਪੈਸੇ ਨਹੀਂ। ਧੀ ਦੇ ਇਲਾਜ ਉਪਰ ਸਾਰਾ ਪੈਸਾ ਲੱਗ ਜਾਂਦਾ।

1947 ਵਿਚ ਰੂਸ ਤੋਂ ਸੁਲੇਮਾਨ ਮਿਸ਼ੇਲ ਲੰਡਨ ਆਇਆ, ਉਹੀ ਸੁਲੇਮਾਨ, ਜਿਸ

ਨੂੰ ਦੋਰਾ ਨੇ ਰੂਸ ਵਿਚ ਕਿੰਗ ਲੀਅਰ ਦਾ ਰੋਲ ਕਰਦਿਆਂ ਦੇਖਿਆ ਸੀ, ਉਸਨੇ ਜਦੋਂ ਦੱਸਿਆ ਕਿ ਜਰਮਨ ਨੇ ਰੂਸ ਦਾ ਜਿਹੜਾ ਪੂਰਬੀ ਯੌਰਪ ਖੋਹਿਆ, ਉਥੇ ਨਾਜ਼ੀ, ਪੁਰਾਣੀ ਇੰਜੀਲ ਦੇ ਵਰਕੇ ਧਰਤੀ 'ਤੇ ਸੁੱਟ ਕੇ ਉਨ੍ਹਾਂ ਉਪਰ ਨੱਚਿਆ ਕਰਦੇ ਸਨ। ਇਹ ਗੱਲ ਦੱਸਦਿਆਂ ਬੁੱਢਾ ਐਕਟਰ ਕੰਬਣ ਲੱਗ ਪਿਆ। ਦੋਰਾ ਨੇ ਕਿਹਾ - ਬਾਈਬਲ ਦਾ ਵਾਕ ਹੈ - ਭਲੇ ਬਖ਼ਸ਼ੇ ਜਾਣ। ਦੂਜਾ ਵਾਕ ਹੈ - ਬੁਰੇ ਨਾ ਬਖ਼ਸ਼ੇ ਜਾਣ। ਸੁਲੇਮਾਨ, ਪਹਿਲਾ ਵਾਕ ਰੱਬ ਨੇ ਤੇਰੇ ਵਾਸਤੇ ਭੇਜਿਆ ਹੈ। ਤੂੰ ਆਪਣੀ ਕੌਮ ਨੂੰ ਏਨਾ ਪਿਆਰ ਕਰਦੈਂ। ਮੇਰੇ ਵਾਸਤੇ ਤੂੰ ਕੁਦਰਤ ਦੇ ਕਾਨੂੰਨ ਦੀ ਤਸਵੀਰ ਹੈਂ। ਗਰਮੀਆਂ ਵਿਚ ਦਰੱਖ਼ਤ ਟਾਹਣੀਆਂ ਨੂੰ ਪੱਤੇ, ਫੁੱਲ ਤੇ ਫਲ ਦਿੰਦੈ। ਸਰਦੀਆਂ ਵਿੱਚ ਅੱਗ ਲੱਗੇ ਤਾਂ ਆਪ ਵੀ ਬਚਣ ਦਾ ਇੱਛੁਕ ਨਹੀਂ ਹੁੰਦਾ। ਤੇਰੇ ਨਾਲ ਧੋਖਾ ਨਹੀਂ ਹੋਵੇਗਾ ਕਿਉਂਕਿ ਤੂੰ ਜਹਾਨ ਨੂੰ ਧੋਖਾ ਨਹੀਂ ਦਿੱਤਾ।

ਜਨਵਰੀ 1948 ਵਿਚ ਖ਼ਬਰ ਛਪੀ - ਸੁਲੇਮਾਨ ਮਿਸ਼ੋਲ ਕਾਰ ਦੁਰਘਟਨਾ ਵਿਚ ਮਾਰਿਆ ਗਿਆ। ਸਟਾਲਿਨ ਨੇ ਉਸ ਦਾ ਕਤਲ ਕਰਵਾਇਆ। ਯਹੂਦੀਆਂ ਨੂੰ ਮਾਰਨਾ ਸਟਾਲਿਨ ਦੇ ਏਜੰਡੇ ਵਿਚ ਆ ਗਿਆ ਸੀ। ਦੋਰਾ ਨੇ ਸ਼ਰਧਾਂਜਲੀ ਲਿਖ ਕੇ ਅਖ਼ਬਾਰਾਂ ਨੂੰ ਭੇਜੀ, ਟਾਈਟਲ ਸੀ - ਸੁਲੇਮਾਨ ਮਿਸ਼ੋਲ - ਇਕ ਯਹੂਦੀ। ਖ਼ੁਦ ਤੋਂ ਪੁੱਛਦੀ - ਮੈਂ ਯਹੂਦੀ ਹਾਂ ਕਿ ਨਹੀਂ ? ਕਿਤੇ ਯੌਰਪ ਨੇ ਮੈਨੂੰ ਖੋਰ ਤਾਂ ਨਹੀਂ ਲਿਆ ? ਜੇ ਖੁਰਨ ਤੋ ਬਚੀ ਹੋਈ ਹਾਂ ਫਿਰ ਇਜ਼ਰਾਈਲ ਕਿਉਂ ਨੀ ਜਾਂਦੀ ?

ਕਾਫ਼ਕਾ ਦੀ ਭਾਣਜੀ ਆਪਣੀ ਕਾਰ ਵਿਚ ਹਰ ਹਫ਼ਤੇ ਦੋਰਾ ਨੂੰ ਹਸਪਤਾਲ ਉਸਦੀ ਧੀ ਨਾਲ ਮਿਲਾ ਲਿਆਉਂਦੀ। ਬਿਸਤਰੇ ਉਪਰ ਪਈ 15 ਸਾਲ ਦੀ ਹੋ ਗਈ। ਜੁਆਨੀ ਆਈ ਪਰ ਖ਼ਾਮੋਸ਼, ਬਿਨਾਂ ਆਵਾਜ਼ ਦਿੱਤਿਆਂ ਲੰਘਦੀ ਗਈ।

ਯਹੂਦੀਆਂ ਨੇ ਐਲਾਨ ਕਰ ਦਿੱਤਾ - ਇਜ਼ਰਾਈਲ ਵਿਚ ਸਾਰੇ ਯਹੂਦੀ, ਹਿਬਰੂ ਬੋਲਿਆ ਕਰਨਗੇ, ਪੈਗੰਬਰਾਂ ਦੀ ਜ਼ਬਾਨ। ਦੋਰਾ ਨੇ ਹਉਕਾ ਲੈਂਦਿਆਂ ਕਿਹਾ - ਪਰ ਯਿੱਦਿਸ਼ ? ਕੀ ਇਸ ਨੂੰ ਗੰਵਾਰਾਂ ਦੀ ਬੋਲੀ ਕਿਹਾ ਜਾਵੇਗਾ ? ਸਾਡਾ ਕਲਚਰ ਕਿਵੇਂ ਬਚੇਗਾ ? ਜਦੋਂ ਵਾਹ ਲੱਗਦੀ, ਯਹੂਦੀਆਂ ਦੇ ਇਕੱਠ ਵਿਚ ਯਿੱਦਿਸ਼ ਭਾਸ਼ਾ ਦੇ ਗੀਤ ਗਾਉਂਦੀ, ਸਟੇਜ 'ਤੇ ਐਕਟਿੰਗ ਕਰਦੀ। ਕਿਹਾ ਕਰਦੀ - ਹਿਬਰੂ ਪੂਰਾ ਸੱਚ ਹੈ, ਮੈਂ ਮੰਨਦੀ ਹਾਂ, ਯਿੱਦਿਸ਼ ਨਿੱਕਾ ਜਿਹਾ ਸੱਚ, ਸੱਚ ਦਾ ਨਿੱਕਾ ਹਿੱਸਾ ਵੀ ਕਿਉਂ ਮਰੇ ?

ਕਾਫ਼ਕਾ ਦੀ ਭਾਣਜੀ ਇਕ ਦਿਨ ਪੈਸੇ ਦੇਣ ਆਈ, ਕਿਹਾ - ਇਹ ਕਾਫ਼ਕਾ ਦੀ ਜਾਇਦਾਦ ਵਿੱਚੋਂ ਨੇ। ਦੋਰਾ ਨੇ ਨਾਂਹ ਨਾ ਕੀਤੀ। ਇਕ ਤਾਂ ਮੇਰੀਆਨਾ ਵਾਸਤੇ ਲੋੜ ਸੀ, ਦੂਜੇ ਇਜ਼ਰਾਈਲ ਜਾਣ ਦੀ ਇੱਛੁਕ ਸੀ। ਦੋਰਾ ਦਾ ਇਜ਼ਰਾਈਲ ਵਿਚ ਵੱਸਿਆ ਭਰਾ ਦਾਊਦ ਵੀ ਮਦਦ ਕਰਨੀ ਚਾਹੁੰਦਾ ਸੀ। ਇਜ਼ਰਾਈਲ ਤੋਂ ਰੂਸ ਦਾ ਰਾਜਦੂਤ ਨਮੀਰ, ਦਾਊਦ ਦਾ ਦੋਸਤ ਸੀ।

ਦਾਊਦ ਨੇ ਨਮੀਰ ਨੂੰ ਮਨਾ ਲਿਆ ਕਿ ਦੋਰਾ ਨੂੰ ਸਰਕਾਰੀ ਸੱਦਾ ਦੇ ਕੇ ਕਾਫ਼ਕਾ ਉਪਰ ਭਾਸ਼ਣ ਕਰਵਾਉ। ਉਦੋਂ ਤੱਕ ਕਾਫ਼ਕਾ ਸਾਹਿਤ ਹਿਬਰੂ ਵਿਚ ਅਨੁਵਾਦ ਹੋ ਕੇ ਲੋਕਾਂ ਤੱਕ ਪੁੱਜ ਚੁੱਕਾ ਸੀ। ਅਕਤੂਬਰ ਵਿਚ ਜਾ ਕੇ ਦਸੰਬਰ ਵਾਪਸੀ ਦਾ ਪਲੈਨ ਬਣਿਆ।

ਦੋਰਾ ਇਜ਼ਰਾਇਲ ਗਈ। ਪਹਿਲੀ ਵਾਰ ਅਹਿਸਾਸ ਹੋਇਆ, ਜਿਊਂਦੀ ਹਾਂ ਅਤੇ ਮੈਕਸਬਰੋਦ ਨੇ ਵੱਡੇ ਥਿਏਟਰ ਵਿਚ ਉਸ ਦੇ ਭਾਸ਼ਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਸਨੂੰ ਸੁਣਨ ਵਾਸਤੇ ਦੂਰੋਂ ਦੂਰੋਂ ਲੋਕ ਪੁੱਜੇ। ਯੌਰਪ ਨੇ ਕਾਫ਼ਕਾ ਨੂੰ ਵਧੀਕ ਪਸੰਦ ਨਹੀਂ ਕੀਤਾ। ਇਜ਼ਰਾਈਲ ਨੇ ਕੀਤਾ, ਯਹੂਦੀਆਂ ਨੇ ਕਿਹਾ - ਉਹ ਸਾਡਾ ਵਡੇਰਾ ਸੀ। ਸਾਨੂੰ ਜਗਾਉਣ ਵਾਸਤੇ ਆਇਆ ਸੀ।

ਭਰਾ ਦਾਊਦ ਪਿਆਰ ਨਾਲ ਮਿਲਿਆ, ਕਹਿਣ ਲੱਗਾ - ਪਿਤਾ ਨੇ ਤੇਰੇ ਨਾਲ ਚੰਗਾ ਨਹੀਂ ਕੀਤਾ, ਅਸੀਂ ਵੀ ਪਿਤਾ ਮਗਰ ਲੱਗੇ। ਭੈਣ ਸਾਰਾ, ਇਥੇ ਤਲ-ਅਵੀਵ ਵਿਚ ਹੈ, ਤੈਨੂੰ ਪਤੈ ? ਜਲਦੀ ਮਿਲਾਵਾਂਗਾ।

ਦੋਵੇਂ ਭੈਣਾਂ ਮਿਲੀਆਂ। ਦੋਰਾ ਨੇ ਦੱਸਿਆ - ਜੇਲ੍ਹ ਕੈਂਪ ਵਿਚ ਵੀ ਮੇਰੇ ਕੋਲ ਤੇਰੀ ਛੋਟੀ ਹੁੰਦੀ ਦੀਆਂ ਤਸਵੀਰਾਂ ਹੁੰਦੀਆਂ, ਇਸ ਤਰੀਕੇ ਤੂੰ ਮੇਰੇ ਵਾਸਤੇ ਜਿਊਂਦੀ ਰਹੀ। ਦੇਖ ਹੁਣ ਆਪਾਂ ਮਿਲ ਗਈਆਂ। ਹੁਣ ਨੀ ਵਿਛੜਨਾ। ਬਹੁਤ ਹੋ ਗਿਆ।

1999 ਵਿਚ ਸਾਰਾ ਜਦੋਂ 77 ਸਾਲ ਦੀ ਸੀ, ਨੇ ਦੱਸਿਆ - ਭੈਣ ਇਹ ਆਖ ਕੇ ਗਈ ਸੀ ਕਿ ਮੇਰੀਆਨਾ ਨੂੰ ਲੈ ਕੇ ਵਾਪਸ ਪਰਤਾਂਗੀ। ਦੱਸਿਆ ਕਰਦੀ ਸੀ ਕਿ ਕਾਫ਼ਕਾ ਦੀ ਇੱਛਾ ਉਸ ਰਾਹੀਂ ਸੰਸਾਰ ਨੂੰ ਇਕ ਬੱਚਾ ਦੇਣ ਦੀ ਸੀ। ਸੁ਼ਗਾਤ ਨਾ ਦੇ ਸਕਿਆ।

ਭਰਾ ਦਾਊਦ ਦਾ ਕਾਰੋਬਾਰ ਵਧੀਆ ਚੱਲਿਆ। ਉਸ ਨੇ ਦੱਸਿਆ - ਦੋਰਾ, ਸਾਰੇ ਇਹੀ ਕਹੀ ਜਾਂਦੇ ਸਨ ਮੈਨੂੰ ਕਿ ਮੈਂ ਘਰ ਕਿਉਂ ਨੀ ਖ਼ਰੀਦਦਾ। ਮੈਂ ਕਿਹਾ - ਪਹਿਲਾਂ ਕਾਰੋਬਾਰ ਖ਼ਰੀਦਾਂਗਾ। ਘਰ ਦੀਆਂ ਕੰਧਾਂ ਖਾ ਕੇ ਥੋੜ੍ਹਾ ਰੱਜਿਆ ਜਾ ਸਕਦੈ ? ਆਹ ਦੇਖ, ਹੁਣ ਕਿਡਾ ਵੱਡਾ ਘਰ ਖ਼ਰੀਦਿਐ। ਇਕ ਨਾਜ਼ੀ ਅਫ਼ਸਰ ਦਾ ਘਰ ਸੀ ਇਹ।

ਦੋਰਾ ਦੇ ਭਤੀਜੇ ਜ਼ੇਲਿਗ ਨੇ ਦੱਸਿਆ - ਪਾਪਾ ਨੇ ਨਿੱਕੇ ਹੁੰਦੇ ਨੂੰ ਮੈਨੂੰ ਅਕਾਰਡੀਅਨ ਵਜਾਉਣੀ ਸਿਖਾਈ, ਕਿਹਾ ਕਰਦਾ ਸੀ - ਇਹ ਕੁੜੀਆਂ ਫੜਨ ਦੇ ਕੰਮ ਆਏਗੀ।

ਭਰਾ ਦਾਊਦ ਦੇ ਘਰ ਕਈ ਦਿਨ ਰਹਿਣ ਮਗਰੋਂ ਸਾਰਾ ਕੋਲ ਚਲੀ ਗਈ। ਭਾਣਜੀ ਦੱਸਦੀ ਹੈ - ਜਦੋਂ ਮਾਸੀ ਆਈ ਸਾਨੂੰ ਲੱਗਾ ਯਤੀਮਾਂ ਨੂੰ ਟੱਬਰ ਮਿਲ ਗਏ। ਮਗਰੋਂ ਜਦੋਂ 1999 ਵਿਚ ਮਾਸੀ ਦੀ ਕਬਰ 'ਤੇ ਆਈ ਤਾਂ ਬੜੀਆਂ ਗੱਲਾਂ ਦੱਸੀਆਂ... ਕਿ ਕਿੰਨੀਆਂ ਸੁਹਣੀਆਂ ਲੋਰੀਆਂ, ਘੋੜੀਆਂ ਗਾਈਆਂ ... ਕਿੰਨੀਆਂ ਕਹਾਣੀਆਂ ਯਾਦ ਸਨ ਉਸਨੂੰ... ਅਸੀਂ ਨਾਲ ਹੀ ਚਿਪਕੇ ਰਹਿੰਦੇ। ਦੋਵੇਂ ਭੈਣਾਂ ਹੱਥ ਵਿਚ ਹੱਥ ਫੜੀ ਮੈਕਸਬਰੋਦ ਦੇ ਘਰ ਜਾਂਦੀਆਂ ਦੀ ਤਸਵੀਰ ਸਾਫ਼ ਦਿਸ ਰਹੀ ਹੈ। ਦੋਰਾ ਨੇ ਬਰੋਦ ਨੂੰ ਦੱਸਿਆ ਕਿ ਅਰਦਾਸ ਵਕਤ, ਸਾਰਾ, ਘੱਲੂਘਾਰੇ ਵਿਚ ਮਰੇ ਪਰਿਵਾਰ ਦੇ ਸਾਰੇ ਜੀਆਂ ਦਾ ਨਾਮ ਲੈਂਦੀ ਹੈ। ਸਾਰਾ ਕੋਲ ਮਹੀਨਾ ਰਹੀ। ਫੇਰ ਵੱਖ ਵੱਖ ਥਾਵਾਂ ਤੋਂ ਸੱਦੇ ਆਉਂਦੇ ਰਹਿੰਦੇ, ਜਾਂਦੀ ਰਹਿੰਦੀ।

ਵਾਪਸੀ ਦਾ ਸਮਾਂ ਆ ਗਿਆ, ਦੋ ਸੂਟਕੇਸ ਅਤੇ ਕਾਫ਼ਕਾ ਦਾ ਬਰੱਸ਼ ਭੈਣ ਦੇ ਘਰ ਛੱਡ ਗਈ - ਮੇਰੀਆਨਾ ਨੂੰ ਲੈ ਕੇ ਆਵਾਂਗੀ, ਆਖ਼ਰੀ ਸਾਹਾਂ ਤਕ ਇਥੇ ਰਹਾਂਗੀ।

ਵਾਪਸ ਲੰਦਨ ਜਾ ਕੇ ਹਸਪਤਾਲ ਵਿਚ ਬਿਮਾਰ ਧੀ ਨੂੰ ਮਿਲੀ। ਇਸ ਕੁੜੀ ਨੂੰ ਦੁਨੀਆਂ ਦਾ ਕੋਈ ਪਤਾ ਨਹੀਂ ਸੀ... ਘਰ ਜਾਂ ਹਸਪਤਾਲ, ਹੋਰ ਕੁਝ ਨਹੀਂ ਦੇਖਿਆ। ਇਕ ਦਿਨ ਧੀ ਨੂੰ ਪੁੱਛਿਆ - ਦਸ ਸਾਲ ਤੋਂ ਤੇਰੇ ਪਾਪਾ ਦਾ ਕੁਝ ਪਤਾ ਨਹੀਂ ਲੱਗਾ। ਆਪਾਂ ਉਸਨੂੰ ਮਰਿਆ ਐਲਾਨ ਕਰ ਦੇਈਏ ? - ਨਾ ਮਾਮਾ... ਕੀ ਪਤਾ ਜਿਊਂਦਾ ਹੋਵੇ। ਦੋਵੇਂ ਇਸ ਗੱਲ 'ਤੇ ਸਹਿਮਤ ਹੋ ਗਈਆਂ। ਧੀ ਦਾ ਆਪਰੇਸ਼ਨ ਹੋਇਆ, ਠੀਕ ਹੋ ਗਿਆ। ਹੁਣ ਕੀ ਪਤਾ ਰਾਜ਼ੀ ਹੋ ਜਾਵੇ।

ਧੀ ਨੂੰ ਰਾਜ਼ੀ ਕਰਦੀ ਕਰਦੀ ਖ਼ੁਦ ਬਿਮਾਰ ਹੋ ਗਈ। ਮਾਵਾਂ ਧੀਆਂ ਆਹਮੋ-ਸਾਹਮਣੇ। ਡਾਕਟਰ ਨੇ ਖ਼ਬਰ ਦਿੱਤੀ ਕਿ ਤੇਰੀ ਨਣਦ ਰੂਥ ਲਾਸਕ, ਅਮਰੀਕਾ ਤੋਂ ਮਿਲਣ ਆ ਰਹੀ ਹੈ। ਚਿੰਤਾ ਵਿਚ ਘਿਰ ਗਈ। ਬਾਰ੍ਹਾਂ ਸਾਲ ਪਿੱਛੋਂ ਮਿਲਣ ਦੀ ਖ਼ੁਸ਼ੀ ਹੋਣੀ ਚਾਹੀਦੀ ਸੀ, ਪਰ ਉਸ ਨੂੰ ਬੰਦਰਗਾਹ ਤੋਂ ਕੌਣ ਲਿਆਏਗਾ ? ਹਸਪਤਾਲ ਵਿਚ ਮਿਲਾਂਗੇ ? ਕਿੱਡੀ ਸਖ਼ਤ ਹੋਣੀ ਹੈ। ਹੈੱਨੀ ਦਾ ਸਹਾਰਾ ਲਿਆ। ਥੋੜ੍ਹੀਆਂ ਠੀਕ ਹੋਈਆਂ। ਘਰ ਆਈਆਂ।

ਭੂਆ ਨੂੰ ਮਿਲ ਕੇ ਮੇਰੀਆਨਾ ਖ਼ੁਸ਼ ਦਿੱਸੀ। ਭੂਆ ਨੂੰ ਵੀ ਰੂਸ ਵਿਚ ਗਏ ਪਰਿਵਾਰ ਦਾ ਕੋਈ ਪਤਾ ਨਹੀਂ ਸੀ।

ਪਤਾ ਲੱਗਾ ਕਿ ਜਰਮਨੀ ਵਿਚ ਕਾਫ਼ਕਾ ਸਾਹਿਤ ਮੁੜ ਛਪਣ ਲੱਗਾ ਹੈ। ਦੋਰਾ ਖ਼ੁਸ਼ ਹੋਈ। ਨਣਦ ਨੂੰ ਕਿਹਾ - ਹੁਣ ਜਰਮਨੀ ਬਚ ਜਾਏਗਾ। ਕਾਫ਼ਕਾ ਨੇ ਮਨੁੱਖਤਾ ਨੂੰ ਟੇਬਲ 'ਤੇ ਲਿਟਾ ਕੇ ਆਪਰੇਸ਼ਨ ਕੀਤੇ ਸਨ। ਉਹ ਚਾਹੁੰਦਾ ਸੀ ਆਦਮੀ ਬਚੇ। ਸਾਰਾ ਕੁਝ ਫ਼ਾਲਤੂ, ਬਿਮਾਰ, ਕੱਟ ਕੱਟ ਸੁੱਟਦਾ ਰਿਹਾ। ਮਾਰਥੀ, ਮੇਰੇ ਲਈ ਏਨਾ ਮੱਖਣ ਨਾ ਭੇਜਿਆ ਕਰ, ਮੈਂ ਕਿਹੜਾ ਘਿਉ ਦੀ ਦੁਕਾਨ ਕਰਨੀ ਹੈ। ਖਾ ਮੈਂ ਸਕਦੀ ਨਹੀਂ। ਸੋ ਹੁਣ ਬੱਸ। ਤੇਰੇ ਲਈ ਸੂਟ ਸੀਆਂਗੀ। ਇਕ ਗਰਮੀਆਂ ਲਈ, ਇਕ ਸਰਦੀਆਂ ਵਾਸਤੇ।

ਮਾਰਚ 1952, ਦੋਰਾ ਨੇ ਆਪਣਾ 54ਵਾਂ ਜਨਮ ਦਿਨ ਮਨਾਇਆ। ਆਖ਼ਰੀ ਜਨਮ ਦਿਨ ਹੈ, ਜਾਣਦੀ ਸੀ, ਇਸ ਕਰਕੇ ਵਸੀਅਤ ਲਿਖਣ ਬੈਠੀ। ਲਿਖਿਆ - ਮੇਰੀ ਕਬਰ ਪਰਾਗ ਵਿਚ ਕਾਫ਼ਕਾ ਦੀ ਕਬਰ ਲਾਗੇ ਹੋਵੇ। ਲਿਫ਼ਾਫ਼ੇ ਉਪਰ ਲਿਖਿਆ - ਮੌਤ ਤੋਂ ਬਾਦ ਖੋਲ੍ਹਣਾ। ਪੱਤਰ ਮੈਕਸਬਰੋਦ ਦਾ ਸਿਰਨਾਵਾਂ ਲੈ ਕੇ ਚਲਾ ਗਿਆ। ਅਗਸਤ 15 ਨੂੰ ਮੌਤ ਹੋਈ, ਮੈਡਮ ਸਟੀਮਰ ਨੇ ਦੱਸਿਆ - ਧੀ ਮੰਜੇ ਕੋਲ ਬੈਠੀ ਸੀ। ਮੈਂ ਦੋਰਾ ਨੂੰ ਕਿਹਾ - ਬੇ ਫ਼ਿਕਰ ਹੋ ਕੇ ਵਿਦਾ ਹੋ। ਧੀ ਦਾ ਖ਼ਿਆਲ ਮੈਂ ਰੱਖਾਗੀ। ਦੋਰਾ ਨੇ ਕਿਹਾ - ਜੋ ਵੀ ਕਰ ਸਕੇਂ ਕਰੀਂ। ਇਹ ਉਸ ਦਾ ਆਖ਼ਰੀ ਵਾਕ ਸੀ।

ਦਫ਼ਨ ਕਰਨ ਵਕਤ ਪੰਜ ਬੰਦੇ ਸਨ। ਤਿੱਖੀ ਬਰਫ਼ਾਨੀ ਹਵਾ ਵਗ ਰਹੀ ਸੀ। ਕਣੀਆਂ ਗੋਲੀਆਂ ਵਾਂਗ ਆਉਂਦੀਆਂ। ਅਚਾਨਕ ਪੱਤਰਕਾਰ ਆ ਪੁੱਜੇ। ਉਨ੍ਹਾਂ ਨੂੰ ਆਪੇ ਪਤਾ ਲੱਗ ਗਿਆ, ਖ਼ਬਰ ਦੇਣ ਵਾਲਾ ਕੋਈ ਹੈ ਈ ਨਹੀਂ ਸੀ। ਕੁਝ ਪੁੱਛਣ ਦੀ ਥਾਂ ਅਖ਼ਬਾਰਾਂ ਦੇ ਨੁਮਾਇੰਦੇ ਖ਼ੂਬ ਰੋਏ, ਕਿਹਾ ਕਰਦੀ ਸੀ - ਮੇਰੀ ਮੌਤ ਨਾਲ ਯਿੱਦਿਸ਼ ਜ਼ਬਾਨ ਨਹੀਂ ਮਰਨੀ ਚਾਹੀਦੀ।

ਬੜੇ ਦੋਸਤਾਂ ਨੇ ਮੇਰੀਆਨਾ ਨੂੰ ਕਿਹਾ - ਸਾਡੇ ਘਰ ਰਹਿ। ਉਹ ਨਹੀਂ ਮੰਨੀ। ਮਾਮਾ ਵਾਲੇ ਕਮਰੇ ਵਿਚ ਰਹਾਂਗੀ। ਕੁਝ ਪੈਸੇ ਇਕੱਠੇ ਕਰ ਕੇ ਉਸਦੇ ਬੈਂਕ ਖ਼ਾਤੇ ਵਿਚ ਜਮ੍ਹਾਂ ਕਰਵਾ ਦਿੱਤੇ। ਇਕ ਅਰਜ਼ੀ ਲਿਖੀ ਕਿ ਬਰਤਾਨੀਆ ਦੀ ਨਾਗਰਿਕਤਾ ਮਿਲੇ। ਇਕ ਮਹੀਨੇ ਬਾਦ ਨਾਗਰਿਕਤਾ ਦਾ ਖ਼ਤ ਮਿਲ ਗਿਆ। ਸਾਰੇ ਇਹੀ ਕਹਿੰਦੇ ਸਨ - ਬੇਸ਼ਕ ਕਾਫ਼ਕਾ ਦੀ ਧੀ ਨਹੀਂ, ਬਿਲਕੁਲ ਉਸ ਵਰਗੀ ਹੈ। ਸੁਭਾਅ, ਸ਼ਕਲ ਵੀ। ਮਾਂ ਨੇ ਕਿਹਾ ਸੀ, ਆਪਾਂ ਇਕੱਠੀਆਂ ਨੇ ਇਜ਼ਰਾਈਲ ਜਾਣਾ ਸੀ, ਹੁਣ ਤੂੰ ਇਕੱਲੀ ਚਲੀ ਜਾਈਂ।

ਲੁੱਜ਼ ਦੀ ਸਜ਼ਾ ਪੰਜ ਸਾਲ ਪੂਰੀ ਹੋ ਗਈ, ਫਿਰ ਵੀ ਨਹੀਂ ਛੱਡਿਆ, ਕਿਹਾ - ਜੰਗ ਮੁੱਕਣ 'ਤੇ ਛੱਡਾਂਗੇ। ਸਾਲ 1946 ਵਿਚ ਰਿਹਾ ਤਾਂ ਹੋਇਆ ਪਰ ਅੰਗਹੀਣ ਹੋ ਕੇ। ਸੱਜੀ ਅੱਖ ਦੀ ਰੌਸ਼ਨੀ 1943 ਵਿਚ ਚਲੀ ਗਈ ਸੀ ਤੇ ਖੱਬੀ ਅੱਖ 30% ਬਾਕੀ ਬਚੀ। ਐਨਕ ਲਾ ਕੇ ਕੁਝ ਦਿਸਦਾ ਸੀ। ਰਿਹਾ ਤਾਂ ਹੋ ਗਿਆ ਪਰ ਜਾਏ ਕਿਥੇ, ਜਰਮਨੀ ਚਿੱਠੀਆਂ ਪਾਉਂਦਾ ਰਿਹਾ ਕੋਈ ਜਵਾਬ ਨਹੀਂ। ਮਾਂ ਬਰਟਾ ਲਾਸਕ ਨੇ ਅਪ੍ਰੈਲ 1946 ਤੋਂ ਜੂਨ 1948 ਤੱਕ ਉਸ ਬਾਰੇ ਚਿੱਠੀਆਂ ਲਿਖੀਆਂ, ਕਿਸੇ ਦਾ ਜਵਾਬ ਨਹੀਂ। ਉਮਰ 67 ਸਾਲ ਹੋ ਗਈ ਸੀ, ਬਿਮਾਰ ਰਹਿੰਦੀ। ਮੰਤਰੀ ਨੂੰ ਲਿਖਿਆ - ਮੈਂ 24 ਸਾਲ ਪਾਰਟੀ ਦੀ ਸੇਵਾ ਕੀਤੀ, ਖੱਬੇ ਪੱਖੀ ਸਾਹਿਤ ਰਚਿਆ। ਕਦੀ ਗ਼ਲਤ ਕੰਮ ਨਹੀਂ ਕੀਤਾ। ਮੈਂ ਉਸ ਨੂੰ ਮਿਲਣ ਸਾਇਬੇਰੀਆ ਨਹੀਂ ਜਾ ਸਕਦੀ, ਡੇਢ ਮਹੀਨੇ ਸਰਦੀ ਵਿਚ ਸਫ਼ਰ ਮੈਨੂੰ ਮਾਰ ਦੇਵੇਗਾ। ਕਿਰਪਾ ਕਰਕੇ ਉਸ ਨੂੰ ਮੇਰੇ ਕੋਲ ਭੇਜ ਦਿਉ। ਅਸੀਂ ਦੋਵੇਂ ਜਰਮਨੀ ਚਲੇ ਜਾਵਾਂਗੇ। ਮਾਂ ਨੂੰ ਜਰਮਨੀ ਜਾਣ ਦੀ ਆਗਿਆ ਮਿਲ ਗਈ। ਲੁੱਜ਼ ਨੂੰ ਨਹੀਂ।

ਸਟਾਲਿਨ ਦੀ ਮੌਤ ਪਿੱਛੋਂ 1953 ਵਿਚ ਉਸ ਦੀ ਰਿਹਾਈ ਹੋਈ। ਆਖ਼ਰ ਪੂਰਬੀ ਜਰਮਨ (GDR) ਵਿਚ ਮਾਂ ਪੁੱਤ ਨੂੰ ਜਾਣ ਦੀ ਆਗਿਆ ਮਿਲ ਗਈ। ਸ਼ਰਤ ਸੀ ਕਿ ਜਰਮਨ ਤੋਂ ਬਾਹਰ ਨਹੀਂ ਜਾਣਾ। ਲੁੱਜ਼ ਨੇ ਅਰਜ਼ੀਆਂ ਪਾਈਆਂ ਕਿ ਮੇਰੀ ਪਤਨੀ ਤੇ ਧੀ ਇੰਗਲੈਂਡ ਵਿਚ ਹਨ, ਮੈਂ ਉਨ੍ਹਾਂ ਨੂੰ ਲੱਭਣਾ ਹੈ, ਆਗਿਆ ਦਿਉ, ਆਗਿਆ ਨਹੀਂ ਮਿਲੀ। ਏਨੇ ਤਸੀਹੇ ਝੱਲਣ ਪਿੱਛੋਂ ਵੀ ਮਾਂ ਪੁੱਤ ਦਾ ਕਮਿਊਨਿਜ਼ਮ ਅਤੇ ਪਾਰਟੀ ਵਿੱਚੋਂ ਵਿਸ਼ਵਾਸ ਨਹੀਂ ਟੁੱਟਾ। ਇਸ ਅਜਬ ਵਿਰੋਧਾਭਾਸ ਨੂੰ ਜਾਣਨ ਲਈ ਰੂਸ ਦੇ ਇਤਿਹਾਸਕਾਰ ਇਸਹਾਕ ਡਿਊਸ਼ਰ ਦੀਆਂ ਰਚਨਾਵਾਂ ਪੜ੍ਹੋ। ਉਸਨੇ, *ਰੱਬ ਜਿਹੜਾ ਹਾਰ ਗਿਆ (God that Failed)* ਦਾ ਜੋ ਰੀਵੀਊ *ਸਾਬਕ ਕਮਿਊਨਿਸਟਾਂ ਦੀ ਜ਼ਮੀਰ* ਦੇ ਨਾਂ ਹੇਠ ਲਿਖਿਆ, ਉਹ ਪੜ੍ਹਨ ਯੋਗ ਹੈ।

ਇਕ ਪੁਰਾਣੇ ਅਖ਼ਬਾਰ ਵਿਚ ਦੋਰਾ ਦੀ ਸ਼ਰਧਾਂਜਲੀ ਛਪੀ। ਪੜ੍ਹ ਕੇ ਲੁੱਜ਼ ਨੂੰ ਪਤਾ ਲੱਗਾ, ਮਰ ਚੁੱਕੀ ਹੈ, ਧੀ ਲੰਡਨ ਵਿਚ ਹੈ। ਅਕਤੂਬਰ 1953 ਵਿਚ ਪੁਲਸੀਏ ਨੇ ਮੇਰੀਆਨਾ ਦਾ ਦਰਵਾਜ਼ਾ ਖੜਕਾਇਆ, ਉਸ ਦੇ ਪਿਤਾ ਦਾ ਖ਼ਤ। ਇਕਦਮ ਯਤੀਮ ਮੇਰੀਆਨਾ ਨੂੰ ਪਿਤਾ ਮਿਲ ਗਿਆ, ਦਾਦੀ ਵੀ ਹੈ। ਚਾਚਾ ਹਰਮਨ, ਚਾਚੀ ਐਲਿਸ, ਭਰਾ ਅਰਨਸਟ, ਸਾਰੇ ਹਨ।

ਸਟੀਮਰ ਦੀ ਨਿਗਰਾਨੀ ਹੇਠ ਮੇਰੀਆਨਾ ਰਾਜ਼ੀ ਹੋਣ ਲੱਗੀ। ਮਾਂ ਦੀਆਂ ਸਹੇਲੀਆਂ ਉਸ ਦੀਆਂ ਸਹੇਲੀਆਂ ਹੋ ਗਈਆਂ। ਕਿਤਾਬਾਂ ਪੜ੍ਹਦੀ ਰਹਿੰਦੀ, ਵੀਹ ਸਾਲ ਦੀ ਜਲਾਵਤਨੀ ਮਗਰੋਂ ਜਰਮਨੀ ਵਿਚ ਆਪਣੇ ਬਰਬਾਦ ਹੋ ਚੁੱਕੇ ਜਨਮ ਸਥਾਨ 'ਤੇ ਪੁੱਜੀ। ਨਿੱਕੀ ਹੁੰਦੀ ਦੀਆਂ ਫੋਟੋਆਂ ਘਰ ਵਿਚ ਪਈਆਂ ਸਨ। ਪਿਤਾ ਮਾਣ ਨਾਲ ਨਿੱਕੀ ਮੇਰੀਆਨਾ ਵੱਲ ਦੇਖ ਰਿਹਾ ਹੈ, ਮਾਂ ਦੇਖ ਰਹੀ ਹੈ। 87 ਸਾਲ ਦੀ ਬਰਟਾ, ਪਾਰਟੀ ਸਾਹਿਤ ਲਿਖ ਰਹੀ ਸੀ, ਉਸਨੂੰ ਸਨਮਾਨ ਮਿਲ ਰਹੇ ਸਨ ਤੇ ਨਾਲ ਨਾਲ ਉਹ ਬਾਲ-ਸਾਹਿਤ ਰਚ ਰਹੀ ਸੀ।

ਭੂਆ ਰੂਥ ਨੇ ਮੇਰੀਆਨਾ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ, 28 ਸਾਲ ਦੀ ਕੁੜੀ ਨੇ ਜਾਣ ਦਾ ਫ਼ੈਸਲਾ ਕਰ ਲਿਆ। ਸਮੁੰਦਰੀ ਜਹਾਜ਼ ਦਾ ਸਫ਼ਰ ਮੁਕਾ ਕੇ ਕੈਲੀਫੋਰਨੀਆ ਪੁੱਜੀ। ਭੂਆ ਅਤੇ ਫੁੱਫੜ ਘਰ ਲੈ ਗਏ। ਦੋ ਮਹੀਨਿਆਂ ਵਾਸਤੇ ਗਈ ਸੀ, ਚਾਰ ਖ਼ੁਸ਼ ਮਹੀਨੇ ਬਿਤਾ ਕੇ ਵਾਪਸ ਲੰਡਨ ਪਰਤੀ।

1973 ਵਿਚ ਜਦੋਂ ਲੁੱਜ਼ 70 ਸਾਲ ਦਾ ਹੋ ਗਿਆ ਤਾਂ ਕਿਤੇ ਉਸ ਨੂੰ ਲੰਡਨ ਜਾ ਕੇ ਆਪਣੀ ਧੀ ਨੂੰ ਮਿਲਣ ਦੀ ਆਗਿਆ ਮਿਲੀ। ਅਮਰੀਕਾ ਵਾਲੀ ਭੂਆ ਰੂਥ ਨੂੰ ਪਤਾ ਲੱਗਾ ਕਿ ਭਰਾ ਲੰਡਨ ਜਾ ਰਿਹਾ ਹੈ, ਉਸੇ ਦਿਨ ਉਸਨੇ ਵੀ ਪੁੱਜਣ ਦਾ ਫ਼ੈਸਲਾ ਕਰ ਲਿਆ। ਸਾਰਿਆਂ ਨੇ ਖ਼ੁਸ਼ ਦਿਨ ਬਿਤਾਏ ਤੇ ਵਾਪਸ ਪਰਤ ਗਏ। ਵਾਪਸ ਜਾ ਕੇ ਕੁਝ ਦਿਨਾਂ ਬਾਦ ਲੁੱਜ਼ ਦੀ ਮੌਤ ਹੋ ਗਈ।

6 ਜੂਨ, 1977, ਮੇਰੀਆਨਾ 43 ਸਾਲ ਦੀ ਸੀ, ਵਸੀਅਤ ਲਿਖ ਦਿੱਤੀ। ਮਾਂ ਦੀ ਕਬਰ ਉਪਰ ਪੱਥਰ ਨਹੀਂ ਰਖਵਾ ਸਕੀ ਸੀ। ਲਿਖਿਆ - ਕਰਜ਼ੇ ਉਤਾਰਨ ਪਿੱਛੋਂ ਜੋ ਰਕਮ ਬਚੇ, ਉਸ ਨਾਲ ਮਾਂ ਦੀ ਕਬਰ ਬਣਾ ਦੇਣੀ। ਉਸ ਨੂੰ ਲੱਗਦਾ ਸੀ ਨਾਜ਼ੀਆਂ ਵੱਲੋਂ ਖੋਹੇ ਕਾਫ਼ਕਾ ਦੇ ਖ਼ਤ ਲੱਭ ਸਕਦੇ ਹਨ। ਸਾਰਾ ਮਾਸੀ ਦੀ ਧੀ ਤੋਵਾ ਆਪਣੇ ਪਤੀ ਮੋਤੀ ਨਾਲ ਉਸ ਨੂੰ ਇਜ਼ਰਾਈਲ ਤੋਂ ਮਿਲਣ ਆਏ। ਸੱਦਾ ਦਿੱਤਾ ਕਿ ਇਜ਼ਰਾਈਲ ਆਈਂ। ਸਫ਼ਰ ਖ਼ਰਚ ਦੇ ਪੈਸੇ ਦੇ ਕੇ ਗਏ। ਮੇਰੀਆਨਾ ਨੇ ਵਿਆਹ ਨਹੀਂ ਕਰਵਾਇਆ। 1980 ਵਿਚ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋਣ ਲੱਗੀ, ਉਸਨੂੰ ਅਜੀਬ ਆਵਾਜ਼ਾਂ ਸੁਣਾਈ

ਦੇਈ ਜਾਂਦੀਆਂ, ਹੋਰ ਕਿਸੇ ਨੂੰ ਨਹੀਂ ਸੁਣਦੀਆਂ ਸਨ, ਪੁਲਿਸ ਕੋਲ ਵੀ ਸ਼ਿਕਾਇਤ ਲਿਖਵਾਈ। ਹਸਪਤਾਲ ਦਾਖ਼ਲ ਰਹੀ। ਫਿਰ ਇਕਾਂਤਵਾਸੀ ਹੋ ਗਈ, ਨਾ ਕਿਸੇ ਕੋਲ ਜਾਂਦੀ, ਨਾ ਆਉਣ ਦਿੰਦੀ, ਦਰਵਾਜ਼ਾ ਨਾ ਖੋਲ੍ਹਦੀ। ਦਵਾਈਆਂ ਖਾਣ ਤੋਂ ਇਨਕਾਰ ਕਰਦਿਆਂ ਕਿਹਾ - ਮੈਂ ਨਹੀਂ ਰਾਜ਼ੀ ਹੋਣਾ। ਮੈਂ ਮਰਨਾ ਚਾਹੁੰਦੀ ਹਾਂ, ਮੈਂ 50 ਸਾਲ ਦੀ ਉਮਰ ਹੋਣ ਤੱਕ ਮਰ ਜਾਣਾ ਹੈ।

ਹੈੱਨੀ ਆਪਣੇ ਪਤੀ ਪਾਲ ਨਾਲ ਉਸਦੇ ਫ਼ਲੈਟ ਵਿਚ ਗਈ, ਘੰਟੀ ਖੜਕਾਈ, ਦੇਰ ਬਾਦ ਅੰਦਰਲਾ ਇਕ ਦਰਵਾਜ਼ਾ ਖੁੱਲ੍ਹਾ, ਦੂਜਾ ਜਾਲੀ ਵਾਲਾ ਬੰਦ ਰਿਹਾ। ਪਿੱਛੇ ਹਟ ਕੇ ਕਹਿਣ ਲੱਗੀ - ਮੈਂ ਨੀ ਕਿਸੇ ਨੂੰ ਅੰਦਰ ਆਉਣ ਦੇਣਾ। ਹੈੱਨੀ ਨੇ ਕਿਹਾ - ਤੂੰ ਸਾਡੇ ਪਰਿਵਾਰ ਦੀ ਕੁੜੀ ਹੈਂ ਮੇਰੀਆਨਾ, ਦੇਖ ਤੇਰੇ ਵਾਸਤੇ ਕਿੰਨੀਆਂ ਮਠਿਆਈਆਂ ਤੇ ਫਲ ਲਿਆਏ ਹਾਂ। ਮੇਰੀ ਨੇ ਕਿਹਾ - ਮੇਰਾ ਕੋਈ ਪਰਿਵਾਰ ਨਹੀਂ, ਮੈਂ ਕੁਝ ਨਹੀਂ ਲੈਂਦੀ। ਜਾਓ। ਰੋਂਦੀ ਰੋਂਦੀ ਹੈੱਨੀ ਪੈਕਟਾਂ ਸਮੇਤ ਪਤੀ ਦੀ ਕਾਰ ਵਿਚ ਜਾ ਬੈਠੀ।

ਹੈੱਨੀ ਨੇ ਕੁਝ ਦਿਨਾਂ ਬਾਦ ਬਹੁਤ ਪਿਆਰਾ ਖ਼ਤ ਪੋਸਟ ਕੀਤਾ। ਬਿਨਾਂ ਲਿਫ਼ਾਫ਼ਾ ਖੋਲ੍ਹਿਆਂ ਵਾਪਸ ਭੇਜ ਦਿੱਤਾ, ਲਿਫ਼ਾਫ਼ੇ 'ਤੇ ਲਿਖਿਆ ਸੀ - ਮੈਨੂੰ ਖ਼ਤ ਨਾ ਲਿਖਿਆ ਕਰੋ, ਨਾ ਹਟੇ ਤਾਂ ਮੈਂ ਪੁਲਿਸ ਕੋਲ ਸ਼ਿਕਾਇਤ ਕਰ ਦਿਆਂਗੀ।

ਕੰਮ ਨਹੀਂ ਕਰ ਸਕਦੀ ਸੀ, ਪੈਸੇ ਮੁੱਕ ਗਏ ਸਨ। ਮਕਾਨ ਦੇ ਕਿਰਾਏ ਸਮੇਤ ਸਾਰੇ ਕਰਜ਼ੇ 1000 ਪੌਂਡ ਤੋਂ ਵੱਧ ਸਨ। ਮੇਰੀਆਨਾ ਕੋਲ ਕੋਈ ਪੈਸਾ ਨਹੀਂ ਸੀ। ਮਾਲਕ ਮਕਾਨ ਨੇ ਕਾਨੂੰਨੀ ਨੋਟਿਸ ਦੇ ਦਿੱਤਾ। ਬਿਜਲੀ ਕੱਟੀ ਜਾ ਚੁੱਕੀ ਸੀ। ਗਵਾਂਢੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਕਈ ਦਿਨਾਂ ਤੋਂ ਦਰਵਾਜ਼ਾ ਨਹੀਂ ਖੁੱਲ੍ਹਾ। ਪੁਲਿਸ ਨੇ ਦਰਵਾਜ਼ਾ ਤੋੜਿਆ, ਫ਼ਰਸ਼ ਉਪਰ ਗਲੀ ਸੜੀ ਲਾਸ਼ ਪਈ ਸੀ।

ਕਬਰਿਸਤਾਨ ਵਿਚ ਬਾਰ੍ਹਾਂ ਔਰਤਾਂ ਮਰਦ ਦਫ਼ਨ ਕਰਨ ਵਕਤ ਸਨ। ਪਾਦਰੀ ਨੇ ਅਰਦਾਸ ਕੀਤੀ। ਹੈੱਨੀ ਨੇ ਡਾਇਰੀ ਵਿਚ ਲਿਖਿਆ - *48 ਸਾਲ ਦੀ ਮੇਰੀਆਨਾ ਸੈਂਕੜੇ ਸਾਲਾਂ ਵਾਲੀ ਸਿਆਣਪ ਨਾਲ ਭਰੀ ਹੋਈ ਸੀ, ਸੰਨਿਆਸੀ, ਇਕਾਂਤਵਾਸੀ। ਜਦੋਂ ਉਹ ਫ਼ਰਸ਼ ਉਪਰ ਡਿੱਗੀ ਅਤੇ ਮਰੀ, ਉਸਨੇ ਕਿਸ ਨੂੰ ਆਵਾਜ਼ ਮਾਰੀ ਹੋਵੇਗੀ ? ਉਮਰਾਂ ਛੋਟੀਆਂ। ਦੁਖ ਵੱਡੇ।*

ਕਾਫ਼ਕਾ ਤੇ ਦੋਰਾ ਦੇ ਗੁੰਮ-ਕਾਗ਼ਜ਼ਾਂ ਦੀ ਤਲਾਸ਼ ਬੰਦ ਨਹੀਂ ਹੋਈ। ਯੌਰਪ ਵਿਚ ਥਾਂ ਥਾਂ ਸਰਚ ਕਮੇਟੀਆਂ ਬਣੀਆਂ, ਜਰਮਨ ਵਿੱਚੋਂ ਪਾਬੰਦੀ ਸ਼ੁਦਾ ਜ਼ਬਤ ਸਾਹਿਤ ਫਰੋਲਣ ਦੀ ਆਗਿਆ ਹਿਤ ਅਰਜ਼ੀਆਂ ਚੱਲ ਪਈਆਂ। ਸਾਨ ਡੀਗੋ ਯੂਨੀਵਰਸਿਟੀ ਅਮਰੀਕਾ ਨੇ ਵੀ ਇਸ ਬਾਬਤ ਖੋਜ ਵਿਭਾਗ ਕਾਇਮ ਕਰ ਕੇ ਜਰਮਨ ਪਾਸ ਪਟੀਸ਼ਨ ਦਾਇਰ ਕਰ ਦਿੱਤੀ। ਜਿਹੜੀ ਲਿਖਤ ਗੁਰਮੁਖੀ ਅੱਖਰਾਂ ਵਿਚ ਤੁਸੀਂ ਹੁਣ ਪੜ੍ਹ ਰਹੇ ਹੋ, ਉਹ ਸਾਨ ਡੀਗੋ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਕੈਥੀ ਦਾਇਮੰਤ ਦੀ ਖੋਜ ਵਿੱਚੋਂ ਲਏ ਨੋਟਸ ਉਪਰ ਆਧਾਰਿਤ ਹੈ।

ਦੋਰਾ ਦੇ ਵੱਡੇ ਭਰਾ ਦਾਊਦ ਦਾ ਪੁੱਤਰ ਜ਼ਵੀ 1947 ਵਿਚ ਜੰਮਿਆ, ਦੋ ਸਾਲ ਦਾ ਸੀ ਜਦੋਂ 1949 ਵਿਚ ਮਾਪੇ ਇਜ਼ਰਾਈਲ ਚਲੇ ਗਏ, ਸਾਲ 1960 ਵਿਚ ਜਦੋਂ ਪਿਤਾ ਦੀ ਮੌਤ ਹੋਈ, 13 ਸਾਲ ਦਾ ਸੀ। ਪਿਤਾ ਤੋਂ ਇਸ ਨੇ ਭੂਆ ਦੋਰਾ ਦੀ ਕੋਈ ਗੱਲ ਨਹੀਂ ਸੁਣੀ ਸੀ। 1996 ਦੇ ਸਾਲ ਇਕ ਦਿਨ ਅਖ਼ਬਾਰ ਵਿਚ ਦੋਰਾ ਅਤੇ ਕਾਫ਼ਕਾ ਦੀ ਪ੍ਰੇਮ-ਕਥਾ ਛਪੀ ਹੋਈ ਪੜ੍ਹੀ। ਦੋਰਾ ਦੇ ਨਾਮ ਨਾਲ ਦਾਇਮੰਤ ਲੱਗਾ ਹੋਇਆ ਸੀ। ਜ਼ਵੀ ਸੋਚਣ

ਲੱਗਾ, ਮੈਂ ਵੀ ਦਾਇਮੰਤ ਹਾਂ, ਕੀ ਪਤਾ ਦੋਰਾ ਨਾਮ ਦੀ ਕੁੜੀ ਨਾਲ ਮੇਰਾ ਕੋਈ ਰਿਸ਼ਤਾ ਹੋਵੇ ? ਕੀ ਉਹ ਘੱਲੂਘਾਰੇ ਵਿੱਚੋਂ ਬਚ ਗਈ ਸੀ ? ਫਿਰ ਕਿਥੇ ਗਈ ? ਵਿਆਹ ਕਰਵਾਇਆ ? ਉਸਦੇ ਬੱਚੇ ਹੋਏ ? ਕਿਥੋਂ ਲੱਭਾਂ ?

ਉਸਨੇ ਇੰਟਰਨੈੱਟ 'ਤੇ ਕਾਫ਼ਕਾ ਦੀ ਵੈੱਬਸਾਈਟ ਖੋਲ੍ਹੀ। ਕਾਫ਼ਕਾ ਦੇ ਖੋਜੀ ਨੀਲ ਬੋਖੋਵ ਦੀ ਮੇਲ ਆਈਡੀ ਮਿਲੀ, ਉਸ ਨੂੰ ਖ਼ਤ ਲਿਖ ਕੇ ਸਵਾਲ ਪੁੱਛੇ, ਆਪਣੇ ਬਾਰੇ ਦੱਸਿਆ। ਨੀਲ ਨੇ ਚਾਰ ਪੰਨਿਆਂ ਦੀ ਜਾਣਕਾਰੀ ਭੇਜੀ ਤਾਂ ਪਤਾ ਲੱਗਾ ਕਿ ਲੁੱਜ਼ ਲਾਸਕ ਨਾਮ ਦੇ ਬੰਦੇ ਨਾਲ ਦੋਰਾ ਨੇ 1926-1936 ਵਿਚਕਾਰ ਕਦੀ ਵਿਆਹ ਕੀਤਾ ਸੀ ਤੇ ਇਕ ਧੀ ਜੰਮੀ ਜਿਸ ਦਾ ਨਾਮ ਮੇਰੀਆਨਾ ਸੀ। ਇਹ ਵੀ ਜਾਣਿਆ ਕਿ 15 ਅਗਸਤ 1952, ਦੋਰਾ ਦੀ ਮੌਤ ਹੋਈ, ਕਬਰ ਲੰਡਨ ਵਿਚ ਹੈ। ਉਹ ਕਬਰ ਦੇਖਣੀ ਚਾਹੁੰਦਾ ਸੀ ਪਰ ਡੱਚ ਖੋਜੀ ਨੀਲ ਨੂੰ ਕਬਰ ਦੀ ਥਾਂ ਪਤਾ ਨਹੀਂ ਸੀ। ਜ਼ਵੀ ਨੇ ਫ਼ੈਸਲਾ ਕੀਤਾ, ਭੂਆ ਦੀ ਕਬਰ ਲੱਭਾਂਗਾ। ਅਮਰੀਕਣ ਖੋਜੀ ਕੁੜੀ ਕੈਥੀ ਦਾਇਮੰਤ ਦਾ ਪੱਤਾ ਲੱਗਾ, ਜ਼ਵੀ ਨੇ ਉਸਨੂੰ ਖ਼ਤ ਲਿਖਿਆ। ਕੈਥੀ ਨੇ ਦੱਸਿਆ - ਮੈਂ ਬਾਰ੍ਹਾਂ ਸਾਲ ਤੋਂ ਦੋਰਾ 'ਤੇ ਕੰਮ ਕਰ ਰਹੀ ਹਾਂ, ਮੈਨੂੰ ਕਬਰ ਦਾ ਪਤਾ ਹੈ ਅਜੇ ਤੱਕ ਪੱਥਰ ਨਹੀਂ ਰੱਖਿਆ, ਕੈਥੀ ਨੇ ਧੀ ਦੀ ਮੌਤ ਦੀ ਖ਼ਬਰ ਵੀ ਦੱਸੀ। ਦੋਵਾਂ ਨੇ ਫ਼ੈਸਲਾ ਕੀਤਾ, 15 ਅਗਸਤ 1999 ਨੂੰ ਕਬਰਿਸਤਾਨ ਜਾ ਕੇ ਪੱਥਰ ਟਿਕਾਣ ਦੀ ਰਸਮ ਕਰਾਂਗੇ, ਜਿਸ ਤਰੀਕ ਨੂੰ ਦੋਰਾ ਦਫ਼ਨਾਈ ਸੀ। ਲਾਸਕ ਪਰਿਵਾਰ ਬਾਰੇ ਪਤਾ ਲੱਗਾ। ਜ਼ਵੀ ਜਹਾਜ਼ 'ਤੇ ਚੜ੍ਹਿਆ, ਬਰਲਿਨ ਪੁੱਜਾ। ਲਾਸਕ ਪਰਿਵਾਰ ਦੇ ਬਚੇ ਮੈਂਬਰ ਉਸ ਨੂੰ ਦੇਖ ਕੇ, ਮਿਲ ਕੇ ਬੇਅੰਤ ਖ਼ੁਸ਼ ਹੋਏ। ਜ਼ਵੀ ਨੇ ਆਪਣਾ ਪਰਿਵਾਰ ਲੱਭ ਲੈਣ ਦੀ ਸਾਖੀ ਇਜ਼ਰਾਈਲ ਦੇ ਸਭ ਤੋਂ ਵੱਡੇ ਅਖ਼ਬਾਰ *ਯੇਦੀ ਅਖਰੋਨੋ* ਵਿਚ 20 ਮਈ 1999 ਨੂੰ ਛਪਵਾਈ। ਉਸੇ ਦਿਨ ਜ਼ਵੀ ਨੂੰ ਤੋਵਾ ਦਾ ਫ਼ੋਨ ਆਇਆ, *ਮੈਂ ਤੇਰੀ ਭੂਆ ਸਾਰਾ ਦੀ ਧੀ ਹਾਂ। ਮੇਰੀ ਮਾਂ ਅਜੇ ਜਿਊਂਦੀ ਹੈ, ਤਲ-ਅਵੀਵ ਵਿਚ ਹੈ।* ਜਿਹੜਾ ਸਿਰਨਾਵਾਂ ਲਿਖਾਇਆ, ਉਹ ਘਰ ਜ਼ਵੀ ਦੇ ਘਰੋਂ ਦਸ ਮਿੰਟ ਦੀ ਦੂਰੀ 'ਤੇ ਸੀ। ਕਰਾਮਾਤ, ਇਕਦਮ ਭੂਆ ਅਤੇ ਮਾਸੀ ਦੇ ਪਰਿਵਾਰ ਮਿਲ ਗਏ।

ਬਰਲਿਨ ਤੋਂ ਲਾਸਕ ਪਰਿਵਾਰ ਲੰਡਨ ਪੁੱਜਾ, ਅਰਨਸਟ ਦੀ ਵਿਧਵਾ ਦਾਇਨਾ, ਭੂਆ ਰੂਥ, ਪੋਤੀ, ਸਭ। ਦੋਰਾ ਦਾ ਪੇਕਾ ਪਰਿਵਾਰ, ਜ਼ਵੀ, ਉਸਦੀ ਪਤਨੀ ਸ਼ੋਸ਼ੀ ਤੇ ਚਾਰ ਬੱਚੇ, ਸਾਰਾ, ਸਾਰਾ ਦੀ ਧੀ ਤੋਵਾ। ਸਾਰਾ 77 ਸਾਲ ਦੀ ਸੀ ਤੇ ਦੋਰਾ ਦੀ ਇਹ 46ਵੀਂ ਬਰਸੀ ਸੀ। ਦੋਰਾ, ਕਾਫ਼ਕਾ, ਮਿਲੇਨਾ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਇਨ੍ਹਾਂ ਦੇ ਪ੍ਰਸੰਸਕ, ਖੋਜੀ, ਪਾਠਕ, ਆਲੋਚਕ, ਸਭ ਇਕੱਠੇ ਹੋਏ। ਜਰਮਨੀ ਅਤੇ ਇਜ਼ਰਾਈਲ ਤੋਂ ਇਲਾਵਾ ਹਾਲੈਂਡ ਅਤੇ ਅਮਰੀਕਾ ਤੋਂ ਆਏ। ਹੈਮਸਟੈੱਡ ਵਿਖੇ, ਕਿੰਗਜ਼ ਕਾਲਜ ਦੇ ਹਾਲ ਵਿਚ ਦੋਰਾ ਦਾ ਸ਼ਰਧਾਂਜਲੀ ਸਮਾਗਮ ਰਚਾਇਆ ਗਿਆ। ਚੁਰਾਨਵੇਂ ਸਾਲ ਦੀ ਉਮਰ ਦਾ ਮੇਜਰ ਬੋਦਾਂਸਕੀ ਮੰਚ ਉੱਤੇ ਆਇਆ, ਕਿਹਾ - ਯਿੱਦਿਸ਼ ਲੇਖਕ ਪੇਰੇਜ਼ ਦੀ ਜਿਹੜੀ ਕਹਾਣੀ ਦੋਰਾ ਨੂੰ ਸਭ ਤੋਂ ਵਧੀਕ ਪਸੰਦ ਸੀ, ਉਸਨੂੰ ਸਟੇਜ ਉਪਰ ਅਭਿਨੈ ਰਾਹੀਂ ਪੇਸ਼ ਕਰਾਂਗਾ। ਉਦੋਂ ਮੈਂ ਜੁਆਨ ਸਾਂ ਜਦੋਂ ਦੋਰਾ ਵਲੋਂ ਡਰਾਮੇ ਦੀ ਪੇਸ਼ਕਾਰੀ ਦੇਖੀ ਸੀ। ਮੌਜੂਦ ਸਰੋਤਿਆਂ ਵਿੱਚੋਂ ਥੋੜ੍ਹੇ ਸਨ ਜਿਹੜੇ ਯਿੱਦਿਸ਼ ਜ਼ਬਾਨ ਜਾਣਦੇ ਸਨ, ਅਦਾਕਾਰੀ ਏਡੀ ਗ਼ਜ਼ਬ ਦੀ ਕਿ ਹਾਵ ਭਾਵ ਹਰੇਕ ਗੱਲ ਸਮਝਾ ਰਹੇ ਸਨ। ਹਾਲ ਵਿਸਮਾਦੀ ਸੁੰਨ ਵਿਚ ਗੁੰਮ ਹੋ ਗਿਆ।

ਕਬਰਿਸਤਾਨ ਜਾ ਕੇ ਜ਼ਵੀ ਨੇ ਯਿੱਦਿਸ਼ ਵਿੱਚੋਂ ਅਤੇ ਸਾਰਾ ਨੇ ਤੋਰਾਹ ਵਿੱਚੋਂ ਪ੍ਰਾਰਥਨਾਵਾਂ ਪੜ੍ਹੀਆਂ। ਸਾਰਾ ਨੇ ਉਹ ਪਲ ਸਾਂਝੇ ਕੀਤੇ ਜਦੋਂ ਦੋਰਾ ਲੰਮੀ ਜੁਦਾਈ ਬਾਦ

ਇਜ਼ਰਾਈਲ ਆ ਕੇ ਮਿਲੀ ਸੀ - *ਮੇਰੀ ਇੱਕੋ ਇਕ ਜਿਊਂਦੀ ਭੈਣ, ਮੈਂ ਕਿੰਨੀ ਖ਼ੁਸ਼ ਹੋਈ ਸਾਂ ਤੈਨੂੰ ਮਿਲ ਕੇ ਉਦੋਂ। ਤੂੰ ਤਾਂ ਕਹਿੰਦੀ ਹੁੰਦੀ ਸੈਂ ਇਜ਼ਰਾਈਲ ਵਿਚ ਮਰਾਂਗੀਆਂ, ਕਦੀ ਨਹੀਂ ਵਿਛੜਨਾ, ਫਿਰ ਤੂੰ ਏਨੀ ਕਾਹਲੀ ਕਿਉਂ ਕੀਤੀ? ਕੇਵਲ ਤੂੰ ਸੈਂ ਉਹ ਨਿਰਮਲ, ਨਿਰਛਲ ਪਵਿੱਤਰ ਰੂਹ ਜਿਹੜੀ ਉਨ੍ਹਾਂ ਨੂੰ ਮਾਫ਼ ਕਰ ਸਕੀ ਜਿਨ੍ਹਾਂ ਤੇਰੇ ਉਪਰ ਜ਼ੁਲਮ ਢਾਏ। ਤੈਨੂੰ ਸ਼ਾਂਤੀ ਮਿਲੇ, ਸੁਰਗ ਦੀਆਂ ਪਵਿੱਤਰ ਰੂਹਾਂ ਵਿਚ ਤੇਰਾ ਵਾਸਾ ਹੋਵੇ।*

ਦੋਰਾ ਦੀ ਸੁੰਦਰ ਸਫ਼ੈਦ ਸੰਗਮਰਮਰੀ ਸਲੈਬ ਉਪਰ ਮੋਰੀਆਨਾ ਦਾ ਨਾਮ ਵੀ ਲਿਖਿਆ ਗਿਆ। ਕਾਫ਼ਕਾ ਦੀ ਮੌਤ ਉਪਰੰਤ ਰਾਬਰਟ ਕਲਾਪਸਟਾੱਕ ਨੇ ਜਿਹੜੀ ਸ਼ਰਧਾਂਜਲੀ ਛਪਵਾਈ ਸੀ ਉਸ ਵਿਚ ਦੋਰਾ ਨੂੰ ਵੀ ਯਾਦ ਕੀਤਾ ਸੀ। ਉਸ ਸ਼ਰਧਾਂਜਲੀ ਵਿਚ ਦੋਰਾ ਬਾਰੇ ਜਿਹੜੀ ਪੰਕਤੀ ਲਿਖੀ, ਉਹ ਇਹ ਸੀ:

ਜਿਸ ਨੇ ਦੋਰਾ ਨੂੰ ਜਾਣਿਆ,
ਉਸਨੇ ਪਿਆਰ ਨੂੰ ਜਾਣਿਆ।

ਕਬਰ ਦੀ ਸਲੈਬ ਉਪਰ ਇਹੋ ਅੱਖਰ ਲਿਖੇ ਗਏ। ਸਲਾਮ ਕਰ ਕੇ ਮੁਸਾਫ਼ਰ ਆਪੋ-ਆਪਣੇ ਵਤਨੀਂ ਤੁਰੇ।

[*ਕਾਫ਼ਕਾ ਜਾਣਦਾ ਸੀ ਕੰਮ ਕਿਵੇਂ ਕਰਨਾ ਹੈ। ਜੋ ਉਸਨੇ ਲਿਖਿਆ ਜਾਂ ਕੀਤਾ, ਉਹ ਸੰਪੂਰਨ ਹੈ। ਜਿਥੇ ਕਿਤੇ ਤੁਸੀਂ ਸਰਬੋਤਮ ਦੇਖੋ, ਸ੍ਰੇਸ਼ਟ ਲਿਖਤ ਦੇਖੋ, ਉਥੇ ਤੁਹਾਨੂੰ ਕਾਫ਼ਕਾ ਦਿਸ ਜਾਂਦੈ। ਫਲਾਬੇਅਰ ਅਤੇ ਫਰਾਇਡ ਵਿਚ ਦਿੱਸ ਜਾਂਦਾ ਹੈ* – ਮੈਕਸਬਰੋਦ]

•

ਈਦੀ

9 ਜੁਲਾਈ, 1992 ਨੂੰ ਰਾਵਲਪਿੰਡੀ ਜਾ ਰਹੀ ਮੁਸਾਫ਼ਰ ਰੇਲ ਗੱਡੀ ਘੋਟਕੀ ਸਟੇਸ਼ਨ 'ਤੇ ਖਲੋਤੀ ਮਾਲ ਗੱਡੀ ਨਾਲ ਜਾ ਟਕਰਾਈ। ਮਾਲ ਗੱਡੀ ਵਿਚ ਫਾਸਫੇਟ ਲੱਦਿਆ ਹੋਇਆ ਸੀ। ਸੈਂਕੜੇ ਜ਼ਖ਼ਮੀ ਹੋਏ, ਸੈਂਕੜੇ ਮਾਰੇ ਗਏ। ਇਸ ਦੁਰਘਟਨਾ ਵਿਚ ਮੱਦਦ ਕਰਨ ਵਾਸਤੇ ਈਦੀ ਨੂੰ ਹੈਲੀਕਾਪਟਰ ਲੈਣ ਆ ਗਿਆ। ਸਟਾਫ਼ ਸਮੇਤ ਉਹ ਹੈਲੀਕਾਪਟਰ ਵੱਲ ਤੁਰ ਪਿਆ। ਸਿਰ ਵਿਚ ਕੋਈ ਖ਼ਿਆਲ ਨਹੀਂ, ਲੱਤਾਂ ਵਿਚ ਜਾਨ ਨਹੀਂ, ਸਭ ਕੁਝ ਸੁੰਨ ਮਸੁੰਨ ਸੀ। ਉਸਨੂੰ ਲੱਗਾ ਜਿਵੇਂ ਕੋਈ ਮੁਰਦਾ ਨਵੀਆਂ ਪੀੜਾਂ ਲੈ ਕੇ ਕਬਰ ਵਿੱਚੋਂ ਉੱਠ ਕੇ ਤੁਰ ਪਿਆ ਹੋਵੇ। ਪਾਇਲਟ ਸੁਨੇਹੇ ਲੈ ਰਿਹਾ ਸੀ, ਸੁਨੇਹੇ ਦੇ ਰਿਹਾ ਸੀ। ਤੁਰਨ ਤੋਂ ਪਹਿਲਾਂ ਨਰਸਾਂ, ਡਾਕਟਰ, ਦਵਾਈਆਂ, ਐਂਬੂਲੈਂਸਾਂ ਅਤੇ ਕਫ਼ਨ ਲੈ ਕੇ ਗੱਡੀਆਂ ਦਾ ਕਾਰਵਾਂ ਸੜਕ ਰਾਹੀਂ ਤੋਰ ਦਿੱਤਾ ਸੀ।

ਦੋ ਘੰਟਿਆਂ ਦੀ ਉਡਾਣ ਬਾਦ ਪਾਇਲਟ ਨੇ ਈਦੀ ਨੂੰ ਪੁੱਛਿਆ - ਤੁਹਾਡਾ ਕੋਈ ਦੋਹਤਾ ਹਸਪਤਾਲ ਵਿਚ ਹੈ, ਮੌਲਾਨਾ ? ਈਦੀ ਕੰਬ ਗਿਆ - ਹਾਂ ਹੈ, ਕਿਉਂ ? ਦੱਸਿਆ - ਉਹ ਅੱਲਾ ਕੋਲ ਚਲਾ ਗਿਐ। ਹਵਾਈ ਸਟਾਫ਼ ਨੇ ਈਦੀ ਨਾਲ ਰਲ ਕੇ ਦੁਆ ਕਰਨ ਲਈ ਅਸਮਾਨ ਵੱਲ ਹੱਥ ਫੈਲਾਏ। ਪਾਇਲਟ ਨੇ ਪੁੱਛਿਆ - ਵਾਪਸ ਚੱਲੀਏ ? ਈਦੀ ਨੇ ਕਿਹਾ - ਨਹੀਂ, ਪਹਿਲਾਂ ਹੀ ਲੇਟ ਹਾਂ। ਕੰਮ ਬਹੁਤ ਜ਼ਿਆਦਾ ਹੈ। ਮੇਰੀ ਬੀਵੀ ਬਿਲਕੀਸ ਨੂੰ ਕਹਿ ਦਿਉ ਕਿ ਦਫ਼ਨ ਕਰ ਦੇਵੇ, ਮੈਨੂੰ ਉਡੀਕੇ ਨਾ। ਵਿਆਹ ਤੋਂ ਪਹਿਲਾਂ ਉਸਨੇ ਆਪਣੀ ਬੀਵੀ ਨੂੰ ਕਹਿ ਦਿੱਤਾ ਸੀ, ਮੈਂ ਸਾਰੇ ਦਾ ਸਾਰਾ ਤੇਰੇ ਵਾਸਤੇ ਹਾਂ, ਪਰ ਕੋਈ ਵੱਡਾ ਦੁਖ ਦੇਖਾਂਗਾ ਤਾਂ ਸਾਰੇ ਦਾ ਸਾਰਾ ਵਜੂਦ ਤੇਰੇ ਤੋਂ ਵਾਪਸ ਲੈ ਲਿਆ ਕਰਾਂਗਾ। ਠੀਕ ਹੈ ? ਬੋਲੀ - ਠੀਕ ਹੈ।

ਧੀ ਨੇ ਬਿਲਾਲ ਨੂੰ ਜਨਮ ਦਿੱਤਾ ਤਾਂ ਈਦੀ ਨੂੰ ਲੱਗਾ - ਦੋਹਤਾ ਮੇਰੇ ਲਈ ਜਹਾਨ ਵਿਚ ਆਇਆ ਹੈ। ਦੇਖੋ ਕਿੰਨਾ ਕੰਮ ਹੈ। ਮੇਰੇ ਨਾਲ ਹੱਥ ਵਟਾਏਗਾ। ਜਿਵੇਂ ਦੇਰ ਤੋਂ ਇਕ ਦੂਜੇ ਨੂੰ ਲੱਭ ਰਹੇ ਹੋਈਏ ਤੇ ਮਿਲ ਜਾਈਏ। ਇਕੱਠੇ ਬਰੇਕਫ਼ਾਸਟ ਕਰਦੇ। ਨਾਨਾ ਆਪਣੀ ਬਾਸੀ ਰੋਟੀ ਵਿੱਚੋਂ ਇਕ ਬੁਰਕੀ ਦਿੰਦਾ ਤਾਂ ਦੋਹਤਾ ਪੁੱਛਦਾ - ਨਾਨਾ ਕੀ ਤੁਸੀਂ ਵਾਕਈ ਗ਼ਰੀਬ ਹੋ ? ਈਦੀ ਹੱਸ ਪੈਂਦਾ - ਗ਼ਰੀਬ ਨਹੀਂ ਹਾਂ ਪੁੱਤਰ, ਬਾਸੀ ਰੋਟੀ ਇਸ ਲਈ ਖਾਨਾਂ ਤਾਂ ਕਿ ਮੈਨੂੰ ਗ਼ਰੀਬੀ ਯਾਦ ਰਹੇ।

ਈਦ ਦੇ ਦਿਨ ਰੌਣਕਾਂ ਹੁੰਦੀਆਂ। ਬਿਲਾਲ ਵਾਸਤੇ ਖਿਡੌਣੇ ਤੇ ਕੱਪੜੇ ਆਉਂਦੇ। ਖ਼ੁਸ਼ ਹੋ ਹੋ ਪੈਕਟ ਖੋਲ੍ਹਦਾ। ਇਹ ਅੱਜ ਖਾਵਾਂਗਾ, ਇਹ ਕੱਲ੍ਹ ਇਹ ਪਰਸੋਂ। ਨਾਨਾ ਆਖਦਾ - ਬਿਲਾਲ ਤੈਨੂੰ ਪਤੈ ਕੁਝ ਬੱਚਿਆਂ ਕੋਲ ਕੱਪੜੇ ਹੁੰਦੇ ਈ ਨੀਂ ? ਬਿਲਾਲ ਹੱਸਦਾ ਹੋਇਆ ਬਾਹਾਂ ਛੁੜਾ ਕੇ ਕੱਪੜਿਆਂ ਦੀ ਅਲਮਾਰੀ ਕੋਲ ਜਾ ਕੇ ਆਖਦਾ - ਪਰ ਮੇਰੇ ਕੋਲ ਤਾਂ ਹੈਗੇ ਨੇ।

ਈਦੀ ਦੀ ਨਿਗਰਾਨੀ ਵਿਚ ਮਨੋਰੋਗਣ ਜੁਆਨ ਕੁੜੀ ਨੂਰਮਾਲ ਜ਼ੇਰੇ-ਇਲਾਜ ਸੀ। ਠੀਕ ਹੋ ਰਹੀ ਸੀ। ਬਿਲਾਲ ਨਾਲ ਖੇਡਦੀ ਰਹਿੰਦੀ। ਨੁਹਾਉਂਦੀ, ਕੱਪੜੇ ਪਹਿਨਾਉਂਦੀ। ਇਕ ਸਵੇਰ ਬਗ਼ੈਰ ਠੰਢਾ ਪਾਣੀ ਮਿਲਾਏ, ਬਗ਼ੈਰ ਕੋਸਾ ਕਰਨ ਦੇ, ਉਬਲਦੇ ਪਾਣੀ ਦੀ ਬਾਲਟੀ ਬਿਲਾਲ ਉਪਰ ਸੁੱਟ ਦਿੱਤੀ। ਚੀਕ ਮਾਰ ਕੇ ਬਿਲਾਲ ਥਾਏਂ ਢੇਰੀ ਹੋ ਗਿਆ। ਹਸਪਤਾਲ ਲੈ ਗਏ। ਮੌਤ ਦੀ ਖ਼ਬਰ ਮਿਲੀ।

ਈਦੀ ਦੁਰਘਟਨਾ ਗ੍ਰਸਤ ਥਾਂ 'ਤੇ ਪੁੱਜ ਕੇ ਕੰਮ ਦੀ ਤਕਸੀਮ ਕਰਨ ਲੱਗਾ, ਟੁਕੜੀਆਂ ਵਿਚ ਵੰਡਣ ਲੱਗਾ। ਲੋਕਾਂ ਨੇ ਈਦੀ ਪਛਾਣ ਲਿਆ - ਉਨ੍ਹਾਂ ਨੇ ਮੇਰਾ ਲੜਕਾ ਨੀ ਲੱਭਿਆ ਈਦੀ ... ਅਹੁ ਦੇਖੋ ਮੇਰਾ ਅੱਬੂ, ਤੁਰਤ ਹਸਪਤਾਲ ਨਾ ਪੁਚਾਇਆ ਮਰ ਜਾਏਗਾ..., ਅੱਲਾਹ ਦਾ ਸ਼ੁਕਰ ਈਦੀ ਤੁਸੀਂ ਆ ਗਏ। ਮੇਰੇ ਬੱਚੇ ਲੱਭੋ, ਕਿਥੇ ਨੇ ਉਹ ?...ਮੇਰੇ ਬੱਚੇ ਮਰ ਗਏ ਹਨ ਈਦੀ, ਉਨ੍ਹਾਂ ਦੀ ਮਾਂ ਦਾ ਲਹੂ ਬਹੁਤਾ ਵਗ ਗਿਐ, ਉਹ ਮਰ ਰਹੀ ਐ, ਬਚਾਉ।

ਈਦੀ ਨੂੰ ਯਾਦ ਆਇਆ, ਸੜੇ ਜਿਸਮ ਨਾਲ ਹਸਪਤਾਲ ਦੇ ਬੈੱਡ 'ਤੇ ਪਏ ਦੋਹਤੇ ਬਿਲਾਲ ਦੀਆਂ ਅੱਖਾਂ ਵਿਚ ਇਹੋ ਉਮੀਦ ਸੀ ...ਨਾਨਾ ਹੈ ਨਾ। ਹੁਣ ਮੈਨੂੰ ਕੌਣ ਮਾਰ ਸਕਦੈ ? ਇਹੀ ਉਮੀਦ ਹੁਣ ਈਦੀ ਨੂੰ ਦੇਖਣ ਸਾਰ ਸੈਂਕੜੇ ਅੱਖਾਂ ਵਿਚ ਪੈਦਾ ਹੋ ਗਈ। ਇਕ ਜੁਆਨ ਰੋਂਦਾ ਆਇਆ - ਬਾਪੂ ਤਾਂ ਲੱਭ ਲਿਆ, ਮਾਂ ਕਿਥੇ ਹੈ ? ਬਾਪੂ ਦੀ ਲਾਸ਼ ਲੱਭਣ ਤੋਂ ਬਾਦ ਉਹ ਮਾਂ ਦੀ ਲਾਸ਼ ਤਲਾਸ਼ ਰਿਹਾ ਸੀ - ਕੋਈ ਵੀ ਉਹਦੇ ਵਰਗੀ ਨੀਂ ਲੱਗਦੀ ਈਦੀ।

ਕੰਮ ਵਿਚ ਰੁਝੇ ਈਦੀ ਸਾਹਮਣੇ ਬਿਲਾਲ ਆ ਖਲੋਂਦਾ। ਕਦੀ ਨਾਨਾ, ਕਦੀ ਨਾਨੀ ਇਸ ਨਾਲ ਲੁਕਣ-ਮੀਟੀ ਖੇਡਦੇ, ਫੜੇ ਨਾ ਜਾਈਏ, ਦੌੜਦੇ, ਬਿਲਾਲ ਸੰਦੂਕ 'ਤੇ ਲੁਕਦਾ, ਕਦੀ ਮੰਜੀ ਹੇਠ, ਫੜੇ ਜਾਣ 'ਤੇ ਖ਼ੁਸ਼ੀ ਨਾਲ ਚੀਕਾਂ ਮਾਰਦਾ। ਨਾਨੀ ਹੱਥੀਂ ਇਕ ਇਕ ਬੁਰਕੀ ਵੱਖਰੇ ਵੱਖਰੇ ਨਾਮ ਲੈ ਕੇ ਖਵਾਉਂਦੀ - ਉਹ ਕੁਤਬ ਲਈ ਹੈ ... ਇਹ ਕੁਬਰਾ ਲਈ, ਹੁਣ ਇਹ ਫੈਸਲ ਲਈ ਹੈ ... ਇਹ ਅਲਮਾਸ ਲਈ।

ਰੇਲਵੇ ਸਟੇਸ਼ਨ 'ਤੇ ਲੱਤਾਂ, ਬਾਹਾਂ, ਸਿਰ, ਇਧਰ ਉਧਰ ਖਿਲਰੇ ਪਏ ਸਨ। ਚਾਰੇ ਪਾਸੇ ਤਾਜ਼ੇ ਲਹੂ ਦੀ ਦੁਰਗੰਧ। ਲਾਊਡ ਸਪੀਕਰ ਲਹੂ ਦਾਨ ਵਾਸਤੇ ਅਪੀਲਾਂ ਕਰ ਰਹੇ ਸਨ। ਹਸਪਤਾਲ ਭਰ ਚੁੱਕੇ ਸਨ। ਬਾਕੀ ਮਸਜਿਦਾਂ ਵੱਲ ਤੋਰੇ ਜਾਣ ਲੱਗੇ। ਈਦੀ ਫਾਊਂਡੇਸ਼ਨ ਦੀਆਂ 75 ਐਂਬੂਲੈਂਸਾਂ ਜ਼ਖ਼ਮੀਆਂ ਅਤੇ ਮੁਰਦਿਆਂ ਨੂੰ ਲੈ ਲੈ ਵੱਖ ਵੱਖ ਦਿਸ਼ਾਵਾਂ ਵੱਲ ਦੌੜ ਰਹੀਆਂ ਸਨ।

ਇਸ ਹੌਲਨਾਕ ਹਾਲਤ ਵਿਚ ਵੀ ਇਖ਼ਲਾਕੋਂ ਗਿਰੇ ਬੰਦੇ ਪੁੱਜ ਗਏ ਸਨ। ਇਕ ਜੁਆਨ ਨੇ ਲਾਸ਼ ਪਛਾਣੀ, ਕਾਗਜ਼ ਤੇ ਦਸਖ਼ਤ ਕਰ ਕੇ ਐਂਬੂਲੈਂਸ ਰਾਹੀਂ ਘਰ ਲੈ ਗਿਆ। ਘਰਦਿਆਂ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਸਾਡਾ ਤਾਂ ਕੋਈ ਜੀ ਮਰਿਆ ਈ ਨੀ। ਮੁੰਡਾ ਦੌੜ ਕੇ ਕਿਧਰੇ ਛੁਪ ਗਿਆ। ਸਰਕਾਰ ਤੋਂ ਮੁਆਵਜ਼ਾ ਲੈਣ ਵਾਸਤੇ ਡਰਾਮਾ ਕੀਤਾ ਸੀ। ਐਂਬੂਲੈਂਸ ਲਾਸ਼ ਵਾਪਸ ਲੈ ਆਈ।

ਇਸ ਐਕਸੀਡੈਂਟ ਵਿਚ ਕੋਟਲੀ ਪਿੰਡ ਦੇ ਇਕ ਪਰਿਵਾਰ ਦੇ ਨੌਂ ਮੈਂਬਰ ਮਾਰੇ ਗਏ ਸਨ। ਇਨ੍ਹਾਂ ਦੀਆਂ ਲਾਸ਼ਾਂ ਕੌਣ ਲੈ ਕੇ ਜਾਏਗਾ ? ਏਨੀਆਂ ਲਾਸ਼ਾਂ ਦੇਖ ਕੇ ਕਿੰਨੇ ਬੰਦੇ, ਔਰਤਾਂ, ਬੱਚੇ ਰੁਦਨ ਕਰਨਗੇ। ਈਦੀ ਨੇ ਕਿਹਾ - ਮੈਂ ਜਾਵਾਂਗਾ, ਮੇਰੇ ਉਪਰ ਚੀਕਾਂ ਦਾ ਅਸਰ ਨਹੀਂ ਹੋਵੇਗਾ ਕਿਉਂਕਿ ਮੈਂ ਬਿਲਾਲ ਵਾਸਤੇ ਰੋਵਾਂਗਾ, ਇਧਰਲੀਆਂ ਲਾਸ਼ਾਂ ਵੱਲ

ਮੇਰਾ ਧਿਆਨ ਈ ਨੀਂ ਜਾਏਗਾ। ਪਰ ਸਾਰਿਆਂ ਦੇ ਘਾਟੇ ਮਿਲ ਕੇ ਕਿੰਨਾ ਵੱਡਾ ਘਾਟਾ ਬਣਾ ਦੇਣਗੇ ?

ਈਦੀ ਨੇ ਪ੍ਰਾਰਥਨਾ ਕਰਦਿਆਂ ਕਿਹਾ - ਮਾਲਕ, ਤੈਨੂੰ ਪਿਆਰ ਕਰਦਾ ਹਾਂ ਮੈਂ। ਜਦੋਂ ਦੁਖ ਦੇਖਦਾ ਹਾਂ, ਤੈਨੂੰ ਭੁੱਲ ਕੇ, ਦੁਖੀ ਬੰਦੇ ਨੂੰ ਪਿਆਰ ਕਰਨ ਲੱਗ ਜਾਨਾਂ।

ਇਕ ਬਜ਼ੁਰਗ ਕੰਬਦਾ ਹੋਇਆ ਈਦੀ ਕੋਲ ਆਇਆ - ਈਦੀ, ਮੇਰਾ ਇੱਕੋ ਪੁੱਤਰ ਸੀ। ਹੋਰ ਮੇਰਾ ਕੋਈ ਨਹੀਂ। ਮੈਂ ਇਕੱਲਾ ਹਾਂ ਈਦੀ, ਬਿਲਕੁਲ ਇਕੱਲਾ। ਕਿਸੇ ਨੂੰ ਮੇਰੇ ਦੁਖ ਦਾ ਪਤਾ ਨਹੀਂ। ਈਦੀ ਨੇ ਰੋਂਦਿਆਂ ਕਿਹਾ - ਮੈਨੂੰ ਪਤਾ ਹੈ ਭਰਾ, ਮੈਂ ਤੇਰਾ ਦੁਖ ਜਾਣਦਾਂ। ਅਜ਼ਲ ਤੋਂ ਜਾਣਦਾਂ।

ਈਦੀ ਦਾ ਕੰਮ ਦਿਨ ਛਿਪਣ ਨਾਲ ਖ਼ਤਮ ਹੋਇਆ। ਹੱਥਾਂ ਪੈਰਾਂ 'ਤੇ ਜੰਮ ਕੇ ਲਹੂ ਸੁੱਕ ਗਿਆ ਸੀ, ਮਸਾਂ ਉਤਾਰਿਆ। ਲਹੂ ਲੁਹਾਣ ਕੱਪੜੇ ਬਦਲੇ। ਘਰ ਵਾਪਸੀ ਵਾਸਤੇ ਹੈਲੀਕਾਪਟਰ ਵਿਚ ਬੈਠ ਗਿਆ। ਸੀਟ ਬੈਲਟਾਂ ਕੱਸ ਲਈਆਂ। ਜਹਾਜ਼ ਉੱਡਣ ਲੱਗਾ। ਮਨ ਵਿਚ ਬਿਲਾਲ ਆ ਰਿਹਾ ਸੀ - ਜਦੋਂ ਮੈਂ ਚੁਰਸਤੇ ਵਿਚ ਮੰਗਣ ਲਈ ਬੈਠਦਾ, ਬਿਲਾਲ ਨੂੰ ਚਾਅ ਚੜ੍ਹ ਜਾਂਦਾ। ਇਹ ਕੰਮ ਉਸਨੂੰ ਸਭ ਤੋਂ ਵਧੀਆ ਲੱਗਦਾ। ਸਿੱਕੇ ਗਿਣਦਾ ਜਾਂਦਾ। ਕੋਈ ਲੋੜਵੰਦ ਮੰਗਣ ਆ ਜਾਂਦਾ, ਈਦੀ ਕਹਿ ਦਿੰਦਾ - ਦੇ ਦੇਹ ਬਿਲਾਲ। ਕੁਝ ਪੈਸੇ ਦੇ ਦੇਹ ਇਹਨੂੰ। ਬਿਲਾਲ ਪੁੱਛਦਾ - ਨਾਨਾ ਤੁਹਾਨੂੰ ਇਹਦੀ ਕਹਾਣੀ ਸੱਚੀ ਲੱਗਦੀ ਹੈ ? ਕਿਤੇ ਝੂਠ ਤਾਂ ਨਹੀਂ ਮਾਰਦਾ ?

- ਤਾਂ ਵੀ ਪੈਸੇ ਦੇ ਈ ਦੇਹ ਬਿਲਾਲ।"

ਜਹਾਜ਼-ਘਰ ਤੋਂ ਐਂਬੂਲੈਂਸ ਰਾਹੀਂ ਕਬਰਿਸਤਾਨ ਹੋ ਕੇ ਈਦੀ ਘਰ ਪਹੁੰਚਾ। ਬੀਵੀ ਅਤੇ ਖ਼ਾਵੰਦ ਇਕ ਦੂਜੇ ਤੋਂ ਲੁਕਣਾ ਚਾਹ ਰਹੇ ਸਨ। ਬੈਠ ਗਏ। ਨਿੱਕੇ ਨਿੱਕੇ ਬੂਟ ਪਏ ਸਨ। ਉਨ੍ਹਾਂ ਵੱਲ ਦੇਖਣ ਲੱਗੇ। ਨਿੱਕੇ ਨਿੱਕੇ ਕਮੀਜ਼ਾਂ, ਨਿੱਕਰਾਂ ਵਿਚ ਚਿਹਰਾ ਛੁਪਾ ਕੇ ਖ਼ੂਬ ਰੋਏ। ਧੀ ਕੁਬਰਾ ਕਮਜ਼ੋਰ, ਬੇਜ਼ਬਾਨ ਖਲੋਤੀ ਰਹੀ। ਨਾ ਜਿਸਮ 'ਤੇ ਕਾਬੂ, ਨਾ ਲਫ਼ਜ਼ਾਂ ਉਪਰ। ਈਦੀ ਨੇ ਕਿਹਾ - ਅੱਜ ਜੋ ਗੱਲ ਬਿਲਾਲ ਬਾਰੇ ਕਰਨੀ ਹੈ, ਕਰ ਲੈ ਧੀਏ। ਫੇਰ ਮੁੜ ਕੇ ਉਸਦਾ ਨਾਂ ਨੀ ਲੈਣਾ ਆਪਾਂ। ਠੀਕ ? ਉਸ ਨੇ ਕੁਝ ਨਾ ਕਿਹਾ।

ਈਦੀ ਦੇ ਪੂਰਵਜ ਸਿੰਧੀ ਹਿੰਦੂ ਸਨ ਜੋ ਨਿੱਕੀ ਮੋਟੀ ਕਿਸਾਨੀ ਦਾ ਕੰਮ ਕਰਦੇ ਸਨ। ਤਿੰਨ ਸਦੀਆਂ ਪਹਿਲਾਂ ਮੁਸਲਮਾਨ ਹੋ ਗਏ। ਇਨ੍ਹਾਂ ਨੂੰ ਮੋਮਿਨ ਕਿਹਾ ਜਾਂਦਾ ਰਿਹਾ ਪਰ ਇਹੋ ਨਾਮ ਪਤਾ ਨਹੀਂ ਕਿਵੇਂ ਵਿਗੜ ਗਿਆ, ਮੈਮਨ ਹੋ ਗਿਆ। ਈਦੀ ਪਰਿਵਾਰ ਭਾਰਤੀ ਗੁਜਰਾਤ ਦੇ ਕਾਠੀਆਵਾੜ ਇਲਾਕੇ ਵਿਚ ਵੱਸ ਕੇ ਵਪਾਰ ਕਰਨ ਲੱਗਾ। ਗੁਜਰਾਤੀ ਵਿਚ ਈਦੀ ਮਾਇਨੇ ਆਲਸੀ ਹੁੰਦਾ ਏ, ਪਰ ਇਹ ਬੜਾ ਹਿੰਮਤੀ ਪਰਿਵਾਰ ਸੀ। ਮੁਹੰਮਦ ਅਲੀ ਜਿਨਾਹ ਨੇ ਮੈਮਨਾਂ ਦੀ ਮੱਦਦ ਨਾਲ ਹੀ ਬੰਬਈ ਵਿਚ ਹਬੀਬ ਬੈਂਕ ਖੋਲ੍ਹਿਆ ਸੀ। ਮੈਮਨ ਵੱਡੇ ਵਪਾਰੀ ਘਰਾਣਿਆਂ ਦੇ ਮਾਲਕ ਸਨ ਜਿਨ੍ਹਾਂ ਦਾ ਮੁਕਾਬਲਾ ਕੇਵਲ ਪਾਰਸੀ ਕਰ ਸਕਦੇ ਸਨ, ਹੋਰ ਨਹੀਂ। ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਮੈਮਨਾਂ ਕੋਲ ਤੇ ਮੁਲਾਜ਼ਮਤ ਆਮ ਹਿੰਦੁਸਤਾਨੀਆਂ ਨੂੰ ਦਿੱਤੀ ਜਾਂਦੀ। ਪਿਤਾ ਦਾ ਨਾਮ ਅਬਦੁਲ ਸ਼ਕੂਰ ਈਦੀ ਤੇ ਮਾਂ ਗੁਰਬਾ ਸੀ। ਜੂਨਾਗੜ੍ਹ ਦੇ ਨੇੜੇ ਬੰਟਵਾ ਨਾਮ ਦੇ 25 ਹਜ਼ਾਰ ਆਬਾਦੀ ਵਾਲੇ ਕਸਬੇ ਵਿਚ 20 ਹਜ਼ਾਰ ਮੈਮਨ ਸਨ।

ਮਾਂ ਦਿਆਲੂ ਸੀ। ਵਪਾਰਕ ਦੌਰੇ 'ਤੇ ਗਿਆ ਪਿਤਾ ਕਈ ਵਾਰ ਸਾਲ ਸਾਲ ਨਾ ਪਰਤਦਾ। ਸੁੱਕੇ ਮੇਵਿਆਂ ਦੀਆਂ ਪੇਟੀਆਂ ਭੇਜਦਾ ਰਹਿੰਦਾ। ਮਾਂ ਇਨ੍ਹਾਂ ਦੇ ਨਿੱਕੇ ਨਿੱਕੇ

ਪੈਕਟ ਬਣਾ ਕੇ ਈਦੀ ਨੂੰ ਗ਼ਰੀਬ ਬਸਤੀਆਂ ਵਿਚ ਵੰਡਣ ਲਈ ਫੜਾ ਦਿੰਦੀ। ਸਕੂਲ ਜਾਣ ਵੇਲੇ ਹਰ ਰੋਜ਼ ਦੋ ਪੈਸੇ ਦੇ ਕੇ ਮਾਂ ਆਖਦੀ - ਇਕ ਪੈਸਾ ਤੇਰਾ ਹੈ, ਇਕ ਕਿਸੇ ਲੋੜਵੰਦ ਦਾ। ਦੂਜਾ ਉਸ ਨੂੰ ਦੇਈਂ ਜੋ ਤੈਨੂੰ ਮੁਥਾਜ ਲੱਗੇ। ਉਹ ਚਿਹਰਾ ਪੜ੍ਹ ਕੇ ਹੀ ਸਮਝ ਜਾਂਦੀ ਜਦੋਂ ਈਦੀ ਦੋਵੇਂ ਪੈਸੇ ਛਕ ਆਉਂਦਾ - ਕਿੰਨਾ ਖ਼ੁਦਗ਼ਰਜ਼ ਐਂ ਤੂੰ। ਕਿਸ ਤਰ੍ਹਾਂ ਦਾ ਪੱਥਰ ਦਿਲ ਹੈ ਤੇਰਾ ? ਏਨੀ ਛੋਟੀ ਉਮਰ ਵਿਚ ਹੀ ਤੂੰ ਗ਼ਰੀਬਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤੈ ? ਵੱਡਾ ਹੋ ਕੇ ਕੀ ਕੀ ਕਰੇਂਗਾ, ਪਤਾ ਨਹੀਂ। ਸ਼ਰਮਸਾਰ ਈਦੀ ਨੀਵੀਂ ਪਾਈ ਖਲੋਤਾ ਰਹਿੰਦਾ।

ਸਕੂਲ ਜਾਂਦਿਆਂ ਉਸਨੇ ਦੇਖਿਆ, ਮੁੰਡਿਆਂ ਦੀ ਟੋਲੀ ਇਕ ਪਾਗਲ ਨੂੰ ਘੇਰੀ ਖਲੋਤੀ ਹੈ। ਛਟੀਆਂ ਨਾਲ ਛੇੜ ਛਾੜ ਕਰ ਰਹੇ ਸਨ। ਖਿਲਰੇ ਵਾਲਾਂ ਵਾਲੇ ਪਾਗਲ ਦੀ ਨਜ਼ਰ ਅਜਿਹੀ, ਜਿਵੇਂ ਸੱਪ ਡੰਗ ਮਾਰ ਰਹੇ ਹੋਣ। ਈਦੀ ਉਨ੍ਹਾਂ ਕੋਲ ਆ ਕੇ ਗੱਜਿਆ - ਸ਼ਰਮ ਨੀ ਆਉਂਦੀ ਤੁਹਾਨੂੰ ? ਇਹਦੀ ਮਦਦ ਨੀਂ ਕਰ ਸਕਦੇ ਤਾਂ ਘੱਟੋ-ਘੱਟ ਰਹਿਮ ਤਾਂ ਕਰੋ। ਬੱਚਿਆਂ ਨੇ ਦੇਖਿਆ, ਇਹ ਮਾੜਚੂ ਜਿਹਾ ਮੁੰਡਾ ਕਿਵੇਂ ਹੁਕਮ ਚਾੜ੍ਹ ਰਿਹਾ ਹੈ। ਪਾਗਲ ਤੋਂ ਹਟ ਕੇ ਇਸ ਵੱਲ ਹੋ ਗਏ, ਖ਼ੂਬ ਕੁਟਾਈ ਕੀਤੀ। ਘਰ ਆ ਕੇ ਮਾਂ ਨੂੰ ਦੱਸਿਆ। ਮਾਂ ਨੇ ਜ਼ਖ਼ਮ ਧੋਏ। ਦਵਾਈ ਲਾਈ, ਅਸੀਸਾਂ ਦਿੰਦਿਆਂ ਕਿਹਾ - ਤੂੰ ਉਸ ਦੀ ਆਵਾਜ਼ ਬਣਿਆਂ ਜਿਸ ਦੀ ਕੋਈ ਆਵਾਜ਼ ਨਹੀਂ ਸੀ, ਬੇਸਹਾਰੇ ਦਾ ਸਹਾਰਾ। ਰੱਬ ਤੇਰਾ ਭਲਾ ਕਰੇਗਾ ਪੁੱਤਰ, ਚੰਗੇ ਕੰਮ ਵਾਸਤੇ ਕੁੱਟ ਖਾਣੀ ਪਵੇ, ਝਿਜਕੀਂ ਨਾਂਹ।

ਪੜ੍ਹਾਈ ਵਿਚ ਚੰਗਾ ਨਾ ਨਿਕਲਿਆ। ਪੰਜ ਜਮਾਤਾਂ ਪਾਸ ਕਰ ਕੇ ਕੱਪੜੇ ਦੇ ਵਪਾਰੀ ਕੋਲ ਪੰਜ ਰੁਪਏ ਮਹੀਨੇ ਦੀ ਨੌਕਰੀ 'ਤੇ ਲੱਗ ਗਿਆ। ਉਥੇ ਹੋਰ ਲੜਕੇ ਵੀ ਨੌਕਰ ਸਨ। ਈਦੀ ਨੇ ਦੋ ਲੜਕਿਆਂ ਵਿਰੁੱਧ ਪੈਸੇ ਚੋਰੀ ਕਰਨ ਬਾਬਤ ਦੱਸ ਦਿੱਤਾ। ਉਨ੍ਹਾਂ ਵਿੱਚੋਂ ਇਕ ਨੇ ਕਿਹਾ - ਈਦੀ ਵੀ ਸਾਡੇ ਨਾਲ ਸ਼ਾਮਿਲ ਸੀ। ਸੇਠ ਗਰਜਿਆ - ਖ਼ਬਰਦਾਰ ਜੇ ਹੋਰ ਬਕਵਾਸ ਕੀਤਾ। ਹਾਜੀ ਸ਼ਕੂਰ ਦਾ ਪੁੱਤਰ ਚੋਰ ਨਹੀਂ ਹੋ ਸਕਦਾ।

ਸੋਚਿਆ ਕਰਦਾ - ਮੈਂ ਤੀਲਾਂ ਦੀਆਂ ਡੱਬੀਆਂ ਤੇ ਪੈਨਸਲਾਂ ਗਲੀਆਂ ਵਿਚ ਵੇਚਿਆ ਕਰਾਂਗਾ, ਆਮਦਨ ਵਿੱਚੋਂ ਸ਼ੇਅਰ ਖ਼ਰੀਦਾਂਗਾ, ਹੋਰ ਬਚਤ ਹੋਵੇਗੀ ਤਾਂ ਹਸਪਤਾਲ ਉਸਾਰਾਂਗਾ, ਇਕ ਫੈਕਟਰੀ ਵੀ, ਜਿਥੇ ਕੇਵਲ ਗ਼ਰੀਬਾਂ ਨੂੰ ਰੁਜ਼ਗਾਰ ਮਿਲੇ। ਅੰਗਹੀਣਾਂ ਵਾਸਤੇ ਵੱਖਰਾ ਪਿੰਡ ਵਸਾਵਾਂਗਾ। ਹਮਉਮਰ ਬੱਚੇ ਹੱਸਦੇ - ਤੂੰ ਸੁਫ਼ਨ ਸਾਜ਼ ਹੈਂ, ਸ਼ੇਖ਼ ਚਿਲੀ, ਹਵਾਈ ਮਹਿਲ ਉਸਾਰਦਾ ਰਹਿੰਨੈ। ਈਦੀ ਆਖਦਾ - ਹਾਲੇ ਕੰਮ ਮੈਂ ਘੱਟ ਕਰ ਸਕਦਾ ਹਾਂ, ਪਰ ਸੋਚਾਂ ਕਿਉਂ ਘੱਟ ? ਜਿੰਨੀ ਦੂਰ ਤੱਕ ਸੋਚਿਆ ਜਾ ਸਕਦੈ, ਸੋਚਾਂਗਾ।

ਦੇਸ਼ ਵੰਡ ਵੇਲੇ ਮੈਮਨ ਪਾਕਿਸਤਾਨ ਨਹੀਂ ਜਾਣਾ ਚਾਹੁੰਦੇ ਸਨ। ਇਕ ਤਾਂ ਜਿਨਾਹ ਨੇ ਵਾਸਤਾ ਪਾਇਆ - ਮੈਮਨਾਂ ਬਗ਼ੈਰ ਪਾਕਿਸਤਾਨ ਦਾ ਵਪਾਰ ਠੱਪ ਹੋ ਜਾਏਗਾ, ਦੂਜੇ ਵੱਲਭ ਭਾਈ ਪਟੇਲ ਨੇ ਬੰਟਵਾ 'ਤੇ ਹਮਲਾ ਕਰਵਾ ਦਿੱਤਾ। ਉਸਦਾ ਇਰਾਦਾ ਮੈਮਨਾਂ ਦਾ ਕਾਰੋਬਾਰ ਹਥਿਆਉਣ ਦਾ ਸੀ। ਦੰਗੇ ਹੋਣ ਲੱਗੇ ਤਾਂ ਅਮਨ ਪਸੰਦ ਮੈਮਨ ਹਿਜਰਤ ਕਰਨ ਲੱਗੇ। ਕਰਾਚੀ ਦੀ ਇਕ ਸੁੰਨੀ ਹਵੇਲੀ ਵਿਚ ਇਨ੍ਹਾਂ ਦਾ ਉਤਾਰਾ ਹੋਇਆ। ਬੇਸ਼ਕ ਵਧੇਰੇ ਲੋਕ ਉੱਜੜੀਆਂ ਹਿੰਦੂ ਜਾਇਦਾਦਾਂ ਉਪਰ ਕਬਜ਼ੇ ਕਰਦੇ ਗਏ, ਈਦੀ ਦਾ ਪਿਤਾ ਇਸ ਦੇ ਖ਼ਿਲਾਫ਼ ਸੀ। ਇਕ ਕਮਰਾ ਕਿਰਾਏ 'ਤੇ ਲਿਆ ਜਿਸ ਵਿਚ ਪਰਿਵਾਰ ਵੱਸ ਗਿਆ ਤੇ ਦੂਕਾਨ ਕਿਰਾਏ 'ਤੇ ਲੈ ਕੇ ਆਪ ਕਮਿਸ਼ਨ ਏਜੰਟ ਦਾ ਕੰਮ ਕਰਨ ਲੱਗਾ। ਈਦੀ ਨੇ ਪਹਿਲਾਂ ਨਿੱਕਸੁੱਕ ਰੇਹੜੀ 'ਤੇ ਵੇਚਿਆ, ਮੁਨਾਫ਼ਾ ਹੋ ਗਿਆ ਤਾਂ ਪਾਨ ਦੀ ਨਿੱਕੀ ਜਿਹੀ ਦੂਕਾਨ ਖੋਲ੍ਹ ਲਈ।

ਪਿਤਾ ਨੂੰ ਲੋਕ ਆਖਦੇ - ਤੇਰੇ ਕੋਲ ਪੈਸੇ ਦੀ ਘਾਟ ਨਹੀਂ। ਮੁੰਡੇ ਨੂੰ ਚੱਜ ਦਾ ਕਾਰੋਬਾਰ ਸਿਖਾ, ਵੱਡੀ ਦੁਕਾਨ ਲੈ ਦੇਹ। ਪਿਤਾ ਆਖਦਾ - ਹੇਠਾਂ ਤੋਂ ਸ਼ੁਰੂ ਕਰੇਗਾ, ਕਾਮਯਾਬ ਹੋਏਗਾ। ਇਹਨੂੰ ਆਦਮੀ ਦੀ ਫ਼ਿਤਰਤ ਅਤੇ ਪੈਸੇ ਦੀ ਕੀਮਤ ਦਾ ਪਤਾ ਲੱਗਣਾ ਚਾਹੀਦੈ। ਪਹਿਲੋਂ ਹੀ ਉਪਰ ਚੜ੍ਹ ਜਾਵੇ ਤਾਂ ਬੱਚਾ ਹੇਠਲੀ ਸਚਾਈ ਤੋਂ ਵਾਕਫ਼ ਨਾ ਹੋਣ ਕਾਰਨ ਫ਼ੇਲ੍ਹ ਹੋ ਜਾਂਦੈ। ਹੇਠੋਂ ਉਪਰ ਜਾਏਗਾ, ਨਹੀਂ ਡਿੱਗੇਗਾ।

1948 ਵਿਚ ਮੈਮਨਾਂ ਨੇ ਦਾਨ ਰਾਸ਼ੀ ਰਾਹੀਂ ਚੱਲਣ ਵਾਲੀ ਡਿਸਪੈਂਸਰੀ ਖੋਲ੍ਹੀ। ਵਾਲੰਟੀਅਰ ਮੰਗੇ ਗਏ। ਈਦੀ ਨੇ ਨਾਮ ਲਿਖਵਾ ਦਿੱਤਾ। ਕੁੱਲ ਅੱਠ ਵਲੰਟੀਅਰਾਂ ਵਿੱਚੋਂ ਈਦੀ ਸਭ ਤੋਂ ਛੋਟਾ ਸੀ। ਅੱਬੂ ਨੂੰ ਲੋਕ ਪੁੱਛਦੇ - ਤੂੰ ਕਿੰਨਾ ਦਾਨ ਦਿੱਤਾ ਭਰਾ ? ਅੱਬਾ ਈਦੀ ਵੱਲ ਉਂਗਲ ਕਰ ਕੇ ਆਖਦਾ - ਸਭ ਕੁਝ।

ਈਦੀ ਨੇ ਦੇਖਿਆ, ਬਿਮਾਰਾਂ ਨਾਲ ਵਿਤਕਰਾ ਹੋ ਰਿਹਾ ਸੀ। ਮੈਮਨਾਂ ਨੂੰ ਦਵਾਈ ਦਿੱਤੀ ਜਾਵੇਗੀ। ਜੇ ਬਚੀ ਤਾਂ ਹੋਰਾਂ ਨੂੰ। ਈਦੀ ਸਾਰਾ ਦਿਨ ਨੌਕਰੀ ਕਰ ਕੇ ਅੱਧੀ ਰਾਤ ਤੱਕ ਡਿਸਪੈਂਸਰੀ ਵਿਚ ਮੁਫ਼ਤ ਡਿਊਟੀ ਦਿੰਦਾ, ਪਰ ਬਾਕੀ ਵਾਲੰਟੀਅਰ ਪੰਜ ਘੰਟਿਆਂ ਬਾਦ ਬੂਹਾ ਬੰਦ ਕਰ ਕੇ ਚਲੇ ਜਾਂਦੇ। ਐਕਸਰੇ ਕਰਨ ਵਾਲੇ ਮੁੰਡੇ ਸ਼ਰੇਆਮ ਰਿਸ਼ਵਤ ਲੈਂਦੇ। ਪ੍ਰਬੰਧਕਾਂ ਦੀ ਮੀਟਿੰਗ ਹੋਈ, ਇਕ ਅਮੀਰ ਦੂਜੇ ਨੂੰ ਵਡਿਆ ਰਿਹਾ ਸੀ। ਚਾਪਲੂਸੀ ਦੇ ਸਾਰੇ ਵਾਕ ਖ਼ਤਮ ਹੋਏ ਤਾਂ ਈਦੀ ਖਲੋ ਗਿਆ, ਕਿਹਾ ਮੈਂ ਵੀ ਕੋਈ ਗੱਲ ਕਰਨੀ ਹੈ। ਇਹ ਕੀ ਗੱਲ ਕਰੇਗਾ ? ਹੱਸਣ ਲੱਗੇ, ਤਾਅਨੇ ਦੇਣ ਲੱਗੇ, ਨਾ ਹਟਿਆ ਤਾਂ ਚੁੱਪ ਕਰ ਕੇ ਸੁਣਨ ਲੱਗੇ। ਈਦੀ ਨੇ ਸਾਰੀਆਂ ਚੋਰ-ਮੋਰੀਆਂ, ਕਮਜ਼ੋਰੀਆਂ ਦਾ ਪਰਦਾ ਫਾਸ਼ ਕਰ ਦਿੱਤਾ। ਮੁੱਕੇ ਹਵਾ ਵਿਚ ਉਲਰੇ, ਹੱਥੋਪਾਈ ਹੋਈ, ਈਦੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ, ਕੋਈ ਮਦਦਗਾਰ ਨਾ ਬਹੁੜਿਆ। ਕਿਸੇ ਨੇ ਈਦੀ ਨੂੰ ਕਿਹਾ - ਮਾੜਾ ਹੋਇਆ, ਤੇਰੀ ਬੇਇਜ਼ਤੀ ਹੋਈ ਈਦੀ। ਈਦੀ ਨੇ ਕਿਹਾ - ਬਿਲਕੁਲ ਨਹੀਂ, ਮੇਰੀ ਬੇਇਜ਼ਤੀ ਕੋਈ ਕਰ ਈ ਨੀ ਸਕਦਾ। ਮੈਨੂੰ ਕੁਝ ਪਰੇਸ਼ਾਨ ਕੀਤਾ ਹੈ ਉਨ੍ਹਾਂ ਨੇ। ਬੇਇਜ਼ਤੀ ਤਾਂ ਉਨ੍ਹਾਂ ਦੀ ਹੋਈ ਜਿਹੜੇ ਚੋਰ ਨੇ, ਝੂਠੇ ਨੇ। ਪਿਤਾ ਨੇ ਸ਼ਾਬਾਸ਼ ਦਿੱਤੀ ਤੇ ਕਿਹਾ - ਤੂੰ ਸਖ਼ਤ ਮਿਹਨਤ ਅਤੇ ਈਮਾਨਦਾਰੀ ਨਾਲ ਉਨ੍ਹਾਂ ਨੂੰ ਪਛਾੜੇਂਗਾ। ਨਜ਼ਰਅੰਦਾਜ਼ ਕਰੀ ਚੱਲ, ਆਪਣਾ ਰਸਤਾ ਨਾ ਛੱਡੀਂ।

1951 ਵਿਚ ਅਪਣੀ ਬੱਚਤ ਕੀਤੀ ਰਕਮ 2300 ਰੁਪਏ ਵਿੱਚੋਂ ਉਸਨੇ ਮੀਠਾਦਾਰ ਵਿਚ ਡਿਸਪੈਂਸਰੀ ਖੋਲ੍ਹੀ। ਸਿੱਧੀਆਂ ਕੰਪਨੀ ਤੋਂ, ਘੱਟ ਪੈਸੇ ਨਾਲ ਦਵਾਈਆਂ ਖ਼ਰੀਦਦਾ, ਇਕ ਡਾਕਟਰ ਰੱਖ ਲਿਆ ਨੌਕਰੀ 'ਤੇ। ਖ਼ੁਦ ਫ਼ਾਰਮੇਸੀ ਅਤੇ ਵਹੀਖ਼ਾਤੇ ਦੀ ਸਿਖਲਾਈ ਲੈਂਦਾ ਰਹਿੰਦਾ, ਰਾਤ ਨੂੰ ਦੁਕਾਨ ਅੱਗੇ ਪੱਥਰ ਦੇ ਬੈਂਚ ਉਪਰ ਸੌਂ ਜਾਂਦਾ, ਰਾਤ ਨੂੰ ਮਰੀਜ਼ ਆਉਂਦਾ ਤਾਂ ਫ਼ਸਟ-ਏਡ ਦੇ ਦਿੰਦਾ। ਬੇਸ਼ਕ ਇਲਾਜ ਦੀ ਫ਼ੀਸ ਬਹੁਤ ਥੋੜ੍ਹੀ ਸੀ ਪਰ ਬੱਚਤ ਹੋਣ ਲੱਗੀ। ਇਸ ਬੱਚਤ ਸਦਕਾ ਉਸਨੇ ਦੁਨੀਆਂ ਦੇਖਣੀ ਚਾਹੀ। ਬੱਸ ਰਾਹੀਂ 1956 ਵਿਚ ਈਰਾਨ, ਤੁਰਕੀ, ਯੂਨਾਨ, ਬਲਗਾਰੀਆ ਵਿੱਚੋਂ ਲੰਘਦਾ ਹੋਇਆ ਯੋਗੋਸਲਾਵੀਆ ਤੱਕ ਅੱਪੜਿਆ, ਫ਼ਰਾਂਸ ਅਤੇ ਤੁਰਕੀ ਦੇਖੇ। ਇਮੀਗਰੇਸ਼ਨ ਵਾਲੇ ਸਰਹੱਦ 'ਤੇ ਰੋਕ ਕੇ ਤਲਾਸ਼ੀ ਲੈਂਦੇ, ਸਿਵਾਇ ਦੋ ਜੋੜੇ ਕੱਪੜਿਆਂ ਦੇ ਤੇ ਕੁਝ ਖਾਣ ਦੇ ਸਾਮਾਨ ਦੇ, ਕੱਪੜੇ ਦੇ ਝੋਲੇ ਵਿਚ ਕੁਝ ਨਾ ਹੁੰਦਾ ਤਾਂ ਗ਼ਰੀਬ ਯਾਤਰੀ ਸਮਝ ਕੇ ਦਾਨੀ ਅਫ਼ਸਰ ਪੈਸੇ ਦੇ ਦਿੰਦੇ। ਦੁਆਵਾਂ ਦਿੰਦਾ ਲੰਘ ਜਾਂਦਾ।

ਦੇਖਦਾ, ਪੱਛਮੀ ਦੇਸ਼ਾਂ ਦੇ ਲੋਕ ਕਿੰਨੀ ਤੇਜ਼ ਚਾਲ ਚੱਲਦੇ ਹਨ। ਕਿੰਨੀ ਸਖ਼ਤ

ਮਿਹਨਤ ਕਰਦੇ ਹਨ। ਪਾਕਿਸਤਾਨ ? ਪਾਕਿਸਤਾਨ ਇਨ੍ਹਾਂ ਨਾਲ ਕਿਵੇਂ ਰਲੇਗਾ। ਜਿਨਾਹ ਨੇ ਪਹਿਲੇ ਦੌਰ ਵਿਚ ਜਿਹੜੀ ਬਾਜ਼ੀ ਜਿੱਤੀ, ਦੂਜੇ ਦੌਰ ਵਿਚ ਹਾਰੀ ਜਾ ਰਹੀ ਦਿਸਦੀ ਸੀ। ਸੋਚਦਾ, ਦੇਸ਼ ਆਪੇ ਈ ਆਪਣੇ ਖ਼ਿਲਾਫ਼ ਹੋਈ ਜਾ ਰਿਹਾ ਹੈ।

ਲੋਕ ਉਸ ਨੂੰ ਖਾਣ ਲਈ ਕੁਝ ਦੇ ਦਿੰਦੇ, ਖਾ ਲੈਂਦਾ। ਰੇਲਵੇ ਸਟੇਸ਼ਨ 'ਤੇ ਸੌਂ ਗਿਆ। ਸਵੇਰੇ ਦੇਖਿਆ, ਬੈਂਚ ਹੇਠੋਂ ਜੁੱਤੀ ਗ਼ਾਇਬ। ਕੋਈ ਗੱਲ ਨਹੀਂ। ਨੰਗੇ ਪੈਰੀਂ ਕਿਹੜਾ ਤੁਰਿਆ ਨਹੀਂ ਜਾਂਦਾ। ਇਕ ਔਰਤ ਨੇ ਪੁਰਾਣੇ ਬੂਟਾਂ ਦਾ ਜੋੜਾ ਦੇ ਦਿੱਤਾ, ਵੱਡਾ ਸਾਈਜ਼ ਸੀ, ਉਸੇ ਨਾਲ ਯਾਤਰਾ ਜਾਰੀ ਰਹੀ। ਇੰਗਲੈਂਡ ਜਾ ਕੇ ਆਪਣੇ ਪੁਰਾਣੇ ਗੁਜਰਾਤੀ ਮਿੱਤਰ ਸਿਦਕ ਈਦੀ ਦਾ ਘਰ ਲੱਭ ਲਿਆ। ਉਹ ਚੰਗੀ ਨੌਕਰੀ 'ਤੇ ਸੀ। ਈਦੀ ਨੂੰ ਕਿਹਾ - ਤੈਨੂੰ ਵੀ ਚੰਗੀ ਕਮਾਈ ਵਾਲੀ ਨੌਕਰੀ ਮਿਲ ਸਕਦੀ ਹੈ ਇਥੇ, ਜਿੰਨੀ ਮਿਹਨਤ ਕਰੋ, ਉਨੀ ਕਮਾਈ। ਈਦੀ ਨੇ ਕਿਹਾ - ਮੇਰੇ ਬਿਨਾਂ ਪਾਕਿਸਤਾਨ ਕਿਵੇਂ ਚਲੇਗਾ ? ਜਿਹੋ ਜਿਹਾ ਇੰਗਲੈਂਡ ਹੈ, ਮੈਂ ਪਾਕਿਸਤਾਨ ਉਸ ਤਰ੍ਹਾਂ ਦਾ ਬਣਾਉਣਾ ਹੈ।

ਗ਼ੈਰ-ਹਾਜ਼ਰੀ ਵਿਚ ਈਦੀ ਵਿਰੁੱਧ ਅਫ਼ਵਾਹਾਂ ਉਡਾਈਆਂ ਗਈਆਂ ਕਿ ਉਹ ਦਾਨ ਦੇ ਪੈਸੇ ਲੈ ਕੇ ਵਿਦੇਸ਼ ਭੱਜ ਗਿਆ ਹੈ। ਡਿਸਪੈਂਸਰੀ ਵਾਲਿਆਂ ਪ੍ਰਚਾਰ ਕੀਤਾ - ਤਾਂ ਹੀ ਤਾਂ ਅਸੀਂ ਉਸ ਚੋਰ ਨੂੰ ਕੱਢਿਆ ਸੀ।

ਵਾਪਸ ਆ ਕੇ ਦੁਕਾਨ ਦੇ ਉਪਰਲਾ ਕਮਰਾ ਕਿਰਾਏ 'ਤੇ ਲੈ ਕੇ ਜੱਚਾ-ਬੱਚਾ ਸਿਖਲਾਈ ਕੇਂਦਰ ਖੋਲ੍ਹਣ ਦਾ ਐਲਾਨ ਕਰ ਦਿੱਤਾ। ਕੋਰਸ ਸਿੱਖਣ ਲਈ ਅਰਜ਼ੀਆਂ ਦਾ ਹੜ੍ਹ ਆ ਗਿਆ। ਆਲੋਚਕਾਂ ਨੇ ਪ੍ਰਚਾਰ ਕੀਤਾ - ਇਹ ਦੁਰਾਚਾਰੀ ਹੈ, ਮਾੜੇ ਕੰਮਾਂ ਲਈ ਨਵੀਂ ਦੁਕਾਨ ਖੋਲ੍ਹੀ ਹੈ, ਇਹ ਮੁਸਲਮਾਨ ਨਹੀਂ। ਵਗ਼ੈਰਾ ਵਗ਼ੈਰਾ। ਜਿਹੜੀਆਂ ਕੁੜੀਆਂ ਪਹਿਲੇ ਬੈਚ ਵਿਚ ਡਰਦੀਆਂ ਦਾਖ਼ਲ ਨਾ ਹੋਈਆਂ, ਉਹ ਅਗਲੇ ਬੈਚ ਵਿਚ ਆ ਗਈਆਂ। ਦਾਨ-ਡੱਬੇ ਵਿਚ ਦਾਨੀ ਲੋਕ ਵਧੀਕ ਪੈਸੇ ਪਾਉਣ ਲੱਗੇ। ਕਿਉਂਕਿ ਮਾਲਕੀ ਇਕੱਲੇ ਦੀ ਸੀ, ਸੁਸਤ, ਕਮਜ਼ੋਰ ਮੁਲਾਜ਼ਮਾਂ ਨੂੰ ਹਟਾ ਕੇ ਹਿੰਮਤੀ ਬੰਦੇ ਰੱਖ ਲੈਂਦਾ।

1951 ਵਿਚ ਹਾਂਗਕਾਂਗ ਫਲੂ ਨਾਮ ਦੀ ਬਿਮਾਰੀ ਉੱਠੀ, ਵੱਡੀ ਗਿਣਤੀ ਵਿਚ ਮੌਤਾਂ ਹੋਣ ਲੱਗੀਆਂ। ਸਲਾਹਕਾਰਾਂ ਦੀ ਸਲਾਹ ਦੇ ਉਲਟ, ਈਦੀ ਨੇ ਸੇਵਾ ਕਰਨ ਦਾ ਫ਼ੈਸਲਾ ਲਿਆ। ਸ਼ਹਿਰ ਦੇ ਚਾਰੇ ਪਾਸੇ ਤੇਰ੍ਹਾਂ ਟੈਂਟ ਬਾਹਰਵਾਰ ਲਾ ਕੇ ਐਲਾਨ ਕਰ ਦਿੱਤਾ ਕਿ ਮਰੀਜ਼ ਆਉਣ। ਦਵਾਈਆਂ ਦਾ ਬੰਦੋਬਸਤ ਜੋ ਹੋ ਸਕਦਾ ਸੀ, ਕੀਤਾ। ਦਾਨ-ਬਕਸੇ ਰੱਖ ਕੇ ਉਪਰ ਲਿਖਿਆ - ਦੇਣ ਲਈ ਕੁਝ ਹੈ ਦਿਉ, ਨਹੀਂ ਤਾਂ ਨਾ ਸਹੀ। ਈਦੀ ਦਾ ਸਭ ਕੁਝ ਤੁਹਾਡਾ ਹੈ। ਤੁਹਾਡਾ - ਈਦੀ।

ਇਕ ਮੈਮਨ ਵਪਾਰੀ ਕਈ ਦਿਨ ਈਦੀ ਦਾ ਕੰਮ ਢੰਗ ਬਰੀਕੀ ਨਾਲ ਦੇਖਦਾ ਰਿਹਾ। ਉਸਨੇ ਇੱਕੋ ਵਾਰ ਵੀਹ ਹਜ਼ਾਰ ਦਾਨ ਦੇ ਦਿੱਤਾ। ਉਸੇ ਸ਼ਾਮ ਪੁਰਾਣੀ ਵੈਗਨ ਸੱਤ ਹਜ਼ਾਰ ਰੁਪਏ ਦੀ ਲੈ ਕੇ ਪੇਂਟ ਕਰਵਾਇਆ, ਉਪਰ ਲਿਖ ਦਿੱਤਾ - ਗ਼ਰੀਬ ਦੀ ਮੋਟਰ। ਇਸ ਪਿੱਛੋਂ ਕਦੀ ਧਨ ਦੀ ਕਮੀ ਨਾ ਆਈ। ਸਾਰੇ ਸਿੰਧ ਵਿਚ ਪੰਜ ਐਂਬੂਲੈਂਸ ਗੱਡੀਆਂ ਸਨ ਜੋ ਲੋੜ ਪੈਣ 'ਤੇ ਨਾ ਮਿਲਦੀਆਂ। ਈਦੀ ਹਾਜ਼ਰ ਹੁੰਦਾ, ਇਥੋਂ ਤੱਕ ਕਿ ਪੁਲਿਸ ਮਹਿਕਮੇ ਨੂੰ ਵੀ ਜਵਾਬ ਨਾ ਦਿੰਦਾ। ਕਿਸੇ ਨੂੰ ਇਨਕਾਰ ਨਹੀਂ। ਹੁਣ ਤਕ ਦਾਨ ਕੇਵਲ ਗ਼ਰੀਬਾਂ ਨੇ ਦਿੱਤਾ ਸੀ, ਪਹਿਲੀ ਵਾਰ ਅਮੀਰ ਆਦਮੀ ਵਲੋਂ ਦਾਨ ਮਿਲਿਆ। ਇਸ ਪਿੱਛੋਂ ਤਿੰਨ ਲੱਖ ਰੁਪਏ ਇਕ ਸੇਠ ਨੇ ਦਿੱਤੇ ਜਿਸ ਨਾਲ ਪੁਰਾਣੀ ਐਕਸਰੇ ਦੀ ਮਸ਼ੀਨ ਖ਼ਰੀਦੀ, ਪਲਾਟ ਖ਼ਰੀਦਿਆ, ਦੋ ਡਾਕਟਰ ਹੋਰ ਰੱਖ ਲਏ, ਦੋ ਹਾਲ, ਤਿੰਨ ਵਰਾਂਡੇ ਚਾਰ ਕਮਰੇ ਮੈਟਰਨਿਟੀ ਯੂਨਿਟ ਦੇ ਪਿੱਛੇ ਕਿਰਾਏ 'ਤੇ ਲੈ ਲਏ।

ਉਸਨੇ ਫੁੱਟਪਾਥਾਂ 'ਤੇ ਪਏ, ਸੀਵਰ ਪਾਈਪਾਂ ਵਿਚ ਪਏ ਗ਼ਰੀਬ ਲੋਕਾਂ ਨੂੰ ਛੱਤ ਹੇਠ ਲਿਆਂਦਾ। ਅਮੀਰ ਚੀਕਦੇ - ਦੇਖੋ, ਉਹ ਬਿਮਾਰਾਂ ਨੂੰ ਕਿੰਨੀ ਘਟੀਆ ਖ਼ੁਰਾਕ ਦਿੰਦੈ। ਈਦੀ ਆਖਦਾ - ਤੁਸੀਂ ਇਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲੈ ਜਾਓ, ਸੇਵਾ ਕਰੋ, ਅੱਲਾਹ ਖ਼ੁਸ਼ ਹੋਵੇਗਾ। ਮਦਦ ਨਹੀਂ ਕਰਨੀ ਨਾ ਸਹੀ, ਮੈਨੂੰ ਰੋਕੋ ਤਾਂ ਨਾ।

ਉਸਨੇ ਦੇਖਿਆ - ਝੁੱਗੀਆਂ ਝੌਂਪੜੀਆਂ ਵਿੱਚੋਂ ਆਉਂਦੇ ਬੰਦਿਆਂ ਵਿੱਚੋਂ ਬਦਬੂ ਆਉਂਦੀ। ਵਾਲੰਟੀਅਰ ਮਰੀਜ਼ ਨੂੰ ਨੁਹਾ ਦਿੰਦੇ ਤਾਂ ਫਟਾ ਫਟ ਆਪ ਸਾਬਣ ਨਾਲ ਰਗੜ ਰਗੜ ਪਿੰਡਾ ਮਲ ਕੇ ਨਹਾਉਂਦੇ। ਕੱਪੜੇ ਧੋ ਕੇ ਕੀਟਨਾਸ਼ਕ ਘੋਲ ਵਿਚ ਪਾ ਦਿੰਦੇ, ਕਈ ਤਾਂ ਫੇਰ ਵੀ ਸੁੱਕੇ ਕੱਪੜੇ ਦਾਨ ਕਰ ਦਿੰਦੇ। ਈਦੀ ਨੇ ਇਸ ਐਲਰਜੀ ਤੋਂ ਛੁਟਕਾਰਾ ਪਾਉਣ ਲਈ ਲਾਵਾਰਸ ਲਾਸ਼ਾਂ ਦਾ ਸਸਕਾਰ ਕਰਨ ਦਾ ਕੰਮ ਆਰੰਭਿਆ। ਖੂਹਾਂ ਵਿਚ ਬਦਬੂ ਮਾਰਦੀਆਂ ਲਾਸ਼ਾਂ, ਸਮੁੰਦਰ ਵਿਚ ਤੈਰਦੀਆਂ ਕਾਲੀਆਂ ਲਾਸ਼ਾਂ, ਹੱਥ ਲਾਉਣ 'ਤੇ ਹੀ ਮਾਸ ਖੁਰ ਜਾਂਦਾ। ਟੈਲੀਫ਼ੋਨ ਲੱਗ ਗਿਆ ਤਾਂ ਕੰਮ ਕਈ ਗੁਣਾ ਵਧ ਗਿਆ, ਦਿਨ ਰਾਤ ਚੱਲ ਸੋ ਚੱਲ। ਉਹ ਜ਼ਖ਼ਮੀਆਂ ਨੂੰ ਪਹਿਲਾਂ ਚੁੱਕਦਾ, ਲਾਸ਼ਾਂ ਬਾਦ ਵਿਚ।

ਸੇਠਾਂ ਨੇ ਪੈਸੇ ਦੀ ਦੁਰਵਰਤੋਂ ਦੇ ਫਿਰ ਸ਼ੋਸ਼ੇ ਛੱਡੇ, ਈਦੀ ਨੇ ਬਿਆਨ ਛਪਵਾਇਆ - ਜਿਹੜਾ ਮੈਨੂੰ ਪੈਸੇ ਦਿੰਦਾ ਹੈ, ਉਹ ਮੈਥੋਂ ਹਿਸਾਬ ਮੰਗਣ ਦਾ ਹੱਕਦਾਰ ਹੈ। ਜਿਸ ਨੂੰ ਦਾਨ ਦੇਣ ਪਿੱਛੋਂ ਪਛਤਾਵਾ ਹੋਇਆ, ਉਹ ਆਏ ਤੇ ਪੈਸੇ ਵਾਪਸ ਲੈ ਜਾਵੇ। ਹਰੇਕ ਦਾਨੀ ਨੂੰ ਰਸੀਦ ਦਿਆ ਕਰਾਂਗਾ, ਰਸੀਦ ਦਿਖਾਏ ਤੇ ਪੈਸੇ ਲੈ ਜਾਵੇ। ਜਿਸ ਨੇ ਕੋਈ ਦਾਨ ਨਹੀਂ ਦਿੱਤਾ, ਉਸ ਨੂੰ ਨਾ ਹਿਸਾਬ ਦਿਆਂਗਾ, ਨਾ ਪ੍ਰਵਾਹ ਕਰਾਂਗਾ।

1958 ਵਿਚ ਪਿਤਾ ਨੇ ਦੋਵਾਂ ਭਰਾਵਾਂ ਵਿਚ ਜਾਇਦਾਦ ਵੰਡੀ ਤਾਂ ਈਦੀ ਲੱਖਪਤੀ ਬਣ ਗਿਆ। ਬੈਂਕ ਵਿਚ ਜਮ੍ਹਾਂ ਕਰਵਾ ਕੇ ਆਪਣਾ ਨਿੱਜੀ ਖ਼ਰਚਾ ਇਸ ਦੇ ਵਿਆਜ ਵਿੱਚੋਂ ਕਰਨ ਲੱਗਾ, ਜੋ ਬਚ ਜਾਂਦਾ, ਸ਼ੇਅਰ ਖ਼ਰੀਦ ਲੈਂਦਾ। ਈਦੀ ਵਿਰੁੱਧ ਸਭ ਤੋਂ ਵਧੀਕ ਮੰਦਾ ਬੋਲਣ ਵਾਲੇ ਸੇਠ ਦਾ ਬੱਚਾ ਛੱਤ ਤੋਂ ਡਿੱਗ ਪਿਆ। ਐਂਬੂਲੈਂਸ ਨਾ ਮਿਲੀ। ਈਦੀ ਨੂੰ ਪਤਾ ਲੱਗਾ, ਗੱਡੀ ਦੌੜਾਈ, ਮੌਕੇ 'ਤੇ ਪੁੱਜਾ। ਜ਼ਮੀਨ 'ਤੇ ਪਿਆ ਬੱਚਾ ਛਾਤੀ ਨਾਲ ਲਾਇਆ, ਦੁਸ਼ਮਣਾਂ ਨੂੰ ਗੱਡੀ ਵਿਚ ਬਿਠਾ ਕੇ ਹਸਪਤਾਲ ਵੱਲ ਦੌੜਿਆ, ਹਸਪਤਾਲ ਦਾਖ਼ਲ ਕਰਵਾ ਕੇ ਪਰਤਦਿਆਂ ਮਾਂ ਦੇ ਬੋਲ ਯਾਦ ਆਏ - ਜਿੰਨਾ ਪਿਆਰ ਤੁਹਾਨੂੰ ਮੈਂ ਕੀਤਾ, ਉੱਨਾ ਪਿਆਰ ਕਰੀਂ ਮਨੁੱਖਾਂ ਨੂੰ। ਅੱਲਾਹ ਨੇ ਆਪਣੇ ਆਪ ਨੂੰ ਐਵੇਂ ਤਾਂ ਨਹੀਂ 'ਰੱਬ-ਉੱਲ-ਆਲਮੀਨ' (ਸਾਰੇ ਸੰਸਾਰਾਂ ਦਾ ਸਾਂਝਾ ਰੱਬ) ਕਿਹਾ। ਬੱਚਾ ਬਚ ਨਾ ਸਕਿਆ। ਸੇਠ ਦੀ ਔਰਤ ਹਰ ਮਹੀਨੇ ਜ਼ਕਾਤ ਦੇ ਪੈਸੇ ਈਦੀ ਕੋਲ ਭੇਜਦੀ।

ਇਕ ਦਿਨ ਈਦੀ ਬੱਸ ਵਿਚ ਸਫ਼ਰ ਕਰ ਰਿਹਾ ਸੀ। ਉਸ ਦਾ ਗੋਡਾ ਇਕ ਸੂਟਡ ਬੂਟਡ ਬਾਬੂ ਦੇ ਗੋਡੇ ਨੂੰ ਛੁਹ ਗਿਆ। ਬਾਬੂ ਚਿੱਲਾਇਆ - ਮੁਝੇ ਮਤ ਛੂ। ਤੂ ਗੰਦਾ ਆਦਮੀ ਹੈ। ਪੰਜ ਸਤ ਜੁਆਨ ਉਠੇ, ਬਾਬੂ ਨੂੰ ਕਿਹਾ - ਦੁਰਭਾਗਵਸ ਜੇ ਤੂੰ ਲਾਵਾਰਿਸ ਮਰ ਗਿਆ, ਇਸ ਤੋਂ ਬਿਨਾਂ ਤੈਨੂੰ ਕੌਣ ਦਫ਼ਨ ਕਰੇਗਾ ? ਈਦੀ ਨੇ ਸਭ ਨੂੰ ਸ਼ਾਂਤ ਕੀਤਾ।

ਈਦੀ ਦੇਖ ਰਿਹਾ ਸੀ, ਜਿਨ੍ਹਾਂ ਮੈਮਨਾਂ ਨੂੰ ਜਿਨਾਹ ਨੇ ਪਾਕਿਸਤਾਨ ਜਾਣ ਲਈ ਮਨਾਇਆ ਸੀ, ਨਹੀਂ ਤਾਂ ਵਪਾਰ ਡੁੱਬ ਜਾਵੇਗਾ, ਉਹ ਭਰਿਸ਼ਟ ਹੋ ਗਏ ਸਨ। ਧਨ ਅਤੇ ਚਾਪਲੂਸੀ ਨਾਲ ਚੋਣ ਲੜਨ ਵਾਲੇ ਲੋਕਾਂ ਦੀ ਮਦਦ ਕਰਦੇ ਤੇ ਫਿਰ ਵਪਾਰ ਵਿਚ ਹੱਥ ਰੰਗਦੇ। ਪੈਸੇ ਦੇ ਜ਼ੋਰ ਮੁਜਰਿਮ ਬਰੀ ਹੋ ਜਾਂਦੇ। ਇਸ ਹਨੇਰ ਨਗਰੀ ਖ਼ਿਲਾਫ਼ ਲੜਨ ਲਈ 1962 ਦੇ ਸਾਲ ਪਾਰਲੀਮੈਂਟ ਚੋਣ ਲਈ ਕਾਗਜ਼ ਭਰ ਦਿੱਤੇ।

ਪਹਿਲੋਂ ਮਨਾਉਣ ਦੇ ਯਤਨ ਹੋਏ, ਫਿਰ ਧਮਕੀਆਂ ਮਿਲੀਆਂ, ਕਾਗ਼ਜ਼ ਵਾਪਸ ਨਾ ਲਏ ਤਾਂ ਫਿਰ ਕੂੜ ਪ੍ਰਚਾਰ ਦਾ ਦੌਰ ਚੱਲਿਆ। ਖ਼ਬਰਾਂ ਛਪਣੀਆਂ ਸ਼ੁਰੂ - ਈਦੀ ਦੇ ਹਸਪਤਾਲ ਵਿੱਚੋਂ ਜਿਹੜੀਆਂ ਚਾਰ ਕੁੜੀਆਂ ਗ਼ਾਇਬ ਹੋਈਆਂ ਸਨ, ਪਤੈ ਉਹ ਕਿਸ ਕਿਸ ਨੂੰ ਕਿੰਨੇ ਕਿੰਨੇ ਦੀਆਂ ਵੇਚੀਆਂ ? ਪਤੈ ਈਦੀ ਨੇ ਕਿੰਨੇ ਲੱਖ ਦਾ ਗਬਨ ਕੀਤਾ ?

ਈਦੀ ਸੁੰਨ ਹੋ ਗਿਆ। ਇਹ ਕੀ ਹੋਇਆ ? ਜਾਣਨ ਲਈ ਕਿ ਕੋਈ ਮੈਨੂੰ ਪਸੰਦ ਕਰਦਾ ਹੈ ਕਿ ਨਾ, ਕਾਗ਼ਜ਼ ਭਰੇ। ਇਹ ਤਾਂ ਨੇਕੀ ਵਾਲਾ ਕਾਰੋਬਾਰ ਹੀ ਬੰਦ ਕਰਵਾ ਦੇਣਗੇ। ਉਸਨੂੰ ਨਾਸਤਕ, ਚੋਰ, ਵਿਭਚਾਰੀ ਅਤੇ ਅਨਪੜ੍ਹ, ਮੂਰਖ ਦੇ ਖ਼ਿਤਾਬ ਮਿਲੇ। ਨਾ ਉਸਦੀ ਕੋਈ ਪਾਰਟੀ, ਨਾ ਉਸਨੇ ਪਰਚਾਰ ਕੀਤਾ, ਕਿਉਂ ਖ਼ਾਹਮਖ਼ਾਹ ਪੈਸਾ ਰੋਹੜੇ ? ਵੋਟਾਂ ਪਈਆਂ, ਨਤੀਜਾ ਆਇਆ, 29 ਸਾਲ ਦਾ ਜੁਆਨ ਰਿਕਾਰਡ ਤੋੜ ਵੋਟ ਲੈ ਕੇ ਜਿੱਤਿਆ।

1965 ਦੀ ਭਾਰਤ-ਪਾਕਿ ਜੰਗ ਲੱਗੀ। ਬੰਬਾਰੀ ਹੁੰਦੀ, ਚੀਖਾਂ ਚਿੱਲਾਹਟਾਂ। ਈਦੀ ਕੋਲ ਸੈਂਕੜਿਆਂ ਦੀ ਗਿਣਤੀ ਵਿਚ ਜੁਆਨ, ਵਾਲੰਟੀਅਰ ਭਰਤੀ ਹੋਣ ਲੱਗੇ। ਈਦੀ ਨੇ ਪਹਿਲੇ ਦਿਨ ਸਮਝਾ ਦਿੱਤੇ - ਲੀਡਰਾਂ ਦੀ ਰੀਸ ਨਹੀਂ ਕਰਨੀ, ਮੁਕਾਬਲਾ ਨਹੀਂ ਕਰਨਾ, ਇਨ੍ਹਾਂ ਵਰਗੀ ਸਿਆਸਤ ਨਹੀਂ ਕਰਨੀ। ਉੱਚਾ ਉੱਠਣਾ ਹੈ ਤਾਂ ਮੇਰੀ ਸਿਆਸਤ ਕਰੋ, ਧਰਮ ਦੀ, ਹਮਦਰਦੀ ਦੀ ਸਿਆਸਤ। ਸ਼ੱਕ ਹੈ ਤਾਂ ਪਹਿਲਾਂ ਇਨ੍ਹਾਂ ਨਾਲ ਤੁਰ ਪਵੋ। ਇਕ ਦਿਨ ਆਵੇਗਾ, ਇਨ੍ਹਾਂ ਨੂੰ ਛੱਡ ਕੇ ਫੇਰ ਤੁਸੀਂ ਮੇਰੇ ਕੋਲ ਆ ਜਾਓਗੇ। ਮੇਰੀ ਸਿਆਸਤ ਥਿਰ ਹੈ, ਜਿਥੇ ਹੈ, ਉਥੋਂ ਕੋਈ ਨਹੀਂ ਹਿਲਾ ਸਕਦਾ। ਸੇਵਾ ਦੀ ਸਿਆਸਤ ਕਰੋ।

ਵੱਖ ਵੱਖ ਮੌਕਿਆਂ 'ਤੇ ਛੇ ਵਿਧਵਾਵਾਂ, ਤਲਾਕ-ਸ਼ੁਦਾ ਔਰਤਾਂ ਕੋਲ ਈਦੀ ਨੇ ਵਿਆਹ ਦੀ ਪੇਸ਼ਕਸ਼ ਭੇਜੀ, ਕਿਸੇ ਨੇ ਪ੍ਰਵਾਨ ਨਾ ਕੀਤੀ - ਸੀਮਿੰਟ ਦਾ ਬੈਂਚ ਇਸ ਦਾ ਹਨੀਮੂਨ ਬੈੱਡ ਹੋਏਗਾ। ਮੁਰਦੇ ਇਸਦੀ ਜੰਞ ਚੜ੍ਹਨਗੇ, ਵਰਗੀਆਂ ਟਿੱਪਣੀਆਂ ਕਰ ਕੇ ਕੁੜੀਆਂ ਬੁੜ੍ਹੀਆਂ ਹੱਸਦੀਆਂ। ਪੰਦਰਾਂ ਸਾਲ ਦੀ ਬਿਲਕੀਸ ਦਾ ਵਿਆਹ ਹੋਇਆ ਸੀ ਤਾਂ ਦੇਸ਼ ਵੰਡ ਵਕਤ ਉਹ ਵਿਧਵਾ ਹੋ ਗਈ, ਉੱਨੀ ਸਾਲ ਦੀ ਨੂੰ ਉਸਦੀ ਮਾਸੀ ਈਦੀ ਦੇ ਨਰਸਿੰਗ ਹੋਮ ਵਿਚ ਕੰਮ ਦਿਵਾਣ ਆਈ। ਕੁੜੀ ਖ਼ੁਸ਼ ਮਿਜਾਜ਼ ਸੀ, ਕੰਮ ਕਰਨ ਵਿਚ ਫੁਰਤੀ ਤੇ ਨਿਮਰਤਾ ਦੋਵੇਂ। ਉਸ ਨੂੰ ਦੇਖ ਕੇ ਈਦੀ ਦਾ ਕੁਰੱਖਤ ਸੁਭਾ ਮਿੱਠਾ ਹੋ ਜਾਂਦਾ, ਉਹ ਧੀਮਾ ਹੋਣ ਦਾ ਯਤਨ ਕਰਦਾ, ਕਦੀ ਹੋਠਾਂ 'ਤੇ ਮੁਸਕਾਨ ਆ ਜਾਂਦੀ। ਇਕ ਕੁੜੀ ਨੇ ਈਦੀ ਵੱਲ ਇਸ਼ਾਰਾ ਕਰ ਕੇ ਕਿਹਾ - ਦੇਖੋ ਈਦੀ ਹੱਸ ਰਿਹਾ ਹੈ ਤੇ ਚੀਕਣ ਦੀ ਥਾਂ ਗੱਲਾਂ ਕਰ ਰਿਹਾ ਹੈ। ਬਿਲਕੀਸ ਬੋਲੀ - ਅਜੇ ਜਿਊਂਦਾ ਹੈ। ਈਦੀ ਨੇ ਇਹ ਕੁਮੈਂਟ ਸੁਣ ਕੇ ਕਿਹਾ - ਮੈਂ ਇਮਾਰਤ ਉੱਚੀ ਉਸਾਰਨੀ ਚਾਹੁੰਦਾ ਸਾਂ। ਨੀਹਾਂ ਡੂੰਘੀਆਂ, ਹੋਰ ਡੂੰਘੀਆਂ ਪੁੱਟੀ ਜਾ ਰਿਹਾ ਹਾਂ, ਚੌਦਾਂ ਸਾਲ ਤੋਂ ਮੌਤਾਂ ਵਿਚਕਾਰ ਘਿਰਿਆ ਬੰਦਾ ਜਿਊਂਦਾ ਹੋਣ ਦਾ ਦਾਅਵਾ ਕਿਵੇਂ ਕਰੇ ? ਸ਼ੁਕਰ ਹੈ ਕਿਸੇ ਨੂੰ ਲੱਗਿਆ ਕਿ ਮੈਂ ਜਿਊਂਦਾ ਹਾਂ।"

ਉਸ ਦੀ ਸ਼ੁਹਰਤ ਵਧਣ ਲੱਗੀ। ਚੁਰਸਤੇ ਵਿਚ ਠੂਠਾ ਰੱਖ ਕੇ ਬੈਠ ਜਾਂਦਾ। ਦਾਨੀਆਂ ਦੀ ਭੀੜ ਲੱਗ ਜਾਂਦੀ, ਟਰੈਫ਼ਿਕ ਜਾਮ ਹੋ ਜਾਂਦਾ। ਅਖ਼ਬਾਰ ਵਾਲੇ ਪੁੱਛਦੇ - ਈਦੀ ਤੇਰੇ ਕੋਲ ਪੈਸੇ ਘੱਟ ਹਨ ਜੋ ਚੁਰਸਤੇ ਵਿਚ ਬੈਠ ਜਾਨੈ ? ਆਖਦਾ - ਨਹੀਂ, ਲੋੜ ਜੋਗੇ ਹਨ। ਕੁਝ ਬੰਦੇ ਹਨ, ਜੋ ਸੋਚਦੇ ਹਨ ਕਿ ਮੇਰੇ ਮੁਲਾਜ਼ਮਾਂ ਦੀ ਥਾਂ ਮੈਨੂੰ ਦਾਨ ਦੇਣਗੇ, ਇਸ ਦਾ ਵਧੀਕ ਪੁੰਨ ਲੱਗੇਗਾ। ਮੇਰੇ ਕੋਲ ਹੁਣ ਪੰਜ ਐਂਬੂਲੈਂਸਾਂ, ਵੱਡਾ ਨਰਸਿੰਗ ਹੋਮ, ਵੱਡਾ ਯਤੀਮਖ਼ਾਨਾ ਤੇ ਲੋੜ ਜੋਗੇ ਪੈਸੇ ਹਨ। ਤਾਂ ਵੀ ਮੈਨੂੰ ਠੂਠਾ ਇਹ ਯਾਦ ਕਰਵਾਉਂਦਾ ਰਹਿੰਦਾ ਹੈ ਕਿ ਈਦੀ, ਅਸਲ ਵਿਚ ਤੂੰ ਮੰਗਤਾ ਹੈਂ। ਇਹ ਹੈ ਤੇਰੀ ਸਹੀ ਔਕਾਤ। ਨਾ ਮੈਂ ਮੌਲਵੀ

ਹਾਂ, ਨਾ ਸੰਤ। ਮੇਰੀ ਹੈਸੀਅਤ, ਮੰਗਤੇ ਦੀ ਹੈਸੀਅਤ ਮੈਨੂੰ ਭੁੱਲਣੀ ਨਹੀਂ ਚਾਹੀਦੀ। ਹੁਣ ਤਾਂ ਲੋਕ ਬਿਨਾਂ ਰਸੀਦ ਮੰਗਣ ਦੇ ਧੜਾ ਧੜ ਪੈਸੇ ਸੁੱਟੀ ਜਾਂਦੇ ਨੇ। ਈਦੀ ਰੱਬ ਦਾ ਸ਼ੁਕਰਾਨਾ ਕਰਦਿਆਂ ਆਖਦਾ - ਇਹ ਹੈ ਖਰਾ ਇਸਲਾਮ। ਮਨੁੱਖ, ਮਨੁੱਖ ਦੀ ਬਾਂਹ ਫੜੇ, ਦੁਖੀ ਦੀ ਦਾਰੂ ਬਣੇ।

ਬਿਲਕੀਸ ਨਾਲ ਮੰਗਣਾ ਹੋਇਆ ਤਾਂ ਮੈਮਨਾਂ ਨੇ ਸੁਨੇਹਾ ਭੇਜਿਆ - ਜੇ ਤੂੰ ਬਿਆਨ ਦੇ ਦੇਵੇਂ ਕਿ ਤੈਨੂੰ ਈਦੀ ਨੇ ਛੇੜਿਆ ਹੈ, ਬਲੈਕਮੇਲ ਕੀਤਾ ਹੈ ਤਾਂ ਪੱਚੀ ਹਜ਼ਾਰ ਦੇ ਦਿਆਂਗੇ। ਬਿਲਕੀਸ ਨਾਲ ਉਸਦਾ ਨਿਕਾਹ ਹੋ ਗਿਆ। ਕੋਈ ਇਕੱਠ ਨਹੀਂ, ਦਿਖਾਵਾ ਨਹੀਂ, ਗੀਤਾਂ ਰਸਮਾਂ ਨਹੀਂ। ਈਦੀ ਹੱਸ ਕੇ ਕਿਹਾ ਕਰਦਾ ਸੀ - ਭਾਰਤੀ ਹੀਰੋਆਂ, ਦਲੀਪ ਕੁਮਾਰ ਜਾਂ ਰਾਜਕਪੂਰ ਵਰਗਾ ਨਹੀਂ ਮੈਂ, ਪਰ ਫ਼ਿਲਮਾਂ ਵਿਚ ਜਿਵੇਂ ਉਨ੍ਹਾਂ ਦਾ ਰੁਮਾਂਸ ਅਤੇ ਵਿਆਹ ਹੁੰਦਾ ਹੈ, ਮੇਰਾ ਉਸੇ ਤਰ੍ਹਾਂ ਹੋ ਗਿਆ। ਉਨ੍ਹਾਂ ਦਾ ਨਕਲੀ, ਮੇਰਾ ਅਸਲੀ। ਕੁੜੀਆਂ ਨੂੰ ਜਦੋਂ ਬਿਲਕੀਸ ਦੀ ਮੰਗਣੀ ਬਾਰੇ ਖ਼ਬਰ ਮਿਲੀ ਤਾਂ ਉਨਾਂ ਕਿਹਾ - ਬਿਲਕੀਸ ਕੀ ਕਰ ਰਹੀਂ ਹੈ ਤੂੰ ? ਸਾਡੇ ਖ਼ਾਵੰਦ ਸਾਨੂੰ ਜਦੋਂ ਪਹਾੜੀਆਂ 'ਤੇ ਘੁਮਾਉਣ ਫਿਰਾਉਣ ਲਿਜਾਇਆ ਕਰਨਗੇ, ਇਹ ਤੈਨੂੰ ਕਬਰਿਸਤਾਨ ਵਿਖਾਉਣ ਲੈ ਜਾਏਗਾ। ਬਿਲਕੀਸ ਵੀ ਖ਼ੂਬ ਹੱਸਦੀ। ਕੋਈ ਕੁੜੀ ਈਦੀ ਵਰਗੀ ਮੋਟੀ ਆਵਾਜ਼ ਕੱਢਦੀ - ਬਿਲਕੀਸ ਲਾਸ਼ਾਂ ਨੂੰ ਨੁਹਾ ਦਿੱਤਾ ? ਬਿਲਕੀਸ ਪਾਗਲਾਂ ਦੇ ਵਾਲਾਂ ਵਿੱਚੋਂ ਜੂਆਂ ਕੱਢ ਦਿੱਤੀਆਂ ? ਜਦੋਂ ਅਸੀਂ ਮੇਕਅੱਪ ਕਰਿਆ ਕਰਾਂਗੀਆਂ, ਤੂੰ ਜ਼ਖ਼ਮੀਆਂ ਦੇ ਮੱਲ੍ਹਮ ਤੇ ਮੁਰਦਿਆਂ ਤੇ ਸੈਂਟ ਲਾਇਆ ਕਰੇਂਗੀ।

ਸੜਕ ਕਿਨਾਰੇ ਕੋਈ ਨਵਜਾਤ ਬੱਚਾ ਸੁੱਟ ਗਿਆ। ਈਦੀ ਨੇ ਬਿਲਕੀਸ ਨੂੰ ਫੜਾ ਕੇ ਕਿਹਾ - ਇਹ ਆਪਣਾ ਹੈ। ਖ਼ਬਰਾਂ ਉੱਡੀਆਂ - ਇਹ ਈਦੀ ਦਾ ਨਾਜਾਇਜ਼ ਬੱਚਾ ਹੈ ਜੋ ਨਿਕਾਹ ਤੋਂ ਪਹਿਲਾਂ ਦੀ ਕਰਤੂਤ ਦਾ ਨਤੀਜਾ ਹੈ। ਈਦੀ ਨੂੰ ਮਾਰ ਦਿਉ, ਉਹ ਬਦਮਾਸ਼ ਹੈ, ਗੁਨਾਹਗਾਰ ਹੈ।

ਨਵਾਂ ਨਵਾਂ ਵਿਆਹ, ਕੁਰਸੀ 'ਤੇ ਬੈਠੀ ਬਿਲਕੀਸ ਕੋਈ ਕੰਮ ਕਰ ਰਹੀ ਹੁੰਦੀ ਤਾਂ ਗਲੀ ਵਿੱਚੋਂ ਦੀ ਲੰਘਦਾ ਕੋਈ ਸ਼ਰਾਰਤੀ ਮੁੰਡਾ ਇਹ ਕਹਿ ਕੇ ਦੌੜ ਜਾਂਦਾ - ਦੇਖੋ, ਮੰਗਤੇ ਕੁਰਸੀਆਂ 'ਤੇ ਬੈਠੇ ਦੇਖੋ। ਜਦੋਂ ਪਹਿਲੀ ਵਾਰ ਗਰਭਵਤੀ ਹੋਈ, ਉਲਟੀਆਂ ਸ਼ੁਰੂ ਹੋ ਗਈਆਂ। ਈਦੀ ਆਪਣੇ ਬੁੱਕ ਵਿਚ ਉਸ ਦੀ ਉਲਟੀ ਸੰਭਾਲਦਾ। ਇਹ ਉਸ ਨੂੰ ਇਕ ਤਰ੍ਹਾਂ ਸਬਕ ਸਿਖਾਉਣ ਵਾਂਗ ਸੀ ਕਿ ਈਦੀ ਨੂੰ ਦੁਖੀ ਬੰਦੇ ਦੀ ਕੋਈ ਚੀਜ਼ ਬੁਰੀ ਨਹੀਂ ਲੱਗਦੀ। ਮੈਮਨ ਸਮਾਜ ਬੇਇੱਜ਼ਤੀ ਕਰਦਾ ਕਰਦਾ ਥੱਕ ਗਿਆ ਸੀ, ਈਦੀ ਹੱਸ ਕੇ ਕਿਹਾ ਕਰਦਾ - ਉਸ ਬੰਦੇ ਨੂੰ ਕੋਈ ਬੇਇੱਜ਼ਤ ਕਿਵੇਂ ਕਰੇ ਜਿਸ ਦੀ ਇੱਜ਼ਤ ਹੈ ਈ ਨਹੀਂ ?

ਅਮੀਨਾ ਦੀ ਮੱਦਦ ਨਾਲ ਬਿਲਕੀਸ ਦੇ ਪੁੱਤਰ ਪੈਦਾ ਹੋਇਆ। ਬਿਲਕੀਸ ਨੇ ਪੁੱਛਿਆ - ਇਹ ਕਿਸ ਦਾ ਨਾਜਾਇਜ਼ ਬੱਚਾ ਮੇਰੀ ਗੋਦ ਵਿਚ ਦੇ ਦਿੱਤੈ ? ਅਮੀਨਾ ਹੱਸ ਪਈ - ਇਉਂ ਸਮਝ, ਕਿਸੇ ਦਾ ਹੋਵੇ ਭਾਵੇਂ, ਤੂੰ ਇਸ ਨੂੰ ਪਾਲੇਂਗੀ। ਮੰਨ ਲੈ ਕਿ ਤੂੰ ਇਸ ਦੀ ਮਾਂ ਹੈਂ। ਈਦੀ ਦਾ ਅੱਬਾ ਆਇਆ, ਪੋਤੇ ਦਾ ਨਾਮ ਕੁਤਬ ਰੱਖਿਆ। ਕੁਤਬ ਮਾਇਨੇ ਧਰੂ ਤਾਰਾ।

ਆਪਣੇ ਬੱਚੇ ਨਾਲ ਗੱਲਾਂ ਕਰਦੀ ਬਿਲਕੀਸ ਆਖਦੀ - ਅੱਜ ਨਵੇਂ ਕੱਪੜੇ ਪਾ ਕੇ ਫਲਾਣੀ ਸਹੇਲੀ ਦੇ ਘਰ ਚੱਲੀਏ ? ਈਦੀ ਚੁੱਪ ਕਰ ਜਾਂਦਾ ਤਾਂ ਆਖਦੀ - ਚਲੋ ਇਉਂ ਕਰਦੇ ਆਂ, ਸਮੁੰਦਰ ਕੰਢੇ ਚੱਲੀਏ। ਮੈਂ ਲਹਿਰਾਂ ਦੇਖਦੀ ਰਹਾਂਗੀ। ਤੁਸੀਂ ਲਹਿਰਾਂ ਵਿੱਚੋਂ

ਮੇਰੀ ਲਾਸ਼ ਲੱਭ ਲੈਣੀ। ਫਿਰ ਆਖਦੀ - ਸਾਡੇ ਰਿਸ਼ਤੇਦਾਰ ਕਿੰਨੇ ਚੰਗੇ ਨੇ, ਮਿਲਣਾ ਚਾਹੁੰਦੇ ਨੇ ਪਰ ਅਸੀਂ ਉਨ੍ਹਾਂ ਨੂੰ ਉਦੋਂ ਮਿਲਣ ਜਾਵਾਂਗੇ ਜਦੋਂ ਉਹ ਮਰ ਜਾਣਗੇ।

ਇਕ ਗੁਸੈਲਾ ਬੰਦਾ ਦਫ਼ਤਰ ਵਿਚ ਆ ਕੇ ਚਿੱਲਾਣ ਲੱਗਾ - ਲਾਸ਼ਾਂ ਦਾ ਵਪਾਰ ਠੀਕ ਨਹੀਂ ਹੈ। ਇਥੇ ਇਸ ਇਲਾਕੇ ਦੇ ਬੱਚੇ ਹਰ ਵਕਤ ਡਰੇ, ਹਰ ਵਕਤ ਸਹਿਮੇ ਰਹਿੰਦੇ ਨੇ। ਮੀਠਾਦਾਰ ਤੋਂ ਬਾਹਰ ਲੈ ਜਾਉ ਆਪਣਾ ਇਹ ਕਾਰਖ਼ਾਨਾ। ਸਭ ਸ਼ਾਂਤ ਰਹੇ। ਉਹ ਉੱਚੀ ਉੱਚੀ ਬੋਲਦਾ ਵਾਪਸ ਚਲਾ ਗਿਆ। ਤਿੰਨ ਦਿਨ ਬਾਦ ਫਿਰ ਆਇਆ। ਕਿਹਾ - ਜੀ ਛੇਵੀਂ ਮੰਜ਼ਲ 'ਤੇ ਮੇਰਾ ਭਰਾ ਦਿਲ ਫ਼ੇਲ੍ਹ ਹੋਣ ਕਾਰਨ ਮਰ ਗਿਆ ਹੈ। ਐਂਬੂਲੈਂਸ ਚਾਹੀਦੀ ਹੈ। ਈਦੀ ਐਂਬੂਲੈਂਸ ਲੈ ਕੇ ਚਲਾ ਗਿਆ।

ਖਿਝ ਕੇ ਬਿਲਕੀਸ ਚੀਕਦੀ - ਚੰਗਾ ਹੋਵੇ ਮੈਨੂੰ ਤਲਾਕ ਦੇ ਦਿਉ। ਰੱਬ ਕਰੇ ਮੈਥੋਂ ਬਾਦ ਤੁਹਾਨੂੰ ਪਤਨੀ ਨਾ ਲੱਭੇ। ਈਦੀ ਚੁੱਪ ਰਹਿੰਦਾ। ਫਿਰ ਚੀਕਦੀ - ਤੁਹਾਨੂੰ ਮੇਰੇ ਜਿਹੀ ਬੀਵੀ ਮਿਲੀ, ਕੀ ਅੱਲਾਹ ਦਾ ਸ਼ੁਕਰਾਨਾ ਕੀਤਾ ? ਕਦੀ ਰੱਬ ਯਾਦ ਆਇਆ ? ਈਦੀ ਕੰਨਾਂ ਨੂੰ ਹੱਥ ਲਾ ਕੇ ਆਖਦਾ - ਰੱਬ ਨੂੰ ਕਦੋਂ ਭੁੱਲਿਆਂ ਮੈਂ ? ਮੇਰੇ ਕੋਲ ਰੱਬ ਅਤੇ ਤੈਥੋਂ ਇਲਾਵਾ ਹੋਰ ਹੈ ਕੀ ? ਹੋਰ ਕੁਝ ਮੈਨੂੰ ਚਾਹੀਦਾ ਵੀ ਨਹੀਂ।

ਈਦੀ ਤੋਂ ਜਦੋਂ ਕਦੀ ਗ਼ਲਤ ਫ਼ੈਸਲਾ ਹੋ ਜਾਂਦਾ ਤਾਂ ਬਿਲਕੀਸ ਆਖਦੀ - ਪਛਤਾਵਾ ਨਾ ਕਰੋ। ਗ਼ਲਤੀ ਹੋਈ, ਬੇਈਮਾਨੀ ਨਹੀਂ ਕੀਤੀ। ਘਾਟਾ ਬਰਦਾਸ਼ਤ ਕਰੋ। ਬਹੁਤ ਵੱਡਾ ਨੁਕਸਾਨ ਨਹੀਂ ਹੋਇਆ। ਈਦੀ ਆਖਦਾ - ਔਰਤ ਚਾਹੇ ਤਾ ਚੰਗੇ ਭਲੇ ਬੰਦੇ ਨੂੰ ਨਿਕੰਮਾ ਕਰ ਸਕਦੀ ਹੈ, ਇਸੇ ਤਰ੍ਹਾਂ ਦਲੇਰ ਔਰਤ ਦਾ ਖ਼ਾਵੰਦ ਬੁਜ਼ਦਿਲ ਨਹੀਂ ਹੋ ਸਕਦਾ।

ਬਿਲਕੀਸ ਪਾਗਲਾਂ ਦੀਆਂ ਗੱਲਾਂ ਸੁਣਦੀ ਰਹਿੰਦੀ। ਈਦੀ ਪੁੱਛਦਾ - ਇਹ ਝੂਠ ਮਾਰਦੇ ਹਨ, ਤੈਨੂੰ ਸੱਚ ਲੱਗਦੈ ? ਬਿਲਕੀਸ ਆਖਦੀ - ਚੰਗੇ ਭਲੇ ਬੰਦੇ ਝੂਠ ਮਾਰਨੋਂ ਨਹੀਂ ਹਟਦੇ। ਇਨ੍ਹਾਂ ਦਾ ਦਿਲ ਹਲਕਾ ਹੋ ਜਾਂਦਾ ਹੈ, ਮੇਰਾ ਕੀ ਘਟਦੈ ?

1971 ਵਿਚ ਭਾਰਤ-ਪਾਕਿ ਜੰਗ ਛਿੜਿਆ ਤਾਂ ਪਾਕਿਸਤਾਨ ਦੇ ਦੋ ਟੋਟੇ ਹੋ ਗਏ। ਬੰਗਲਾ ਦੇਸ਼ ਵਿਚ ਵੱਸਦੇ ਪੰਜਾਬੀ ਵਪਾਰੀ ਬੰਗਾਲੀਆਂ ਦੀ ਨਫ਼ਰਤ ਤੋਂ ਡਰ ਕੇ ਪਾਕਿਸਤਾਨ ਭੱਜ ਆਏ। ਮਹਿੰਗੀਆਂ ਜਾਇਦਾਦਾਂ ਸਸਤੀਆਂ ਵੇਚ ਆਏ। ਇਧਰ ਆ ਕੇ ਕੋਈ ਕਾਰੋਬਾਰ ਫਟਾਫਟ ਕਿਵੇਂ ਚੱਲ ਸਕਦਾ ਸੀ ? ਬਹੁਤ ਲੋਕਾਂ ਨੇ ਈਦੀ ਨੂੰ ਦਾਨ ਦਿੱਤਾ ਸੀ। ਉਹ ਰਸੀਦਾਂ ਲੈ ਕੇ ਆ ਗਏ ਕਿ ਪੈਸੇ ਵਾਪਸ ਚਾਹੀਦੇ ਹਨ। ਈਦੀ ਨੇ ਹਰੇਕ ਦੇ ਪੈਸੇ ਵਾਪਸ ਕੀਤੇ ਤੇ ਕਿਹਾ - ਜਦੋਂ ਤੱਕ ਕਾਰੋਬਾਰ ਠੀਕ ਨਹੀਂ ਹੁੰਦੇ ਇਥੇ ਰਹੋ। ਜਿਨ੍ਹਾਂ ਨੇ ਦਾਨ ਨਹੀਂ ਦਿੱਤਾ, ਉਹ ਵੀ ਰਹੋ।

ਛੇ ਮੰਜ਼ਲੀ ਬਿਸਮਿੱਲਾ ਇਮਾਰਤ ਢਹਿ ਕੇ ਤੇਰ੍ਹਾਂ ਫੁੱਟ ਉੱਚੇ ਥੇਹ ਵਿਚ ਬਦਲ ਗਈ। ਵੀਹ ਪਰਿਵਾਰ ਮਾਰੇ ਗਏ। ਈਦੀ ਨੇ ਕਰੇਨਾਂ ਨੂੰ ਨਿਰਦੇਸ਼ ਦਿੱਤਾ, ਲਾਸ਼ਾਂ ਵਾਸਤੇ ਵੱਖ, ਜ਼ਖ਼ਮੀਆਂ ਵਾਸਤੇ ਵੱਖ ਤੰਬੂ ਲਾਏ। ਢਾਈ ਸਾਲ ਦਾ ਬੱਚਾ ਬਾਹਰ ਖੇਡਦਾ ਹੋਣ ਕਰਕੇ ਬਚ ਗਿਆ, ਉਸ ਦੇ ਮਾਪੇ ਅਤੇ ਸੱਤ ਸਾਲ ਦਾ ਭਰਾ ਮਲਬੇ ਵਿਚ ਦੱਬੇ ਪਏ ਸਨ। ਇਕ ਪਾਸਿਉਂ ਬੱਚੇ ਦੀ ਆਵਾਜ਼ ਆਈ। ਭਾਰੀ ਬੀਮ ਹਟਾਇਆ ਗਿਆ ਤਾਂ ਜ਼ਖ਼ਮੀ ਬੱਚਾ ਜਿਊਂਦਾ ਮਿਲ ਗਿਆ। ਸਿਰ ਉਪਰ ਸੱਟ, ਛਾਤੀ ਦੀਆਂ ਪੱਸਲੀਆਂ ਦੱਬੀਆਂ ਹੋਈਆਂ। ਹਸਪਤਾਲ ਵਿਚ ਉਸਨੇ ਦੱਸਿਆ - ਮਾਂ ਖਾਣਾ ਬਣਾ ਰਹੀ ਸੀ। ਕੋਈ ਚੀਜ਼ ਮੇਰੇ 'ਤੇ ਡਿੱਗੀ ਤੇ ਹਨੇਰਾ ਹੋ ਗਿਆ। ਮੈਂ ਮਾਂ ਦੀ ਆਵਾਜ਼ ਸੁਣੀ, ਸਾਨੂੰ ਦੋਹਾਂ ਭਰਾਵਾਂ ਨੂੰ ਆਵਾਜ਼ਾਂ ਮਾਰ ਰਹੀ ਸੀ... ਇਮਰਾਨ...ਜਾਵੇਦ। ਬਹੁਤ ਦੇਰ ਤਕ ਇਹ ਆਵਾਜ਼ਾਂ ਸੁਣਦਾ ਰਿਹਾ।

ਫਿਰ ਚੁੱਪ ਹੋ ਗਈ। ਮੈਂ ਸੋਚਿਆ ਮੈਂ ਮਰ ਗਿਆ ਹਾਂ। ਫੇਰ ਮੈਂ ਕਿਸੇ ਦਾ ਬੋਲ ਸੁਣਿਆਂ...ਕਿਸੇ ਨੇ ਈਦੀ ਨੂੰ ਵਾਜ ਮਾਰੀ, ਤਾਂ ਮੈਂ ਚੀਕਾਂ ਮਾਰਨ ਲੱਗਾ। ਮੈਨੂੰ ਈਦੀ ਦਾ ਨਾਂ ਸੁਣ ਕੇ ਲੱਗਾ ਮੈਂ ਮਰਿਆ ਨਹੀਂ। ਹੁਣੇ ਈਦੀ ਬਚਾ ਲਏਗਾ। ਦੋਵੇਂ ਯਤੀਮ ਬੱਚੇ ਦਾਦੀ ਕੋਲ ਪੁਚਾ ਦਿੱਤੇ। ਉਸ ਸਾਲ ਈਦ ਨਹੀਂ ਮਨਾਈ ਗਈ। ਭੁੱਟੋ ਮੌਕੇ 'ਤੇ ਆਇਆ, ਈਦੀ ਨੂੰ ਕਿਹਾ - ਮੈਂ ਮੱਦਦ ਕਰਾਂ ? ਈਦੀ ਨੇ ਕਿਹਾ - ਹੋਰ ਕੌਣ ਕਰੇਗਾ ? ਫ਼ੌਰਨ ਰਾਹਤ ਭੇਜ। ਉਸਨੇ ਧਨ, ਰਾਸ਼ਣ ਅਤੇ ਦਵਾਈਆਂ ਤੁਰੰਤ ਭੇਜੀਆਂ।

ਇਕ ਆਦਮੀ ਇਹ ਦੱਸਦਾ ਹੋਇਆ ਰੋਂਦਾ ਰਹਿੰਦਾ - ਮੇਰੀ ਪਤਨੀ ਅਤੇ ਦੋ ਧੀਆਂ ਕੱਪੜੇ ਸੀਊਂ ਕੇ ਗੁਜ਼ਾਰਾ ਕਰਦੀਆਂ। ਸ਼ਾਮ ਪੈਣ 'ਤੇ ਮੈਂ ਜਬਰਨ ਉਨ੍ਹਾਂ ਤੋਂ ਪੈਸੇ ਖੋਹ ਕੇ ਸ਼ਰਾਬ ਪੀਂਦਾ। ਉਹ ਰੋਂਦੀਆਂ ਤੇ ਰੱਬ ਅੱਗੇ ਅਰਦਾਸ ਕਰਦੀਆਂ - ਸਾਨੂੰ ਮੌਤ ਦੇਹ। ਉਹ ਤਿੰਨੇ ਮਰ ਗਈਆਂ। ਮੈਂ ਕਦੋਂ ਮਰਾਂਗਾ ? ਈਦੀ ਆਖਦਾ - ਤੂੰ ਕਿਉਂ ਮਰੇਂ ? ਜਿੰਨਾ ਸੰਤਾਪ ਉਨ੍ਹਾਂ ਨੇ ਝੱਲਿਆ, ਉਹ ਭੁਗਤ। ਤੇਰੀ ਫ਼ਰਿਆਦ ਸੁਣਨ ਵਾਲਾ ਕੋਈ ਨਹੀਂ।

ਦੋ ਪੁੱਤਰਾਂ ਤੇ ਦੋ ਧੀਆਂ ਦਾ ਪਿਤਾ ਈਦੀ, ਬੱਚਿਆਂ ਨੂੰ ਕਿਤੇ ਪਿਕਨਿਕ 'ਤੇ ਨਾ ਲਿਜਾ ਸਕਦਾ। ਉਹ ਟੂਰ 'ਤੇ ਜਾਣ ਦੀ ਜ਼ਿਦ ਕਰਦੇ ਰਹਿੰਦੇ। ਇਕ ਦਿਨ ਸੁਨੇਹਾ ਮਿਲਿਆ ਕਿ ਦੂਰ ਸਿੰਧ ਵਿਚ ਲਾਸ਼ ਪੁਚਾਣੀ ਹੈ। ਬੀਵੀ ਨੇ ਕਿਹਾ - ਬੱਚਿਆਂ ਨੂੰ ਵੀ ਲੈ ਚੱਲ। ਹੋਰ ਕਿਤੇ ਨਹੀਂ ਲਿਜਾ ਸਕਦਾ ਕਬਰਿਸਤਾਨ ਈ ਦਿਖਾ ਲਿਆ। ਮਾਪੇ ਜਿਥੇ ਵੀ ਜਾਣ, ਬੱਚੇ ਉਨ੍ਹਾਂ ਨਾਲ ਜਾਣਾ ਚਾਹੁੰਦੇ ਨੇ, ਜਾ ਕੇ ਖ਼ੁਸ਼ ਹੁੰਦੇ ਨੇ। ਠੀਕ ਹੈ। ਈਦੀ ਨੇ ਆਗਿਆ ਦੇ ਦਿੱਤੀ। ਜਿਸ ਐਂਬੂਲੈਂਸ ਦੇ ਅਗਲੇ ਹਿੱਸੇ ਵਿਚ ਮਾਂ, ਧੀ ਦੀ ਲਾਸ਼ ਲਾਗੇ ਬੈਠੀ ਸੀ, ਬੱਚਿਆਂ ਨੇ ਪਿਛਲੇ ਪਾਸੇ ਖ਼ੁਸ਼ੀ ਖ਼ੁਸ਼ੀ ਛਾਲਾਂ ਲਾ ਦਿੱਤੀਆਂ ਤੇ ਚਹਿਕਣ ਲੱਗੇ।

ਦਿਨ ਦਾ ਸਫ਼ਰ ਬੀਤ ਗਿਆ। ਰਾਤ ਪੈ ਗਈ। ਕੁੜੀ ਦੀ ਮਾਂ ਰਸਤਾ ਭੁੱਲ ਗਈ। ਉਸਨੇ ਉੱਚੇ ਟਿੱਲੇ 'ਤੇ ਖਲੋ ਕੇ ਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਵਾਜ ਦੀ ਗੂੰਜ ਵਾਪਸ ਪਰਤਦੀ ਪਰ ਹੁੰਗਾਰਾ ਕੋਈ ਨਹੀਂ। ਉਜਾੜ ਵਿਚ ਸੱਪਾਂ ਦੇ ਫੁੰਕਾਰੇ ਸੁਣਾਈ ਦਿੰਦੇ। ਈਦੀ ਨੇ ਗੱਡੀ ਦੀਆਂ ਲਾਈਟਾਂ ਬਾਲ ਦਿੱਤੀਆਂ। ਸਾਹਮਣੇ ਚਾਰ ਨਕਾਬਪੋਸ਼ ਘੋੜਸਵਾਰ ਬੰਦੂਕਾਂ ਲਈ ਖਲੋਤੇ ਦਿਸੇ। ਔਰਤ ਦੌੜਦੀ ਹੋਈ ਟਿੱਲੇ ਤੋਂ ਉਤਰ ਕੇ ਗੱਡੀ ਵਿਚ ਵੜ ਗਈ, ਦੱਸਿਆ - ਇਹ ਕੋਲਹਰੀ ਦੇ ਖ਼ਤਰਨਾਕ ਡਾਕੂ ਨੇ। ਪਹਿਲਾਂ ਗੋਲੀ ਮਾਰਦੇ ਨੇ ਫੇਰ ਦੇਖਦੇ ਨੇ ਜਿਸ ਨੂੰ ਗੋਲੀ ਵੱਜੀ ਉਹ ਕੌਣ ਸੀ।

ਨਕਾਬਪੋਸ਼ਾਂ ਨੇ ਗੱਡੀ ਘੇਰ ਲਈ। ਲਾਸ਼ ਦੇਖੀ, ਸਹਿਮੇ ਬੱਚੇ ਦੇਖੇ, ਪੁੱਛਿਆ ਕੌਣ ਹੋ। ਘੋੜੇ ਗ਼ੁੱਸੇ ਵਿਚ ਪੌੜ ਪਟਕ ਰਹੇ ਸਨ। ਈਦੀ ਨੇ ਦੱਸਿਆ - ਮੈਂ ਅਬਦੁਲ ਸੱਤਾਰ ਹਾਂ ਜਿਸ ਨੂੰ ਈਦੀ ਕਹਿੰਦੇ ਨੇ। ਇਹ ਲਾਸ਼ ਛੱਡਣ ਜਾ ਰਿਹਾ ਸਾਂ ਕਿ ਰਸਤਾ ਭੁੱਲ ਗਿਆਂ। ਡਾਕੂ ਨੇ ਕਿਹਾ - ਕਿਧਰ ਜਾਣੈ ? ਪਿੰਡ ਦਾ ਰਾਹ ਦੱਸਦਿਆਂ ਕਿਹਾ - ਬੜਾ ਖ਼ਤਰਨਾਕ ਇਲਾਕਾ ਹੈ। ਰਾਤ ਨੂੰ ਕਾਹਨੂੰ ਸਫ਼ਰ ਕਰਨਾ ਸੀ। ਤੁਰਨ ਲੱਗਿਆਂ ਈਦੀ ਨੇ ਸਲਾਮ ਵਜੋਂ ਸੱਜਾ ਹੱਥ ਮੱਥੇ ਨੂੰ ਛੁਹਾਇਆ। ਚਾਰੇ ਡਾਕੂਆਂ ਨੇ ਛਾਤੀ 'ਤੇ ਹੱਥ ਰੱਖ ਕੇ ਝੁਕ ਕੇ ਸਲਾਮ ਦਾ ਜਵਾਬ ਦਿੱਤਾ। ਬਿਲਕੀਸ ਅਤੇ ਬੱਚਿਆਂ ਦਾ ਸਾਹ ਵਿਚ ਸਾਹ ਆਇਆ। ਈਦੀ ਨੇ ਬਿਲਕੀਸ ਦੀ ਝਾੜ-ਝੰਬ ਕੀਤੀ, ਬੱਚਿਆਂ ਨੂੰ ਖ਼ਤਰੇ ਵਿਚ ਪਾ ਦਿੱਤਾ ਸੀ।

ਬਾਈ ਸਾਲ ਦਾ ਇਕ ਕੈਦੀ ਜੇਲ੍ਹ ਵਿਚ ਮਰ ਗਿਆ ਤੇ ਸਥਾਨਕ ਕਬਰਿਸਤਾਨ ਵਿਚ ਦਫ਼ਨਾ ਦਿੱਤਾ। ਉਸ ਦੇ ਦੋਸਤ ਆਏ, ਕਹਿਣ ਲੱਗੇ - ਇਹ ਪੰਜਾਬ ਦਾ ਸੀ। ਮਾਪੇ ਬੇਗਾਨੀ ਥਾਂ ਦਫ਼ਨ ਕਰਨ ਦੇ ਹੱਕ ਵਿਚ ਨਹੀਂ ਪਰ ਉਨ੍ਹਾਂ ਕੋਲ ਲਾਸ਼ ਲਿਜਾਣ ਜੋਗੇ

ਪੈਸੇ ਨਹੀਂ। ਤੁਸੀਂ ਛੱਡ ਆਉ। ਈਦੀ ਨੇ ਹਾਂ ਕਰ ਦਿੱਤੀ ਤਾਂ ਬਿਲਕੀਸ ਨੇ ਕਿਹਾ ਮੈਂ ਵੀ ਜਾਵਾਂਗੀ, ਫੈਸਲ ਬੇਟਾ ਵੀ ਜਾਏਗਾ। ਈਦੀ ਨੇ ਕਿਹਾ - ਲੰਮਾ ਸਫ਼ਰ ਹੈ, ਪਰ ਤਾਂ ਕੀ ? ਸਵੇਰ ਸਾਰ ਚੱਲਣ ਦਾ ਫ਼ੈਸਲਾ ਹੋਇਆ। ਤੁਰਨ ਤੋਂ ਪਹਿਲਾਂ ਪਾਗਲਖ਼ਾਨੇ ਦਾ ਦੌਰਾ ਕਰਨ ਗਿਆ। ਨਿਗਰਾਨ ਨੇ ਕਿਹਾ - ਜੀ ਅਹੁ ਕੁੜੀ ਪੌੜੀਆਂ ਵਿਚ ਬੈਠੀ ਹੈ। ਉਤਰਨ ਚੜ੍ਹਨ ਵਾਲੇ ਨੂੰ ਗਾਲ੍ਹਾਂ ਦਿੰਦੀ ਹੈ, ਦੰਦੀਆਂ ਵੱਢਦੀ ਹੈ। ਈਦੀ ਉਸ ਕੋਲ ਗਿਆ, ਉੱਠਣ ਲਈ ਕਿਹਾ, ਉਹ ਟੱਸ ਤੋਂ ਮੱਸ ਨਾ ਹੋਈ। ਈਦੀ ਨੇ ਚਪੇੜ ਜੜ ਦਿੱਤੀ। ਫਿਰ ਪਰ੍ਹੇ ਗਈ।

ਰਸਤੇ ਵਿਚ ਇਕ ਢਲਾਣ 'ਤੇ ਮੋੜ ਕੱਟਦੀ ਵੈਨ ਉਲਟ ਗਈ। ਸਾਰੇ ਬਚ ਗਏ ਪਰ ਈਦੀ ਦਾ ਜਬਾੜਾ ਟੁੱਟ ਗਿਆ। ਲਾਗੇ ਕੋਈ ਹਸਪਤਾਲ ਨਹੀਂ, ਮੀਠਾਦਾਰ ਫ਼ੋਨ ਮਿਲਾਇਆ ਤਾਂ ਉਥੋਂ ਗੱਡੀਆਂ ਚੱਲ ਪਈਆਂ। ਰੌਲਾ ਪੈ ਗਿਆ ਕਿ ਈਦੀ ਐਕਸੀਡੈਂਟ ਵਿਚ ਮਾਰਿਆ ਗਿਆ। ਬਜ਼ਾਰ ਬੰਦ ਹੋ ਗਏ। ਭੁੱਟੋ ਮਲਬੇ ਵਾਲੀ ਹਵੇਲੀ ਦੀ ਥਾਂ ਉਸਰਨ ਵਾਲੀ ਬਹੁਮੰਜ਼ਲੀ ਇਮਾਰਤ ਦੇ ਪਲਾਟ ਅਲਾਟ ਕਰਨ ਮੀਠਾਦਾਰ ਆਇਆ ਹੋਇਆ ਸੀ। ਪੁੱਛਿਆ - ਈਦੀ ਕਿਥੇ ਹੈ ? ਦੱਸਿਆ ਗਿਆ। ਉਸਨੇ ਤੁਰੰਤ ਆਪਣਾ ਹੈਲੀਕਾਪਟਰ ਭੇਜ ਦਿੱਤਾ। ਹਸਪਤਾਲੋਂ ਛੁੱਟੀ ਮਿਲੀ ਤਾਂ ਭੁੱਟੋ ਨੂੰ ਕਿਰਾਇਆ ਦੇਣਾ ਚਾਹਿਆ, ਉਸਨੇ ਨਾ ਲਿਆ। ਬਿਲਕੀਸ ਨੂੰ ਕਹਿਣ ਲੱਗਾ - ਬਿਮਾਰ ਕੁੜੀ ਨੂੰ ਚਪੇੜ ਮਾਰ ਕੇ ਤੁਰਿਆ ਸਾਂ। ਅੱਲਾਹ ਨੂੰ ਇਹ ਮਨਜ਼ੂਰ ਨਹੀਂ ਸੀ। ਦੇਖ ਲਿਆ ? ਮਿਲੀ ਨਾ ਸਹੀ ਸਜ਼ਾ ?

ਇਕ ਮਿਹਨਤੀ ਵਿਦਿਆਰਥੀ ਕੈਂਸਰ ਦੀ ਪਹਿਲੀ ਸਟੇਜ ਵਿਚ ਸੀ। ਉਸ ਨੂੰ ਇਲਾਜ ਲਈ ਪੈਸੇ ਚਾਹੀਦੇ ਸਨ। ਠੂਠਾ ਹਿਲਾ ਕੇ ਈਦੀ ਕਰਾਚੀ ਦੇ ਚੌਂਕ ਵਿਚ ਬੈਠ ਗਿਆ। ਬਾਕੀ ਮੰਗਤੇ ਗੱਡੀਆਂ ਦੇ ਅੱਗੇ ਪਿੱਛੇ ਭੱਜ ਭੱਜ ਮੰਗਦੇ ਫਿਰ ਰਹੇ ਸਨ। ਈਦੀ ਬੁੱਤ ਵਾਂਗ ਜੰਮ ਗਿਆ। ਲੋਕ ਈਦੀ ਨੂੰ ਦੇਖਦੇ, ਰੁਕਦੇ, ਜੇਬਾਂ ਖ਼ਾਲੀ ਕਰਦੇ ਤੇ ਚਲੇ ਜਾਂਦੇ। ਤਿੰਨ ਦਿਨਾਂ ਵਿਚ ਢਾਈ ਲੱਖ ਰੁਪਏ ਮਿਲੇ। ਮੰਗਤੇ ਬੁੜ ਬੁੜ ਕਰਨ ਲੱਗੇ - ਇਹਨੇ ਸਾਡਾ ਖੂਹ ਸੁਕਾ ਦਿੱਤਾ ਹੈ, ਭੁੱਖੇ ਮਰੀਏ ਕਿ ਕਿਤੇ ਹੋਰ ਚਲੇ ਜਾਈਏ ? ਬਿਲਕੀਸ ਹੱਸੀ - ਹੋਰ ਕਿਤੇ ਕਿਉਂ ਜਾਣਾ ? ਵੱਡੇ ਮੰਗਤੇ ਨਾਲ ਕੰਮ 'ਤੇ ਆ ਜਾਉ।

1977 ਵਿਚ ਜ਼ਿਆ-ਉਲ-ਹੱਕ ਨੇ ਸੱਤਾ ਹਥਿਆ ਲਈ, ਭੁੱਟੋ ਨੂੰ ਕੈਦ ਵਿਚ ਸੁੱਟ ਦਿੱਤਾ ਤੇ ਬਾਦ ਵਿਚ ਫਾਹੇ ਲਾ ਦਿੱਤਾ। ਪਾਕਿਸਤਾਨ ਵਿਚ ਕੋਈ ਕੁਸਕਿਆ ਤੱਕ ਨਾ। ਬਿਲਕੀਸ ਨੇ ਕਿਹਾ - ਈਦੀ, ਇਹ ਬੁਰੀ ਘਟਨਾ ਹੋਈ ਤੇ ਲੋਕ ਖ਼ਾਮੋਸ਼ ਹੋ ਗਏ। ਈਦੀ ਨੇ ਕਿਹਾ - ਪਾਕਿਸਤਾਨੀ ਹਕੂਮਤਾਂ ਨੇ ਲੋਕਾਂ ਨੂੰ ਸੁੰਨ ਕਰ ਦਿੱਤਾ ਹੈ, ਦਿਮਾਗ਼ ਕਾਠ ਮਾਰੇ ਗਏ। ਭੁੱਟੋ ਨੇ ਸਬਜ਼ਬਾਗ਼ ਦਿਖਾਏ, ਲੋਕਾਂ ਨੇ ਵੋਟਾਂ ਨਾਲ ਪੇਟੀਆਂ ਭਰ ਦਿੱਤੀਆਂ। ਮਿਲਿਆ ਕੱਖ ਨਾ। ਉਹ ਸੜਕਾਂ 'ਤੇ ਆ ਕੇ ਮੁਜ਼ਾਹਰੇ ਕਰਨ ਲੱਗੇ ਤਾਂ ਜ਼ਿਆ ਨੇ ਮੌਕੇ ਦਾ ਫ਼ਾਇਦਾ ਉਠਾ ਲਿਆ ਤੇ ਲੋਕਾਂ ਨੂੰ ਕਿਹਾ - ਆਪੋ ਆਪਣੀਆਂ ਝੌਂਪੜੀਆਂ ਵਿਚ ਵੜ ਜਾਉ। ਲੋਕ ਡਰ ਕੇ ਝੁੱਗੀਆਂ ਵਿਚ ਵੜ ਗਏ।

ਜ਼ਿਆ-ਉਲ-ਹੱਕ ਨੇ ਈਦੀ ਨੂੰ ਮਾਣ-ਪੱਤਰ ਅਤੇ ਪੰਜ ਲੱਖ ਰੁਪਿਆ ਭੇਜਿਆ। ਮਾਣ-ਪੱਤਰ ਰੱਖ ਲਿਆ ਤੇ ਚੈੱਕ ਵਾਪਸ ਕਰਦਿਆਂ ਲਿਖਿਆ - ਮਾਣ-ਪੱਤਰ ਲਈ ਸ਼ੁਕਰਾਨਾ। ਸਰਕਾਰ ਤੋਂ ਪੈਸੇ ਨਹੀਂ ਲੈਂਦਾ। ਉਹੀ ਕੰਮ ਕਰ ਰਿਹਾ ਹਾਂ ਜੋ ਸਰਕਾਰ ਨੇ ਕਰਨਾ ਹੁੰਦਾ ਹੈ। ਪਰ ਸਰਕਾਰ ਨਹੀਂ ਕਰ ਰਹੀ ਜਾਂ ਨਹੀਂ ਕਰ ਸਕਦੀ ਤਾਂ ਫਿਰ ਪਰਜਾ ਨੂੰ ਆਪ ਕਰਨਾ ਚਾਹੀਦਾ ਹੈ। ਮੈਂ ਲੋਕਾਂ ਅੱਗੇ ਝੋਲੀ ਅੱਡਾਂਗਾ।

ਕਦੀ ਕਦੀ ਬਿਲਕੀਸ ਦੇ ਸੁਭਾਅ ਕਾਰਨ ਉਹ ਪਰੇਸ਼ਾਨ ਹੋ ਕੇ ਆਖਦਾ - ਤੂੰ ਮੈਨੂੰ ਚੈਨ ਲੈਣ ਦਏਂਗੀ ਕਿ ਨਹੀਂ ?

ਬਿਲਕੀਸ ਹੱਸਦੀ - ਚੈਨ ? ਤੁਹਾਨੂੰ ਪਤੈ ਚੈਨ ਕੀ ਹੁੰਦੈ ? ਨਾ ਆਪ ਚੈਨ ਵਿਚ ਰਹਿਣਾ ਨਾ ਕਿਸੇ ਨੂੰ ਰਹਿਣ ਦੇਣਾ। ਤੁਸੀਂ ਤਾਂ ਮਰਨ ਪਿੱਛੋਂ ਵੀ ਆਖਣਾ ਹੈ - ਮੈਨੂੰ ਨਾ ਕੋਈ ਨੁਹਾਏ, ਮੈਂ ਆਪ ਨਹਾਵਾਂਗਾ। ਖ਼ਬਰਦਾਰ ਕੋਈ ਮੈਨੂੰ ਕਬਰ ਵਿਚ ਉਤਾਰਨ ਆਇਆ। ਮੈਂ ਆਪ ਉਤਰਾਂਗਾ।

ਉਹ ਅਰਦਾਸ ਕਰਦਾ - ਅੱਲਾਹ, ਕੋਈ ਵੱਡਾ ਕੰਮ ਲੈ ਮੇਰੇ ਤੋਂ, ਅਜਿਹਾ ਕੰਮ ਜੋ ਦੁਨੀਆਂ ਦੀ ਤਕਦੀਰ ਬਦਲ ਦਏ। ਬਿਲਕੀਸ ਹੱਸਦੀ - ਕਦੀ ਨਾ ਕਦੀ ਰੱਬ ਸੋਚੇਗਾ ਜ਼ਰੂਰ, ਇਸ ਸੁਸਤ ਸੰਸਾਰ ਵਿਚ ਕੌਣ ਹੈ ਜਿਹੜਾ ਕੰਮ ਤੋਂ ਇਲਾਵਾ ਕੁਝ ਨਹੀਂ ਮੰਗਦਾ।

ਡਿਕਟੇਟਰ ਦੇ ਹੱਥ ਵਿਚ ਸਾਰੀ ਤਾਕਤ ਹੁੰਦੀ ਹੈ, ਜੇ ਚਾਹੇ ਤਾਂ ਮੁਲਕ ਦੀ ਤਕਦੀਰ ਬਦਲ ਸਕਦਾ ਹੈ ਪਰ ਜ਼ਿਆ-ਉਲ-ਹੱਕ ਕੋਲ ਸਿਵਾਇ ਸੱਤਾ ਵਿਚ ਰਹਿਣ ਦੇ ਕੋਈ ਦ੍ਰਿਸ਼ਟੀ ਨਹੀਂ ਸੀ। ਉਸਨੇ ਈਦੀ ਨੂੰ ਪਾਰਲੀਮੈਂਟ ਦਾ ਮੈਂਬਰ ਲੈ ਕੇ ਸਮਾਜ ਭਲਾਈ ਮਹਿਕਮਾ ਦੇ ਦਿੱਤਾ।

ਰਾਸ਼ਟਰਪਤੀ ਨੇ ਪੇਸ਼ਕਸ਼ ਕੀਤੀ - ਈਦੀ ਨੂੰ ਹੈਲੀਕਾਪਟਰ ਦਿੱਤਾ ਜਾਵੇ। ਇਕ ਕਰਨਲ ਉਸਦਾ ਸੈਕਟਰੀ ਹੋਵੇਗਾ। ਈਦੀ ਨੇ ਕਿਹਾ - ਮੈਂ ਹੈਲੀਕਾਪਟਰ ਲਵਾਂਗਾ, ਦਾਨੀਆਂ ਦੇ ਪੈਸੇ ਨਾਲ, ਕਿਉਂਕਿ ਇਸ ਦੀ ਲੋੜ ਹੈ। ਮੇਰੀ ਮੁਖ਼ਬਰੀ ਕਰਨ ਵਾਲੇ ਕਿਸੇ ਕਰਨਲ ਦੀ ਮੈਨੂੰ ਕੋਈ ਲੋੜ ਨਹੀਂ, ਮੇਰਾ ਕੰਮ ਚੱਲ ਰਿਹੈ।

ਲੋਕ ਨਾਜਾਇਜ਼ ਬੱਚਿਆਂ ਨੂੰ ਇਧਰ ਉਧਰ ਸੁੱਟ ਜਾਂਦੇ ਸਨ। ਈਦੀ ਨੇ ਨਰਸਿੰਗ ਹੋਮ ਦੇ ਬਾਹਰ ਪੰਘੂੜੇ ਲਟਕਾ ਦਿੱਤੇ - ਇਥੇ ਆਪਣਾ ਅਣਚਾਹਿਆ ਬੱਚਾ ਰੱਖ ਜਾਉ। ਮੌਲਵੀਆਂ ਨੇ ਫ਼ਤਵਾ ਦਿੱਤਾ - ਨਾਜਾਇਜ਼ ਔਲਾਦ ਨੂੰ ਪੱਥਰ ਮਾਰ ਕੇ ਮਾਰੋ। ਈਦੀ ਨੇ ਐਲਾਨ ਕੀਤਾ - ਆਏ, ਮੇਰੇ ਪੰਘੂੜੇ ਵਿਚ ਰੱਖੇ ਬੱਚੇ ਨੂੰ ਕੋਈ ਮਾਰ ਕੇ ਦਿਖਾਏ। ਇਸਲਾਮ ਮਾਸੂਮਾਂ ਨੂੰ ਦੋਸ਼ੀ ਨਹੀਂ ਮੰਨਦਾ, ਇਸਲਾਮ ਮਾਸੂਮਾਂ ਨੂੰ ਸਜ਼ਾ ਨਹੀਂ ਦਿੰਦਾ, ਮੌਲਵੀਆਂ ਨੇ ਕਿਹਾ - ਇਸਲਾਮ ਨਾਜਾਇਜ਼ ਔਲਾਦ ਨੂੰ ਗੋਦ ਲੈਣ ਦੀ ਆਗਿਆ ਨਹੀਂ ਦਿੰਦਾ। ਈਦੀ ਨੇ ਕਿਹਾ - ਤੁਸੀਂ ਕਤੂਰੇ, ਬਲੂੰਗੜੇ ਪਾਲ ਲੈਂਦੇ ਹੋ। ਠੀਕ ਹੈ। ਜਦੋਂ ਤੱਕ ਇਸਲਾਮ ਵਲੋਂ ਆਗਿਆ ਨਹੀਂ ਮਿਲਦੀ, ਇਨ੍ਹਾਂ ਨੂੰ ਇਵੇਂ ਰੱਖ ਲਉ। ਜਾਇਦਾਦ ਵਿੱਚੋਂ ਹਿੱਸਾ ਨਾ ਦਿਉ। ਤੁਹਫ਼ਾ ਦੇ ਦਿਉ, ਵਜ਼ੀਫ਼ਾ ਦੇ ਦਿਉ। ਉਸਨੇ ਥਾਂ ਥਾਂ ਇਸ਼ਤਿਹਾਰ ਚਿਪਕਾਏ - ਇਕ ਗੁਨਾਹ ਕਰ ਚੁੱਕੇ ਹੋ। ਹੁਣ ਬੱਚਾ ਮਾਰ ਕੇ ਦੂਜਾ ਗੁਨਾਹ ਨਾ ਕਰੋ। ਤੁਹਾਡਾ ਬੱਚਾ ਅਸੀਂ ਪਾਲਾਂਗੇ। ਮੌਲਵੀਆਂ ਨੇ ਕਿਹਾ - ਈਦੀ ਕਾਫ਼ਿਰ ਹੈ। ਉਸਨੂੰ ਦਾਨ ਦੇਣਾ ਕੁਫ਼ਰ ਹੈ।

ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋਇਆ। ਈਦੀ ਨੂੰ ਸੱਦਾ-ਪੱਤਰ ਮਿਲਿਆ। ਈਦੀ ਬੱਸ ਵਿਚ ਸਫ਼ਰ ਕਰ ਕੇ ਪਾਰਲੀਮੈਂਟ ਹਾਊਸ ਪੁੱਜਿਆ। ਫ਼ੌਜੀ ਅਫ਼ਸਰਾਂ ਨੇ ਪਛਾਣ ਲਿਆ ਤਾਂ ਦੌੜੇ ਆਏ - ਈਦੀ ਸਾਹਿਬ, ਉਹ ਲਾਲ ਬੱਤੀ ਵਾਲੀ ਕਾਰ ਤੁਹਾਡੀ ਹੈ। ਤੁਸੀਂ ਸਾਨੂੰ ਦੱਸਿਆ ਕਿਉਂ ਨਹੀਂ ? ਅਸੀਂ ਲੈਣ ਆ ਜਾਂਦੇ। ਕਿਥੇ ਠਹਿਰੇ ਹੋ ? ਅਸੀਂ ਤੁਹਾਡੇ ਲਈ ਹੋਟਲ ਬੁੱਕ ਕਰਵਾ ਰੱਖਿਆ ਹੈ। ਈਦੀ ਨੇ ਕਿਹਾ - ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਪੁਰਾਣਾ ਕੁਰਤਾ ਪਜਾਮਾ, ਰਬੜ ਦੇ ਸਲੀਪਰ, ਮੋਢੇ ਬੋਰੀ ਵਾਲਾ ਝੋਲਾ, ਬਿਲਕੀਸ ਨੇ ਕਿਹਾ - ਕੁਰਤਾ ਪਜਾਮਾ ਤਾਂ ਬਦਲ ਲਵੋ। ਪਹਿਲਾਂ ਨਾਲੋਂ ਦੂਜਾ ਕੁਰਤਾ ਪਜਾਮਾ ਕੁਝ ਵਧੀਆ ਸੀ ਤਾਂ ਵੀ ਮਾਹੌਲ ਦੇ ਫਿਟ ਨਹੀਂ ਸੀ। ਸਾਰਾ ਦਿਨ ਸਹੁੰ ਚੁਕਾਈ ਦੀ ਰਸਮ ਨੇ ਈਦੀ ਨੂੰ ਅਕਾ ਦਿੱਤਾ। ਮੈਂ ਇਥੇ ਕੀ ਕਰਨ ਆਇਆਂ ? ਸ਼ਾਇਦ ਇਸ ਲਈ ਮੈਨੂੰ ਪਾਰਲੀਮੈਂਟ ਵਿਚ ਲੈ ਲਿਆ ਹੈ ਤਾਂ ਕਿ ਨਾਜਾਇਜ਼ ਹਕੂਮਤ ਜਾਇਜ਼ ਲੱਗਣ ਲੱਗੇ!

ਮੰਤਰੀ ਲੱਛੇਦਾਰ ਭਾਸ਼ਣਾਂ ਨਾਲ ਜ਼ਿਆ ਦੀ ਖ਼ੁਸ਼ਾਮਦ ਕਰ ਰਹੇ ਸਨ। ਆਪੋ-ਆਪਣੇ ਮਹਿਕਮਿਆਂ ਲਈ ਗ੍ਰਾਂਟਾਂ ਮੰਗ ਰਹੇ ਸਨ। ਈਦੀ ਨੇ ਬੋਲਣ ਲਈ ਸਮਾਂ ਮੰਗਿਆ। ਪਾਕਿਸਤਾਨ ਕਿਥੇ ਕਿਥੇ ਕਿਸ ਕਿਸ ਬਿਮਾਰੀ ਤੋਂ ਪੀੜਤ ਹੈ ਤੇ ਇਸ ਦਾ ਕੀ ਇਲਾਜ ਹੈ, ਦੱਸਣ ਲੱਗਾ। ਦੱਸਿਆ ਕਿ ਸਰਕਾਰ ਲੋਕਾਂ ਤੋਂ ਬਹੁਤ ਦੂਰ ਹੈ। ਉਸਨੇ ਦੱਸਿਆ ਕਿ ਉਹ ਕਿਥੇ ਕਿਥੇ ਮਦਦ ਕਰ ਸਕਦਾ ਹੈ, ਇਸ ਮਦਦ ਵਾਸਤੇ ਸਰਕਾਰ ਤੋਂ ਪੈਸਾ ਨਹੀਂ ਲਵੇਂਗਾ, ਸਰਕਾਰ ਆਪ ਪੈਸਾ ਖ਼ਰਚੇ। ਪਾਰਲੀਮੈਂਟ ਸੁੰਨ ਹੋ ਗਈ ਜਦੋਂ ਉਸਨੇ ਕਿਹਾ - ਜ਼ਿਆ-ਉਲ-ਹੱਕ ਨੂੰ ਤੇ ਉਸਦੀ ਸਰਕਾਰ ਨੂੰ ਪਤਾ ਨਹੀਂ ਇਸਲਾਮ ਕੀ ਹੈ, ਫਿਰ ਉਹ ਇਸਲਾਮੀ ਕਾਨੂੰਨ ਕਿਵੇਂ ਲਾਗੂ ਕਰੇਗੀ ? ਜਦੋਂ ਕੋਈ ਸ਼ਾਹੂਕਾਰ ਨਵੀਂ ਮਰਸਿਡੀਜ਼ ਬੈਂਜ਼ ਵਿਚ ਸ਼ਾਨ ਨਾਲ ਨਿਕਲਦਾ ਹੈ ਉਦੀਂ ਭੁੱਖੇ ਦੇ ਹੱਥ ਵਿਚ ਬੰਬ ਆ ਜਾਂਦਾ ਹੈ। ਅੰਤਰਰਾਸ਼ਟਰੀ ਪ੍ਰੈਸ ਨੇ ਕਿਹਾ - ਮੰਗਤਿਆਂ ਦੇ ਇਜਲਾਸ ਵਿਚ ਕੇਵਲ ਇਕ ਦਾਤਾ ਦੇਖਿਆ - ਈਦੀ।

ਕੁਝ ਦਿਨਾਂ ਬਾਅਦ ਇਕ ਫ਼ੌਜੀ ਅਫ਼ਸਰ ਈਦੀ ਫ਼ਾਉਂਡੇਸ਼ਨ ਆਇਆ। ਕਿਹਾ - ਈਦੀ ਸਾਹਿਬ, ਮੈਨੂੰ ਜ਼ਿਆ ਸਾਹਿਬ ਨੇ ਭੇਜਿਆ ਹੈ। ਉਨ੍ਹਾਂ ਨੂੰ ਲੱਗਾ ਤੁਸੀਂ ਉਨ੍ਹਾਂ ਨਾਲ ਨਾਰਾਜ਼ ਹੋ। ਉਨ੍ਹਾਂ ਨਰਾਜ਼ਗੀ ਦਾ ਕਾਰਨ ਪੁੱਛਿਆ ਹੈ। ਈਦੀ ਨੇ ਕਿਹਾ - ਨਾਰਾਜ਼ ਨਹੀਂ ਹਾਂ। ਮੈਂ ਇਹ ਦੱਸਣ ਦਾ ਇੱਛੁਕ ਹਾਂ ਕਿ ਦੇਸ਼ ਦਾ ਭਲਾ ਕਿਵੇਂ ਹੋ ਸਕਦਾ ਹੈ। ਮੇਰੇ ਕੋਲ ਇਸ ਦਾ ਇਲਾਜ ਹੈ। ਇਹ ਇਲਾਜ ਜ਼ਿਆ ਸਾਹਿਬ ਕਰ ਸਕਦੇ ਹਨ। ਉਹ ਚਲਾ ਗਿਆ। ਫਿਰ ਨਹੀਂ ਆਇਆ। ਬਿਲਕੀਸ ਨੇ ਕਿਹਾ - ਵਧੀਕ ਪੰਗਾ ਨਾ ਲਿਆ ਕਰੋ। ਉਹਨੇ ਤਾਂ ਭੁੱਟੋ ਨਹੀਂ ਛੱਡਿਆ। ਤੁਹਾਡੀ ਕੀ ਹੈਸੀਅਤ ?

1982 ਵਿਚ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸੁਹਾਰਤੋ ਨੇ ਪਾਕਿਸਤਾਨ ਆਉਣਾ ਸੀ। ਈਦੀ ਨੂੰ ਸੱਦਾ ਆ ਗਿਆ। ਸੱਦਾ ਇੰਡੋਨੇਸ਼ੀਆ ਦੇ ਸਫ਼ਾਰਤਖ਼ਾਨੇ ਵੱਲੋਂ ਆਇਆ ਸੀ, ਯਾਨੀ ਕਿ ਸੁਹਾਰਤੋ ਵੱਲੋਂ। ਈਦੀ ਤੁਰ ਪਿਆ, ਸ਼ਾਇਦ ਸੁਹਾਰਤੋ ਨੇ ਕਿਸੇ ਤੋਂ ਈਦੀ ਦਾ ਨਾਮ ਸੁਣਿਆਂ ਹੋਵੇ। ਸੱਦਾ-ਪੱਤਰ ਦੇਖ ਕੇ ਇਕ ਅਫ਼ਸਰ ਈਦੀ ਨੂੰ ਵੀ.ਆਈ.ਪੀ. ਅਹਾਤੇ ਵੱਲ ਛੱਡ ਗਿਆ। ਐਲਾਨ ਹੋਇਆ - ਜਹਾਜ਼ ਆਉਣ ਵਾਲਾ ਹੈ। ਸਾਰੇ ਵੀ.ਆਈ.ਪੀ. ਜਹਾਜ਼ ਤੱਕ ਵਿਛਾਈ ਲਾਲ ਦਰੀ ਦੇ ਦੋਹੀਂ ਪਾਸੀਂ ਸਿੱਧੀ ਕਤਾਰ ਵਿਚ ਖਲੋਤੇ ਸਨ। ਈਦੀ ਨੇ ਨਜ਼ਰ ਦੌੜਾਈ - ਲਿਸ਼ਕਦੇ ਲਿਬਾਸ, ਬੂਟਾਂ ਦੀਆਂ ਟੋਆਂ ਇਉਂ ਚਮਕਦੀਆਂ ਜਿਵੇਂ ਦਰੀ ਦੇ ਕਿਨਾਰੇ ਮੋਤੀਆਂ ਨਾਲ ਪਰੋਏ ਹੋਣ। ਇਨ੍ਹਾਂ ਨਾਲ ਇਕ ਈਦੀ ਵੀ ਖਲੋਤਾ ਸੀ। ਇਕ ਅਫ਼ਸਰ ਉਸ ਕੋਲ ਆਇਆ, ਕਿਹਾ - ਈਦੀ ਸਾਹਿਬ। ਮੈਨੂੰ ਅਫ਼ਸੋਸ ਹੈ ਕਿ ਮੈਨੂੰ ਦੱਸਣਾ ਪੈ ਰਿਹਾ ਹੈ, ਇਹੋ ਜਿਹੇ ਮੌਕਿਆਂ 'ਤੇ ਖ਼ਾਸ ਲਿਬਾਸ ਪਾਉਣਾ ਹੁੰਦੈ। ਜਾਂ ਤਾਂ ਤੁਹਾਨੂੰ ਕੱਪੜੇ ਬਦਲਣੇ ਪੈਣਗੇ ਜਾਂ ..., ਅਫ਼ਸੋਸ ਹੈ ਸਰ, ਤੁਹਾਨੂੰ ਇਥੋਂ ਜਾਣਾ ਪਵੇਗਾ। ਈਦੀ ਨੇ ਕਿਹਾ - ਜਦੋਂ ਮੈਨੂੰ ਸੱਦਾ ਭੇਜਿਆ ਗਿਆ ਸੀ, ਉਦੋਂ ਸਰਕਾਰ ਨੂੰ ਮੇਰੇ ਲਿਬਾਸ ਦਾ ਪਤਾ ਨਹੀਂ ਸੀ ? ਤੁਹਾਡਾ ਖ਼ਿਆਲ ਸੀ ਸੱਦਾ-ਪੱਤਰ ਮਿਲਣ ਸਾਰ ਮੈਂ ਨਵੇਂ ਕੱਪੜੇ ਸਿਲਾ ਲਵਾਂਗਾ ? ਇਹ ਸੁਣ ਕੇ ਅਫ਼ਸਰ ਚਲਾ ਗਿਆ। ਫਿਰ ਦੋ ਹੋਰ ਅਫ਼ਸਰ ਆ ਗਏ। ਕਿਹਾ - ਈਦੀ ਸਾਹਿਬ ਇਹ ਸਾਡਾ ਜ਼ਾਤੀ ਮਾਮਲਾ ਨਹੀਂ ਹੈ। ਇਹ ਸਾਡੀ ਡਿਊਟੀ ਹੈ, ਅਸੀਂ ਸਵਾਗਤ ਵਿਚ ਕੋਈ ਨੁਕਸ ਨਾ ਰਹਿਣ ਦੇਈਏ। ਤੁਸੀਂ ਚਲੇ ਜਾਉ।

ਈਦੀ ਨੇ ਉੱਚੀ ਆਵਾਜ਼ ਵਿਚ ਕਿਹਾ - ਦਫ਼ਾ ਹੋ ਜਾਉ। ਮੈਂ ਇਥੇ ਖਲੋਵਾਂਗਾ। ਜਿਸ ਬੰਦੇ ਨੇ ਤੀਹ ਸਾਲ ਦਿਨ ਦੇਖਿਆ ਨਾ ਰਾਤ, ਕੰਮ ਕਰਦਾ ਪਾਗਲ ਹੋ ਗਿਆ,

ਉਹ ਤੁਹਾਨੂੰ ਬੁਰਾ ਲੱਗਦਾ ਹੈ। ਮੈਂ ਸੱਦਾ-ਪੱਤਰ ਕਬੂਲ ਕਰ ਕੇ ਪੁੱਜ ਗਿਆ ਹਾਂ। ਹੁਣ ਆਪਣਾ ਫ਼ੈਸਲਾ ਨਹੀਂ ਬਦਲਾਂਗਾ। ਉਹ ਨੀਵੀਆਂ ਪਾ ਕੇ ਚਲੇ ਗਏ। ਵਾਪਸ ਆ ਕੇ ਈਦੀ ਨੇ ਇਸ ਘਟਨਾ ਦਾ ਵੇਰਵਾ ਦਿੰਦਿਆਂ ਸਰਕਾਰ ਨੂੰ ਲਿਖਿਆ - ਭਵਿੱਖ ਵਿਚ ਮੈਨੂੰ ਕਿਸੇ ਸਰਕਾਰੀ ਸਮਾਰੋਹ ਵਿਚ ਨਾ ਬੁਲਾਇਆ ਜਾਏ। ਜਿਹੜੇ ਕੁਝ ਨਹੀਂ ਕਰਦੇ, ਲੁੱਟਦੇ ਹਨ, ਖਾਂਦੇ ਹਨ, ਪੀਂਦੇ ਹਨ, ਸੌਂਦੇ ਹਨ, ਉਨ੍ਹਾਂ ਨੂੰ ਬੁਲਾਇਆ ਕਰੋ। ਹੁਣ ਅਫ਼ਸਰ ਖਿਮਾ ਮੰਗਣ ਆਏ - ਈਦੀ ਸਾਹਿਬ ਤੁਹਾਡਾ ਉਥੇ ਹੋਣਾ ਬਹੁਤ ਜ਼ਰੂਰੀ ਸੀ, ਸਗੋਂ ਪ੍ਰਸ਼ੰਸਾਯੋਗ ਸੀ, ਈਦੀ ਸਾਹਿਬ...ਈਦੀ ਸਾਹਿਬ...।

ਬਿਲਕੀਸ ਨੂੰ ਕਿਹਾ - ਜਦੋਂ ਅਫ਼ਸਰ ਮੈਨੂੰ ਬਾਹਰ ਦਾ ਰਸਤਾ ਦਿਖਾਣ ਲੱਗੇ ਸਨ ਮੇਰਾ ਦਿਲ ਕੀਤਾ ਸੀ ਬੈਗ ਵਿੱਚੋਂ ਰਸੀਦ ਬੁੱਕ ਕੱਢ ਕੇ ਇਨ੍ਹਾਂ ਤੋਂ ਦਾਨ ਮੰਗਣਾ ਸ਼ੁਰੂ ਕਰ ਦਿਆਂ। ਬਿਲਕੀਸ ਨੇ ਕਿਹਾ - ਫੇਰ ਤਾਂ ਚੁੱਕ ਕੇ ਤੁਹਾਨੂੰ ਬਾਹਰ ਸੁੱਟ ਦੇਣਾ ਸੀ ਉਨ੍ਹਾਂ। ਈਦੀ ਨੇ ਕਿਹਾ - ਮੈਨੂੰ ਕੋਈ ਬਾਹਰ ਨਹੀਂ ਸੁੱਟ ਸਕਦਾ। ਮੇਰੀ ਬੇਇੱਜ਼ਤੀ, ਆਦਮਜ਼ਾਤ ਦੀ ਬੇਇੱਜ਼ਤੀ ਹੋਣੀ ਸੀ।

ਉਸਨੇ ਲੈਬਨਾਨ ਜਾਣ ਦੀ ਆਗਿਆ ਮੰਗੀ। ਐਂਬੈਸੀ ਨੇ ਬੈਂਕ ਸਟੇਟਮੈਂਟ ਮੰਗੀ। ਈਦੀ ਨੇ ਕਿਹਾ - ਮੰਗਤੇ ਕੋਲ ਬੈਂਕ ਸਟੇਟਮੈਂਟ ਕਿਥੇ ? ਮੇਰੇ ਕੋਲ ਕੋਈ ਪੈਸਾ ਨਹੀਂ। ਵੀਜ਼ਾ ਮਿਲ ਗਿਆ। ਜਹਾਜ਼ ਡੁੱਬਈ ਉਤਰਿਆ। ਇਥੋਂ ਬੱਸ ਰਾਹੀਂ ਬੈਰੂਤ ਜਾਣਾ ਸੀ। ਜਿਥੇ ਬੱਸ ਨੇ ਉਤਾਰੇ, ਉਥੋਂ ਮਸਜਿਦ ਦੇ ਮੀਨਾਰ ਦੇਖੇ। ਭੁੱਖ ਲੱਗੀ ਹੋਈ ਸੀ। ਮਸਜਿਦ ਵਿਚ ਨਮਾਜ਼ ਪੜ੍ਹੀ। ਇਕ ਪਹਿਰੇਦਾਰ ਆਟੇ ਦੀਆਂ ਬੋਰੀਆਂ ਦੀ ਰਾਖੀ ਕਰ ਰਿਹਾ ਸੀ। ਇਸ਼ਾਰੇ ਨਾਲ ਉਸ ਤੋਂ ਰੋਟੀ ਮੰਗੀ, ਉਸ ਨੇ ਕਿਹਾ - ਮਾਫ਼ ਕਰੋ। ਈਦੀ ਬੈਠਾ ਰਿਹਾ। ਉਹ ਪਹਿਰੇਦਾਰ ਵੱਡੀ ਸਾਰੀ ਰੋਟੀ ਤੇ ਚਾਰ ਪੰਜ ਟਮਾਟਰ ਦੇ ਗਿਆ। ਰੋਟੀ ਦਾ ਚੌਥਾ ਹਿੱਸਾ ਟਮਾਟਰ ਨਾਲ ਖਾ ਕੇ ਬਾਕੀ ਦੀ ਝੋਲੇ ਵਿਚ ਪਾ ਲਈ। ਬੈਰੂਤ ਉਜੜ ਚੁੱਕਾ ਸੀ। ਖ਼ਾਲੀ ਮਕਾਨ, ਢੱਠੇ ਹੋਟਲ, ਉਜਾੜ ਸੁੰਨਸਾਨ ਗਲੀਆਂ। ਹੋਟਲ ਸਾਹਮਣੇ ਲੇਟੇ ਇਕ ਬੰਦੇ ਨੂੰ ਪੁੱਛਿਆ - ਮੈਂ ਕਿਥੇ ਰਹਿ ਸਕਦਾ ਹਾਂ ? ਉਸਨੇ ਆਪਣੇ ਹੱਥ ਉਠਾ ਕੇ ਕਿਹਾ - ਜਿਥੇ ਮਰਜ਼ੀ। ਧਰਤੀ ਅਸਮਾਨ ਸਭ ਖ਼ਾਲੀ ਹਨ। ਹਰ ਚੀਜ਼ ਮੁਫ਼ਤ ਹੈ। ਸ਼ਹਿਰ ਨਹੀਂ, ਕਬਰਿਸਤਾਨ ਲੱਗਦਾ ਸੀ ਇਹ। ਇਕ ਬਜ਼ੁਰਗ ਸਿਪਾਹੀ ਡਿਊਟੀ ਦੇ ਰਿਹਾ ਸੀ। ਉਸਨੂੰ ਦੱਸਿਆ ਕਿ ਮੈਂ ਪਾਰਲੀਮੈਂਟ ਦਾ ਮੈਂਬਰ ਹਾਂ, ਮੈਨੂੰ ਪਾਕਿਸਤਾਨੀ ਸਫ਼ਾਰਤਖ਼ਾਨੇ ਦਾ ਰਸਤਾ ਦੱਸ ਦਿਉ। ਸਿਪਾਹੀ ਹੈਰਾਨ ਹੋ ਗਿਆ, ਕਿਹਾ - ਐਮ.ਪੀ. ਤਾਂ ਅਮਰੀਕਾ ਅਤੇ ਯੌਰਪ ਦੀ ਸੈਰ ਕਰਨ ਜਾਂਦੇ ਹਨ। ਤੁਸੀਂ ਇੱਧਰ ਕਿਵੇਂ ਆਏ ? ਸਿਪਾਹੀ ਨੂੰ ਵੀ ਭੁੱਖ ਲੱਗੀ ਹੋਈ ਸੀ। ਦੋਹਾਂ ਨੇ ਈਦੀ ਦੇ ਝੋਲੇ ਵਿੱਚੋਂ ਬਚੀ ਹੋਈ ਰੋਟੀ ਟਮਾਟਰਾਂ ਨਾਲ ਖਾਧੀ। ਕਾਗ਼ਜ਼-ਪੱਤਰ ਦੇਖ ਕੇ ਸਿਪਾਹੀ ਨੇ ਕਿਹਾ - ਏਸ ਗੱਡੀ ਵਿਚ ਜੇ ਪੈਟਰੋਲ ਪੁਆ ਦਿਉ ਤਾਂ ਮੈਂ ਤੁਹਾਡਾ ਡਰਾਇਵਰ ਅਤੇ ਗਾਈਡ ਹੋਵਾਂਗਾ।

ਬੇਘਰੇ ਲੋਕ ਤੰਬੂਆਂ ਵਿਚ ਰਹਿ ਰਹੇ ਸਨ। ਭੁੱਖੇ ਬੱਚੇ ਹੱਥ ਅੱਡ ਕੇ ਈਦੀ ਅੱਗੇ ਖਲੋ ਜਾਂਦੇ। ਈਦੀ ਨੇ ਇਕ ਇਕ ਪਰਿਵਾਰ ਨੂੰ ਦੋ ਦੋ ਸੌ ਡਾਲਰ ਦਿੱਤੇ। ਸ਼ੁਕਰਾਨਾ ਕਰਦਿਆਂ ਆਖਦੇ, ਸਾਡੇ ਅਰਬ ਭਰਾ ਤਾਂ ਆਏ ਨਹੀਂ। ਤੁਸੀਂ ਪਾਕਿਸਤਾਨੋਂ ਹਮਦਰਦੀ ਕਰਨ ਆਏ। ਈਦੀ ਨੇ ਕਿਹਾ - ਪਾਕਿਸਤਾਨ ਦੀ ਸਲਾਮਤੀ ਲਈ ਦੁਆ ਕਰੋ।

1983 ਦੇ ਸਾਲ ਸਿੰਧ ਵਿਚ ਤਾਨਾਸ਼ਾਹੀ ਵਿਰੁੱਧ ਲੋਕ ਰੋਹ ਉੱਠਣ ਲੱਗਾ। ਈਦੀ ਉਪਰ ਇਲਜ਼ਾਮ ਲੱਗੇ, ਲਾਸ਼ਾਂ ਢੋਣ ਦੇ ਬਹਾਨੇ ਇਹ ਹਥਿਆਰ ਸਪਲਾਈ ਕਰਦਾ ਹੈ।

ਈਦੀ ਨੇ ਕੋਈ ਜਵਾਬ ਨਹੀਂ ਦਿੱਤਾ। ਫਿਰ ਸਵਾਲ ਹੋਇਆ - ਜੇ ਡਾਕੂਆਂ ਦੇ ਖ਼ਿਲਾਫ਼ ਹੈ ਤਾਂ ਈਦੀ ਡਾਕੂਆਂ ਵਿਰੁੱਧ ਬਿਆਨ ਕਿਉਂ ਨਹੀਂ ਦਿੰਦਾ ? ਈਦੀ ਨੇ ਕਿਹਾ - ਬੱਚੇ ਡਾਕੂ ਕਿਉਂ ਬਣੇ, ਇਸ ਦਾ ਕਾਰਨ ਲੱਭ ਕੇ ਇਲਾਜ ਕਰੋ। ਮਾਹੌਲ ਏਨਾ ਖ਼ੌਫ਼ਜ਼ਦਾ ਹੋ ਗਿਆ ਹੈ ਕਿ ਸਿੰਧ ਦੀਆਂ ਮਸਜਿਦਾਂ ਵਿਚ ਕੋਈ ਨਮਾਜ਼ ਪੜ੍ਹਨ ਨਹੀਂ ਜਾਂਦਾ। ਜੇ ਪੁਲਿਸ ਅਤੇ ਫ਼ੌਜ ਦੇ ਹੁੰਦਿਆਂ ਆਮ ਆਦਮੀ ਸੁਰੱਖਿਅਤ ਨਹੀਂ ਤਾਂ ਹਥਿਆਰ ਆਮ ਲੋਕਾਂ ਵਿਚ ਵੰਡ ਦਿਉ। ਉਹ ਆਪਣੀ ਰਾਖੀ ਆਪ ਕਰ ਲੈਣਗੇ। ਤੁਹਾਡੇ ਬੰਗਲੇ, ਕਾਰਾਂ ਤੇ ਬੈਂਕ ਖ਼ਾਤੇ ਤੁਹਾਡੇ ਜੁਰਮਾਂ ਦਾ ਸਬੂਤ ਹਨ।

ਈਦੀ ਨੂੰ ਪਤਾ ਲੱਗਦਾ ਕਿ ਫ਼ਲਾਣੀ ਥਾਂ ਪੁਲਿਸ ਅਤੇ ਡਾਕੂਆਂ ਵਿਚਕਾਰ ਗੋਲੀਬਾਰੀ ਹੋ ਰਹੀ ਹੈ, ਆਪਣੀ ਵੈਨ ਸਟਾਰਟ ਕਰਕੇ ਉਥੇ ਪੁੱਜ ਜਾਂਦਾ। ਲਾਊਡ ਸਪੀਕਰ ਵਿਚ ਐਲਾਨ ਕਰਦਾ - ਈਦੀ ਲਾਸ਼ਾਂ ਅਤੇ ਜ਼ਖ਼ਮੀਆਂ ਨੂੰ ਲੈਣ ਆਇਆ ਹੈ। ਗੋਲੀ ਬੰਦ ਕਰੋ। ਗੋਲੀਬਾਰੀ ਬੰਦ ਹੋ ਜਾਂਦੀ। ਦੋਹਾਂ ਪਾਸਿਆਂ ਦੇ ਜ਼ਖ਼ਮੀਆਂ ਤੇ ਲਾਸ਼ਾਂ ਨੂੰ ਲੈ ਕੇ ਵਾਪਸ ਤੁਰ ਪੈਂਦਾ। ਮੁਕਾਬਲਾ ਫੇਰ ਸ਼ੁਰੂ ਹੋ ਜਾਂਦਾ।

ਰਮਜ਼ਾਨ ਦੇ ਮਹੀਨੇ ਸ਼ਾਮੀਂ ਘਰ ਪਰਤ ਰਿਹਾ ਸੀ। ਈਦੀ ਨੇ ਕਾਰ ਪਿੱਛੇ ਦੋ ਹਥਿਆਰਬੰਦ ਬੰਦੇ ਸ਼ਹਿ ਕੇ ਬੈਠੇ ਦੇਖੇ। ਉਪਰ ਨਿਗਾਹ ਮਾਰੀ ਤਾਂ ਸੁਨਿਆਰ ਦੀ ਛੱਤ ਉਪਰ ਏ.ਕੇ. ਸੰਤਾਲੀ ਲਈ ਖਲੋਤੇ ਜੁਆਨ ਦੇਖੇ। ਗੋਲੀਆਂ ਚੱਲੀਆਂ। ਇਕ ਨੇ ਕਿਹਾ - ਈਦੀ ਸਾਹਿਬ ਚਲੇ ਜਾਉ, ਨਹੀਂ ਤਾਂ ਮਾਰੇ ਜਾਓਗੇ। ਈਦੀ ਨੇ ਕਿਹਾ - ਨਹੀਂ ਜਾਵਾਂਗਾ। ਇਹ ਫ਼ਸਤਾ ਵੱਢ ਹੀ ਦਿਉ ਤਾਂ ਚੰਗਾ। ਛੱਤ ਤੋਂ ਇਕ ਜੁਆਨ ਚਿੱਲਾਇਆ - ਬੈਠ ਜਾਉ ਈਦੀ ਤੇ ਨਾਲ ਹੀ ਹੇਠਾਂ ਛਾਲ ਮਾਰ ਦਿੱਤੀ। ਗੋਲੀ ਉਸਦੇ ਦਿਲ ਵਿੱਚੋਂ ਦੀ ਲੰਘ ਗਈ। ਲਹੂ ਦੇ ਫ਼ੁਹਾਰੇ ਕੰਧਾਂ ਉਪਰ ਚਲੇ। ਈਦੀ ਦੀ ਜਾਨ ਬਚਾਉਂਦੇ ਦੋ ਜੁਆਨ ਮਰੇ। ਲਹੂ ਭਿੱਜੇ ਕੱਪੜੇ ਦੇਖ ਕੇ ਬਿਲਕੀਸ ਨੇ ਪੁੱਛਿਆ - ਇਹ ਕੀ ? ਸਾਰੀ ਗੱਲ ਦੱਸੀ। ਅਗਲੀ ਸਵੇਰ ਬਿਲਕੀਸ ਮੌਕਾ ਦੇਖਣ ਗਈ। ਮਾਸ ਦੇ ਟੁਕੜੇ ਅਜੇ ਖਿਲਰੇ ਪਏ ਸਨ।

ਪੁਲਿਸ ਮੁਕਾਬਲੇ ਵਿਚ ਮਰੇ ਡਾਕੂਆਂ ਦੀਆਂ ਲਾਸ਼ਾਂ ਸਨਮਾਨ ਸਹਿਤ ਮੀਠਾਦਾਰ ਵਿਚ ਦਫ਼ਨਾਈਆਂ। ਖ਼ਤਰਨਾਕ ਡਾਕੂ ਕਸ਼ਮੀਰੇ ਦੇ ਰਿਸ਼ਤੇਦਾਰ ਉਸਦੀ ਕੱਟੀ ਹੋਈ ਲੱਤ ਲੈ ਕੇ ਆਏ। ਲੱਤ ਦਾ ਸਸਕਾਰ ਕਰ ਦਿੱਤਾ। ਉਸ ਸਾਈਜ਼ ਦੀ ਲੱਤ ਬਣਵਾ ਕੇ ਵਾਰਸਾਂ ਨੂੰ ਦੇ ਦਿੱਤੀ। ਪੁਲਿਸ ਘੱਟਾਨੀ ਡਾਕੂ ਦੀ ਲਾਸ਼ ਲੈ ਕੇ ਆਈ। ਕਿਸੇ ਨੇ ਕਿਹਾ - ਘੱਟਾਨੀ ਬਹੁਤ ਬੁਰਾ ਆਦਮੀ ਸੀ। ਬਿਲਕੀਸ ਚਿੱਲਾਈ - ਕਿਸੇ ਮਾਂ ਦੇ ਪੇਟ ਵਿੱਚੋਂ ਡਾਕੂ ਨਹੀਂ ਜੰਮਦਾ। ਕਾਨੂੰਨ ਇਸ ਤੋਂ ਵੱਡੇ ਲੁਟੇਰਿਆਂ ਦੀ ਹਿਫ਼ਾਜ਼ਤ ਕਰ ਰਿਹੈ।

ਡਾਕੂਆਂ ਦੇ ਆਪਣੇ ਆਪਣੇ ਇਲਾਕੇ ਸਨ, ਆਪੋ-ਆਪਣੀਆਂ ਚੈਕ ਪੋਸਟਾਂ, ਈਦੀ ਦੀ ਗੱਡੀ ਰੁਕਦੀ ਤਾਂ ਆਵਾਜ਼ ਆਉਂਦੀ - ਈਦੀ ਬਾਬਾ ਹੈ। ਜਾਣ ਦਿਉ।

1986 ਵਿਚ ਫਿਲਪੀਨ ਸਰਕਾਰ ਨੇ ਮੈਗਾਸਾਸੇ ਸਨਮਾਨ ਦੇਣ ਦਾ ਫ਼ੈਸਲਾ ਕੀਤਾ। ਮੀਆਂ ਬੀਵੀ ਨੇ ਦੋ ਦੋ ਜੋੜੇ ਕੱਪੜਿਆਂ ਦੇ ਪੈਕ ਕਰ ਲਏ। ਜਹਾਜ਼ ਤੋਂ ਉਤਰੇ ਤਾਂ ਸਵਾਗਤ ਵਾਸਤੇ ਬੈਂਡ ਵੱਜ ਰਿਹਾ ਸੀ। ਇਕ ਕਾਰ ਵਿਚ ਬਿਠਾ ਕੇ ਪੰਜ-ਤਾਰਾ ਹੋਟਲ ਵਿਚ ਲੈ ਗਏ। ਹੋਟਲ ਦਾ ਕਮਰਾ ਦੇਖ ਕੇ ਬਿਲਕੀਸ ਬੱਚਿਆਂ ਵਾਂਗ ਹਰ ਚੀਜ਼ ਛੂਹ ਛੂਹ ਦੇਖਣ ਲੱਗੀ। ਆਹ ਗੱਦੇ ਦੇਖੋ, ਕਿੰਨੇ ਸਾਫ਼, ਕਿੰਨੇ ਨਰਮ। ਸਿਰਹਾਣਾ ਸੁੰਘ ਕੇ ਤਾਂ ਦੇਖੋ। ਗੁਲਾਬ ਦੀ ਖ਼ੁਸ਼ਬੂ। ਇਹ ਗੁਲਾਬ ਜਲ ਨਾਲ ਕੱਪੜੇ ਧੋਂਦੇ ਹੋਣਗੇ। ਆਹ ਪਰਦੇ ਦੇਖੋ। ਇਕ ਇਕ ਨਹੀਂ, ਕਈ ਕਈ ਕੱਪੜੇ ਇਕੱਠੇ ਸੀਊਂ ਕੇ ਬਣਾਏ ਨੇ। ਇਧਰ ਗੁਸਲਖ਼ਾਨੇ ਵਿਚ ਆ

ਕੇ ਦੇਖੋ ... ਫ਼ਰਸ਼ ਵਿੱਚੋਂ ਚਿਹਰਾ ਦਿਸਦਾ ਹੈ। ਉਹ ਗੱਦੇ 'ਤੇ ਲੇਟੀ ਤੇ ਜਲਦੀ ਸੌਂ ਗਈ। ਈਦੀ ਫ਼ਰਸ਼ 'ਤੇ ਸੌਂ ਗਿਆ। ਸਵੇਰੇ ਉਠਣ ਸਾਰ ਕਹਿਣ ਲੱਗੀ - ਮੈਂ ਆਪਣੇ ਲਈ ਇਸ ਨਾਲ ਦਾ ਗੱਦਾ ਖ਼ਰੀਦ ਕੇ ਲਿਜਾਵਾਂਗੀ। ਅੱਜ ਵਰਗੀ ਨੀਂਦ ਕਦੀ ਨਹੀਂ ਆਈ।

ਸਨਮਾਨ ਸਮਾਰੋਹ ਵਕਤ ਹਾਲ ਭਰਿਆ ਹੋਇਆ ਸੀ। ਮੀਆਂ ਬੀਵੀ ਦਾ ਨਾਮ ਬੋਲਿਆ ਗਿਆ। ਦੋਵੇਂ ਉੱਠ ਕੇ ਉਸ ਥਾਂ ਖਲੋ ਗਏ ਜਿਥੇ ਫਿਲਪੀਨ ਅਤੇ ਪਾਕਿਸਤਾਨ ਦੇ ਝੰਡੇ ਲਹਿਰਾ ਰਹੇ ਸਨ। ਪਾਕਿਸਤਾਨ ਦਾ ਕੌਮੀ ਤਰਾਨਾ ਗਾਇਆ ਗਿਆ, ਰਾਸ਼ਟਰਪਤੀ ਨੇ ਸਨਮਾਨ-ਚਿੰਨ੍ਹ, ਸੋਨੇ ਦਾ ਤਮਗ਼ਾ ਤੇ ਵੀਹ ਹਜ਼ਾਰ ਡਾਲਰ ਦਾ ਚੈੱਕ ਦਿੱਤੇ। ਮੀਆਂ ਬੀਵੀ ਦੋਵੇਂ ਰੋ ਪਏ। ਹੇਠਾਂ ਉਤਰੇ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਹਾਲ ਗੂੰਜਿਆ।

ਅਗਲੀ ਸ਼ਾਮ ਪ੍ਰਧਾਨ ਮੰਤਰੀ ਕੈਰੀ ਅਕਾਇਨੋ ਨੇ ਭੋਜਨ ਦਾ ਸੱਦਾ ਦਿੱਤਾ। ਈਦੀ ਸ਼ਾਂਤ ਰਿਹਾ ਪਰ ਬਿਲਕੀਸ ਖ਼ੁਸ਼ੀ ਅਤੇ ਹੈਰਾਨੀ ਨਾਲ ਮਹਿਲ ਦੀ ਹਰੇਕ ਚੀਜ਼ ਦੇਖਦਿਆਂ ਆਖਦੀ - ਅਹੁ ਦੇਖ ਈਦੀ... ਅਹੁ ਦੇਖ...ਫਾਨੂਸ ਅਤੇ ਲਾਈਟਾਂ ਜਿਵੇਂ ਅਸਮਾਨ ਵਿਚ ਲਟਕੀਆਂ ਹੋਣ। ਵਾਪਸੀ 'ਤੇ ਥਾਈਲੈਂਡ ਦੇ ਬਾਦਸ਼ਾਹ ਨੇ ਦਾਅਵਤ ਦਿੱਤੀ। ਉਸ ਪਿੱਛੋਂ ਬੰਗਲਾ ਦੇਸ਼ ਵਿਚ ਈਦੀ ਫ਼ਾਊਂਡੇਸ਼ਨ ਦੀ ਬ੍ਰਾਂਚ ਦਾ ਮੁਆਇਨਾ ਕਰਨ ਚਲੇ ਗਏ। ਪਾਕਿਸਤਾਨ ਵਾਪਸ ਆ ਕੇ ਕਈ ਮਹੀਨੇ ਬਿਲਕੀਸ ਸਫ਼ਰ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ। ਹਰ ਸਵੇਰ ਪਿਛਲੀ ਕਹਾਣੀ ਵਿਚ ਨਵਾਂ ਵਾਧਾ ਹੋ ਜਾਂਦਾ।

ਆਰਮੀਨੀਆਂ ਵਿਚ ਭੂਚਾਲ ਦੌਰਾਨ ਈਦੀ ਫ਼ਾਊਂਡੇਸ਼ਨ ਵਲੋਂ ਨਿਭਾਈ ਭੂਮਿਕਾ ਕਾਰਨ ਸੋਵੀਅਤ ਦੇਸ਼ ਨੇ ਸ਼ਾਂਤੀ ਪੁਰਸਕਾਰ ਦਿੱਤਾ।

ਇਕ ਸਮਾਗਮ ਵਿਚ ਧਨੀ ਸੇਠ ਨੇ ਕਿਹਾ - ਈਦੀ ਕੋਈ ਲੋਕ ਭਲਾਈ ਨਹੀਂ ਕਰਦਾ। ਵਪਾਰ ਕਰ ਰਿਹੈ। ਕਿਸੇ ਸੇਠ ਨੂੰ ਉਸ ਦੇ ਕੰਮ ਦੀ ਨਿਗਰਾਨੀ 'ਤੇ ਤੈਨਾਤ ਕਰਨਾ ਚਾਹੀਦਾ ਹੈ। ਲੋਕਾਂ ਨੇ ਉਸਨੂੰ ਜੁੱਤੀਆਂ ਮਾਰ ਕੇ ਬਾਹਰ ਕੱਢ ਦਿੱਤਾ। ਈਦੀ ਨੂੰ ਖ਼ਬਰ ਮਿਲੀ, ਹੱਸ ਕੇ ਕਿਹਾ - ਡਾਕੂ, ਨੇਕ ਚਲਣੀ ਦਾ ਸਰਟੀਫ਼ਿਕੇਟ ਲੈਣ ਆਇਆ ਸੀ।

ਉਸ ਉਪਰ ਅਜਿਹੇ ਇਲਜ਼ਾਮ ਲੱਗਦੇ - ਈਦੀ ਫੁੱਟਪਾਥਾਂ ਤੋਂ ਬਦਚਲਣ ਔਰਤਾਂ ਚੁੱਕ ਕੇ ਲੈ ਜਾਂਦਾ ਹੈ। ਇਸ ਨਾਲ ਵਿਭਚਾਰ ਨੂੰ ਉਤਸ਼ਾਹ ਮਿਲਦਾ ਹੈ। ਉਹ ਹਿੰਦੂਆਂ ਅਤੇ ਈਸਾਈਆਂ ਵੱਲ ਵਧੀਕ ਧਿਆਨ ਦਿੰਦਾ ਹੈ। ਈਦੀ ਆਖਦਾ - ਮਾਨਸਿਕ ਰੋਗਣ ਨੂੰ ਪਤਾ ਈ ਨੀ ਹੁੰਦਾ ਵਿਭਚਾਰ ਕੀ ਹੁੰਦੈ। ਮਰਦ ਉਨ੍ਹਾਂ ਨਾਲ ਜਬਰ ਵੀ ਕਰਦਾ ਹੈ, ਫਿਰ ਦੋਸ਼ ਲਾ ਕੇ ਕੈਦ ਵਿਚ ਭਿਜਵਾ ਦਿੰਦਾ ਹੈ। ਆਸ਼ਰਮ ਵਿਚ ਗਰਭਵਤੀਆਂ ਪਾਗਲ ਔਰਤਾਂ ਦਾਖ਼ਲ ਕੀਤੀਆਂ ਗਈਆਂ ਹਨ। ਰਹੀ ਗੱਲ ਹਿੰਦੂਆਂ ਤੇ ਈਸਾਈਆਂ ਦੀ। ਇਸਲਾਮ ਅਨੁਸਾਰ ਰੱਬ ਇਕ ਹੈ। ਅੱਯਾਸ਼ ਲੋਕਾਂ ਕੋਲ ਕਈ ਕਈ ਰੱਬ ਹੋਣਗੇ। ਦੁਰਕਾਰਿਆਂ ਹੋਇਆਂ ਦਾ ਰੱਬ ਇਕ ਹੈ। ਇਕ ਮੁਸਲਮਾਨ ਹੋਣ ਦੇ ਨਾਤੇ ਮੈਨੂੰ ਫ਼ਖ਼ਰ ਹੈ ਕਿ ਮੈਂ ਗ਼ੈਰ-ਮੁਸਲਮਾਨਾਂ ਨੂੰ ਉਨਾ ਈ ਪਿਆਰ ਕਰਦਾ ਜਿੰਨਾ ਮੁਸਲਮਾਨਾਂ ਨੂੰ। ਮੇਰੀ ਐਂਬੂਲੈਂਸ ਕੇਵਲ ਗ਼ਰੀਬ ਦੇ ਘਰ ਨਹੀਂ ਜਾਂਦੀ। ਅਮੀਰ ਆਵਾਜ਼ ਮਾਰਦੇ ਹਨ ਤਾਂ ਵੀ ਪੁੱਜਦੀ ਹੈ। ਕਰੋੜਪਤੀ ਬੰਦੇ ਆਪਣੇ ਮਾਪਿਆਂ ਨੂੰ ਇਥੇ ਛੱਡ ਜਾਂਦੇ ਹਨ ਕਿਉਂਕਿ ਬੋਝ ਬਣ ਗਏ ਹਨ। ਆਖਦੇ ਹਨ - ਕੋਈ ਤਕਲੀਫ਼ ਹੋਵੇ, ਈਦੀ ਸਾਹਿਬ ਦੱਸਣਾ। ਜਿਹੜੇ ਆਪਣੇ ਮਾਪਿਆਂ ਦਾ ਭਾਰ ਨੀ ਚੁੱਕ ਸਕਦੇ, ਈਦੀ ਨੂੰ ਕੀ ਦੇਣਗੇ ? ਮਿਲਣ ਵੀ ਨਹੀਂ ਆਉਂਦੇ।

ਰੋਗੀਆਂ ਅਤੇ ਯਤੀਮਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ ਤਾਂ ਕਰਾਚੀ ਨੈਸ਼ਨਲ ਹਾਈਵੇ 'ਤੇ 65 ਏਕੜ ਜ਼ਮੀਨ ਖ਼ਰੀਦ ਕੇ ਮਰਦਾਂ ਲਈ ਵੱਖਰਾ ਕੇਂਦਰ ਖੋਲ੍ਹ ਦਿੱਤਾ।

ਮਿਠਾਦਾਰ ਵਾਲਾ ਕੰਪਲੈਕਸ ਔਰਤਾਂ ਵਾਸਤੇ ਹੋ ਗਿਆ। ਮਾਨਸਿਕ ਰੋਗੀ ਸਭ ਤੋਂ ਵੱਡੀ ਮੁਸ਼ਕਲ ਸਨ। ਉਹ ਗ਼ੁਸਲਖ਼ਾਨੇ ਵਿਚ ਨਾ ਜਾਂਦੇ। ਜਿਥੇ ਦਿਲ ਕਰਦਾ ਗੰਦ ਖਿਲਾਰ ਦਿੰਦੇ। ਖੁਰਕ ਖੁਰਕ ਕੇ ਜਿਸਮ ਛਿੱਲ ਲੈਂਦੇ। ਜੂੰਆਂ ਨਾ ਕਢਵਾਉਂਦੇ। ਦਵਾਈਆਂ ਕੋਈ ਅਸਰ ਨਾ ਕਰਦੀਆਂ। ਹਰ ਸਵੇਰ ਜਦੋਂ ਈਦੀ ਉਨ੍ਹਾਂ ਨੂੰ ਇਸ਼ਨਾਨ ਕਰਵਾਉਣ ਜਾਂਦਾ, ਰੌਲਾ ਪੈ ਜਾਂਦਾ - ਈਦੂ ਬਾਬਾ ਆ ਗਿਆ ... ਈਦੂ ਬਾਬਾ ਆ ਗਿਆ। ਵਗਦੇ ਨੱਕਾਂ ਅਤੇ ਮੂੰਹ ਵਿਚ ਝੱਗਾਂ ਵਾਲੇ ਬੱਚੇ ਉਸ ਨੂੰ ਚੁੰਮਣਾ ਚਾਹੁੰਦੇ, ਜੱਫੀ ਪਾਉਣਾ ਚਾਹੁੰਦੇ। ਸਾਰਿਆਂ ਨੂੰ ਵਾਰੋ ਵਾਰੀ ਇਸ਼ਨਾਨ ਕਰਵਾ ਕੇ ਦਵਾਈਆਂ ਮਲ ਕੇ ਪਰਤਦਾ ਤਾਂ ਆਖਦਾ - ਹਰ ਰੋਜ਼ ਹੱਜ ਕਰ ਆਉਂਦਾ ਹਾਂ।

ਈਦੀ ਦਾ ਵਿਰੋਧੀ ਧਨੀ ਮੈਮਨ ਕੈਂਸਰ ਦਾ ਮਰੀਜ਼ ਹੋ ਗਿਆ। ਈਦੀ ਨੂੰ ਬੁਲਾ ਕੇ ਕਿਹਾ - ਟੀਕੇ ਦੀ ਸੂਈ ਏਨਾ ਦਰਦ ਕਰਦੀ ਹੈ ਕਿ ਮੈਂ ਘੰਟਿਆਂ ਬੱਧੀ ਤੜਪਦਾ ਰਹਿੰਨਾਂ। ਉਦੋਂ ਮੈਨੂੰ ਤੇਰੇ ਕੰਮ ਦੀ ਸਮਝ ਪੈਂਦੀ ਹੈ। ਈਦੀ ਨੇ ਕਿਹਾ - ਜੇ ਇਨਸਾਨੀਅਤ ਨਾ ਰਹੇ ਫੇਰ ਕੋਈ ਕੰਮ ਵੀ ਨਹੀਂ ਰਹਿਣਾ। ਆਪਾਂ ਅੱਲਾਹ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦੇ। ਇਕ ਹੋਰ ਸੇਠ ਨੇ ਬੁਲਾਇਆ ਤੇ ਕਿਹਾ - ਤੂੰ ਆਪਣੇ ਲਈ ਤਾਂ ਕੁਝ ਜੋੜਿਆ ਨਹੀਂ ਈਦੀ। ਇਹ ਸਵਾ ਲੱਖ ਰੁਪਏ ਨਿੱਜੀ ਤੇਰੇ ਵਾਸਤੇ ਹਨ, ਸੰਸਥਾ ਵਾਸਤੇ ਨਹੀਂ। ਈਦੀ ਪੈਸੇ ਛੱਡ ਕੇ ਆ ਗਿਆ।

ਉਸਨੇ ਫ਼ੈਸਲਾ ਕੀਤਾ ਕਿ ਹਰ 25 ਕਿਲੋਮੀਟਰ ਦੇ ਦਾਇਰੇ ਵਿਚ ਈਦੀ; ਭਲਾਈ ਸੈਂਟਰ ਖੋਲ੍ਹੇਗਾ। ਇਸ ਵਾਸਤੇ ਸਾਰੇ ਦੇਸ਼ ਦਾ ਦੌਰਾ ਕੀਤਾ। ਝੁੱਗੀਆਂ ਝੌਂਪੜੀਆਂ ਵਿਚ ਵੱਸਦੇ ਔਰਤਾਂ ਮਰਦ ਟੁੱਟ ਚੁੱਕੇ ਸਨ। ਨੰਗੇ ਬੱਚੇ ਪਾਗਲਾਂ ਵਾਂਗ ਈਦੀ ਵੱਲ ਦੌੜਦੇ। ਹਉਕਾ ਲੈ ਕੇ ਈਦੀ ਆਖਦਾ - ਮਾਰੂਥਲ ਦੀਆਂ ਭਵਿੱਖ ਬਾਣੀਆਂ। ਸ਼ਹਿਰੀ ਲੋਕਾਂ ਨੂੰ ਮੇਰੇ ਕੱਪੜੇ ਸੁਹਣੇ ਨਹੀਂ ਲੱਗਦੇ। ਇਨ੍ਹਾਂ ਲੋਕਾਂ ਨੂੰ ਮੇਰੇ ਕੱਪੜੇ ਕਿੰਨੇ ਸੁਹਣੇ ਲੱਗਦੇ ਹੋਣਗੇ? ਅੱਜ ਮੈਂ ਰੰਗਦਾਰ ਕਮੀਜ਼ ਕਾਹਨੂੰ ਪਾਉਣਾ ਸੀ? ਮੈਂ ਉਹ ਜ਼ਿੰਦਗੀ ਨਹੀਂ ਜੀਆਂਗਾ ਜਿਸਦਾ ਇਹ ਸੁਫ਼ਨਾ ਵੀ ਨਹੀਂ ਲੈ ਸਕਦੇ।

ਈਦੀ ਨੂੰ ਬਲੋਚਿਸਤਾਨ ਵਿਚ ਕੇਂਦਰ ਸਥਾਪਤ ਕਰਦਿਆਂ ਕਿਸੇ ਨੇ ਦੱਸਿਆ - ਜਦੋਂ ਕਿਸੇ ਬਲੋਚ ਸਰਦਾਰ ਦੀ ਕਾਰ ਜਾ ਰਹੀ ਹੋਵੇ ਤਾਂ ਤੁਹਾਡੀ ਐਂਬੂਲੈਂਸ ਉਸ ਤੋਂ ਅੱਗੇ ਲੰਘਣ ਦੀ ਗੁਸਤਾਖ਼ੀ ਨਾ ਕਰੇ। ਇਥੇ ਐਂਬੂਲੈਂਸ ਚੋਰੀ ਵੀ ਹੋ ਸਕਦੀ ਹੈ। ਤੁਹਾਡੇ ਬੰਦੇ ਅਗਵਾ ਕਰ ਕੇ, ਫਿਰੌਤੀ ਮੰਗੀ ਜਾ ਸਕਦੀ ਹੈ। ਹੈਰਾਨ ਹੋਇਆ ਈਦੀ ਕਹਿਣ ਲੱਗਾ - ਇਹ ਕੋਈ ਹੋਰ ਦੇਸ਼ ਹੈ? ਇਹ ਮੇਰਾ ਪਾਕਿਸਤਾਨ ਨਹੀਂ?

ਉਹੋ ਗੱਲ ਹੋਈ। ਐਂਬੂਲੈਂਸ ਚੋਰੀ ਹੋ ਗਈ। ਈਦੀ ਸਰਦਾਰ ਕੋਲ ਗਿਆ ਤੇ ਜਾ ਕੇ ਸ਼ਿਕਾਇਤ ਕੀਤੀ। ਬਲੋਚ ਸਰਦਾਰ ਨੇ ਇਲਾਕੇ ਦੇ ਬੰਦੇ ਬੁਲਾ ਕੇ ਕਿਹਾ - ਈਦੀ ਦੀ ਗੱਡੀ ਵਾਪਸ ਕਰੋ, ਨਹੀਂ ਤਾਂ ਤੁਹਾਥੋਂ ਪੈਸੇ ਉਗਰਾਹ ਕੇ ਨਵੀਂ ਖ਼ਰੀਦ ਕੇ ਦਿਆਂਗਾ। ਅਗਲੇ ਦਿਨ ਗੱਡੀ ਲੱਭ ਗਈ।

ਢਾਈ ਸੌ ਕੇਂਦਰ ਸਥਾਪਤ ਹੋ ਗਏ ਜੋ ਵਾਇਰਲੈੱਸ ਨੈਟਵਰਕ ਨਾਲ ਇਕ ਦੂਜੇ ਦੀ ਪਹੁੰਚ ਵਿਚ ਸਨ। ਕੋਰੀਅਰ ਕੰਪਨੀਆਂ ਨੇ ਆਪਣੀਆਂ ਸੇਵਾਵਾਂ ਮੁਫ਼ਤ ਦੇ ਦਿੱਤੀਆਂ। ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ ਨੇ ਹਰ ਮਹੀਨੇ ਢਾਈ ਕੁਇੰਟਲ ਡਾਕ ਮੁਫ਼ਤ ਢੋਣ ਦੀ ਪੇਸ਼ਕਸ਼ ਕੀਤੀ, ਪ੍ਰਵਾਨ ਹੋਈ।

ਕੋਸ਼ਿਸ਼ ਹੁੰਦੀ ਕਿ ਜਿਸ ਇਲਾਕੇ 'ਚੋਂ ਦਾਨ ਮਿਲਦਾ, ਉਸ ਨਾਲ ਉਸੇ ਇਲਾਕੇ

ਨੂੰ ਸੁਵਿਧਾ ਮਿਲਦੀ ਪਰ ਬਹੁਤ ਗ਼ਰੀਬ ਇਲਾਕਿਆਂ ਵਿਚ ਕੇਂਦਰ ਸਥਾਪਤ ਕਰਨ ਲਈ ਇਹ ਅਸੂਲ ਬਦਲਿਆ ਜਾਂਦਾ। ਇਕ ਹਜ਼ਾਰ ਮੁਲਾਜ਼ਮ ਪੈਰੋਲ 'ਤੇ ਸਨ ਪਰ ਕੁੱਲ ਖ਼ਰਚ ਦਾ ਇਹ ਦਸ ਪ੍ਰਤੀਸ਼ਤ ਸਨ। ਐਂਬੂਲੈਂਸਾਂ ਦੀ ਗਿਣਤੀ ਪੰਜ ਸੌ ਹੋ ਗਈ। ਈਦੀ ਬਾਰਾਂ ਕਰੋੜ ਪਾਕਿਸਤਾਨੀਆਂ ਦੀ ਹਿਫ਼ਾਜ਼ਤ ਵਾਸਤੇ ਅੱਠੇ ਪਹਿਰ ਤਿਆਰ-ਬਰ-ਤਿਆਰ। ਪਰ ਕੋਈ ਏਅਰਲਾਈਨ ਲਾਸ਼ ਲਿਜਾਣ ਨੂੰ ਤਿਆਰ ਨਹੀਂ ਸੀ। ਇਸ ਵਾਸਤੇ ਈਦੀ ਏਅਰ ਸਰਵਿਸ ਦੀ ਲੋੜ ਪਈ। ਸਾਲ 1988 ਵਿਚ ਅਮਰੀਕਾ ਦੇ ਰਾਜਦੂਤ ਰਾਬਰਟ ਓਕਲੇ ਨੇ ਹੈਲੀਕਾਪਟਰ ਦੇਣ ਦੀ ਪੇਸ਼ਕਸ਼ ਕੀਤੀ। ਈਦੀ ਨੇ ਕਿਹਾ - ਜੇ ਇਸ ਨਾਲ ਕੋਈ ਸ਼ਰਤ ਜੋੜੀ ਫਿਰ ਪ੍ਰਵਾਨ ਨਹੀਂ, ਬਿਨਾਂ ਸ਼ਰਤ ਪ੍ਰਵਾਨ। ਜਹਾਜ਼ ਮਿਲ ਗਿਆ।

1989 ਵਿਚ ਪੰਜਾਬ ਦੇ ਮੁੱਖ ਮੰਤਰੀ ਨਵਾਜ਼ ਸ਼ਰੀਫ਼ ਨੇ ਸੱਦਾ ਭੇਜਿਆ, ਮਿਲੇ। ਸ਼ਰੀਫ਼ ਨੇ ਉਸਦੇ ਮਿਸ਼ਨ ਦੀ ਜਾਣਕਾਰੀ ਮੰਗੀ। ਈਦੀ ਨੇ ਕਿਹਾ - ਭਲਾਈ ਕਰਨ ਤੋਂ ਵੱਡੀ ਸਥਿਰ ਸਿਆਸਤ ਹੋਰ ਕੋਈ ਨਹੀਂ। ਬਾਹਰਲੇ ਦੇਸ਼ਾਂ ਤੋਂ ਗ੍ਰਾਂਟਾਂ ਮੰਗਣੀਆਂ ਬੰਦ ਕਰੋ। ਪਾਕਿਸਤਾਨ ਵਿਚ ਬਹੁਤ ਪੈਦਾਵਾਰ ਹੋ ਸਕਦੀ ਹੈ, ਆਤਮ ਨਿਰਭਰ ਹੋ ਜਾਉ। ਤੰਗੀ ਕੱਟ ਲਉ। ਬਾਹਰ ਦੇ ਮੁਥਾਜ ਨਾ ਬਣੋ।

ਹੈਦਰਾਬਾਦ ਵਿਚ ਦਿਮਾਗ਼ੀ ਬੁਖ਼ਾਰ (Meningitis) ਦੀ ਬਿਮਾਰੀ ਫੈਲ ਗਈ। ਇਹ ਨਰਵਸ ਸਿਸਟਮ ਨੂੰ ਜਕੜ ਲੈਂਦੀ, ਬੁਖ਼ਾਰ, ਸਿਰਦਰਦ, ਰੀੜ੍ਹ ਦੀ ਹੱਡੀ ਦਾ ਦਰਦ ਤੇ ਕਿਸੇ ਕੇਸ ਵਿਚ ਮੌਤ ਵੀ। ਲੋਕ ਹੜ੍ਹ ਵਾਂਗ ਈਦੀ ਕੇਂਦਰਾਂ ਵੱਲ ਤੁਰ ਪਏ। ਫ਼ਰਾਂਸ ਤੋਂ ਐਮਰਜੈਂਸੀ ਫ਼ਲਾਈਟ ਰਾਹੀਂ 30 ਲੱਖ ਟੀਕੇ ਮੰਗਵਾਏ ਤੇ ਪਾਕਿਸਤਾਨੀ ਫ਼ਲਾਈਟਾਂ ਰਾਹੀਂ ਕੇਂਦਰਾਂ ਵਿਚ ਸਪਲਾਈ ਕੀਤੇ। ਸਰਕਾਰ ਨੇ ਸ਼ਾਬਾਸ਼ ਦੇਣ ਤੋਂ ਬਿਨਾਂ ਕੁਝ ਨਹੀਂ ਕੀਤਾ। ਬੇਸ਼ਕ ਢਾਈ ਸੌ ਮੌਤਾਂ ਹੋ ਗਈਆਂ, ਪਰ ਲੱਖਾਂ ਬਚ ਗਏ। ਈਦੀ ਦੇ ਵਲੰਟੀਅਰ ਖ਼ੁਸ਼ ਹੋਏ, ਕਹਿਣ ਲੱਗੇ - ਹੁਣ ਅਸੀਂ ਪਹਾੜਾਂ ਨਾਲ ਟਕਰਾ ਸਕਦੇ ਹਾਂ।

ਇਕ ਦਿਨ ਇਕ ਨੌਜਵਾਨ ਮੀਠਾਦਾਰ ਦਫ਼ਤਰ ਵਿਚ ਬੜੀ ਹਲੀਮੀ ਨਾਲ ਅੰਦਰ ਲੰਘ ਆਇਆ, ਸਲਾਮ ਅਰਜ਼ ਕੀਤੀ। ਪਤਲਾ ਸੁਨੱਖਾ ਮੁੰਡਾ ਸੀ। ਕਹਿਣ ਲੱਗਾ - ਜੀ ਮੇਰਾ ਨਾਮ ਜਾਵੇਦ ਹੈ। ਪੜ੍ਹ ਲਿਖ ਕੇ ਮੈਂ ਬੈਂਕ ਵਿਚ ਕਲਰਕ ਲੱਗ ਗਿਆ ਹਾਂ। ਛੇ ਮੰਜ਼ਲੀ ਬਿਸਮਿੱਲਾ ਇਮਾਰਤ ਦੇ ਥੇਹ ਵਿੱਚੋਂ ਤੁਸੀਂ ਮੈਨੂੰ ਜਿਊਂਦਾ ਕੱਢਿਆ ਸੀ। ਤੁਹਾਡੀ ਧੀ ਅਲਮਾਸ ਨਾਲ ਸ਼ਾਦੀ ਕਰਾਉਣ ਦਾ ਇੱਛੁਕ ਹਾਂ। ਬਿਲਕੀਸ ਆ ਗਈ। ਉਸਨੇ ਕਿਹਾ - ਅਲਮਾਸ ਨੂੰ ਦੇਖ ਤਾਂ ਲੈ। ਉਹ ਬੋਲਿਆ - ਕੋਈ ਲੋੜ ਨਹੀਂ। ਤੁਸੀਂ ਹਾਂ ਕਰ ਦਿਉ। ਢੋਲਕੀਆਂ ਵੱਜਣ ਲੱਗ ਪਈਆਂ। ਸਾਰੇ ਈਦੀ ਨੂੰ ਪੁੱਛਣ ਲੱਗੇ - ਤੁਹਾਨੂੰ ਪਤਾ ਹੋਏਗਾ ਤੁਸੀਂ ਆਪਣੇ ਜਵਾਈ ਨੂੰ ਬਚਾਉਣ ਗਏ ਸਉ ? ਗੀਤ ਗਾਏ ਗਏ। ਮੰਗਣੀ ਦੀ ਰਸਮ ਹੋ ਗਈ।

ਟੈਲੀਵਿਜਨ ਵਲੋਂ ਸੱਦਾ ਆਇਆ ਕਿ ਮੀਆਂ ਬੀਵੀ ਦੋਵੇਂ ਆਉ। ਹਾਲ ਖਚਾਖਚ ਭਰਿਆ ਹੋਇਆ ਸੀ। ਦਰਸ਼ਕ ਖਲੋ ਕੇ ਉਦੋਂ ਤੱਕ ਸਵਾਗਤ ਵਿਚ ਤਾੜੀਆਂ ਮਾਰਦੇ ਰਹੇ ਜਦੋਂ ਤੱਕ ਦੋਵੇਂ ਉੱਚੇ ਡਾਇਸ 'ਤੇ ਬੈਠ ਨਾ ਗਏ। ਬਿਲਕੀਸ ਨੂੰ ਸਟੇਜ ਸਕੱਤਰ ਨੇ ਕਿਹਾ - ਈਦੀ ਉਪਰ ਰੌਸ਼ਨੀ ਪਾਉ। ਬਿਲਕੀਸ ਨੇ ਕਿਹਾ - ਉਹ ਰੌਸ਼ਨ ਹੈ। ਉਸ ਉਪਰ ਰੌਸ਼ਨੀ ਕੀ ਕਰੇਗੀ ? ਸਕੱਤਰ ਨੇ ਫਿਰ ਕਿਹਾ - ਚੰਗਾ ਆਪਣੇ ਵਿਆਹ ਬਾਰੇ ਦੱਸੋ। ਬਿਲਕੀਸ ਨੇ ਕਿਹਾ - ਵਿਆਹ ਜੂਏ ਵਾਂਗ ਹੁੰਦਾ ਹੈ ਜਿਸ ਵਿਚ ਕੋਈ ਜਿੱਤ ਜਾਂਦਾ ਹੈ ਕੋਈ ਹਾਰ ਜਾਂਦਾ ਹੈ। ਅਸੀਂ ਦੋਵੇਂ ਜਿੱਤੇ।

ਕਈ ਵਾਰ ਈਦੀ ਅਜਬ ਘਟਨਾਵਾਂ 'ਤੇ ਹੈਰਾਨ ਹੁੰਦਾ ਜਿਨ੍ਹਾਂ ਦੇ ਕਾਰਨ ਪਤਾ ਨਾ ਲੱਗਦੇ। ਕਾਲੇ ਪੁਲ ਹੇਠ ਇਕ ਫ਼ਕੀਰ ਰਹਿੰਦਾ ਸੀ। ਮੌਤ ਉਪਰੰਤ ਪੁਲ ਦੇ ਨਜ਼ਦੀਕ ਦਫ਼ਨਾ ਦਿੱਤਾ ਗਿਆ। ਉਥੇ ਕਬਰ 'ਤੇ ਮੇਲਾ ਲੱਗਣ ਲੱਗ ਪਿਆ, ਆਵਾਜਾਈ ਸੰਕਟ ਖੜਾ ਹੋ ਗਿਆ। ਸਰਕਾਰ ਨੇ ਈਦੀ ਨੂੰ ਕਿਹਾ - ਇਸ ਨੂੰ ਮੀਠਾਦਾਰ ਦੇ ਕਬਰਿਸਤਾਨ ਵਿਚ ਦਫ਼ਨਾ। ਦੋ ਮਹੀਨੇ ਬਾਦ ਜਦੋਂ ਲਾਸ਼ ਕੱਢੀ, ਨਾ ਉਹ ਖ਼ਰਾਬ ਹੋਈ, ਨਾ ਬਦਬੂ ਆਈ। ਦੂਜੀ ਥਾਂ ਦਫ਼ਨ ਕਰ ਦਿੱਤੀ।

ਧੋਬੀਘਾਟ ਪਾਣੀ ਦੇ ਕਿਨਾਰੇ ਇਕ ਫ਼ਕੀਰ ਰਹਿੰਦਾ ਸੀ। ਕੋਈ ਕੁਝ ਦੇ ਦਿੰਦਾ, ਖਾ ਲੈਂਦਾ। ਇਕ ਦਿਨ ਲੋਪ ਹੋ ਗਿਆ। ਦੋ ਦਿਨ ਬਾਦ ਦੇਖਿਆ, ਨਾਲੇ ਵਿਚ ਮਰਿਆ ਪਿਆ ਹੈ। ਲਾਸ਼ ਕੱਢੀ। ਸਾਦੇ ਪਾਣੀ ਨਾਲ ਨੁਹਾਈ। ਐਂਬੂਲੈਂਸ ਵਿਚ ਰੱਖੀ ਤਾਂ ਐਂਬੂਲੈਂਸ ਸੁਗੰਧੀ ਨਾਲ ਭਰ ਗਈ। ਸਾਰੇ ਹੈਰਾਨ ਹੋ ਗਏ - ਇਹ ਕੀ ਹੈ?

ਇਕ ਦਿਨ ਕਿਸੇ ਨੇ ਖ਼ਬਰ ਦਿੱਤੀ - ਸਰਕਾਰ ਈਦੀ ਫ਼ਾਊਂਡੇਸ਼ਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਹੈ, ਯਾਨੀ ਕਿ ਨੈਸ਼ਨਲਾਈਜ਼ ਕਰਨਾ। ਈਦੀ ਨੇ ਕਿਹਾ - ਠੀਕ ਹੋਵੇਗਾ। ਮੈਂ ਬਿਲਕੀਸ ਦੀ ਚਾਦਰ ਵਿਛਾ ਕੇ ਦਾਨ ਮੰਗਾਂਗਾ, ਇਕ ਨਵੀਂ ਫ਼ਾਊਂਡੇਸ਼ਨ ਬਣਾ ਦਿਆਂਗਾ। ਸਾਰੇ ਦਿਲੋਂ ਹੱਸਦੇ ਅਤੇ ਹਰੇਕ ਮੁਲਾਜ਼ਮ ਆਪਣੇ ਆਪ 'ਤੇ ਫ਼ਖ਼ਰ ਕਰਦਾ।

ਕ੍ਰਿਕਟ ਖਿਡਾਰੀ ਇਮਰਾਨ ਖ਼ਾਨ ਨੇ 12 ਕਰੋੜ ਖ਼ਰਚ ਕੇ ਕੈਂਸਰ ਦੇ ਇਲਾਜ ਲਈ ਬਹੁਤ ਵੱਡਾ ਹਸਪਤਾਲ ਬਣਾਇਆ। ਕਿਸੇ ਕਾਰਨ ਈਦੀ ਖ਼ਿਲਾਫ਼ ਅਪਮਾਨ-ਜਨਕ ਟਿੱਪਣੀਆਂ ਕਰ ਦਿੱਤੀਆਂ। ਪ੍ਰੈਸ ਈਦੀ ਦਾ ਪ੍ਰਤੀਕਰਮ ਲੈਣ ਆ ਗਈ। ਈਦੀ ਨੂੰ ਪੁੱਛਿਆ - ਕੀ ਤੁਹਾਡੇ ਵਿਚ ਕੋਈ ਸ਼ਰੀਕੇਬਾਜ਼ੀ ਹੈ? ਈਦੀ ਨੇ ਕਿਹਾ - ਬਿਲਕੁਲ ਨਹੀਂ। ਜੋ ਮੈਂ ਕਰ ਰਿਹਾਂ, ਉਹੀ ਉਹ ਕਰ ਰਿਹੈ। ਜਿਹੜੇ ਮਰੀਜ਼ਾਂ ਦਾ ਮੈਂ ਇਲਾਜ ਨਾ ਕਰ ਸਕਿਆ, ਇਮਰਾਨ ਕੋਲ ਭੇਜਾਂਗਾ। ਉਹ ਸਟਾਰ ਹੈ, ਮੈਂ ਖ਼ਾਕਸਾਰ, ਉਹ ਬਾਦਸ਼ਾਹ ਹੈ, ਮੈਂ ਮੰਗਤਾ। ਬਾਦਸ਼ਾਹ ਮੰਗਤੇ ਨਾਲ ਬਹਿਸ ਨਹੀਂ ਕਰਿਆ ਕਰਦੇ, ਅਪਮਾਨਿਤ ਨਹੀਂ ਕਰਦੇ ਹੁੰਦੇ। ਮੈਂ ਉਸ ਦੀ ਇੱਜ਼ਤ ਕਰਾਂਗਾ।

ਇਕ ਐਡੀਟਰ ਨੇ ਕਿਹਾ - ਮੌਲਾਨਾ ਤੁਸੀਂ ਸਰਕਾਰ ਵਿਰੁੱਧ ਏਨਾ ਕੁਝ ਬੋਲ ਜਾਂਦੇ ਹੋ, ਜੇ ਸੰਪਾਦਕ ਸੈਂਸਰ ਨਾ ਕਰਨ ਤਾਂ ਤੁਹਾਡੇ 'ਤੇ ਦੇਸ਼-ਧ੍ਰੋਹ ਦਾ, ਬਗ਼ਾਵਤ ਦਾ ਮੁਕੱਦਮਾ ਦਾਇਰ ਹੋ ਸਕਦਾ ਹੈ। ਈਦੀ ਹੱਸ ਕੇ ਕਹਿੰਦਾ - ਲੀਡਰਾਂ ਨੇ ਕਿੰਨੀ ਵਾਰ ਮੈਨੂੰ ਬੇਵਕੂਫ਼ ਕਿਹਾ ਹੈ। ਮੈਂ ਅਦਾਲਤ ਵਿਚ ਅਖ਼ਬਾਰ ਲੈ ਜਾਵਾਂਗਾ ਤੇ ਜੱਜ ਨੂੰ ਕਹਾਂਗਾ - ਬੇਵਕੂਫ਼ ਬੰਦਾ ਬਗ਼ਾਵਤ ਕਰਨ ਦੇ ਕਾਬਲ ਨਹੀਂ ਹੁੰਦਾ।

ਬਿਲਕੀਸ ਪੁੱਛਦੀ - ਗਲੀਆਂ ਲਾਸ਼ਾਂ ਸੰਭਾਲਣ ਵੇਲੇ ਅਸੀਂ ਸਭ ਨੱਕ ਬੰਦ ਕਰ ਲੈਂਦੇ ਹਾਂ। ਤੁਹਾਨੂੰ ਬਦਬੂ ਨਹੀਂ ਆਉਂਦੀ? ਈਦੀ ਆਖਦਾ - ਮੈਂ ਸਮਝਦਾਂ, ਇਹ ਲਾਸ਼ ਮੇਰੀ ਵੀ ਹੋ ਸਕਦੀ ਹੈ, ਤੇਰੀ ਹੋ ਸਕਦੀ ਹੈ। ਇਸ ਦਾ ਸਤਿਕਾਰ ਕਰਨਾ ਜ਼ਰੂਰੀ ਹੈ।

1990 ਤੱਕ 500 ਐਂਬੂਲੈਂਸਾਂ ਹੋ ਗਈਆਂ ਜਿਨ੍ਹਾਂ ਵਿੱਚੋਂ 50 ਸਰਕਾਰੀ ਤੇ ਅਰਧ ਸਰਕਾਰੀ ਹਸਪਤਾਲਾਂ ਨੂੰ ਦਾਨ ਦੇ ਦਿੱਤੀਆਂ। ਇਕ ਕਰੋੜ ਲੋਕ ਰਾਹਤ ਹਾਸਲ ਕਰ ਚੁੱਕੇ ਸਨ। ਆਉਣ ਵਾਲੇ ਪੰਜ ਸਾਲਾਂ ਵਿਚ 800 ਐਂਬੂਲੈਂਸਾਂ, ਪੰਜ ਜਹਾਜ਼ ਤੇ ਪੰਜ ਹੈਲੀਕਾਪਟਰ ਲੈਣ ਦੀ ਯੋਜਨਾ ਸੀ। ਈਦੀ ਦੇ ਪਾਇਲਟਾਂ ਨੂੰ ਫ਼ੌਜ ਨੇ ਸਿਖਲਾਈ ਦੇਣੀ ਪ੍ਰਵਾਨ ਕਰ ਲਈ। ਕਈ ਤੇਲ ਕੰਪਨੀਆਂ ਨੇ ਮੁਫ਼ਤ ਤੇਲ ਦੀ ਪੇਸ਼ਕਸ਼ ਕੀਤੀ, ਸ਼ਹਿਰੀ

ਹਵਾਬਾਜ਼ੀ ਮਹਿਕਮੇ ਨੇ ਜਹਾਜ਼ਾਂ ਦੇ ਸਾਰੇ ਟੈਕਸ ਮਾਫ਼ ਕਰ ਦਿੱਤੇ। ਤੀਹ ਲੱਖ ਬੱਚਿਆਂ ਨੂੰ ਮੁੜ ਵਸਾਇਆ ਗਿਆ। ਅੱਸੀ ਹਜ਼ਾਰ ਮਨੋਰੋਗੀਆਂ ਅਤੇ ਨਸ਼ੇੜੀਆਂ ਦਾ ਇਲਾਜ ਕਰ ਕੇ ਘਰ ਭੇਜਿਆ ਗਿਆ। ਦਸ ਲੱਖ ਬੱਚੇ ਈਦੀ ਫ਼ਾਊਂਡੇਸ਼ਨ ਦੀਆਂ ਸਿੱਖਿਅਤ ਦਾਈਆਂ ਦੀ ਸਹਾਇਤਾ ਨਾਲ ਈਦੀ ਮੈਟਰਨਿਟੀ ਕੇਂਦਰਾਂ ਵਿਚ ਪੈਦਾ ਹੋਏ, ਵੀਹ ਹਜ਼ਾਰ ਉਹ ਬੱਚੇ ਬਚਾਏ ਗਏ ਜਿਨ੍ਹਾਂ ਨੂੰ ਲੋਕ ਸੁੱਟ ਜਾਂਦੇ ਸਨ, ਚਾਲੀ ਹਜ਼ਾਰ ਕੁੜੀਆਂ ਦਾਈਆਂ ਦਾ ਕੰਮ ਸਿੱਖ ਕੇ ਪਿੰਡਾਂ ਵਿਚ ਰੋਜ਼ੀ ਕਮਾਉਣ ਲੱਗੀਆਂ। ਦੋ ਲੱਖ ਲਾਵਾਰਸ ਲਾਸ਼ਾਂ ਦਫ਼ਨ ਕੀਤੀਆਂ। ਅਮਰੀਕਾ ਨੇ 911 ਐਮਰਜੈਂਸੀ ਲਾਈਨਾਂ ਵਾਲੀ ਟੈਲੀਫ਼ੋਨ ਐਕਸਚੇਂਜ ਦਿੱਤੀ।

ਉਸਨੇ ਬੀਵੀ ਨੂੰ ਦੱਸਿਆ - ਮੈਂ ਆਪਣੀ ਵਸੀਅਤ ਲਿਖ ਦਿੱਤੀ ਹੈ। ਕਰਾਚੀ ਹਾਈਵੇ ਦੇ ਵੱਡੇ ਪਲਾਟ ਦੇ ਕੋਨੇ ਵਿਚ ਆਪਣੀਆਂ ਇਕੱਠੀਆਂ ਕਬਰਾਂ ਹੋਣਗੀਆਂ। ਕਬਰ ਨਜ਼ਦੀਕ ਵੱਡਾ ਸਾਰਾ ਲੋਹੇ ਦਾ ਗੱਲਾ ਜੰਦਰਾ ਮਾਰ ਕੇ ਰੱਖ ਦਿਆਂਗਾ। ਤੈਨੂੰ ਪਤੈ ਮੈਂ ਮਸਜਿਦ ਘੱਟ ਗਿਆ ਹਾਂ, ਨਮਾਜ਼ ਘੱਟ ਪੜ੍ਹੀ ਹੈ, ਪਰ ਲੋਕ ਮੈਨੂੰ ਫ਼ਕੀਰ ਸਮਝਣਗੇ। ਮੇਰੇ ਨਾਲ ਕਰਾਮਾਤਾਂ ਜੋੜ ਦੇਣਗੇ। ਮਨੋਰੋਗੀਆਂ ਦੇ ਰਿਸ਼ਤੇਦਾਰ ਬਕਸੇ ਵਿਚ ਦਾਨ ਪਾ ਕੇ ਇਲਾਜ ਮੰਗਣਗੇ, ਲੰਮੀਆਂ ਕਾਰਾਂ ਵਾਲੇ ਅਮੀਰ ਐਕਸੀਡੈਂਟਾਂ ਤੋਂ ਬਚਣ ਲਈ ਚੜ੍ਹਾਵੇ ਚਾੜ੍ਹਨਗੇ। ਤੇਰਾ ਖ਼ਾਵੰਦ ਮਰਨ ਪਿੱਛੋਂ ਵੀ ਲੋਕਾਂ ਦੀਆਂ ਜੇਬਾਂ ਕੁਤਰੇਗਾ। ਹੈਨਾਂ ਪੂਰੀ ਠੱਗੀ ? ਮੇਰਾ ਕਾਰਖ਼ਾਨਾ ਚੱਲੇਗਾ, ਲੋਕ ਸੱਚਾ ਸੌਦਾ ਕਰਨਗੇ। ਲੱਖਾਂ ਨੂੰ ਰਾਹਤ ਮਿਲੀ, ਲੱਖਾਂ ਨੂੰ ਮਿਲਦੀ ਰਹੇਗੀ।

•

ਅੰਮ੍ਰਿਤਾ ਸ਼ੇਰਗਿੱਲ

(30 ਜਨਵਰੀ, 1913 — 5 ਦਸੰਬਰ, 1941)

ਅੰਮ੍ਰਿਤਾ ਦਾ ਸਮਾਂ ਕਾਲੋਨੀਅਲ ਜਗੀਰਦਾਰ ਸਮਾਜ ਦੀਆਂ ਰਸਮਾਂ ਰੀਤਾਂ, ਰੁਝਾਣਾਂ ਨੂੰ ਬਦਲਣ ਦਾ ਦੌਰ ਹੈ। ਭਾਰਤੀ ਮੁੰਡੇ ਕੁੜੀਆਂ ਯੌਰਪ ਵਿਚ ਜਾਣ ਵਾਸਤੇ ਹਰ ਹਰਬਾ ਵਰਤਦੇ ਹਨ ਤੇ ਆਬਾਦ ਹੋਣ ਪਿੱਛੋਂ ਵਾਪਸ ਨਹੀਂ ਮੁੜਦੇ। ਅੰਮ੍ਰਿਤਾ ਦਾ ਫ਼ੈਸਲਾ ਯੌਰਪ ਤੋਂ ਆਰਟ ਦੀ ਵਿੱਦਿਆ ਪ੍ਰਾਪਤ ਕਰ ਕੇ ਭਾਰਤੀ ਸੰਸਕ੍ਰਿਤੀ ਨੂੰ ਚਿੱਤਰਨਾ ਸੀ ਤੇ ਅਜਿਹਾ ਕਰਨ ਲਈ ਇਥੇ ਆਉਣਾ, ਪੁਰਾਣੇ ਆਰਟ ਦਾ ਅਧਿਐਨ ਕਰਨਾ ਤੇ ਪੱਛਮੀ ਔਜ਼ਾਰਾਂ, ਤਕਨੀਕਾਂ ਰਾਹੀਂ ਦੇਸੀ ਸੱਭਿਆਚਾਰ ਪ੍ਰਗਟ ਕਰਨਾ ਸੀ। ਧਨੀ ਸਰਦਾਰ ਦੀ ਧੀ, ਤਿੱਖਾ ਦਿਮਾਗ਼, ਉੱਚ ਵਿੱਦਿਆ ਅਤੇ ਸੁਹੱਪਣ ਦੀ ਮਾਲਕਣ, ਹਰ ਨਜ਼ਰ ਉਸ ਉਪਰ ਜਾ ਟਿਕਦੀ। ਕਿਹਾ ਕਰਦੀ - ਆਰਟਿਸਟ ਦੀਆਂ ਗਿਆਨ ਇੰਦਰੀਆਂ ਸੁਚਾਰੂ ਹੋਣੀਆਂ ਜ਼ਰੂਰੀ ਹਨ। ਜੇ ਮੈਂ ਅੱਖਾਂ ਥਾਣੀ ਖ਼ੂਬਸੂਰਤੀ ਪੀਣ ਵਿਚ ਅਸਫਲ ਹੋ ਗਈ, ਫਿਰ ਕਾਗ਼ਜ਼ 'ਤੇ ਕੀ ਉਤਾਰਾਂਗੀ ? ਮੇਰੇ ਸਾਹਮਣੇ ਸਥੂਲ ਸਾਕਾਰ ਜਗਤ ਹੈ, ਉਸ ਨੂੰ ਆਪਣੇ ਮਨ ਵਿਚ ਉਤਾਰ ਕੇ ਰੰਗਾਂ ਰਾਹੀਂ ਅਨੁਵਾਦ ਕਰਨਾ ਹੈ। ਦ੍ਰਿਸ਼, ਗਿਆਨ ਇੰਦਰੀਆਂ ਨੂੰ ਪ੍ਰਭਾਵਿਤ, ਉਤੇਜਿਤ ਕਰਨਗੇ, ਉਤੇਜਨਾ ਕੈਨਵਸ ਉਪਰ ਉਤਰ ਕੇ ਸ਼ਾਂਤ ਹੋਵੇਗੀ।

ਐਮਿਲੀ ਡਿਕਿਨਸਨ ਦੀ ਕਵਿਤਾ ਵਿੱਚੋਂ ਅੰਮ੍ਰਿਤਾ ਦੀ ਸ਼ਖ਼ਸੀਅਤ ਪ੍ਰਗਟ ਹੁੰਦੀ ਹੈ :

> ਮੈਂ ਪੌਣਾਂ ਵਿਚ ਘੁਲੀ ਸ਼ਰਾਬ ਹਾਂ,
> ਮੈਨੂੰ ਤ੍ਰੇਲ ਬੂੰਦਾਂ ਨੇ ਆਤੁਰ ਕੀਤਾ।
> ਅਸਮਾਨ ਦੀ ਨੀਲੀ ਪੰਘਰੀ ਭੱਠੀ ਵਿੱਚੋਂ ਨਿਕਲ,
> ਮੈਂ ਬਸੰਤ ਦੀ ਅਨੰਤ ਸੁੰਦਰਤਾ ਵਿਚ ਰੁੜ੍ਹਨ ਲੱਗੀ।

ਅੰਮ੍ਰਿਤਾ ਦਾ ਦਾਅਵਾ ਹੈ ਕਿ ਚਾਹੇ ਧਾਰਮਿਕ ਆਰਟ ਹੋਵੇ, ਆਰਟ, ਕਾਮੁਕਤਾ ਤੋਂ ਮੁਕਤ ਨਹੀਂ ਹੁੰਦਾ, ਕਦੀ ਕਦੀ ਏਨਾ ਤਾਕਤਵਰ ਹੋ ਕੇ ਜਿਸਮਾਨੀ ਹੱਦਾਂ ਪਾਰ ਕਰ ਜਾਂਦਾ ਹੈ।

ਪੈਰਿਸ ਦੇ ਈਕੋਲ ਨੈਸ਼ਨੇਲ ਦੇ ਬੀਓ ਆਰਟਸ ਕਾਲਜ (Nationale Superieure des Beaux-arts) ਵਿੱਚੋਂ ਪੜ੍ਹ ਕੇ ਅੰਮ੍ਰਿਤਸਰ ਨਜ਼ਦੀਕ ਜਦੋਂ ਆਪਣੇ ਜੱਦੀ ਫ਼ਾਰਮ ਹਾਊਸ ਵਿਚ ਆਈ, ਉਦੋਂ ਉਸਦੀ ਉਮਰ ਇੱਕੀ ਸਾਲ ਸੀ। ਕੌਣ ਜਾਣਦਾ ਸੀ ਕਿ ਉਸ ਦੀ ਉਮਰ ਦੇ ਕੇਵਲ ਸੱਤ ਸਾਲ ਹੋਰ ਬਾਕੀ ਰਹਿ ਗਏ ਹਨ। ਕੈਨਵਸ ਸਾਹਮਣੇ ਬਰੱਸ਼ ਫੜ ਕੇ ਬੈਠਦੀ ਤਾਂ ਉਸਨੂੰ ਪਾਲ ਗੋਗੈਂ ਦਿੱਸ ਜਾਂਦਾ, ਕਦੀ ਸੇਜ਼ਾਨ, ਕਦੀ ਉਹ ਆਪਣੇ ਪਿੰਡ ਦੀ ਹਵੇਲੀ ਵਿੱਚੋਂ ਬਾਹਰ ਖੇਤਾਂ ਵੱਲ ਨਜ਼ਰ ਮਾਰਦੀ ਤਾਂ ਉਸਨੂੰ ਵਾਨ ਗਾਗ ਦਾ ਪਿੰਡ ਮਾਰਲੇ ਦਿਖਾਈ ਦਿੰਦਾ। ਉਸਦੀ ਵਿੱਦਿਆ ਪੈਰਿਸ ਦੇ ਸਕੂਲ ਆਫ਼ ਆਰਟ ਦੀ ਤੇ ਉਸਦੇ ਸਾਹਮਣੇ ਅਜੰਤਾ ਅਲੋਰਾ, ਖਜੁਰਾਹੋ ਦੀ ਕਲਾ ਆਪਣਾ ਹੁਕਮ ਮਨਵਾ ਰਹੀ

ਹੁੰਦੀ। ਜੇ ਨਾਨਕਿਆਂ ਦਾ ਅਸਰ ਹੁੰਦਾ ਤਾਂ ਉਸਨੂੰ ਭਾਰਤੀ ਔਰਤਾਂ ਮਰਦਾਂ ਦੇ ਨੈਣ ਨਕਸ਼ ਦਿਲਕਸ਼ ਨਾ ਲੱਗਦੇ। ਉਲਟ ਹੋਇਆ, ਪੱਛਮੀ ਤਕਨੀਕ ਸਿੱਖ ਕੇ ਉਸਨੇ ਭਾਰਤੀ ਦ੍ਰਿਸ਼ਾਂ ਨੂੰ ਦੇਸੀ ਰੰਗ ਰੂਪ ਵਿਚ ਕੈਨਵਸ ਉਪਰ ਉਤਾਰਿਆ। ਡਾਕਟਰ ਗੀਤਾ ਦੇ ਸ਼ਬਦਾਂ ਵਿਚ - ਉਹ ਲੰਮੀ ਚੁੰਜ ਵਾਲੀ ਨਿੱਕੀ ਚਿੜੀ ਸੀ ਜਿਹੜੀ ਹਰੇਕ ਫੁੱਲ ਦਾ ਰਸ ਪੀਣ ਲਈ ਕਾਹਲੀ ਸੀ। ਭਾਰਤੀ ਜ਼ੇਵਰ, ਲਿਸ਼ਕਦੀਆਂ ਰੇਸ਼ਮੀ ਸਾੜ੍ਹੀਆਂ, ਲੰਮੇ ਝੁਮਕੇ ਪਹਿਨ ਕੇ ਨਿਕਲਦੀ, ਹਰ ਸਵੇਰ ਉਸਨੂੰ ਨਵਾਂ ਖ਼ਿਆਲ ਤੇ ਨਵਾਂ ਇਸ਼ਕ ਚਾਹੀਦਾ ਸੀ। ਉਸ ਦੀ ਮਾਨਸਿਕ ਉਧੇੜ-ਬੁਣ ਅਨੰਤ ਸੀ, ਇਸੇ ਬੇਚੈਨੀ ਵਿੱਚੋਂ ਉਸਦੀਆਂ ਸ਼ਾਂਤ ਕਿਰਤਾਂ ਉਪਜੀਆਂ। ਉਸਨੂੰ ਅਹਿਸਾਸ ਸੀ ਉਹ ਅਮੀਰ ਘਰ ਦੀ ਧੀ ਤੇ ਸੁਸਿੱਖਿਅਤ ਕਲਾਕਾਰ ਹੈ, ਇਸ ਆਤਮ-ਵਿਸ਼ਵਾਸ ਸਦਕਾ ਉਸ ਦੀ ਇੱਛਾ ਸੀ ਕਿ ਭਾਰਤ ਨੂੰ ਆਧੁਨਿਕ ਕਲਾ ਦੀ ਪਛਾਣ ਸਿਖਾਏ। ਉਸਨੇ ਗ਼ਰੀਬ, ਉਦਾਸ ਪੇਂਡੂ ਔਰਤਾਂ ਨੂੰ ਰੂਪਮਾਨ ਕੀਤਾ।

ਮਜੀਠੀਆ ਖ਼ਾਨਦਾਨ, ਸ਼ੇਰਗਿੱਲ ਪਰਿਵਾਰ, ਮਹਾਰਾਜਾ ਰਣਜੀਤ ਸਿੰਘ ਦਾ ਕਰੀਬੀ ਸੀ ਜਿਸ ਕਾਰਨ ਉਨ੍ਹਾਂ ਪਾਸ ਏਕੜਾਂ ਵਿਚ ਨਹੀਂ, ਮੁਰੱਬਿਆਂ ਵਿਚ ਜ਼ਮੀਨ ਸੀ। ਕਿਉਂਕਿ ਸਰਦਾਰ ਅਤਰ ਸਿੰਘ ਮਜੀਠੀਆ ਮਹਾਰਾਜੇ ਦੀ ਮੌਤ ਬਾਦ ਉਸ ਦਾ ਰਾਜਭਾਗ ਬਚਾਉਣ ਹਿਤ ਅੰਗਰੇਜ਼ਾਂ ਵਿਰੁੱਧ ਲੜਿਆ, ਇਸ ਕਰਕੇ ਜਾਇਦਾਦ ਦਾ ਵੱਡਾ ਹਿੱਸਾ ਅੰਗਰੇਜ਼ਾਂ ਨੇ ਖੋਹ ਲਿਆ। ਅਤਰ ਸਿੰਘ ਦੇ ਪੁੱਤਰ, ਅੰਮ੍ਰਿਤਾ ਸ਼ੇਰਗਿੱਲ ਦੇ ਬਾਬੇ, ਸੂਰਤ ਸਿੰਘ ਨੂੰ ਬਨਾਰਸ ਵਿਚ ਨਜ਼ਰਬੰਦ ਕਰ ਦਿੱਤਾ। ਹਾਲਾਤ ਬਦਲੇ ਦੇਖ ਕੇ ਇਹ ਸਰਦਾਰ 1857 ਦੇ ਯੁੱਧ ਵਕਤ ਅੰਗਰੇਜ਼ਾਂ ਦੀ ਮੱਦਦ 'ਤੇ ਆ ਗਿਆ। ਯੁੱਧ ਜਿੱਤਣ ਬਾਦ ਅੰਗਰੇਜ਼ਾਂ ਨੇ ਉਸਨੂੰ ਖੁੱਸੀ ਜਾਇਦਾਦ ਵਾਪਸ ਕਰ ਦਿੱਤੀ ਤੇ ਰਾਜਾ ਦਾ ਖ਼ਿਤਾਬ ਮਿਲਿਆ। ਯੂ.ਪੀ. ਦੇ ਗੋਰਖਪੁਰ ਜ਼ਿਲੇ ਵਿਚ ਵੀ ਉਸਨੂੰ ਜ਼ਮੀਨ ਅਲਾੱਟ ਕੀਤੀ।

ਸੂਰਤ ਸਿੰਘ ਦੇ ਘਰ ਉਮਰਾਉ ਸਿੰਘ ਦਾ ਜਨਮ 1870 ਵਿਚ ਹੋਇਆ। ਅੰਮ੍ਰਿਤਾ ਦੇ ਚਾਚੇ ਸੁੰਦਰ ਸਿੰਘ ਨੇ ਗੋਰਖਪੁਰ ਵਿਚ ਗੰਨਾ ਉਤਪਾਦਨ ਸ਼ੁਰੂ ਕੀਤਾ ਤੇ ਸ਼ੂਗਰ ਮਿੱਲ ਲਾਈ। ਇਹ ਧਨੀ ਸਰਦਾਰ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਰਿਹਾ, ਸਮਾਜ ਸੇਵੀ ਸੰਸਥਾਵਾਂ ਨੂੰ ਦਾਨ ਦਿੰਦਾ, ਸਿੱਖੀ ਦੀ ਸੇਵਾ ਵਾਸਤੇ ਧਨ ਦਿੰਦਾ, ਵਪਾਰਕ ਤੇ ਪਰਮਾਰਥਕ ਦੋਹਾਂ ਪੱਖਾਂ ਤੋਂ ਸਫਲ।

ਉਮਰਾਉ ਸਿੰਘ ਸੰਸਕ੍ਰਿਤ, ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਸ਼ੌਕੀਨ ਸੀ। ਉਮਰ ਖ਼ੱਯਾਮ ਤੋਂ ਇਲਾਵਾ ਉਸਨੇ ਸਰਮਦ ਦੀਆਂ ਰੁਬਾਈਆਂ ਦਾ ਅੰਗਰੇਜ਼ੀ ਵਿਚ ਤਰਜਮਾ ਵੀ ਕੀਤਾ। ਗ੍ਰਹਿ-ਵਿਗਿਆਨ, ਜੋਗ, ਅਤੇ ਲਿੱਪੀਆਂ ਦੀ ਬਣਤਰ ਵਿਚ ਰੁਚੀ ਲੈਂਦਾ। ਮੁਹੰਮਦ ਇਕਬਾਲ ਨਾਲ ਦੋਸਤੀ ਰਹੀ, ਟਾਲਸਟਾਇ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਸ਼ਾਕਾਹਾਰੀ ਹੋ ਗਿਆ ਤੇ ਸਦਾ ਲਈ ਵਿਸਕੀ ਪੀਣੀ ਛੱਡ ਦਿੱਤੀ। ਅੰਮ੍ਰਿਤਾ ਨੇ ਆਪਣੇ ਪਿਤਾ ਬਾਰੇ ਲਿਖਿਆ - ਮੇਰੇ ਸਰਦਾਰ ਪਿਤਾ ਨੂੰ ਸਾਰਾ ਪੰਜਾਬ ਜਾਣਦਾ ਹੈ। ਦਿਖਾਵੇਬਾਜ਼ੀ ਤੋਂ ਪਰ੍ਹੇ, ਸ਼ਾਂਤ-ਚਿੱਤ, ਦਰਸ਼ਨ ਅਤੇ ਧਰਮਾਂ ਦਾ ਵਿਦਿਆਰਥੀ, ਸਮਾਜਿਕ ਮੁਕਤੀ, ਖ਼ਾਸ ਕਰਕੇ ਔਰਤ ਦੀ ਸੁਤੰਤਰਤਾ ਦਾ ਹਾਮੀ। ਮੇਰੀ ਮਾਂ ਆਰਟਿਸਟ ਰੁਚੀਆਂ ਵਾਲੀ ਸੀ। ਕਲਾ ਖੇਤਰ ਵਿਚ ਮੈਨੂੰ ਮਾਂ ਤੋਂ ਉਤਸ਼ਾਹ ਮਿਲਿਆ। ਅਸੀਂ ਦੋਵੇਂ ਭੈਣਾਂ ਬੁਦਾਪੈਸਟ ਵਿਚ ਜੰਮੀਆਂ ਤੇ ਜੰਗ ਮਗਰੋਂ ਭਾਰਤ ਆਈਆਂ।

ਹੰਗੇਰੀਅਨ ਪ੍ਰੋਫ਼ੈਸਰ ਗਿਊਲਾ ਜਰਮਾਨੂ ਭਾਰਤੀ ਸੰਸਕ੍ਰਿਤੀ ਉਪਰ ਖੋਜ ਕਰ ਰਿਹਾ ਸੀ, ਉਮਰਾਉ ਸਿੰਘ ਦਾ ਮਿੱਤਰ ਹੋ ਗਿਆ ਤੇ ਸ਼ਿਮਲੇ ਉਸਦੀ ਮੇਜ਼ਬਾਨੀ ਵਿਚ ਕਈ

ਮਹੀਨੇ ਬਿਤਾਏ। ਇਸ ਬਾਰੇ ਅੰਮ੍ਰਿਤਾ ਨੂੰ ਉਮਰਾਉ ਸਿੰਘ ਨੇ ਲਿਖਿਆ - ਆਤਮ ਦੀ ਖੋਜ ਅਤੇ ਕਿਤਾਬਾਂ ਦੇ ਅਧਿਐਨ ਨੇ ਮੇਰੀ ਉਦਾਸੀ ਘਟਾਈ ਨਹੀਂ। ਮੈਂ ਇਕ ਭਲੀ ਤੇ ਪਵਿੱਤਰ ਰੂਹ ਨੂੰ ਮਿਲਿਆ, ਉਹ ਵੀ ਇਸੇ ਤਲਾਸ਼ ਵਿਚ ਹੈ ਬੇਸ਼ਕ ਸਾਡੇ ਰਾਹ ਵੱਖ ਵੱਖ ਹਨ। ਵਿਚਾਰ-ਵਟਾਂਦਰੇ ਵਿਚ ਉਸਨੇ ਮੇਰੇ ਕਈ ਸ਼ੰਕਿਆਂ ਦੀ ਨਵਿਰਤੀ ਕੀਤੀ, ਬੇਸ਼ਕ ਸਾਰਿਆਂ ਦੀ ਨਹੀਂ। ਮੈਂ ਉਸਨੂੰ ਸੰਸਕ੍ਰਿਤ ਦੀ ਧੁਨੀ ਵਿਗਿਆਨ ਵਿਚ ਰੁਚਿਤ ਕਰ ਦਿੱਤਾ। ਮੈਥੋਂ ਬਾਦ ਉਹ ਇਸ ਦੀ ਖੋਜ ਜਾਰੀ ਰੱਖੇਗਾ, ਇਸਦਾ ਮੈਨੂੰ ਵਿਸ਼ਵਾਸ ਹੈ।

ਉਮਰਾਉ ਸਿੰਘ ਦਾ ਬਾਕੀ ਪਰਿਵਾਰ ਧਨ ਅਤੇ ਸ਼ੁਹਰਤ ਖੱਟਣ ਵਿਚ ਰੁਝਿਆ ਹੋਇਆ ਸੀ, ਇਹ ਇਕਾਂਤਪਸੰਦ ਮਨੁੱਖ ਅਧਿਆਤਮ ਦੀ ਖੋਜ ਵਿਚ ਮਗਨ ਸੀ। ਧਨ ਦੌਲਤ ਦੀ ਘਾਟ ਨਹੀਂ, ਪਰ ਵਿਰੱਕਤ, ਨਿਰਲੇਪ। ਫੋਟੋਗ੍ਰਾਫੀ ਦਾ ਸ਼ੌਕ ਸੀ ਪਰ ਸਾਧਾਰਨ ਫੋਟੋਗ੍ਰਾਫਰ ਨਹੀਂ, ਫੋਟੋ ਆਰਟਿਸਟ, ਜਿਹੜਾ ਦ੍ਰਿਸ਼ ਦੀ ਥਾਂ ਪ੍ਰਭਾਵ ਫੜਦਾ। ਉਸਦੀਆਂ ਅੱਸੀ ਫੋਟੋਆਂ ਪ੍ਰਾਪਤ ਹਨ, ਉਸਦੀਆਂ ਆਪਣੀਆਂ ਵੀ ਹਨ, ਸਾਰੀ ਫੋਟੋਗ੍ਰਾਫੀ ਆਪਾ-ਚੀਨਣ ਅਤੇ ਵਿਜੋਗ ਵੱਲ ਸੇਧਿਤ ਹੈ। ਵਾਈਵਾਂ ਨੇ ਦੱਸਿਆ ਕਿ ਸ਼ੀਸ਼ੇ ਉਪਰ ਉਸ ਦੀਆਂ ਖਿੱਚੀਆਂ ਇਕ ਦਰਜਨ ਰੰਗਦਾਰ ਤਸਵੀਰਾਂ ਹਨ। ਉਦੋਂ ਬਹੁਤ ਘੱਟ ਭਾਰਤੀ ਲੋਕ ਆਟੋਕਰੋਮ ਨਾਂ ਦੀ ਇਸ ਵਿਧੀ ਤੋਂ ਵਾਕਫ਼ ਸਨ। ਅੰਮ੍ਰਿਤਾਂ, ਪਿਤਾ ਨੂੰ ਸਮਝਾਉਂਦੀ ਰਹਿੰਦੀ, ਸਾਬਤ ਕਰਦੀ ਕਿ ਕੈਮਰਾ ਮਨੁੱਖੀ ਦਿਲ ਨੂੰ ਨਹੀਂ ਛੂਹ ਸਕਦਾ, ਇਹ ਕੰਮ ਚਿੱਤਰਕਾਰ ਕਰੇਗਾ।

ਮਜੀਠੀਆ ਸਰਦਾਰ ਸੂਰਤ ਸਿੰਘ ਦੀ ਮੌਤ ਤੋਂ ਬਾਦ ਅੰਮ੍ਰਿਤਾ ਸ਼ੇਰਗਿੱਲ ਦੇ ਚਾਚੇ ਨੂੰ ਉਤਰਾਧਿਕਾਰੀ ਮੰਨ ਕੇ ਅੰਗਰੇਜ਼ਾਂ ਨੇ ਰਾਜੇ ਦਾ ਖ਼ਿਤਾਬ ਦੇ ਦਿੱਤਾ। 1888 ਵਿਚ ਪਿਤਾ ਦੇ ਦੇਹਾਂਤ ਤੋਂ ਬਾਦ ਉਸਦੇ ਦੋਵੇਂ ਪੁੱਤਰ, ਕੈਪਟਨ ਗੁਲਾਬ ਸਿੰਘ ਅਟਾਰੀ ਦੀ ਨਿਗਰਾਨੀ ਵਿਚ ਰੱਖੇ ਗਏ। ਗੁਲਾਬ ਸਿੰਘ ਅਟਾਰੀਵਾਲਾ ਸਰਦਾਰ ਸੀ ਜਿਸ ਦੀ ਧੀ ਨਾਲ ਬਾਦ ਵਿਚ ਉਮਰਾਉ ਸਿੰਘ ਦਾ ਵਿਆਹ ਹੋਇਆ, ਚਾਰ ਬੱਚੇ ਬਲਰਾਮ, ਸਤਿਆਵਾਨ, ਵਿਵੇਕ ਪੁੱਤਰ ਅਤੇ ਧੀ ਸੁਮੇਰ ਪੈਦਾ ਹੋਈ ਤੇ ਫਿਰ ਇਨ੍ਹਾਂ ਬੱਚਿਆਂ ਦੀ ਮਾਂ ਦਾ ਦੇਹਾਂਤ ਹੋ ਗਿਆ। ਵੱਡਾ ਭਰਾ ਅੰਗਰੇਜ਼ਾਂ ਦਾ ਖ਼ਿਦਮਤਗਾਰ ਹੋ ਗਿਆ ਤਾਂ ਉਮਰਾਉ ਸਿੰਘ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਲੰਡਨ ਚਲਾ ਗਿਆ। ਲੰਡਨ ਗਿਆ ਤਾਂ ਉਥੇ ਮਹਾਰਾਜਾ ਦਲੀਪ ਸਿੰਘ ਦੀ ਸ਼ਾਹਜ਼ਾਦੀ ਬਾਂਬਾ ਸੋਫ਼ੀਆ ਜਿੰਦਾਂ ਦਲੀਪ ਸਿੰਘ ਨਾਲ ਮੁਲਾਕਾਤ ਹੋਈ। ਬਾਂਬਾ, ਉਮਰਾਉ ਸਿੰਘ ਉਪਰ ਫ਼ਿਦਾ ਹੋ ਗਈ ਸੀ ਤੇ ਉਸ ਨਾਲ ਵਿਆਹ ਕਰਵਾਣ ਦੀ ਇੱਛੁਕ ਸੀ। ਸ਼ਾਹਜ਼ਾਦੀ ਬਾਂਬਾ ਦੀ ਤੀਬਰ ਇੱਛਾ ਸੀ ਕਿ ਉਹ ਲਾਹੌਰ ਜਾ ਕੇ, ਆਪਣੇ ਬਾਬਾ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੀਆਂ ਨਿਸ਼ਾਨੀਆਂ ਦੇਖੇ। ਉਸਨੇ ਸਰਦਾਰ ਉਮਰਾਉ ਸਿੰਘ ਨੂੰ ਆਪਣੀ ਖ਼ਾਹਿਸ਼ ਦੱਸੀ ਤਾਂ ਸਰਦਾਰ ਆਪਣੇ ਨਾਲ ਲਿਜਾਣ ਲਈ ਤਿਆਰ ਹੋ ਗਿਆ। ਬਾਂਬਾ ਨੇ ਇਕੱਲੀ ਭਾਰਤ ਵਿਚ ਆਉਣ ਦੀ ਥਾਂ ਆਪਣੀ ਹੰਗੇਰੀਅਨ ਸਕੱਤਰ ਮੈਰੀ ਐਂਤਵੁਨੈਤ ਨੂੰ ਵੀ ਸਫ਼ਰ ਵਾਸਤੇ ਤਿਆਰ ਕਰ ਲਿਆ। ਐਂਤਵੁਨੈਤ ਚੰਗੀ ਸੁਸਿੱਖਿਅਤ, ਸਭਿਅਕ, ਨੇਕ ਕੁੜੀ ਸੀ ਜਿਹੜੀ ਲੰਡਨ ਵਿਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਐਂਤਵੁਨੈਤ ਸੁਹਣੀ ਤਾਂ ਸੀ ਹੀ, ਸੰਗੀਤਕਾਰ ਵੀ ਸੀ, ਬਾਂਬਾ ਸੰਗੀਤ ਉਪਰ ਫ਼ਿਦਾ ਸੀ, ਸੋ ਇਹ ਯਾਤਰਾ ਹੁਣ ਦਿਲਚਸਪ ਰਹੇਗੀ। ਜਦੋਂ ਭੂਰੇ ਵਾਲਾਂ ਵਾਲੀ ਭਰ ਜੁਆਨ ਐਂਤਵੁਨੈਤ ਨੂੰ ਉਮਰਾਉ ਸਿੰਘ ਨੇ ਦੇਖਿਆ, ਉਸ ਦੇ ਦਿਲ ਵਿਚ ਕਾਂਬਾ ਛਿੜਿਆ। ਉਮਰਾਉ ਸਿੰਘ ਦਾ ਕੀ ਦੋਸ਼, ਉਹ ਸੀ ਹੀ ਇਹੋ ਜਿਹੀ, ਦੇਖਣ ਸਾਰ ਹਰ ਦਰਸ਼ਕ ਦੀ ਧੜਕਣ ਵਧ ਜਾਣੀ ਸੁਭਾਵਿਕ ਸੀ।

ਉਮਰਾਓ ਸਿੰਘ, ਸਾਊ ਕਿਸਮ ਦਾ ਚੁੱਪ ਰਹਿਣ ਵਾਲਾ ਸਰਦਾਰ ਸੀ ਜਿਸ ਦੀ ਰੁਚੀ ਸਾਹਿਤ, ਫਲਸਫਾ ਪੜ੍ਹਨ ਵਿਚ ਸੀ। ਉਸਨੇ ਇਸ ਕੁੜੀ ਅੱਗੇ ਵਿਆਹ ਦੀ ਪੇਸ਼ਕਸ਼ ਕੀਤੀ ਜੋ ਮਨਜ਼ੂਰ ਹੋਈ। ਸਾਲ 1912 ਵਿਚ ਲਾਹੌਰ ਵਿਖੇ ਸਿੱਖ ਰਵਾਇਤਾਂ ਮੁਤਾਬਿਕ ਆਨੰਦ ਕਾਰਜ ਦੀ ਰਸਮ ਹੋਈ। ਸਦੀਆਂ ਤੋਂ ਲਾਹੌਰ ਦਾ ਰੁਤਬਾ ਮਹਾਂਨਗਰ ਦਾ ਸੀ। ਅੰਮ੍ਰਿਤਸਰ ਦਾ ਰੁਤਬਾ ਸਿੱਖਾਂ ਵਾਸਤੇ ਸ਼੍ਰੋਮਣੀ ਰਿਹਾ ਪਰ ਲਾਹੌਰ ਵਿਚ ਦੁਨੀਆਂ ਭਰ ਦੇ ਨਾਮਵਰ ਲੋਕ ਆਉਂਦੇ ਜਾਂਦੇ ਰਹਿੰਦੇ ਜਿਥੇ ਅਨੇਕ ਵਿਦਿਆਵਾਂ, ਕੋਮਲ ਕਲਾਵਾਂ ਅਤੇ ਵਪਾਰ ਦਾ ਆਦਾਨ ਪ੍ਰਦਾਨ ਹੁੰਦਾ। ਅੰਮ੍ਰਿਤਸਰ ਉੱਤਰੀ ਭਾਰਤ ਦੀ ਧਾਰਮਿਕ ਰਾਜਧਾਨੀ ਸੀ ਤੇ ਲਾਹੌਰ ਸਭਿਆਚਾਰਕ ਰਾਜਧਾਨੀ। ਬਾਂਬਾ ਲਾਹੌਰ ਰਹਿ ਗਈ। ਇਥੇ ਅੰਗਰੇਜ਼ ਡਾਕਟਰ ਸਦਰਲੈਂਡ ਨਾਲ ਵਿਆਹ ਕਰਵਾਇਆ। ਉਨ੍ਹਾਂ ਦੇ ਔਲਾਦ ਨਹੀਂ ਹੋਈ, 1957 ਵਿਚ ਜਦੋਂ ਮਰੀ ਤਾਂ ਆਪਣੀ ਸਾਰੀ ਜਾਇਦਾਦ, ਹਵੇਲੀ, ਪੇਂਟਿੰਗਜ਼ ਆਪਣੇ ਖ਼ਾਨਸਾਮੇ ਕਰੀਮਬਖ਼ਸ਼ ਸੁਪਰਾ ਦੇ ਨਾਮ ਕਰ ਗਈ। ਪਾਕਿਸਤਾਨ ਸਰਕਾਰ ਦੇ ਪੁਰਾ-ਵਿਭਾਗ ਨੇ ਕਰੀਮਬਖ਼ਸ਼ ਤੋਂ ਕਲਾ ਕ੍ਰਿਤਾਂ ਖ਼ਰੀਦ ਕੇ ਸੰਭਾਲ ਲਈਆਂ, ਜੋ ਮੈਂ ਲਾਹੌਰ ਆਰਕਾਈਵਜ਼ ਵਿਚ ਦੇਖ ਕੇ ਆਇਆ ਹਾਂ।

ਲਾਹੌਰ ਤੋਂ ਅੰਮ੍ਰਿਤਸਰ ਵਿਚ ਆਪਣੀ ਹਵੇਲੀ ਆ ਕੇ ਕੁਝ ਸਮਾਂ ਰਹੇ ਪਰ ਫਿਰ ਫ਼ੈਸਲਾ ਹੋਇਆ ਕਿ ਹੰਗਰੀ ਚਲਿਆ ਜਾਏ। ਹੰਗਰੀ ਜਾਣ ਦਾ ਇਹ ਫ਼ੈਸਲਾ ਲਏ ਜਾਣ ਵੇਲੇ ਇਕ ਕਾਰਨ ਇਹ ਵੀ ਸੀ ਕਿ ਸੰਕਟ ਵਿਚ ਫਸੇ ਅੰਗਰੇਜ਼ਾਂ ਤੋਂ ਹਿੰਦੁਸਤਾਨ ਖੋਹਿਆ ਜਾ ਸਕਦਾ ਹੈ। ਸ. ਉਮਰਾਓ ਸਿੰਘ ਦੇ ਮਹਾਰਾਜਾ ਦਲੀਪ ਸਿੰਘ ਪਰਿਵਾਰ ਨਾਲ ਨੇੜਲੇ ਸੰਬੰਧ ਹੋਣ ਕਰਕੇ ਉਹ ਅੰਗਰੇਜ਼ ਸਰਕਾਰ ਵਾਸਤੇ ਸ਼ੱਕ ਦੇ ਦਾਇਰੇ ਵਿਚ ਆਉਂਦਾ ਸੀ। ਆਪਣੇ ਵੱਡੇ ਭਰਾ ਵਾਂਗ ਸਰਕਾਰ ਦੀ ਖ਼ਿਦਮਤਗਾਰੀ ਕਰਨ ਦੀ ਥਾਂ ਉਹ ਮਿਸ ਬਾਂਬਾ ਦੇ ਨਜ਼ਦੀਕ ਹੋਣ ਕਾਰਨ ਮੁਸੀਬਤ ਬਣ ਸਕਦਾ ਸੀ। ਇਸ ਤਰ੍ਹਾਂ ਦੇ ਤਣਾਉ ਤੋਂ ਮੁਕਤ ਹੋਣ ਲਈ ਪਤਨੀ ਸਮੇਤ ਹੰਗਰੀ ਚਲਾ ਗਿਆ। ਉਥੋਂ ਉਹ ਦਸ ਸਾਲ ਬਾਦ ਭਾਰਤ ਵਾਪਸ ਪਰਤਿਆ। ਵਿਆਹ ਤੋਂ ਸਾਲ ਬਾਦ 30 ਜਨਵਰੀ 1913 ਨੂੰ ਅੰਮ੍ਰਿਤਾ ਸ਼ੇਰਗਿੱਲ ਦਾ ਜਨਮ ਹੋਇਆ। ਰੇਸ਼ਮੀ ਕਾਲੇ ਵਾਲ, ਮੋਟੀਆਂ, ਸੁਹਣੀਆਂ, ਹੈਰਾਨੀ ਨਾਲ ਘੁੰਮਦੀਆਂ ਅੱਖਾਂ ਵਚਿੱਤਰ ਸੰਸਾਰ ਨੂੰ ਜਾਣਨ ਦਾ ਯਤਨ ਕਰਦੀਆਂ ਰਹਿੰਦੀਆਂ। ਮਾਂ ਆਖਦੀ - ਇਹ ਕਿੰਨੀ ਸੁਹਣੀ ਹੈ। ਪਿਤਾ ਆਖਦਾ - ਇਸਦੀ ਜਾਣਨ ਸ਼ਕਤੀ ਬਹੁਤ ਤਿੱਖੀ ਹੈ। ਇਕ ਸਾਲ ਬਾਦ ਦੂਜੀ ਧੀ ਇੰਦਰਾ ਦਾ ਜਨਮ ਹੋਇਆ।

ਮੈਰੀ ਐਂਤਵੁਨੈਤ ਦਾ ਬਾਬਾ ਧਨਾਢ ਜ਼ਿਮੀਂਦਾਰ, ਆਸਟਰੀਆ ਦੀ ਫ਼ੌਜ ਵਿਚ ਅਫ਼ਸਰ ਸੀ। ਮੈਰੀ ਪਿਆਨਿਸਟ ਤਾਂ ਹੈ ਹੀ ਸੀ ਉਪੇਰਾ ਵਿਚ ਕੰਮ ਕਰਨ ਵਾਸਤੇ ਰੋਮ ਜਾ ਕੇ ਪੜ੍ਹਾਈ ਕੀਤੀ। ਉਸਨੇ ਉਪੇਰੇ ਵਿਚ ਕੰਮ ਤਾਂ ਨਹੀਂ ਕੀਤਾ ਪਰ ਉਸਦੀ ਆਵਾਜ਼ ਵਿਚ ਆਕਰਸ਼ਣ ਸੀ, ਲੈਅ ਸੀ, ਇਟਾਲੀਅਨ ਜ਼ਬਾਨ ਬੋਲਣ ਵਿਚ ਪੂਰੀ ਮਾਹਿਰ ਯਹੂਦੀ ਪਰਿਵਾਰ ਦੀ ਧੀ ਸੀ। ਵਿਆਹ ਤੋਂ ਤੁਰੰਤ ਬਾਦ ਮੈਰੀ ਆਪਣੀ ਭੈਣ ਬਲਾਂਕਾ ਦੇ ਘਰ ਵਿਚ ਰਹੀ। ਬਲਾਂਕਾ ਦਾ ਪਤੀ ਪਾਰਲੀਮੈਂਟ ਦਾ ਮੈਂਬਰ ਸੀ ਜਿਸਦਾ ਸੱਤ ਕਮਰਿਆਂ ਵਾਲਾ ਘਰ ਪਾਰਲੀਮੈਂਟ ਹਾਊਸ ਦੇ ਐਨ ਨਜ਼ਦੀਕ ਸੀ। ਉਸਨੇ ਉਮਰਾਓ ਸਿੰਘ ਅਤੇ ਮੈਰੀ ਨੂੰ ਦੋ ਬੈਡ-ਰੂਮਜ਼ ਦਾ ਸੈਟ ਦੇ ਦਿੱਤਾ।

ਮਾਂ ਨੇ ਅੰਮ੍ਰਿਤਾ ਬਾਰੇ ਲਿਖਿਆ - ਥੋੜ੍ਹੇ ਦਿਨ ਪਹਿਲਾਂ ਵਾਲੀ ਨਾਜ਼ਕ ਬੇਬੀ ਤੇਜ਼ੀ ਨਾਲ ਚੇਤੰਨ ਹੋ ਰਹੀ ਸੀ, ਸ਼ਰਾਰਤੀ ਹੋ ਰਹੀ ਸੀ। ਪੰਘੂੜੇ ਵਿਚ ਚੁੱਪ ਚਾਪ ਲੇਟੀ ਆਉਣ

ਜਾਣ ਵਾਲਿਆਂ ਵੱਲ ਹੈਰਾਨੀ ਨਾਲ ਦੇਖੀ ਜਾਂਦੀ, ਕੋਈ ਨੇੜੇ ਆਉਂਦਾ ਤਾਂ ਹੱਸ ਪੈਂਦੀ, ਫਿਰ ਕਮਰੇ ਵਿਚ ਰਿੜ੍ਹਨ ਲੱਗੀ, ਸ਼ੋਰ ਪਾਉਂਦੀ ਰਹਿੰਦੀ, ਪੰਛੀਆਂ ਵਰਗੀ ਟੁਣਕਦੀ ਆਵਾਜ਼, ਨੌਂ ਮਹੀਨਿਆਂ ਦੀ ਅੰਮ੍ਰਿਤਾ ਮੰਜੇ ਦੀਆਂ ਬਾਹੀਆਂ ਫੜ ਕੇ ਤੇਜ਼ ਕਦਮੀਂ ਦੌੜਦੀ, ਫੜਨ ਲੱਗਦੇ ਤਾਂ ਖ਼ੁਸ਼ੀ ਨਾਲ ਚੀਕਦੀ, ਹੱਸਦੀ, ਜੁਲਾਈ 1914 ਤੱਕ ਨਿੱਕੇ ਨਿੱਕੇ ਹੰਗਰੀ ਵਾਕ ਬੋਲਣ ਲੱਗ ਗਈ, ਗਵਾਂਢੀ ਬੱਚਿਆਂ ਨਾਲ ਖੇਡਣ ਲਾਅਨ ਵਿਚ ਜਾਂਦੀ। ਸਭ ਤੋਂ ਵਧੀਕ ਪਿਆਰ ਆਪਣੀ ਨਿੱਕੀ ਭੈਣ ਇੰਦਰਾ ਨੂੰ ਕਰਦੀ। ਆਪਣੇ ਸਾਰੇ ਖਿਡੌਣੇ ਉਸ ਅੱਗੇ ਰੱਖ ਦਿੰਦੀ, ਮਨਮਰਜ਼ੀ ਦੇ ਪੰਛੀਆਂ ਵਾਲੇ ਨਾਂ ਰੱਖ ਕੇ ਉਸਨੂੰ ਵਾਜਾਂ ਮਾਰਦੀ। ਜਦੋਂ 17 ਨਵੰਬਰ, 1918 ਨੂੰ ਬਪਤਿਸਮਾ ਦਿੱਤਾ ਗਿਆ ਤਾਂ ਅੰਮ੍ਰਿਤਸਰ ਨੂੰ ਯਾਦ ਕਰਦਿਆਂ ਪਿਤਾ ਨੇ ਅੰਮ੍ਰਿਤਾ ਨਾਮ ਰੱਖਿਆ ਤੇ ਮਾਂ ਵਲੋਂ ਅਨਤੋਨੀਆ ਨਾਮ ਮਿਲਿਆ। ਮਾਂ ਨੇ ਲਿਖਿਆ - ਉਹ ਖ਼ੁਸ਼ੀਆਂ ਭਰੇ ਦਿਨ ਸਨ। ਅੰਮ੍ਰਿਤਾ ਸਾਢੇ ਪੰਜ ਸਾਲ ਦੀ ਸੀ, ਪੜ੍ਹਾਉਣ ਲਈ ਟਿਊਟਰ ਰੱਖ ਲਿਆ। ਪੜ੍ਹਾਈ ਦਾ ਫ਼ਿਕਰ ਨਹੀਂ ਸੀ, ਬਸ, ਬੱਚੇ ਅਨੁਸ਼ਾਸਨ ਵਿਚ ਆਹਰ ਲੱਗੇ ਰਹਿਣ। ਦੋ ਮਹੀਨਿਆਂ ਵਿਚ ਅੰਮ੍ਰਿਤਾ ਨੇ ਹੰਗੇਰੀਅਨ ਲਿਖਣੀ ਤੇ ਪੜ੍ਹਨੀ ਸਿੱਖ ਲਈ। ਰੰਗਦਾਰ ਪੈਨਸਿਲਾਂ ਨਾਲ ਤਸਵੀਰਾਂ ਬਣਾਈ ਜਾਂਦੀ। ਹਰੇਕ ਖਿਡੌਣੇ ਦੀ ਤਸਵੀਰ ਬਣਾ ਦਿੰਦੀ। ਆਲੇ-ਦੁਆਲੇ ਉੱਡਦੇ, ਤੁਰਦੇ ਪੰਛੀਆਂ ਦੀਆਂ ਤਸਵੀਰਾਂ। ਬਾਕੀ ਬੱਚੇ ਛਪੀ ਹੋਈ ਡਰਾਇੰਗ ਵਿਚ ਰੰਗ ਭਰਦੇ, ਅੰਮ੍ਰਿਤਾ ਆਪਣਾ ਸਕੈੱਚ ਆਪ ਡਰਾਅ ਕਰਦੀ। ਜੇ ਕੋਈ ਠੀਕ ਕਰਨ ਲਈ ਮੱਦਦ ਕਰਨੀ ਚਾਹੁੰਦਾ, ਰੋਕ ਦਿੰਦੀ, ਬੇਸ਼ਕ ਗ਼ਲਤ ਬਣਾਏ, ਪਰ ਖ਼ੁਦ ਸਕੈੱਚ ਬਣਾਏਗੀ। ਕਿਹਾ ਕਰਦੀ - ਬਣੇ ਬਣਾਏ ਸਕੈੱਚਾਂ ਵਿਚ ਰੰਗ ਭਰਨੇ ਕੀ ਮੁਸ਼ਕਲ ਹਨ ? ਮੁਸ਼ਕਲ ਤਾਂ ਸਕੈੱਚ ਬਣਾਉਣਾ ਹੈ।

ਬੁਦਾਪੈਸਟ ਸ਼ਹਿਰ ਤੋਂ ਪਰ੍ਹੇ ਹਟ ਕੇ ਇਸ ਪਰਿਵਾਰ ਨੇ ਪਿੰਡ ਵਿਚ ਆਪਣਾ ਟਿਕਾਣਾ ਬਣਾਇਆ। ਇਥੇ ਦੇ ਪੇਂਡੂ ਜੰਗਲ ਬੇਲੇ, ਪਸ਼ੂ ਪੰਛੀ ਉਸ ਦੇ ਦਿਲ ਦਿਮਾਗ਼ ਵਿਚ ਉਤਰਨ ਲੱਗੇ। ਇਥੇ ਹੀ ਪਿੰਡ ਉਸਦਾ ਮਸੇਰ ਭਰਾ ਵਿਕਟਰ ਏਗਨ ਉਸਦਾ ਬਚਪਨ ਦਾ ਸਾਥੀ ਸੀ। ਦੋਵਾਂ ਦੇ ਬਚਗਾਨੇ ਭੇਤ ਸਾਂਝੇ ਸਨ। ਸ਼ੇਰਗਿੱਲ ਪਰਿਵਾਰ ਜਦੋਂ ਭਾਰਤ ਆਉਂਦਾ, ਸ਼ੁਰੂ ਸ਼ੁਰੂ ਵਿਚ ਅੰਮ੍ਰਿਤਾ ਅਤੇ ਵਿਕਟਰ ਇਸਦਾ ਵਿਰੋਧ ਕਰਦੇ। ਅੰਮ੍ਰਿਤਾ ਦੇ ਦਿਲ ਵਿਚ ਅਕਸਰ ਖ਼ਿਆਲ ਆਉਂਦਾ ਕਿ ਕੇਵਲ ਵਿਕਟਰ ਨਾਲ ਉਮਰ ਬਿਤਾਏਗੀ।

ਅੰਮ੍ਰਿਤਾ ਕਿਹਾ ਕਰਦੀ - ਮੈਨੂੰ ਚੰਗਾ ਲੱਗਦਾ ਹੈ ਮੈਂ ਭਾਸ਼ਾ ਵਿਚ ਮੁਹਾਰਤ ਹਾਸਲ ਕਰਾਂ। ਮੈਨੂੰ ਰੰਗਾਂ ਦੀ ਭਾਸ਼ਾ ਬਿਨਾਂ ਹੋਰ ਕੁਝ ਸਮਝ ਵਿਚ ਨਹੀਂ ਆਉਂਦਾ। ਮੈਨੂੰ ਕੋਈ ਪੁੱਛੇ ਪੇਂਟਿੰਗ ਕਰਨੀ ਕਦੋਂ ਸ਼ੁਰੂ ਕੀਤੀ ਸੀ ਤਾਂ ਮੇਰੇ ਕੋਲ ਕੋਈ ਉੱਤਰ ਨਹੀਂ। ਪਤਾ ਨਹੀਂ ਕਦੋਂ ਤੋਂ, ਸ਼ਾਇਦ ਹੋਸ਼ ਸੰਭਾਲਣ ਤੋਂ ਵੀ ਪਹਿਲਾਂ। ਮੈਨੂੰ ਪਿਆਨੋ ਦਾ ਪਤਾ ਹੈ ਕਦੋਂ ਵਾਦਨ ਸ਼ੁਰੂ ਕੀਤਾ, ਰੰਗਾਂ ਦਾ, ਸਕੈੱਚਾਂ ਦਾ ਕੰਮ ਅਜ਼ਲ ਤੋਂ ਤੁਰਿਆ ਆ ਰਿਹਾ ਹੈ। ਮੇਰਾ ਦਿਲ ਨਿਰੰਤਰ ਮੈਨੂੰ ਸਮਝਾਉਂਦਾ ਰਿਹਾ ਕਿ ਮੈਂ ਰੰਗਾਂ ਲਈ ਬਣੀ ਹਾਂ ਹੋਰ ਕਾਸੇ ਲਈ ਨਹੀਂ।

ਬਾਦ ਵਿਚ ਵਿਕਟਰ ਨੇ ਦੱਸਿਆ - ਬਚਪਨ ਤੋਂ ਦੇਖਦਾ ਆਇਆ ਹਾਂ, ਉਹ ਕਾਗ਼ਜ਼ ਦੇ ਹਰੇਕ ਟੁਕੜੇ ਉਪਰ ਤਸਵੀਰ ਬਣਾ ਦੇਂਦੀ। ਡਾਕ ਦੇ ਲਿਫ਼ਾਫ਼ੇ ਉਪਰ, ਕੰਧਾਂ ਉਪਰ। ਕੋਈ ਥਾਂ ਤਸਵੀਰ ਬਗ਼ੈਰ ਹੈ ਈ ਨਹੀਂ। ਕਦੇ ਕਾਲੇ ਰੰਗਾਂ ਦੀ ਪੈਨਸਿਲ ਨੂੰ ਹੱਥ ਨਹੀਂ ਲਾਇਆ। ਹਰ ਵਕਤ ਰੰਗ ਬਰੰਗੀਆਂ ਪੈਨਸਿਲਾਂ ਜੇਬਾਂ ਵਿਚ ਹੁੰਦੀਆਂ। ਅਜੀਬ ਸ਼ਕਲ ਦੀਆਂ ਅਜੀਬ ਮੂਰਤਾਂ, ਕੋਈ ਕੋਈ ਮਨੁੱਖੀ ਨੈਣ ਨਕਸ਼ਾਂ ਵਾਲੀ ਵੀ ਹੁੰਦੀ।

ਮਾਂ ਹੰਗੇਰੀਅਨ ਲੋਕ ਗੀਤ ਗਾਉਂਦੀ ਤਾਂ ਅੰਮ੍ਰਿਤਾ ਆਖਦੀ - ਇਹ ਗੀਤ ਪੇਂਟ

ਕਰ ਕੇ ਦਿਖਾਵਾਂ ? ਮਾਂ ਲੋਕ ਕਹਾਣੀ ਸੁਣਾਉਂਦੀ, ਅੰਮ੍ਰਿਤਾ ਕਹਾਣੀ ਨੂੰ ਕਾਗਜ਼ ਉਪਰ ਚਿੱਤਰ ਦਿੰਦੀ। ਇਸ ਦੀ ਵਜ੍ਹਾ ਮਾਂ ਦੇ ਗੂੜ੍ਹੇ ਭੂਰੇ ਵਾਲ ਸਨ ਕਿ ਕੁਝ ਹੋਰ, ਗੂਹੜੇ ਰੰਗ ਵਰਤਦੀ। ਜੇ ਕਿਤੇ ਉਸਨੇ ਮਾਪਿਆਂ ਦਾ ਅਸਰ ਕਬੂਲਿਆ ਹੁੰਦਾ, ਉਹ ਸੰਗੀਤਕਾਰ ਹੁੰਦੀ, ਮਾਂ ਅਤੇ ਪਿਤਾ ਨੂੰ ਰੰਗਾਂ ਦੇ ਸੰਸਾਰ ਦਾ ਨਾ ਗਿਆਨ ਸੀ, ਨਾ ਰੁਚੀ। ਇਹ ਰਸਤਾ ਉਸਦੀ ਆਪਣੀ ਚੋਣ ਸੀ। ਸੱਚ ਤਾਂ ਇਹ ਹੈ ਕਿ ਮਾਂ ਮਾਡਰਨ ਆਰਟ ਦੇ ਖ਼ਿਲਾਫ਼ ਸੀ, ਉਸਨੂੰ ਇਹ ਨਿਰਾ ਬਕਵਾਸ ਲੱਗਦਾ ਸੀ, ਪਾਗਲਾਂ ਦੀ ਖੇਡ। ਉਹ ਮਾਡਰਨ ਆਰਟ ਦੇਖ ਕੇ ਹੱਸ ਪੈਂਦੀ।

1920 ਵਿਚ ਹੰਗਰੀ ਦੇ ਸਿਆਸੀ ਹਾਲਾਤ ਖ਼ਰਾਬ ਹੋਣ ਕਰਕੇ ਪਰਿਵਾਰ ਨੇ ਭਾਰਤ ਆਉਣ ਦੀ ਆਗਿਆ ਮੰਗੀ, ਸਰਕਾਰ ਨੇ ਨਾਂਹ ਕਰ ਦਿੱਤੀ ਕਿਉਂਕਿ ਖ਼ੁਫੀਆਂ ਰਿਪੋਰਟਾਂ ਅਨੁਸਾਰ ਉਮਰਾਉ ਸਿੰਘ ਨੂੰ ਬਾਗ਼ੀ ਲੋਕ ਲਾਲਾ ਹਰਦਿਆਲ, ਰਾਜਾ ਮਹੇਂਦਰ ਪ੍ਰਤਾਪ, ਹਰਬੰਸ ਸਿੰਘ ਅਟਾਰੀ ਮਿਲਦੇ ਰਹੇ ਸਨ। ਭਰਾ ਨੇ ਮੱਦਦ ਕੀਤੀ ਤਾਂ ਆਗਿਆ ਮਿਲੀ। ਦਸ ਸਾਲ ਹੰਗਰੀ ਵਿਚ ਬਿਤਾ ਕੇ 2 ਜਨਵਰੀ, 1921 ਨੂੰ ਭਾਰਤ ਲਈ ਰਵਾਨਾ ਹੋਏ।

ਵਾਪਸੀ ਬਰਾਸਤਾ ਪੈਰਿਸ ਇਸ ਲਈ ਰੱਖੀ ਤਾਂ ਕਿ ਬੱਚਿਆਂ ਨੂੰ ਪੈਰਿਸ ਦੀਆਂ ਆਰਟ ਗੈਲਰੀਆਂ ਦਿਖਾਈਆਂ ਜਾਣ, ਉਪੇਰਾ ਦਿਖਾਇਆ ਜਾਵੇ। ਅੰਮ੍ਰਿਤਾ ਨੇ ਅਸਲ ਮੋਨਾਲਿਜ਼ਾ ਪਹਿਲੀ ਵਾਰ ਦੇਖੀ ਤਾਂ ਮੁਗਧ ਹੋ ਕੇ ਦੇਰ ਤੱਕ ਖਲੋਤੀ ਦੇਖਦੀ ਰਹੀ। ਪਹਿਲਾਂ ਮਾਂ ਕੋਲ ਇਸ ਦੀਆਂ ਨਕਲਾਂ ਦੇਖੀਆਂ ਸਨ। ਸਮੁੰਦਰੀ ਜਹਾਜ਼ ਵਿਚ ਅੰਮ੍ਰਿਤਾ ਦਾ ਅੱਠਵਾਂ ਜਨਮ ਦਿਨ ਮਨਾਇਆ। ਅੰਮ੍ਰਿਤਾ ਲਿਖਦੀ ਹੈ - ਮਾਲਵਾ ਜਹਾਜ਼ ਉਪਰ ਕੂਚ ਬਿਹਾਰ ਦੀ ਮਹਾਰਾਣੀ ਅਤੇ ਉਸਦੀਆਂ ਬਾਂਦੀਆਂ ਦੀ ਹਾਜ਼ਰੀ ਵਿਚ ਕੇਕ ਕੱਟਿਆ, ਮਿਠਾਈ ਖਾਧੀ।

ਜੁਆਨ ਹੋ ਕੇ ਜਦੋਂ ਉਸਨੇ ਐਲਾਨ ਕਰ ਦਿੱਤਾ ਕਿ ਆਰਟ ਬਗ਼ੈਰ ਹੋਰ ਕੁਝ ਨਹੀਂ ਕਰੇਗੀ ਤਾਂ ਮਾਂ ਨੇ ਉਸ ਵਾਸਤੇ ਟੀਚਰ ਲੱਭਣੇ ਸ਼ੁਰੂ ਕੀਤੇ। ਸ਼ਿਮਲੇ ਮੇਜਰ ਵਿਟਮਾਰਸ਼ ਰਹਿ ਰਿਹਾ ਸੀ, ਥੋੜ੍ਹਾ ਸਮਾਂ ਉਸਨੇ ਟਰੇਨਿੰਗ ਦਿੱਤੀ। ਦੂਜਾ ਟੀਚਰ ਬੇਵਾਂ ਪੈਟਮਨ ਔਰਤਾਂ ਦੇ ਬਹੁਤ ਸੁਹਣੇ ਸਕੈੱਚ ਬਣਾਉਣ ਦਾ ਮਾਹਿਰ ਸੀ, ਉਹ ਲੰਦਨ ਦੇ ਸਲੇਡ ਆਰਟ ਸਕੂਲ ਵਿਚ ਪੜ੍ਹਾ ਕੇ ਆਇਆ ਸੀ। ਉਸਨੇ ਟਰੇਨਿੰਗ ਦੇਣੀ ਸ਼ੁਰੂ ਕੀਤੀ। ਪੰਜਾਹ ਸਾਲ ਬਾਦ ਆਪਣੇ ਦੋਸਤ ਨੂੰ ਖ਼ਤ ਵਿਚ ਉਸਨੇ ਅੰਮ੍ਰਿਤਾ ਬਾਰੇ ਲਿਖਿਆ - ਉਹ ਬੇਮਿਸਾਲ ਪ੍ਰਤਿਭਾ ਦੀ ਮਾਲਕ ਸੀ। ਦੇਰ ਤਕ ਸਖ਼ਤ ਮਿਹਨਤ ਕਰਦੀ ਰਹਿੰਦੀ। ਇਕ ਲਕੀਰ ਵਾਹ ਕੇ ਉਹ ਤਸਵੀਰ ਦਾ ਪੂਰਾ ਪ੍ਰਭਾਵ ਬਦਲ ਦਿੰਦੀ। ਤਿੰਨ ਡਾਈਮੈਨਸ਼ਨਾਂ ਵਾਲੇ ਜਗਤ ਨੂੰ ਕਾਗ਼ਜ਼ ਉਪਰ ਦੋ ਡਾਈਮੈਨਸ਼ਨਾਂ ਵਿਚ ਕਿਵੇਂ ਢਾਲ ਦੇਣਾ ਹੈ, ਉਹ ਜਾਣ ਗਈ ਸੀ। ਜਿੰਨਾ ਵੱਧ ਤੋਂ ਵੱਧ ਸਿਖਾ ਸਕਦਾ ਸਾਂ, ਸਿਖਲਾਈ ਦਿੱਤੀ।

ਫ਼ਰਵਰੀ ਵਿਚ ਬੰਬੇ, ਦਿੱਲੀ ਹੋ ਕੇ ਲਾਹੌਰ ਪੁੱਜੇ ਤੇ ਭਰਾ ਦੀ ਹਵੇਲੀ ਵਿਚ ਰਹੇ। ਪਹਿਲੀ ਪਤਨੀ ਦੇ ਬੱਚਿਆਂ ਵਿਚਕਾਰ ਜਾਇਦਾਦ ਦਾ ਵੱਡਾ ਹਿੱਸਾ ਵੰਡ ਦਿੱਤਾ। ਮਜੀਠੇ ਅਤੇ ਲਾਹੌਰ ਵਿਚਲੇ ਘਰ ਪਹਿਲੇ ਬੱਚਿਆਂ ਦੀ ਵੰਡ ਵਿਚ ਆਉਣ ਪਿੱਛੋਂ ਖ਼ੁਦ ਲਈ ਸ਼ਿਮਲੇ 2500 ਵਰਗ ਗਜ਼ ਵਿਚਲਾ ਬੰਗਲਾ ਖ਼ਰੀਦਿਆ। ਮੈਰੀ ਨੇ ਇਸ ਘਰ ਨੂੰ ਯੌਰਪੀਅਨ ਡਿਊਕਾਂ ਵਾਂਗ ਕੀਮਤੀ ਸਾਮਾਨ ਨਾਲ ਸਜਾਇਆ। ਛੋਟੀ ਇੰਦਰਾ ਦੀ ਰੁਚੀ ਸੰਗੀਤ ਵੱਲ ਵਧੀ ਤੇ ਉਸਨੇ ਨਾਚ ਸਿੱਖਣਾ ਸ਼ੁਰੂ ਕੀਤਾ।

1921 ਦੇ ਸਾਲ ਸ਼ਿਮਲੇ ਇਕ ਜੁਆਨ ਇਟਾਲੀਅਨ ਬੁੱਤਤ੍ਰਾਸ਼ ਆ ਗਿਆ ਤੇ

ਸ਼ੇਰਗਿੱਲ ਪਰਿਵਾਰ ਕੋਲ ਆਉਣ ਜਾਣ ਹੋ ਗਿਆ। ਮੈਰੀ ਦੀ ਇਤਾਲਵੀ ਭਾਸ਼ਾ ਵਿਚ ਮੁਹਾਰਤ ਸੀ, ਜਲਦੀ ਦੋਵਾਂ ਵਿਚ ਇਸ਼ਕ ਹੋ ਗਿਆ। ਬੁੱਤਤ੍ਰਾਸ਼ ਦੇ ਬੀਵੀ ਬੱਚੇ ਫਲੋਰੈਂਸ ਸ਼ਹਿਰ ਵਿਚ ਸਨ, ਦੋਵਾਂ ਨੇ ਸਲਾਹ ਬਣਾਈ ਕਿ ਬੱਚੀਆਂ ਨੂੰ ਸਨਾਤਨੀ ਇਤਾਲਵੀ ਕਲਾ ਅਤੇ ਭਾਸ਼ਾ ਦੀ ਝਲਕ ਦਿਖਾਉਣ ਲਈ ਫਲੋਰੈਂਸ ਦਾ ਗੇੜਾ ਲਾਇਆ ਜਾਵੇ। ਇਹ ਇਕ ਤਰ੍ਹਾਂ ਦੀ ਰੁਮਾਂਟਿਕ ਸਾਜ਼ਿਸ਼ ਸੀ। ਪਹਿਲਾਂ ਜੁਆਨ ਗਿਆ, ਬਾਦ ਵਿਚ ਮੈਰੀ ਆਪਣੀਆਂ ਧੀਆਂ ਸਮੇਤ ਫਲੋਰੈਂਸ ਚਲੀ ਗਈ। ਜਨਵਰੀ 1924, ਅੰਮ੍ਰਿਤਾ ਸਾਂਤਾ ਐਨੰਸੀਆਟਾ ਸਕੂਲ ਵਿਚ ਦਾਖ਼ਲ ਕਰਵਾ ਦਿੱਤੀ। ਕੁੜੀ ਨੂੰ ਸਕੂਲ ਦਾ ਸਖ਼ਤ ਰੋਮਨ ਕੈਥੋਲਿਕ ਜ਼ਾਬਤਾ ਪਸੰਦ ਨਹੀਂ ਸੀ। ਮਾਂ ਦਾ ਖ਼ਿਆਲ ਸੀ ਕਿ ਫਲੋਰੈਂਸ ਸ਼ਹਿਰ ਦਾ ਵਾਤਾਵਰਣ ਉਸਨੂੰ ਇਟਾਲੀਅਨ ਆਰਟ ਦੇ ਨੇੜੇ ਲੈ ਜਾਏਗਾ। ਜਿਥੋਂ ਤੱਕ ਮਾਂ ਦਾ ਵੱਸ ਚੱਲਿਆ, ਧਾਰਮਿਕ ਵਿੱਦਿਆ ਦੇਣੀ ਚਾਹੀ, ਇਥੋਂ ਤੱਕ ਕਿ ਛੋਟੀ ਉਮਰੇ ਬਪਤਿਸਮਾ ਵੀ ਦਿੱਤਾ ਪਰ ਦੋਵਾਂ ਕੁੜੀਆਂ ਦੀ ਧਾਰਮਿਕ ਬਿਰਤੀ ਨਹੀਂ ਬਣ ਸਕੀ। ਅੰਮ੍ਰਿਤਾ ਮੰਨਦੀ ਹੈ ਕਿ ਫਲੋਰੈਂਸ ਦੀ ਸੰਖਿਪਤ ਯਾਤਰਾ ਨੇ ਉਸ ਉਪਰ ਇਟਾਲੀਅਨ ਅਸਰ ਛੱਡਿਆ। ਉਹ ਕਮਜ਼ੋਰ ਜਜ਼ਬਾਤੀ ਕਿਸਮ ਦੀ ਭਾਰਤੀ ਸ਼ੈਲੀ ਸੁੱਟ ਦੇਣ ਦੀ ਇੱਛੁਕ ਸੀ ਪਰ ਇਥੇ ਯੋਰਪ ਵਰਗੇ ਉਸਤਾਦ ਅਗਵਾਈ ਕਰਨ ਲਈ ਨਹੀਂ ਸਨ, ਨਾ ਸੰਤੁਲਿਤ ਦਾਦ ਮਿਲੇ, ਨਾ ਸਿਹਤਵੰਦ ਆਲੋਚਨਾ। ਸਕੂਲੋਂ ਨਿਕਲਣ ਵਾਸਤੇ ਨੰਗੀਆਂ ਤਸਵੀਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਛੇਤੀ ਹੀ ਮਾਂ ਦੇ ਇਸ਼ਕ ਦਾ ਭੋਗ ਪੈ ਗਿਆ ਤਾਂ ਅੰਮ੍ਰਿਤਾ ਨੂੰ ਸਕੂਲੋਂ ਹਟਾ ਲਿਆ। ਅੰਮ੍ਰਿਤਾ ਨੇ ਲਿਖਿਆ - ਪਹਿਲੋਂ ਤਾਂ ਮੈਂ ਫਲੋਰੈਂਸ ਦੇ ਮਾਹੌਲ ਨੂੰ ਨਫ਼ਰਤ ਕਰਦੀ ਰਹੀ ਪਰ ਹੁਣ ਪਤਾ ਲੱਗਦੈ ਕਿ ਮੇਰੇ ਉੱਤੇ ਇਥੋਂ ਦੇ ਸਥਾਈ ਅਸਰ ਪਏ। ਰੈਨੇਸਾਂ ਦੀਆਂ ਕਿਰਤਾਂ ਦਿਲ ਉਪਰ ਜੰਮ ਗਈਆਂ ਜਿਨ੍ਹਾਂ ਨੇ ਚਿਰ ਬਾਦ ਪੈਰਿਸ ਵਿਚ ਰੰਗ ਦਿਖਾਇਆ। ਕਦੀ ਕਦੀ ਮੈਨੂੰ ਫ਼ਖ਼ਰ ਹੁੰਦਾ ਕਿ ਮੈਂ ਇਟਾਲੀਅਨ ਮਾਸਟਰਜ਼ ਵਿੱਚੋਂ ਹਾਂ, ਉਨ੍ਹਾਂ ਦੀ ਹੀ ਸੰਤਾਨ ਹਾਂ।

ਫਲੋਰੈਂਸ ਤੋਂ ਵਾਪਸ ਆਈ ਤਾਂ ਮਾਪਿਆਂ ਨੇ ਸਲਾਹ ਕਰ ਕੇ ਸ਼ਿਮਲੇ ਦੇ ਵਧੀਆ ਈਸਾਈ ਸਕੂਲ ਵਿਚ ਦਾਖ਼ਲ ਕਰਵਾ ਦਿੱਤੀ। ਜਿਵੇਂ ਬਾਕੀ ਬੱਚੇ ਵਿਧੀਵਤ ਤਰੀਕੇ ਨਾਲ ਪੜ੍ਹਦੇ ਹਨ, ਇਸੇ ਤਰ੍ਹਾਂ ਅੰਮ੍ਰਿਤਾ ਪੜ੍ਹੇ। ਪੇਂਟਿੰਗ ਤੇ ਸੰਗੀਤ ਘਰ ਆ ਕੇ ਵਿਹਲੇ ਵਕਤ ਸਿੱਖੇ। ਉਹ ਕਲਾਸ ਦੇ ਬੰਧਨ ਵਿਚ ਕਿਥੇ ਬੰਨ੍ਹੀ ਜਾ ਸਕਦੀ ਸੀ ? ਸਕੂਲ ਵਿਚ ਐਲਾਨ ਕਰ ਦਿੱਤਾ - ਮੈਂ ਨਾਸਤਕ ਹਾਂ, ਨਾ ਰੱਬ ਵਿਚ ਯਕੀਨ, ਨਾ ਧਰਮ ਵਿਚ। ਚੁੱਕੋ ਆਪਣੀ ਬਾਈਬਲ। ਕਿਤੇ ਬਾਕੀ ਬੱਚੇ ਨਾ ਵਿਗੜ ਜਾਣ, ਪ੍ਰਬੰਧਕਾਂ ਨੇ ਸ਼ਿਮਲੇ ਦੀ ਜੀਸਸ ਐਂਡ ਮੇਰੀ ਕਾਨਵੈਂਟ ਵਿੱਚੋਂ ਵੀ ਆਪ-ਹੁਦਰੇ ਸੁਭਾਅ ਕਾਰਨ ਸਕੂਲੋਂ ਕੱਢ ਦਿੱਤੀ ਤਾਂ ਮੌਜ ਬਣ ਗਈ, ਕੇਵਲ ਡਰਾਇੰਗ ਜਾਂ ਪਿਆਨੋ, ਬੱਸ ਦੋ ਕੰਮ ਕਰਦੀ। ਮਾਪਿਆਂ ਨੇ ਘਰ ਵਿਚ ਟਿਊਟਰਾਂ ਰਾਹੀਂ ਪੜ੍ਹਾਈ ਕਰਾਉਣੀ ਜਾਰੀ ਰੱਖੀ।

ਅੰਮ੍ਰਿਤਾ ਦੀ ਮਾਂ ਨੇ ਫ਼ੈਸਲਾ ਸੁਣਾ ਦਿੱਤਾ ਕਿ ਬੱਚਿਆਂ ਦਾ ਭਵਿੱਖ, ਪੜ੍ਹਾਈ ਲਿਖਾਈ ਬਹੁਤ ਧਿਆਨ ਮੰਗਦੀ ਹੈ। ਪਰਵਰਿਸ਼ ਵਾਸਤੇ ਪੰਜਾਬ ਯੋਗ ਥਾਂ ਨਹੀਂ। ਸਾਰਾ ਪਰਿਵਾਰ ਫਿਰ ਹੰਗਰੀ ਵੱਲ ਤੁਰ ਪਿਆ। ਮਾਂ ਦਾ ਦੂਜਾ ਫ਼ੈਸਲਾ ਇਹ ਸੀ ਕਿ ਹੁਣ ਪਿੰਡ ਵਿਚ ਨਹੀਂ, ਬੁਦਾਪੈਸਟ ਸ਼ਹਿਰ ਵਿਚ ਵੱਸਣਾ ਹੈ। ਆਖ਼ਿਰ ਸਭਿਅਕ ਸੰਸਾਰ ਦਾ ਕਾਰ-ਵਿਹਾਰ ਵੀ ਤਾਂ ਸਿਖਾਣਾ ਹੈ। ਉਹ ਪਿਆਨੋ-ਵਾਦਨ ਦੀ ਸ਼ੌਕੀਨ ਸੀ। ਉਸਨੇ ਅੰਮ੍ਰਿਤਾ ਨੂੰ ਵੀ ਪਿਆਨੋ-ਵਾਦਨ ਸਿਖਾਇਆ। ਕਦੀ ਮਾਂ ਦੀ ਇੱਛਾ ਰਹੀ ਸੀ ਕਿ ਪਿਆਨੋ-ਵਾਦਨ ਦੀ ਸਟਾਰ ਬਣ ਸਕਾਂ। ਹਾਲਾਤ ਨੇ ਸਾਥ ਨਹੀਂ ਦਿੱਤਾ। ਹੁਣ ਉਹ ਆਪਣੀ ਧੀ ਨੂੰ ਪਿਆਨੋ

ਸਟਾਰ ਬਣਾਏਗੀ। ਛੋਟੀ ਇੰਦਰਾ ਵੀ ਸਿੱਖਣ ਲੱਗੀ। ਦੋਵਾਂ ਦੀ ਪ੍ਰਤਿਭਾ ਤੋਂ ਮਾਪੇ ਸੰਤੁਸ਼ਟ ਸਨ, ਉਨ੍ਹਾਂ ਨੂੰ ਪਤਾ ਸੀ ਕਿ ਜਿਸ ਖੇਤਰ ਵਿਚ ਇਹ ਕੁੜੀਆਂ ਕਦਮ ਰੱਖਣਗੀਆਂ, ਉਥੇ ਯਕੀਨਨ ਸ਼ੁਹਰਤ ਹਾਸਲ ਕਰਨਗੀਆਂ। ਇਹ ਕੁੜੀਆਂ ਵੱਡੀਆਂ ਹੋ ਕੇ ਕਿੰਨੀਆਂ ਵੱਡੀਆਂ ਉਲਝਣਾਂ, ਮੁਸੀਬਤਾਂ ਖੜੀਆਂ ਕਰਨਗੀਆਂ, ਇਸਦਾ ਕਿਸੇ ਨੂੰ ਕੀ ਪਤਾ ਸੀ ?

ਇਨ੍ਹਾਂ ਦਿਨਾਂ ਵਿਚ ਪਿਤਾ ਉਮਰਾਉ ਸਿੰਘ ਸ਼ੇਰਗਿੱਲ ਨੇ ਫ਼ਾਰਸੀ ਸ਼ਾਇਰ ਉਮਰ ਖੱਯਾਮ ਦੀ ਕਵਿਤਾ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਅੰਮ੍ਰਿਤਾ ਪਿਤਾ ਦੀਆਂ ਗੱਲਾਂ ਸੁਣਦੀ, ਅਨੁਵਾਦ ਪੜ੍ਹਦੀ। ਖੱਯਾਮ ਦੀ ਖ਼ੁਮਾਰੀ ਦੀ ਰੰਗਤ ਉਸ ਦੀਆਂ ਪੇਂਟਿੰਗਜ਼ ਵਿਚ ਉਤਰਨ ਲੱਗ ਪਈ। ਇਸ ਅਵਧੀ ਵਿਚ ਕੀਤੀਆਂ ਪੇਂਟਿੰਗਜ਼ ਬਾਕੀਆਂ ਤੋਂ ਵੱਖਰੀਆਂ ਹਨ।

ਗਰਮੀਆਂ ਸ਼ਿਮਲੇ ਬਿਤਾਉਂਦੇ ਤੇ ਸਰਦੀਆਂ ਵਿਚ ਪਰਿਵਾਰ ਗੋਰਖਪੁਰ ਨੇੜੇ ਸਰਾਇਆ ਪਿੰਡ ਦੇ ਫ਼ਾਰਮ ਹਾਊਸ ਜਾ ਪੁੱਜਦਾ। ਇਥੇ ਆਊਟ ਡੋਰ ਪੇਂਟਿੰਗਜ਼ ਵਿਚ ਅੰਮ੍ਰਿਤਾ ਨੇ ਪੂਰਨ ਪੇਂਡੂ ਯੂ.ਪੀ. ਕਲਚਰ ਚਿੱਤ੍ਰਿਆ ਹੈ। ਔਰਤਾਂ ਉਸਦਾ ਆਖਾ ਮੰਨ ਕੇ ਮਾਡਲ ਬਣਨ ਲਈ ਘੰਟਿਆਂ ਬੱਧੀ ਉਸਦੇ ਸਾਹਮਣੇ ਬੈਠੀਆਂ ਰਹਿੰਦੀਆਂ। ਬੇਸ਼ਕ ਦੱਖਣ ਤੱਕ ਜਾ ਆਈ ਸੀ ਪਰ ਗੋਰਖਪੁਰ, ਸ਼ਿਮਲਾ ਅਤੇ ਮਜੀਠਾ ਉਸਦੀ ਨਜ਼ਰ ਦੇ ਕੇਂਦਰ ਵਿਚ ਰਹੇ।

ਬਾਰ੍ਹਾਂ ਸਾਲ ਦੀ ਅੰਮ੍ਰਿਤਾ ਨੇ ਗਵਾਂਢ ਵਿਚ ਤੇਰ੍ਹਾਂ ਸਾਲ ਦੀ ਕੁੜੀ ਦਾ ਵਿਆਹ ਦੇਖਿਆ, ਪਤੀ ਪੰਜਾਹ ਸਾਲ ਦਾ ਸੀ ਜਿਸ ਦੀਆਂ ਤਿੰਨ ਪਤਨੀਆਂ ਪਹਿਲਾਂ ਵੀ ਸਨ। ਕੁੜੀ ਦੇ ਕੀਮਤੀ ਜ਼ੇਵਰ ਅਤੇ ਗ਼ਜ਼ਬ ਦੇ ਕੱਪੜੇ ਪਹਿਨੇ ਹੋਏ, ਇਸ ਹਾਰ ਸ਼ਿੰਗਾਰ ਵਿਚ ਗੁੱਡੀ ਵਾਂਗ, ਸਹਿਮੀ ਖਲੋਤੀ, ਇੰਨੇ ਵੱਡੇ ਇਕੱਠ ਵਿਚ ਬੇਵਸ, ਲਾਚਾਰ, ਕੁਰਬਾਨੀ ਲਈ ਤਿਆਰ। ਇਸ ਦ੍ਰਿਸ਼ ਨੇ ਉਸ ਉਪਰ ਭਾਰਤੀ ਔਰਤ ਦੀ ਲਾਚਾਰੀ ਨੇ ਡੂੰਘਾ ਜ਼ਖ਼ਮ ਕੀਤਾ, ਸਤਹੀ ਭਾਵਕ ਹਮਦਰਦੀ ਨਹੀਂ, ਪੱਕਾ ਦਾਗ਼। ਉਸਦੀਆਂ ਸਾਰੀਆਂ ਪੇਂਟਿੰਗਜ਼ ਵਿਚ ਔਰਤਾਂ ਉਦਾਸ ਹਨ। ਖ਼ਾਮੋਸ਼ ਰਹਿ ਕੇ ਜ਼ੁਲਮ ਝੱਲਣ ਵਾਲੀਆਂ ਔਰਤਾਂ। ਉਸਦੀਆਂ ਘੜੀਆਂ ਔਰਤਾਂ ਭੀੜ ਵਿਚ ਗੁਆਚੀਆਂ ਹੋਈਆਂ ਹਨ, ਦੱਬੀ ਹੋਈ ਹਿੰਸਾ, ਅੱਖਾਂ ਰਾਹੀਂ ਪ੍ਰਗਟ ਦਿਸਦੀ ਹੈ, ਕਿਸੇ ਥਾਂ ਔਰਤ ਛੁਰੇ ਨਾਲ ਖ਼ੁਦਕੁਸ਼ੀ ਕਰਨ ਦੇ ਯਤਨ ਵਿਚ ਹੈ।

ਜੁਆਨ ਹੋਣ ਉਪਰੰਤ ਉਸਦੀ ਰੋਮਾਂਟਿਕ ਖੁੱਲ੍ਹ ਖੇਡ ਇਸ ਪਿਛੋਕੜ ਦਾ ਉਪਭਾਵਕ, ਨਾਦਾਨ ਪ੍ਰਤੀਕਰਮ ਹੈ। ਬਗ਼ਾਵਤ ਜੇ ਸਾਰਥਿਕ ਸਿੱਟਿਆਂ ਵੱਲ ਨਹੀਂ ਤੁਰੀ ਤਾਂ ਵਿਆਪਕ ਤਬਾਹੀ ਤੋਂ ਇਲਾਵਾ ਕੀ ਹਾਸਲ ਹੋਣਾ ਹੈ ? ਇਸ ਨਾਲ ਮਿਲਦੀ ਜੁਲਦੀ ਬਗ਼ਾਵਤ ਅੰਮ੍ਰਿਤਾ ਪ੍ਰੀਤਮ ਨੇ ਵੀ ਕੀਤੀ ਸੀ। ਅੰਮ੍ਰਿਤਾ ਪ੍ਰੀਤਮ ਦਾ ਸ੍ਵੈਕਥਨ ਹੈ - ਜਿਵੇਂ ਕੰਜਰਾਂ ਕੋਲ ਕਾਫ਼ੀ ਸਾਰਾ ਹੁਨਰ ਹੁੰਦਾ ਹੈ, ਉਵੇਂ, ਅਸੀਂ ਜਿਹੜੇ ਕਲਾਕਾਰ ਹਾਂ, ਸਾਡੇ ਕੋਲ ਕਾਫ਼ੀ ਸਾਰਾ ਕੰਜਰਖ਼ਾਨਾ ਹੈ।

ਵਿਆਹ ਤਾਂ ਕਰਵਾ ਲਿਆ ਪਰ ਮੈਰੀ ਐਂਤਵੁਨੈਤ, ਸ਼ੇਰਗਿੱਲ ਨਾਲ ਖ਼ੁਸ਼ ਨਹੀਂ, ਘਰ ਵਿਚ ਕਲੇਸ਼ ਹੁੰਦਾ, ਮੈਰੀ ਖ਼ੁਦਕੁਸ਼ੀ ਦੀਆਂ ਧਮਕੀਆਂ ਦਿੰਦੀ, ਪਿਤਾ ਜੰਗਲ ਵਿਚ ਜਾ ਕੇ ਸੰਨਿਆਸ ਲੈਣ ਦੀ ਦੁਹਾਈ ਦਿੰਦਾ। ਇਸ ਮਾਹੌਲ ਦਾ ਅਸਰ ਬਾਲ-ਮਨ ਉਪਰ ਛਾਪ ਛੱਡੇਗਾ ਹੀ। ਇਕ ਪੇਂਟਿੰਗ ਅਜਿਹੀ ਹੈ ਜਿਸ ਵਿਚ ਗ਼ੁਸੈਲ ਔਰਤ, ਮਰਦ ਉਪਰ ਇਉਂ ਝੁਕੀ ਹੋਈ ਹੈ ਜਿਵੇਂ ਛੁਰਾ ਮਾਰਨ ਲਈ ਉਤਾਰੂ ਹੋਵੇ।

ਭਾਰਤੀ ਕੂਟਨੀਤੀਵਾਨ ਬੀ.ਕੇ. ਨਹਿਰੂ ਦੀ ਪਤਨੀ ਫੋਰੀ, ਹੰਗਰੀ ਦੀ ਸੀ। ਇਨ੍ਹਾਂ

ਦੀ ਰਿਹਾਇਸ਼ ਵੀ ਸ਼ਿਮਲੇ ਵਿਚ ਸੀ। ਫੋਰੀ ਨੂੰ ਸ਼ੇਰਗਿੱਲਾਂ ਘਰ ਬਿਤਾਈਆਂ ਕੁਝ ਹੰਗੇਰੀਅਨ ਸ਼ਾਮਾਂ 96 ਸਾਲ ਦੀ ਉਮਰ ਵਿਚ ਵੀ ਯਾਦ ਹਨ, ਦੱਸਦੀ ਹੈ - ਮੈਰੀ ਐਂਤਵੂਨੈਤ ਨੂੰ ਇਹ ਪਸੰਦ ਨਹੀਂ ਸੀ ਕਿ ਫੋਰੀ ਹਿੰਦੁਸਤਾਨੀ ਬਣ ਜਾਵੇ। ਅਗਸਤ 1936 ਨੂੰ ਫੋਰੀ ਨੂੰ ਖ਼ਤ ਲਿਖ ਕੇ ਮੇਰੀ ਨੇ ਆਖ਼ਰ ਵਿਚ ਹੰਗਰੀ ਦਾ ਲੋਕ-ਗੀਤ ਲਿਖਿਆ, ਜਿਸਦਾ ਅਰਥ ਹੈ:

ਓ ਹੰਗੇਰੀਅਨ, ਆਪਣੇ ਵਤਨ ਨਾਲ ਵਫ਼ਾ ਕਰਨਾ,
ਤੇਰਾ ਦੇਸ ਅੱਜ ਤੇਰਾ ਪੰਘੂੜਾ, ਤੇਰਾ ਦੇਸ ਕੱਲ੍ਹ ਨੂੰ ਤੇਰੀ ਕਬਰ।
ਜਨਮ ਵਕਤ ਰਾਖਾ, ਮੌਤ ਵਕਤ ਰਖਵਾਲਾ, ਓ ਹੰਗੇਰੀਅਨ।
ਧਰਤੀ ਉਪਰ ਹੋਰ ਕਿਤੇ ਤੇਰੀ ਥਾਂ ਨਹੀਂ ਓ ਹੰਗੇਰੀਅਨ।

ਫੋਰੀ ਦੱਸਦੀ ਹੈ ਕਿ ਸ਼ੇਰਗਿੱਲ ਦਾ ਘਰ ਇੰਚ ਇੰਚ ਹੰਗੇਰੀਅਨ ਸੀ, ਖਾਣ ਪੀਣ ਤੋਂ ਲੈ ਕੇ ਰਹਿਣ ਸਹਿਣ ਪਹਿਨਣ ਤੱਕ ਸਭ ਕੁਝ। ਮੈਰੀ ਨੇ ਸਾਰੀ ਉਮਰ ਭਾਰਤੀ ਲਿਬਾਸ ਨਹੀਂ ਪਹਿਨਿਆ।

ਜੂਨ 1924 ਤੋਂ ਅਪ੍ਰੈਲ 1929 ਤੱਕ ਪਰਿਵਾਰ ਸ਼ਿਮਲੇ ਰਿਹਾ। ਮਾਂ ਨੇ 1927 ਵਿਚ ਭਾਰਤ ਦਾ ਟੂਰ ਲਾਉਣ ਦਾ ਫ਼ੈਸਲਾ ਕੀਤਾ, ਅੰਮ੍ਰਿਤਾ ਤੇਰ੍ਹਾਂ ਸਾਲ ਦੀ ਤੇ ਇੰਦਰਾ ਬਾਰ੍ਹਾਂ ਸਾਲਾਂ ਦੀ ਸੀ। ਸ਼ੇਰਗਿੱਲ, ਸਰਾਇਆ ਆਪਣੇ ਫ਼ਾਰਮ ਵਿਚ ਰਿਹਾ ਤੇ ਤਿੰਨ ਜਣੀਆਂ ਬਨਾਰਸ, ਕਲਕੱਤਾ ਤੇ ਦਾਰਜੀਲਿੰਗ ਲਈ ਤੁਰੀਆਂ, ਵਾਪਸੀ ਲਖਨਊ ਵਿੱਚੋਂ ਹੋਵੇਗੀ। ਇਹ ਸਾਲ ਭਾਰਤ ਦਰਸ਼ਨ ਤੋਂ ਇਲਾਵਾ ਇਕ ਹੋਰ ਕਾਰਨ ਸਦਕਾ ਵੀ ਅੰਮ੍ਰਿਤਾ ਲਈ ਯਾਦਗਾਰੀ ਹੋ ਗਿਆ।

ਹੰਗਰੀ ਤੋਂ ਅੰਮ੍ਰਿਤਾ ਦਾ ਇਕ ਮਾਮਾ ਇਰਵਿਨ ਬੈਕਟੇ, ਸ਼ੇਰਗਿੱਲਾਂ ਨੂੰ 1927 ਵਿਚ ਮਿਲਣ ਆਇਆ। ਬੈਕਟੇ ਨੇ ਤਿੱਬਤ ਅਤੇ ਲੱਦਾਖ ਤੱਕ 1500 ਕਿਲੋਮੀਟਰ ਪਹਾੜੀ ਯਾਤਰਾ ਕੀਤੀ। ਸ਼ੌਕ ਵਜੋਂ ਪੇਂਟਰ ਸੀ ਪਰ ਉਸਦੀ ਪ੍ਰਸਿੱਧੀ ਭਾਰਤੀ ਸੰਸਕ੍ਰਿਤੀ ਦੇ ਮਾਹਿਰ ਵਜੋਂ ਹੋਈ। ਬੱਚੀਆਂ ਨੂੰ ਉਹ ਜਨਮ ਤੋਂ ਹੀ ਜਾਣਦਾ ਸੀ, ਉਮਰਾਉ ਸਿੰਘ ਨਾਲ ਵੀ ਦੋਸਤੀ ਹੋ ਗਈ ਕਿਉਂਕਿ ਪੜ੍ਹਨ ਦੇ ਦਾਇਰਿਆਂ ਵਿਚ ਸਾਂਝ ਸੀ। ਉਹ ਭਾਰਤ ਵਿਚ ਤਿੰਨ ਸਾਲ ਰਿਹਾ। ਉਸਨੇ ਲਿਖਿਆ - ਭਾਰਤ ਆਪਣੀ ਸਨਾਤਨੀ ਪਰੰਪਰਾ ਤੇ ਸੰਸਕ੍ਰਿਤੀ ਭੁੱਲ ਕੇ ਇਹ ਸੋਚਣ ਲੱਗਾ ਹੈ ਕਿ ਪੱਛਮ ਦੀ ਕਲਾ ਸ਼੍ਰੋਮਣੀ ਹੈ। ਪੜ੍ਹੇ-ਲਿਖੇ ਭਾਰਤੀ ਪੂਰਬ ਦੀ ਮੂਲ ਆਤਮਾ ਤੋਂ ਦੂਰ ਜਾ ਰਹੇ ਹਨ ਤੇ ਪੱਛਮ ਦਾ ਕੂੜਾ ਕਰਕਟ ਫਰੋਲ ਰਹੇ ਹਨ। ਕੋਈ ਦੇਸੀ ਬੰਦਾ ਜੇ ਪੁਰਾਣੀਆਂ ਹਿੰਦੂ ਪੇਂਟਿੰਗਜ਼ ਜਾਂ ਬੁੱਤਤ੍ਰਾਸ਼ੀ ਤੋਂ ਕੁਝ ਹਾਸਲ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਪੱਛਮ ਦੇ ਦੂਜੇ ਤੀਜੇ ਦਰਜੇ ਦੇ ਹੋਛੇ ਕਲਾਕਾਰਾਂ ਦੀ ਉਸਤਤ ਹੋ ਰਹੀ ਹੈ, ਸਨਮਾਨੇ ਜਾ ਰਹੇ ਹਨ। ਉਸਨੇ ਹੰਗਰੀ ਵਾਸੀਆਂ ਨੂੰ ਰਾਮਾਇਣ, ਮਹਾਂਭਾਰਤ ਅਤੇ ਕਾਮਸੂਤਰ ਤੋਂ ਜਾਣੂ ਕਰਵਾਇਆ। *ਹਿਸਟਰੀ ਆਫ਼ ਇੰਡੀਅਨ ਆਰਟ* ਉਸਦਾ ਸ਼ਾਹਕਾਰ ਹੈ ਜੋ ਉਸਦੀ ਮੌਤ ਦੇ ਸਾਲ 1963 ਵਿਚ ਛਾਪਿਆ ਤੇ ਫਿਰ ਜਰਮਨ ਵਿਚ ਅਨੁਵਾਦ ਹੋ ਕੇ ਛਪਿਆ। ਉਸਨੇ ਸਾਬਤ ਕੀਤਾ ਕਿ ਭਾਰਤੀ ਆਰਟ ਸਦੈਵ ਜਿਊਂਦਾ ਰਿਹਾ, ਇਸਲਾਮਿਕ ਆਰਟ ਦਾ ਅਸਰ ਕਬੂਲਿਆ, ਕਮਾਲ ਇਹ ਕਿ ਜਿਨ੍ਹਾਂ ਥਾਵਾਂ ਉਪਰ ਮੁਗ਼ਲ ਹਕੂਮਤ ਕਦੀ ਨਹੀਂ ਰਹੀ, ਉਥੋਂ ਦੇ ਹਿੰਦੂ ਕਲਾਕਾਰਾਂ ਨੇ ਵੀ ਇਸਲਾਮਿਕ ਆਰਟ ਦੇ ਉੱਤਮ ਪ੍ਰਭਾਵ ਗ੍ਰਹਿਣ ਕੀਤੇ। ਇਹੀ ਇਸਦੇ ਜਿਊਂਦੇ ਰਹਿਣ ਦਾ ਭੇਦ ਹੈ।

ਸ਼ਿਮਲੇ ਰਹਿੰਦਿਆਂ ਉਸਨੇ ਅੰਮ੍ਰਿਤਾ ਨੂੰ ਹੰਗੇਰੀਅਨ ਆਰਟ ਦੇ ਕਲਾਸੀਕਲ ਗੁਰ

ਦੱਸੇ। ਸਾਹਮਣੇ ਮਾਡਲ ਬਿਠਾ ਕੇ ਕਿਵੇਂ ਪੇਂਟ ਕਰੀਦਾ ਹੈ, ਪਹਿਲੇ ਦੌਰ ਵਿਚ ਅੰਮ੍ਰਿਤਾ ਨੇ ਬੈਕਟੇ ਤੋਂ ਹੀ ਸਿੱਖਿਆ, ਘਰੇਲੂ ਨੌਕਰਾਂ ਨੌਕਰਾਣੀਆਂ ਨੂੰ ਬਿਠਾ ਕੇ ਪੇਂਟ ਕਰਦੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਅੰਮ੍ਰਿਤਾ ਵਿਚ ਅਸਾਧਾਰਨ ਕਲਾ ਭੰਡਾਰ ਹੈ। ਉਹ ਖ਼ੁਦ ਕਲਾਕਾਰ ਸੀ, ਚੰਗੇ ਸਕੂਲਾਂ ਵਿੱਚੋਂ ਸਿੱਖਦਾ ਰਿਹਾ ਪਰ ਜਦੋਂ ਅਹਿਸਾਸ ਹੋਇਆ ਕਿ ਚੋਟੀ 'ਤੇ ਨਹੀਂ ਪੁੱਜ ਸਕੇਗਾ ਤਾਂ ਹੋਰ ਕਾਰੋਬਾਰ ਕਰਨ ਲੱਗ ਪਿਆ ਕਿਉਂਕਿ ਉਸਨੂੰ ਦਰਮਿਆਨਾ ਆਰਟ ਪਸੰਦ ਨਹੀਂ ਸੀ। ਉਸਨੂੰ ਲੱਗਾ ਜਿਥੇ ਉਹ ਨਹੀਂ ਪੁੱਜ ਸਕਿਆ, ਅੰਮ੍ਰਿਤਾ ਪੁੱਜੇਗੀ, ਉਹ ਸੰਸਾਰ ਦੀਆਂ ਬਾਈ ਭਾਸ਼ਾਵਾਂ ਬੋਲ ਲੈਂਦਾ ਸੀ। ਤਿੱਬਤਿਨ ਇੰਡੋਲੋਜੀ ਵਿਚ ਉਹ ਨਾਮਵਰ ਸਕਾਲਰ ਵਜੋਂ ਜਾਣਿਆ ਜਾਂਦਾ ਹੈ। ਉਹ ਮਾਪਿਆਂ ਨੂੰ ਇਸ ਗੱਲ ਵਾਸਤੇ ਰਜ਼ਾਮੰਦ ਕਰਨ ਵਿਚ ਕਾਮਯਾਬ ਹੋ ਗਿਆ ਕਿ ਅੰਮ੍ਰਿਤਾ ਨੂੰ ਪੈਰਿਸ ਦੀ ਜ਼ਰੂਰਤ ਹੈ। ਉਹ ਪੈਰਿਸ ਦੇ ਅਨੇਕ ਕਲਾਕਾਰਾਂ ਅਤੇ ਵਰਕਸ਼ਾਪਾਂ ਤੋਂ ਜਾਣੂ ਸੀ, ਇਸ ਕਰਕੇ ਕੋਈ ਮੁਸ਼ਕਲ ਨਹੀਂ ਆਉਣ ਦਏਗਾ। ਉਮਰਾਓ ਸਿੰਘ ਨੂੰ ਤਿਆਰ ਕਰਨ ਵਿਚ ਬੜੀ ਮੁਸ਼ਕਲ ਆਈ। ਉਹ ਲਿਖਦਾ ਹੈ - ਮੈਰੀ ਨਾਲ ਪੈਰਿਸ ਜਾਣ ਵਾਸਤੇ ਮੈਂ ਮੰਨ ਤਾਂ ਗਿਆ, ਵੱਢੀ ਰੂਹ ਉਧਰ ਮੂੰਹ ਕਰਨ ਲਈ ਤਿਆਰ ਨਹੀਂ ਸੀ। ਹੰਗਰੀ ਵਿਚ ਅੱਠ ਸਾਲ ਦਾ ਬਨਵਾਸ ਕੱਟ ਤਾਂ ਆਇਆਂ, ਹੋਰ ਕੀ ਚਾਹੀਦੈ ? ਇਸ ਬਨਵਾਸ ਨੇ ਜੋ ਜੋ ਸਬਕ ਸਿਖਾਏ, ਕੌੜੇ ਸਨ। ਭਰੇ ਮਨ ਨਾਲ ਮੈਂ ਆਪਣੀਆਂ ਕਿਤਾਬਾਂ ਦਾ ਬੈਗ ਚੁੱਕ ਕੇ ਤੁਰ ਪਿਆ, ਇਹ ਸੋਚ ਕੇ ਕਿ ਥੋੜ੍ਹਾ ਸਮਾਂ ਕਸ਼ਟ ਹੋਰ ਹਨ। ਪਰ ਇਹ ਸਮਾਂ ਲੰਮਾ ਹੋ ਕੇ ਪੰਜ ਸਾਲ ਤੱਕ ਫੈਲ ਗਿਆ, ਪਿੱਛੋਂ ਮੇਰਾ ਭਰਾ ਅਤੇ ਪੁਰਾਣੇ ਮਿੱਤਰ ਸਭ ਸਦਾ ਲਈ ਵਿਛੜ ਗਏ।

ਉਨ੍ਹਾਂ ਦਿਨਾਂ ਵਿਚ ਇਹ ਅਚੰਭੇਜਨਕ ਫ਼ੈਸਲਾ ਸੀ, ਧੀ ਦੀ ਪੜ੍ਹਾਈ, ਪੜ੍ਹਾਈ ਕਾਹਨੂੰ, ਆਰਟ ਦੀ ਟਰੇਨਿੰਗ ਵਾਸਤੇ ਸਾਰਾ ਟੱਬਰ ਉੱਜੜ ਕੇ ਲੰਮੇ ਸਮੇਂ ਲਈ ਦੂਜੇ ਦੇਸ਼ ਵਿਚ ਪਰਵਾਸ ਕਰ ਲਵੇ। ਸਾਲ 1929, ਸਮੁੰਦਰ ਵਿਚ ਠਿੱਲ੍ਹ ਪਏ। ਸੋਲ੍ਹਾਂ ਸਾਲ ਦੀ ਅੰਮ੍ਰਿਤਾ ਪੈਰਿਸ, ਵਿਸ਼ਵ ਭਰ ਦੇ ਸਭ ਕਲਾਕਾਰਾਂ ਦੇ ਮੱਕੇ ਵਿਚ ਪੁੱਜ ਗਈ ਜਿਥੇ ਉਹ ਕੁੱਲ ਵਕਤ ਆਰਟ ਵਿਚ ਬਿਤਾਏਗੀ। ਨਸਲਾਂ, ਧਰਮਾਂ, ਸਾਹਿਤ, ਕੋਮਲ ਕਲਾਵਾਂ ਦਾ ਆਦਾਨ ਪ੍ਰਦਾਨ ਹੋਵੇਗਾ, ਆਪਣੇ ਆਪ ਨੂੰ ਪ੍ਰਗਟ ਕਰਨ ਦੇ ਮੌਕੇ ਮਿਲਣਗੇ। ਜੀਵਨ ਦੀ ਪੂਰਨ ਸੁਤੰਤਰਤਾ ਮੌਜੂਦ। ਗਰਮੀਆਂ ਵਿਚ ਪੈਰਿਸ ਪੁੱਜ ਗਏ, ਪ੍ਰੋਫ਼ੈਸਰ ਪੀਰ ਵੇਲੈਂਟ ਨੇ ਆਪਣੇ ਪ੍ਰਸਿੱਧ ਸਕੂਲ ਗਰੈਂਡ ਸ਼ਾਮੀਅਰ ਵਿਚ ਖ਼ੁਸ਼ੀ ਨਾਲ ਦਾਖ਼ਲ ਕਰ ਲਈ। ਅੰਮ੍ਰਿਤਾ ਦੀ ਉਮਰ 16 ਸਾਲ ਸੀ। ਇਥੇ ਉਸਨੇ ਮਨੁੱਖੀ ਸਰੀਰ ਦੀ ਬਣਤਰ ਸਿੱਖੀ। ਇਥੇ ਉਸਨੂੰ ਸਿਖਲਾਈ ਦੌਰਾਨ ਅਪੈਂਡੇਸਾਈਟਸ ਦੀ ਤਕਲੀਫ਼ ਵਿੱਚੋਂ ਲੰਘਣਾ ਪਿਆ। ਆਪ੍ਰੇਸ਼ਨ ਸਫਲ ਹੋ ਗਿਆ ਤਾਂ ਮੁੜ ਕੰਮ ਸਿੱਖਣ ਲੱਗੀ।

ਇਸ ਤੋਂ ਵੀ ਵੱਡੇ ਸਕੂਲ ਈਕੋਲ ਨੈਸ਼ਨੇਲ ਵਿਚ ਦਾਖ਼ਲ ਹੋ ਗਈ ਜਿਥੇ ਦਾ ਉਸਤਾਦ ਲੂਸੀਆਂ ਸਿਮੋਨ ਸੀ। ਸਿਮੋਨ ਉੱਤਰ-ਪ੍ਰਭਾਵਵਾਦੀ ਕਲਾਕਾਰਾਂ ਵਿਚ ਸਿਰਮੌਰ ਸੀ। ਏਨੀ ਘੱਟ ਉਮਰ ਦੀ ਕੁੜੀ ਨੂੰ ਦਾਖ਼ਲ ਨਹੀਂ ਕਰਦਾ ਹੁੰਦਾ ਸੀ ਪਰ ਪ੍ਰਤਿਭਾ ਦੇਖ ਕੇ ਆਗਿਆ ਦੇ ਦਿੱਤੀ। ਅੰਮ੍ਰਿਤਾ ਦੱਸਦੀ ਹੁੰਦੀ - ਪੜ੍ਹਾਉਂਦਾ ਤਾਂ ਉਹ ਹੈ ਈ ਨੀਂ ਸੀ। ਉਹ ਕੁਝ ਸੁਝਾਅ ਦੇ ਕੇ ਸਾਨੂੰ ਸੋਚਣ ਵਾਸਤੇ ਕਲਪਨਾ ਕਰਨ ਵਾਸਤੇ ਉਤਸ਼ਾਹਿਤ ਕਰਦਾ, ਸਾਡੇ ਤਕਨੀਕੀ ਨੁਕਸ ਦੂਰ ਕਰ ਦਿੰਦਾ। ਜਿਨ੍ਹਾਂ ਸਿਖਾਂਦਰੂਆਂ ਵਿਚ ਨਵੇਂ ਬਿੰਬਾਂ ਦੀ ਸਿਰਜਣਾ ਹੁੰਦੀ, ਉਨ੍ਹਾਂ ਨੂੰ ਰੱਜ ਕੇ ਦਾਦ ਦਿੰਦਾ। ਆਖਦਾ - ਰੰਗ, ਰੂਪ, ਖ਼ਿਆਲ, ਦੀ ਆਤਮਾ ਸਾਦਗੀ ਹੈ। ਮਾਂ ਬੜਾ ਜ਼ੋਰ ਲਾਉਂਦੀ ਕਿ ਅੰਮ੍ਰਿਤਾ ਨੂੰ ਪੈਰਿਸ ਦੀ ਹਾਈ ਫਾਈ

ਸੋਸਾਇਟੀ ਦਿਖਾਏ, ਉਪੇਰਾ ਦਿਖਾਏ, ਥਿਏਟਰ ਦਿਖਾਏ, ਲੋਕ ਦੇਖਣ ਕਿ ਪੂਰਬ ਦੀ ਸ਼ਾਹਜ਼ਾਦੀ ਕਿੰਨੀ ਸੁਹਣੀ ਹੈ, ਉਸਦੀ ਕਿੰਨੀ ਚੰਗੀ ਪਰਵਰਿਸ਼ ਹੋ ਰਹੀ ਹੈ, ਦੇਖ ਕੇ ਕੋਈ ਖ਼ਾਨਦਾਨੀ ਮੁੰਡਾ ਇਸ ਦਾ ਹੱਥ ਮੰਗ ਲਵੇ। ਪਰ ਅੰਮ੍ਰਿਤਾ ਦਾ ਉਥੇ ਸਾਹ ਘੁਟਦਾ, ਸਭ ਨੂੰ ਛੱਡ ਕੇ ਆਪਣੀ ਵਰਕਸ਼ਾਪ ਵਿਚ ਦੌੜ ਆਉਂਦੀ। ਪੇਂਟ ਕਰਨ ਲਈ ਉਸਨੂੰ ਹਾਈ ਸੋਸਾਇਟੀ ਨਹੀਂ ਚਾਹੀਦੀ, ਉਹ ਆਮ ਜੀਵਨ ਦਿਖਾਏਗੀ, ਸਾਦਾ ਜੀਵਨ। ਪੈਰਿਸ ਦੀਆਂ ਆਰਟ ਗੈਲਰੀਆਂ ਵਿਚ ਜਾ ਕੇ ਵੀ ਉਹ ਭਾਰਤੀ ਆਰਟ ਸਾਹਮਣੇ ਖਲੋ ਜਾਂਦੀ, ਉਹੀ ਉਸਨੂੰ ਵਿਸਮਾਦਿਤ ਕਰਦਾ, ਭਾਰਤੀ ਆਰਟ ਦੀ ਉੱਤਮਤਾ ਦਾ ਪਤਾ ਉਸਨੂੰ ਪੈਰਿਸ ਵਿਚ ਲੱਗਾ। ਕਿਹਾ ਕਰਦੀ - ਭਾਰਤੀ ਕਲਾ ਦੀ ਇਕ ਚਿੱਪਰ ਸਾਰੇ ਰੈਨੇਸਾਂ ਤੋਂ ਵਧੀਕ ਕੀਮਤੀ ਹੈ, ਵਧੀਕ ਵਜ਼ਨਦਾਰ।

ਉਮਰਾਓ ਸਿੰਘ ਸੰਸਕ੍ਰਿਤ, ਫਲਸਫਾ ਅਤੇ ਫ਼ਾਰਸੀ ਪੜ੍ਹਦਾ ਰਹਿੰਦਾ। ਮੈਰੀ ਘਰ ਦੀ ਸਜਾਵਟ ਵਾਸਤੇ ਹਰ ਮਹਿੰਗੀ ਚੀਜ਼ ਖ਼ਰੀਦਦੀ। ਉਹ ਆਪਣੀ ਅਮੀਰੀ ਦੀ ਨੁਮਾਇਸ਼ ਲਾਏਗੀ, ਚਾਹ, ਡਿਨਰ ਪਾਰਟੀਆਂ ਦਏਗੀ, ਅਜਿਹਾ ਕਰਦਿਆਂ ਆਪਣੀਆਂ ਧੀਆਂ ਲਈ ਅਮੀਰਜ਼ਾਦਾ ਲੱਭੇਗੀ। ਬਹੁਤ ਥੋੜ੍ਹੇ ਸਮੇਂ ਵਿਚ ਅੰਮ੍ਰਿਤਾ ਦੀ ਫ਼ਰੈਂਚ ਵਧੀਆ ਹੋ ਗਈ।

ਮਾਂ ਉਸਨੂੰ ਪਾਰਟੀਆਂ 'ਤੇ ਲਿਜਾਣਾ ਚਾਹੁੰਦੀ ਪਰ ਅੰਮ੍ਰਿਤਾ ਨੇ ਇਨਕਾਰ ਕਰ ਦਿੱਤਾ। ਉਹ ਵਿਹਲਾ ਵਕਤ ਆਪਣੇ ਹਮਉਮਰ ਸਿਖਾਂਦਰੂਆਂ ਨਾਲ ਕਾਫ਼ੀ ਹਾਊਸ ਜਾਣਾ ਪਸੰਦ ਕਰਦੀ। ਬਾਦਲੇਅਰ ਉਸਦਾ ਪਸੰਦੀਦਾ ਕਵੀ ਸੀ ਜਿਸ ਨੇ ਲਿਖਿਆ - ਪੈਰਿਸ ਡੁੱਬਿਆ ਹੋਇਆ ਹੈ, ਸਤਹਿ ਤੋਂ ਉਪਰ ਥੋੜ੍ਹਾ ਦਿਖਾਈ ਦਿੰਦਾ ਹੈ, ਬਹੁਤਾ ਡੁੱਬਿਆ ਹੋਇਆ ਹੈ, ਅਦ੍ਰਿਸ਼ਟ ਹੈ।

ਹੈਨਰੀ ਮਤੀਸੀ 1894 ਦੇ ਪੈਰਿਸ ਬਾਰੇ ਲਿਖਦਾ ਹੈ - ਤੰਗ ਗਲੀਆਂ ਵਿਚ ਲੋਕਾਂ ਦੀ ਭੀੜ, ਕਚਰਾ, ਰੱਦੀ ਖ਼ਰੀਦਣ ਵਾਲੇ, ਪੁਰਾਣੇ ਕੱਪੜੇ ਵੇਚਣ ਵਾਲੇ, ਚਾਕੂ ਤਿੱਖੇ ਕਰਨ ਵਾਲੇ, ਕੁੱਤੇ ਮੁੰਨਣ ਵਾਲੇ, ਮੱਛੀਆਂ ਵੇਚਣ ਵਾਲੇ, ਪਿੰਜਰਿਆਂ ਵਿਚ ਬੰਦ ਪੰਛੀ ਵੇਚਣ ਵਾਲੇ, ਬੂਹੇ ਬਾਰੀਆਂ ਦੀਆਂ ਚੂਲਾਂ ਠੀਕ ਕਰਨ ਵਾਲੇ, ਉਨ੍ਹਾਂ ਦੀਆਂ ਭਿੰਨ ਭਿੰਨ ਆਵਾਜ਼ਾਂ, ਸਾਹਮਣੇ ਦਰਿਆ ਵਿਚ ਅਣਗਿਣਤ ਕਿਸ਼ਤੀਆਂ ਦੇ ਬਾਦਬਾਨ, ਸੀਟੀਆਂ, ਇੰਜਣਾਂ ਦੀਆਂ ਆਵਾਜ਼ਾਂ, ਕਰੇਨਾਂ ਦੁਆਰਾ ਸਾਮਾਨ ਲੱਦਣ ਅਤੇ ਉਤਾਰਨ ਦੀਆਂ ਆਵਾਜ਼ਾਂ ... ਇਹ ਹੈ ਪੈਰਿਸ ਸ਼ਹਿਰ।

ਆਪਣੀ ਨਾਨੀ ਨੂੰ ਨੰਗੀ ਛਾਤੀ ਵਾਲੀ ਔਰਤ ਦੀ ਪੇਂਟਿੰਗ ਭੇਜਦਿਆਂ ਲਿਖਿਆ - ਦੋਹਤੀ ਵਲੋਂ ਪਿਆਰੀ ਨਾਨੀ ਨੂੰ ਸਲਾਮ ਤੇ ਇਹ ਤੁਹਫ਼ਾ। ਪਿਆਰੀ ਨਾਨੀ, ਅਫ਼ਸੋਸ ਹੈ ਵਧੀਆ ਪੇਂਟਿੰਗ ਨਹੀਂ ਭੇਜ ਸਕਦੀ ਕਿਉਂਕਿ ਵਧੀਆ ਵਧੀਆ ਨੁਮਾਇਸ਼ ਵਾਸਤੇ ਰੱਖ ਲਈਆਂ ਹਨ।

ਯੂ.ਪੀ. ਦੇ ਰਾਜਾ ਨਵਾਬ ਅਲੀ ਦਾ ਪੁੱਤਰ ਯੂਸਫ਼ ਖ਼ਾਨ ਪੈਰਿਸ ਦੇ ਦੌਰੇ 'ਤੇ ਸੀ। ਇਹ ਅਮੀਰਜ਼ਾਦਾ ਸੁਹਣਾ ਬਹੁਤ ਸੀ। ਮਾਂ ਨੇ ਸੋਚਿਆ, ਅੰਮ੍ਰਿਤਾ ਵਾਸਤੇ ਇਹ ਵਧੀਆ ਰਹੇ। ਇਨ੍ਹਾਂ ਦੀ ਮੁਲਾਕਾਤ ਕਰਵਾ ਦਿੱਤੀ। ਇਨ੍ਹਾਂ ਮੁਲਾਕਾਤਾਂ ਬਾਦ ਮੰਗਣੀ ਹੋ ਗਈ। ਇਨ੍ਹਾਂ ਮੁਲਾਕਾਤਾਂ ਸਦਕਾ ਅੰਮ੍ਰਿਤਾ ਗਰਭਵਤੀ ਹੋ ਗਈ। ਇਲਾਜ ਵਾਸਤੇ ਵਿਕਟਰ ਕੋਲ ਚਲੀ ਗਈ। ਵਿਕਟਰ ਨੇ ਗਰਭਪਾਤ ਕੀਤਾ। ਆਪਣੀ ਭੈਣ ਨੂੰ ਖ਼ਤ ਲਿਖਿਆ - ਇਹ ਸਭ ਕੁਝ ਮਾਂ ਕਾਰਨ ਹੋਇਆ। ਇਟਾਲੀਅਨ ਬੁੱਤਤ੍ਰਾਸ਼ ਵੇਲੇ ਵੀ ਮੇਰਾ ਬਹਾਨਾ ਬਣਾਇਆ ਗਿਆ ਸੀ, ਹੁਣ ਫੇਰ ਆਪਣੀਆਂ ਇੱਛਾਵਾਂ ਦੀ ਪੂਰਤੀ ਵਾਸਤੇ ਮੇਰੀ ਬਲੀ ਦਿੱਤੀ ਜਾ

ਰਹੀ ਹੈ। ਮਾਂ ਨੂੰ ਖ਼ਤ ਲਿਖਿਆ - ਯੂਸਫ਼ ਭਲਾਮਾਣਸ ਨਹੀਂ ਹੈ। ਉਹ ਕਈ ਕੁੜੀਆਂ ਨਾਲ ਪੀਘਾਂ ਝੂਟ ਰਿਹੈ। ਮੁਸਲਮਾਨ ਨਾਲ ਵਿਆਹ ਕਰਵਾਉਣ ਦੇ ਕੀ ਨੁਕਸਾਨ ਨੇ, ਮੈਨੂੰ ਨਹੀਂ ਸੀ ਪਤਾ, ਪਾਪਾ ਨੇ ਦੱਸਿਐ। ਮੇਰੇ ਪਿੱਛੋਂ ਦੂਜੀ ਨਾਲ ਤੇ ਦੂਜੀ ਪਿੱਛੋਂ ਤੀਜੀ ਨਾਲ, ਉਹ ਚਾਰ ਵਿਆਹ ਕਰਵਾ ਸਕਦੈ। ਕਾਨੂੰਨ ਮੇਰੀ ਕੋਈ ਮੱਦਦ ਨਹੀਂ ਕਰੇਗਾ। ਆਪਣੇ ਬਾਰੇ ਫ਼ੈਸਲਾ ਮੈਂ ਕਿਸੇ ਨੂੰ ਨਹੀਂ ਕਰਨ ਦਿਆਂਗੀ।

ਇਕ ਦਿਨ ਪੈਰਿਸ ਦੇ ਥਿਏਟਰ ਪੀਗਾਲ ਵਿਚਲੀ ਨੁਮਾਇਸ਼ ਦੇਖਣ ਗਏ। ਇਕ ਕਮਰੇ ਵਿਚ ਰਬਿੰਦਰਨਾਥ ਟੈਗੋਰ ਦੀਆਂ ਪੇਂਟਿੰਗਜ਼ ਦੀ ਨੁਮਾਇਸ਼ ਲੱਗੀ ਹੋਈ ਸੀ। ਟੈਗੋਰ ਦੀਆਂ ਪੇਂਟਿੰਗਜ਼ ਦੇਖ ਕੇ ਉਮਰਾਉ ਸਿੰਘ ਨੇ ਕਿਹਾ - ਇਹ ਸਿਆਣਾ ਬਿਆਣਾ ਬੰਦਾ ਵੀ ਮਾਡਰਨ ਆਰਟ ਕਰ ਰਿਹੈ, ਹੈਰਾਨੀ ਹੋਈ। ਅੰਮ੍ਰਿਤਾ ਨੇ ਕਿਹਾ - ਇਹਦੀਆਂ ਡਰਾਇੰਗਜ਼ ਇਹਦੀਆਂ ਕਵਿਤਾਵਾਂ ਨਾਲੋਂ ਵਧੀਆ ਨੇ। ਅੰਮ੍ਰਿਤਾ ਨੇ ਮਾਪਿਆਂ ਨੂੰ ਕਹਿ ਦਿੱਤਾ - ਮੇਰੀ ਪੈਰਿਸ ਦੀ ਸਿਖਲਾਈ ਖ਼ਤਮ। ਹੁਣ ਭਾਰਤ ਚੱਲੀਏ। ਮਾਪੇ ਭਾਰਤ ਵਾਪਸੀ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੂੰ ਆਪਣੀ ਕੁੜੀ ਦੀਆਂ ਰੋਮਾਂਟਿਕ ਕਹਾਣੀਆਂ ਦਾ ਪਤਾ ਸੀ। ਉਮਰਾਉ ਸਿੰਘ ਨੂੰ ਲੱਗਦਾ ਇਹ ਹਿੰਦੁਸਤਾਨ ਵਿਚ ਰਹੀ ਤਾਂ ਖ਼ਾਨਦਾਨ ਨੂੰ ਕਲੰਕਿਤ ਕਰੇਗੀ, ਘੋਰ ਬਦਨਾਮੀ ਹੋਏਗੀ। ਇਥੇ ਜੋ ਕਰਦੀ ਹੈ, ਇਸਦਾ ਉਥੇ ਕਿਸੇ ਨੂੰ ਕੀ ਪਤਾ। ਪਿਤਾ ਨੇ ਨਾਂਹ ਕਰ ਦਿੱਤੀ ਤਾਂ ਖ਼ਤ ਲਿਖਿਆ - ਸਾਡੇ ਨਾਲ ਪਿਆਰ ਦੀ ਥਾਂ ਤੁਹਾਨੂੰ ਆਪਣੀ ਖ਼ਾਨਦਾਨੀ ਸ਼ਾਨ ਵੱਧ ਕੀਮਤੀ ਲੱਗਦੀ ਹੈ ਪਿਤਾ ਜੀ। ਮੈਂ ਦੁਰਾਚਾਰਨ ਨਹੀਂ ਹਾਂ। ਮੈਂ ਇਖ਼ਲਾਕ ਤੋਂ ਗਿਰੀ ਹੋਈ ਨਹੀਂ ਹਾਂ। ਮੇਰੀ ਇਸ ਗੱਲ ਨੂੰ ਘੱਟ ਲੋਕ ਸਮਝਣਗੇ। ਆਪਣੇ ਕਲਾਤਮਕ ਵਿਕਾਸ ਕਾਰਨ ਮੈਂ ਭਾਰਤ ਜਾਣ ਦੀ ਇੱਛੁਕ ਹਾਂ, ਮੈਨੂੰ ਤੁਹਾਡੀ ਹੌਸਲਾ ਅਫ਼ਜ਼ਾਈ ਦੀ ਲੋੜ ਹੈ। ਤੁਹਾਡਾ ਖ਼ਿਆਲ ਗ਼ਲਤ ਹੈ ਕਿ ਭਾਰਤ ਨੂੰ ਮੈਂ ਨਹੀਂ ਜਾਣਦੀ, ਨਾ ਜਾਣ ਸਕਦੀ ਹਾਂ। ਪਿਤਾ ਜੀ ਮੈਂ ਭਾਰਤ ਨੂੰ ਜਾਣਦੀ ਹਾਂ, ਹੋਰ ਜਾਣ ਜਾਵਾਂਗੀ। ਜਿਸ ਵਸਤੂ ਦੀ ਮੈਨੂੰ ਲੋੜ ਹੈ, ਉਹ ਯੌਰਪ ਵਿਚ ਨਹੀਂ ਹੈ। ਮੇਰੀ ਇਥੋਂ ਦੀ ਕਲਾ ਕੇਵਲ ਅਕਾਦਮਿਕ ਹੈ, ਮੁਰਦਾ। ਭਾਰਤ ਇਸ ਵਿਚ ਜਾਨ ਪਾ ਦਏਗਾ। ਭਾਰਤ ਦੇ ਪੇਂਡੂ ਲੋਕਾਂ ਦਾ ਅਨੰਤ ਆਤਮ-ਸਮਰਪਣ, ਪੂਰਨ ਵਿਸ਼ਵਾਸ, ਪੂਰਨ ਧੀਰਜ, ਉਨ੍ਹਾਂ ਦੀ ਬਦਸੂਰਤੀ ਵਿਚ ਮਹਾਨ ਖ਼ੂਬਸੂਰਤੀ, ਪੱਛਮ ਵਿਚਲੇ ਸਸਤੇ ਨਕਲੀ ਜਜ਼ਬੇ ਤੋਂ ਮੁਕਤ ਹਨ ਹਿੰਦੁਸਤਾਨੀ।

ਪੈਰਿਸ ਵਿਚ ਉਸਦੀ ਸ਼ੁਹਰਤ ਸੁਣ ਕੇ ਮਾਪੇ ਖ਼ੁਸ਼ ਹੁੰਦੇ ਪਰ ਉਨ੍ਹਾਂ ਨੂੰ ਕੀ ਪਤਾ ਸੀ ਅੰਮ੍ਰਿਤਾ ਭਾਰਤ ਨੂੰ ਆਪਣੀ ਕੈਨਵਸ ਦਾ ਕੇਂਦਰ ਮੰਨ ਚੁੱਕੀ ਹੈ, ਹਿੰਦੁਸਤਾਨ ਵਿਚ ਰਹਿੰਦਿਆਂ ਉਸਨੂੰ ਲੱਗਦਾ ਹੁੰਦਾ ਜਿਵੇਂ ਉਹ ਪੱਛਮ ਦੀ ਧੀ ਹੈ, ਸਭ ਅਹਿਸਾਸ ਪੱਛਮੀ। ਪੈਰਿਸ ਵਿਚ ਉਲਟ ਹੋਇਆ, ਉਹ ਪੂਰੀ ਦੇਸੀ ਹੋ ਗਈ। ਉਸਨੇ ਲਿਖਿਆ - 1933 ਵਿਚ ਭਾਰਤ ਨੇ ਮੈਨੂੰ ਚੁਫੇਰਿਉਂ ਘੇਰ ਲਿਆ। ਮੈਂ ਵਾਪਸ ਆਉਣ ਲਈ ਤੜਪਣ ਲੱਗੀ। ਉਸਦੇ ਉਸਤਾਦ ਸਿਮੋਨ ਨੇ ਕਿਹਾ - ਇੰਨੇ ਰੌਸ਼ਨ ਦਿਮਾਗ਼ ਦੀ ਕਲਾਕਾਰ ਨੂੰ ਭੇਜਣ ਵਾਸਤੇ ਦਿਲ ਤਾਂ ਨਹੀਂ ਕਰਦਾ ਪਰ ਮੈਨੂੰ ਪਤਾ ਹੈ, ਪੈਰਿਸ ਦੇ ਨੀਰਸ ਸਲੇਟੀ ਮਾਹੌਲ ਵਿਚ ਇਹ ਖ਼ਤਮ ਹੋ ਜਾਏਗੀ, ਇਸ ਦੇ ਰੰਗਾਂ ਨੂੰ ਭਾਰਤੀ ਧੁੱਪਾਂ ਚਾਹੀਦੀਆਂ ਹਨ। ਨਵੰਬਰ 1934 ਵਿਚ ਚੱਲੇ ਤੇ ਦਸੰਬਰ ਵਿਚ ਵਾਪਸ ਆ ਗਏ। 1931 ਤੋਂ 1935 ਦੇ ਸਮੇਂ ਦੌਰਾਨ ਅੰਮ੍ਰਿਤਾ ਨੇ ਜਿਹੜੇ ਖ਼ਤ ਵਿਕਟਰ ਨੂੰ ਲਿਖੇ, ਉਹ ਮਿਲ ਗਏ ਹਨ, ਨੀਲੇ ਪੀਲੇ ਕਾਗ਼ਜ਼ਾਂ ਉਪਰ ਕਾਲੀ ਸਿਆਹੀ ਵਰਤੀ ਹੈ।

ਮਾਰਚ 1931 - ਤੂੰ ਐਨਾ ਚੰਗਾ ਤੇ ਇਮਾਨਦਾਰ ਹੈਂ ਕਿ ਮੈਂ ਤੇਰੇ ਕਾਬਲ ਨਹੀਂ ਹਾਂ। ਆਰਟਿਸਟ ਦੇ ਤੌਰ 'ਤੇ ਮੈਂ ਠੀਕ ਹਾਂ, ਵਿਅਕਤੀ ਦੇ ਤੌਰ 'ਤੇ ਨਖਿੱਧ। ਮੇਰੇ ਆਚਰਣ ਵਿਚ ਬਹੁਤ ਖ਼ਾਮੀਆਂ ਹਨ। ਜੋ ਗੱਲ ਚੰਗੀ ਹੈ ਉਹ ਇਹ ਕਿ ਮੈਨੂੰ ਆਪਣੀਆਂ ਖ਼ਾਮੀਆਂ ਦਾ ਪਤਾ ਹੈ।

ਮਈ 1933 - ਮੈਨੂੰ ਅਕਾਦਮੀ ਦਾ ਅਸਾਧਾਰਨ ਮੈਂਬਰ ਚੁਣ ਲਿਆ ਗਿਐ। ਇਸਦਾ ਫ਼ਾਇਦਾ ਇਹ ਹੋਵੇਗਾ ਕਿ ਜੱਜਾਂ ਨੂੰ ਦਿਖਾਏ ਬਗ਼ੈਰ ਆਪਣੀ ਮਨਮਰਜ਼ੀ ਦੇ ਦੋ ਚਿੱਤਰ ਮੈਂ ਨੁਮਾਇਸ਼ ਵਿਚ ਰੱਖ ਸਕਾਂਗੀ। ਜਿਹੜੀਆਂ ਪੇਂਟਿੰਗਜ਼ ਮੈਨੂੰ ਸਭ ਤੋਂ ਵਧੀਆ ਲੱਗਦੀਆਂ ਨੇ, ਜੱਜ ਉਨ੍ਹਾਂ ਨੂੰ ਰੱਦ ਕਰ ਦਿੰਦੇ ਨੇ। ਮੈਂ ਬਣੇ ਬਣਾਏ ਫ਼ਰੇਮ 'ਚੋਂ ਬਾਹਰ ਨਿਕਲ ਕੇ ਪੇਂਟ ਕਰਾਂਗੀ ਤਾਂ ਕੁਝ ਸ਼ਾਨਦਾਰ ਹੋ ਸਕਦੈ। ਅਗਲੇ ਸਾਲ ਮੇਰੀ ਮਰਜ਼ੀ ਦੇ ਜਿਹੜੇ ਚਿੱਤਰ ਹੋਣਗੇ, ਉਨ੍ਹਾਂ ਦੀ ਰੂਪ-ਰੇਖਾ ਮੈਂ ਮਨ ਵਿਚ ਬਣਾ ਲਈ ਹੈ।

ਅਗਸਤ 1933 - ਅੱਗੇ ਨਾਲੋਂ ਮੇਰੇ ਹੁਨਰ ਵਿਚ ਨਿਖਾਰ ਆਇਆ। ਮੈਨੂੰ ਆਪਣਾ ਤੇ ਆਪਣੀ ਰਚਨਾ ਦਾ ਪਤਾ ਹੈ, ਇਹ ਮੂਡ-ਆਧਾਰਿਤ ਨਹੀਂ। ਕਦੀ ਕਦੀ ਇਹ ਖ਼ਿਆਲ ਮੈਨੂੰ ਪਾਗਲ ਕਰ ਦਿੰਦਾ ਹੈ ਕਿ ਕੀ ਸਾਊ ਹੋ ਕੇ ਬਰੱਸ਼ ਚਲਾਇਆ ਜਾ ਸਕਦੈ ? ਮੈਂ ਬਗ਼ੈਰ ਕਿਸੇ ਜਜ਼ਬੇ ਦੇ ਪੇਂਟ ਕਰ ਰਹੀ ਹਾਂ ਪਰ ਇਹ ਖ਼ੌਫ਼ਨਾਕ ਹੈ, ਸੋਚਦੀ ਹਾਂ ਬਿਨਾਂ ਤਾਕਤਵਰ ਜਜ਼ਬੇ ਦੇ ਤਸਵੀਰ ਸੋਹਣੀ ਕਿਵੇਂ ਬਣੇਗੀ ? ਜਜ਼ਬਾ ਤੇ ਸਮਰਪਣ। ਜੇ ਸ਼ੱਕ ਮੌਜੂਦ ਹਨ ਤਾਂ ਸਮਰਪਣ ਕਿਵੇਂ ਹੋ ਸਕਦਾ ਹੈ ? ਮੈਂ ਵਿਸ਼ਵਾਸ ਨਾਲ ਪੇਂਟ ਕਰਾਂ ਕਿ ਸ਼ੱਕ ਨਾਲ ? ਜਿਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿਧਰ ਜਾਣਾ ਹੈ, ਉਹ ਵੀ ਕਿਤੇ ਨਾ ਕਿਤੇ ਪਹੁੰਚ ਜਾਂਦੇ ਹਨ। ਮੈਨੂੰ ਲੱਗਦੈ ਮੈਂ ਵੱਡੀ ਤਬਦੀਲੀ ਦੇ ਤੂਫ਼ਾਨ ਸਾਹਮਣੇ ਖਲੋਤੀ ਹਾਂ।

ਅਕਤੂਬਰ 1933 - ਮੇਰੀ ਮੁੱਢਲੀ ਪ੍ਰਤਿਭਾ ਵਾਪਸ ਆ ਰਹੀ ਹੈ। ਹਰ ਵਕਤ ਮੈਂ ਚੁਰਾਹੇ ਵਿਚ ਫਸ ਜਾਂਦੀ ਹਾਂ, ਸਮੱਸਿਆ ਨੈਤਿਕ ਹੈ, ਬੌਧਿਕ ਹੈ ਜਾਂ ਜਿਸਮਾਨੀ, ਮੈਨੂੰ ਦੋਵੇਂ ਪਾਸੇ ਸਾਫ਼ ਦਿਸ ਰਹੇ ਹਨ। ਪ੍ਰਵਾਨਿਤ ਕਦਰਾਂ-ਕੀਮਤਾਂ ਨਹੀਂ ਚੱਲਦੀਆਂ। ਖੰਡ ਕਿਸੇ ਨੂੰ ਮਿੱਠੀ ਲੱਗਦੀ ਹੈ ਕਿਸੇ ਨੂੰ ਕੌੜੀ। ਅਨੰਤ ਸੱਚ ਕੀ ਹਨ ਮੈਨੂੰ ਨਹੀਂ ਪਤਾ। ਬਥੇਰੀਆਂ ਰੁਮਾਂਟਿਕ ਗੱਲਾਂ ਸੁਣ ਲਈਆਂ, ਜਿਵੇਂ ਨੇਕੀ ਉਹ ਹੈ ਜਦੋਂ ਤੁਸੀਂ ਕਿਸੇ ਵਾਸਤੇ ਆਪਣੇ ਹਿਤਾਂ ਦਾ ਤਿਆਗ ਕਰਦੇ ਹੋ, ਬਦੀ ਉਹ ਹੈ ਜਦੋਂ ਤੁਸੀਂ ਆਪਣੇ ਹਿਤਾਂ ਦੀ ਪ੍ਰਾਪਤੀ ਲਈ ਦੂਜਿਆਂ ਨੂੰ ਕੁਰਬਾਨ ਕਰ ਦਿੰਦੇ ਹੋ। ਮੇਰੇ ਆਲੇ-ਦੁਆਲੇ ਅਜਿਹਾ ਉਲਝਿਆ ਹੋਇਆ ਸੰਸਾਰ ਹੈ ਜਿਹੜਾ ਨੇਕੀ ਤੇ ਬਦੀ ਦੇ ਰੱਸੇ ਵਿਚ ਨੂੜਿਆ ਨਹੀਂ ਜਾ ਸਕਦਾ। ਸਮੱਸਿਆ ਦਾ ਕੋਈ ਹੱਲ ਨਹੀਂ, ਇਸ ਕਰਕੇ ਬੇਚੈਨੀ ਸੁਭਾਵਿਕ ਹੈ। ਬੇਚੈਨੀ ਦਾ ਨਿਰੰਤਰ ਸ਼ਿਕਾਰ ਹੁੰਦੀ ਹਾਂ। ਮੈਨੂੰ ਪਤੈ ਜੇ ਮੈਂ ਰੋ ਪਵਾਂ ਤਾਂ ਬੇਚੈਨੀ ਹਟ ਜਾਂਦੀ ਹੈ। ਮੈਂ ਆਪਣੇ ਆਪ ਨੂੰ ਕਿਹਾ - ਰੋ। ਮੈਂ ਰੋ ਪਈ। ਦੇਰ ਤੱਕ ਰੋਈ। ਫਿਰ ਕਿਹਾ - ਚੁੱਪ ਕਰ। ਚੁੱਪ ਕਰ ਕੇ ਬਰੱਸ਼ ਚੁੱਕਿਆ ਤੇ ਪੇਂਟ ਕਰਨ ਲੱਗੀ। ਦੇਰ ਰਾਤ ਤੱਕ ਪੇਂਟ ਕਰਦੀ ਰਹਿੰਦੀ ਹਾਂ।

ਵਿੱਦਿਆ ਮਾਲੀ ਦਾ ਕੰਮ ਕਰਦੀ ਹੈ, ਜੋ ਤੁਹਾਡੇ ਨਾਲ ਸਹਿਮਤ ਨਹੀਂ, ਉਸਨੂੰ ਨਦੀਨ ਵਾਂਗ ਪੁੱਟ ਕੇ ਬਾਹਰ ਸੁੱਟ ਦਿਓ। ਵਿੱਦਿਆ ਮੁੱਢਲੀਆਂ ਖ਼ਾਹਿਸ਼ਾਂ ਨੂੰ ਜੜ੍ਹੋਂ ਪੁੱਟਣ ਦਾ ਹੌਸਲਾ ਦਿੰਦੀ ਹੈ ਕਿਉਂਕਿ ਇਹ ਪਸ਼ੂ ਬਿਰਤੀਆਂ ਹਨ। ਆਪਣਾ ਫ਼ੈਸਲਾ ਆਪ ਕਰਨਾ ਠੀਕ ਹੁੰਦੈ। ਆਪਣਾ ਫ਼ੈਸਲਾ ਕਰ ਕੇ ਆਖ਼ਰ ਫ਼ੇਲ੍ਹ ਹੋ ਜਾਓ ਤਾਂ ਵੀ ਸਫਲ ਹੋ ਕਿਉਂਕਿ ਫ਼ੈਸਲਾ ਕਿਸੇ ਦਾ ਨਹੀਂ, ਤੁਹਾਡਾ ਸੀ। ਆਪਣਾ ਫ਼ੈਸਲਾ ਆਪ ਕਰਨਾ ਸਫਲ ਹੋਣ ਦਾ ਮੁੱਢਲਾ ਐਲਾਨ ਹੈ। ਹੋਰਾਂ ਦੇ ਫ਼ੈਸਲੇ ਉਪਰ ਸਿਰ ਸੁੱਟ ਕੇ ਕੰਮ ਕਰਨ ਵਾਲੇ ਪਸ਼ੂ ਹਨ।

ਸ਼ਿਮਲਾ 1935 - ਯੌਰਪ ਦੀ ਠੰਢ ਅਤੇ ਸਲੇਟੀ ਰੰਗ ਤੋਂ ਮੈਂ ਤੰਗ ਆ ਗਈ ਸਾਂ। ਇਥੇ ਹਰੇਕ ਚੀਜ਼ ਕੁਦਰਤੀ ਹੈ। ਯੌਰਪ ਵਿਚ ਮੈਂ ਸਫਲ ਨਹੀਂ ਹੋ ਸਕਦੀ, ਇਸਦੇ ਰੰਗ ਮੇਰੇ ਸੁਭਾਅ ਨਾਲ ਬਰ ਨਹੀਂ ਮੇਚਦੇ। ਯੌਰਪ ਦੇ ਰੰਗ ਪੀਲੇ ਨੇ, ਹਰ ਚੀਜ਼ ਪੀਲੀ। ਯੌਰਪੀਨਾਂ ਤੇ ਭਾਰਤੀਆਂ ਦੇ ਰੰਗ ਤਾਂ ਵੱਖ ਵੱਖ ਹਨ ਹੀ, ਇਨ੍ਹਾਂ ਦੇ ਪਰਛਾਵੇਂ ਵੀ ਅੱਡ ਅੱਡ ਰੰਗ ਦੇ ਨੇ, ਧੁੱਪ ਹਰੇਕ ਵਸਤੂ ਦੀ ਸ਼ੇਡ ਬਦਲਦੀ ਹੈ। ਗੋਰੇ ਦਾ ਪਰਛਾਵਾਂ ਨੀਲਾ-ਜਾਮਣੀ ਹੈ ਤੇ ਭਾਰਤੀ ਦਾ ਸੁਨਹਿਰੀ-ਹਰਾ। ਮੇਰਾ ਪਰਛਾਵਾਂ ਪੀਲਾ ਹੈ। ਵਾਨ ਗਾਗ ਨੂੰ ਕਿਸੇ ਨੇ ਦੱਸਿਆ ਸੀ ਕਿ ਦੇਵਤਿਆਂ ਦਾ ਮਨਪਸੰਦ ਰੰਗ ਪੀਲਾ ਹੈ।

ਨਿਊਯਾਰਕ ਦਾ ਫੋਟੋਗ੍ਰਾਫਰ ਰਿਚਰਡ ਐਵੇਦੋ ਕੈਮਰੇ ਨਾਲ ਅਦ੍ਰਿਸ਼ਟ ਘਟਨਾਵਾਂ ਫੜਦਾ ਹੁੰਦਾ, ਕਿਹਾ ਕਰਦਾ - ਜਿਸ ਤੋਂ ਤੁਸੀਂ ਪਰਦਾ ਨਹੀਂ ਹਟਾ ਸਕਦੇ, ਮੈਂ ਬਗ਼ੈਰ ਪਰਦਾ ਹਟਾਏ ਦੱਸ ਸਕਦਾ ਹਾਂ ਤੇ ਦਿਖਾ ਸਕਦਾ ਹਾਂ ਪਰਦੇ ਪਿੱਛੇ ਕੀ ਹੈ। ਇਸ ਦੀ ਉਦਾਹਰਣ 1957 ਵਿਚ ਖਿੱਚੀ ਉਸਦੀ ਮਾਰਲਿਨ ਮਨਰੋ ਦੀ ਤਸਵੀਰ ਹੈ। ਹਾਲੀਵੁੱਡ ਦੀ ਨਾਇਕਾ ਮਨਰੋ ਉਸਦੇ ਸਟੂਡੀਓ ਵਿਚ ਆਈ, ਨੱਚੀ, ਗੀਤ ਗਾਇਆ, ਰੁਮਾਂਸ ਕੀਤਾ, ਸਭ ਕੁਝ ਤੋਂ ਬਾਦ ਥੱਕ ਕੇ ਇਕ ਪਾਸੇ ਬੈਠ ਗਈ, ਉਦਾਸ ... ਕਿਉਂਕਿ ਕਰਨ ਲਈ ਕੁਝ ਹੋਰ ਬਾਕੀ ਬਚਿਆ ਨਹੀਂ। ਇਸ ਵਕਤ ਐਵੇਦੋ ਨੇ ਫੋਟੋ ਕਲਿੱਕ ਕੀਤੀ। ਫੋਟੋ ਵਿੱਚੋਂ ਉਸਦੀ ਸੁੰਦਰਤਾ, ਚੰਚਲਤਾ, ਕਾਮੁਕਤਾ ਤੇ ਸਥਾਈ ਦੁਖ ਦਿੱਸ ਰਿਹਾ ਹੈ। ਥੋੜ੍ਹੇ ਸਾਲਾਂ ਬਾਦ ਜਦੋਂ ਮਨਰੋ ਦੀ ਮੌਤ ਦੀ ਖ਼ਬਰ ਆਈ, ਇਹ ਫੋਟੋ ਲੱਖਾਂ ਦੀ ਗਿਣਤੀ ਵਿਚ ਵਿਕੀ। ਉਸਦੇ ਚਿਹਰੇ ਉਪਰ ਫੋਟੋਗ੍ਰਾਫਰ ਨੇ ਮੌਤ ਫੜ ਰੱਖੀ ਹੈ। ਫੋਟੋਗ੍ਰਾਫਰ ਨੇ ਉਹ ਛਿਣ ਫੜ ਲਿਆ ਜਿਹੜਾ ਹੋਰਾਂ ਨੂੰ ਨਹੀਂ ਦਿਸਿਆ। ਫੋਟੋਗ੍ਰਾਫਰ ਨੇ ਕਿਹਾ - ਮਨਰੋ ਨਾਮ ਦੀ ਕੋਈ ਔਰਤ ਕਿਸੇ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ? ਮਨਰੋ ਆਪਣੇ ਆਪ ਵਿੱਚੋਂ ਇਕ ਮਰਲਿਨ ਘੜਦੀ ਤੇ ਪੇਸ਼ ਕਰਦੀ, ਇਹ ਘੜੀ ਗਈ ਪੇਸ਼ਕਾਰੀ ਦਰਸ਼ਕਾਂ ਨੂੰ ਧੂਹ ਪਾਉਂਦੀ।

ਓਲੀਵਰ ਗੋਲਡਸਮਿੱਥ (1728-74) ਅਨੁਸਾਰ ਨਿਪੁੰਨ ਐਕਟਰ ਉਹ ਹੁੰਦਾ ਹੈ ਜਿਹੜਾ ਸਟੇਜ ਉਪਰ ਅਸਲੀ, ਸਾਦਾ, ਦਿਲਖਿਚਵਾਂ ਤੇ ਕੁਦਰਤੀ ਲੱਗੇ, ਸਟੇਜੋਂ ਹੇਠਾਂ ਆ ਕੇ ਬੇਸ਼ੱਕ ਇਉਂ ਲੱਗੇ ਜਿਵੇਂ ਐਕਟਿੰਗ ਕਰਨ ਲੱਗਾ ਹੋਵੇ।

ਯੂਨੈਸਕੋ ਦਾ ਮੁਲਾਜ਼ਮ ਬਲਦੂਨ ਢੀਂਗਰਾ ਸ਼ੇਰਗਿੱਲਾਂ ਦੇ ਘਰ ਪੈਰਿਸ ਅਕਸਰ ਆਉਂਦਾ ਜਾਂਦਾ ਸੀ, ਦੱਸਦਾ ਹੈ ਕਿ ਅੰਮ੍ਰਿਤਾ ਦੇ ਪਸੰਦੀਦਾ ਲੇਖਕ ਦਾਸਤੋਵਸਕੀ ਤੇ ਟਾਮਸ ਮਾਨ ਸਨ। ਢੀਂਗਰਾ ਟਾਲਸਟਾਇ ਦੀ ਸਿਫ਼ਤ ਕਰਦਾ, ਦੋਵਾਂ ਵਿਚ ਚਰਚਾ ਹੁੰਦੀ ਤਾਂ ਅੰਮ੍ਰਿਤਾ ਆਖਦੀ - ਦਾਸਤੋਵਸਕੀ ਸੁਪਰੀਮ ਹੈ ਕਿਉਂਕਿ ਉਹ ਅਣਥਕ ਯਾਤਰੀ ਹੈ, ਆਰਟ ਪ੍ਰਤੀ ਈਮਾਨਦਾਰ। ਬੁਰਾਈ ਦੀ ਸ਼ਰਮਨਾਕ ਤਲਖ਼ੀ ਕਾਰਨ ਵੀ ਥਿੜਕਦਾ ਨਾ, ਛੁਪਾਉਂਦਾ ਨਾ, ਜੀਵਨ ਵਿੱਚੋਂ ਨੇਕੀਆਂ ਤਲਾਸ਼ਣ ਦੀ ਉਸਨੂੰ ਜ਼ਰੂਰਤ ਨਹੀਂ ਸੀ ਲੱਗਦੀ। ਟਾਲਸਟਾਇ ਉਦੋਂ ਤੱਕ ਉੱਤਮ ਕਲਾਕਾਰ ਸੀ ਜਦੋਂ ਤੱਕ ਉਸਨੇ ਈਸਾਈ ਮੱਤ ਦੀ ਪਵਿੱਤਰਤਾ ਅਤੇ ਅਹਿੰਸਾ ਦੇ ਹੱਕ ਵਿਚ ਪ੍ਰਚਾਰ ਸ਼ੁਰੂ ਨਹੀਂ ਕੀਤਾ ਸੀ। ਉਸਦਾ ਮਾਨਵ ਹਿੱਤਕਾਰੀ ਅਤੇ ਧਰਮੀ ਮੁਖੌਟਾ ਖ਼ਤਰਨਾਕ ਸੀ। ਜਿਹੜੇ ਦਾਸਤੋਵਸਕੀ ਨੂੰ ਮਾਰਨਾ ਚਾਹੁੰਦੇ ਹਨ, ਉਹ ਟਾਲਸਟਾਇ ਨੂੰ ਕੁਹਾੜੇ ਵਾਂਗ ਉਸ ਵਿਰੁੱਧ ਚਲਾਉਂਦੇ ਹਨ।

1934 ਦੇ ਅਖ਼ੀਰ ਵਿਚ ਜਦੋਂ ਉਹ ਭਾਰਤ ਆਈ ਤਾਂ ਸ਼ਿਮਲੇ ਮਾਪਿਆਂ ਕੋਲ ਰਹਿਣ ਦੀ ਥਾਂ ਮਜੀਠੀਆ ਹਾਊਸ, ਮਹਿਲ ਵਰਗੇ ਆਪਣੇ ਜੱਦੀ ਘਰ ਵਿਚ ਅੰਮ੍ਰਿਤਸਰ ਚਲੀ ਗਈ। ਉਥੇ ਸਾਰੇ ਰਿਸ਼ਤੇਦਾਰ ਮਿਲਣ ਆਉਂਦੇ ਜਾਂਦੇ ਰਹਿੰਦੇ। ਅੰਮ੍ਰਿਤਾ ਧੜਾਧੜ

ਉਨ੍ਹਾਂ ਦੇ ਚਿੱਤਰ ਬਣਾਉਂਦੀ। ਉਸਨੇ ਪੱਛਮੀ ਲਿਬਾਸ ਦਾ ਪੂਰਨ ਤਿਆਗ ਕਰ ਕੇ ਸਾੜ੍ਹੀ ਪਹਿਨਣੀ ਸ਼ੁਰੂ ਕੀਤੀ। ਮਾਂ ਨੇ ਸ਼ਿਮਲੇ ਤੋਂ ਕੁਝ ਸਵਾਟਰ ਜਰਸੀਆਂ ਭੇਜੇ ਜਿਹਨਾਂ ਦੇ ਰੰਗ, ਡਿਜ਼ਾਈਨ, ਬੁਣਤੀ ਭਾਰਤੀ ਨਹੀਂ ਸੀ। ਉਸਨੇ ਵਾਪਸ ਭੇਜਦਿਆ ਲਿਖਿਆ - ਮੈਂ ਹੁਣ ਪੱਛਮੀ ਲਿਬਾਸ ਨਹੀਂ ਪਹਿਨਾਂਗੀ, ਜਿਨ੍ਹਾਂ ਲੋਕਾਂ ਵਿਚ ਰਹਾਂਗੀ, ਉਨ੍ਹਾਂ ਵਰਗੀ ਦਿਸਾਂਗੀ, ਸੁਮੇਰ ਆਪਣੀ ਸੁਨਹਿਰੀ ਸਾੜ੍ਹੀ ਲੈ ਕੇ ਮੇਰੇ ਕੋਲ ਆਈ ਸੀ, ਮੈਨੂੰ ਦੇਣ ਵਾਸਤੇ, ਆਖਦੀ ਸੀ ਮੈਂ ਤਾਂ ਹੁਣ ਫ਼ਰਾਂਸੀਸੀ ਲਿਬਾਸ ਪਹਿਨਿਆ ਕਰਾਂਗੀ, ਮੈਂ ਕੀ ਕਰਨੀ ਐ ਇਹ ? ਨਾਦਾਨ ਭਾਰਤੀ ਔਰਤਾਂ ਨੂੰ ਪਤਾ ਨਹੀਂ, ਦੇਸੀ ਲਿਬਾਸ ਵਿਚ ਉਹ ਕਿੰਨੀਆਂ ਸੁਹਣੀਆਂ ਲੱਗਦੀਆਂ ਹਨ। ਪਰ ਮੈਂ ਜ਼ਰੀ ਨਾਲ ਲੱਦੀ ਇਹ ਸਾੜ੍ਹੀ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਦੀ ਕੀਮਤ ਛੇ ਸੌ ਰੁਪਏ ਤੋਂ ਵਧੀਕ ਹੈ, ਇਸ ਬਦਲੇ ਏਨੀ ਕੀਮਤ ਦੀ ਕੋਈ ਚੀਜ਼ ਦੇਣ ਵਾਸਤੇ ਮੇਰੇ ਕੋਲ ਹੈ ਨਹੀਂ। ਅਫ਼ਸੋਸ।

ਉਹ ਗੂੜ੍ਹੇ ਰੰਗ ਦੀਆਂ ਸਾੜ੍ਹੀਆਂ ਪਹਿਨਦੀ ਜਿਨ੍ਹਾਂ ਵਿੱਚੋਂ ਉਸਦਾ ਬਦਾਮੀ ਰੰਗਾ ਚਿਹਰਾ ਉਘੜੇ। ਦੇਖਣ ਵਾਲਾ ਦੇਖਦਾ ਰਹਿ ਜਾਂਦਾ। ਗਰਮੀਆਂ ਆਈਆਂ ਤਾਂ ਸ਼ਿਮਲੇ ਚਲੀ ਗਈ। ਉਥੇ ਕਲਕੱਤੇ ਤੋਂ ਦੋ ਕਲਾਕਾਰ ਭਰਾ ਬਰਦਾ ਉਕੀਲ ਅਤੇ ਸਰਦਾ ਉਕੀਲ ਮਿਲਣ ਵਾਸਤੇ ਆਏ। 1926 ਵਿਚ ਇਨ੍ਹਾਂ ਦੋਵਾਂ ਨੇ ਕਲਕੱਤੇ ਅਤੇ ਦਿੱਲੀ ਵਿਚ ਆਰਟ ਸਕੂਲਾਂ ਦੀ ਸਥਾਪਨਾ ਕੀਤੀ ਸੀ। ਮਹਾਰਾਜਿਆਂ ਦੇ ਸ਼ਾਹਜ਼ਾਦੇ, ਬਿਉਰੋਕਰੈਟ, ਅਕਸਰ ਗਰਮੀਆਂ ਦੀ ਤਫ਼ਰੀਹ ਵਾਸਤੇ ਇਧਰ ਤੁਰੇ ਰਹਿੰਦੇ। ਅੰਮ੍ਰਿਤਾ ਨੂੰ ਮਿਲਦੇ। ਬਹੁਤਿਆਂ ਨੇ ਇਥੇ ਸਮਰ ਹੋਮਜ਼ ਬਣਾ ਰੱਖੇ ਸਨ। ਅੰਮ੍ਰਿਤਾ ਨੂੰ ਡਿਨਰ ਅਤੇ ਲੰਚ ਪਾਰਟੀਆਂ ਦੇ ਸੱਦੇ ਮਿਲਦੇ ਰਹਿੰਦੇ। ਸਾਰਾ ਦਿਨ ਕੰਮ ਕਰਦੀ, ਸ਼ਾਮ ਪੈਣ 'ਤੇ ਪਾਰਟੀਆਂ ਵਿਚ ਥਕਾਵਟ ਉਤਾਰਨ ਚਲੀ ਜਾਂਦੀ। ਬਹੁਤੇ ਬੰਦੇ ਉਸਨੂੰ ਸਿੱਧਰੇ ਲੱਗਦੇ।

ਦਿੱਲੀ ਤੋਂ ਫਿਲਾਸਫੀ ਦੇ ਇਕ ਜੁਆਨ ਪ੍ਰੇਮ ਨੂੰ ਮਾਡਲ ਵਜੋਂ ਸ਼ਿਮਲੇ ਲੈ ਆਈ। ਪਹਿਲੇ ਦਿਨ ਉਸਨੂੰ ਸਮਝਾ ਦਿੱਤਾ - ਪ੍ਰੇਮ ਚੰਦ ਮੇਰੇ ਦੋ ਮਨ ਹਨ, ਇਕ ਔਰਤ ਦਾ ਮਨ ਦੂਜਾ ਕਲਾਕਾਰ ਦਾ। ਤੈਨੂੰ ਇਕ ਕਲਾਕਾਰ ਇਥੇ ਲੈ ਕੇ ਆਇਆ ਹੈ ਕਿਉਂਕਿ ਤੇਰਾ ਬਦਸ਼ਕਲ ਚਿਹਰਾ, ਚਿੱਤਰੇ ਜਾਣ ਲਈ ਮੈਨੂੰ ਪ੍ਰਭਾਵਿਤ ਕਰਦਾ ਹੈ। ਬਤੌਰ ਇਕ ਔਰਤ ਮੇਰੇ ਕੋਲ ਤੇਰੀ ਕੋਈ ਥਾਂ ਨਹੀਂ। ਮੈਂ ਆਪਣੀ ਹੋਂਦ ਆਪ ਨਿਰਧਾਰਿਤ ਕਰਦੀ ਹਾਂ, ਬੀਅਰ ਤੇ ਸ਼ੈਮਪੇਨ ਪੀਂਦੀ ਹਾਂ, ਨੱਚਦੀ ਹਾਂ, ਇਸ਼ਕ ਕਰਦੀ ਹਾਂ ਤੇ ਸਭ ਕਾਸੇ ਨੂੰ ਰੱਦ ਕਰ ਦਿੰਦੀ ਹਾਂ। ਇਸ ਜੀਵਨ ਵਿਚ ਤੇਰਾ ਕੋਈ ਥਾਂ ਨਹੀਂ। ਆਰਟ ਮੇਰਾ ਕਾਰੋਬਾਰ ਹੈ। ਮੇਰਾ ਦਿਲ ਕੁਝ ਹੋਰ ਚਾਹੁੰਦਾ ਹੈ।

ਉਸਦੇ ਇਸ ਤਰ੍ਹਾਂ ਦੇ ਵਿਹਾਰ ਨੇ ਕਈਆਂ ਦੇ ਦਿਲ ਤੋੜੇ। ਬੰਦਾ ਸੋਚਦਾ - ਇਸ ਕੁੜੀ ਨੂੰ ਪ੍ਰਾਪਤ ਕਰਨਾ ਕਿੰਨਾ ਆਸਾਨ ਹੈ। ਥੋੜ੍ਹੀ ਦੇਰ ਬਾਦ ਅੰਮ੍ਰਿਤਾ ਆਖ ਦਿੰਦੀ - ਤੈਨੂੰ ਰੱਦ ਕਰ ਦੇਣਾ ਕਿੰਨਾ ਆਸਾਨ ਹੈ।

ਆਲ ਇੰਡੀਆ ਰੇਡੀਓ ਦਿੱਲੀ ਦਾ ਸਹਾਇਕ ਡਾਇਰੈਕਟਰ ਰਸ਼ੀਦ ਅਹਿਮਦ ਮਿਲਦਾ ਰਹਿੰਦਾ, ਦੋਸਤੀ ਹੋਈ, ਦੇਸ਼ ਵੰਡ ਵਕਤ ਪਾਕਿਸਤਾਨ ਚਲਾ ਗਿਆ ਤੇ ਰੇਡੀਓ ਪਾਕਿਸਤਾਨ ਦਾ ਡਾਇਰੈਕਟਰ ਜਨਰਲ ਰਿਟਾਇਰ ਹੋਇਆ, ਲਿਖਦਾ ਹੈ - ਉਹ ਜਾਣਨ ਦੀ, ਖੋਜਣ ਦੀ ਸ਼ੌਕੀਨ ਸੀ, ਸਮਾਜਿਕ ਬੰਧਨਾਂ ਤੋਂ ਮੁਕਤ। ਹਰ ਤਰ੍ਹਾਂ ਦੇ ਪ੍ਰਭਾਵਾਂ ਦਾ ਸਵਾਗਤ ਪਰ ਅਸਰ ਆਪਣੀ ਮਰਜ਼ੀ ਨਾਲ ਕਬੂਲਦੀ, ਕੋਈ ਹਨੇਰੀ ਉਸਨੂੰ ਉਡਾ ਨਹੀਂ ਸਕਦੀ ਸੀ। ਉਹ ਮਨੁੱਖੀ ਰੂਹਾਂ ਦਾ ਘਾਣ ਕਰਨ ਦੇ ਸਮਰੱਥ ਸੀ ਪਰ ਸਖ਼ਤ ਜਾਨ ਏਨੀ ਕਿ ਉਸ ਅੰਦਰਲਾ ਕਲਾਕਾਰ ਹਰ ਜਜ਼ਬੇ ਤੋਂ ਨਿਰਲੇਪ ਰਹਿੰਦਾ।

1932 ਵਿਚ ਅੰਗਰੇਜ਼ ਮੈਲਕਮ ਮਾਸਕੋ ਵਿਖੇ *ਗਾਰਡੀਅਨ* ਅਖ਼ਬਾਰ ਵਾਸਤੇ ਕੰਮ ਕਰਦਾ ਸੀ ਜਿਥੇ ਉਸਨੂੰ ਕਮਿਊਨਿਸਟ ਸਰਕਾਰ ਦੇ ਦੋਗਲੇਪਣ ਦਾ ਪਤਾ ਲੱਗਾ, ਲੋਕਾਂ ਦਾ ਸ਼ਿਕਾਰ ਕੀਤੇ ਜਾਣ ਦਾ ਪਤਾ ਲੱਗਾ। ਉਸਦੀ ਕਿਤਾਬ *ਵਿੰਟਰ ਇਨ ਮਾਸਕੋ* ਬਹੁਤ ਪ੍ਰਸਿੱਧ ਹੋਈ ਪਰ ਉਸਨੂੰ ਨੌਕਰੀਓਂ ਜਵਾਬ ਮਿਲ ਗਿਆ ਤਾਂ ਉਸ ਨੇ ਕਲਕੱਤੇ *ਸਟੇਟਸਮੈਨ* ਵਾਸਤੇ ਕੰਮ ਸ਼ੁਰੂ ਕਰ ਦਿੱਤਾ। ਕਲਕੱਤੇ ਸੰਪਾਦਕ ਨਾਲ ਝਗੜਾ ਛਿੜ ਗਿਆ ਤਾਂ ਖਹਿੜਾ ਛੁਡਾਉਣ ਵਾਸਤੇ ਇਸਦੀ ਬਦਲੀ ਸ਼ਿਮਲੇ ਕਰ ਦਿੱਤੀ। ਇਹ ਇਕ ਤਰ੍ਹਾਂ ਦੀ ਸਜ਼ਾ ਦਿੱਤੀ ਗਈ ਸੀ। ਇਥੇ ਇਸ ਦੀ ਮੁਲਾਕਾਤ ਅੰਮ੍ਰਿਤਾ ਨਾਲ ਹੋਈ। ਆਪਣੀ ਆਤਮਕਥਾ ਵਿਚ ਉਹ ਸ਼ਿਮਲੇ ਬਾਰੇ ਲਿਖਦਾ ਹੈ - ਗਰਮੀਆਂ ਦੀ ਰੁੱਤੇ, ਪੂਰੀ ਸਰਕਾਰ ਅਪਹੁੰਚ ਪਹਾੜੀਆਂ ਵਿਚ ਚਲੀ ਜਾਵੇ ਤੇ ਦੂਰ-ਦੁਰਾਡਿਓਂ ਰਾਜ ਕਰੇ, ਅਚੰਭੇਜਨਕ ਹੈ। ਇਹ ਸ਼ਹਿਰ ਹੈ ਹੀ ਸਹੀ ਮਾਇਨਿਆਂ ਵਿਚ ਅੰਗਰੇਜ਼ੀ ਸਰਕਾਰ ਦੀ ਪੈਦਾਵਾਰ, ਸਾਹਿਬ ਲੋਕਾਂ ਨੇ ਸਾਹਿਬ ਲੋਕਾਂ ਵਾਸਤੇ ਵਸਾਇਆ। ਜਦੋਂ ਅੰਗਰੇਜ਼ਾਂ ਦਾ ਰਾਜ ਖ਼ਤਮ ਹੋਏਗਾ, ਇਹ ਰਾਜ ਕਿਹੋ ਜਿਹਾ ਹੁੰਦਾ ਸੀ, ਬਸ ਸ਼ਿਮਲਾ ਦੇਖ ਕੇ ਪਤਾ ਲੱਗ ਜਾਇਆ ਕਰੇਗਾ। ਇਕ ਇੰਚ ਥਾਂ ਦੇਸੀ ਨਹੀਂ। ਚਰਚ, ਮਾਲ ਰੋਡ, ਐਤਵਾਰ ਸ਼ਾਮੀਂ ਮਾਲ ਰੋਡ ਉਪਰ ਟਹਿਲਦੇ ਗੋਰੇ ਗੋਰੀਆਂ, ਵੱਜ ਰਿਹਾ ਬਰਾੱਸ ਬੈਂਡ, ਔਰਤਾਂ ਦੇ ਸਿਰਾਂ ਉਪਰ ਰੰਗ ਬਰੰਗੀਆਂ ਛਤਰੀਆਂ ਤੇ ਮਰਦਾਂ ਦੇ ਸਿਰਾਂ 'ਤੇ ਵੱਡੇ ਸਫ਼ੈਦ ਟੋਪ। ਰੁਤਬੇ ਅਨੁਸਾਰ ਆਬਾਦੀਆਂ ਅਤੇ ਘਰਾਂ ਦੇ ਸਾਈਜ਼, ਹਰੇਕ ਦੇ ਨਾਮ ਅਤੇ ਅਹੁਦੇ ਦੀ ਤਖ਼ਤੀ, ਬਾਹਰੋਂ ਹੀ ਪਤਾ ਲੱਗ ਜਾਣਾ ਚਾਹੀਦਾ ਹੈ ਕਿਸ ਹਸਤੀ ਦਾ ਦਰਵਾਜ਼ਾ ਹੈ। ਛੋਟਾ ਜਿਹਾ ਥਿਏਟਰ ਵੀ ਹੈ ਜਿਥੇ ਨਾਟਕ ਹੁੰਦੇ ਹਨ, ਫ਼ਿਲਮ ਚੱਲਦੀ ਹੈ। ਕਿਪਲਿੰਗ ਨੇ ਇਕ ਨਾਟਕ ਵਿਚ ਇਥੇ ਐਕਟ ਕੀਤਾ ਸੀ। ਵਾਇਸਰਾਇ ਮਹਿਲ ਦੀ ਰਾਖੀ ਸਿੱਖ ਗਾਰਦ ਕਰਦੀ ਹੈ। ਸਿਪਾਹੀਆਂ ਨੇ ਪੁੱਠੀਆਂ ਦਾਹੜੀਆਂ ਚਾੜ੍ਹ ਕੇ ਜਾਲੀਆਂ ਲਪੇਟੀਆ ਹੋਈਆਂ ਹਨ। ਕਮਾਂਡਰ-ਇਨ-ਚੀਫ਼ ਲਾਰਡ ਕਿਚਨਰ ਨੇ ਆਪਣਾ ਮਹਿਲ ਸ਼ਿਮਲੇ ਤੋਂ ਜ਼ਰਾ ਹਟਵਾਂ ਬਣਾਇਆ ਹੈ।

ਆਪਣੀ ਪੱਤਰਕਾਰ ਬਰਾਦਰੀ ਬਾਰੇ ਉਸਦੀ ਟਿੱਪਣੀ ਹੈ - ਪੱਤਰਕਾਰ ਸਰਕਾਰ ਦੇ ਪਿੱਛੇ ਪਿੱਛੇ ਇਸ ਤਰ੍ਹਾਂ ਦੌੜਦੇ ਹਨ ਜਿਵੇਂ ਜਹਾਜ਼ ਦੇ ਪਿੱਛੇ ਸ਼ਾਰਕਾਂ ਲੱਗ ਜਾਂਦੀਆਂ ਹਨ ਤਾਂ ਕਿ ਜਹਾਜ਼ ਵਿੱਚੋਂ ਸਮੁੰਦਰ ਵਿਚ ਸੁੱਟਿਆ ਗਿਆ ਕਚਰਾ ਖਾ ਸਕਣ। ਇਸ ਮਾਹੌਲ ਦਾ ਜ਼ਿਕਰ ਬਾਦ ਵਿਚ ਮੈਲਕਮ ਨੇ ਆਪਣੀ ਡਾਇਰੀ ਵਿਚ ਜੂਨ 1935 ਨੂੰ ਇਉਂ ਕੀਤਾ - ਅੰਮ੍ਰਿਤਾ ਦੀ ਮਾਂ ਹੰਕਾਰੀ ਹੋਈ ਭੈੜੀ ਜ਼ਨਾਨੀ ਲੱਗੀ, ਉਸਦਾ ਰਹਿਣ ਸਹਿਣ ਦਾ ਢੰਗ ਸਰਮਾਏਦਾਰਾਨਾ ਹੈ ਤੇ ਸਰਦਾਰ ਸ਼ੇਰਗਿੱਲ ਉਸਨੂੰ ਪਸੰਦ ਨਹੀਂ ਕਰਦਾ ਪਰ ਲਾਚਾਰੀ ਵੱਸ ਬਰਦਾਸ਼ਤ ਕਰਦਾ ਦਿਸਦਾ ਹੈ। ਸਰਦਾਰ ਦੀ ਖੁੱਲ੍ਹੀ ਦਾਹੜੀ ਹੈ, ਲੰਮੇ-ਕਮੀਜ਼ ਉਪਰੋਂ ਦੀ ਬੈਲਟ ਕੱਸ ਲੈਂਦਾ ਹੈ, ਇਉਂ ਲੱਗਦਾ ਹੈ ਜਿਵੇਂ ਟਾਲਸਟਾਇ ਦੇ ਜ਼ਮਾਨੇ ਦਾ ਰੂਸੀ ਕਿਸਾਨ ਹੋਵੇ। ਤਿੱਖੀਆਂ ਹਵਾਵਾਂ ਵਿਚ ਉਸਦੀ ਦਾਹੜੀ ਉੱਡਣ ਲੱਗਦੀ ਹੈ। ਬੀਵੀ ਤੋਂ ਅੱਕਿਆ ਹੋਇਆ ਉਹ ਕਿਤਾਬ ਪੜ੍ਹਨ ਲੱਗਦਾ ਹੈ, ਫਲਸਫੇ ਉਪਰ ਚਰਚਾ ਕਰਦਾ ਹੈ ਤੇ ਜਾਂ ਫਿਰ ਛੱਤ 'ਤੇ ਖਲੋ ਕੇ ਤਾਰੇ ਦੇਖਣ ਲੱਗ ਜਾਂਦਾ ਹੈ। ਉਸਦੀਆਂ ਖ਼ਾਲੀ ਨਿਗਾਹਾਂ ਉਸਦੀ ਹਾਲਤ ਦੀ ਖ਼ਬਰ ਦੱਸਦੀਆਂ ਹਨ। ਅੰਮ੍ਰਿਤਾ ਉਸਨੂੰ ਮੋਟੇ ਸਿਰ ਵਾਲੀ ਕਾਮੁਕ ਕੁੜੀ ਦਿਸਦੀ ਹੈ - ਮੈਂ ਇਸ ਕੁੜੀ ਨੂੰ ਕਈ ਵਾਰ ਮਿਲਿਆ, ਕਈ ਵਾਰ ਇਸ ਨਾਲ ਹੋਟਲ ਵਿਚ ਨੱਚਿਆ, ਕਈ ਵਾਰ ਉਸਨੇ ਕਿਹਾ ਫ਼ੋਨ ਕਰਾਂਗੀ, ਇਕ ਸ਼ਾਮ ਮੈਂ ਕਿਹਾ - ਮੈਂ ਉਦੋਂ ਤੱਕ ਨੱਚੀ ਜਾਣਾ ਚਾਹੁੰਦਾ ਹਾਂ ਜਦੋਂ ਤੱਕ ਬੇਹੋਸ਼ ਨਹੀਂ ਹੋ ਜਾਂਦਾ।

ਉਹ ਬੋਲੀ - ਮੈਂ ਕਦੇ ਬੇਹੋਸ਼ ਨਹੀਂ ਹੋਈ। ਉਹ ਮੇਰੀ ਬੇਹੋਸ਼ ਹੋ ਜਾਣ ਵਾਲੀ ਗੱਲ ਸੱਚ ਮੰਨ ਗਈ।

ਮੈਲਕਮ ਬਾਰੇ ਆਪਣੀ ਭੈਣ ਨੂੰ ਖ਼ਤ ਵਿਚ ਅੰਮ੍ਰਿਤਾ ਲਿਖਦੀ ਹੈ - ਉਹ ਸ਼ਾਨਦਾਰ ਅੰਗਰੇਜ਼ ਹੈ, ਦਿਲਚਸਪ, ਬੁੱਧੀਵਾਨ, ਦਿਲ-ਖਿੱਚਵਾਂ। ਉਸ ਵਰਗਾ ਅਜੇ ਤੱਕ ਕੋਈ ਨਹੀਂ ਮਿਲਿਆ। ਮੇਰੇ ਬਾਰੇ ਵੀ ਉਹ ਇਹੋ ਕਹਿੰਦਾ ਹੈ। ਚੁਗ਼ਲਖ਼ੋਰਾਂ ਦੀ ਇਸ ਨੀਰਸ ਭੀੜ ਵਿਚ ਸਾਨੂੰ ਦੋਵਾਂ ਨੂੰ ਮਿਲ ਕੇ ਖ਼ੁਸ਼ੀ ਹੁੰਦੀ। ਇਸ ਰੁੱਤ ਵਿਚ ਇਸ ਤੋਂ ਇਲਾਵਾ ਕਈ ਹੋਰ ਦੋਸਤ ਵੀ ਬਣੇ। ਇਨ੍ਹਾਂ ਨੂੰ ਉਹ ਆਪਣੇ ਸ਼ਿਕਾਰ ਦੱਸਦੀ ਹੈ।

ਘਰ ਲਿਜਾ ਕੇ ਉਸਨੇ ਮੈਲਕਮ ਨੂੰ ਆਪਣੀਆਂ ਪੇਂਟਿੰਗਜ਼ ਦਿਖਾਈਆਂ, ਮੈਲਕਮ ਨੂੰ ਦਰਮਿਆਨੀਆਂ ਲੱਗੀਆਂ ਪਰ ਖ਼ੁਸ਼ ਕਰਨ ਵਾਸਤੇ ਆਖ ਦਿੱਤਾ - ਤੂੰ ਜੀਨੀਅਸ ਹੈਂ। ਅੰਮ੍ਰਿਤਾ ਖ਼ੁਸ਼ ਹੋ ਗਈ, ਇਸੇ ਖ਼ੁਸ਼ੀ ਵਿਚ ਉਸਨੇ ਮੈਲਕਮ ਦਾ ਪੋਰਟ੍ਰੇਟ ਚਿੱਤਰਿਆ ਜਿਹੜਾ ਹੁਣ ਦਿੱਲੀ ਦੀ ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟ ਵਿਚ ਪਿਆ ਹੈ। ਮੈਲਕਮ ਨੇ ਲਿਖਿਆ - ਕੈਨਵਸ ਉਪਰ ਉਤਾਰਨ ਵੇਲੇ ਇਉਂ ਲੱਗਦਾ ਸੀ ਜਿਵੇਂ ਮੇਰਾ ਸ਼ਿਕਾਰ ਕਰਨ ਲੱਗੀ ਹੋਵੇ, ਜਿਵੇਂ ਮੈਨੂੰ ਨਿਗਲ ਜਾਏਗੀ। ਪਸੀਨੋ-ਪਸੀਨਾ ਹੋ ਜਾਂਦੀ, ਕੰਮ ਮੁਕਾ ਕੇ, ਥੱਕ ਕੇ, ਕੁਰਸੀ 'ਤੇ ਡਿੱਗ ਪੈਂਦੀ। ਇਹ ਸਾਰਾ ਕੁਝ ਜਾਂਗਲੀ ਕਿਸਮ ਦਾ ਲੱਗਦਾ।

22 ਮਈ, 1935 ਦੇ ਦਿਨ ਆਪਣੀ ਡਾਇਰੀ ਦੇ ਪੰਨੇ 'ਤੇ ਲਿਖਦਾ ਹੈ - ਸਿੱਪੀ ਮੇਲੇ 'ਤੇ ਮੈਂ ਇਕ ਔਰਤ ਦੇਖੀ, ਅੱਧੀ ਹੰਗੇਰੀਅਨ, ਅੱਧੀ ਭਾਰਤੀ, ਸਾੜ੍ਹੀ ਵਿਚ ਲਿਪਟੀ ਹੋਈ। ਵਾਰਡਨ ਪਾਰਸੀ ਨੇ ਵਾਕਫ਼ੀ ਕਰਾਉਂਦਿਆਂ ਕਿਹਾ - ਸੇਸਿਲ ਹੋਟਲ ਵਿਚ ਡਾਂਸ ਕੀਤਾ ਜਾਵੇ ? ਮੈਨੂੰ ਜਜ਼ਬਾਤੀ ਉਲਝਣ ਦੀ ਖ਼ੁਸ਼ਬੂ ਆਈ। ਮੈਂ ਆਪਣੀ ਪਤਨੀ ਨੂੰ ਲੰਡਨ ਖ਼ਤ ਲਿਖਣੇ ਭੁੱਲ ਗਿਆ, ਅਸੀਂ ਸ਼ਰਾਬ ਪੀਂਦੇ ਤੇ ਨੱਚਦੇ, ਮੁੜ ਮਿਲਣ ਦਾ, ਫ਼ੋਨ ਕਰਨ ਦਾ ਵਾਅਦਾ ਕਰ ਕੇ ਵੱਖ ਹੁੰਦੇ। ਪੈਰਿਸ ਤੋਂ ਪੜ੍ਹ ਕੇ ਆਈ ਹੈ। ਗ਼ਜ਼ਬ ਹੈ।

6 ਜੂਨ, 1935 - ਪਰਸੋਂ ਆਈ, ਇਕੱਠਿਆਂ ਖਾਣਾ ਖਾਧਾ, ਨਾਚ ਗਾਣਾ ਦੇਖਦੇ ਰਹੇ, ਖ਼ੁਸ਼ ਸਾਂ। ਕੱਲ੍ਹ *ਸਟੇਟਸਮੈਨ* ਨੂੰ ਅਸਤੀਫ਼ਾ ਲਿਖ ਕੇ ਭੇਜ ਦਿੱਤਾ। ਕਦੀ ਕਦੀ ਮੈਂ ਉਸਨੂੰ ਨਫ਼ਰਤ ਕਰਨ ਲੱਗ ਜਾਨਾਂ, ਮਿਸਾਲ ਵਜੋਂ ਅੱਜ ਮਿਲਣ ਗਿਆ। ਉਹ ਪ੍ਰਾਪਤ ਹੋਏ ਪ੍ਰੇਮ-ਪੱਤਰ ਚਾਉ ਨਾਲ ਪੜ੍ਹ ਰਹੀ ਸੀ, ਕਹਿਣ ਲੱਗੀ - ਅੱਜ ਸਵੇਰ ਵਾਰਡਨ ਨਾਲ ਸੈਰ ਕਰਨ ਗਈ, ਉਹ ਕਹਿਣ ਲੱਗਾ - ਮੈਂ ਤੁਹਾਡੀਆਂ ਉਂਗਲਾਂ ਦੇ ਪੋਟੇ ਚੁੰਮ ਲਵਾਂ ? ਮੈਨੂੰ ਉਸਦਾ ਅਜਿਹਾ ਦੰਭੀ, ਹੰਕਾਰੀ, ਵਿਗੜਿਆ ਦਿਖਾਵਾ ਸਹੀ ਨਹੀਂ ਲੱਗਾ। ਲੱਗਾ ਮੈਨੂੰ ਉਲਟੀ ਆ ਜਾਵੇਗੀ।

- ਅਸੀਂ ਗੱਲਾਂ ਕਰਦੇ ਰਹੇ, ਸਮਝੋ ਕਿ ਦਿਖਾਵਾ ਕਰਦੇ ਰਹੇ। ਹਰ ਵਾਰੀ ਪਹਿਲਾਂ ਨਾਲੋਂ ਵਧੀਕ ਦਬਾਅ ਪਾ ਕੇ ਮੇਰੇ ਹੋਂਠ ਚੁੰਮ ਲੈਂਦੀ। ਪਹਾੜੀ ਉਪਰ ਚੜ੍ਹ ਗਏ। ਮੈਂ ਉਸਦਾ ਚਿਹਰਾ ਧਿਆਨ ਨਾਲ ਦੇਖਿਆ, ਜੀਵਨ ਤੋਂ ਸੱਖਣਾ, ਅੱਖਾਂ ਹੇਠ ਦਾਇਰੇ, ਅਤ੍ਰਿਪਤ ਮੂੰਹ। ਆਉਂਦੀ ਹੋਈ ਕਹਿਣ ਲੱਗੀ, ਬੜੀ ਭੁੱਖ ਲੱਗੀ ਹੈ, ਬਹੁਤ ਸਾਰਾ ਖਾਣਾ ਖਾਵਾਂਗੀ। ਦੋ ਤਿੰਨ ਵਾਰ ਮੈਂ ਉਸਦੀਆਂ ਗੱਲਾਂ 'ਤੇ ਉੱਚੀ ਉੱਚੀ ਹੱਸਿਆ, ਫਿਰ ਛੱਡ ਆਇਆ।

ਇਹ ਮੈਲਕਮ ਹੀ ਸੀ ਜਿਸਨੇ ਅੰਮ੍ਰਿਤਾ ਨੂੰ ਦੱਸਿਆ - ਤੂੰ ਨਾਰਸੀਸਿਸਟਿਕ (ਖ਼ੁਦ ਨੂੰ ਸਭ ਤੋਂ ਵਧੀਕ ਸੁਹਣਾ ਸਮਝਦਿਆਂ ਆਪਣੇ ਆਪ ਉਪਰ ਮੋਹਿਤ ਹੋ ਜਾਣਾ) ਰੋਗ ਤੋਂ ਪੀੜਿਤ ਹੈ। ਮੈਲਕਮ ਉਸਨੂੰ ਇਕ ਪ੍ਰਕਾਰ ਦੀ ਕੁਆਰੀ ਕੁੜੀ ਵੀ ਸਮਝਦਾ ਹੈ ਕਿਉਂਕਿ ਕਿਸੇ ਮਰਦ ਨਾਲ ਮਿਲਾਪ, ਉਸ ਉਪਰ ਕੋਈ ਅਸਰ ਨਹੀਂ ਕਰਦਾ। ਜੀਵਨ ਵਿਚ ਕੋਈ ਆਇਆ ਕਿ ਕੋਈ ਗਿਆ, ਫ਼ਰਕ ਨਹੀਂ।

16 ਜੂਨ 1935 - ਪੌਣੇ ਸੱਤ ਵਜੇ ਮੈਂ ਨਹਾ ਲਿਆ, ਜਿਹੋ ਜਿਹੇ ਰੰਗ ਪਸੰਦ ਕਰਦੀ ਸੀ, ਉਸ ਅਨੁਸਾਰ ਪੈਂਟ ਕੋਟ ਪਹਿਨਿਆ, ਟਾਈ ਲਾ ਲਈ। ਹਰੀ ਸਾੜ੍ਹੀ, ਲਾਲ ਸੁਨਹਿਰੀ ਬਾਰਡਰ, ਉਹ ਅੱਠ ਵਜੇ ਆ ਗਈ, ਆਉਂਦਿਆਂ ਹੀ ਆਪਣੇ ਆਸ਼ਕਾਂ ਦੀਆਂ ਕਹਾਣੀਆਂ ਸੁਣਾਉਣ ਲੱਗੀ, ਐਬਨਾਰਮਲ ਵਿਹਾਰ। ਫਿਰ ਇਕ ਇਕ ਕਰਕੇ ਜ਼ੇਵਰ ਉਤਾਰਨ ਲੱਗੀ, ਫਿਰ ਆਪਣੇ ਕੇਸ ਖੋਲ੍ਹ ਦਿੱਤੇ। ਇੱਕੋ ਨਾਟਕ ਨੂੰ ਜਿਵੇਂ ਕੋਈ ਵਾਰ ਵਾਰ ਦੇਖਣ ਲੱਗੇ, ਉਹੀ ਚਕਾਚੌਂਧ, ਅਦਭੁਤ ਮਾਹੌਲ, ਦਸ ਵਾਰ ਦੇਖੋ ਜਾਂ ਵੀਹ ਵਾਰ, ਦਿਲ ਲੁਭਾਊ, ਪਰ ਇਕ ਪਲ ਅਜਿਹਾ ਆਏਗਾ ਹੀ ਜਦੋਂ ਤੁਸੀਂ ਆਖੋਗੇ - ਬੱਸ। ਇਕ ਸਮਾਂ ਆਏਗਾ ਜਦੋਂ ਤੁਹਾਨੂੰ ਖਿਝ ਤੇ ਘ੍ਰਿਣਾ ਹੋਵੇਗੀ।

ਕੁਝ ਦਿਨ ਬਾਦ ਲਿਖਿਆ - ਕੱਲ੍ਹ ਰਾਤ ਮੇਰੇ ਸਾਹਮਣੇ ਜਦੋਂ ਸਾੜ੍ਹੀ ਪਹਿਨੀ, ਮੈਂ ਉਸ ਵਿਚ ਨਿਸਚਿਤ ਪਿਆਰ ਦਾ ਜਜ਼ਬਾ ਦੇਖਿਆ, ਪਹਿਲਾਂ ਅਜਿਹਾ ਕੁਝ ਨਹੀਂ ਦੇਖਿਆ ਸੀ, ਉਹ ਮੇਰੇ ਨੇੜੇ ਆ ਕੇ ਬੈਠ ਗਈ, ਸ਼ਾਂਤ, ਸਿਰ ਝੁਕਾਈ, ਉਦਾਸ।

- ਕੀ ਹੋਇਐ ? ਮੈਂ ਪੁੱਛਿਆ। ਕੋਈ ਉੱਤਰ ਨਹੀਂ ਦਿੱਤਾ।

- ਲੇਟ ਹੋ ਗਈ ਹਾਂ। ਮੰਮੀ ਪਾਪਾ ਝਿੜਕਣਗੇ। *ਤੂੰ ਮੇਰੇ ਤੋਂ ਥੱਕਣ ਲੱਗ ਗਿਐਂ*, ਇਹ ਵਾਕ ਉਸਨੇ ਕਿਹਾ ਨਹੀਂ, ਪਰ ਚਿਹਰੇ ਉਪਰ ਲਿਖਿਆ ਪੜ੍ਹਿਆ ਜਾ ਸਕਦਾ ਸੀ। ਮੇਰਾ ਮਨ ਦ੍ਰਵ ਗਿਆ। ਇਹ ਅਜਿਹਾ ਮਾਹੌਲ ਹੁੰਦਾ ਹੈ ਜਦੋਂ ਕੁਝ ਲਿਖਣ ਦਾ ਮਨ ਬਣ ਜਾਂਦਾ ਹੈ, ਮੇਰੇ ਵਿਚ ਸਿਰਜਣਾ ਸ਼ਕਤੀ ਉਦੈ ਹੁੰਦੀ ਹੈ ਪਰ ਮੈਂ ਲਿਖਦਾ ਨੀਂ, ਲਿਖਣ ਵਾਸਤੇ ਜਦੋਂ ਕੋਈ ਗੱਲ ਹੈ ਈ ਨਹੀਂ। ਮੈਨੂੰ ਸੋਫ਼ੇ 'ਤੇ ਬਿਠਾ ਕੇ ਮੇਰਾ ਚਿੱਤਰ ਬਣਾਉਣ ਲੱਗਦੀ, ਪੂਰੇ ਧਿਆਨ ਨਾਲ ਦੇਖਦਾ, ਘਾਤ ਲਾ ਕੇ ਸ਼ਿਕਾਰ ਵੱਲ ਵਧ ਰਹੇ ਸ਼ਿਕਾਰੀ ਜਾਨਵਰ ਵਾਂਗ ਕ੍ਰਿਆਸ਼ੀਲ, ਧਿਆਨ ਕੇਂਦ੍ਰਿਤ, ਕਦੀ ਕਦੀ ਸਾਹ ਤੇਜ਼ ਚੱਲਣ ਲੱਗਦੇ, ਉਪਰਲੇ ਬੁੱਲ੍ਹ ਅਤੇ ਮੱਥੇ ਉਪਰ ਪਸੀਨੇ ਦੀਆਂ ਬੂੰਦਾਂ ਲਿਸ਼ਕਦੀਆਂ। ਜਾਂਗਲੀ ਅਹਿਸਾਸਾਂ ਨੂੰ ਰੰਗਾਂ ਵਿਚ ਰੋੜ੍ਹਦੀ ਤੇਜ਼ ਤੇਜ਼ ਬੁਰਸ਼ ਚਲਾਉਂਦੀ। ਉਸਦਾ ਚਿਹਰਾ ਤਣਾਉ ਵਿਚ ਹੁੰਦਾ, ਉਸ ਦਾ ਚਿੱਤਰ ਤਣਾਉ ਦਾ ਦ੍ਰਿਸ਼ ਪੇਸ਼ ਕਰਦਾ। ਉਸਦੇ ਚਿਤਰੇ ਭਾਰਤੀ ਮਰਦਾਂ ਔਰਤਾਂ ਦੇ ਚਿਹਰਿਆਂ ਉਪਰ ਜੀਵਨ ਦੀ ਥਾਂ ਮੌਤ ਵਧੀਕ ਛਾਈ ਹੋਈ ਹੈ, ਟੁੱਟ ਭੱਜ। ਖ਼ੁਦ ਕਦੀ ਗੁਲਾਬ ਜਲ ਵਾਂਗ ਪਵਿੱਤਰ ਤੇ ਖ਼ੁਸ਼, ਨਵਜਨਮੀ ਅਛੂਹ ਰੂਹ, ਕਦੀ ਦ੍ਰਿੜ੍ਹ ਵਿਸ਼ਵਾਸੀ, ਕਦੀ ਚਰਿੱਤਰਹੀਣ, ਇਕਦਮ ਵਲਗਰ। ਲੰਮਾ ਸਮਾਂ ਉਸ ਨਾਲ ਬਿਤਾ ਕੇ ਮੈਨੂੰ ਪਤਾ ਨਾ ਲੱਗਾ ਉਹ ਹੈ ਕੀ ? ਕੀ ਉਸ ਵਿਚ ਅਜਿਹਾ ਕੁਝ ਹੈ ਵੀ ਸੀ ਜਿਸ ਬਾਰੇ ਕੋਈ ਜਾਣ ਸਕੇ ? ਉਸਨੂੰ ਦੇਖਣ ਸਾਰ ਅਜਬ ਮਾਹੌਲ ਤਣ ਜਾਂਦਾ ਜਿਵੇਂ ਕੱਚਾ ਮਾਸ ਖਾਣ ਦੀ ਸ਼ੌਕੀਨ, ਜਿਵੇਂ ਅੱਗ ਉਪਰੋਂ ਲਾਹ ਕੇ ਉਬਲਦੀ ਤਰੀ ਪੀਣ ਲਈ ਬੇਤਾਬ।

ਸਤੰਬਰ 1935 ਵਿਚ ਉਹ ਵਾਪਸ ਲੰਦਨ ਲਈ ਰਵਾਨਾ ਹੋਇਆ। ਵਿਦਾਇਗੀ ਦੀ ਸ਼ਾਮ ਉਸਨੇ ਇਉਂ ਚਿੱਤਰੀ ਹੈ - ਉਸਦਾ ਬਾਹਰ ਨਿਕਲਣ ਦਾ ਸਮਾਂ ਨਹੀਂ ਸੀ ਇਹ, ਪਰ ਮੈਨੂੰ ਵਿਦਾ ਕਰਨ ਲਈ ਸਟੇਸ਼ਨ ਵੱਲ ਦਿਨ ਢਲੇ ਚੱਲ ਪਈ। ਅਸੀਂ ਫ਼ਰੈਂਚ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਪਲੇਟਫ਼ਾਰਮ 'ਤੇ ਘੁੰਮਦੇ ਰਹੇ। ਆਖ਼ਰ ਇਕ ਨਿੱਕੀ ਜਿਹੀ ਪਹਾੜੀ ਗੱਡੀ ਦੇ ਇੰਜਣ ਨੇ ਸੀਟੀ ਮਾਰੀ। ਉਸ ਨਾਲ ਬਿਤਾਇਆ ਸਮਾਂ .. ਚੰਗਾ ਵੀ ਸੀ ... ਮਾੜਾ ਵੀ। ਗੱਡੀ ਚੱਲ ਪਈ। ਜਦੋਂ ਤੱਕ ਅੱਖੋਂ ਪਰੋਖੇ ਨਹੀਂ ਹੋਏ, ਮੈਂ ਉਸ ਵੱਲ ਉਹ ਮੇਰੇ ਵੱਲ ਦੇਖ ਦੇਖ ਹੱਥ ਹਿਲਾਉਂਦੇ ਹੋਏ ਅਲਵਿਦਾ ਆਖਦੇ ਰਹੇ। ਮੈਨੂੰ ਪਤਾ ਸੀ, ਮੈਂ ਉਸਨੂੰ ਕਦੇ ਨਹੀਂ ਮਿਲਾਂਗਾ, ਮਿਲਣਾ ਚਾਹਾਂਗਾ ਵੀ ਨਹੀਂ। 1941 ਵਿਚ ਪਤਾ ਲੱਗਾ

ਕਿ ਉਸਦੀ ਮੌਤ ਹੋ ਗਈ ਹੈ ਅਚਾਨਕ। ਅਜੇ ਥੋੜ੍ਹੀ ਹੀ ਉਮਰ ਸੀ। ਪਿੱਛੋਂ ਮੈਨੂੰ ਖ਼ਬਰ ਮਿਲੀ ਕਿ ਉਸਦੀ ਮਾਂ ਨੇ ਖ਼ੁਦਕੁਸ਼ੀ ਕਰ ਲਈ। ਦੋਵਾਂ ਮੌਤਾਂ ਦੀ ਖ਼ਬਰ ਨੇ ਮੇਰੇ ਉਪਰ ਕੋਈ ਅਸਰ ਨਹੀਂ ਕੀਤਾ।

1935 ਵਿਚ ਉਸਨੇ *ਪਹਾੜੀ ਮਰਦ* ਅਤੇ *ਪਹਾੜੀ ਔਰਤਾਂ* ਦੋ ਪੇਂਟਿੰਗਜ਼ ਕੀਤੀਆਂ ਜਿਨ੍ਹਾਂ ਦੀ ਚਰਚਾ ਹੋਈ। ਇਨ੍ਹਾਂ ਕ੍ਰਿਤਾਂ ਨੂੰ ਗ਼ਰੀਬ ਮਨੁੱਖਾਂ ਦੀ ਸ਼ਾਨ ਦੇ ਪ੍ਰਤੀਕ ਆਖ ਕੇ ਸਤਿਕਾਰਿਆ ਗਿਆ। ਅੰਮ੍ਰਿਤਾ ਦੇ ਆਪਣੇ ਸ਼ਬਦ ਹਨ - ਪੈਰਿਸ ਤੋਂ ਵਾਪਸ ਆਈ ਤਾਂ ਭਾਰਤ ਮੇਰੀ ਆਸ ਤੋਂ ਵੱਖਰੀ ਤਰ੍ਹਾਂ ਦਾ ਦਿਸਿਆ ਤੇ ਸਥਿਰ ਹੋ ਗਿਆ। ਉਦਾਸ ਪਰ ਸੋਹਣੇ ਲੋਕ, ਕਾਲੇ ਰੰਗ, ਪਤਲੇ ਸੁੱਕੇ ਜਿਸਮ ਚੁੱਪ-ਚਾਪ ਤੁਰੇ ਜਾ ਰਹੇ ਹਨ ਜਿਵੇਂ ਕਾਗ਼ਜ਼ ਉਪਰ ਵਾਹੀਆਂ ਲਕੀਰਾਂ ਤੁਰਨ ਲੱਗ ਜਾਣ, ਅਨੰਤ ਖ਼ਾਮੋਸ਼ੀ ਵਿਚ ਘਿਰੇ ਹੋਏ।

1938 ਵਿਚ ਸਰਾਇਆ ਆ ਕੇ ਹੋਰ ਪੇਂਟਿੰਗਜ਼ ਬਣਾਈਆਂ - *ਔਰਤਾਂ*, *ਤਲਾਬ ਵਿਚ ਨਹਾਉਂਦੇ ਹਾਥੀ* ਅਤੇ *ਲਾਲ ਥਮਲਿਆਂ ਵਾਲਾ ਵਰਾਂਡਾ* ਪ੍ਰਸਿੱਧ ਹੋਈਆਂ। ਉਸਨੂੰ ਪਹਾੜੀ, ਰਾਜਸਥਾਨੀ, ਦੱਖਣੀ ਚਿਹਰਿਆਂ ਦੀ ਬਣਤਰ ਦਿਖਾਉਣੀ ਆਉਂਦੀ ਹੈ। ਮੁਗ਼ਲ ਕਲਾ ਅਤੇ ਅਜੰਤਾ ਦੀ ਕਲਾ ਦੀਆਂ ਬਾਰੀਕੀਆਂ ਦੇ ਭੇਤ ਪਤਾ ਹਨ। ਇਨ੍ਹਾਂ ਕਿਰਤਾਂ ਬਾਰੇ ਦੱਸਦੀ ਹੈ - ਦੇਖ ਕੇ ਤੁਹਾਨੂੰ ਪਤਾ ਲੱਗ ਜਾਵੇਗਾ ਇਹ ਮੇਰੇ ਜੀਵਨ ਦੇ ਖ਼ੁਸ਼ ਪਲ ਸਨ। ਦੱਖਣ ਤੋਂ ਵਾਪਸ ਆ ਕੇ *ਦੁਲਹਨ ਦਾ ਸ਼ਿੰਗਾਰ*, *ਬ੍ਰਹਮਚਾਰੀ*, *ਬਾਜ਼ਾਰ ਜਾਂਦੇ ਦੱਖਣੀ ਪੇਂਡੂ* ਤਿਆਰ ਕੀਤੀਆਂ।

ਗੀਤਾ ਨੇ ਲਿਖਿਆ - *ਦੁਲਹਨ ਦਾ ਸ਼ਿੰਗਾਰ* ਪੇਂਟਿੰਗ ਦੇਖੋ। ਔਰਤਾਂ ਦੀ ਗੰਭੀਰਤਾ, ਕੋਈ ਹਾਵ ਭਾਵ ਨਹੀਂ, ਜੇ ਕੋਈ ਪ੍ਰਭਾਵ ਮਿਲਦਾ ਵੀ ਹੈ ਉਹ ਉਦਾਸੀ ਦਾ ਹੈ, ਜਿਵੇਂ ਬਲੀਦਾਨ ਦੇਣ ਵਾਸਤੇ ਤਿਆਰੀ ਹੋ ਰਹੀ ਹੋਵੇ, ਜਸ਼ਨਾਂ ਵਰਗਾ ਬਿਲਕੁਲ ਕੁਝ ਨਹੀਂ, ਰੁਦਨ ਵੀ ਨਹੀਂ, ਪਵਿੱਤਰ ਕੁਰਬਾਨੀ, ਵਿਛੋੜਾ, ਸਮਰਪਣ ਜਿਸ ਵਿੱਚੋਂ ਮਨੁੱਖਤਾ ਦੀ ਵੇਲ ਅੱਗੇ ਵਧੇਗੀ। ਕੂਕਨੂਸ ਪੰਛੀ ਦਾ ਗੀਤ, ਗੀਤ ਵਿੱਚੋਂ ਲਾਟਾਂ, ਲਾਟਾਂ ਵਿੱਚੋਂ ਪੰਛੀ ਦੀ ਰਾਖ, ਰਾਖ ਵਿੱਚੋਂ ਨਵੇਂ ਕੂਕਨੂਸ ਦਾ ਜਨਮ। (ਮਿੱਥ ਅਨੁਸਾਰ ਇਹ ਪੰਛੀ ਵਡੇਰੀ ਉਮਰ ਵਕਤ ਜੰਗਲ ਵਿੱਚੋਂ ਸੁੱਕੀਆਂ ਟਾਹਣੀਆਂ, ਡੱਕੇ ਇਕੱਠੇ ਕਰ ਕਰ ਢੇਰੀ ਬਣਾ ਲੈਂਦਾ ਹੈ। ਉਪਰ ਬੈਠ ਕੇ ਦੀਪਕ ਰਾਗ ਗਾਉਂਦਾ ਹੈ ਤਾਂ ਕੱਖ ਕਾਨਿਆਂ ਨੂੰ ਅੱਗ ਲੱਗ ਜਾਂਦੀ ਹੈ ਜਿਸ ਵਿਚ ਕੂਕਨੂਸ ਜਲ ਜਾਂਦਾ ਹੈ। ਸਾਵਣ ਦੀ ਬਾਰਸ਼ ਜਦੋਂ ਮਲ੍ਹਾਰ ਗਾਏਗੀ ਤਾਂ ਸੁਆਹ ਵਿੱਚੋਂ ਜੁਆਨ ਕੂਕਨੂਸ ਪੈਦਾ ਹੋ ਕੇ ਉੱਡਣ ਲੱਗੇਗਾ।)

ਅੰਮ੍ਰਿਤਾ ਦੀ ਇਸ ਪੇਂਟਿੰਗ ਨੂੰ ਠੀਕ ਤਰੀਕੇ ਸਮਝਣ ਵਾਸਤੇ ਪ੍ਰੋ. ਪੂਰਨ ਸਿੰਘ ਦਾ ਹਿੰਦੀ ਲੇਖ *ਨਯਨੋਂ ਕੀ ਗੰਗਾ* ਪੜ੍ਹਨਾ ਸਹਾਈ ਰਹੇਗਾ। ਸ਼ਹਿਨਾਈ ਅਤੇ ਸਾਰੰਗੀ ਦੇ ਸੁਰਾਂ ਵਿਚ ਖ਼ੁਸ਼ੀ ਹੈ ਕਿ ਉਦਾਸੀ, ਜੀਵਨ ਹੈ ਕਿ ਮੌਤ, ਸਰੋਤਾ ਨਿਖੇੜ ਨਹੀਂ ਸਕਦਾ। ਇਹੀ ਧੀ ਦੀ, ਇਹੋ ਉਸਦੇ ਮਾਪਿਆਂ ਦੀ, ਇਹੋ ਉਸਨੂੰ ਪਿਆਰ ਕਰਨ ਵਾਲੇ ਸਾਰਿਆਂ ਦੀ ਹਾਲਤ ਹੁੰਦੀ ਹੈ।

ਉਸਨੇ ਆਪਣੇ ਆਪ ਨੂੰ ਕਈ ਕੈਨਵਸਾਂ 'ਤੇ ਚਿੱਤਰਿਆ। ਇਕ ਵਿਚ ਉਹ ਐਨ ਸਾਹਮਣਿਓਂ ਦਿਖਾਈ ਦੇ ਰਹੀ ਹੈ, ਭਰਵੇਂ ਜਿਸਮ ਵਾਲੀ ਜੁਆਨ ਔਰਤ, ਖੁੱਲ੍ਹੇ ਵਾਲ ਹੇਠ ਤੱਕ ਸਰਕਦੇ ਹੋਏ, ਤਾਂਬੇ ਰੰਗਾ ਚਿਹਰਾ, ਗਲ ਵਿਚ ਮੋਤੀਆਂ ਦਾ ਹਾਰ, ਕਲਾਈਆਂ ਵਿਚ ਚੂੜੀਆਂ, ਕਲਾਕਾਰ ਨਹੀਂ, ਇਕ ਔਰਤ, ਉਸੇ ਤਰ੍ਹਾਂ ਦੀ, ਜਿਵੇਂ ਸੰਸਾਰ ਚਾਹੁੰਦਾ ਹੈ, ਹੋਵੇ। ਸਾਲ 1939, ਜਦੋਂ ਉਸਦੀ ਸ਼ੁਹਰਤ ਸਿਖਰ ਉਪਰ ਸੀ, ਇਹ ਪੇਂਟਿੰਗ ਕੀਤੀ।

ਇਸ ਉਪਰ ਪਾਲ ਗੋਗੈਂ ਦਾ ਸਮੁੱਚਾ ਪ੍ਰਭਾਵ ਸਾਫ਼ ਦਿਖਾਈ ਦੇ ਰਿਹਾ ਹੈ। ਦੂਜੀ ਪੇਂਟਿੰਗ 1932 ਦੀ ਹੈ, ਖਿੜਕੀ ਸਾਹਮਣੇ ਆਰਾਮ ਕੁਰਸੀ 'ਤੇ ਬੈਠੀ ਹੈ, ਗੰਭੀਰ ਮੁਦਰਾ, ਪੂਰਾ ਸਾਦਾ ਲਿਬਾਸ, ਪੇਂਟ ਕਰ ਰਹੀ ਹੈ, ਜਿਸ ਹੱਥ ਵਿਚ ਬਰੱਸ਼ ਫੜਿਆ ਹੋਇਆ ਹੈ ਉਹ ਪੂਰਾ ਮਜ਼ਬੂਤ ਦਿਖਾਈ ਦਿੰਦਾ ਹੈ, ਪ੍ਰਭਾਵ ਇਹ ਕਿ ਕੇਵਲ ਮਨ ਨਹੀਂ, ਕਲਾਕਾਰ ਦਾ ਜਿਸਮ ਵੀ ਮਜ਼ਬੂਤ ਹੋਵੇ। ਇਸ ਸ਼ੈਲੀ ਨੂੰ ਦੇਖਦਿਆਂ ਸਾਨੂੰ ਮਾਈਕਲਏਂਜਲੋ ਦਾ ਬਚਪਨ ਯਾਦ ਆ ਜਾਂਦਾ ਹੈ, ਉਸਤਾਦ ਉਸਨੂੰ ਸਕੈੱਚ ਬਣਾਉਂਦਿਆਂ ਦੇਖ ਕੇ ਆਖਦਾ ਹੈ - ਤੇਰਾ ਹੱਥ ਮਜ਼ਬੂਤ ਲੱਗਦੈ ਮਾਈਕਲ। ਮਾਈਕਲਏਂਜਲੋ ਉੱਤਰ ਦਿੰਦਾ ਹੈ - ਬਰੱਸ਼ ਫੜਨ ਲਈ ਨਹੀਂ ਉਸਤਾਦ, ਇਹ ਹੱਥ ਹਥੌੜੇ ਵਾਸਤੇ ਬਣਿਐ, ਪੱਥਰ ਤ੍ਰਾਸ਼ਣ ਵਾਸਤੇ।

ਅੰਮ੍ਰਿਤਾ ਦੀ ਟੈਕਨੀਕ ਵਿਦੇਸ਼ੀ ਹੈ ਪਰ ਇਸ ਵਿਚ ਭਾਰਤੀ ਰੂਹ ਬਿਰਾਜਮਾਨ ਹੈ। ਉਸਨੇ *ਗ਼ਰੀਬ ਮਜ਼ਦੂਰ, ਮੰਗਤੀ,* ਚਿੱਤਰ ਬਣਾਏ ਪਰ ਇਨ੍ਹਾਂ ਵਿਚ ਤਰਸ ਜਾਂ ਉਪਭਾਵੁਕਤਾ ਨਹੀਂ, ਧੀਰਜ ਹੈ, ਸਮਰਪਣ ਹੈ, ਪ੍ਰਾਪੇਗੰਡਾ ਨਹੀਂ, ਪ੍ਰਚਾਰ ਨਹੀਂ। ਭਾਰਤੀ ਫ਼ਿਲਮਾਂ ਉਪਰ ਉਸਨੇ 1937 ਵਿਚ ਪੇਪਰ ਪੜ੍ਹਿਆ ਜਿਸ ਵਿਚ ਕਿਹਾ - ਭਾਰਤੀ ਫ਼ਿਲਮਕਾਰਾਂ ਨੂੰ ਜਦੋਂ ਘਾਹ ਦੀ ਇਕ ਪੱਤੀ ਵਿੱਚੋਂ ਸੁੰਦਰਤਾ ਲੱਭ ਪਈ, ਉਹ ਸਫਲ ਹੋ ਜਾਣਗੇ, ਧਰਤੀ ਦੀਆਂ ਉਚਾਣਾਂ ਨੀਵਾਣਾਂ, ਖੇਤ ਵਾਹੁੰਦੇ ਬਲਦਾਂ ਦੀਆਂ ਜੋੜੀਆਂ ਫ਼ਿਲਮਾਉਣੀਆਂ ਪੈਣਗੀਆਂ, ਸਟੂਡੀਓ ਦੇ ਨਕਲੀ ਹਲ, ਨਕਲੀ ਬਲਦ ਨਹੀਂ, ਅਸਲ ਤਸਵੀਰਾਂ। ਮੇਰਾ ਕਹਿਣ ਦਾ ਇਹ ਅਰਥ ਨਹੀਂ ਕਿ ਕੇਵਲ ਪੇਂਡੂ ਜੀਵਨ ਫ਼ਿਲਮਾਉਣਯੋਗ ਹੈ। ਸਾਡੇ ਕੋਲ ਕਿਸਾਨਾਂ ਤੋਂ ਵੱਖਰੇ ਗੁੰਝਲਦਾਰ ਬੌਧਿਕ ਦਿਮਾਗ਼ ਵੀ ਮੌਜੂਦ ਹਨ, ਜਿਨ੍ਹਾਂ ਦੇ ਸੂਖਮ ਭਾਵਾਂ ਦੀ ਕਿਸੇ ਨੇ ਥਾਹ ਨਹੀਂ ਪਾਈ। ਸਾਡੇ ਪ੍ਰੋਡਿਊਸਰ ਆਰਟ ਦੀ ਖੋਜ ਕਰਨ, ਜਿਥੋਂ ਮਿਲੇ ਹਾਸਲ ਕਰਨ। ਦੱਖਣੀ ਭਾਰਤੀ ਇਸਤਰੀਆਂ ਦੀਆਂ ਲਹਿਰਾਉਂਦੀਆਂ ਸਾੜ੍ਹੀਆਂ ਤੇ ਕਿਸਾਨਾਂ ਦੀਆਂ ਸਾਦੀਆਂ ਧੋਤੀਆਂ ਦੇਖਣ, ਧਾਨ ਦੇ ਖੇਤ ਤੇ ਦਿਨ ਛਿਪਦੇ ਦੀ ਧੂੜ ਫ਼ਿਲਮਾਉਣ, ਨਿੱਕੀਆਂ ਨਿੱਕੀਆਂ ਵਸਤੂਆਂ ਤੇ ਘਟਨਾਵਾਂ ਦੀ ਸੁੰਦਰਤਾ ਇੰਦਰ ਦੇ ਮਹਿਲਾਂ ਤੋਂ ਕਿਤੇ ਵਧੀਕ ਉੱਤਮ ਹੈ।

1936 ਵਿਚ ਸਰਾਇਆ ਵਿਖੇ *ਨਿੱਕਾ ਅਛੂਤ* ਅਤੇ *ਬੁੱਢਾ* ਪੇਂਟਿੰਗਜ਼ ਕੀਤੀਆਂ। ਇਹ ਬੁੱਢਾ ਸਰ ਸੁੰਦਰ ਸਿੰਘ ਮਜੀਠੀਆ ਹੈ, ਇਹ ਪੇਂਟਿੰਗ ਸੁੰਦਰ ਸਿੰਘ ਦੇ ਬੇਟੇ ਕਿਰਪਾਲ ਸਿੰਘ ਦੇ ਆਖਣ 'ਤੇ ਕੀਤੀ। ਪੂਰੀ ਕਰ ਕੇ ਕਿਹਾ - ਦੇਖ ਇਹ ਕਿੰਨੀ ਸੁਹਣੀ ਹੈ, ਤੂੰ ਕਿਹਾ ਸੀ ਸੁਹਣੀ ਪੇਂਟਿੰਗ ਬਣਾਉਣੀ ਹੈ, ਸੋ ਬਣਾ ਦਿੱਤੀ ਪਰ ਇਸ ਵਿਚਲਾ ਆਰਟ ਕਮਜ਼ੋਰ ਹੈ।

ਦਿੱਲੀ ਅਤੇ ਮੁੰਬਈ ਮਹਾਂਨਗਰ ਉਸਨੂੰ ਚੰਗੇ ਨਹੀਂ ਲੱਗੇ, ਕਿਹਾ - ਨਾ ਇਹ ਪੱਛਮੀ ਹਨ ਨਾ ਪੂਰਬੀ, ਦੋਵੇਂ ਸਭਿਆਚਾਰਾਂ ਦਾ ਮੂੰਹ ਚਿੜਾ ਰਹੇ ਹਨ। ਅੰਮ੍ਰਿਤਾ ਉੱਚਕੋਟੀ ਪ੍ਰਤਿਭਾ ਦੀ ਮਾਲਕ ਹੈ, ਪਰ ਇਸਦੀ ਪਛਾਣ ਮੁੰਬਈ ਵਿਚ ਹੀ ਹੋਈ। 16 ਨਵੰਬਰ, 1936 ਨੂੰ ਬਰਦਾ ਉਕੀਲ ਨੇ ਉਸਨੂੰ ਤਾਜ ਹੋਟਲ ਵਿਚ ਸੱਦਿਆ ਜਿਥੇ ਕਲਾ ਪ੍ਰੇਮੀਆਂ ਅਤੇ ਕਲਾ ਆਲੋਚਕਾਂ ਵਾਸਤੇ 20 ਨਵੰਬਰ ਨੂੰ ਨੁਮਾਇਸ਼ ਲਾਈ। *ਸੰਡੇ ਸਟੈਂਡਰਡ* ਅਖ਼ਬਾਰ ਵਿਚ ਕਾਰਲ ਖੰਡਾਲਵਾਲਾ ਨੇ ਵਿਸਤ੍ਰਿਤ ਰਿਪੋਰਟ ਛਾਪੀ, ਜਿਸ ਵਿਚ ਲਿਖਿਆ - ਜਿਨ੍ਹਾਂ ਨੇ ਆਰਟ ਬਾਬਤ ਕੁਝ ਜਾਣਨਾ, ਸਿੱਖਣਾ ਹੈ, ਉਹ ਅੰਮ੍ਰਿਤਾ ਦੀਆਂ ਪੇਂਟਿੰਗਜ਼ ਦੇਖਣ। ਉਹ ਅਕਾਦਮੀ ਦੇ ਸਟੂਡੀਓ ਸਟਾਈਲਾਂ ਅਤੇ ਵਾਦਾਂ-ਵਿਵਾਦਾਂ ਤੋਂ ਪਾਰ ਨਿਕਲ ਗਈ ਹੈ। ਉਸਦਾ ਕੰਮ ਰਵਾਇਤ ਤੋਂ ਪਰ੍ਹੇ ਤਾਂ ਹੈ, ਪਰ ਖ਼ੁਰਦਬੀਨੀ ਕਿਸਮ ਦਾ ਨਹੀਂ।

ਉਦੋਂ ਕਿੱਤੇ ਵੱਜੋਂ ਵਕੀਲ, ਕਾਰਲ ਖੰਡਾਲਵਾਲਾ ਬਾਦ ਵਿਚ ਬੰਬਈ ਹਾਈ ਕੋਰਟ ਦਾ ਜੱਜ ਨਿਯੁਕਤ ਹੋਇਆ।

15 ਜਨਵਰੀ 1937 ਨੂੰ ਬੰਬੇ ਆਰਟ ਸੁਸਾਇਟੀ ਨੇ *ਗਰੁੱਪ ਆਫ਼ ਦੀ ਗਰਲਜ਼* ਨੂੰ ਗੋਲਡ ਮੈਡਲ ਦੇ ਕੇ ਸਨਮਾਨਿਆ। *ਟਾਈਮਜ਼ ਆਫ਼ ਇੰਡੀਆ* ਨੇ ਲਿਖਿਆ - ਸਾਫ਼ ਤੇ ਸਾਦੀ ਸ਼ੈਲੀ। ਇਸ ਤੀਖਣ ਬੁੱਧ ਜਵਾਨ ਕੁੜੀ ਦੇ ਰੰਗ ਪ੍ਰਭਾਵੀ ਹਨ ਪਰ ਭਾਰੇ ਨਹੀਂ।

ਬ੍ਰਿਟਿਸ਼ ਆਰਮੀ ਅਫ਼ਸਰਾਂ ਨੂੰ ਅਜੰਤਾ ਅਲੋਰਾ ਗੁਫ਼ਾਵਾਂ 1819 ਵਿਚ ਲੱਭੀਆਂ ਤੇ ਕਈ ਵਾਰ ਇਨ੍ਹਾਂ ਦੇ ਉਤਾਰੇ ਕਰਵਾਏ ਗਏ। ਸਾਲ 1915 ਵਿਚ ਹੈਦਰਾਬਾਦ ਸਟੇਟ ਦੇ ਪੁਰਾਖੋਜੀ ਵਿਭਾਗ ਵੱਲੋਂ ਸੱਯਦ ਅਹਿਮਦ ਰਾਹੀਂ ਨਕਲਾਂ ਤਿਆਰ ਕਰਵਾਈਆਂ। ਅੰਮ੍ਰਿਤਾ ਨੇ ਸੱਯਦ ਅਹਿਮਦ ਦੀ ਕਿਤਾਬ ਦੇਖ ਕੇ ਕਿਹਾ - ਅੱਛਾ, ਇਹ ਹੈ ਅਜੰਤਾ, ਨੀਰਸ ਤੇ ਭਾਰੀ ਪੇਂਟਿੰਗ, ਕਮਜ਼ੋਰ। ਅਹਿਮਦ ਦੀ ਪੇਂਟਿੰਗ, ਬੇਜਾਨ ਹੈ। ਜਦੋਂ ਉਸ ਨੇ ਗੁਫ਼ਾਵਾਂ ਦੇਖੀਆਂ ਤਾਂ ਇੰਦਰਾ ਭੈਣ ਨੂੰ ਲਿਖਿਆ - ਅਦਭੁਤ ਥਾਂ, ਇਹੋ ਜਿਹੀ ਖ਼ਾਮੋਸ਼ੀ ਹੋਰ ਕਿਧਰੇ ਨਹੀਂ ਦੇਖੀ। ਜਿਸਨੇ ਅਜੰਤਾ ਨਹੀਂ ਦੇਖੀ, ਉਸਨੂੰ ਕੀ ਪਤਾ ਸ਼ਾਂਤੀ ਕੀ ਹੁੰਦੀ ਹੈ। ਪੱਥਰ ਕੱਟ ਕੱਟ ਵਿਰਾਟ ਬੁੱਤ ਤ੍ਰਾਸ਼ੇ ਹੋਏ, ਅਣਗਿਣਤ ਲੜੀਆਂ, ਚਾਨਣ ਏਨਾ ਕੁ ਜਿੰਨੀ ਕੁ ਤਾਰਿਆਂ ਦੀ ਝਿਲਮਿਲ, ਤ੍ਰਾਸ਼ੇ ਪੱਥਰਾਂ ਵਿੱਚੋਂ ਸਿੰਮਦਾ ਪਾਣੀ, ਗ਼ਜ਼ਬ ਦੀ ਕਲਾ, ਗ਼ਜ਼ਬ ਦੀ ਉਦਾਸੀਨਤਾ, ਜਿਹੜੇ ਆਖਦੇ ਹਨ *ਬੰਗਾਲ ਸਕੂਲ ਆਫ਼ ਆਰਟ* ਅਜੰਤਾ ਅਲੋਰਾ ਤੋਂ ਪ੍ਰਭਾਵਿਤ ਹੈ, ਗ਼ਲਤ ਹਨ। ਅਜੰਤਾ ਗਰੀ ਹੈ ਤੇ ਬੰਗਾਲ ਛਿਲਕਾ। ਧਾਰਮਿਕ ਆਰਟ ਸਮੇਤ ਹਰ ਆਰਟ ਪੈਦਾ ਤਾਂ ਪਦਾਰਥ ਦੇ ਅਚੰਭੇ ਵਿੱਚੋਂ ਹੁੰਦਾ ਹੈ ਪਰ ਇਹ ਪਦਾਰਥ ਦੀ ਹੱਦ ਤੋਂ ਪਾਰ ਨਿਕਲ ਜਾਂਦਾ ਹੈ। ਰੰਗ ਅਤੇ ਆਕਾਰ ਦੀ ਬਰੀਕੀ ਦੀ ਥਾਹ ਅੱਖ ਦੇ ਅਨੁਭਵ ਬਗ਼ੈਰ ਕਿਵੇਂ ਪਾਈ ਜਾ ਸਕਦੀ ਹੈ ? ਹੁਣ ਮੈਂ ਸਿੱਖਣਾ ਸ਼ੁਰੂ ਕੀਤਾ ਹੈ, ਮੇਰੇ ਸਮਕਾਲੀ ਚਿੱਤਰਕਾਰ ਮੇਰੇ ਉਸਤਾਦ ਨਹੀਂ ਹੋ ਸਕਦੇ। ਅਜੰਤਾ ਗੁਫ਼ਾਵਾਂ ਦੇ ਘੜਨਹਾਰਿਆਂ ਅੱਗੇ ਸਲਾਮ। ਇਨ੍ਹਾਂ ਦਾ ਮੇਰੇ ਉਪਰ ਅਸਰ ਹੋਇਆ। ਬੇਅੰਤ ਵੱਡੇ ਚਿੱਤਰਕਾਰ ਅਸਰ-ਅੰਦਾਜ਼ ਹੋ ਜਾਣ, ਉਨ੍ਹਾਂ ਦਾ ਸਵਾਗਤ। ਜੀਵਨ ਵਿਚ ਪਹਿਲੀ ਵਾਰ ਕੁਝ ਸਿੱਖਣ ਦੀ ਲਾਲਸਾ ਪੈਦਾ ਹੋਈ। ਅਜੰਤਾ ਵਿਚ ਧੜਕਣ, ਸੂਖਮਤਾ ਅਤੇ ਖ਼ਾਮੋਸ਼ ਪਿਆਰ ਜਲਵਾਨੁਮਾ ਹੈ। ਇਥੋਂ ਸਿੱਖਣ ਵਾਸਤੇ ਸਾਮਾਨ ਮਿਲਦਾ ਹੈ।

ਸ਼ਿਮਲਾ ਆਰਟਸ ਸੋਸਾਇਟੀ ਨੇ ਉਸਨੂੰ ਸਨਮਾਨ ਦੇਣ ਦਾ ਫ਼ੈਸਲਾ ਕੀਤਾ ਤਾਂ ਅੰਮ੍ਰਿਤਾ ਨੇ ਠੁਕਰਾ ਦਿੱਤਾ। *ਦ ਹਿੰਦੂ* ਅਖ਼ਬਾਰ ਵਿਚ ਉਸਨੇ ਲੇਖ ਲਿਖ ਕੇ ਦੱਸਿਆ ਕਿ ਬੰਗਾਲੀ ਆਰਟਿਸਟ ਬੌਣੇ ਹਨ। ਜਿਹੜੇ ਹਲਕੇ ਢੰਗ ਤਰੀਕੇ ਉਹ ਦਰਸ਼ਕ ਨੂੰ ਕੀਲਣ ਲਈ ਵਰਤਦੇ ਹਨ, ਉਹ ਸਿੱਖਣੇ ਨਹੀਂ ਚਾਹੀਦੇ, ਜਿਨ੍ਹਾਂ ਨੇ ਸਿੱਖ ਲਏ ਉਨ੍ਹਾਂ ਨੂੰ ਇਸਤੇਮਾਲ ਨਹੀਂ ਕਰਨੇ ਚਾਹੀਦੇ। ਗ਼ਰੀਬਾਂ, ਮਜ਼ਦੂਰਾਂ ਅਤੇ ਮੰਗਤਿਆਂ ਦੇ ਚਿੱਤਰਾਂ ਵਿੱਚੋਂ ਆਦਮੀ ਕਿਉਂ ਗ਼ਾਇਬ ਹੈ ? ਮੈਂ ਪ੍ਰੰਪਰਾਵਾਦੀ ਭਾਰਤੀ ਔਰਤ ਨਹੀਂ ਹਾਂ, ਮੇਰਾ ਜਨਮ, ਪਰਵਰਿਸ਼ ਪੱਛਮ ਦੀ ਹੈ, ਮੇਰੇ ਚਿੱਤਰਾਂ ਵਿੱਚੋਂ ਤੁਹਾਨੂੰ ਭਾਰਤ ਦਿਸੇਗਾ। ਮੇਰਾ ਜਿਸਮ ਤੇ ਜਿਸਮਾਨੀ ਰੁਚੀਆਂ ਪੱਛਮੀ ਹੋਣ ਦੇ ਬਾਵਜੂਦ ਮੇਰੀ ਰੂਹ ਭਾਰਤੀ ਹੈ। ਤੁਹਾਨੂੰ ਭਾਰਤੀਆਂ ਨੂੰ ਕੀ ਹੋ ਗਿਆ ਹੈ ਪਤਾ ਨਹੀਂ ਲੱਗਦਾ। ਭਾਵੁਕਤਾ ਛੱਡੋ, ਅਸਲੀਅਤ ਚਿੱਤਰੋ।

ਉਸਨੇ ਆਪਣੀਆਂ ਕਮੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਲਿਖਿਆ - ਮੈਂ ਪੜ੍ਹਦੀ ਤਾਂ ਰਹੀ, ਸਿੱਖਿਆ ਕੁਝ ਨਹੀਂ। ਮੇਰੀ ਮਾਨਸਿਕ ਬਣਤਰ ਅਜੀਬ ਹੈ। ਕੋਈ ਮੇਰੇ ਖ਼ਿਆਲਾਂ ਵਿਚ ਦਖ਼ਲ ਦਏ ਮੈਂ ਬਰਦਾਸ਼ਤ ਨਹੀਂ ਕਰਦੀ। ਅਧਿਆਪਕ ਦੀ ਦਖ਼ਲ-ਅੰਦਾਜ਼ੀ ਵੀ ਨਹੀਂ। ਇਸ ਆਦਤ ਸਦਕਾ ਮੈਨੂੰ ਨੁਕਸਾਨ ਹੋਇਆ।

ਵਾਪਸੀ ਵਕਤ ਬਰਦਾ ਉਕੀਲ ਨਾਲ ਹੈਦਰਾਬਾਦ ਵਿਖੇ ਸਟੇਟ ਗੈਸਟ ਵਜੋਂ ਠਹਿਰੀ, ਉਸਨੂੰ ਨੁਮਾਇਸ਼ ਵਾਸਤੇ ਹਾਲ ਦਿੱਤਾ ਗਿਆ ਤੇ ਪੁਲਿਸ ਦਾ ਪਹਿਰਾ ਲਾਇਆ। ਇਹ ਥਾਂ ਬਨਜਾਰਾ ਹਿੱਲਜ਼ ਦੇ ਅਮੀਰ ਇਲਾਕੇ ਵਿਚ ਹੈ। ਅੱਠ ਦਸੰਬਰ 1936 ਨੂੰ ਉਦਘਾਟਨ ਮੌਕੇ ਸਰੋਜਨੀ ਨਾਇਡੂ ਪੁੱਜੀ ਤੇ ਪਹਿਲੀ ਮੁਲਾਕਾਤ ਵਿਚ ਹੀ ਦੋਵਾਂ ਵਿਚਕਾਰ ਦੋਸਤੀ ਹੋ ਗਈ। ਦੋ ਪਹਾੜੀ ਬੱਚਿਆਂ ਦੀ ਪੇਂਟਿੰਗ ਢਾਈ ਸੌ ਰੁਪਏ ਵਿਚ ਵਿਕੀ ਜੋ ਸਮੇਂ ਅਨੁਸਾਰ ਚੰਗੀ ਰਕਮ ਸੀ। ਨਾਇਡੂ ਬਾਬਤ ਲਿਖਿਆ - ਪਿਆਰੀ ਔਰਤ ਹੈ, ਖ਼ਤਰਨਾਕ ਟਿੱਪਣੀਆਂ ਦਿੰਦੀ ਹੈ, ਆਪਣੇ ਹੀ ਤਰੀਕੇ ਨਾਲ ਵਿਅੰਗ ਕਰਦੀ ਹੈ, ਕਿਸੇ ਦਾ ਲਿਹਾਜ਼ ਨਹੀਂ ਕਰਦੀ ਪਰ ਬੰਦੇ ਨੂੰ ਬੰਦਾ ਸਮਝਣ ਵਿਚ ਮਾਹਿਰ ਹੈ। ਅੰਮ੍ਰਿਤਾ ਨੇ ਆਪਣੀਆਂ ਕੁਝ ਕਿਰਤਾਂ ਭਾਰਤੀ ਆਰਟ ਗੈਲਰੀ ਵਿਚ ਰੱਖਣ ਵਾਸਤੇ ਦਿੱਤੀਆਂ ਜੋ ਨਵਾਬ ਨੂੰ ਪਸੰਦ ਨਹੀਂ ਆਈਆਂ। ਠੰਢੇ ਪਰ ਸਾਫ਼ ਲਫ਼ਜ਼ਾਂ ਵਿਚ ਨਵਾਬ ਨੇ ਕਿਹਾ - ਮੈਨੂੰ ਤੁਹਾਡੇ ਕਿਊਬਿਕ ਤਜਰਬੇ ਪਸੰਦ ਨਹੀਂ। ਦੱਖਣ ਦੇ ਹੋਰ ਮਹਿਲਾਂ ਨੇ ਵੀ ਉਸਦੀ ਕਲਾ ਨੂੰ ਸਰਾਹਿਆ ਨਹੀਂ। ਉਸਨੂੰ ਲੱਗਣ ਲੱਗ ਗਿਆ ਸੀ ਕਿ ਉਸਦੀ ਕਲਾ ਦੇ ਖ਼ਰੀਦਦਾਰ ਮਿਲ ਜਾਣਗੇ ਪਰ ਇਥੇ ਤਾਂ ਮੁਫ਼ਤ ਵਿਚ ਲੈਣ ਵਾਸਤੇ ਧਨਾਢ ਲੋਕ ਤਿਆਰ ਨਹੀਂ ਸਨ। ਹੋਰ ਪਰ੍ਹੇ ਦੱਖਣ ਦੇ ਮਦੁਰਾਇ ਅਤੇ ਰਾਮੇਸ਼ਵਰਮ ਦੇ ਮਹਾਨ ਮੰਦਰਾਂ ਦੇ ਆਰਟ ਨੇ ਮੋਹਿਤ ਨਹੀਂ ਕੀਤਾ, ਜਿਹੜੇ ਲੋਕ ਮੱਥਾ ਟੇਕਣ ਆ ਰਹੇ ਸਨ ਉਨ੍ਹਾਂ ਨੇ ਆਕਰਸ਼ਿਤ ਕੀਤਾ। ਜਨਵਰੀ 1937 ਵਿਚ ਆਪਣੀ ਭੈਣ ਨੂੰ ਖ਼ਤ ਵਿਚ ਲਿਖਿਆ - ਲੋਕਾਂ ਦੇ ਲਿਬਾਸ ਵਿਚ ਬੇਸ਼ੱਕ ਸਫ਼ੈਦ ਰੰਗ ਪ੍ਰਧਾਨ ਹੈ ਪਰ ਹੋਰ ਤਿੱਖੇ ਰੰਗਾਂ ਦੀ ਕੋਈ ਘਾਟ ਨਹੀਂ, ਖ਼ਾਸ ਕਰਕੇ ਔਰਤਾਂ ਦੇ ਪਹਿਰਾਵੇ ਵਿਚ। ਮਰਦ, ਔਰਤਾਂ, ਬੱਚੇ ਅਸਾਧਾਰਨ ਸੁੰਦਰ ਹਨ। ਔਰਤਾਂ ਚੋਲੀ ਅਤੇ ਧੋਤੀ ਪਹਿਨਦੀਆਂ ਹਨ, ਵਿਚਕਾਰਲਾ ਹਿੱਸਾ ਨੰਗਾ ਰਹਿੰਦਾ ਹੈ। ਵਾਲਾਂ ਨੂੰ ਸ਼ਿੰਗਾਰਨ ਦਾ ਤਰੀਕਾ ਗ਼ਜ਼ਬ, ਕਲਿੱਪ ਲਾਉਣ ਤੋਂ ਬਗ਼ੈਰ ਸਾਰੇ ਵਾਲ ਸੰਭਾਲੇ ਹੋਏ, ਲੰਬੇ ਲੰਬੇ। ਆਦਮੀ ਕੇਵਲ ਲੱਕ ਦੁਆਲੇ ਧੋਤੀ ਪਹਿਨਦੇ ਹਨ, ਹੋਰ ਕੁਝ ਨਹੀਂ। ਮੰਦਰ ਵਿਚ ਆਉਣ ਵੇਲੇ ਸਫ਼ੈਦ ਲਿਬਾਸ ਪ੍ਰਧਾਨ ਹੈ। ਹਿਸਾਬ ਲਾ ਜ਼ਰਾ, ਆਲੇ-ਦੁਆਲੇ ਗੂੜ੍ਹੀ ਹਰਿਆਲੀ, ਥੋਪੇ, ਕੇਲੇ ਦੇ ਲੰਮ ਸਲੰਮੇ ਰੁੱਖ, ਸਾਰੇ ਵੱਡੇ ਵੱਡੇ ਪੱਤਿਆਂ ਵਾਲੇ, ਸਾਰੇ ਉਹੋ ਦਰੱਖ਼ਤ ਜਿਹੜੇ ਅਜੰਤਾ ਦੇ ਆਰਟ ਵਿਚ ਮੌਜੂਦ ਹਨ, ਧਰਤੀ ਉਪਰ ਖਲੋਤੇ ਝੂਮ ਰਹੇ ਹਨ।

ਭਾਰਤ ਦੇ ਸਭ ਤੋਂ ਅਮੀਰ ਨਵਾਬ ਸਲਾਰਜੰਗ ਨੇ ਆਪਣਾ ਅਜਾਇਬ ਘਰ ਦਿਖਾਇਆ। ਬਾਕੀ ਲੋਕਾਂ ਨੇ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਉਸਨੇ ਅੰਮ੍ਰਿਤਾ ਦੀ ਰਾਇ ਮੰਗੀ, ਬੋਲੀ - ਅੱਛੇ ਸੁਹਜ ਸੁਆਦ ਵਾਲਾ ਬੰਦਾ ਲੇਟਨਜ਼, ਬੁਗਰਾਨਜ਼, ਵੱਤਸ ਕਿਉਂ ਖ਼ਰੀਦੇ ਜਦੋਂ ਕਿ ਸਜ਼ਾਨ, ਵਾਨ ਗਾਗ, ਗੋਗੈਂ ਮਾਰਕੀਟ ਵਿਚ ਆ ਗਏ ਹੋਣ ? ਮੈਂ ਮਾੜੇ ਨੂੰ ਵਧੀਆ ਨਹੀਂ ਕਹਿ ਸਕਦੀ ਨਿਜ਼ਾਮ ਸਾਹਿਬ।

ਇਥੋਂ ਬਰਦਾ ਉਕੀਲ ਨਾਲ ਮਦੁਰਾਇ ਅਤੇ ਰਾਮੇਸ਼ਵਰਮ ਗਈ, ਦੋ ਦਿਨ ਘੁੰਮ ਫਿਰ ਕੇ ਮੰਦਰ ਦੇਖੇ, ਲਿਖਿਆ - 1500 ਈਸਵੀ ਦੇ ਬਣੇ ਇਹ ਧਾਰਮਿਕ ਸਥਾਨ ਭਾਰਤੀ ਇਮਾਰਤ ਉਸਾਰੀ ਕਲਾ ਦਾ ਨਮੂਨਾ ਹਨ। ਮੰਦਰਾਂ ਵਿਚ ਜਾਂਦੇ ਹਜ਼ਾਰਾਂ ਯਾਤਰੂ ਹੋਰ ਵੀ ਆਕਰਸ਼ਿਤ ਕਰਦੇ ਹਨ, ਮਰਦ ਔਰਤਾਂ ਸਫ਼ੈਦ ਲਿਬਾਸ ਵਿਚ। ਦੱਖਣ ਦੇਖ ਲੈਣ ਤੋਂ ਬਾਦ ਕੋਈ ਸ਼ਿਮਲੇ ਜਾਂ ਉੱਤਰੀ ਭਾਰਤ ਵਿਚ ਕਿਵੇਂ ਰਹਿ ਸਕਦਾ ਹੈ ? ਦੱਖਣ ਵਿਚ ਯੋਰਪੀਅਨ ਨਹੀਂ ਹਨ, ਚੰਗਾ ਹੋਇਆ, ਹਲਕੀ ਸਭਿਅਤਾ ਦਾ ਦਿਖਾਵਾ ਇਧਰ ਨਹੀਂ ਆਇਆ, ਭੈੜੇ ਪ੍ਰਿੰਟ ਅਤੇ ਭੈੜੇ ਬੂਟ, ਸੈਂਡਲ ਨਹੀਂ। ਹੱਥੀਂ ਕਢਾਈ ਕੀਤੀਆਂ ਗ਼ਜ਼ਬ ਦੀਆਂ ਦੇਸੀ

ਸਾੜ੍ਹੀਆਂ, ਦੇਸੀ ਜੁੱਤੀਆਂ। ਇਨ੍ਹਾਂ ਦਾ ਕੱਥਾਕਲੀ ਡਾਂਸ ਦੇਖੋ, ਇੱਕੋ ਵਕਤ ਸੂਖਮ ਅਤੇ ਤਾਕਤਵਰ।

ਦੱਖਣ ਦੇ ਦੌਰੇ ਪਿੱਛੋਂ ਉਸਦੀਆਂ ਪੇਂਟਿੰਗਾਂ ਵਿਚ ਹਰਾ ਰੰਗ ਵਧੀਕ ਹੋ ਗਿਆ, ਪਾਮ ਦੇ ਪੱਤੇ ਦਿਖਾਈ ਦੇਣ ਲੱਗੇ। ਪਦਮਨਾਭਪੁਰਮ ਮਹਿਲ, ਮੱਤਨਚੇਰੀ ਮਹਿਲ, ਕੋਚੀਨ ਦਾ ਕਿਲ੍ਹਾ ਦੇਖੇ। ਇਨ੍ਹਾਂ ਥਾਵਾਂ ਦੇ ਆਰਟ ਦਾ ਵਧੀਕ ਲੋਕਾਂ ਨੂੰ ਉਦੋਂ ਪਤਾ ਨਹੀਂ ਸੀ। ਕੰਨਿਆ ਕੁਮਾਰੀ ਤੱਕ ਪੁੱਜੀ। ਗਾਂਧੀ ਜੀ ਦੀਆਂ ਪ੍ਰਾਰਥਨਾ ਸਭਾਵਾਂ ਵਿਚ ਲੋਕਾਂ ਦੀ ਵੱਡੀ ਗਿਣਤੀ ਅਤੇ ਉਤਸ਼ਾਹ ਦੇਖਿਆ, ਇਕ ਪ੍ਰਾਰਥਨਾ ਸਭਾ ਦੀ ਪੇਂਟਿੰਗ ਤਿਆਰ ਕੀਤੀ। ਇਥੇ ਉਸਦੀ ਕਿਰਤ ਕੇਲੇ ਵੇਚਣ ਵਾਲੇ ਬਣੀ ਤੇ ਮਕਬੂਲ ਹੋਈ। ਗੁਲਾਬੀ ਜ਼ਮੀਨ ਉਪਰ ਗੋਲ ਚਿਹਰਿਆਂ ਵਾਲੇ ਦੱਖਣੀ ਭਾਰਤੀ ਸੁਹਣੇ ਚਿੱਤਰੇ ਹਨ। ਪਿਛੋਕੜ ਕੇਲੇ ਦੇ ਦਰੱਖ਼ਤਾਂ ਦਾ, ਕੇਲੇ ਦੇ ਲਾਲ ਫੁੱਲਾਂ ਦੀ ਭਾਅ ਨਾਲ ਰੰਗੀ ਧਰਤੀ, ਕੇਲੇ ਦੇ ਨਰਮ ਹਰੇ ਪੱਤਿਆਂ ਦੀ ਭਾਅ ਵਿਚ ਰੰਗੇ ਕੇਲੇ ਦੇ ਫਲ, ਵੇਚਣ ਵਾਲੀਆਂ ਔਰਤਾਂ, ਖ਼ਰੀਦਾਰ ਗਾਹਕ, ਰੰਗਾਂ ਦਾ ਸੰਪੂਰਨ ਮੇਲਾ ਪਰ ਇਕ ਯੂਨਿਟ ਦੇ ਰੂਪ ਵਿਚ। ਜਿਸਮ ਪੱਕੇ ਕਣਕਵੰਨੇ ਰੰਗਾਂ ਦੇ, ਗਾਹਕਾਂ ਦੀ ਉਡੀਕ ਵਿਚ ਸਫ਼ੈਦ ਅੱਖਾਂ ਵਿਛਾਈ ਇਉਂ ਬੈਠੀਆਂ ਹਨ ਜਿਵੇਂ ਕਿਸੇ ਕਰਾਮਾਤ ਦੀ ਉਡੀਕ ਹੋ ਰਹੀ ਹੋਵੇ। ਆਮ ਨੂੰ ਖ਼ਾਸ ਬਣਾ ਦੇਣ ਦਾ ਹੁਨਰ ਪੈਦਾ ਹੋ ਚੁੱਕਾ ਹੈ। ਹੱਥ ਵਿਚ ਕੇਵਲ ਇਕ ਫੁੱਲ ਫੜ ਕੇ ਖਲੋਤੀ ਕੁੜੀ ਵਿਸਮਾਦਿਤ ਕਰ ਸਕਦੀ ਹੈ।

ਕੋਚੀਨ ਤੋਂ ਇੰਦਰਾ ਨੂੰ ਲਿਖਿਆ - ਸਵੇਰ ਤੋਂ ਸ਼ਾਮ ਤੱਕ ਉਜੜੇ ਮਹਿਲ ਵਿਚ ਸਮਾਂ ਬਿਤਾਉਂਦੀ ਹਾਂ। ਕੁਝ ਅਜਿਹੀਆਂ ਗ਼ਜ਼ਬ ਦੀਆਂ ਪੇਂਟਿੰਗਜ਼ ਹਨ ਜਿਨ੍ਹਾਂ ਉਪਰ ਅਜੇ ਕਿਸੇ ਦੀ ਨਿਗਾਹ ਨਹੀਂ ਪਈ। ਸੰਭਾਲ ਦੀ ਘਾਟ ਕਾਰਨ ਖ਼ਰਾਬ ਹੋ ਰਹੀਆਂ ਹਨ। ਅਸ਼ਲੀਲ ਕਹਿ ਕੇ ਵੀ ਇਨ੍ਹਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਪਸ਼ੂ ਪੰਛੀ ਕਾਮ ਕ੍ਰੀੜਾ ਕਰਦੇ ਚਿੱਤਰੇ ਹਨ। ਆਦਮੀ ਔਰਤਾਂ ਦੇ ਪ੍ਰੇਮ ਚਿੱਤਰ ਹਨ, ਕਾਮ ਕ੍ਰੀੜਾ ਨਹੀਂ। ਆਦਮ-ਕੱਦ ਚਿੱਤਰ ਵੀ ਹਨ, ਛੋਟੇ ਵੀ। ਪੂਰੀਆਂ ਕੰਧਾਂ ਪੇਂਟ ਕੀਤੀਆਂ ਹੋਈਆਂ, ਜਿਵੇਂ ਵੱਡੀਆਂ ਵੱਡੀਆਂ ਦਰੀਆਂ ਕੰਧਾਂ ਉਪਰ ਚਿਪਕਾਈਆਂ ਹੋਣ।

- ਗੁੰਝਲਦਾਰ ਡਿਜ਼ਾਈਨ ਹਨ ਪਰ ਚਿਹਰੇ ਪੂਰੇ ਸਾਦੇ, ਆਦਿਵਾਸੀ, ਇਨ੍ਹਾਂ ਦੀ ਮਹਾਨਤਾ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਤੁਸੀਂ ਇਨ੍ਹਾਂ ਦੀ ਨਕਲ ਕਰ ਰਹੇ ਹੋਵੋ। ਮੈਂ ਤਿੰਨ ਦਿਨਾਂ ਤੋਂ ਇਹੀ ਕਰ ਰਹੀ ਹਾਂ। ਇਨ੍ਹਾਂ ਲੋਕਾਂ ਨੂੰ ਆਕਾਰਾਂ ਦੀ, ਬਣਤਰ ਦੀ ਕਿੰਨੀ ਡੂੰਘੀ ਸਮਝ ਸੀ। ਅਜੰਤਾ ਦੇ ਚਿੱਤਰਾਂ ਵਿਚ ਜਿਸਮ ਪਤਲੇ ਹਨ, ਪਰ ਇਨ੍ਹਾਂ ਦੇ ਜਿਸਮ ਸੁਡੌਲ, ਗਦਰਾਏ, ਭਾਰੇ। ਪੇਂਟਿੰਗ ਅਜੰਤਾ ਦੀ ਵਧੀਆ ਹੈ ਪਰ ਬੁੱਤਤ੍ਰਾਸ਼ੀ ਕੋਚੀਨ ਦੀ ਉੱਤਮ। ਹਰ ਅੰਗ, ਹਰ ਗਹਿਣਾ ਸੰਪੂਰਨ। ਜੇ ਧਿਆਨ ਨਾ ਦਿੱਤਾ ਗਿਆ, ਸਭ ਖ਼ਤਮ ਹੋ ਜਾਏਗਾ। ਇਨ੍ਹਾਂ ਦੀਆਂ ਤਾਂ ਫੋਟੋਆਂ ਤਕ ਨਹੀਂ ਲਈਆਂ ਗਈਆਂ।

ਵਾਪਸ ਸ਼ਿਮਲੇ ਆ ਕੇ ਉਸਨੇ ਨਵੀਂ ਤਾਕਤ ਅਤੇ ਨਵੇਂ ਅਨੁਭਵ ਨਾਲ ਚਿੱਤਰਕਾਰੀ ਸ਼ੁਰੂ ਕਰ ਦਿੱਤੀ। ਦੱਖਣ ਅਤੇ ਬੰਬਈ ਤੋਂ ਉਹ ਸੈਂਕੜੇ ਰੰਗ ਬਰੰਗੀਆਂ ਸਾੜ੍ਹੀਆਂ ਖ਼ਰੀਦ ਕੇ ਲਿਆਈ ਸੀ। ਆਪਣੇ ਪਹਾੜੀਏ, ਪਹਾੜਨਾਂ ਨੌਕਰਾਂ ਨੂੰ ਪਹਿਨਾ ਕੇ ਮਾਡਲਾਂ ਵਜੋਂ ਬਿਠਾ ਲੈਂਦੀ। ਸਾਲ 1937 ਵਿਚ ਉਸਨੇ ਬਹੁਤ ਕੰਮ ਕੀਤਾ। ਇਨ੍ਹਾਂ ਦਿਨਾਂ ਵਿਚ ਵਾਨ ਗਾਗ ਵਲੋਂ ਆਪਣੇ ਭਰਾ ਥੀਓ ਨੂੰ ਲਿਖੇ ਖ਼ਤ ਪੜ੍ਹੇ, ਕਾਰਲ ਨੂੰ ਲਿਖਿਆ - ਕੀ ਉਸਦੀ ਉਹ ਤਸਵੀਰ ਦੇਖੀ ਹੈ ਜਿਸ ਵਿਚ ਖੇਤ ਉਪਰ ਉੱਡਦੇ ਕਾਂ ਚਿੱਤਰੇ ਹਨ ? ਇਹ ਤਸਵੀਰ ਮੇਰੇ ਅੰਦਰ ਹਿੰਸਕ ਭਾਵਨਾ ਪੈਦਾ ਕਰਦੀ ਹੈ, ਆਤਮਿਕ ਬੇਚੈਨੀ। ਮੈਨੂੰ ਗੋਗੈਂ

ਵਧੀਕ ਪ੍ਰਭਾਵਿਤ ਕਰਦਾ ਰਿਹਾ, ਹੁਣ ਲੱਗਦੈ ਕਿ ਵਾਨ ਗਾਗ ਵੱਡਾ ਹੈ। ਥੀਓ ਨੂੰ ਲਿਖੇ ਖ਼ਤ ਕਿੰਨੇ ਸ਼ਾਨਦਾਰ ਹਨ। ਉਸਦਾ ਚਰਿਤ੍ਰ ਉਸ ਦੀਆਂ ਕ੍ਰਿਤਾਂ ਵਿਚ ਸਾਫ਼ ਦਿੱਸ ਰਿਹੈ। ਵਾਨ ਗਾਗ ਅਸਾਧਾਰਨ ਤੋਂ ਵੀ ਕੁਝ ਵਧੀਕ ਹੈ।

ਦੁਲਹਨ ਦਾ *ਸ਼ਿੰਗਾਰ* ਅਤੇ *ਬ੍ਰਹਮਚਾਰੀ* ਕ੍ਰਿਤਾਂ ਉਪਰ ਦੱਖਣੀ ਭਾਰਤ ਅਤੇ ਵਾਨ ਗਾਗ ਦੋਵਾਂ ਦਾ ਪ੍ਰਭਾਵ ਦਿੱਸਦਾ ਹੈ, ਗੇਰੂਏ ਰੰਗ ਦੀ ਧਰਤੀ, ਦਿਨ ਢਲੇ ਦੀ ਚੁੰਧਿਆਉਂਦੀ ਧੁੱਪ ਵਰਗੇ ਚਿੱਟੇ ਲਿਬਾਸ।

ਉਮਰਾਉ ਸਿੰਘ ਅਨੁਸਾਰ - ਭਾਰਤ ਵਾਪਸ ਆ ਕੇ ਅਸੀਂ ਆਪਣੀ ਪੁਰਾਣੀ ਹਵੇਲੀ ਵਿਚ ਪੁੱਜੇ ਜਿਸ ਦੀਆਂ ਕੰਧਾਂ ਇਕ ਸਦੀ ਪਹਿਲਾਂ ਦੇ ਚਿੱਤਰਾਂ ਨਾਲ ਸੱਜੀਆਂ ਹੋਈਆਂ ਸਨ। ਅੰਮ੍ਰਿਤਾ ਨੇ ਕਿਹਾ - ਬਚਪਨ ਵਿਚ ਮੈਨੂੰ ਇਹ ਕੰਧ ਚਿੱਤਰ ਚੰਗੇ ਲੱਗਦੇ ਹੁੰਦੇ ਸਨ, ਉਦੋਂ ਮੈਂ ਅਕਾਦਮਿਕ ਡ੍ਰਾਇੰਗ ਨਾ ਜਾਣਨ ਸਦਕਾ ਇਨ੍ਹਾਂ ਦੀ ਬਣਤਰ ਦੇ ਨੁਕਸ ਨਹੀਂ ਜਾਣਦੀ ਸਾਂ। ਹੁਣ ਉਹ ਇਨ੍ਹਾਂ ਦੀ ਨਕਲ ਉਤਾਰਨ ਲਈ ਤਿਆਰ ਨਹੀਂ ਹੋਈ। ਅੰਮ੍ਰਿਤਾ ਨੇ ਇਕ ਦਿਨ ਦੱਸਿਆ ਕਿ ਅਜੰਤਾ ਦੀ ਇਕ ਪੇਂਟਿੰਗ ਸਾਹਮਣੇ ਉਹ ਘੰਟਾ ਭਰ ਖਲੋਤੀ ਰਹੀ। ਕਿਸੇ ਨੇ ਪੁੱਛ ਲਿਆ - ਇਸ ਵਿਚ ਕੀ ਵਧੀਆ ਹੈ ? ਉੱਤਰ ਦਿੱਤਾ - ਪੈਰਾਂ ਦਾ ਇਕ ਜੋੜਾ ਇਸ ਪੇਂਟਿੰਗ ਵਿੱਚੋਂ ਨਿਕਲ ਕੇ ਬਾਹਰ ਤੁਰਦਾ ਜਾਂਦਾ ਦਿਖਾਈ ਦਿੰਦਾ ਹੈ।

ਦਿਨ-ਬ-ਦਿਨ ਉਸਦੀ ਲੋਕਪ੍ਰਿਅਤਾ ਵਧਦੀ ਗਈ। ਨੁਮਾਇਸ਼-ਦਰ-ਨੁਮਾਇਸ਼ ਲੱਗਦੀ। ਆਧੁਨਿਕ ਚਿੱਤਰਾਂ ਨੂੰ ਖ਼ਰੀਦਣ ਲਈ ਅਜੇ ਲੋਕ ਤਿਆਰ ਨਹੀਂ ਸਨ। ਅਮੀਰਾਂ ਨੂੰ ਸਮਝ ਨਹੀਂ ਸੀ, ਸਮਝਦਾਰਾਂ ਕੋਲ ਪੈਸੇ ਨਹੀਂ ਸਨ। ਅੰਮ੍ਰਿਤਾ ਏਸ ਗੱਲੋਂ ਸੰਤੁਸ਼ਟ ਸੀ ਕਿ ਉਸਦੀ ਕਲਾ ਨੂੰ ਰਬਿੰਦਰਨਾਥ ਟੈਗੋਰ ਅਤੇ ਜੈਮਿਨੀ ਰੋਇ ਦੇ ਬਰਾਬਰ ਜਾਣਿਆ ਜਾ ਰਿਹਾ ਹੈ। ਖ਼ੁਦ ਨੂੰ ਵੀ ਉਸਨੂੰ ਇਹੋ ਦੋ ਚੰਗੇ ਲੱਗਦੇ ਸਨ।

ਦੱਖਣ ਤੋਂ ਵਾਪਸੀ ਵੇਲੇ ਬਰਦਾ ਉਕੀਲ ਨਾਲ ਕੁਝ ਦਿਨ ਅਲਾਹਬਾਦ ਰਹੀ। ਅਲਾਹਬਾਦ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਆਰ.ਸੀ. ਟੰਡਨ ਅਤੇ ਅਮਰਨਾਥ ਝਾਅ, ਡੀਨ ਆਰਟ ਫੈਕਲਟੀ ਨੇ *ਰੋਰਿਖ ਇੰਸਟੀਚਿਊਟ ਆਫ ਆਰਟ ਐਂਡ ਕਲਚਰ* ਵਿਚ ਅੰਮ੍ਰਿਤਾ ਦੀ ਨੁਮਾਇਸ਼ ਦਾ ਪ੍ਰਬੰਧ ਕੀਤਾ। 2 ਫ਼ਰਵਰੀ, 1937 ਦੀ ਇਸ ਨੁਮਾਇਸ਼ ਬਾਰੇ ਇੰਦਰਾ ਨੂੰ ਲਿਖਿਆ, ਵੱਡੇ ਹਾਲ ਵਿਚ ਪੰਜ ਸੌ ਬੰਦੇ ਬੈਠੇ, ਉੱਚੇ ਮੰਚ ਉਪਰ ਮੈਂ, ਸਾਰੀਆਂ ਨਜ਼ਰਾਂ ਦਾ ਕੇਂਦਰ। ਮੈਂ ਬਿਲਕੁਲ ਮੂਰਖ ਲੱਗ ਰਹੀ ਸਾਂ। ਪ੍ਰੋ. ਝਾਅ ਨੇ ਮੇਰੇ ਆਰਟ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਦਿੱਤੇ। ਮੈਂ ਭੀੜ ਦਾ ਇਕ ਹਿੱਸਾ ਬਣ ਕੇ ਆਰਾਮ ਵਿਚ ਰਹਿੰਦੀ ਹਾਂ। ਇੰਨੇ ਲੋਕ ਤੁਹਾਡੇ ਵੱਲ ਦੇਖੀ ਜਾਣ, ਮੂਰਖ ਤਾਂ ਲੱਗਣਾ ਹੀ ਹੋਇਆ। ਦੋ ਤਿੰਨ ਵਾਰ ਮੈਂ ਉਨ੍ਹਾਂ ਮੌਕਿਆਂ 'ਤੇ ਉੱਚੀ ਉੱਚੀ ਹੱਸ ਪਈ ਜਿਥੇ ਹੱਸਣਾ ਨਹੀਂ ਚਾਹੀਦਾ ਸੀ। ਉਹ ਮੇਰੀਆਂ ਕ੍ਰਿਤਾਂ ਵਿਚਲੇ ਦੁਖਾਂਤ, ਸੰਕਟ, ਉਦਾਸ ਸ਼ੈਲੀ ਆਦਿਕ ਬਾਰੇ ਦੱਸ ਰਿਹਾ ਸੀ ਜੋ ਮੇਰੀਆਂ ਕ੍ਰਿਤਾਂ ਦੀ ਪਿੱਠਭੂਮੀ ਵਿਚ ਹਨ। ਡੀਨ ਲੰਮਾ ਸਮਾਂ ਮੇਰੇ ਚਿੱਤਰ *ਨਿੱਕਾ-ਅਛੂਤ* ਉਪਰ ਬੋਲ ਬੋਲ ਆਖਦਾ ਰਿਹਾ ਕਿ ਇਸ ਪੇਂਟਿੰਗ ਦਾ ਹਰੇਕ ਹਿੱਸਾ ਬਰੀਕੀ ਨਾਲ ਦੇਖਣਾ। ਇਹ ਚਿੱਤਰ ਇਥੇ ਨੁਮਾਇਸ਼ ਵਿਚ ਹੈ ਈ ਨਹੀਂ ਸੀ।

ਆਟੋਗ੍ਰਾਫ ਲਏ ਗਏ, ਪ੍ਰੈਸ ਨੇ ਇੰਟਰਵਿਊ ਲਈ, ਅੰਮ੍ਰਿਤਾ ਇਸ ਨਤੀਜੇ 'ਤੇ ਪੁੱਜੀ ਕਿ ਉਸ ਦੀ ਕਲਾ ਬਾਰੇ ਕਿਸੇ ਨੂੰ ਊੜੇ ਆੜੇ ਦਾ ਪਤਾ ਨਹੀਂ, ਕੋਈ ਇਸ ਗੱਲੋਂ ਪ੍ਰਸੰਸਾ ਕਰ ਰਿਹਾ ਸੀ ਕਿ ਅੰਮ੍ਰਿਤਾ ਨੇ ਭਾਰਤ ਦੀ ਗ਼ਰੀਬੀ, ਲਾਚਾਰੀ ਦਾ ਬਾਖ਼ੂਬ ਸੌਂਦਰਯ ਪੇਸ਼

ਕੀਤਾ ਹੈ, ਕੁਝ ਕਹਿ ਰਹੇ ਸਨ ਕਿ ਇਨ੍ਹਾਂ ਚੀਜ਼ਾਂ ਤੋਂ ਬਿਨਾਂ ਉਸਨੂੰ ਕੁਝ ਵਧੀਆ ਚੀਜ਼ਾਂ ਕਿਉਂ ਨਹੀਂ ਦਿਸਦੀਆਂ ?

ਅਲਾਹਬਾਦ ਤੋਂ ਉਸਦੀ ਕਲਾ ਦੇ ਪ੍ਰੇਮੀ ਦਾ ਖ਼ਤ ਆਇਆ - ਕਈ ਮਹੀਨੇ ਪਹਿਲਾਂ ਤੁਹਾਡੇ ਬਾਰੇ *ਇਲੱਸਟਰੇਟਡ ਵੀਕਲੀ* ਵਿਚ ਪੜ੍ਹਿਆ ਸੀ, ਹੁਣ ਬਰਦਾ ਉਕੀਲ ਅਤੇ ਈਲਾ ਸੇਨ ਦੀਆਂ ਤੁਹਾਡੇ ਬਾਰੇ ਲਿਖਤਾਂ ਪੜ੍ਹੀਆਂ ਹਨ। ਮੇਰੀ ਇੱਛਾ ਹੈ ਮੈਂ ਹਿੰਦੀ ਜਗਤ ਨੂੰ ਤੁਹਾਡੇ ਬਾਰੇ ਜਾਣੂ ਕਰਵਾਵਾਂ। ਕਿਰਪਾ ਕਰਕੇ ਮੇਰੀ ਮਦਦ ਕਰੋ। ਜਿਹੜੇ ਤੁਹਾਡੀਆਂ ਕ੍ਰਿਤਾਂ ਨੂੰ ਭੱਦੀਆਂ ਕਹਿੰਦੇ ਹਨ, ਮੈਂ ਉਨ੍ਹਾਂ ਨਾਲ ਸਹਿਮਤ ਨਹੀਂ। ਪਰ ਮੈਂ ਹੈਰਾਨ ਹਾਂ ਕਿ ਤੁਸੀਂ ਅਜਿਹੇ ਸੰਕਟ ਦਾ ਵਾਤਾਵਰਣ ਕਿਉਂ ਪੈਦਾ ਕਰਦੇ ਹੋ ਜਿਸ ਵਿੱਚੋਂ ਨਿਕਲਣ ਦੀ ਕੋਈ ਸੰਭਾਵਨਾ ਨਹੀਂ। ਤੁਹਾਡੀ ਜਿਹੜੀ ਮਰਜ਼ੀ ਪੇਂਟਿੰਗ ਦੇਖ ਲਵਾਂ, ਮੈਨੂੰ ਡੋਬ ਪੈਣ ਲੱਗ ਜਾਂਦਾ ਹੈ।

ਜਿਸ ਕਿਤਾਬਿਸਤਾਨ ਪਬਲਿਸ਼ਿੰਗ ਹਾਊਸ ਨੇ ਜਵਾਹਰਲਾਲ ਨਹਿਰੂ ਤੋਂ *ਗਲਿੰਪਸਿਜ਼ ਆਫ਼ ਵਰਲਡ ਹਿਸਟਰੀ* ਲਿਖਵਾਈ, ਉਸਨੇ ਅੰਮ੍ਰਿਤਾ ਨੂੰ ਕਿਹਾ ਕਿ ਆਧੁਨਿਕ ਭਾਰਤੀ ਕਲਾ ਬਾਰੇ ਕਿਤਾਬ ਲਿਖੋ, ਉਸਨੇ ਕਿਹਾ - ਲਿਖਣੀ ਚਾਹੁੰਦੀ ਹਾਂ, ਸੱਚੋ ਸੱਚ ਲਿਖ ਦਿੱਤਾ, ਤਾਂ ਲੋਕ ਕਿਤਾਬ ਦੇ ਟੁਕੜੇ ਕਰ ਕੇ ਖਿਲਾਰ ਦੇਣਗੇ।

1937 ਵਿਚ ਅੰਮ੍ਰਿਤਾ ਦੇ ਕੁਝ ਨਵੇਂ ਦੋਸਤ ਬਣੇ। ਮੁਜ਼ੱਫ਼ਰ ਅਲੀ ਖ਼ਾਂ ਕਿਜ਼ਲਬਾਸ਼ ਅਤੇ ਜਮੀਲ ਅਸਗਰ, ਦੋਵੇਂ ਵਕੀਲ, ਵੰਡ ਸਮੇਂ ਪਾਕਿਸਤਾਨ ਚਲੇ ਗਏ। ਮੁਜ਼ੱਫ਼ਰ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਬਣਿਆ ਤੇ ਜਮੀਲ ਲਾਹੌਰ ਹਾਈਕੋਰਟ ਦਾ ਜੱਜ। ਚਮਨਲਾਲ ਦੀ ਅੰਗਰੇਜ਼ ਪਤਨੀ ਹੈਲਨ ਨਾਲ ਦੋਸਤੀ ਹੋਈ। ਹੈਲਨ ਉਸ ਦੀ ਕਲਾ ਦੀ ਪ੍ਰਸੰਸਕ ਰਹੀ। ਹੈਲਨ ਬਾਰੇ ਇੰਦਰਾ ਨੂੰ ਲਿਖਿਆ - ਨਕਲੀ ਅਤੇ ਅਸਲੀ ਆਰਟ ਦੀ ਉਸਦੀ ਪਛਾਣ ਹੈਰਾਨੀਕੁੰਨ ਹੈ। ਉਹ ਸੁੰਦਰਤਾ ਦੀ ਤਲਾਸ਼ ਵਿਚ ਹੈ। ਉਸਦੀ ਡੂੰਘੀ ਸੂਝ ਕਰਾਮਾਤ ਵਰਗੀ ਹੈ। ਉਹ ਕੋਈ ਕਲਾਪਾਰਖੂ ਅਕਾਦਮੀਸ਼ੀਅਨ ਨਹੀਂ, ਪਰ ਵਾਨ ਗਾਗ ਦੇ ਵਡਿੱਤਣ ਨੂੰ ਸਮਝਦੀ ਹੈ, ਦੇਗਾ ਦੀ ਸੂਖਮਤਾ ਪਛਾਣਦੀ ਹੈ, ਬਾਖ ਦੀਆਂ ਸੁਰਾਂ ਦੀ ਪਛਾਣ ਹੈ। ਬੀਥੋਵਨ, ਦਾਸਤੋਵਸਕੀ, ਚੈਖਵ ਦੇ ਸੰਸਾਰ ਵਿਚ ਪੁੱਜ ਜਾਂਦੀ ਹੈ। ਉਹ ਅਜੂਬਾ ਹੈ ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਵੱਡੇ ਚਿੱਤਰਾਂ ਦੀ ਥਾਂ ਹੁਣ ਉਹ ਮੀਨੀਏਚਰ ਕਰਨ ਲੱਗੀ। ਅਕਤੂਬਰ 1937 ਵਿਚ ਇੰਦਰਾ ਦਾ ਵਿਆਹ ਕੇ.ਵੀ.ਕੇ. ਸੁੰਦਰਮ ਨਾਲ ਹੋਇਆ। ਇਹ ਆਈ.ਸੀ.ਐਸ. ਅਫ਼ਸਰ ਆਜ਼ਾਦ ਭਾਰਤ ਦਾ ਪਹਿਲਾ ਮੁੱਖ ਚੋਣ ਕਮਿਸ਼ਨਰ ਨਿਯੁਕਤ ਹੋਇਆ। ਘਰ ਵਿਚਲੀ ਵਿਆਹ ਦੀ ਚਹਿਲ-ਪਹਿਲ ਨੇ ਅੰਮ੍ਰਿਤਾ ਦਾ ਕੰਮ ਰੋਕ ਦਿੱਤਾ।

ਥਾਂ ਥਾਂ ਤੋਂ ਡਿਨਰ ਦੇ ਸੱਦੇ ਆਉਂਦੇ ਪਰ ਇਨਕਾਰ ਕਰ ਦਿੰਦੀ। ਸਤੰਬਰ 1937, ਕਾਰਲ ਨੂੰ ਲਿਖਿਆ - ਤੁਸੀਂ ਠੀਕ ਕਿਹਾ, ਮੈਂ ਆਪਣੇ ਸੰਸਾਰ ਵਿਚ ਖੋਈ ਰਹਿੰਦੀ ਹਾਂ, ਇਸ ਵਿਚ ਏਨਾ ਮੇਰਾ ਨਹੀਂ ਜਿੰਨਾ ਮੇਰੇ ਆਲੇ-ਦੁਆਲੇ ਦਾ ਕਸੂਰ ਹੈ। ਜੇ ਤੁਸੀਂ ਸ਼ਿਮਲੇ ਵਿਚ ਰਹਿੰਦੇ ਦੁਪਾਇਆ ਨੂੰ ਜਾਣਦੇ ਹੁੰਦੇ, ਮੈਂ ਦੋਸ਼ੀ ਸਾਬਤ ਨਾ ਹੁੰਦੀ। ਦਰਮਿਆਨੇ ਦਰਜੇ ਦੇ ਖ਼ਿਆਲਾਂ ਨਾਲ ਉਲਝਣ ਦੀ ਥਾਂ ਕਿਨਾਰਾ-ਕਸ਼ੀ ਕਰ ਲਉ। ਮੈਂ ਆਪਣਾ ਇਕ ਪਿਆਰਾ, ਮਿੱਠਾ ਜਿਹਾ ਸ੍ਵੈ-ਚਿੱਤਰ ਬਣਾਇਆ ਹੈ, ਦੇਖ ਕੇ ਮੂੰਹ ਵਿਚ ਪਾਣੀ ਭਰ ਜਾਏ। ਭਵਿੱਖ ਦੇ ਮਾਡਲਾਂ ਵਾਸਤੇ ਬੁਰਕੀ ਹੈ ਇਹ ਇਕ।

ਉਸਨੇ ਤੀਹ ਪੇਂਟਿੰਗਜ਼ ਨਾਲ ਲਾਹੌਰ ਨੁਮਾਇਸ਼ ਲਾਉਣ ਦਾ ਫ਼ੈਸਲਾ ਕੀਤਾ।

21 ਨਵੰਬਰ, 1937 ਨੂੰ ਕਲਾ-ਪ੍ਰੇਮੀ ਅੰਮ੍ਰਿਤਾ ਦਾ ਕੰਮ ਦੇਖਣ ਆਏ। ਸੁਨਹਿਰੀ ਗੋਟੇ ਨਾਲ ਮੜ੍ਹੀ ਸਾੜ੍ਹੀ ਅਤੇ ਤਿੱਬਤੀ ਜ਼ੇਵਰ ਪਹਿਨੀ ਅੰਮ੍ਰਿਤਾ ਸਵਾਗਤ ਕਰਨ ਲਈ ਦਰਵਾਜ਼ੇ 'ਤੇ ਖਲੋਤੀ। ਪੰਜਾਬ ਸਰਕਾਰ ਦੇ ਵਿੱਤ ਮੰਤਰੀ ਮਨੋਹਰ ਲਾਲ ਨੇ ਉਦਘਾਟਨ ਕੀਤਾ। ਸਟੇਜ ਤੋਂ ਜਦੋਂ ਉਹ ਅੰਮ੍ਰਿਤਾ ਦੀ ਕਲਾ ਦੀ ਪ੍ਰਸੰਸਾ ਕਰਨ ਲੱਗਾ, ਉਹ ਨੀਵੀਂ ਪਾਈ ਪੱਲੇ ਨਾਲ ਮੂੰਹ ਢੱਕੀ ਹੱਸਦੀ ਰਹੀ। ਜਿਹੜਾ ਆਪਣਾ ਸ੍ਵੈ-ਚਿੱਤਰ ਉਸਨੂੰ ਸਭ ਤੋਂ ਘਟੀਆ ਲੱਗਦਾ ਸੀ ਕਿਉਂਕਿ ਹੂਬਹੂ ਅੰਮ੍ਰਿਤਾ ਵਰਗਾ ਸੀ, ਉਸੇ ਦੀ ਪ੍ਰਸੰਸਾ ਸਭ ਤੋਂ ਵਧੀਕ ਹੋਈ। ਨਿੰਦਕ ਅਤੇ ਪ੍ਰਸੰਸਕ, ਸਭ ਤਰ੍ਹਾਂ ਦੇ ਲੋਕ ਆਏ, ਲਾਹੌਰ ਨੇ ਇਸਦਾ ਨੋਟਿਸ ਲਿਆ।

ਸਭ ਤੋਂ ਗੰਭੀਰ ਆਲੋਚਨਾ ਚਾਰਲਸ ਫੇਬਰੀ, *ਸਿਵਿਲ ਐਂਡ ਮਿਲਟਰੀ ਗਜ਼ਟ* ਦੇ ਕਲਾ ਪਾਰਖੂ ਨੇ ਕੀਤੀ, ਉਸਨੇ ਕਿਹਾ - ਅੱਖਾਂ ਲਈ ਇਹ ਰੰਗ ਬਰੰਗੀ ਠੀਕ ਦਾਅਵਤ ਸੀ। ਉਸਨੂੰ ਸ਼ਾਨਦਾਰ ਤਾਂ ਨਹੀਂ ਕਹਿ ਸਕਦੇ, ਹੈ ਯਕੀਨਨ ਆਧੁਨਿਕ ਆਰਟਿਸਟ। ਮਹੱਤਵਪੂਰਨ ਤੱਤਾਂ ਨੂੰ ਸਾਧਾਰਨ ਢੰਗ ਨਾਲ ਪੇਸ਼ ਕਰਨ ਵਿਚ ਉਹ ਮਾਹਿਰ ਹੈ ਬੇਸ਼ਕ ਕਿਤੇ ਕਿਤੇ ਲੋੜ ਤੋਂ ਵਧੀਕ ਸਜਾਵਟ ਹੈ।

ਫੇਬਰੀ ਵੀ ਹੰਗੇਰੀਅਨ ਸੀ ਤੇ ਲਾਹੌਰ ਮਿਊਜ਼ਿਅਮ ਦਾ ਕਿਊਰੇਟਰ, ਪੁਰਾਖੋਜੀ, ਵਿਦਵਾਨ। ਜਿਵੇਂ ਬੰਬਈ ਵਿਚ ਕਾਰਲ ਨੇ ਹੌਸਲਾ ਦਿੱਤਾ, ਉਵੇਂ ਲਾਹੌਰ, ਫੇਬਰੀ ਨੇ। ਕੀ ਅੰਮ੍ਰਿਤਾ ਦਾ ਉਸ ਨਾਲ ਰੁਮਾਂਸ ਚੱਲਿਆ ? ਉਸਦੇ ਪਤੀ ਵਿਕਟਰ ਨੇ ਲਿਖਿਆ - ਜਿਹੜਾ ਅੰਮ੍ਰਿਤਾ ਦੇ ਸੰਪਰਕ ਵਿਚ ਆਇਆ, ਉਸ ਨੇ ਉਸਦੀ ਕਲਾ ਦੀ ਸਹੀ ਪਰਖ ਕੀਤੀ ਹੋਵੇ, ਮੈਨੂੰ ਨਹੀਂ ਯਕੀਨ। ਮੈਨੂੰ ਆਪ ਬਾਰੇ ਯਕੀਨ ਨਹੀਂ ਕਿ ਮੈਂ ਉਸ ਬਾਰੇ ਸੋਚਦਾ ਸੰਤੁਲਿਤ ਰਿਹਾ ਹੋਵਾਂ। ਕਾਰਲ ਖੰਡਾਲਵਾਲਾ ਅਤੇ ਬਰਦਾ ਉਕੀਲ ਦੇ ਫ਼ੈਸਲੇ ਵੀ ਭਰੋਸੇਯੋਗ ਨਹੀਂ। ਅਸੀਂ ਸਾਰੇ ਹੀ ਉਸਦੀ ਤਣੀ ਤਾਣੀ ਵਿਚ ਉਲਝੇ ਫਿਰਦੇ ਸਾਂ। ਉਹ ਪਿਆਰੀ ਸੀ, ਪਿਆਰ ਕਰਨਯੋਗ ਸੀ, ਸ਼ਾਨਦਾਰ, ਉੱਚੀ ਕੱਦਾਵਰ ਸ਼ਖ਼ਸੀਅਤ। ਅਦਭੁਤ, ਰੱਬ ਵੱਲੋਂ ਵਰੋਸਾਈ, ਹਰ ਖੇਤਰ ਵਿਚ ਲਾਮਿਸਾਲ ਜਾਣਕਾਰੀ, ਪੇਂਟਿੰਗ ਅਤੇ ਸੰਗੀਤ ਦੋਵਾਂ ਵਿਚ ਕਮਾਲ, ਜਿਸ ਨੂੰ ਛੂਹ ਲੈਂਦੀ ਜਾਨ ਧੜਕ ਪੈਂਦੀ, ਸਾਹਿਤ ਦੀ ਜਾਣਕਾਰੀ, ਯੌਰਪੀਅਨ ਬੋਲੀਆਂ ਵਿਚਲੀ ਮੁਹਾਰਤ, ਜਿਸ ਨੇ ਅੰਮ੍ਰਿਤਾ ਨੂੰ ਜਾਣਿਆ, ਉਹ ਨਿਰਪੱਖ ਰਹਿ ਸਕਦਾ ਹੋਵੇ, ਅਸੰਭਵ। ਜਜ਼ਬਿਆਂ ਤੋਂ ਤੁਹਾਨੂੰ ਮੁਕਤ ਨਹੀਂ ਹੋਣ ਦਏਗੀ।

ਫੇਬਰੀ ਇਕਦਮ ਮੌਲਿਕ ਕਲਾ ਸਮਾਲੋਚਕ ਸੀ ਜਿਸ ਨੇ ਲਿਖਿਆ - ਧਰਮ ਦੇ ਫਲਸਫੇ ਰਾਹੀਂ, ਅਧਿਆਤਮਕਤਾ ਰਾਹੀਂ ਭਾਰਤੀ ਕਲਾ ਦੀ ਪਛਾਣ ਕਰਵਾਈ ਜਾਂਦੀ ਹੈ। ਧਰਮ ਦੇ ਇਸ ਪਰਦੇ ਹੇਠ ਆਰਟ ਧੁੰਦਲਾ ਹੋ ਜਾਂਦਾ ਹੈ, ਸੱਚ 'ਤੇ ਪਰਦਾ ਪੈ ਜਾਂਦਾ ਹੈ। ਸਭ ਤੋਂ ਪਿਆਰਾ ਅੰਸ਼ ਲੁਕ ਛਿਪ ਜਾਂਦਾ ਹੈ। ਸੁਰਗਵਾਸੀ ਅਨੰਦ ਕੁਮਾਰ ਸਵਾਮੀ ਵੀ ਪੁਜਾਰੀਵਾਦ ਵਰਗੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਿਆ। ਉਹ ਵੀ ਜਿਊਂਦੇ ਜਾਗਦੇ ਹੱਡਮਾਸ ਨੂੰ ਦੇਖਣ ਦੀ ਥਾਂ ਧਰਮ ਦੇ ਸੁਫ਼ਨ ਸੰਸਾਰ ਵਿਚ ਗੁੰਮ ਹੋ ਗਿਆ।

ਫੇਬਰੀ ਨੇ ਸਿੰਧ ਘਾਟੀ ਦੀ ਖੁਦਾਈ ਵਿਚ ਅਹਿਮ ਭੂਮਿਕਾ ਨਿਭਾਈ ਸੀ। ਰਤਨਾ ਮਾਥੁਰ ਨਾਲ ਵਿਆਹ ਕੀਤਾ ਜੋ ਪੇਂਟਿੰਗ ਕਰਦੀ ਸੀ, ਬਾਦ ਵਿਚ ਇੰਟੀਰੀਅਰ ਡਿਜ਼ਾਈਨਰ ਬਣੀ। ਦੇਸ਼ ਵੰਡ ਵਕਤ ਲਾਹੌਰ ਛੱਡ ਕੇ ਦਿੱਲੀ ਵਿਚ ਵੱਸਣਾ ਪੈ ਗਿਆ। ਭਾਰਤੀ ਕਲਾ ਉਪਰ ਭਾਸ਼ਣ ਦਿੰਦਾ, *ਸਟੇਟਸਮੈਨ* ਵਿਚ ਕਲਾ-ਪਾਰਖੂ ਲੱਗ ਗਿਆ। ਉਸੇ ਨੇ ਪਹਿਲੀ ਵਾਰ ਸਤੀਸ਼ ਗੁਜਰਾਲ ਅਤੇ ਧਨਰਾਜ ਭਗਤ ਦਾ ਹੁਨਰ ਲੱਭ ਕੇ ਲੋਕਾਂ ਅੱਗੇ ਰੱਖਿਆ, ਇੰਦਰਾਣੀ ਰਹਿਮਾਨ ਅਤੇ ਯਾਮਿਨੀ ਕ੍ਰਿਸ਼ਨਾਮੂਰਤੀ ਜਿਹੀਆਂ ਨਰਤਕੀਆਂ ਬਾਬਤ ਲੋਕਾਂ

ਨੂੰ ਜਾਣੂ ਕਰਵਾਇਆ। ਸਾਲ 1950 ਵਿਚ ਪੁੱਤਰ ਕ੍ਰਿਸਟੋਫਰ ਗੌਤਮ ਦਾ ਜਨਮ ਹੋਇਆ। ਇਸ ਖ਼ਿਆਲ ਨਾਲ ਕਿ ਗੌਤਮ ਉਸ ਦੇ ਰਸਤੇ ਉਪਰ ਚੱਲੇ, ਪੁੱਤਰ ਦੀ ਪੜ੍ਹਾਈ ਵੱਲ ਪੂਰੀ ਤਵੱਜੋ ਦੇਣ ਲੱਗਾ ਪਰ ਕੈਂਸਰ ਹੋ ਗਈ ਜਿਸ ਸਦਕਾ 4 ਜੁਲਾਈ 1968 ਨੂੰ ਸੁਰਗਵਾਸ ਹੋ ਗਿਆ। ਸਾਰਾ ਦਿਨ ਕੰਮ ਕਾਜ ਦੇਖਦਾ ਰਿਹਾ, ਫਿਰ ਢਾਈ ਘੰਟੇ ਲਾ ਕੇ ਸ਼ਾਮੀਂ *ਸਟੇਟਸਮੈਨ* ਵਾਸਤੇ ਲੇਖ ਲਿਖਿਆ, ਬੱਚਿਆਂ ਅਤੇ ਨੌਕਰਾਂ ਨੂੰ ਗੁੱਡ ਬਾਇ ਕਹਿ ਕੇ ਲੇਟ ਗਿਆ। ਦੇਖਿਆ, ਹਮੇਸ਼ ਲਈ ਵਿਦਾ।

ਅੰਮ੍ਰਿਤਾ ਨੇ ਹੈਲਨ ਦਾ ਪੋਰਟ੍ਰੇਟ ਬਣਾਇਆ ਤੇ ਤੁਹਫ਼ੇ ਵਜੋਂ ਦਿੱਤਾ। ਇਕਬਾਲ ਸਿੰਘ ਨੂੰ *ਰੈਡ ਬਰਿੱਕ ਹਾਊਸ* ਪੇਂਟਿੰਗ ਗਿਫ਼ਟ ਕੀਤੀ। ਉਸਦੀ ਪਹਿਲੀ ਭਰੋਸੇਯੋਗ ਜੀਵਨੀ ਇਕਬਾਲ ਸਿੰਘ ਨੇ ਲਿਖੀ। ਪਿਛਲੇ ਜੀਵਨੀਕਾਰਾਂ ਵਿੱਚੋਂ ਇਕ ਵੀ ਅਜਿਹਾ ਨਹੀਂ ਜਿਸ ਨੇ ਇਕਬਾਲ ਸਿੰਘ ਦਾ ਸਹਾਰਾ ਨਾ ਲਿਆ ਹੋਵੇ।

ਲੇਖਕ ਅਤੇ ਬਰਾਡਕਾਸਟਰ ਅਸ਼ਫ਼ਾਕ ਅਹਿਮਦ 1950 ਵਿਚ ਲਾਹੌਰ ਇਕ ਗਲੀ ਵਿੱਚੋਂ ਦੀ ਲੰਘ ਰਿਹਾ ਸੀ ਕਿ ਕਬਾੜੀਏ ਦੀ ਦੁਕਾਨ ਉਪਰ ਅੰਮ੍ਰਿਤਾ ਦੀ ਬਣਾਈ ਪੇਂਟਿੰਗ ਪਈ ਦੇਖੀ। ਕਬਾੜੀਏ ਨੂੰ ਪੁੱਛਿਆ - ਕਿੰਨੇ ਦੀ ਦਏਂਗਾ ? ਉਸਨੇ ਕਿਹਾ - ਜੀ ਸੁਨਹਿਰੀ ਫ਼ਰੇਮ ਦੇ ਤਿੰਨ ਰੁਪਏ ਦੇ ਦਿਉ, ਫ਼ਜ਼ੂਲ ਤਸਵੀਰ ਕੱਢ ਕੇ ਸੁੱਟ ਦੇਣੀ। ਖ਼ਰੀਦ ਲਈ, ਅਸ਼ਫ਼ਾਕ ਨੇ ਤਿੰਨ ਰੁਪਏ ਦਿੱਤੇ, ਫ਼ਰੇਮ ਵਿੱਚੋਂ ਤਸਵੀਰ ਕੱਢ ਕੇ ਫ਼ਰੇਮ ਕਬਾੜੀਏ ਨੂੰ ਮੋੜ ਦਿੱਤਾ, ਅੰਮ੍ਰਿਤਾ ਸ਼ੇਰਗਿੱਲ ਨੂੰ ਲੈ ਗਿਆ। ਜ਼ੁਬੇਦਾ ਆਗਾ ਰਾਹੀਂ ਇਹ ਇਤਿਹਾਸਕ ਪੇਂਟਿੰਗ ਇਸਲਾਮਾਬਾਦ ਪੁੱਜੀ। ਹੁਣ ਇਹ ਨੈਸ਼ਨਲ ਆਰਟ ਗੈਲਰੀ ਇਸਲਾਮਾਬਾਦ ਵਿਚ ਸੰਭਾਲੀ ਪਈ ਹੈ।

ਹੈਲਨ ਅਤੇ ਦੀਵਾਨ ਚਮਨ ਲਾਲ ਨਾਲ ਹੜੱਪਾ ਦੀ ਖੁਦਾਈ ਦੇਖਣ ਗਈ। ਦੋ ਮਰਦਾਂ ਅਤੇ ਇਕ ਨੱਚਦੀ ਔਰਤ ਦਾ ਲਾਲ ਪੱਥਰ ਦਾ ਬੁੱਤ ਦੇਖ ਕੇ ਜਿਵੇਂ ਵਿਸਮਾਦਿਤ ਹੋ ਗਈ ਹੋਵੇ। ਉਥੇ ਹੀ ਰੁਕੀ ਰਹੀ, ਨਿਹਾਰਦੀ ਰਹੀ। ਉਸਨੂੰ ਆਲ ਇੰਡੀਆ ਫ਼ਾਈਨ ਆਰਟਸ ਐਂਡ ਕ੍ਰਾਫਟਸ ਵਲੋਂ ਲੇਡੀ ਆਰਟਿਸਟ ਆਖ ਕੇ ਸਨਮਾਨਿਆ ਗਿਆ ਤਾਂ ਉਦਾਸ ਹੋਈ - ਮੈਂ ਤਾਂ ਆਪਣੇ ਆਪ ਨੂੰ ਆਰਟਿਸਟ ਸਮਝਦੀ ਰਹੀ। ਹੁਣ ਪਤਾ ਲੱਗਾ ਕਿ ਮੈਂ ਤਾਂ ਲੇਡੀ ਆਰਟਿਸਟ ਹਾਂ। ਲੇਡੀ ਆਰਟਿਸਟ, ਮਰਦ ਆਰਟਿਸਟ ਦਾ ਕੀ ਮੁਕਾਬਲਾ ਕਰੇਗੀ ?

14 ਫ਼ਰਵਰੀ 1938 ਨੂੰ ਸਰਾਇਆ ਵਿਖੇ ਆ ਕੇ ਪੇਂਟਿੰਗ ਕਰਨ ਲੱਗੀ। ਕਾਰਲ ਨੂੰ ਲਿਖਿਆ - *ਹਰੇ ਛੱਪੜ ਵਿਚ ਨਹਾਉਂਦੇ ਹਾਥੀ* ਬਣਾ ਲਈ ਹੈ। ਦੂਜੀ *ਖੇਤ ਵਿਚ ਕੰਮ ਕਰਦੀਆਂ ਔਰਤਾਂ* ਹੈ। ਮੇਰਾ ਵਿਆਹ ਨੇੜੇ ਆ ਰਿਹਾ ਹੈ, ਕੁਝ ਘਬਰਾਹਟ ਹੈ ਕਿਉਂਕਿ ਮੈਂ ਚੰਗੀ ਪਤਨੀ ਨਹੀਂ ਹੋਵਾਂਗੀ।

ਇਨ੍ਹਾਂ ਦਿਨਾਂ ਵਿਚ ਹੀ ਲੇਖਕ ਮੁਲਕ ਰਾਜ ਅਨੰਦ ਨੂੰ ਮਿਲੀ। ਅਨੰਦ ਦਾ ਖ਼ਿਆਲ ਸੀ ਕਿ ਅੰਮ੍ਰਿਤਾ ਨਾਲੋਂ ਅੰਮ੍ਰਿਤਾ ਦੀ ਪ੍ਰਸਿੱਧੀ ਅੱਗੇ ਲੰਘ ਗਈ ਹੈ। ਬਾਦ ਵਿਚ ਅਨੰਦ ਨੇ ਲਿਖਿਆ ਕਿ 1930 ਤੱਕ ਹੀ ਉਹ ਦੰਦ ਕਥਾ ਬਣ ਚੁੱਕੀ ਸੀ। ਕਿਹਾ ਕਰਦਾ ਸੀ - ਜੇ ਮੈਂ ਪੇਂਟਰ ਹੁੰਦਾ ਤਾਂ ਮੈਂ ਚਾਹੁੰਦਾ ਕਿ ਅੰਮ੍ਰਿਤਾ ਦੀ ਬਣਾਈ *ਘੜੇ ਸਮੇਤ ਕੁੜੀ* ਵਰਗੀ ਪੇਂਟਿੰਗ ਬਣਾਉਂਦਾ। ਲੰਡਨ ਤੋਂ ਪਰਤੇ ਅਨੰਦ ਨੂੰ ਉਨ੍ਹਾਂ ਪੁਰਾਣੇ ਦਿਨਾਂ ਵਿਚ ਅੰਮ੍ਰਿਤਾ ਬਹੁਤ ਅੱਗੇ ਲੰਘੀ ਦਿਸੀ ਜਦੋਂ ਆਰਟ ਦੇ ਖੇਤਰ ਵਿਚ ਕੋਈ ਸੰਜੀਦਾ ਬੰਦਾ ਦਿਸਦਾ ਹੀ ਨਹੀਂ ਸੀ। ਆਪਣੀ ਮੁਲਾਕਾਤ ਬਾਰੇ ਲਿਖਦਾ ਹੈ - ਤਣਾਉਪੂਰਨ, ਝੁੰਜਲਾਈ,

ਉਤੇਜਿਤ, ਬਹੁਤ ਸੁਹਣੀ ਤੇ ਪੇਂਟਿੰਗ ਵਿਚ ਗੁੰਮਸ਼ੁਦਾ ਅੰਮ੍ਰਿਤਾ। ਜੁਆਨ ਹੋਈ ਤਾਂ ਉਸਦੀ ਪ੍ਰਸਿੱਧੀ ਦੂਰ-ਦੁਰਾਡੇ ਫੈਲਣ ਲੱਗੀ, ਉਸਦਾ ਨਾਂ ਬਣਨ ਲੱਗਾ।

ਵਿਕਟਰ ਡਾਕਟਰ ਬਣਨ ਦੀ ਇੱਛਾ ਕਾਰਨ ਪੜ੍ਹਾਈ ਦੀ ਕਠੋਰਤਾ ਵਿੱਚੋਂ ਲੰਘ ਰਿਹਾ ਸੀ। ਪਿਤਾ ਲਈ ਜਿਵੇਂ ਕੋਈ ਫ਼ਰਕ ਨਹੀਂ, ਪਰ ਮਾਂ ਵਿਕਟਰ ਨਾਲ ਅੰਮ੍ਰਿਤਾ ਦੇ ਵਿਆਹ ਖ਼ਿਲਾਫ਼ ਸੀ। ਅੰਮ੍ਰਿਤਾ ਸੁਹਣੀ ਸੀ, ਕਲਾਕਾਰ ਸੀ, ਕਿਸੇ ਪ੍ਰਸਿੱਧ ਹਸਤੀ ਨਾਲ, ਕਿਸੇ ਅਮੀਰਜ਼ਾਦੇ ਨਾਲ, ਜਿਸ ਨਾਲ ਚਾਹੁੰਦੀ, ਵਿਆਹ ਕਰਵਾ ਸਕਦੀ ਸੀ। ਵਿਕਟਰ ਨਾ ਅਮੀਰ ਸੀ ਨਾ ਪ੍ਰਸਿੱਧ। ਦੂਜੀ ਗੱਲ, ਸਕੀ ਮਾਸੀ ਦੇ ਮੁੰਡੇ ਨਾਲ ਵਿਆਹ ਵਰਜਿਤ ਹੁੰਦਾ ਹੈ, ਇਸ ਪੱਖੋਂ ਵੀ ਗੜਬੜ ਸੀ। ਮਾਂ ਦੀ ਵਿਰੋਧਤਾ ਨੇ ਅੰਮ੍ਰਿਤਾ ਨੂੰ ਸਗੋਂ ਹੋਰ ਮਜ਼ਬੂਤ ਕੀਤਾ, ਉਹ ਉਹੀ ਕਰੇਗੀ ਜੋ ਮਾਂ ਦੀ ਇੱਛਾ ਦੇ ਖ਼ਿਲਾਫ਼ ਹੋਵੇ।

ਵਿਆਹ ਤੋਂ ਪਹਿਲਾਂ ਸ਼ਿਮਲੇ ਤੋਂ ਸਰਾਇਆ ਅੰਮ੍ਰਿਤਾ ਨੂੰ ਖ਼ਤ ਵਿਚ ਪਿਤਾ ਨੇ ਲਿਖਿਆ - ਨੌਂ ਮਹੀਨੇ ਮਾਂ ਨੇ ਗਰਭ ਵਿਚ ਰੱਖੀ, ਫਿਰ ਹੁਣ ਤੱਕ ਅਸੀਂ ਤੈਨੂੰ ਪਾਲ ਪੋਸ ਰਹੇ ਹਾਂ, ਆਪਣੇ ਆਰਟ ਜਾਂ ਵਿਆਹ ਸਦਕਾ, ਫ਼ਰਜ਼ ਕਰ, ਕੁਝ ਸਾਲ ਪਹਿਲਾਂ ਤੂੰ ਆਤਮ ਨਿਰਭਰ ਹੋ ਜਾਂਦੀ, ਤਾਂ ਵੀ ਆਰਟ ਖ਼ਰੀਦਾਰਾਂ ਜਾਂ ਪਤੀ ਉਪਰ ਨਿਰਭਰ ਹੁੰਦੀ। ਪੈਰਿਸ ਤੱਕ, ਜੋ ਖ਼ਰਚਾ ਉਠਾਉਣਾ ਪਿਆ, ਕੀਤਾ, ਪਰ ਇਸ ਬਦਲੇ ਤੇਰੇ ਨਾਲ ਅਕਲ ਦੀ ਕੋਈ ਗੱਲ ਵੀ ਨਾ ਕਰ ਸਕਾਂ, ਅਫ਼ਸੋਸ ਹੈ। ਤੈਨੂੰ ਪੱਕਾ ਪਤਾ ਹੈ ਕਿ ਵਿਕਟਰ ਚੰਗਾ ਬੰਦਾ ਹੈ, ਵਫ਼ਾਦਾਰ ਪਤੀ ਰਹੇਗਾ, ਤੈਨੂੰ ਖ਼ੁਸ਼ੀ ਮਿਲੇਗੀ, ਤਾਂ ਵੀ, ਹੈ ਤਾਂ ਉਹ ਪਿੰਡ ਦਾ ਮਾਮੂਲੀ ਡਾਕਟਰ, ਥੋੜ੍ਹੀ ਕੁ ਆਮਦਨ ਵਾਲਾ। ਮੈਂ ਕਿੰਨੇ ਕੁ ਸਾਲ ਜਿਊਂਦਾ ਰਹਾਂਗਾ? ਮੇਰੇ ਪਿੱਛੋਂ ਤੈਨੂੰ ਕਿਧਰੋਂ ਮਦਦ ਨਹੀਂ ਮਿਲਣੀ। ਤੇਰੀ ਮਾਂ ਆਖਦੀ ਹੈ ਕਿ ਉਸਨੂੰ ਇਥੇ ਭਾਰਤ ਵਿਚ ਦਫ਼ਨ ਜਾਂ ਅਗਨਭੇਟ ਨਹੀਂ ਕਰਨਾ। ਉਹ ਹੰਗਰੀ ਦੇ ਕਬਰਿਸਤਾਨ ਵਿਚ ਦਫ਼ਨ ਹੋਵੇਗੀ ਜਿਥੇ ਸਾਲ ਵਿਚ ਇਕ ਵਾਰ ਰਿਸ਼ਤੇਦਾਰ ਗੁਲਦਸਤਾ ਤਾਂ ਰੱਖ ਜਾਇਆ ਕਰਨਗੇ। ਜੇ ਮੇਰੀ ਮੌਤ ਪਹਿਲਾਂ ਹੋ ਗਈ ਫੇਰ ਤੇਰੀ ਮਾਂ ਦੀ ਸੰਭਾਲ ਵੀ ਤੈਨੂੰ ਹੀ ਕਰਨੀ ਪੈਣੀ ਹੈ। ਕਿੰਨੇ ਉਦਾਸ ਖ਼ਿਆਲ ਆ ਰਹੇ ਹਨ।

ਅੰਮ੍ਰਿਤਾ ਨੂੰ ਬੱਚੇ ਨਹੀਂ ਚਾਹੀਦੇ, ਉਹ ਕੇਵਲ ਪੇਂਟਿੰਗ ਕਰੇਗੀ, ਵਿਕਟਰ ਨੂੰ ਉਸਦੇ ਮਰਦ ਦੋਸਤਾਂ ਨਾਲ ਮਿਲਣ ਗਿਲਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ, ਉਹ ਭਾਰਤ ਵਿਚ ਵੱਸਣਗੇ, ਵਿਕਟਰ ਨੇ ਉਸਦੀਆਂ ਇਹ ਸਾਰੀਆਂ ਸ਼ਰਤਾਂ ਮੰਨ ਲਈਆਂ। ਬਚਪਨ ਦੇ ਦਿਨਾਂ ਦੀਆਂ ਯਾਦਾਂ ਨੇ ਵਿਕਟਰ ਦੇ ਦਿਲ ਦਿਮਾਗ਼ ਨੂੰ ਨਕੇਲ ਪਾ ਰੱਖੀ ਸੀ। ਉਸਦਾ ਪਿਛੋਕੜ ਆਇਰਲੈਂਡ ਦਾ ਸੀ ਜਿਥੇ ਦੇ ਲੋਕ ਪੰਜਾਬੀਆਂ ਵਾਂਗ ਗਰਮ ਸੁਭਾਅ ਵਾਲੇ ਹੁੰਦੇ ਹਨ। ਹੁਣ ਤੰਗੀ ਦੇਖਣੀ ਪੈ ਗਈ ਤਾਂ ਕੀ, ਸੀ ਤਾਂ ਮੈਜਿਸਟਰੇਟ ਪਿਤਾ ਦਾ ਪੁੱਤਰ। ਮਾਂ ਨੇ ਕੱਪੜੇ ਸਿਊਂ ਕੇ ਉਸਨੂੰ ਮੈਡੀਕਲ ਦੀ ਪੜ੍ਹਾਈ ਕਰਵਾਈ ਸੀ। ਹਿੰਮਤੀ, ਤੇਜ਼ ਦਿਮਾਗ਼, ਵਿਅੰਗ ਕਰਨ ਵਿਚ ਨਿਪੁੰਨ ਪਰ ਅੰਮ੍ਰਿਤਾ ਅੱਗੇ ਗ਼ੁਲਾਮ। ਵਿਕਟਰ ਦੀ ਮਾਂ ਇਸ ਵਿਆਹ 'ਤੇ ਖ਼ੁਸ਼ ਸੀ, ਦੋ ਕਮਰਿਆਂ ਵਾਲਾ ਘਰ ਸੀ, ਇਕ ਵਿਚ ਮਾਂ ਦੂਜੇ ਵਿਚ ਜੋੜਾ। ਪਰ ਜਦੋਂ ਪਤਾ ਲੱਗਾ ਕਿ ਵਿਕਟਰ ਅਤੇ ਅੰਮ੍ਰਿਤਾ ਭਾਰਤ ਜਾਣਗੇ, ਉਦਾਸ ਹੋਈ। ਜੀਵਨ ਭਰ ਦੀ ਪੂੰਜੀ ਤੋਂ ਮਾਂ ਵੰਚਿਤ ਹੋ ਜਾਏਗੀ।

16 ਜੁਲਾਈ, 1938 ਨੂੰ ਬਿਨਾਂ ਵਾਜੇ ਗਾਜੇ ਦੇ ਵਿਆਹ ਹੋਇਆ। ਕੋਰਟ ਵਿਚ ਵਿਆਹ ਰਜਿਸਟਰ ਕਰਵਾ ਆਏ, ਆ ਕੇ ਕੋਈ ਪਾਰਟੀ ਨਹੀਂ ਦਿੱਤੀ। ਵਿਆਹ ਪਿੱਛੋਂ ਅੰਮ੍ਰਿਤਾ ਸ਼ਾਂਤ ਹੋ ਗਈ, ਉਸਨੂੰ ਬਿਲਕੁਲ ਪ੍ਰਤੀਤ ਨਾ ਹੋਇਆ ਕਿ ਉਹ ਕਿਸੇ ਜ਼ੰਜੀਰ

ਵਿਚ ਜਕੜੀ ਗਈ ਹੈ। ਵਿਕਟਰ ਦੇ ਘਰ ਨੂੰ ਛੱਡ ਕੇ ਕਿਤੇ ਨਾ ਜਾਂਦੀ। ਵਿਕਟਰ ਵਰਗਾ ਚੰਗਾ ਬੰਦਾ ਉਸਨੂੰ ਕਿਸਮਤ ਨਾਲ ਮਿਲ ਗਿਆ। ਅਜੀਬ ਗੱਲ ਇਹ ਕਿ ਹੰਗਰੀ ਵਿਚ ਸਾੜ੍ਹੀ ਪਹਿਨਦੀ। ਜੰਗ ਲੱਗਣ ਵਕਤ ਵਿਕਟਰ ਨੂੰ ਫ਼ੌਜ ਵਿਚ ਭਰਤੀ ਹੋਣਾ ਪੈ ਗਿਆ, ਅੰਮ੍ਰਿਤਾ ਉਦਾਸ ਹੋਈ ਤਾਂ ਛੇਤੀ ਉਹਨੂੰ ਆਪਣੇ ਕੋਲ ਬੁਲਾ ਲਿਆ। ਮਰੀਜ਼ ਦੇਖਦਾ, ਅੰਮ੍ਰਿਤਾ ਪੇਂਟ ਕਰਦੀ ਰਹਿੰਦੀ।

ਉਹ ਸੰਕਟ ਦਾ ਮੁਕਾਬਲਾ ਹੌਸਲੇ ਨਾਲ ਕਰਨ ਲਈ ਉਤਸੁਕ ਸੀ ਪਰ ਭਾਰਤ ਵਿੱਚੋਂ ਆਉਂਦੀਆਂ ਖ਼ਬਰਾਂ ਮਾਯੂਸਕੁਨ ਸਨ। ਇਹ ਗੱਲ ਸੁਣ ਕੇ ਡੂੰਘੀ ਉਦਾਸੀ ਵਿਚ ਘਿਰ ਗਈ ਕਿ ਬਦਨਾਮੀ ਤੋਂ ਡਰਦਿਆਂ ਮਾਪਿਆਂ ਨੇ ਉਸਦੇ ਸਾਰੇ ਖ਼ਤਾਂ ਨੂੰ ਅੱਗ ਲਾ ਦਿੱਤੀ। ਹੋਰਨਾਂ ਪ੍ਰਸਿੱਧ ਬੰਦਿਆਂ ਤੋਂ ਇਲਾਵਾ ਇਨ੍ਹਾਂ ਵਿਚ ਪੰ. ਜਵਾਹਰ ਲਾਲ ਨਹਿਰੂ ਦਾ ਛੇ ਪੰਨਿਆਂ ਦਾ ਖ਼ਤ ਸੀ ਜੋ ਉਸਨੇ ਅੰਮ੍ਰਿਤਾ ਦੀ ਦਿੱਲੀ ਦੀ ਨੁਮਾਇਸ਼ ਦੇਖਣ ਪਿੱਛੋਂ ਲਿਖਿਆ ਸੀ, ਉਸਨੇ ਕਲਾਕਾਰ ਦੇ ਅਨੁਭਵ ਅਤੇ ਪ੍ਰਗਟਾਵੇ ਦੀ ਤਾਕਤ ਨੂੰ ਕਬੂਲਿਆ ਸੀ। ਇਸ ਦੇ ਧੰਨਵਾਦ ਵਿਚ ਅੰਮ੍ਰਿਤਾ ਨੇ ਲਿਖਿਆ ਸੀ - ਮੇਰੀਆਂ ਤਸਵੀਰਾਂ ਨੂੰ ਦੇਖੀ ਜਾਓ, ਸੋਚੋ ਨਾ, ਮਤਲਬ ਨਾ ਕੱਢੋ, ਫਿਰ ਤੁਹਾਨੂੰ ਕੁਝ ਮਿਲੇਗਾ, ਫਲਸਫਾ ਨਹੀਂ, ਇਤਿਹਾਸ ਨਹੀਂ, ਚਿੰਤਨ ਨਹੀਂ, ਕੇਵਲ ਆਰਟ।

ਉਸਨੇ ਮਾਪਿਆਂ ਨੂੰ ਖ਼ਤ ਲਿਖਿਆ - ਮੇਰੇ ਖ਼ਤ ਅਗਨਭੇਟ ਕਰ ਦਿੱਤੇ, ਖ਼ਬਰ ਨੇ ਮੈਨੂੰ ਜੋ ਸਦਮਾ ਪੁਚਾਇਆ, ਦੱਸ ਨਹੀਂ ਸਕਦੀ। ਖ਼ਤਾਂ ਦਾ ਵੱਡਾ ਢੇਰ ਤਾਂ ਮੈਂ ਖ਼ੁਦ ਬਾਲ ਆਈ ਸਾਂ। ਇਹ ਤਾਂ ਉਹ ਪੱਤਰ ਸਨ ਜਿਹੜੇ ਮੈਂ ਆਪਣੀ ਮਰਜ਼ੀ ਨਾਲ ਸੰਭਾਲੇ ਸਨ, ਆਰਟ ਆਲੋਚਕਾਂ ਦੇ ਖ਼ਤ, ਵੱਡੀਆਂ ਹਸਤੀਆਂ ਦੇ ਖ਼ਤ। ਜਿਹੜੇ ਖ਼ਤ ਸੰਭਾਲ ਕੇ ਆਈ ਸਾਂ, ਇਹ ਮੈਨੂੰ ਖ਼ੁਸ਼ੀ ਦਿੰਦੇ ਸਨ, ਮੇਰੇ ਕੰਮ ਬਾਰੇ ਕੁਝ ਜਾਣਕਾਰੀ ਵਾਲੀਆਂ ਹਵਾਲਾ ਦੇਣ ਯੋਗ ਰਾਵਾਂ ਸਨ। ਕੀ ਪਤਾ ਮੇਰੀ ਲਾਉਜ਼ੀ, ਮੈਲਕਮ ਮੁਗਰਿਜ, ਜਵਾਹਰ ਲਾਲ ਨਹਿਰੂ, ਈਡਿਥ ਲੈਂਗ ਅਤੇ ਖੰਡਾਲਵਾਲਾ ਦੇ ਖ਼ਤ ਤੁਸੀਂ ਰੱਖ ਹੀ ਲਏ ਹੋਣ। ਇਹ ਖ਼ਤ ਮੈਂ ਇਸ ਕਰਕੇ ਤੁਹਾਡੇ ਕੋਲ ਨਹੀਂ ਛੱਡ ਕੇ ਗਈ ਸਾਂ ਕਿ ਇਨ੍ਹਾਂ ਸਦਕਾ ਹੰਗਰੀ ਵਿਚ ਦੁਰਾਚਾਰੀ ਭੂਤਕਾਲ ਕਾਰਨ ਮੇਰੀ ਬਦਨਾਮੀ ਹੋ ਜਾਏਗੀ। ਮੇਰੇ ਕੋਲ ਪਹਿਲੋਂ ਹੀ ਵਧੀਕ ਸਾਮਾਨ ਹੋਣ ਕਰਕੇ ਛੱਡ ਗਈ ਸਾਂ।

ਖੰਡਾਲਵਾਲਾ ਨੂੰ ਲਿਖਿਆ - ਹੰਗਰੀ ਵਿਚ ਭਾਰਤੀ ਔਰਤ ਵਾਂਗ ਆਪਣੇ ਪਤੀ ਨਾਲ ਰਹਿ ਰਹੀ ਹਾਂ, ਜਿਥੇ ਜਿਥੇ ਡਿਊਟੀ ਕਰਨ ਜਾਂਦਾ ਹੈ, ਆਪਣੇ ਰੰਗ ਚੁੱਕ ਕੇ ਮੈਂ ਵੀ ਨਾਲ ਤੁਰ ਪੈਂਦੀ ਹਾਂ।

ਦ ਪਟੈਟੋ ਪੀਲਰ ਪੇਂਟਿੰਗ ਬਣਾਈ, ਆਲੂ ਛਿਲਦੀ ਕੁੜੀ ਦਾ ਰੋਹਬ-ਦਾਬ ਵਾਲਾ ਚਿਹਰਾ ਦੇਖਣ ਯੋਗ ਹੈ, ਕਿਰਤ ਦੀ ਸ਼ਾਨ ਪ੍ਰਗਟ ਹੋ ਰਹੀ ਹੈ। ਚਿਹਰਾ ਅਤੇ ਹੱਥ ਬਲਵਾਨ ਸ਼ਖ਼ਸੀਅਤ ਤਾਂ ਸਿਰਜਦੇ ਹੀ ਹਨ, ਵਾਨ ਗਾਗ ਦੀ *ਪਟੈਟੋ ਈਟਰਜ਼* ਵੀ ਯਾਦ ਆ ਜਾਂਦੀ ਹੈ।

ਵਿਕਟਰ ਲੰਮੇ ਯੁੱਧ ਦਾ ਖ਼ਤਰਾ ਭਾਂਪਦਿਆਂ ਆਗਿਆ ਲੈ ਕੇ ਅੰਮ੍ਰਿਤਾ ਸਮੇਤ ਕੋਲੰਬੋ ਦੇ ਰਸਤੇ ਭਾਰਤ ਆ ਗਿਆ। ਅੰਮ੍ਰਿਤਾ ਨੇ ਕਾਰਲ ਨੂੰ ਲਿਖਿਆ - ਖ਼ੁਸ਼ਕਿਸਮਤੀ ਸਮਝੋ ਕਿ ਹਿਟਲਰ ਭਾਰਤ ਵਿਚ ਨਹੀਂ ਹੈ ਜਿਸ ਕਾਰਨ ਇਥੋਂ ਦਾ ਆਰਟ ਬਚਿਆ ਰਹੇਗਾ। ਇਥੇ ਹੁੰਦਾ ਤਾਂ ਥਰਡ ਕਲਾਸ ਪੱਛਮੀ ਆਰਟਿਸਟ ਆਖ ਕੇ ਮੈਨੂੰ ਜੇਲ੍ਹ ਵਿਚ ਸੁੱਟ ਦਿੰਦਾ। ਮਾਡਰਨ ਆਰਟ ਅਤੇ ਸਾਹਿਤ ਦਾ ਪੱਕਾ ਦੁਸ਼ਮਣ ਹੈ। ਪੈਰਿਸ ਜਰਮਨ ਅਧੀਨ ਹੋ ਗਿਆ

ਤਾਂ ਕੀ ਬਣੇਗਾ ? ਆਰਟ ਖ਼ਤਮ ? ਮੈਂ ਨੌਜਵਾਨ ਕਲਾਕਾਰਾਂ ਨੂੰ ਜਾਣਦੀ ਹਾਂ, ਅਜੇ ਸੰਸਾਰ ਉਨ੍ਹਾਂ ਨੂੰ ਨਹੀਂ ਜਾਣਦਾ, ਉਨ੍ਹਾਂ ਦੀ ਮੌਤ ਫ਼ਰੈਂਚ ਆਰਟ ਵਾਸਤੇ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੋਏਗੀ।

ਕੁਝ ਦਿਨ ਕੋਲੰਬੋ ਰਹੇ ਤੇ ਮੰਦਰ, ਗੁਫ਼ਾਵਾਂ ਦੇਖੀਆਂ, ਫਿਰ ਮਦੁਰਾਇ ਵਿਕਟਰ ਨੂੰ ਸਾਰੇ ਮੰਦਰ ਦਿਖਾਏ ਜਿਹੜੇ ਆਪ ਪਹਿਲਾਂ ਦੇਖ ਕੇ ਗਈ ਸੀ। ਸ਼ਿਮਲੇ ਪਹੁੰਚ ਗਏ। ਮਾਂ ਨੂੰ ਉਨ੍ਹਾਂ ਦੀ ਵਾਪਸੀ ਚੰਗੀ ਨਹੀਂ ਲੱਗੀ, ਇਕ ਕਿਸਮ ਦੀ ਦਖ਼ਲ-ਅੰਦਾਜ਼ੀ ਲੱਗੀ, ਅੰਮ੍ਰਿਤਾ ਦੀ ਗ਼ੈਰ-ਹਾਜ਼ਰੀ ਵਿਚ ਵਿਕਟਰ ਦੀ ਬੇਇਜ਼ਤੀ ਕਰ ਦਿੰਦੀ। ਇਸ ਸਭ ਦਾ ਅੰਮ੍ਰਿਤਾ ਦੇ ਕਜ਼ਿਨ ਕਿਰਪਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਦੋਵਾਂ ਨੂੰ ਸਰਾਇਆ ਸ਼ੂਗਰ ਮਿੱਲ ਦੇ ਹਸਪਤਾਲ ਵਾਸਤੇ ਲੈ ਗਿਆ। ਉਸਨੇ ਅੰਮ੍ਰਿਤਾ ਨੂੰ ਕਿਹਾ ਕਿ ਹਰ ਮਹੀਨੇ ਇਕ ਪੇਂਟਿੰਗ ਕਰ ਕੇ ਦੇ ਦਿਆ ਕਰ, ਢਾਈ ਸੌ ਰੁਪਿਆ ਦਿਆ ਕਰਾਂਗਾ। ਡਾਕਟਰ ਨੂੰ ਨੌਕਰੀ ਦੇ ਦਿੱਤੀ। ਇਥੋਂ ਵਿਕਟਰ ਨੇ 13 ਅਪ੍ਰੈਲ, 1940, ਅੰਮ੍ਰਿਤਾ ਦੀ ਮਾਂ ਨੂੰ ਖ਼ਤ ਲਿਖਿਆ, ਇਹ ਖ਼ਤ ਪਾਠਕਾਂ ਵਾਸਤੇ ਦਿਲਚਸਪ ਹੈ। ਇਕ ਖ਼ਤ ਦੋ ਪਰਿਵਾਰਾਂ ਦੇ ਸੁਭਾਵਾਂ ਵਿਚਲੀ ਭਿੰਨਤਾ ਰੂਪਮਾਨ ਕਰਦਾ ਹੈ।

- ਪਿਆਰੀ ਮਾਂ, ਮੇਰੀ ਕਿਸੇ ਗੱਲ ਦੇ ਗ਼ਲਤ ਅਰਥ ਕੱਢ ਕੇ ਕਿਤੇ ਪਰਿਵਾਰ ਦੀ ਸ਼ਾਂਤੀ ਭੰਗ ਨਾ ਹੋ ਜਾਵੇ, ਡਰਦਾ ਸਾਂ। ਪਹਿਲਾਂ ਵੀ ਕਦੀ ਕਦਾਈਂ ਖ਼ਤ ਲਿਖਣਾ ਚਾਹਿਆ ਪਰ ਤੁਹਾਡੇ ਵਲੋਂ ਜੋ ਲਫ਼ਜ਼ ਪ੍ਰਾਪਤ ਹੁੰਦੇ, ਉਨ੍ਹਾਂ ਸਦਕਾ ਇਰਾਦਾ ਬਦਲ ਲੈਂਦਾ। ਉਮਰਾਉ ਅੰਕਲ ਨੂੰ ਲਿਖਦਾ ਰਿਹਾ ਹਾਂ, ਹੁਣ ਤੁਹਾਨੂੰ ਵੀ ਲਿਖ ਹੀ ਦਿਆਂ ਤਾਂ ਠੀਕ ਰਹੇਗਾ।

- ਮੈਨੂੰ ਲਿਖਣ ਦਾ ਹੁਨਰ ਨਹੀਂ ਆਉਂਦਾ, ਇਸ ਕਰਕੇ ਮੈਨੂੰ ਵਧੀਕ ਸਾਵਧਾਨ ਰਹਿਣਾ ਪਵੇਗਾ, ਗੱਲਬਾਤ ਦੌਰਾਨ ਵੀ ਮੇਰੀ ਗੱਲ ਦੇ ਉਲਟ ਅਰਥ ਕੱਢ ਲਏ ਜਾਂਦੇ ਹਨ। ਮਾਂ ਨੂੰ ਇਕੱਲੀ ਛੱਡ ਕੇ ਜਦੋਂ ਮੈਂ ਭਰੇ ਮਨ ਨਾਲ ਇੰਡੀਆ ਆਉਣ ਦਾ ਫ਼ੈਸਲਾ ਕੀਤਾ, ਮੈਨੂੰ ਉਦੀਂ ਪਤਾ ਸੀ ਕਿ ਮੇਰੇ ਸਾਹਮਣੇ ਇਕਦਮ ਨਵਾਂ ਮਾਹੌਲ ਹੋਵੇਗਾ, ਪੂਰਨ ਅਜਨਬੀ ਸੰਸਾਰ ਵਿਚ ਮੈਨੂੰ ਬਦਲਣਾ ਪਵੇਗਾ। ਮੈਨੂੰ ਨੌਕਰੀ ਨਾ ਮਿਲੇ ਸ਼ਾਇਦ, ਤਾਂ ਵੀ ਹਾਲਾਤ ਨਾਲ ਸਮਝੌਤਾ ਕਰਨਾ ਪਵੇਗਾ, ਮੈਨੂੰ ਕੁਝ ਲੋਕਾਂ ਦਾ ਆਸਰਾ ਲੈਣਾ ਪਵੇਗਾ। ਬੁਦਾਪੈਸਟ ਵਿਚ ਇਰਵਿਨ ਬੈਕਟੇ ਨੇ ਮੈਨੂੰ ਦੱਸਿਆ ਸੀ ਕਿ ਸ਼ਿਮਲੇ ਮੈਂ ਕੁਝ ਮਹੀਨਿਆਂ ਤੋਂ ਵਧੀਕ ਨਹੀਂ ਰਹਿ ਸਕਾਂਗਾ। ਪਰ ਮੈਨੂੰ ਆਪਣੇ ਸੁਭਾਅ ਦਾ ਪਤਾ ਹੈ, ਮੈਂ ਖ਼ੁਦ ਨੂੰ ਹਾਲਾਤ ਮੁਤਾਬਿਕ ਢਾਲ ਲੈਂਦਾ ਹਾਂ। ਮੈਂ ਹਰ ਸੰਭਵ ਕੋਸ਼ਿਸ਼ ਕੀਤੀ ਕਿ ਤੁਹਾਨੂੰ ਚੰਗਾ ਲੱਗਾਂ। ਪਿਆਰ ਹਾਸਲ ਕਰਨ ਖ਼ਾਤਰ ਮੈਨੂੰ ਖ਼ੁਸ਼ਾਮਦ ਕਰਨੀ ਨਹੀਂ ਆਉਂਦੀ। ਤੁਸੀਂ ਆਪਣੇ ਆਪ ਨੂੰ ਮਸੋਲੀਨੀ, ਨੈਪੋਲੀਅਨ ਅਤੇ ਹਿਟਲਰ ਵਰਗੇ ਰੌਸ਼ਨ ਦਿਮਾਗ਼ ਵਾਲੀ ਔਰਤ ਆਖਿਆ ਕਰਦੇ। ਕਮਜ਼ੋਰ ਲੋਕ ਤੁਹਾਡੀ ਉਸਤਤ ਕਰਦੇ ਤੁਹਾਨੂੰ ਚੰਗੇ ਲੱਗਦੇ, ਮੈਂ ਅਜਿਹਾ ਕਰਨੋਂ ਇਨਕਾਰੀ ਹੋ ਗਿਆ ਜਿਸ ਕਾਰਨ ਤੁਹਾਡੀ ਨਾਰਾਜ਼ਗੀ ਸਹੇੜੀ ਤੇ ਮੇਰਾ ਸੰਤੁਲਨ ਵਿਗੜਿਆ। ਮੇਰੇ ਇਕ ਇਕ ਲਫ਼ਜ਼ ਦੇ ਗ਼ਲਤ ਅਰਥ ਕੀਤੇ ਜਾਂਦੇ ਤੇ ਮੇਰੇ ਵਿਚ ਤੁਹਾਨੂੰ ਕੇਵਲ ਬੁਰਾਈਆਂ ਦਿੱਸਦੀਆਂ। ਮੈਂ ਸਮਝ ਗਿਆ ਇਹ ਤੁਹਾਡਾ ਸੁਭਾਅ ਹੈ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ।

- ਮੈਂ ਤੁਹਾਨੂੰ ਬਹੁਤ ਰੋਕਿਆ ਕਿ ਮੇਰੇ ਵਾਸਤੇ ਇੰਗਲਿਸ਼ ਟੀਚਰ ਦਾ ਪ੍ਰਬੰਧ ਨਾ ਕਰੋ ਕਿਉਂਕਿ ਮੈਂ ਤੁਹਾਡੇ 'ਤੇ ਕੋਈ ਵੀ ਫ਼ਾਲਤੂ ਬੋਝ ਨਹੀਂ ਪਾਉਣਾ ਸੀ ਪਰ ਤੁਸੀਂ ਦੋਸ਼ ਲਾਇਆ ਕਿ ਨਾਲਾਇਕ ਹੋਣ ਕਰਕੇ ਮੈਂ ਪੜ੍ਹਨਾ ਨਹੀਂ ਚਾਹੁੰਦਾ। ਮੇਰੇ ਉੱਤੇ ਇਹ ਦੋਸ਼

ਲਾਇਆ ਕਿ ਮੈਂ ਝੂਠ ਬੋਲਦਾ ਹਾਂ। ਅੰਮ੍ਰਿਤਾ ਇਨ੍ਹੀਂ ਦਿਨੀਂ ਇੰਨੀ ਤਣਾਉਗ੍ਰਸਤ ਅਤੇ ਥੱਕੀ ਹੋਈ ਸੀ ਕਿ ਮੈਨੂੰ ਸਿਖਾਉਣ ਜੋਗੀ ਨਹੀਂ ਸੀ। ਆਪਣੇ ਆਪ ਮੈਂ ਪੜ੍ਹਨਾ ਨਹੀਂ ਸੀ ਕਿਉਂਕਿ ਮੈਨੂੰ ਡਰ ਸੀ ਕਿ ਜੇ ਮੈਂ ਗ਼ਲਤ ਭਾਸ਼ਾ ਸਿੱਖ ਗਿਆ, ਫਿਰ ਉਸਨੂੰ ਭੁੱਲਣ ਵਿਚ ਬੜੀ ਮੁਸ਼ਕਲ ਆਏਗੀ। ਜੇ ਤੁਹਾਡੇ ਕੋਲ ਕੁਝ ਦਿਆਲੂ ਲਫ਼ਜ਼ ਹੁੰਦੇ, ਮੇਰੇ ਲਈ ਫ਼ਾਇਦੇਮੰਦ ਹੋਣੇ ਸਨ। ਉਲਟਾ ਤੁਸੀਂ ਆਪਣੇ ਬੋਲਾਂ ਰਾਹੀਂ ਮੈਨੂੰ ਲਹੂ-ਲੁਹਾਣ ਕਰਦੇ ਰਹੇ। ਮੈਂ ਇਕੱਲਾ ਰਹਿ ਗਿਆ, ਮੈਨੂੰ ਲੱਗਾ ਮੈਂ ਗੁਆਚ ਗਿਆ ਹਾਂ, ਆਪਣੇ ਆਲੇ-ਦੁਆਲੇ ਦਿੱਸਦੇ ਤੇ ਅਣਦਿੱਸਦੇ ਦੁਸ਼ਮਣਾਂ ਵਿਚ ਘਿਰੇ ਹੋਏ ਨੂੰ ਮੈਨੂੰ ਪਤਾ ਨਾ ਲੱਗਦਾ ਆਪਣੀ ਰੱਖਿਆ ਕਿਵੇਂ ਕਰਾਂ ? ਇਸ ਹਾਲਤ ਵਿਚ ਮੈਂ ਫ਼ੈਸਲਾ ਕੀਤਾ ਕਿ ਸਭ ਕੁਝ ਭੁੱਲ ਜਾਵਾਂ, ਕੇਵਲ ਜਿਊਂਦਾ ਰਹਾਂ। ਸੱਚ ਜਾਣਨਾ ਇਹ ਮੇਰੇ ਜੀਵਨ ਦੇ ਸਭ ਤੋਂ ਵੱਧ ਸੰਕਟਮਈ ਦਿਨ ਸਨ ਤੇ ਮੈਨੂੰ ਸੰਭਲਣ ਵਿਚ ਲੰਮਾ ਸਮਾਂ ਲੱਗਿਆ। ਮੈਂ ਖ਼ਾਮੋਸ਼ ਹੋ ਗਿਆ, ਜਿੰਨਾ ਚੁੱਪ ਰਹਿੰਦਾ, ਤੁਹਾਡਾ ਵਰਤਾਰਾ ਉਨਾ ਵਧੀਕ ਭੈੜਾ ਹੁੰਦਾ ਜਾਂਦਾ। ਮੈਨੂੰ ਕੇਵਲ ਆਪਣੀ ਪਿਆਰੀ ਪਤਨੀ ਅਮਰੀ ਉਪਰ ਵਿਸ਼ਵਾਸ ਸੀ, ਇਸ ਭੈੜੀ ਹਾਲਤ ਵਿਚ ਮੈਂ ਕੁਝ ਵੀ ਕਰਨ ਜੋਗਾ ਨਹੀਂ ਸਾਂ। ਆਪਣੇ ਦੇਸ਼ ਵਿਚ ਚੰਗਾ ਭਲਾ ਕਮਾਈ ਕਰਦਾ, ਖਾਂਦਾ ਪੀਂਦਾ ਇਥੇ ਆ ਕੇ ਮੈਂ ਤੁਹਾਡੇ 'ਤੇ ਨਿਰਭਰ ਹੋ ਗਿਆ। ਜੋ ਮੈਂ ਬਣਿਆ ਹਾਂ ਆਪਣੀ ਸਖ਼ਤ ਮਿਹਨਤ ਸਦਕਾ ਹਾਂ ਨਾ ਕਿ ਤੁਹਾਡੇ ਸਦਕਾ, ਜਿਵੇਂ ਕਿ ਹਰ ਵਕਤ ਤੁਸੀਂ ਆਖਦੇ ਰਹਿੰਦੇ ਹੋ, ਸਭ ਤੁਹਾਡੇ ਸਦਕਾ ਹੀ ਹੋਇਆ। ਸਾਡਾ ਰੇਸਤਰਾਂ ਤਾਂ ਚੱਲਿਆ ਨਾ, ਘਾਟਾ ਪਾ ਕੇ ਅਸੀਂ ਹੋਰ ਹੱਥ ਪੈਰ ਮਾਰਦੇ ਗੁਜ਼ਾਰਾ ਕਰਦੇ ਰਹੇ। ਮਾਂ ਨੇ ਜਿਹੜਾ ਖ਼ਤ ਮੈਨੂੰ ਲਿਖਿਆ, ਉਹ ਮੈਂ ਤੁਹਾਨੂੰ ਦਿਖਾ ਦਿੱਤਾ ਤੇ ਤੁਸੀਂ ਇਹਦੇ ਅਜੀਬ ਅਰਥ ਕੱਢੇ। ਮੈਂ ਬੁਦਾਪੈਸਟ ਵਿਚ ਇੰਨਾ ਸਖ਼ਤ ਕੰਮ ਕੀਤਾ ਕਿ ਆਰਾਮ ਕਰਨਾ ਭੁੱਲ ਗਿਆ, ਸਿਹਤ ਵਿਗੜਦੀ ਦੇਖ ਕੇ ਮਾਂ ਕਿਹਾ ਕਰਦੀ ਸੀ - ਮਾੜਾ ਮੋਟਾ ਖੇਡ ਆਇਆ ਕਰ, ਤੁਰ ਫਿਰ ਆਇਆ ਕਰ, ਮੈਂ ਕਿਤੇ ਨਾ ਜਾਂਦਾ। ਖ਼ਤ ਵਿਚ ਮਾਂ ਨੇ ਇਸ ਕਰਕੇ ਲਿਖਿਆ ਸੀ - ਵਿਕਟਰ ਐਕਸਰਸਾਈਜ਼ ਕਰਿਆ ਕਰ। ਤੁਸੀਂ ਇਸ ਦਾ ਮਤਲਬ ਕੱਢਿਆ ਕਿ ਮੇਰੀ ਮਾਂ ਨੂੰ ਪਤਾ ਹੈ ਕਿ ਮੈਂ ਕੰਮਚੋਰ ਹਾਂ - ਤੈਨੂੰ ਕੰਮ ਕਰਨ ਦੀ ਕੀ ਲੋੜ ? ਸਰੀ ਜਾਂਦੈ। ਹਸਪਤਾਲ ਵਿਚ ਕੌਣ ਦੌੜ ਭੱਜ ਕਰਦਾ ਫਿਰੇ ? ਮੈਂ ਚੁੱਪ-ਚੁਪੀਤਾ ਭਲੇ ਦਿਨਾਂ ਦੀ ਉਡੀਕ ਕਰਦਾ ਰਹਿੰਦਾ। ਅਸੀਂ ਸਰਾਇਆ ਵੱਲ ਚੱਲ ਪਏ, ਲੱਗਦਾ ਸੀ ਦੂਰੀ ਕਾਰਨ ਮਾਹੌਲ ਠੀਕ ਹੋ ਜਾਵੇਗਾ। ਇਥੇ ਵੀ ਫ਼ਰਕ ਨਹੀਂ ਪਿਆ। ਹੱਦ ਉਦੋਂ ਹੋਈ ਜਦੋਂ ਤੁਸੀਂ ਮੈਨੂੰ ਹਰਾਮੀ ਅਤੇ ਮੇਰੇ ਪਾਪਾ ਨੂੰ ਸੁਸਤ ਸੂਰ ਕਿਹਾ। ਮੈਨੂੰ ਪਤੈ ਤੁਹਾਡੀ ਮਾਨਸਿਕ ਹਾਲਤ ਠੀਕ ਨਹੀਂ ਤਾਂ ਵੀ ਖ਼ਤਾਂ ਵਿਚ ਅਜਿਹਾ ਕੁਝ ਲਿਖਣ ਦਾ ਕੀ ਅਰਥ ? ਮੇਰੇ ਪਿਤਾ ਬਾਰੇ ਬਾਰ ਬਾਰ ਇਹੋ ਲਫ਼ਜ਼ ਵਰਤੇ। ਮੈਂ ਆਪਣੇ ਪਿਤਾ ਨੂੰ ਉਸਦੀ ਮੌਤ ਬਾਦ ਵੀ ਪਿਆਰ ਕਰਨੋਂ ਨਹੀਂ ਹਟਿਆ, ਉਹ ਮੈਨੂੰ ਦੇਵਤਾ ਲੱਗਦਾ ਹੈ। ਸਾਲਾਂ ਤੱਕ ਉਸਨੂੰ ਯਾਦ ਕਰਦਿਆਂ ਮਾਂ ਰੋ ਪੈਂਦੀ। ਜਦੋਂ ਤੁਸੀਂ ਸਾਡੇ ਉਪਰ ਆਪਣੇ ਵੱਲੋਂ ਕੀਤੇ ਉਪਕਾਰਾਂ ਦਾ ਜ਼ਿਕਰ ਕਰਨੋਂ ਨਾ ਹਟਦੇ, ਅਮਰੀ ਅਤੇ ਮੈਂ ਦੁਖੀ ਹੁੰਦੇ ਰਹਿੰਦੇ। ਮੈਂ ਵਿਸਥਾਰ ਵਿਚ ਨਹੀਂ ਜਾਵਾਂਗਾ ਕਿਉਂਕਿ ਹੰਝੂ ਮੇਰੀਆਂ ਪਲਕਾਂ ਤੱਕ ਪੁੱਜ ਗਏ ਹਨ। ਕੋਈ ਮਾਂ ਤੁਹਾਡੇ ਵਰਗੀ ਵੀ ਹੁੰਦੀ ਹੈ ? ਡਾਕਟਰ ਹੋਣ ਕਰਕੇ ਮੈਨੂੰ ਮਰੀਜ਼ਾਂ ਦੇ ਸੁਭਾਅ ਦੀ ਸਮਝ ਹੈ, ਇਸ ਕਰਕੇ ਉਹ ਗੱਲਾਂ ਵੀ ਸਮਝ ਜਾਨਾਂ ਜਿਨ੍ਹਾਂ ਬਾਰੇ ਹੋਰ ਲੋਕ ਨਹੀਂ ਸਮਝਦੇ।

- ਤੁਹਾਡੇ ਵੱਲੋਂ ਅਮਰੀ ਨੂੰ ਭੇਜਿਆ ਜਨਮ ਦਿਨ ਦੀ ਵਧਾਈ ਦਾ ਕਾਰਡ ਮਿਲਿਆ ਤਾਂ ਅਸੀਂ ਖ਼ੁਸ਼ ਹੋ ਗਏ, ਲੱਗਿਆ, ਹੁਣ ਭਲੇ ਦਿਨ ਆਉਣਗੇ। ਪਰ ਥੋੜ੍ਹੇ ਦਿਨਾਂ ਬਾਦ

ਫਿਰ ਉਹੀ ਕੁਝ, ਬਿਨਾਂ ਕਿਸੇ ਕਾਰਨ ਦੇ ਮੇਰੀ ਬੇਇਜ਼ਤੀ, ਬਾਰ ਬਾਰ ਹੱਤਕ। ਮੇਰਾ ਨਾ ਸਹੀ, ਤੁਹਾਨੂੰ ਆਪਣੀ ਧੀ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਜਿਹੜੀ ਇਕਦਮ ਮਾਸੂਮ ਹੈ। ਬੱਚੇ ਅਤੇ ਮਾਪੇ ਇਕ ਦੂਜੇ ਨੂੰ ਸਮਝ ਨਾ ਸਕਣ ਤਾਂ ਕਿੰਨਾ ਦੁੱਖ ਹੁੰਦਾ ਹੈ। ਇਕ ਦੂਜੇ ਨੂੰ ਸਮਝਣਾ ਬੜਾ ਆਸਾਨ ਕੰਮ ਹੈ। ਅੰਕਲ ਉਮਰਾਓ ਧੀਰਜਵਾਨ ਹੈ। ਉਸਦੀ ਈਮਾਨਦਾਰੀ ਸਦਕਾ ਮੈਂ ਉਸਨੂੰ ਬਹੁਤ ਪਿਆਰ ਕਰਦਾ ਹਾਂ। ਮੈਂ ਉਸ ਨਾਲ ਹਰ ਸਮੱਸਿਆ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤਿਆਰ ਹਾਂ। ਆਪਣੀਆਂ ਆਦਤਾਂ, ਸੁਭਾਅ ਬਦਲਣ ਲਈ ਤਿਆਰ ਹਾਂ। ਮੈਂ ਤਾਂ ਇਸ ਤਰ੍ਹਾਂ ਦਾ ਬੰਦਾ ਹਾਂ ਕਿ ਦੋ ਮਿੱਠੇ ਬੋਲ ਬੋਲ ਕੇ ਮੇਰੇ ਤੋਂ ਜੋ ਮਰਜ਼ੀ ਕੰਮ ਲੈ ਲਉ। ਮੈਨੂੰ ਛਾਂਟੇ ਨਾਲ ਨਹੀਂ ਹੱਕਿਆ ਜਾ ਸਕਦਾ। ਮੈਂ ਹੁਣ ਅਬੋਧ ਬਾਲਕ ਨਹੀਂ ਹਾਂ। ਇਸ ਸਾਰੇ ਕੁਝ ਦੇ ਬਾਵਜੂਦ ਮੈਨੂੰ ਗ਼ੁੱਸਾ ਨਹੀਂ ਕਿਉਂਕਿ ਮੈਂ ਹਾਲਾਤ ਤੋਂ ਵਾਕਫ਼ ਹਾਂ। ਅਮਰੀ ਨਾਲ ਸਲਾਹ ਕੀਤੀ ਕਿ ਇਸ ਹਾਲਤ ਵਿੱਚੋਂ ਕਿਵੇਂ ਨਿਕਲੀਏ, ਇਸ ਸਿੱਟੇ 'ਤੇ ਪੁੱਜੇ ਕਿ ਸਭ ਠੀਕ ਹੋ ਸਕਦਾ ਹੈ, ਬੱਸ ਤੁਸੀਂ ਸਾਨੂੰ ਆਪਣੇ ਦੁਸ਼ਮਣ ਨਾ ਸਮਝੋ। ਅਸੀਂ ਤੁਹਾਡਾ ਪੂਰਾ ਸਤਿਕਾਰ ਕਰਦੇ ਹਾਂ। ਗ਼ੁੱਸਾ ਤਿਆਗਣਾ ਤੁਹਾਡੇ 'ਤੇ ਨਿਰਭਰ ਕਰਦਾ ਹੈ, ਮੈਂ ਗ਼ੁੱਸੇ ਵਿਚ ਨਹੀਂ ਹਾਂ, ਉਦਾਸ ਜ਼ਰੂਰ ਹਾਂ। ਯਕੀਨ ਕਰੋ, ਭੂਤਕਾਲ ਨੂੰ ਜ਼ਾਲਮ ਵਾਂਗ ਯਾਦ ਨਹੀਂ ਕਰਾਂਗੇ, ਕਹਾਂਗੇ - ਇਹ ਸਾਡੀਆਂ ਗ਼ਲਤੀਆਂ ਦਾ ਸਮਾਂ ਸੀ। ਤੁਹਾਡੇ ਹੱਥ ਚੁੰਮਦਾ ਹੋਇਆ ਉਮੀਦ ਕਰਦਾ ਹਾਂ ਕਿ ਸਭ ਠੀਕ ਹੋ ਜਾਵੇਗਾ, ਜੀਵਨ ਅਤੇ ਭਵਿੱਖ ਸੁਖਦਾਈ ਹੋਣਗੇ।

ਇਸ ਖ਼ਤ ਨਾਲ ਕੋਈ ਫ਼ਰਕ ਨਹੀਂ ਪਿਆ। ਮਾਂ ਨਿਰੰਤਰ ਗਾਲ੍ਹੀ-ਗਲੋਚ ਭਰੇ, ਨਫ਼ਰਤ ਭਰੇ ਖ਼ਤ ਲਿਖਦੀ ਰਹੀ। ਅੰਮ੍ਰਿਤਾ ਨੇ ਪਿਤਾ ਨੂੰ ਲਿਖਿਆ - ਦਿਲ ਕਰਦਾ ਸੀ ਮਾਂ ਦੇ ਖ਼ਤ ਦੀ ਨਕਲ ਤੁਹਾਨੂੰ ਭੇਜ ਦਿੰਦੀ। ਸਾਨੂੰ ਉਹ ਬਦਕਾਰ, ਅਪਰਾਧੀ, ਗੰਦੇ, ਅਸਾਧਾਰਨ ਵਿਭਚਾਰੀ, ਹੰਢੇ ਹੋਏ ਬਦਮਾਸ਼ ਲਿਖਦੀ ਹੈ। ਇਹ ਵੀ ਲਿਖਿਆ ਹੈ ਕਿ ਵਿਕਟਰ ਨੂੰ ਮੈਡੀਸਿਨ ਦੀ ਕੋਈ ਸਮਝ ਨਹੀਂ। ਸਬੂਤ ਵਜੋਂ ਪ੍ਰਕਾਸ਼ ਦੇ ਬਲੱਡ ਟੈਸਟ ਦਾ ਗ਼ਲਤ ਨਤੀਜਾ ਦੱਸਦੀ ਹੈ। ਲੈਬ ਦੀ ਗ਼ਲਤੀ ਵਿਕਟਰ ਦੇ ਨਾਂ ਮੜ੍ਹ ਦਿੱਤੀ। ਕਹਿੰਦੀ ਹੈ ਇਹ ਵਿਕਟਰ ਦੀ ਸਾਜ਼ਿਸ਼ ਹੈ। ਉਹ ਭੁੱਲ ਗਈ ਕਿ ਸਿਵਲ ਸਰਜਨ ਸਮੇਤ ਡਾਕਟਰਾਂ ਦੀ ਟੀਮ ਦੇ ਯਤਨ ਫ਼ੇਲ੍ਹ ਹੋਣ ਪਿੱਛੋਂ ਵਿਕਟਰ ਨੇ ਪ੍ਰਕਾਸ਼ ਦੀ ਜਾਨ ਬਚਾਈ ਤੇ ਇਕ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਮੰਮੀ ਨੇ ਜਦੋਂ ਖ਼ੁਦਕੁਸ਼ੀ ਕਰਨ ਦਾ ਯਤਨ ਕੀਤਾ ਤਦ ਵੀ ਵਿਕਟਰ ਦੀ ਯੋਗਤਾ ਕਾਰਨ ਉਸਦੀ ਜਾਨ ਬਚੀ ਸੀ।

ਵਿਕਟਰ ਨੇ ਇਕਬਾਲ ਸਿੰਘ ਨੂੰ ਦੱਸਿਆ ਸੀ ਕਿ ਸਰਾਇਆ ਉਹ ਕਲੇਸ਼ ਤੋਂ ਬਚਣ ਵਾਸਤੇ ਥੋੜ੍ਹੇ ਸਮੇਂ ਲਈ ਆਏ ਹਨ, ਸੈਟਲ ਹੋਣ ਲਈ ਨਹੀਂ। ਹਸਪਤਾਲ ਦੇ ਸਟਾਫ਼ ਨੂੰ ਉਸਨੇ ਇਲਾਜ ਦੀਆਂ ਨਵੀਆਂ ਤਕਨੀਕਾਂ ਦੱਸੀਆਂ। ਇਥੇ ਮਜੀਠੀਆ ਨਿਵਾਸ ਵਿਚ ਅੰਮ੍ਰਿਤਾ ਨੇ ਜਨਵਰੀ 1940 ਵਿਚ *ਦ ਐਨਸ਼ਿਐਂਟ ਸਟੋਰੀ ਟੈਲਰ* ਪੇਂਟ ਕੀਤੀ। ਕਿਰਪਾਲ ਦੀ ਧੀ ਜੋਜੀ ਨੂੰ ਮਾਡਲ ਲੈ ਕੇ *ਪੀਂਘ* ਪੇਂਟ ਕੀਤੀ। ਯਸ਼ੋਧਰਾ ਡਾਲਮੀਆਂ ਲਿਖਦੀ ਹੈ - ਸੱਤਰ ਸਾਲ ਦੀ ਉਮਰ ਵਿਚ ਹੁਣ ਵੀ ਜੋਜੀ ਇਕਦਮ ਫ਼ੁਰਤੀਲੀ ਹੈ, ਅੰਮ੍ਰਿਤਾ ਨੂੰ ਯਾਦ ਕਰਦਿਆਂ ਕਹਿਣ ਲੱਗੀ - ਅਸੀਂ ਤਾਂ ਬੱਚੇ ਸਾਂ, ਉਹ ਜੀਵਨ ਦੀ ਸੰਪੂਰਨਤਾ ਮਾਣ ਰਹੀ ਸੀ। ਅਸੀਂ ਉਸ ਨਾਲ ਗੱਲਾਂ ਕਰਦੀਆਂ, ਛੇੜ-ਛਾੜ ਕਰਦੀਆਂ, ਬਹੁਤ ਪਿਆਰੀ, ਨਿੱਘੀ, ਦਿਆਲੂ ਤੇ ਦੋਸਤਾਨਾ ਸੁਭਾਅ ਵਾਲੀ। ਮੈਨੂੰ ਮਸਾਂ ਇਕ ਘੰਟਾ ਸਾਹਮਣੇ ਬਿਠਾ ਕੇ ਸਕੈਚ ਬਣਾਇਆ, ਇਕ ਹਫ਼ਤਾ ਰੰਗ ਭਰਨ ਨੂੰ ਲੱਗਿਆ। ਬੜਾ ਤੇਜ਼ ਬੁਰਸ਼ ਚੱਲਦਾ ਸੀ। ਮੈਨੂੰ

ਗਿਫ਼ਟ ਵਜੋਂ ਦੇਣ ਲੱਗੀ ਤਾਂ ਮੈਂ ਕਿਹਾ - ਆਪਣੇ ਕੋਲ ਹੀ ਰੱਖ ਲਉ। ਕਹਿਣ ਲੱਗੀ - ਠੀਕ ਐ, ਜਦੋਂ ਦਿਲ ਕਰੇ ਲੈ ਜਾਈਂ।

ਅਕਤੂਬਰ 1940 ਵਿਚ ਜਵਾਹਰ ਲਾਲ ਨਹਿਰੂ ਯੂ.ਪੀ. ਦਾ ਦੌਰਾ ਕਰਦਿਆਂ ਗੋਰਖਪੁਰ ਆਇਆ, ਹੁਣ ਉਹ ਬਰਿਟਿਸ਼ ਰਾਜ ਵਿਰੁੱਧ ਲੋਕਾਂ ਨੂੰ ਤੇਜ਼ੀ ਨਾਲ ਲਾਮਬੰਦ ਕਰ ਰਿਹਾ ਸੀ, ਦੂਜੀ ਸੰਸਾਰ ਜੰਗ ਵਿਚ ਅੰਗਰੇਜ਼ਾਂ ਦੀ ਮੱਦਦ ਨਾ ਕਰਨ ਲਈ ਪ੍ਰੇਰ ਰਿਹਾ ਸੀ। ਛੇ ਅਕਤੂਬਰ ਨੂੰ ਗੋਰਖਪੁਰ ਵਿਚ ਭਾਸ਼ਣ ਦਿੱਤਾ। ਇਥੇ ਗੋਰਖਪੁਰ ਦੇ ਥਾਣੇ ਵਿਚ ਉਸ ਵਿਰੁੱਧ ਬਗ਼ਾਵਤ ਦਾ ਕੇਸ ਦਰਜ ਹੋਇਆ। ਅੰਮ੍ਰਿਤਾ, ਨਹਿਰੂ ਨੂੰ ਮਿਲੀ। ਨਹਿਰੂ ਨੇ ਕਿਹਾ - ਸਟੇਸ਼ਨ ਤੱਕ ਮੈਨੂੰ ਛੱਡ ਕੇ ਆ। ਉਥੇ ਉਸਦੀ ਗ੍ਰਿਫ਼ਤਾਰੀ ਹੋਈ। ਗਿਆਰਾਂ ਅਕਤੂਬਰ, ਮਾਂ ਨੂੰ ਲਿਖਿਆ - ਕੁਝ ਦਿਨ ਪਹਿਲਾਂ ਨਹਿਰੂ ਨਾਲ ਮੁਲਾਕਾਤ ਹੋਈ, ਹਮੇਸ਼ ਵਾਂਗ ਸੁਹਣਾ। ਉਸਨੇ ਪੁਰਾਣੇ ਦਿਨ ਯਾਦ ਕੀਤੇ, ਪਿਤਾ ਜੀ ਨੂੰ ਯਾਦ ਕੀਤਾ।

ਇਕ ਪਾਸੇ ਸੰਘਰਸ਼ਸ਼ੀਲ ਸਿਆਸਤਦਾਨ, ਵਿਚਕਾਰ ਜਦੋਜਹਿਦ ਕਰ ਰਹੀ ਕਲਾਕਾਰ, ਤੀਜੇ ਪਾਸੇ ਵਿਕਟਰ। ਇਸ ਆਖ਼ਰੀ ਮੁਲਾਕਾਤ ਦੀ ਫੋਟੋ ਪ੍ਰਾਪਤ ਹੈ।

ਮਜੀਠੀਆ ਪਰਿਵਾਰ ਅਕਸਰ ਸ਼ਿਕਾਰ ਮੁਹਿੰਮਾਂ ਉੱਤੇ ਜਾਂਦਾ। ਇਕ ਵਾਰ ਅੰਮ੍ਰਿਤਾ ਅਤੇ ਵਿਕਟਰ ਵੀ ਗਏ। ਵਿਕਟਰ ਨੇ ਚੀਤੇ ਦਾ ਸ਼ਿਕਾਰ ਕੀਤਾ, ਅੰਮ੍ਰਿਤਾ ਨੇ ਦੇਖਿਆ, ਇਸਦੀ ਫੋਟੋ ਖਿੱਚੀ। ਪਲ ਛਿਣ ਵਿਚ ਚੀਤੇ ਦਾ ਕੰਮ ਤਮਾਮ ਹੁੰਦਾ ਸਭ ਨੇ ਦੇਖਿਆ।

ਇੰਦਰਾ ਨੂੰ ਖ਼ਤ - ਮੈਂ ਤੇ ਵਿਕਟਰ ਇਕ ਦੂਜੇ ਨੂੰ ਬਹੁਤ ਚਾਹੁੰਦੇ ਹਾਂ। ਜਦੋਂ ਦੋਵੇਂ ਇਕੱਲੇ ਹੋਈਏ, ਚੁੱਪ ਕਰ ਕੇ ਬੈਠੇ ਰਹਿੰਦੇ ਹਾਂ, ਉਹ ਉਬਾਸੀਆਂ ਲੈਣ ਲੱਗਦਾ ਹੈ, ਮੈਂ ਲਗਾਤਾਰ ਡਿਪਰੈਸ਼ਨ ਵਿਚ ਉਤਰਦੀ ਜਾਂਦੀ ਹਾਂ, ਜਿਵੇਂ ਇਕ ਦੂਜੇ ਉਪਰ ਬੋਝ ਬਣੇ ਹੋਈਏ, ਫਿਰ ਸਾਡੇ ਵਿੱਚੋਂ ਇਕ ਜਣਾ ਕਹਿ ਦਿੰਦਾ ਹੈ - ਚਲੋ ਸ਼ਤਰੰਜ ਖੇਡੀਏ। ਸ਼ਤਰੰਜ ਸਿੱਖ ਰਹੀ ਹਾਂ, ਬਰਿੱਜ ਵਰਗੀ ਹੀ ਹੈ। ਬੇਸ਼ਕ ਇਸ ਬਾਰੇ ਸਾਡੇ ਵਿੱਚੋਂ ਕੋਈ ਜਣਾ ਕੁਝ ਨਹੀਂ ਬੋਲਦਾ, ਪਰ ਅਸੀਂ ਹੇਠਾਂ ਉਦਾਂਸੀ ਵੱਲ ਸਰਕਦੇ ਜਾਂਦੇ ਹਾਂ। ਜਦੋਂ ਮੈਂ ਇਸ ਦੇ ਕਾਰਨ ਲੱਭਣ ਲੱਗਦੀ ਹਾਂ, ਉਦੀਂ ਠੀਕ ਹੋ ਜਾਂਦੀ ਹਾਂ। ਦੋ ਜਜ਼ਬਾਤੀ ਬੰਦੇ ਦੇਰ ਤੱਕ ਇਕੱਠੇ ਰਹਿਣ ਤਾਂ ਇਸ ਤਰ੍ਹਾਂ ਦੀ ਰੁਕਾਵਟ ਆ ਜਾਇਆ ਕਰਦੀ ਹੈ, ਇਕ ਤਰ੍ਹਾਂ ਦੀ ਨੈਤਿਕ ਸੁੰਨ, ਇਕ ਪਹਾੜੀ ਜਿਥੇ ਚੜ੍ਹ ਨਾ ਸਕੀਏ।

ਪਿਤਾ ਨੂੰ ਲਿਖਿਆ - ਪੱਥਰ ਤ੍ਰਾਸ਼ਣ ਦਾ ਕੰਮ ਵੀ ਕੀਤਾ, ਸਾਰੇ ਆਖ ਰਹੇ ਨੇ ਵਧੀਐ, ਮੈਨੂੰ ਖ਼ਾਸ ਨਹੀਂ ਲੱਗਿਆ। ਤਿੰਨ ਸਾਧੂਆਂ ਦੀ ਪੇਂਟਿੰਗ ਬਣਾਈ ਹੈ। ਅਪਰਾਧੀ ਦਿਖਾਈ ਦਿੰਦੇ ਹਨ। ਇਹੋ ਜਿਹੇ ਬੰਦਿਆਂ ਨਾਲ ਚਾਚਾ ਜੀ ਕਿਵੇਂ ਮੇਲ-ਜੋਲ ਰੱਖ ਲੈਂਦੇ ਹਨ, ਪਤਾ ਨਹੀਂ। ਇਹ ਬੰਦੇ ਸਹੀ ਨਹੀਂ, ਅਕਲਮੰਦ ਨਹੀਂ, ਈਰਖਾਲੂ ਹਨ, ਸੌਦੇਬਾਜ਼ ਹਨ। ਤੁਸੀਂ ਇਥੇ ਹੁੰਦੇ ਇਨ੍ਹਾਂ ਦੀ ਖੱਲ ਉਧੇੜ ਦਿੰਦੇ।

ਜਨਵਰੀ 1941 ਵਿਚ ਕਾਰਲ ਖੰਡਾਲਵਾਲਾ ਇਨ੍ਹਾਂ ਨੂੰ ਮਿਲਣ ਸਰਾਇਆ ਆਇਆ, ਅੰਮ੍ਰਿਤਾ ਪੇਂਟ ਕਰ ਰਹੀ ਸੀ। ਦੇਖਦਿਆਂ ਕਿਹਾ - ਜਦੋਂ ਇਹ ਕੈਨਵਸ ਦੇ ਸਾਹਮਣੇ ਹੁੰਦੀ ਹੈ ਉਦੋਂ ਬਾਕੀ ਦਾ ਸੰਸਾਰ ਬਿਲਕੁਲ ਨਹੀਂ ਹੁੰਦਾ। ਅੰਮ੍ਰਿਤਾ ਨੂੰ ਲੈ ਕੇ ਕੁਸ਼ੀ-ਨਗਰ ਚਲਾ ਗਿਆ ਜਿਥੇ ਬੁੱਧ ਦਾ ਦੇਹਾਂਤ ਹੋਇਆ ਸੀ। ਉਥੇ ਤਿੰਨ ਦਿਨ ਰਹੇ। ਕਾਰਲ ਨੇ ਉਸ ਦੇ ਹੁਨਰ ਵਿਚਲੇ ਗੁਣ ਦੱਸੇ, ਹੌਸਲਾ ਅਫ਼ਜ਼ਾਈ ਕੀਤੀ ਜਿਸ ਨਾਲ ਉਹ ਮੁੜ ਉਤਸ਼ਾਹਿਤ ਹੋ ਗਈ, ਬਰੱਸ਼ ਚੱਲਿਆ, ਪਰ ਥੋੜ੍ਹੇ ਦਿਨਾਂ ਬਾਦ ਫਿਰ ਉਦਾਸੀ ਦੇ ਆਲਮ ਵਿਚ ਘਿਰ ਗਈ। ਇੰਦਰਾ ਨੂੰ 14 ਮਾਰਚ 1941 ਦੇ ਦਿਨ ਲਿਖਿਆ - ਖ਼ਾਲੀ

ਅਹਿਸਾਸ, ਅਸੰਤੁਸ਼ਟ, ਖਿਝੀ ਹੋਈ, ਤੇਰੇਂ ਵਾਂਗ ਰੋ ਵੀ ਨਹੀਂ ਸਕਦੀ। ਮਾਰੂ ਸ਼ਕਤੀਆਂ ਮੇਰਾ ਸਮਤੋਲ ਵਿਗਾੜ ਰਹੀਆਂ ਹਨ। ਥੋੜ੍ਹੇ ਹਨ ਜਿਨ੍ਹਾਂ ਨੂੰ ਮੇਰੇ ਕੰਮ ਦੀ ਜਾਣਕਾਰੀ ਹੈ। ਕੁਝ ਚੰਗਾ ਨਹੀਂ ਲੱਗਦਾ। ਅਖ਼ੀਰ ਮੈਂ ਫ਼ੈਸਲਾ ਕਰ ਲਿਐ ਕਿ ਸ਼ਮਸ਼ਾਨਘਾਟ ਨਹੀਂ ਚਿਤ੍ਰਨਾ।

ਸ਼ਮਸ਼ਾਨਘਾਟ ਦਾ ਦ੍ਰਿਸ਼ ਪੇਂਟ ਤਾਂ ਨਹੀਂ ਕਰ ਸਕੀ, ਸਕੈੱਚ ਬਣਾ ਦਿੱਤਾ। ਕੱਫ਼ਨ ਵਿਚ ਲੇਟੀ ਹੋਈ ਕੁੜੀ, ਖ਼ੁਸ਼ੀ ਤੋਂ ਪਾਰ ਸ਼ਾਂਤੀ ਦਾ ਅਹਿਸਾਸ। ਰਬੜ ਨਾਲ ਮਿਟਾ ਮਿਟਾ ਕੇ ਨਹੀਂ, ਪੱਕੇ ਹੱਥ ਨਾਲ ਇੱਕੋ ਵਾਰ ਲਕੀਰਾਂ ਵਾਹ ਦਿੱਤੀਆਂ।

ਕਾਰਲ ਨੂੰ ਲਿਖਿਆ - ਬਸੋਹਲੀ ਮਿਨੀਏਚਰਜ਼ ਦੇਖੀਆਂ। ਰਾਧਾ ਕ੍ਰਿਸ਼ਨ ਕਮਾਲ ਚਿਤਰੇ ਹਨ। ਮੈਂ ਇਨ੍ਹਾਂ ਚਿੱਤਰਾਂ ਨੂੰ ਦੇਖਦੀ ਰਹੀ ਤਾਂ ਗੋਗੈਂ ਸਾਹਮਣੇ ਆਉਂਦਾ ਰਿਹਾ, ਉਸਦੀ ਪੇਂਟਿੰਗ *ਓਤਾਹੀ* (1897) ਦੇਖੋ - ਔਰਤ, ਤੰਗ ਨੀਲਾ ਦੁਮੇਲ, ਹੇਠਾਂ ਲਿਸ਼ਕਦਾ ਪੀਲਾ ਰੰਗ, ਹੈਰਾਨੀਕੁੰਨ ਸਮਾਨਤਾ। ਉਸਦੀ *ਪਾਸਤੇਰਾਲਾ ਤਹਿਤੀਨੈਸ* (1897) ਦੇਖੋ। ਵੱਖ ਵੱਖ ਸਭਿਅਤਾਵਾਂ, ਵੱਖ ਵੱਖ ਸਮਿਆਂ ਦਾ ਮਹਾਨ ਆਰਟ ਇਕ ਦੂਜੇ ਨਾਲ ਕਿੰਨਾ ਮਿਲਦਾ ਹੈ। ਕੌਣ ਮੰਨੇਗਾ ਕਿ ਬਸੋਹਲੀ ਆਰਟ ਅਤੇ ਗੋਗੈਂ ਇੱਕੋ ਸ਼ੈਲੀ ਵਿਚ ਹਨ।

ਪੈਰਿਸ ਵਿਚ *ਦ ਯੰਗ ਗਰਲਜ਼* 1932 ਵਿਚ ਬਣਾਈ, ਭਰਪੂਰ ਪ੍ਰਸੰਸਾ ਮਿਲੀ, ਇਸ ਸਦਕਾ 1933 ਵਿਚ ਗ੍ਰੈਂਡ ਸੈਲੂਨ ਆਫ਼ ਪੈਰਿਸ ਵਿਚ ਐਸੋਸਿਏਟ ਚੁਣੀ ਗਈ। ਸਾਲ 1935 ਵਿਚ, *ਥਰੀ ਗਰਲਜ਼* ਸ਼ਿਮਲੇ ਵਿਚ ਬਣਾਈ। ਦੋਵਾਂ ਵਿਚ ਫ਼ਰਕ ਪ੍ਰਤੱਖ ਹੈ, ਪਹਿਲੀ ਵਿੱਚੋਂ ਪੱਛਮ ਦਿੱਸ ਰਿਹਾ ਹੈ, ਦੂਜੀ ਵਿਚ ਪੂਰਬ। ਪਹਾੜੀ ਮਰਦਾਂ ਔਰਤਾਂ ਦੇ ਚਿੱਤਰਾਂ ਵਿਚ ਭਾਰਤੀ ਪ੍ਰਭਾਵ ਤਾਂ ਹੈ ਹੀ ਪਰ ਪਾਲ ਗੋਗੈਂ ਨੇ 1888 ਵਿਚ ਜੋ *ਦ ਸਰਮਨ ਆਫਟਰ ਏ ਵਿਜ਼ਿਨ* ਬਣਾਈ ਸੀ, ਉਸਦੇ ਪ੍ਰਭਾਵ ਵੀ ਮੌਜੂਦ ਹਨ।

ਜਰਮਨ ਪੇਂਟਰ ਜਿਸਨੇ ਪਾਕਿਸਤਾਨ ਦੀ ਨਾਗਰਿਕਤਾ ਲੈ ਕੇ ਇਸਮਤ ਰਹੀਮ (1904-63) ਨਾਮ ਰੱਖਿਆ, ਅੰਮ੍ਰਿਤਾ ਨੂੰ ਸ਼ਿਮਲੇ ਮਿਲੀ ਜਿਥੇ ਉਸਦਾ ਪਤੀ ਜੇ.ਏ. ਰਹੀਮ ਅਫ਼ਸਰ ਲੱਗਾ ਹੋਇਆ ਸੀ। ਦੋਵੇਂ ਮਿਊਨਖ ਵਿਚ ਇਕੱਠੇ ਪੜ੍ਹਦੇ ਸਨ। ਅੰਮ੍ਰਿਤਾ ਨੇ ਉਸਨੂੰ ਮੈਲਕਮ ਦਾ ਪੋਰਟ੍ਰੇਟ ਦਿੱਤਾ। ਇਹ ਜੋੜਾ ਕਰਾਚੀ ਵਿਚ ਵੱਸ ਗਿਆ ਜਿਥੇ ਇਸਮਤ ਨੇ ਆਰਟਸ ਕੌਂਸਲ ਦੀ ਸਥਾਪਨਾ ਕੀਤੀ। ਉਸਦੀ ਪੇਂਟਿੰਗ *ਦੋ ਔਰਤਾਂ* (1960) ਦੇਖੋ। ਦੋ ਜਣੀਆਂ ਮੰਜੀ 'ਤੇ ਬੈਠੀਆਂ ਦੇਖਕੇ ਤੁਹਾਨੂੰ ਅੰਮ੍ਰਿਤਾ ਦੀ ਸ਼ੈਲੀ ਦਾ ਝਲਕਾਰਾ ਸਾਫ਼ ਦਿੱਸੇਗਾ। ਪੈਰਿਸ ਵਿਚ ਅੰਮ੍ਰਿਤਾ ਨੇ *ਯੰਗ ਗਰਲਜ਼* ਨਾਮ ਦੀ ਜਿਹੜੀ ਪੇਂਟਿੰਗ ਬਣਾ ਕੇ ਵਾਹਵਾ ਖੱਟੀ ਸੀ, ਉਸ ਬਾਰੇ ਇਸਮਤ ਲਿਖਦੀ ਹੈ - *ਯੰਗ ਗਰਲਜ਼* ਅੰਦਰ ਬੈਠੀਆਂ ਕੁੜੀਆਂ ਦਾ ਸੀਨ ਹੈ, ਕਮਰੇ ਵਿਚ ਆਰਾਮ ਨਾਲ ਬੈਠੀਆਂ ਹਨ, ਕੁਝ ਦਿਲਚਸਪ ਨਹੀਂ ਕਰਦੀਆਂ, ਦੇਖਣ ਨੂੰ ਵੀ ਬਹੁਤ ਸੁਹਣੀਆਂ ਨਹੀਂ, ਬੱਸ ਦੋ ਕੁੜੀਆਂ, ਇਕ ਗੋਰੀ ਦੂਜੀ ਪੱਕੇ ਰੰਗ ਵਾਲੀ। ਪਰ ਦ੍ਰਿਸ਼ ਤੁਹਾਨੂੰ ਧੂ ਪਾਉਂਦਾ ਹੈ। ਇਹੋ ਜਿਹੀ ਸ਼ਾਨਦਾਰ ਤਸਵੀਰ 19 ਸਾਲ ਦੀ ਕੁੜੀ ਨੇ ਬਣਾ ਦਿੱਤੀ। ਤਾਕਤਵਰ, ਮਰਦਾਨਗੀ ਦੀ ਝਲਕ ਵਾਲੀ।

ਪੱਛਮ ਵਿਚ ਕਲਾਕਾਰ ਔਰਤਾਂ ਗਰੁੱਪ ਬਣਾ ਕੇ, ਯੂਨੀਅਨਾਂ ਬਣਾ ਕੇ ਕੰਮ ਕਰਦੀਆਂ, ਮੁਕਤੀ ਲਈ ਸੰਘਰਸ਼ ਕਰਦੀਆਂ। ਹਰ ਦੇਸ਼ ਵਿਚ ਕੋਈ ਨਾ ਕੋਈ ਇਸਤਰੀ ਕੌਂਸਲ ਹੁੰਦੀ। ਭਾਰਤ ਵਿਚ ਅਜਿਹੀ ਕੋਈ ਇਸਤਰੀ ਜਥੇਬੰਦੀ ਨਹੀਂ ਸੀ, ਨਾ ਅੰਮ੍ਰਿਤਾ ਨੂੰ ਇਸ ਦੀ ਲੋੜ ਪਈ। ਉਹ ਏਨੀ ਦਲੇਰ ਸੀ ਕਿ ਉਸਨੂੰ ਜਥੇਬੰਦੀ ਦੀ ਲੋੜ ਨਹੀਂ ਸੀ, ਕਮਜ਼ੋਰ ਹੁੰਦੀ ਤਾਂ ਖ਼ੁਦ ਵੀ ਜਥੇਬੰਦੀ ਬਣਾ ਸਕਦੀ ਸੀ। ਮਹਾਤਮਾ ਗਾਂਧੀ ਦਾ ਆਜ਼ਾਦੀ ਅੰਦੋਲਨ, ਸਤਿਆਗ੍ਰਹਿ, ਸ਼ਾਂਤਮਈ ਸੀ, ਇਸ ਕਰਕੇ ਇਧਰ ਤਾਂ ਔਰਤਾਂ ਰੁਚਿਤ ਹੋ ਰਹੀਆਂ

ਸਨ, ਸਰੋਜਨੀ ਨਾਇਡੂ ਵਾਂਗ ਅਗਵਾਈ ਕਰਨ ਲੱਗ ਪਈਆਂ ਸਨ, ਪਰ ਆਰਟ ਦਾ ਖੇਤਰ ਕੇਵਲ ਮਰਦਾਂ ਵਾਸਤੇ ਸੁੰਵਾ ਪਿਆ ਸੀ। ਸਖ਼ਤ ਵਿਰੋਧਾਂ ਵਿਚ ਅੰਮ੍ਰਿਤਾ ਨਿਰੰਤਰ ਕਾਰਜਸ਼ੀਲ ਰਹੀ।

1941 ਦੇ ਸ਼ੁਰੂ ਵਿਚ ਲਾਹੌਰ ਗਏ ਜਿਥੇ ਰਹਿਣ ਦਾ ਇਰਾਦਾ ਸੀ, ਸੰਖੇਪ ਸਰਵੇ ਕਰ ਕੇ ਪਰਤ ਆਏ। 26 ਸਾਲ ਦੀ ਅੰਮ੍ਰਿਤਾ ਨੇ ਜਦੋਂ ਲਾਹੌਰ ਨੁਮਾਇਸ਼ ਲਾਈ ਤਾਂ ਉਸਨੂੰ ਪਤਾ ਲੱਗਾ ਕਿ ਉਸਦਾ ਬਚਪਨ ਦਾ ਆਰਟ ਟੀਚਰ ਪੈਟਮੈਨ ਲਾਹੌਰ ਵਿਚ ਹੈ, ਤੁਰੰਤ ਉਸਨੂੰ ਸੱਦਿਆ। ਜੁਆਨ ਹੋਈ ਅੰਮ੍ਰਿਤਾ ਦੀ ਸੁੰਦਰਤਾ ਦੇਖੀ, ਆਤਮ ਵਿਸ਼ਵਾਸ ਦੇਖਿਆ ਤੇ ਕਲਾ ਕ੍ਰਿਤਾਂ ਦੇਖ ਕੇ ਪੈਟਮੈਨ ਨੇ ਮਾਪਿਆਂ ਨੂੰ ਸਲਾਹ ਦਿੱਤੀ - ਪਹਿਲਾਂ ਲੰਦਨ ਸਲੇਡ ਸਕੂਲ ਵਿਚ ਡ੍ਰਾਇੰਗਜ਼ ਸਿੱਖਣ ਲਈ ਫਿਰ ਪੈਰਿਸ ਦੇ ਬਿਓ ਆਰਟਸ ਸਕੂਲ ਵਿਚ ਰੰਗਾਂ ਦੀ ਟ੍ਰੇਨਿੰਗ ਲਈ ਭੇਜੋ। ਉਸਦੀ ਇਸ ਸਲਾਹ ਉੱਤੇ ਅਮਲ ਨਾ ਹੋ ਸਕਿਆ।

ਫਿਰ ਜੂਨ ਵਿਚ ਗਏ, ਸਭ ਤੋਂ ਪਹਿਲਾਂ ਇਕਬਾਲ ਸਿੰਘ ਨੂੰ ਮਿਲੇ ਜੋ ਆਲ ਇੰਡੀਆ ਰੇਡੀਓ ਵਿਚ ਕੰਮ ਕਰਦਾ ਸੀ। ਸ਼ਿਮਲੇ ਉਹ ਅੰਮ੍ਰਿਤਾ ਨੂੰ ਵਿਆਹ ਤੋਂ ਪਹਿਲੋਂ ਦਾ ਜਾਣਦਾ ਸੀ ਤੇ ਦੋਸਤਾਂ ਵਿੱਚੋਂ ਸੀ। ਉਸਨੇ ਲਿਖਿਆ - 1934 ਵਿਚ ਜਦੋਂ ਪੈਰਿਸੋਂ ਵਾਪਸ ਆਈ, ਇਕ ਦਿਨ ਸ਼ਿਮਲੇ ਦੇ ਪ੍ਰਸਿੱਧ ਰੇਸਤਰਾਂ ਦੇਵਿਕੋ ਅੰਦਰ ਲੰਘ ਆਈ, ਹਾਲ ਵਿਚ ਖ਼ਾਮੋਸ਼ੀ ਛਾ ਗਈ, ਹਰੇਕ ਦੀਆਂ ਨਜ਼ਰਾਂ ਉਸ ਵੱਲ, ਗੂੜ੍ਹੀ ਹਰੀ ਸਾੜ੍ਹੀ, ਸੂਹਾ ਬਲਾਊਜ਼, ਤਿੱਬਤੀ ਗਹਿਣੇ। ਕੁਝ ਦਿਨ ਬਾਦ ਇਕਬਾਲ ਨੂੰ ਘਰ ਸੱਦ ਕੇ ਆਪਣਾ ਸਟੂਡੀਓ ਦਿਖਾਇਆ, ਦੇਖਦਿਆਂ ਇਕਬਾਲ ਨੇ ਖ਼ੂਬ ਦਾਦ ਦਿੱਤੀ, ਕਿਹਾ ਕਿ ਗੋਗੈਂ ਵਰਗੇ ਤਜਰਬੇ ਹਨ। ਸਾਰੇ ਵਾਕ ਉਸਨੂੰ ਖ਼ੁਸ਼ ਕਰਨ ਲਈ ਕਹੇ, ਖ਼ੁਸ਼ ਹੋ ਗਈ। ਦੀਵਾਨ ਚਮਨਲਾਲ ਨੂੰ ਵੀ ਲਾਹੌਰ ਮਿਲੇ, ਉਸਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਭਰਤੀ ਹੋ ਕੇ ਡਾਕਟਰ ਇਥੋਂ ਫ਼ੌਜ ਨਾਲ ਚਲੇ ਗਏ ਹਨ, ਹੁਣ ਪ੍ਰੈਕਟਿਸ ਕਰਨ ਦਾ ਸਹੀ ਮੌਕਾ ਹੈ। ਅੰਮ੍ਰਿਤਾ ਨੂੰ ਆਰਟ ਦੇ ਪੱਖ ਤੋਂ ਲਾਹੌਰ ਆਪਣੇ ਲਈ ਠੀਕ ਥਾਂ ਲੱਗਾ। ਵਿਕਟਰ ਵਾਪਸ ਸਰਾਇਆ ਆ ਗਿਆ ਤੇ ਉਹ ਚਮਨਲਾਲ ਹੁਰਾਂ ਕੋਲ ਬਾਦ ਵਿਚ ਵੀ ਰਹੀ। ਇਥੇ ਸੋਵੀਅਤ ਪੇਂਟਰ ਸਵੇਤੋਸਲਾਵ ਰੋਰਿਖ ਨੂੰ ਮਿਲੀ ਜੋ ਆਪਣੇ ਪਿਤਾ ਪ੍ਰਸਿੱਧ ਆਰਟਿਸਟ ਨਿਕੋਲਸ ਨਾਲ ਆਇਆ ਹੋਇਆ ਸੀ, ਪਿਤਾ ਨੇ ਕੁੱਲੂ ਅਤੇ ਹਿਮਾਲੀਆ ਦੇ ਬਹੁਤ ਵਧੀਆ ਚਿੱਤਰ ਬਣਾਏ ਸਨ। ਪਿੱਛੋਂ ਜਾ ਕੇ 1945 ਵਿਚ ਸਵੇਤੋਸਲਾਵ ਨੇ ਟੈਗੋਰ ਦੀ ਪੋਤੀ, ਪ੍ਰਸਿੱਧ ਫ਼ਿਲਮ ਅਭਿਨੇਤਰੀ ਦੇਵਿਕਾ ਰਾਣੀ ਨਾਲ ਵਿਆਹ ਕਰਵਾਇਆ। ਦੇਵਿਕਾ ਰਾਣੀ *ਅਛੂਤ ਕੰਨਿਆਂ* ਫ਼ਿਲਮ ਰਾਹੀਂ 1936 ਵਿਚ ਹੀ ਪ੍ਰਸਿੱਧ ਹੋ ਚੁੱਕੀ ਸੀ।

ਲਾਹੌਰ ਤੋਂ ਸ਼ਿਮਲੇ ਆ ਗਈ, ਦੇਖਿਆ ਕਿ ਇੰਦਰਾ ਅਤੇ ਉਸਦੇ ਪਤੀ ਨੇ ਉਸਦੇ ਸਟੂਡੀਓ 'ਤੇ ਕਬਜ਼ਾ ਕਰ ਲਿਆ ਹੈ। ਦੂਜੇ ਕਮਰੇ ਵਿਚ ਚਲੀ ਗਈ ਪਰ ਪੇਂਟ ਕਿਥੇ ਕਰੇ ? ਅੰਮ੍ਰਿਤਾ, ਇੰਦਰਾ ਨੂੰ ਪਿਆਰ ਕਰਦੀ ਸੀ ਪਰ ਇੰਦਰਾ ਨੂੰ ਉਸ ਨਾਲ ਈਰਖਾ ਸੀ ਕਿਉਂਕਿ ਅੰਮ੍ਰਿਤਾ ਜਿੰਨੀ ਸੁਹਣੀ ਨਹੀਂ ਸੀ, ਉਨੀ ਹਰਮਨ ਪਿਆਰੀ ਨਹੀਂ ਸੀ। ਜਦੋਂ ਵਿਕਟਰ ਨਾਲ ਇੰਡੀਆ ਆਈ, ਅੰਮ੍ਰਿਤਾ ਕੋਲ ਪੈਸੇ ਨਹੀਂ ਸਨ ਜਦੋਂ ਕਿ ਇੰਦਰਾ ਧਨੀ ਸੀ, ਉਸਨੂੰ ਇਸ ਗੱਲ ਦਾ ਵੀ ਫ਼ਖ਼ਰ ਸੀ, ਅਕਸਰ ਸ਼ੇਖ਼ੀਆਂ ਮਾਰਦੀ ਰਹਿੰਦੀ। ਇੰਦਰਾ ਨੇ ਇਕ ਵਾਰ ਡਿਨਰ ਦਿੱਤਾ ਜਿਸ ਵਿਚ ਤਿੰਨ ਵਿਦੇਸ਼ੀ ਮਹਿਮਾਨ ਆਏ। ਕੰਧਾਂ ਉੱਤੇ ਪੇਂਟਿੰਗਜ਼ ਦੇਖ ਕੇ ਚਿੱਤਰਕਾਰ ਬਾਰੇ ਪੁੱਛਿਆ। ਅੰਮ੍ਰਿਤਾ ਨਾਲ ਗੱਲਾਂ ਕਰਨ ਲੱਗੇ, ਇੰਦੂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਤੇ ਅੰਮ੍ਰਿਤਾ ਦੇ ਹੁਨਰ ਤੋਂ ਬੇਹੱਦ ਪ੍ਰਭਾਵਿਤ ਹੋਏ। ਉਨ੍ਹਾਂ ਦੇ ਜਾਣ ਪਿੱਛੋਂ

ਇੰਦਰਾ ਨੇ ਹੰਗਾਮਾ ਖੜਾ ਕਰ ਦਿੱਤਾ ਕਿ ਇਹ ਹਰ ਥਾਂ ਚੌਧਰਾਣੀ ਕਿਵੇਂ ਬਣ ਜਾਂਦੀ ਹੈ। ਅੰਮ੍ਰਿਤਾ ਨੇ ਕਿਹਾ - ਇਹ ਗੱਲ ਹੈ ਤਾਂ ਅੱਜ ਤੋਂ ਬਾਦ ਮੈਂ ਇਸ ਛੱਤ ਹੇਠ ਨੀਂ ਰਹਾਂਗੀ। ਇੰਦੂ ਨੇ ਕਿਹਾ - ਠੀਕ, ਹੁਣੇ ਦਫ਼ਾ ਹੋ। ਦਸ ਮੀਲ ਦਾ ਪੈਦਲ ਸਫ਼ਰ ਪਹਾੜੀ ਚੜ੍ਹ ਕੇ ਤੈਅ ਕੀਤਾ, ਸਵੇਰੇ ਤਿੰਨ ਵਜੇ ਹੈਲਨ ਦਾ ਬੂਹਾ ਖੜਕਾਇਆ। ਬਾਕੀ ਦਿਨ ਇਥੇ ਰਹੀ। ਖ਼ਤ ਲਿਖ ਕੇ ਵਿਕਟਰ ਨੂੰ ਇੰਦੂ ਬਾਰੇ ਸੰਖੇਪ ਦੱਸਿਆ। ਲਿਖਿਆ - ਜਿਹੋ ਜਿਹੇ ਚਾਂਦੀ ਦੇ ਮੋਟੇ ਚੂੜੇ ਯੂ.ਪੀ. ਦੀਆਂ ਔਰਤਾਂ ਪਹਿਨਦੀਆਂ ਹਨ, ਤੇਜੀ ਕੋਲ ਅਤੇ ਮੇਰੇ ਕੋਲ ਹਨ, ਉਨ੍ਹਾਂ ਨਾਲ ਦਾ ਇਕ ਸੈਟ ਹੈਲਨ ਵਾਸਤੇ ਲੈ ਆਉਣਾ। ਇਹ ਮੇਰਾ ਬਹੁਤ ਖ਼ਿਆਲ ਰੱਖਦੀ ਐ। ਤੂੰ ਲਿਖਿਐ ਤੈਨੂੰ ਮੇਰਾ ਆਰਟ ਚੰਗਾ ਲੱਗਦੈ। ਮੈਂ ਖ਼ੁਸ਼ ਹੋ ਗਈ। ਮੈਨੂੰ ਲੱਗਦਾ ਸੀ ਤੂੰ ਇਸ ਸਾਰੇ ਕਾਸੇ ਤੋਂ ਅਨਜਾਣ ਹੈਂ। ਅਨਜਾਣ ਹੋਣ ਨਾਲੋਂ ਤਾਂ ਚੰਗਾ ਹੈ ਕੋਈ ਮੇਰੇ ਕੰਮ ਨੂੰ ਨਫ਼ਰਤ ਕਰੇ, ਰੱਦ ਕਰੇ। ਜਦੋਂ ਉਦਾਸ ਹੁੰਨੀ ਆਂ ਤੈਨੂੰ ਯਾਦ ਕਰਦੀ ਹਾਂ। ਗੋਗੈਂ ਦੀ ਕਿਹੜੀ ਜੀਵਨੀ ਪੜ੍ਹ ਰਿਹੈਂ ਅੱਜ ਕੱਲ੍ਹ ? ਅੰਗਰੇਜ਼ੀ ਵਿਚ ਤਾਂ ਕੋਈ ਹੈ ਈ ਨਹੀਂ। *ਡੀਅਰ ਥੀਓ* ਜ਼ਰੂਰ ਪੜ੍ਹ, ਵਾਨ ਗਾਗ ਵਲੋਂ ਆਪਣੇ ਭਰਾ ਨੂੰ ਲਿਖੇ ਖ਼ਤ, ਕਮਾਲ ਦੇ।

26 ਸਾਲਾ ਖ਼ੁਸ਼ਵੰਤ ਸਿੰਘ ਵੀ ਹੈਲਨ ਅਤੇ ਚਮਨ ਲਾਲ ਜੋੜੀ ਦਾ ਦੋਸਤ ਸੀ। ਲੰਡਨ ਤੋਂ ਲਾਅ ਕਰ ਕੇ ਪ੍ਰੈਕਟਿਸ ਸ਼ੁਰੂ ਕੀਤੀ ਹੋਈ ਸੀ। ਉਸਦੇ ਪਿਤਾ ਦੀ ਕੋਠੀ ਚਮਨਲਾਲ ਦੀ ਰਿਹਾਇਸ਼ ਨੇੜੇ ਸੀ ਜਿਥੇ ਉਹ ਗਰਮੀਆਂ ਵਿਚ ਆਇਆ। ਅੰਮ੍ਰਿਤਾ ਨੇ ਵਿਕਟਰ ਨੂੰ 21 ਜੁਲਾਈ, 1941 ਨੂੰ ਖ਼ਤ ਵਿਚ ਲਿਖਿਆ - ਖ਼ੁਸ਼ਵੰਤ ਨਾਮ ਦੇ ਜੁਆਨ ਨੂੰ ਮਿਲੀ ਜੋ ਪਤਨੀ ਸਣੇ ਮਾਪਿਆਂ ਕੋਲ ਆਇਆ ਹੋਇਆ ਸੀ। ਮੈਨੂੰ ਲੰਚ ਵਾਸਤੇ ਸੱਦਿਐ। ਦੱਸਦਾ ਸੀ ਕਿ ਸਿਲਜ਼ਰ ਆਪਣਾ ਲਾਹੌਰ ਵਾਲਾ ਕਲੀਨਿਕ ਤੇ ਰਿਹਾਇਸ਼ ਵੇਚਣੀ ਚਾਹੁੰਦਾ ਹੈ। ਹੈਲਨ ਨੇ ਗ਼ੁੱਸੇ ਵਿਚ ਕਿਹਾ - ਇਹ ਗੱਲ ਬੰਦ ਕਰ। ਸਿਲਜ਼ਰ ਉਹ ਥਾਂ ਵੇਚ ਚੁੱਕਾ ਹੈ। ਹੁਣ ਦੂਜੀ ਵਾਰੀ ਵੇਚਣ ਵਾਲੀ ਗੱਲ ਖ਼ਤਮ। ਸੈਰ ਬਹੁਤ ਕਰਦੀ ਹਾਂ। ਕੱਚੇ ਸੇਬ ਕਾਫ਼ੀ ਖਾ ਗਈ, ਇਸ ਕਰਕੇ ਪੇਟ ਵਿਚ ਦਰਦ ਹੋ ਰਿਹਾ ਹੈ। ਰਸੀਦ ਦੇ ਸਪੈਲਿੰਗ reciet ਨਹੀਂ receipt ਹੁੰਦੇ ਨੇ।

10 ਜੁਲਾਈ, 1941 ਨੂੰ ਖ਼ੁਸ਼ਵੰਤ ਨੇ ਲਾਹੌਰ ਤੋਂ ਅੰਮ੍ਰਿਤਾ ਨੂੰ ਖ਼ਤ ਲਿਖਿਆ - ਪਿਆਰੀ ਮਿਸਿਜ਼ ਏਗਨ, ਡਾਕਟਰ ਸਿਲਜ਼ਰ ਦਾ ਕਲਿਨਿਕ ਵਿਕਾਊ ਹੈ ਪਰ ਉਸਨੇ ਕਿਹਾ ਹੈ ਕਿ ਅਕਤੂਬਰ ਤੱਕ ਰੁਕਣਾ ਪਵੇਗਾ ਕਿਉਂਕਿ ਅਜੇ ਅਮਰੀਕਾ ਨੇ ਉਸਨੂੰ ਵੀਜ਼ਾ ਨਹੀਂ ਦਿੱਤਾ। ਤੂੰ ਦੇਖ ਲਏਂਗੀ ਤਾਂ ਤੈਨੂੰ ਪਸੰਦ ਆਏਗਾ, ਫਿਰ ਡਾਕਟਰ ਨਾਲ ਗੱਲ ਕਰ ਲਵੀਂ। - ਖ਼ੁਸ਼ਵੰਤ।

ਅੰਮ੍ਰਿਤਾ ਦੀ ਕਿਸੇ ਚਿੱਠੀ ਵਿਚ ਇਸ ਪਿੱਛੋਂ ਖ਼ੁਸ਼ਵੰਤ ਸਿੰਘ ਦਾ ਜ਼ਿਕਰ ਨਹੀਂ ਆਇਆ। ਖ਼ੁਸ਼ਵੰਤ ਸਿੰਘ ਉਸਦਾ ਜ਼ਿਕਰ *ਟਰੁਥ, ਲਵ ਐਂਡ ਏ ਲਿਟਲ ਮੈਲਾਈਸ* ਵਿਚ ਕਰਦਾ ਹੈ - ਅਜੇ ਉਹ ਲਾਹੌਰ ਪੁੱਜੀ ਨਹੀਂ ਸੀ, ਉਸਦੀ ਸ਼ੁਹਰਤ ਪੁੱਜ ਗਈ। ਪਤੀ ਸਮੇਤ ਲਾਹੌਰ ਵੱਸਣਾ ਚਾਹੁੰਦੀ ਸੀ। ਸੁਹਣੀ ਸੀ ਤੇ ਦਿਲ ਫੈਂਕ ਵੀ। ਨਹਿਰੂ ਉਸ ਉਪਰ ਮੋਹਿਤ ਹੋ ਗਿਆ ਸੀ। ਉਸਦੇ ਇਸ਼ਕਾਂ ਦੀਆਂ ਕਹਾਣੀਆਂ ਲੋਕ ਚਟਖਾਰੇ ਲਾ ਲਾ ਸੁਣਾਉਂਦੇ। ਪਤਾ ਨਹੀਂ ਸੱਚ ਕਿ ਝੂਠ ਪਰ ਉਸਦੀ ਵਾਸ਼ਨਾ ਦੀ ਬਿਰਤੀ ਦੇ ਯੱਕੜ ਚੱਲੀ ਜਾਂਦੇ। ਮੈਂ ਉਸਨੂੰ ਮਿਲਣ ਦਾ ਇੱਛੁਕ ਸਾਂ ਤੇ ਛੇਤੀ ਸਬੱਬ ਬਣ ਗਿਆ।

ਇਕ ਦੁਪਹਿਰ ਰੋਟੀ ਖਾਣ ਲਾਹੌਰ ਘਰ ਆਇਆ ਤਾਂ ਦੇਖਿਆ ਮੇਜ਼ ਉਪਰ ਬੀਅਰ ਦੀ ਖ਼ਾਲੀ ਬੋਤਲ ਅਤੇ ਪਰਸ ਪਿਆ ਸੀ, ਕਮਰੇ ਵਿਚ ਫ਼ਰੈਂਚ ਇਤਰ ਦੀ ਖ਼ੁਸ਼ਬੂ ਖਿਲਰੀ

ਹੋਈ, ਮੈਂ ਰਸੋਈ ਵਿਚ ਜਾ ਕੇ ਆਪਣੇ ਖ਼ਾਨਸਾਮੇ ਨੂੰ ਪੁੱਛਿਆ, ਉਸਨੇ ਕਿਹਾ - ਮੈਂ ਨਹੀਂ ਜਾਣਦਾ, ਇਕ ਮੇਮ ਸਾਹਿਬ ਸਾੜ੍ਹੀ ਪਹਿਨ ਕੇ ਆਈ ਹੈ। ਤੁਹਾਡੇ ਬਾਰੇ ਪੁੱਛਿਆ - ਮੈਂ ਕਿਹਾ ਦੁਪਹਿਰੇ ਲੰਚ ਸਮੇਂ ਆਉਣਗੇ। ਇਧਰ ਉਧਰ ਦੇਖ ਕੇ ਆਪੇ ਫਰਿੱਜ ਖੋਲ੍ਹ ਕੇ ਆਹ ਬੀਅਰ ਕੱਢ ਲਿਆਈ। ਹੁਣ ਬਾਥਰੂਮ ਵਿਚ ਹੈ। ਮੈਂ ਬਿਨਾਂ ਦੇਖੇ ਸਮਝ ਗਿਆ, ਅੰਮ੍ਰਿਤਾ ਹੈ, ਉਹੀ ਸੀ। ਦੱਸਿਆ ਕਿ ਸੜਕ ਪਾਰ ਉਸਨੇ ਮਕਾਨ ਕਿਰਾਏ 'ਤੇ ਲੈ ਲਿਐ ਤੇ ਮੈਥੋਂ ਮਿਸਤਰੀਆਂ, ਪਲੰਬਰਾਂ, ਦਰਜ਼ੀਆਂ ਆਦਿਕ ਬਾਰੇ ਪੁੱਛਣ ਲੱਗੀ। ਮੈਨੂੰ ਜੋ ਪਤਾ ਸੀ ਦੱਸ ਦਿੱਤਾ। ਮੈਂ ਉਸ ਨਾਲ ਸਿੱਧੀ ਨਜ਼ਰ ਨਾ ਮਿਲਾ ਸਕਿਆ, ਉਸ ਦੀਆਂ ਅੱਖਾਂ ਵਿਚਲੀ ਲਿਸ਼ਕ ਕੁਝ ਬੇਸ਼ਰਮ ਜਿਹੀ ਸੀ ਕਿ ਮੇਰੇ ਵਰਗਾ ਕਮਜ਼ੋਰ ਬੰਦਾ ਨੀਵੀਂ ਪਾ ਲਏ। ਮੱਥੇ ਦੇ ਐਨ ਵਿਚਕਾਰ ਚੀਰਨੀ, ਵਾਲ ਕੱਸ ਕੇ ਗੁੱਤ ਕੀਤੀ ਹੋਈ। ਮੋਟੇ ਬੁੱਲ੍ਹ। ਮੈਂ ਦੱਸਿਆ - ਮੈਂ ਤੁਹਾਡੇ ਬਾਰੇ ਸੁਣਿਐ ਕਿ ਵਧੀਆ ਪੇਂਟਰ ਹੋ, ਫਿਰ ਆਪਣੀ ਬੀਵੀ ਦੀਆਂ ਵਾਟਰ ਕੱਲਰ ਵਿਚ ਬਣਾਈਆਂ ਕੰਧ 'ਤੇ ਟੰਗੀਆਂ ਤਸਵੀਰਾਂ ਵੱਲ ਸੈਨਤ ਕਰਦਿਆਂ ਕਿਹਾ - ਇਹ ਮੇਰੀ ਪਤਨੀ ਦੀਆਂ ਹਨ, ਸਿੱਖ ਰਹੀ ਹੈ।

- ਦਿੱਸਦਾ ਈ ਹੈ ਸਿਖਾਂਦਰੂ ਹੈ, ਉਹ ਬੋਲੀ। ਉਸ ਵਿਚ ਰਤਾ ਭਰ ਹਲੀਮੀ ਨਹੀਂ ਸੀ। ਜੋ ਦਿਲ ਵਿਚ ਆਉਂਦਾ ਕਹਿ ਦਿੰਦੀ, ਕਿਸੇ ਨੂੰ ਚੰਗਾ ਲੱਗੇ, ਬੁਰਾ, ਪ੍ਰਵਾਹ ਨਹੀਂ।

ਦੂਜੀ ਵਾਰ ਸ਼ਿਮਲੇ ਮਿਲੇ। ਖ਼ੁਸ਼ਵੰਤ ਆਪਣੀ ਪਤਨੀ ਅਤੇ ਬੇਟੇ ਨੂੰ ਕਸੌਲੀ ਤੋਂ ਲੈ ਆਇਆ। ਅੰਮ੍ਰਿਤਾ ਉਦੋਂ ਚਮਨਲਾਲ ਹੋਰਾਂ ਨਾਲ ਰਹਿ ਰਹੀ ਸੀ। ਖ਼ੁਸ਼ਵੰਤ ਸਿੰਘ ਨੇ ਇਨ੍ਹਾਂ ਨੂੰ ਲੰਚ ਦੀ ਦਾਅਵਤ ਦਿੱਤੀ। ਦਰੱਖ਼ਤ ਹੇਠ ਬੀਅਰ ਅਤੇ ਜਿਨ ਦਾ ਦੌਰ ਚੱਲਿਆ। ਬੱਚਾ ਅਜੇ ਕੋਈ ਕੋਈ ਕਦਮ ਪੁੱਟਣ ਲੱਗਾ ਸੀ, ਸੁਹਣੀ ਸ਼ਕਲ, ਘੁੰਗਰਾਲੇ ਵਾਲ, ਗੱਲ੍ਹਾਂ ਵਿਚ ਟੋਏ, ਮੁਤਲਾਸ਼ੀ ਅੱਖਾਂ, ਸਾਰੇ ਉਸਦੀ ਪ੍ਰਸੰਸਾ ਕਰ ਰਹੇ ਸਨ। ਅੰਮ੍ਰਿਤਾ ਨੇ ਕਿਹਾ - ਕਿੰਨਾ ਬਦਸੂਰਤ ਮੁੰਡੈ। ਸਾਰਿਆਂ ਨੂੰ ਇਹ ਗੱਲ ਬੁਰੀ ਲੱਗੀ, ਬੇਪ੍ਰਵਾਹ ਅੰਮ੍ਰਿਤਾ ਬੀਅਰ ਪੀਂਦੀ ਰਹੀ। ਖਾਣਾ ਖਾ ਕੇ ਚਲੀ ਗਈ। ਉਸਨੂੰ ਕਿਸੇ ਨੇ ਦੱਸਿਆ ਕਿ ਤੇਰੇ ਆਉਣ ਬਾਦ ਖ਼ੁਸ਼ਵੰਤ ਦੀ ਬੀਵੀ ਨੇ ਤੈਨੂੰ ਗੰਦੀ ਕੁੱਤੀ ਕਿਹਾ ਸੀ। ਗੱਲ ਦੱਸਣ ਵਾਲੇ ਨੂੰ ਅੰਮ੍ਰਿਤਾ ਨੇ ਕਿਹਾ - ਮੈਂ ਇਸ ਜ਼ਨਾਨੀ ਨੂੰ ਸਬਕ ਸਿਖਾਵਾਂਗੀ। ਮੈਂ ਇਹਦਾ ਖ਼ਾਵੰਦ ਭਜਾ ਕੇ ਲੈ ਜਾਵਾਂਗੀ। ਖ਼ੁਸ਼ਵੰਤ ਸਿੰਘ ਲਿਖਦਾ ਹੈ - ਉਸਨੇ ਆਪਣਾ ਕਥਨ ਸੱਚ ਕਰ ਕੇ ਨਹੀਂ ਦਿਖਾਇਆ। ਬੀਵੀ ਨੇ ਐਲਾਨ ਕਰ ਦਿੱਤਾ ਕਿ ਉਹ ਇਸ ਘਰ ਵਿਚ ਮੁੜ ਕੇ ਨਹੀਂ ਵੜੇਗੀ।

19 ਅਕਤੂਬਰ, 1941 ਨੂੰ ਉਸਦੀ ਸ਼ਿਮਲੇ ਵਾਰਤਾ ਰਿਕਾਰਡ ਹੋਈ, ਜਿਹੜੀ ਆਲ ਇੰਡੀਆ ਲਾਹੌਰ ਤੋਂ ਬਰੋਡਕਾਸਟ ਹੋਈ। *ਇੰਡੀਅਨ ਆਰਟ ਟੁਡੇ* ਵਿਚ ਉਸਨੇ ਕਿਹਾ - ਇੰਡੀਅਨ ਆਰਟ ਆਖਣਾ ਸਹੀ ਨਹੀਂ, ਇੰਡੀਅਨ ਪੇਂਟਿੰਗ ਕਹਿਣਾ ਚਾਹੀਦਾ ਹੈ ਕਿਉਂਕਿ ਅੱਜ ਬੁੱਤਤ੍ਰਾਸ਼ੀ ਭਾਰਤ ਵਿੱਚੋਂ ਅਲੋਪ ਹੋ ਗਈ ਹੈ, ਬੁੱਤਤ੍ਰਾਸ਼ੀ ਨੂੰ ਕਦੀ ਪੂਰੀ ਸਭਿਅਤਾ ਸਮਰਪਿਤ ਹੋ ਗਈ ਸੀ। ਮਾੜੀ ਮੋਟੀ ਕਿਧਰੇ ਬੁੱਤਕਲਾ ਹੋ ਰਹੀ ਹੈ, ਉਹ ਅੰਨ੍ਹੇਵਾਹ ਪੱਛਮ ਦੇ ਕੱਚਘਰੜ ਕਲਾਕਾਰਾਂ ਦੀ ਨਕਲ ਹੈ ਤੇ ਪੱਛਮੀ ਕਲਾਕਾਰ ਵਾਸਤਵ ਵਿਚ ਭਾਰਤ ਦੀ ਪੁਰਾਤਨ ਸਿਰਜਣਾ ਵਿੱਚੋਂ ਸਬਕ ਸਿੱਖਣ ਲੱਗੇ ਕੋਈ ਪ੍ਰਯੋਗ ਆਦਿਕ ਕਰਦੇ ਰਹਿੰਦੇ ਹਨ ਜੋ ਸਾਰਾ ਕੁਝ ਗ਼ਲਤ ਮਲਤ ਤੇ ਦਿਸ਼ਾਹੀਣ ਹੈ।

ਜਾਨਵਰਾਂ ਦੇ ਚਿੱਤਰ ਬਣਾਉਣ ਲੱਗੀ, ਊਠ, ਘੋੜੇ, ਹਾਥੀ, ਮੱਝਾਂ, ਗਾਵਾਂ, ਕੁੱਤਾ, ਕਾਂ, ਜਾਨਵਰ ਚਿਤਰਨ ਵਕਤ ਉਹ ਵਧੀਕ ਸਥਿਰ, ਵਧੀਕ ਤਾਕਤਵਰ ਲੱਗਦੀ ਹੈ।

ਦੋ ਆਦਮੀ ਅਤੇ ਤਿੰਨ ਊਠਾਂ ਵਾਲਾ ਉਸਦਾ ਚਿੱਤਰ ਸ਼ਾਨਦਾਰ ਹੈ। ਊਠਾਂ ਦੇ ਚਿਹਰਿਆਂ ਤੋਂ ਉਨ੍ਹਾਂ ਦੇ ਭਾਵਾਂ ਦਾ ਪਤਾ ਲੱਗ ਰਿਹਾ ਹੈ। ਹਾਥੀਆਂ ਦੇ ਚਿੱਤਰ ਬਣਾਉਂਦੀ ਹੋਈ ਦੱਸਦੀ ਹੈ ਕਿ ਸ਼ੈਲੀ ਅਜੰਤਾ ਵਾਲੀ ਨਹੀਂ, ਮੁਗ਼ਲਾਂ ਵਾਲੀ ਵਰਤੀ ਹੈ।

ਅੰਮ੍ਰਿਤਾ ਅਤੇ ਵਿਕਟਰ ਨੂੰ ਸਾਫ਼ ਦਿੱਸ ਗਿਆ ਕਿ ਮਾਪੇ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ ਜਿਸ ਕਾਰਨ ਸਰੋਇਆ ਦੇ ਕਾਲੇ ਪਾਣੀਆਂ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਸ਼ਿਮਲਾ ਅਤੇ ਮਜੀਠਾ ਉਨ੍ਹਾਂ ਲਈ ਵਰਜਿਤ ਖੇਤਰ ਹੋ ਗਿਆ। ਆਖ਼ਰ ਲਾਹੌਰ ਪੁੱਜ ਕੇ ਮਾਲ ਰੋਡ ਨਜ਼ਦੀਕ ਪੌਸ਼ ਏਰੀਏ ਵਿਚ ਮਕਾਨ ਕਿਰਾਏ 'ਤੇ ਲੈ ਲਿਆ। ਪਹਿਲਾਂ ਮੁਗ਼ਲਾਂ ਨੇ, ਫਿਰ ਮਹਾਰਾਜਾ ਰਣਜੀਤ ਸਿੰਘ ਨੇ ਤੇ ਫਿਰ ਅੰਗਰੇਜ਼ਾਂ ਨੇ ਇਸ ਸ਼ਹਿਰ ਦੀ ਸੁੰਦਰਤਾ ਵਿਚ ਵਾਧਾ ਕੀਤਾ। ਇਸੇ ਸ਼ਹਿਰ ਵਿਚ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦਾ ਅਨਾਰਕਲੀ ਨਾਲ ਇਸ਼ਕ ਹੋਇਆ, ਇਥੇ ਜਹਾਂਗੀਰ ਦੀ ਬੇਗਮ ਨੂਰਜਹਾਂ ਦੀ ਕਬਰ ਹੈ। ਅੰਗਰੇਜ਼ਾਂ ਨੇ ਅਜਾਇਬ ਘਰ, ਹਾਈਕੋਰਟ, ਪੰਜਾਬ ਯੂਨੀਵਰਸਿਟੀ ਅਤੇ ਮੇਓ ਸਕੂਲ ਆਫ਼ ਆਰਟ ਸਥਾਪਤ ਕੀਤੇ। ਦੋਵਾਂ ਨੇ ਫ਼ੈਸਲਾ ਕੀਤਾ ਕਿ ਆਪਣੀ ਪਸੰਦ ਦੀ ਹਵੇਲੀ ਸਜਾਉਣਗੇ। ਹੇਠਲਾ ਹਿੱਸਾ ਵਿਕਟਰ ਦਾ ਹਸਪਤਾਲ ਹੋਏਗਾ ਤੇ ਉਪਰਲੀ ਮੰਜ਼ਲ ਅੰਮ੍ਰਿਤਾ ਦੀ ਵਰਕਸ਼ਾਪ ਅਤੇ ਆਰਟ ਗੈਲਰੀ। ਸੁਫ਼ਨਾ ਸਾਕਾਰ ਹੋਇਆ। ਖ਼ੁਦ ਫ਼ਰਸ਼ ਦੀ ਰਗੜਾਈ ਕੀਤੀ, ਬੂਹੇ ਬਾਰੀਆਂ ਨੂੰ ਖ਼ੁਦ ਪੇਂਟ ਕੀਤਾ। ਮੇਜ਼ ਕੁਰਸੀਆਂ ਲੋੜ ਜੋਗੀਆਂ ਕਿਰਾਏ 'ਤੇ ਲੈ ਲਈਆਂ। ਕੰਧਾਂ 'ਤੇ ਆਪਣੀਆਂ ਪੇਂਟਿੰਗਜ਼ ਸਜਾ ਦਿੱਤੀਆਂ। ਕਲਿਨਿਕ ਵਿਚ ਵਿਕਟਰ ਨੇ ਵੇਟਿੰਗ ਰੂਮ, ਚੈਕਅਪ ਰੂਮ, ਆਪ੍ਰੇਸ਼ਨ ਥਿਏਟਰ ਕਾਇਮ ਕਰ ਲਏ। ਇਕ ਛੋਟੀ ਫੋਰਡ ਕਾਰ ਖ਼ਰੀਦੀ। ਲਾਹੌਰ ਕਲਾਕਾਰਾਂ, ਸਾਹਿਤਕਾਰਾਂ ਦਾ ਗੜ੍ਹ ਸੀ। ਇਨ੍ਹਾਂ ਦੇ ਘਰ ਮਜਲਿਸਾਂ ਲੱਗਣੀਆਂ ਸ਼ੁਰੂ ਹੋ ਗਈਆਂ। ਅੰਮ੍ਰਿਤਾ ਦੀ ਸ਼ਾਨ ਸਿਖਰ 'ਤੇ ਸੀ।

ਹਸਪਤਾਲ ਵੀ ਚੱਲਿਆ ਅਤੇ ਦੂਰੋਂ ਨੇੜਿਓਂ ਕਲਾਕਾਰ ਅਤੇ ਕਲਾਪਾਰਖੂ ਆ ਕੇ ਵਿਚਾਰ-ਵਟਾਂਦਰਾ ਕਰਨ ਲੱਗੇ। ਸਾਹਿਤ ਅਤੇ ਫਲਸਫੇ ਦੀ ਚਰਚਾ ਹਿਤ ਮਜਲਿਸਾਂ ਲੱਗਦੀਆਂ। ਰੇਡੀਓ ਅਤੇ ਪ੍ਰੈਸ ਰਾਹੀਂ ਅੰਮ੍ਰਿਤਾ ਦੇ ਵਿਚਾਰ ਪ੍ਰਸਾਰਿਤ ਹੁੰਦੇ। ਮਹਾਂਨਗਰ ਲਾਹੌਰ ਵਿਚ ਉਹ ਕੇਂਦਰੀ ਸ਼ਖ਼ਸੀਅਤ ਬਣ ਗਈ ਜਿਸ ਦੁਆਲੇ ਪਰਿਕਰਮਾ ਕਰ ਕੇ ਕੁਝ ਨਾ ਕੁਝ ਹਾਸਲ ਹੋ ਸਕਦਾ ਸੀ। ਘਰ ਆਇਆਂ ਦਾ ਚਾਹ ਪਾਣੀ, ਕਾਫ਼ੀ ਨਾਲ ਸਵਾਗਤ ਹੁੰਦਾ। ਵਿਕਟਰ ਦੱਸਦਾ ਹੈ - ਲੋਕਾਂ ਵਿਚਕਾਰ ਘਿਰੀ ਉਹ ਖਿੜ ਜਾਂਦੀ। ਇਹ ਸਹੀ ਹੈ ਕਿ ਉਸਦੀ ਚੋਣ ਆਪਣੀ ਹੀ ਕਿਸਮ ਦੀ ਹੁੰਦੀ ਸੀ। ਦਰਮਿਆਨੀ ਬੁੱਧੀ ਦਾ ਬੰਦਾ ਉਸ ਕੋਲ ਵਧੀਕ ਸਮਾਂ ਬੈਠ ਹੀ ਨਹੀਂ ਸੀ ਸਕਦਾ, ਮੈਂ ਇਸ ਵਿਚਾਰ-ਵਟਾਂਦਰੇ ਨੂੰ ਦਿਲਚਸਪੀ ਨਾਲ ਦੇਖਦਾ। ਉਸ ਨੂੰ ਮਿਲਣ ਵਾਲਾ ਬੰਦਾ ਸਿੱਖਿਅਤ ਅਤੇ ਦਿਲਚਸਪ ਹੋਣਾ ਜ਼ਰੂਰੀ ਸੀ। ਉਸਨੇ ਦਸੰਬਰ ਵਿਚ ਆਪਣੀ ਵੱਡੀ ਨੁਮਾਇਸ਼ ਲਾਉਣ ਦਾ ਮਨ ਬਣਾਇਆ ਅਤੇ ਇਸ ਦੀ ਤਿਆਰੀ ਵਾਸਤੇ ਜੁੱਟ ਗਈ। ਹਵੇਲੀ ਦੀ ਬਾਰੀ ਵਿੱਚੋਂ ਬਾਹਰ ਸ਼ਹਿਰ ਵੱਲ ਦਾ ਦ੍ਰਿਸ਼ ਦੇਖਦਿਆਂ ਇਸ ਨੂੰ ਕੈਨਵਸ ਉਪਰ ਉਤਾਰਨ ਲੱਗੀ।

ਆਪਣੇ ਸਮੇਂ ਦੇ ਨਾਮਵਰ ਲੇਖਕ ਫ਼ੈਜ਼ ਅਹਿਮਦ ਫ਼ੈਜ਼, ਅਹਿਮਦ ਸ਼ਾਹ ਬੁਖ਼ਾਰੀ, ਗੁਰਬਖ਼ਸ਼ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਮੰਗਤ ਰਾਇ, ਉਸ ਵੇਲੇ ਲਾਹੌਰ ਵਿਚ ਰਹਿ ਰਹੇ ਸਨ। ਆਰਟਿਸਟਾਂ ਵਿੱਚੋਂ ਅਬਦੁਲ ਰਹਿਮਾਨ ਚੁਗ਼ਤਾਈ, ਬੀ.ਸੀ. ਸਾਨਿਆਲ, ਬੇਵਾਂ ਪੈਟਮੈਨ, ਮੇਰੀ ਕ੍ਰਿਸ਼ਨਾ, ਰੂਪ ਕ੍ਰਿਸ਼ਨ, ਕਿਸ਼ਨ ਖੰਨਾ, ਸਤੀਸ਼ ਗੁਜਰਾਲ ਸਭ ਉਥੇ ਸਨ। ਬੰਗਾਲ ਸਕੂਲ ਦਾ ਬੁੱਤਤ੍ਰਾਸ਼ ਸਾਨਿਆਲ ਲਾਹੌਰ ਵਿਚ ਲਾਲਾ ਲਾਜਪਤ

ਰਾਇ ਦਾ ਬੁੱਤ ਤ੍ਰਾਸ਼ਣ ਆਇਆ ਸੀ ਜਿਸਦਾ ਉਦਘਾਟਨ ਕਾਂਗਰਸ ਦੇ ਸਾਲਾਨਾ ਸੈਸ਼ਨ ਵਕਤ ਹੋਣਾ ਸੀ। ਬੁੱਤ ਤਿਆਰ ਕਰ ਦਿੱਤਾ। ਕਾਂਗਰਸ ਨੇ ਪੈਸੇ ਨਾ ਦਿੱਤੇ। ਖ਼ੁਦ ਉਸ ਕੋਲ ਪੈਸਾ ਨਹੀਂ ਸੀ। ਉਸਨੇ ਮੇਓ ਸਕੂਲ ਵਿਚ ਨੌਕਰੀ ਕਰ ਲਈ, ਕੁਝ ਸਮੇਂ ਬਾਦ ਆਪਣਾ ਸਕੂਲ ਆਫ਼ ਆਰਟ ਚਲਾ ਲਿਆ ਜੋ ਬਹੁਤ ਸ਼ਾਨ ਨਾਲ ਚੱਲਿਆ। ਇਸ ਦਾ ਨਾਮ ਸੀ ਲਾਹੌਰ ਸਕੂਲ ਆਫ਼ ਫ਼ਾਈਨ ਆਰਟਸ। ਇਸ ਸਕੂਲ ਵਿਚ ਉਹ ਸਾਰੇ ਤੇਜ਼ ਦਿਮਾਗ਼ ਕਲਾਕਾਰ ਦਾਖ਼ਲ ਹੋਏ ਜਿਹੜੇ ਅਕਾਦਮਿਕਤਾ ਦੇ ਪਰੰਪਰਾਗਤ ਬੰਧਨ ਤੋੜ ਕੇ ਕੁਝ ਨਵਾਂ ਕਰ ਕੇ ਦਿਖਾਣ। ਅਮਰਨਾਥ ਸਹਿਗਲ, ਦਮਿਅੰਤੀ ਚਾਵਲਾ, ਹਰਕਿਸ਼ਨ ਲਾਲ ਅਤੇ ਪ੍ਰੇਮਨਾਥ ਮਾਗੋ ਇਸ ਸਕੂਲ ਦੀ ਪੈਦਾਵਾਰ ਹਨ। ਸਾਨਿਆਲ ਅੰਮ੍ਰਿਤਾ ਦੇ ਹੁਨਰ ਤੋਂ ਬਾਖ਼ੂਬ ਵਾਕਫ਼ ਸੀ, ਅੰਮ੍ਰਿਤਾ ਅਕਸਰ ਉਸਦੇ ਸਟੂਡੀਓ ਵਿਚ ਜਾਂਦੀ। ਰੂਪ ਕਿਸ਼ਨ, ਰਾਇਲ ਕਾਲਜ ਆਫ਼ ਆਰਟ ਲੰਡਨ ਤੋਂ ਪੜ੍ਹ ਕੇ ਆਇਆ ਸੀ, ਉਸਦੀ ਗੋਰੀ ਬੀਵੀ ਮੇਰੀ ਕਿਸ਼ਨ ਵੀ ਉੱਤਮ ਕਲਾਕਾਰ, ਪਿੱਛੋਂ ਇੰਗਲੈਂਡ ਜਾ ਵੱਸੇ ਤੇ ਦੋਵਾਂ ਨੇ ਪ੍ਰਸਿੱਧ ਕਿਤਾਬ *ਫ਼ਾਰਮ ਐਂਡ ਸਬਸਟਾਂਸ* ਰਚੀ। ਇਹ ਕਿਤਾਬ ਬਰਿਟਿਸ਼ ਅਕਾਦਮਿਕਤਾ ਅਤੇ ਬੰਗਲਾ ਸਕੂਲ ਪੁਨਰ ਜਾਗਰਣ, ਦੋਵਾਂ ਸ਼ੈਲੀਆਂ ਦੇ ਖ਼ਿਲਾਫ਼ ਹੈ।

ਮਾਂ ਨੂੰ ਖ਼ਤ ਲਿਖਿਆ - ਜੋ ਚਾਹੁੰਦੀ ਸਾਂ ਮਿਲ ਗਿਆ। ਪਿਤਾ ਜੀ ਵਾਸਤੇ ਪੂਰਾ ਆਰਾਮਦੇਹ ਵੱਖ ਕਮਰਾ ਹੈ। ਪਿਤਾ ਦੇ ਮਨਪਸੰਦ ਖਾਣੇ ਕੁੱਕ ਬਣਾ ਸਕੇਗਾ, ਪਤਾ ਨਹੀਂ, ਪਰ ਪਿਤਾ ਖਾਣ ਪੀਣ ਦੇ ਮਾਮਲੇ 'ਤੇ ਨੋਕ ਝੋਕ ਵੀ ਨਹੀਂ ਕਰਦੇ। ਮੇਰੀਆਂ ਸ਼ਿਮਲੇ ਪਈਆਂ ਸਭ ਪੇਂਟਿੰਗਜ਼ ਭਿਜਵਾ ਦਿਉ।

ਉਸਨੇ ਦਸੰਬਰ ਦੇ ਮਹੀਨੇ ਨੁਮਾਇਸ਼ ਦਾ ਫ਼ੈਸਲਾ ਕੀਤਾ। ਕਾਰਲ ਖੰਡਾਲਵਾਲਾ ਅਤੇ ਪੰਜਾਬ ਲਿਟਰੇਰੀ ਲੀਗ ਦੇ ਪ੍ਰਧਾਨ ਸਰ ਅਬਦੁਲ ਕਾਦਿਰ ਨੂੰ ਜਾਣ ਪਛਾਣ ਲਿਖਣ ਵਾਸਤੇ ਕਿਹਾ। ਜ਼ੋਰ ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਗਈਆਂ। ਇਕਬਾਲ ਸਿੰਘ ਤਕਰੀਬਨ ਹਰ ਰੋਜ਼ ਚੱਕਰ ਲਾਉਂਦਾ। ਕੁਝ ਦਿਨਾਂ ਦੇ ਨਾਗੇ ਬਾਦ ਤਿੰਨ ਦਸੰਬਰ ਨੂੰ ਗਿਆ ਤਾਂ ਅਜੀਬ ਖ਼ਾਮੋਸ਼ੀ ਮਹਿਸੂਸ ਹੋਈ। ਵਿਕਟਰ ਕਲਿਨਿਕ ਵਿਚ ਨਹੀਂ ਸੀ। ਪੌੜੀਆਂ ਚੜ੍ਹ ਕੇ ਉਪਰ ਚਲਾ ਗਿਆ, ਦੇਖਿਆ, ਜ਼ਰਦ ਚਿਹਰਾ, ਅੰਮ੍ਰਿਤਾ ਮੰਜੇ 'ਤੇ ਲੇਟੀ ਪਈ ਸੀ। ਦੱਸਿਆ - ਸਰ ਅਬਦੁਲ ਕਾਦਿਰ ਦੇ ਘਰ ਗਈ ਸਾਂ, ਮੈਡਮ ਕਾਦਿਰ ਨੇ ਪਕੌੜੇ ਖੁਆਏ ਜਿਸ ਕਾਰਨ ਪੇਟ ਵਿਚ ਗੜਬੜ ਹੋ ਗਈ। ਉਦੋਂ ਦੀ ਠੀਕ ਨਹੀਂ ਹਾਂ। ਵਿਕਟਰ ਦਵਾਈ ਦੇ ਰਿਹੈ। ਕੁਝ ਸਮਾਂ ਗੱਲਬਾਤ ਕਰ ਕੇ ਇਕਬਾਲ ਚਲਾ ਗਿਆ। ਪੰਜ ਤਰੀਕ ਨੂੰ ਫਿਰ ਗਿਆ, ਵਿਕਟਰ ਪੌੜੀਆਂ ਉਤਰ ਰਿਹਾ ਸੀ, ਉਦਾਸ। - ਕੀ ਗੱਲ ਹੈ ? ਅੰਮ੍ਰਿਤਾ ਕਿਵੇਂ ਹੈ ? ਡਾਕਟਰ ਨੇ ਕਿਹਾ - ਗੰਭੀਰ। ਸ਼ਾਇਦ ਬਚ ਨਾ ਸਕੇ। ਬੇਹੋਸ਼ੀ ਵਿਚ ਹੈ, ਜੋ ਹੋ ਸਕਦੈ ਕਰ ਰਿਹਾਂ। ਇਕਬਾਲ ਆਪਣੀ ਗੱਡੀ ਵਿਚ ਹੈਲਨ ਨੂੰ ਉਸਦੇ ਪਤੀ ਸਣੇ ਲੈ ਆਇਆ।

ਹੈਲਨ ਤੇਜ਼ ਕਦਮੀਂ ਅੰਮ੍ਰਿਤਾ ਦੇ ਕਮਰੇ ਵਿਚ ਗਈ। ਆ ਕੇ ਦੱਸਿਆ ਕਿ ਮਰ ਰਹੀ ਹੈ, ਹੋਰ ਡਾਕਟਰ ਲਿਆਈਏ। ਡਾ. ਨਿਹਾਲ ਚੰਦ ਸੀਕਰੀ ਅਤੇ ਜਰਮਨ ਡਾਕਟਰ ਕੈਲਿਸ਼ ਨੇ ਆ ਕੇ ਮੁਆਇਨਾ ਕੀਤਾ ਤੇ ਕਿਹਾ - ਬਹੁਤ ਦੇਰ ਹੋ ਚੁੱਕੀ ਹੈ। ਮੌਤ ਤੱਕ ਖ਼ੂਨ ਵਗਦਾ ਰਹੇਗਾ। ਵਿਕਟਰ ਨੇ ਡਾ. ਰਘਬੀਰ ਸਿੰਘ ਨੂੰ ਬੁਲਾ ਲਿਆ ਜੋ ਲਾਹੌਰ ਦਾ ਮੰਨਿਆ ਹੋਇਆ ਸਰਜਨ ਸੀ। ਉਸਦੇ ਆਉਣ ਤੱਕ ਅੰਮ੍ਰਿਤਾ ਦਮ ਤੋੜ ਚੁੱਕੀ ਸੀ। ਅਠਾਈ ਸਾਲ ਦੀ ਉਮਰ, ਪੰਜ ਦਸੰਬਰ ਦੀ ਅੱਧੀ ਰਾਤ। ਅਗਲੇ ਦਿਨ 6 ਦਸੰਬਰ ਸ਼ਨੀਵਾਰ ਨੂੰ ਮਾਪੇ ਸ਼ਿਮਲੇ ਤੋਂ, ਇੰਦਰਾ ਅਤੇ ਉਸਦਾ ਪਤੀ ਕਲਿਆਣ ਸੁੰਦਰਮ ਦਿੱਲੀ ਤੋਂ ਲਾਹੌਰ

ਪੁੱਜ ਗਏ। ਅਚਾਨਕ ਹੋਇਆ ਕੀ, ਇਸ ਦਾ ਵਿਸਥਾਰ ਪ੍ਰਾਪਤ ਨਹੀਂ ਹੈ, ਪਰ ਦੋਸਤ, ਸਹੇਲੀਆਂ ਮਿਲਣ ਗਏ ਤਾਂ ਦੇਖਿਆ, ਖ਼ੂਨ ਨਾਲ ਲਥਪਥ ਸਫ਼ੈਦ ਚਾਦਰਾਂ ਵਿਚ ਲਿਪਟੀ ਪਈ ਸੀ। ਗਰਭਪਾਤ ? ਸ਼ਾਇਦ।

ਗੀਤਾ ਨੇ ਲਿਖਿਆ - ਉਸਦੇ ਆਖ਼ਰੀ ਲਫ਼ਜ਼ ਰੰਗਾਂ ਬਾਰੇ ਸਨ। ਬਾਗ਼ੀ ਥਾਣੀਂ ਛਿਪਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਅੰਦਰ ਆ ਰਹੀਆਂ ਸਨ, ਕੰਧ ਉਪਰ ਕੁਝ ਨਮੂਨੇ ਬਣਦੇ ਦੇਖੇ, ਪਰਦੇ ਉਪਰ ਨੀਲੇ, ਲਾਲ, ਹਰੇ ਰੰਗ ਉਘੜੇ, ਉਧਰ ਦੇਖਦਿਆਂ ਇਨ੍ਹਾਂ ਰੰਗਾਂ ਦੇ ਨਾਮ ਲੈਂਦਿਆਂ ਬੇਹੋਸ਼ ਹੋ ਗਈ, ਦੁਨੀਆਂ ਨੂੰ ਖ਼ੁਦਾ ਹਾਫ਼ਿਜ਼ ਕਹਿ ਗਈ। ਪਿਤਾ ਨੇ ਦੱਸਿਆ - ਅੰਮ੍ਰਿਤਾ ਚਾਹੁੰਦੀ ਸੀ ਮੈਂ ਲਾਹੌਰ ਉਸ ਕੋਲ ਰਹਾਂ ਤੇ ਦੇਖਾਂ ਕਿੰਨੀ ਖ਼ੁਸ਼ ਹੈ। ਮੈਂ ਕਹਿ ਦਿੱਤਾ ਸੀ - ਜਿੰਨੇ ਮੇਰੇ ਲਾਹੌਰ ਪੁਰਾਣੇ ਦੋਸਤ ਸਨ, ਉਨ੍ਹਾਂ ਨੂੰ ਮਿਲ ਲਉ। ਚਿੱਠੀਆਂ ਲਿਖ ਦਿੱਤੀਆਂ ਹਨ। ਮੈਂ ਸੰਸਕ੍ਰਿਤ ਵਿੱਚੋਂ ਅੰਗਰੇਜ਼ੀ ਅਨੁਵਾਦ ਦੇ ਕੰਮ ਵਿਚ ਲੱਗਾ ਹੋਇਆ ਸਾਂ, ਕਹਿ ਦਿੱਤਾ ਸੀ ਅਜੇ ਨਹੀਂ ਠਹਿਰ ਕੇ ਆਵਾਂਗਾ। ਛੇ ਤਰੀਕ ਸ਼ਾਮੀਂ ਪੁੱਜੇ, ਸੱਤ ਨੂੰ ਸਸਕਾਰ ਕਰ ਦਿੱਤਾ। ਉਹ ਤੇਜ਼ ਉਂਗਲਾਂ ਤੇ ਦਿਮਾਗ਼ ਜਿਸ ਨੂੰ ਸਿਰਜਣਾ ਤੋਂ ਫ਼ੁਰਸਤ ਨਹੀਂ ਮਿਲਦੀ ਸੀ, ਸਾਡੀਆਂ ਅੱਖਾਂ ਸਾਹਮਣੇ ਪੰਜ ਤੱਤਾਂ ਵਿਚ ਖਿੱਲਰ ਗਏ। ਲਾਹੌਰ ਉਸਨੇ ਆਪਣੀ ਮਾਂ ਦੇ ਗਰਭ ਵਿਚ ਪ੍ਰਵੇਸ਼ ਕੀਤਾ ਸੀ, ਕੁਦਰਤ ਨੇ ਉਸਦੀ ਮੁਕਤੀ ਵਾਸਤੇ ਲਾਹੌਰ ਚੁਣਿਆ।

ਪੂਰਬੀ ਅਤੇ ਪੱਛਮੀ ਸਭਿਆਚਾਰ ਵਿਚ ਘਿਰ ਜਾਣ ਕਾਰਨ ਇਸ ਕੁੜੀ ਦੀ ਵੇਲ ਅੱਧਵਾਟਿਓਂ ਟੁੱਟੀ। ਬਚਪਨ ਹੰਗਰੀ ਵਿਚ, ਜੁਆਨੀ ਪੈਰਿਸ ਵਿਚ। ਉਹ ਪੈਰਿਸ ਜਿਥੇ ਪ੍ਰਭਾਵਵਾਦੀ ਕਲਾਕਾਰ ਨਿਰਵਸਤਰ ਕੁੜੀਆਂ ਚਿੱਤਰ ਰਹੇ ਸਨ। ਇਹ ਚਿੱਤਰ ਖ਼ਿਆਲੀ ਨਹੀਂ ਸਨ, ਗ਼ਰੀਬ ਕੁੜੀਆਂ, ਵੇਸਵਾਵਾਂ, ਰੋਟੀ ਖਾਣ ਹਿਤ ਆਪਣੇ ਆਪ ਨੂੰ ਮਾਡਲਾਂ ਵਜੋਂ ਪੇਸ਼ ਕਰਦੀਆਂ, ਜੁਆਨ ਮੁੰਡੇ ਉਨ੍ਹਾਂ ਨੂੰ ਕੈਨਵਸਾਂ 'ਤੇ ਉਤਾਰਦੇ। ਇਸ ਸ਼ੈਲੀ ਦਾ ਸਿੱਧਾ ਅਰਥ ਕਾਮਵਾਸਨਾ ਨੂੰ ਰੂਪਮਾਨ ਕਰਨਾ ਹੈ। ਇਸ ਮਾਹੌਲ ਵਿਚ ਪ੍ਰਵਾਨ ਚੜ੍ਹੀ ਅੰਮ੍ਰਿਤਾ ਕੈਨਵਸ ਉਪਰ ਸਨਾਤਨੀ ਪੇਂਡੂ ਭਾਰਤ ਉਤਾਰ ਰਹੀ ਹੈ। ਮਾਪਿਆਂ ਨੂੰ ਨਾ ਉਸ ਦੀਆਂ ਆਦਤਾਂ ਪਸੰਦ ਹਨ ਨਾ ਕੰਮ, ਪਰ ਬੇਵਸ ਹਨ। ਕੁਲੀਨ ਵਰਗ ਦੀ ਹੋਣ ਕਰਕੇ ਸਿੱਖ ਸਮਾਜ ਲਾਚਾਰੀ ਵੱਸ ਉਸਨੂੰ ਬਰਦਾਸ਼ਤ ਕਰਦਾ ਰਿਹਾ, ਪ੍ਰਵਾਨ ਨਹੀਂ ਹੋਈ। ਮਾਈਕਲਏਂਜਲੋ ਨੇ ਦਾਊਦ, ਯਸੂ, ਆਦਮ, ਈਵ ਅਤੇ ਫ਼ਰਿਸ਼ਤੇ, ਨਿਰਵਸਤਰ ਚਿੱਤਰੇ, ਨੰਗੇ ਤਰਾਸ਼ੇ ਪਰ ਤੁਹਾਨੂੰ ਉਨ੍ਹਾਂ ਵਿੱਚੋਂ ਨੰਗੇਜ, ਕਾਮ, ਲੁੱਚਪੁਣਾ ਨਹੀਂ ਦਿੱਸਦਾ। ਨੰਗੇ ਚਿੱਤਰ ਦੇਖ ਕੇ ਪੋਪ ਗੋਡਿਆਂ ਪਰਨੇ ਹੋ ਕੇ ਮੱਥਾ ਟੇਕ ਦਿੰਦਾ ਹੈ। ਸਾਡੇ ਇਹ ਅੰਮ੍ਰਿਤਾ ਦੇ ਸਮਕਾਲੀ ਕਲਾਕਾਰ ਮਨੋਰੋਗਾਂ ਦਾ ਸ਼ਿਕਾਰ ਹੋਏ, ਪਾਗਲ, ਨੀਮ ਪਾਗਲ ਹੋ ਕੇ ਕਈਆਂ ਨੇ ਖ਼ੁਦਕੁਸ਼ੀ ਕੀਤੀ, ਕਈ ਸੀਖਾਂ ਪਿੱਛੇ ਬੰਦੀ ਹੋ ਕੇ ਮਰੇ। ਅੰਮ੍ਰਿਤਾ ਦੀ ਜੀਵਨ ਤੰਦ ਦਾ ਏਨੀ ਛੇਤੀ ਟੁੱਟਣਾ ਇਕ ਹੋਰ ਤਰ੍ਹਾਂ ਦੀ ਖ਼ੁਦਕੁਸ਼ੀ ਹੀ ਹੈ। ਜਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਹੀ ਸੀ, ਚਿੱਤਰ ਰਹੀ ਸੀ, ਉਸ ਨੂੰ ਪਤਾ ਸੀ ਇਸ ਵਿਚ ਵਿਸਫੋਟ ਹੋ ਜਾਏਗਾ। ਉਸ ਨੂੰ ਲੱਗਾ, ਆਪਣੇ ਖ਼ਾਨਦਾਨੀ ਪਿਛੋਕੜ ਦਾ ਫ਼ਾਇਦਾ ਉਠਾ ਕੇ ਉਹ ਉਹੀ ਕੁਝ ਕਰੇਗੀ ਜੋ ਮਰਦ ਕਰਦੇ ਹਨ, ਮਨਮਰਜ਼ੀ, ਹਰੇਕ ਪਰਕਾਰ ਦੀ ਮਨਮਰਜ਼ੀ।

ਉਸਦਾ ਵਾਕ ਅਕਸਰ ਦੁਹਰਾਇਆ ਜਾਂਦਾ - ਮੈਂ ਕਦ ਕਿਹੈ ਮੈਂ ਸਿਆਣੀ ਹਾਂ ? ਮੈਂ ਤਾਂ ਇਹ ਕਹਿਨੀ ਆਂ ਕਿ ਬਾਕੀ ਮੂਰਖ ਨੇ।

ਕਸ਼ਮੀਰੀ ਸ਼ਾਲ ਵਿਚ ਜਿਸਮ ਲਪੇਟਿਆ। ਕਿਸੇ ਨੂੰ ਖ਼ਿਆਲ ਨਾ ਆਇਆ, ਫ਼ੁੱਲ

ਚਾਹੀਦੇ ਹਨ। ਤੁਰਤ ਭੱਜ ਕੇ ਦੋਸਤ ਹਾਰ ਲੈ ਆਏ। ਮਾਲ ਰੋਡ ਉਪਰ ਦੀ ਚੱਲ ਕੇ ਬਾਦਸ਼ਾਹੀ ਮਸਜਿਦ, ਕਿਲ੍ਹਾ ਤੇ ਫਿਰ ਰਾਵੀ ਕਿਨਾਰੇ ਸ਼ਮਸ਼ਾਨਘਾਟ। ਅਰਦਾਸ ਪਿੱਛੋਂ ਪਿਤਾ ਨੇ ਚਿਖਾ ਨੂੰ ਅਗਨੀ ਛੁਹਾਈ। ਅੱਗ ਦੀਆਂ ਲਪਟਾਂ ਉੱਚੀਆਂ ਉੱਠੀਆਂ। ਹੁਣ ਅੰਮ੍ਰਿਤਾ ਕਦੀ ਨਹੀਂ ਦਿਸੇਗੀ। ਕਾਫ਼ਲਾ ਪਰਤ ਆਇਆ।

ਸ਼ੋਕ ਸਭਾ ਹੋਈ ਜਿਸ ਵਿਚ ਚੁਗ਼ਤਾਈ, ਸਾਨਿਆਲ, ਰੂਪ ਕਿਸ਼ਨ ਤੇ ਮੇਰੀ ਸ਼ਾਮਿਲ ਹੋਏ। ਸਾਨਿਆਲ ਨੇ ਦੱਸਿਆ - ਵਿਕਟਰ ਉਸਦੇ ਬਚੇ ਰੰਗ, ਬਰੱਸ਼, ਪੇਂਟ ਬਕਸ, ਕੈਨਵਸਾਂ ਦੇ ਗਿਐ। ਉਸ ਦੀਆਂ ਨਿਸ਼ਾਨੀਆਂ। ਅਨੰਦ ਭਵਨ ਤੋਂ ਨਹਿਰੂ ਦਾ ਖ਼ਤ ਆਇਆ - ਉਸ ਨਾਲ ਸੰਬੰਧਿਤ ਛਪੀ ਸਾਰੀ ਸਮੱਗਰੀ ਭੇਜਦਾ ਹਾਂ। ਉਸ ਦੀ ਇਕ ਫੋਟੋ ਆਪਣੇ ਕੋਲ ਰੱਖ ਲਈ ਹੈ। ਉਸ ਜੀਨੀਅਸ ਨੇ ਅਜੇ ਤਾਂ ਸਿਰੇ ਚੜ੍ਹਨਾ ਸੀ। ਉਸਨੇ ਕਿਹਾ ਸੀ ਅਲਾਹਬਾਦ ਵਿਕਟਰ ਤੇ ਮੈਂ ਆ ਕੇ ਕੁਝ ਦਿਨ ਤੁਹਾਡੇ ਕੋਲ ਰਹਾਂਗੇ। ਸਭ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ।

ਸਰੋਜਨੀ ਨਾਇਡੂ ਦਾ ਖ਼ਤ ਆਇਆ - ਆਪਣੀ ਸੁੰਦਰਤਾ, ਜਵਾਨੀ, ਕਲਾ ਅਤੇ ਅਦਭੁਤ ਬੁੱਧੀ ਨਾਲ ਉਸਨੇ ਜਿਸ ਸੰਸਾਰ ਨੂੰ ਸਜਾਇਆ, ਉਸ ਨੂੰ ਛੱਡ ਵੀ ਗਈ ਛੇਤੀ ਦੇਣੀ। ਅਮੀਰ ਸ਼ਖ਼ਸੀਅਤ... ਅਮੀਰ ਰੂਹ.. ਮੈਨੂੰ ਪਤੈ ਮੈਨੂੰ ਪਿਆਰ ਕਰਦੀ ਸੀ। ਛੋਟੀ ਉਮਰ ਵਿਚ ਵੱਡੀ ਵਿਰਾਸਤ ਛੱਡ ਗਈ। ਹੌਸਲਾ, ਤਾਕਤ, ਮੌਲਿਕਤਾ ... ਇੰਨੀ ਕੁ ਬੱਚੀ ਵਿਚ ਏਨਾ।

ਉਸਨੇ ਸ਼ਮਸ਼ਾਨਘਾਟ ਪੇਂਟਿੰਗ ਕਿਉਂ ਬਣਾਈ ? ਵਿਕਟਰ ਦੱਸਦਾ - ਉਹ ਹਰ ਵੇਲੇ ਇਹੀ ਕਹੀ ਜਾਂਦੀ - ਮੈਂ ਕੰਮ ਕਰਨੈ, ਮੇਰੇ ਕੋਲ ਸਮਾਂ ਬੜਾ ਘੱਟ ਹੈ, ਕੰਮ ਮੈਂ ਵੱਧ ਕਰਨੈ। ਹਰ ਵਕਤ ਕਾਹਲ ਵਿਚ।

ਵਿਵਾਦਾਂ ਵਿਚ ਘਿਰੀ ਅੰਮ੍ਰਿਤਾ ਬਾਬਤ ਵਿਵਾਦ ਮੌਤ ਨਾਲ ਖ਼ਤਮ ਨਹੀਂ ਹੋਏ। ਮਾਂ, ਮੈਰੀ ਐਂਤਵੁਨੈਤ ਨੂੰ ਪਾਗਲਪਣ ਦੇ ਦੌਰੇ ਪੈਣ ਲੱਗੇ। ਉਸਨੇ ਪੁਲਿਸ ਨੂੰ, ਖ਼ੁਫ਼ੀਆ ਏਜੰਸੀਆਂ ਨੂੰ, ਮੰਤਰੀਆਂ ਨੂੰ ਖ਼ਤ ਲਿਖ ਕੇ ਕਿਹਾ - ਵਿਕਟਰ ਮੇਰੀ ਧੀ ਦਾ ਕਾਤਲ ਹੈ। ਇਹ ਕੋਲਡ ਬਲੱਡਡ ਮਰਡਰ ਹੈ। ਉਮਰਾਉ ਸਿੰਘ ਸ਼ਾਂਤ ਰਿਹਾ। ਵੀਹ ਦਸੰਬਰ 1941 ਨੂੰ ਦਿੱਲੀ ਇੰਦਰਾ ਦੇ ਘਰੋਂ ਉਸਨੇ ਬਹੁਤ ਸਾਰੇ ਖ਼ਤ ਅਹਿਮ ਸ਼ਖ਼ਸੀਅਤਾਂ ਨੂੰ ਲਿਖੇ। ਚਮਨਲਾਲ ਨੂੰ ਲਿਖਿਆ - ਤੁਸੀਂ ਮੇਰੀ ਧੀ ਅਤੇ ਜਵਾਈ ਵਾਸਤੇ ਜੋ ਕੀਤਾ, ਅਜੇ ਕਰ ਰਹੇ ਹੋ, ਸ਼ੁਕਰਗੁਜ਼ਾਰ ਹਾਂ। ਮੈਂ, ਮੇਰੀ ਪਤਨੀ ਤੇ ਵਿਕਟਰ ਅਜੇ ਸਦਮੇ ਵਿੱਚੋਂ ਨਹੀਂ ਨਿਕਲੇ। ਮੇਰੀ ਪਤਨੀ ਦੀ ਹਾਲਤ ਬੁਰੀ ਹੈ। ਆਖੀ ਜਾਂਦੀ ਹੈ - ਕੋਈ ਅੰਮ੍ਰਿਤਾ ਦੀ ਗੱਲ ਨਾ ਕਰੇ ਮੇਰੇ ਕੋਲ। ਆਪ ਸਾਰਾ ਦਿਨ ਗੱਲਾਂ ਕਰਨੋਂ ਨਹੀਂ ਹਟਦੀ।

- ਜਿਹੜੀ ਨੁਮਾਇਸ਼ ਲੱਗਣੀ ਹੈ, ਉਸ ਵਿਚ ਨਿਰਵਸਤਰ ਪੇਂਟਿੰਗਜ਼ ਨਾ ਰੱਖਣੀਆਂ। ਹੋਰ ਵੀ, ਜਿਹੜੀਆਂ ਸਹੀ ਨਾ ਹੋਣ, ਵੱਖ ਕਰ ਲੈਣੀਆਂ। ਸਰ ਸਿਕੰਦਰ ਹਯਾਤ ਖ਼ਾਨ ਉਦਘਾਟਨ ਕਰਨ ਆਉਣਗੇ, ਉਹ ਕਿਸੇ ਪਰੇਸ਼ਾਨੀ ਵਿਚ ਨਾ ਪੈ ਜਾਣ। ਇਸ ਪਿੱਛੋਂ ਸਾਰੀਆਂ ਕ੍ਰਿਤਾਂ ਦਿੱਲੀ ਭੇਜ ਦੇਣੀਆਂ, ਇਥੇ ਚਾਰਲਸ ਫੇਬਰੀ ਨੁਮਾਇਸ਼ ਦਾ ਇੰਤਜ਼ਾਮ ਕਰ ਰਿਹਾ ਹੈ। ਫਿਰ ਸ਼ਿਮਲੇ ਵਾਲੇ ਆਪਣੇ ਘਰ ਵਿਚ ਸਾਰਾ ਕੁਝ ਰੱਖ ਕੇ ਅਸੀਂ ਅੰਮ੍ਰਿਤਾ ਆਰਟ ਗੈਲਰੀ ਸਥਾਪਤ ਕਰ ਦਿਆਂਗੇ। ਅੰਮ੍ਰਿਤਾ ਦੀਆਂ ਅਸਥੀਆਂ ਸ਼ੀਸ਼ੇ ਦੇ ਗੁਲਦਾਨ ਵਿਚ ਰੱਖਾਂਗੇ।

8 ਜਨਵਰੀ, 1942 ਨੂੰ ਫਿਰ ਚਮਨਲਾਲ ਨੂੰ ਲਿਖਿਆ - ਮੇਰੀ ਪਤਨੀ ਨੇ ਬਹੁਤ

ਸਾਰੇ ਪਾਗਲਪਣ ਭਰੇ ਖ਼ਤ ਲਿਖ ਕੇ ਵਿਕਟਰ ਨੂੰ ਅੰਮ੍ਰਿਤਾ ਦਾ ਕਾਤਲ ਕਿਹਾ ਹੈ। ਮੌਤ ਦੇ ਸਦਮੇ ਕਾਰਨ ਉਸਦਾ ਦਿਮਾਗ਼ੀ ਤਵਾਜ਼ਨ ਵਿਗੜ ਗਿਆ ਹੈ। ਪਾਗਲਪਣ ਦੇ ਦੌਰਿਆਂ ਦੀ ਮਰੀਜ਼ ਉਹ ਇਸ ਤੋਂ ਪਹਿਲਾਂ ਦੀ ਹੈ। ਪਿਛਲੇ ਮਹੀਨੇ ਹਾਲਤ ਵਧੀਕ ਖ਼ਰਾਬ ਹੋ ਗਈ। ਵਿਕਟਰ ਦੋਸ਼ੀ ਨਹੀਂ, ਉਸ ਉਪਰ ਸ਼ੱਕ ਵਾਜਬ ਨਹੀਂ। ਜਿਥੇ ਲੋੜ ਪਵੇ, ਮੇਰਾ ਇਹ ਖ਼ਤ ਦਿਖਾ ਦੇਣਾ।

ਅੰਮ੍ਰਿਤਾ ਦੀ ਮੌਤ ਦਾ ਕੀ ਕਾਰਨ ਸੀ ? ਸਰ ਅਬਦੁਲ ਕਾਦਿਰ ਲਾਹੌਰ ਹਾਈਕੋਰਟ ਦਾ ਜੱਜ, ਉਮਰਾਓ ਸਿੰਘ ਦਾ ਮਿੱਤਰ ਸੀ ਤੇ ਅੰਮ੍ਰਿਤਾ ਦਾ ਕਦਰਦਾਨ। ਕੀ ਉਸ ਦੇ ਘਰ ਖਾਧੇ ਪਕੌੜਿਆਂ ਕਾਰਨ ਪੇਚਿਸ਼, ਹੈਜ਼ਾ ਹੋਇਆ ਤੇ ਵਧੀਕ ਖ਼ੂਨ ਵਗਣ ਕਰਕੇ ਮੌਤ ਹੋਈ ? ਇਕਬਾਲ ਸਿੰਘ ਅਨੁਸਾਰ ਇਹੋ ਸੱਚ ਹੈ। ਅੰਮ੍ਰਿਤਾ ਨੂੰ ਝੂਠ ਬੋਲਣ ਦੀ ਆਦਤ ਨਹੀਂ ਸੀ। ਇਹ ਫ਼ੂਡ ਪਾਇਜ਼ਨਿੰਗ ਦਾ ਨਤੀਜਾ ਹੈ। ਸ਼ੱਕ ਕਰਨ ਵਾਲੇ ਆਖਦੇ ਹਨ, ਮਹਿਜ਼ ਹਾਜ਼ਮੇ ਦੀ ਖ਼ਰਾਬੀ ਦਾ ਕੀ ਵਿਕਟਰ ਕੋਲ ਇਲਾਜ ਨਹੀਂ ਸੀ ? ਇਕਬਾਲ ਆਖਦਾ ਹੈ - ਹਾਂ, ਉਸਨੂੰ ਆਪਣੇ ਉਪਰ ਭਰੋਸਾ ਸੀ, ਅਜਿਹੇ ਬਥੇਰੇ ਇਲਾਜ ਕਰ ਚੁੱਕਾ ਸੀ, ਅੰਮ੍ਰਿਤਾ ਕਿਉਂ ਠੀਕ ਨਾ ਹੋਏਗੀ ? ਤੇ ਕਈ ਵਾਰ ਮਰੀਜ਼ ਨਹੀਂ ਵੀ ਠੀਕ ਹੁੰਦਾ ਤਾਂ ਫੇਰ ਡਾਕਟਰ ਦਾ ਕੀ ਕਸੂਰ ਹੋਇਆ ? ਆਂਤੜੀ ਇਨਫ਼ੈਕਸ਼ਨ ਕਰ ਕੇ ਡੀ-ਹਾਈਡ੍ਰੇਸ਼ਨ ਹੋ ਗਈ।

ਖ਼ੁਸ਼ਵੰਤ ਸਿੰਘ ਲਿਖਦਾ ਹੈ - ਉਸਦੀ ਮਾਂ ਨੇ ਵਿਕਟਰ ਵਿਰੁੱਧ ਜਿਨ੍ਹਾਂ ਨੂੰ ਖ਼ਤ ਲਿਖੇ, ਉਨ੍ਹਾਂ ਵਿੱਚੋਂ ਮੈਂ ਵੀ ਸਾਂ। ਮੈਂ ਇਸਨੂੰ ਕਤਲ ਤਾਂ ਨਹੀਂ ਮੰਨਦਾ, ਲਾਪ੍ਰਵਾਹੀ ਮੰਨੀ ਜਾ ਸਕਦੀ ਹੈ। ਡਾ. ਰਘਬੀਰ ਸਿੰਘ ਨੇ ਦੱਸਿਆ - ਜਦੋਂ ਅੱਧੀ ਰਾਤ ਮੈਂ ਗਿਆ, ਉਦੋਂ ਬਚਣ ਦੀ ਉਮੀਦ ਹੈ ਈ ਨੀ ਸੀ, ਉਹ ਗਰਭਵਤੀ ਸੀ ਤੇ ਵਿਕਟਰ ਨੂੰ ਗਰਭਪਾਤ ਵਾਸਤੇ ਕਿਹਾ ਸੀ। ਆਪ੍ਰੇਸ਼ਨ ਫ਼ੇਲ੍ਹ ਹੋ ਗਿਆ। ਖ਼ੂਨ ਬੰਦ ਨਾ ਹੋਇਆ, ਵਿਕਟਰ ਨੇ ਮੈਨੂੰ ਕਿਹਾ - ਮੇਰਾ ਖ਼ੂਨ ਲੈ ਕੇ ਇਸ ਵਿਚ ਚਾੜ੍ਹ ਦੇਹ। ਮੈਂ ਇਨਕਾਰ ਕਰ ਦਿੱਤਾ ਕਿਉਂਕਿ ਮੈਨੂੰ ਦੋਵਾਂ ਦੇ ਬਲੱਡ ਗਰੁੱਪਾਂ ਦਾ ਪਤਾ ਨਹੀਂ ਸੀ। ਅਸੀਂ ਦੋਵੇਂ ਜਦੋਂ ਦਲੀਲਬਾਜ਼ੀ ਕਰ ਰਹੇ ਸਾਂ, ਉਹ ਦਮ ਤੋੜ ਗਈ।

ਇਕਬਾਲ ਸਿੰਘ ਆਖਦਾ ਹੈ, ਗਰਭਪਾਤ ਬਾਰੇ ਹੋਰ ਕਿਸੇ ਨੂੰ ਨਾ ਦੱਸਦੀ, ਉਸਨੇ ਹੈਲਨ ਨੂੰ ਦੱਸ ਦੇਣਾ ਸੀ। ਹੈਲਨ ਦਾ ਵੀ ਇਹੀ ਕਹਿਣਾ ਹੈ। ਪਰ ਵਿਕਟਰ ਦੇ ਦੂਜੇ ਵਿਆਹ 'ਚੋਂ ਪੈਦਾ ਹੋਈ ਵੱਡੀ ਧੀ ਈਵਾ ਸੂਦ ਦਾ ਆਖਣਾ ਹੈ ਕਿ ਉਹ ਗਰਭਵਤੀ ਹੋ ਗਈ, ਵਿਕਟਰ ਨੂੰ ਦੱਸੇ ਬਗ਼ੈਰ ਕਿਸੇ ਨੀਮ ਹਕੀਮ ਕੋਲੋਂ ਕੇਸ ਖ਼ਰਾਬ ਕਰਵਾ ਲਿਆ। ਵਿਕਟਰ ਦਾ ਇਲਾਜ ਅਜੇ ਚੱਲ ਰਿਹਾ ਸੀ ਕਿ ਜ਼ੋਰ ਨਾਲ ਵੱਡੀ, ਭਾਰੀ ਪੇਂਟਿੰਗ ਚੁੱਕ ਲਈ। ਇਸ ਨਾਲ ਬਲੀਡਿੰਗ ਸ਼ੁਰੂ ਹੋ ਗਈ। ਬੀ.ਕੇ. ਨਹਿਰੂ ਦੀ ਪਤਨੀ ਫੋਰੀ ਦੱਸਦੀ ਹੈ ਕਿ ਉਨ੍ਹਾਂ ਦਿਨਾਂ ਵਿਚ ਗਰਭਪਾਤ ਗ਼ੈਰ-ਕਾਨੂੰਨੀ ਸੀ। ਗਰਭਪਾਤ ਕੀਤਾ ਵਿਕਟਰ ਨੇ, ਪਰ ਗ਼ਲਤ ਹੋ ਗਿਆ। ਕਿਸੇ ਨੂੰ ਦੱਸਿਆ ਨਹੀਂ ਕਿਉਂਕਿ ਸਜ਼ਾ ਹੋ ਸਕਦੀ ਸੀ, ਬਦਨਾਮੀ ਹੋ ਸਕਦੀ ਸੀ, ਮੈਡੀਕਲ ਕੌਂਸਲ ਨੇ ਸਰਟੀਫ਼ਿਕੇਟ ਰੱਦ ਕਰ ਦੇਣਾ ਸੀ।

5 ਮਾਰਚ, 1944 ਨੂੰ ਮਾਂ ਨੇ ਵਿਕਟਰ ਨੂੰ ਹੰਗੇਰੀਅਨ ਭਾਸ਼ਾ ਵਿਚ ਖ਼ਤ ਲਿਖਿਆ - ਮੇਰੇ ਪਿਆਰੇ ਵਿਕਟਰ, ਦੇਰ ਤੋਂ ਲਿਖਣ ਲਈ ਸੋਚਦੀ ਰਹੀ। ਮੇਰੇ ਕਾਰਨ ਤੈਨੂੰ ਕਿੰਨੀ ਤਕਲੀਫ਼ ਮਿਲੀ, ਅਫ਼ਸੋਸ ਹੈ। ਪਰ ਮੈਂ ਬਿਮਾਰ ਹਾਂ। ਮੈਂ ਬੁਰੀ ਹਾਂ। ਉਨੀ ਸਾਲ ਦੀ ਉਮਰ ਵਿਚ ਮੈਂ ਖ਼ੁਦਕਸ਼ੀ ਕਰਨੀ ਚਾਹੀ ਸੀ, ਬਚ ਗਈ। ਮੈਨੂੰ ਦੇਖ ਕੇ ਹੈਰਾਨ ਹੋ ਜਾਏਂਗਾ, ਅੰਦਰਲੀ ਸਾਰੀ ਬਦੀ ਚਿਹਰੇ ਉਪਰ ਆ ਗਈ ਹੈ। ਦੂਜਿਆਂ ਨੂੰ ਦੁਖੀ ਕੀਤਾ, ਮਰਨ ਤੱਕ

ਕਰਦੀ ਰਹਾਂਗੀ। ਵਿਹੜੇ ਵਿਚਲਾ ਸੱਤਰ ਸਾਲਾ ਪੁਰਾਣਾ ਦਰੱਖ਼ਤ ਕਟਵਾ ਦਿੱਤਾ ਕਿਉਂਕਿ ਬਾਂਦਰਾਂ ਤੋਂ ਖਿਝ ਆਉਂਦੀ ਸੀ। ਹੁਣ ਸਾਰਾ ਵਿਹੜਾ ਉਸ ਬਿਨਾਂ ਵੀਰਾਨ ਲੱਗਦਾ ਹੈ। ਇੰਦਰਾ ਮੈਨੂੰ ਕਹਿ ਕੇ ਗਈ ਹੈ - ਤੂੰ ਵਿਕਟਰ ਨੂੰ ਨਫ਼ਰਤ ਕੀਤੀ, ਫਲਸਰੂਪ ਤੈਨੂੰ ਅੰਮ੍ਰਿਤਾ ਨੇ ਨਫ਼ਰਤ ਕੀਤੀ। ਦਾਨ ਮੈਂ ਇਸ ਕਰਕੇ ਦਿਆ ਕਰਦੀ ਸਾਂ ਤਾਂ ਕਿ ਲੋਕ ਮੈਨੂੰ ਜ਼ਾਲਮ ਨਾ ਸਮਝਣ। ਮੈਂ ਪਿਆਰੀ ਮਾਂ ਨਹੀਂ, ਹੁਣ ਤਾਂ ਪਾਗਲ ਹੋ ਚੁੱਕੀ ਹਾਂ। ਪਹਾੜੀ ਤੋਂ ਛਾਲ ਮਾਰਨ ਦਾ ਦਿਲ ਕੀਤਾ ਸੀ। ...ਤੂੰ ਕੁਝ ਕਰ। ...ਕੁਝ ਭੇਜ ਦੇਹ।

ਇਥੇ ਕੁਝ ਦਾ ਅਰਥ ਜ਼ਹਿਰ ਹੈ। ਵਿਕਟਰ ਨੇ 11 ਮਾਰਚ, 1944 ਨੂੰ ਉੱਤਰ ਦਿੱਤਾ - ਪਿਆਰੀ ਮਾਮਾ, ਤੁਹਾਡੇ ਉਦਾਸ ਖ਼ਤ ਨੇ ਬੇਚੈਨ ਕਰ ਦਿੱਤਾ। ਪੜ੍ਹਦਿਆਂ ਹੀ ਜਵਾਬ ਦੇਣਾ ਸੀ ਪਰ ਆਖ਼ਰੀ ਡਾਕ ਜਾ ਚੁੱਕੀ ਹੈ, ਇਕ ਦਿਨ ਲੇਟ ਹੋ ਗਿਆਂ। ਮੈਂ ਡਾਕਟਰ ਹਾਂ, ਸਭ ਤੋਂ ਪਹਿਲਾਂ ਜਾਣਨਾ ਹੁੰਦਾ ਹੈ ਕਿ ਬਿਮਾਰੀ ਕੀ ਹੈ ਤੇ ਬਿਮਾਰੀ ਦੇ ਕਾਰਨ ਕੀ ਨੇ। ਮਰੀਜ਼ ਨੂੰ ਕਾਰਨਾਂ ਦਾ ਪਤਾ ਨਹੀਂ ਹੁੰਦਾ। ਮਰੀਜ਼ ਨੂੰ ਜਦੋਂ ਪਤਾ ਲੱਗ ਜਾਂਦੈ, ਉਹ ਠੀਕ ਹੋਣ ਲੱਗਦੈ। ਬੱਚੇ ਹਨੇਰੇ ਕਮਰੇ ਵਿਚ ਜਾਣ ਤੋਂ ਡਰਦੇ ਸਨ। ਦੀਵਾ ਬਾਲ ਦਿਉ ਤਾਂ ਸਾਰੇ ਕਲਪਿਤ ਖ਼ਤਰੇ ਦੂਰ ਹੋ ਜਾਂਦੇ ਨੇ। ਕਈ ਵਾਰ ਦਿਲ ਕੀਤਾ ਸੀ ਤੁਹਾਡਾ ਇਲਾਜ ਕਰਾਂ, ਪਰ ਜਦੋਂ ਤੁਹਾਨੂੰ ਮੇਰੇ ਉਪਰ ਭਰੋਸਾ ਨਹੀਂ ਸੀ ਤਾਂ ਮੈਂ ਤੁਹਾਡੇ ਵਾਸਤੇ ਡਾਕਟਰ ਵੀ ਨਹੀਂ ਸਾਂ। ਤੁਹਾਡੇ ਡਰ ਕਲਪਿਤ ਨੇ। ਤੁਹਾਨੂੰ ਕੇਹਾ ਚੰਗਾ ਪਤੀ ਮਿਲਿਆ, ਦੋਹਤਾ ਮਿਲ ਗਿਆ, ਸਿਹਤ ਚੰਗੀ ਸੀ, ਰਹਿਣ ਲਈ ਮਹਿਲ ਮਿਲੇ। ਜਿਸ ਵਾਸਤੇ ਦੁਨੀਆਂ ਤਰਸਦੀ ਹੈ, ਉਹ ਸਭ ਕੁਝ ਹਾਸਲ। ਤੁਸੀਂ ਲੋਕਾਂ ਤੋਂ ਹਮਦਰਦੀ, ਪਿਆਰ ਮੰਗੋਗੇ, ਨਹੀਂ ਮਿਲੇਗਾ। ਤੁਸੀਂ ਹਮਦਰਦੀ ਅਤੇ ਪਿਆਰ ਹੋਰਾਂ ਨੂੰ ਦਿਉ, ਤੁਹਾਡੇ ਕੋਲ ਵਾਪਸ ਆ ਜਾਣਗੇ, ਵੱਧ ਮਿਕਦਾਰ ਵਿਚ। ਤੁਸੀਂ ਮੇਰੀ ਸਹਾਇਤਾ ਮੰਗੀ ਹੈ। ਤੁਹਾਡੇ ਨਾਲੋਂ ਵਧੀਕ ਕਸ਼ਟ ਵਿਚ ਗ੍ਰਸੇ ਮੈਂ ਹਜ਼ਾਰਾਂ ਰੋਗੀ ਠੀਕ ਕੀਤੇ ਨੇ। ਇਕ ਵਾਰ ਦਿਲ ਦੇ ਮਾਹਿਰ ਨੂੰ ਦਿਖਾ ਲਉ। ਦੂਰ ਹੋਣ ਕਰਕੇ ਅਜੇ ਮੈਂ ਜ਼ਿਆਦਾ ਕੁਝ ਨਹੀਂ ਕਰ ਸਕਦਾ।

- ਮੈਂ ਇੰਨੀਆਂ ਮੁਸੀਬਤਾਂ ਵਿੱਚੋਂ ਲੰਘਿਆ ਹਾਂ ਕਿ ਆਦਤ ਪੈ ਗਈ, ਜੀਵਨ ਤੋਂ ਵਧੀਕ ਉਮੀਦ ਹੈ ਵੀ ਨੀਂ। ਭਵਿੱਖ ਦੀਆਂ ਉਮੀਦਾਂ ਵਿਚ ਰਹਿਣਾ ਮੈਂ ਕਦੋਂ ਦਾ ਛੱਡ ਦਿੱਤਾ ਹੋਇਐ, ਜੋ ਹੈ, ਇਸ ਨਾਲ ਸੰਤੁਸ਼ਟ ਹਾਂ। ਦਿਲ 'ਤੇ ਕਿਸੇ ਗੱਲ ਦਾ ਭਾਰ ਨਹੀਂ ਰੱਖਣਾ, ਜੋ ਮੈਂ ਕਰ ਸਕਿਆ, ਕਰਦਾ ਰਹਾਂਗਾ। ਮੇਰੇ ਬਾਰੇ ਤੁਹਾਡੇ ਖ਼ਿਆਲ ਜੇ ਸੱਚਮੁੱਚ ਬਦਲ ਗਏ ਹਨ, ਮੈਂ ਖ਼ੁਸ਼ ਹਾਂ, ਕਾਲੇ ਡਰਾਉਣੇ ਬੱਦਲ ਸਿਰ ਉਪਰੋਂ ਛਟ ਗਏ। ਤੁਹਾਨੂੰ ਵੀ ਚੈਨ ਮਿਲੇਗਾ। ਜਲਦੀ ਇਕੱਠੇ ਹੋਵਾਂਗੇ।

ਉਮਰਾਓ ਸਿੰਘ ਆਪਣੇ ਕਮਰੇ ਵਿਚ ਬੈਠਾ ਪੜ੍ਹ ਲਿਖ ਰਿਹਾ ਸੀ ਤਾਂ 31 ਜੁਲਾਈ, 1948 ਨੂੰ ਮੈਰੀ ਐਂਤਵੁਨੈਤ ਨੇ ਬੰਦੂਕ ਨਾਲ ਖ਼ੁਦਕਸ਼ੀ ਕਰ ਲਈ। ਉਮਰਾਉ ਸਿੰਘ ਇੰਦਰਾ ਕੋਲ ਦਿੱਲੀ ਚਲਾ ਗਿਆ ਜਿਥੇ 1954 ਵਿਚ ਮੌਤ ਹੋਈ। ਮੌਤ ਤੋਂ ਪਹਿਲਾਂ ਉਸ ਦੀ ਯਾਦਦਾਸ਼ਤ ਜਾਂਦੀ ਰਹੀ ਸੀ। ਜਿਧਰ ਮੂੰਹ ਹੁੰਦਾ ਤੁਰ ਪੈਂਦਾ, ਘੰਟਿਆਂ ਬੱਧੀ ਧੀ ਜਵਾਈ ਲੱਭਦੇ ਲਭਾਂਦੇ ਖੱਜਲ ਖ਼ੁਆਰ ਹੁੰਦੇ ਰਹਿੰਦੇ।

ਵਿਕਟਰ ਸੋਚਦਾ ਰਿਹਾ, ਕੀ ਕਰੇ। ਲਾਹੌਰ ਛੱਡੇਗਾ ਕਿਉਂਕਿ ਅੰਮ੍ਰਿਤਾ ਤੋਂ ਮੁਕਤ ਹੋਣਾ ਹੈ। ਸਰਕਾਰ ਵਲੋਂ ਵਾਰੰਟ ਆ ਗਏ। ਹੰਗਰੀ, ਜਰਮਨ ਦਾ ਦੋਸਤ ਹੈ, ਸੋ ਅੰਗਰੇਜ਼ਾਂ ਦਾ ਦੁਸ਼ਮਣ, ਵਿਕਟਰ ਹੰਗੇਰੀਅਨ ਹੋਣ ਕਾਰਨ ਦੁਸ਼ਮਣ - ਸਿਆਸੀ ਕੈਦੀਆਂ ਦੇ ਕੈਂਪ ਵਿਚ ਪੁੱਜੋ। ਉਹ ਸਰਾਇਆ ਚਲਾ ਗਿਆ। ਕਿਰਪਾਲ ਦਾ ਚੰਗਾ ਰਸੂਖ਼ ਸੀ, ਉਸਦੀ

ਜ਼ਾਮਨੀ ਕਾਰਨ ਬਚ ਗਿਆ। ਉਸਨੇ ਫ਼ੈਸਲਾ ਕੀਤਾ ਕਿ ਹੰਗਰੀ ਨਹੀਂ ਜਾਣਾ, ਬੇਸ਼ੱਕ ਮਾਂ ਅਜੇ ਜਿਊਂਦੀ ਸੀ। ਉਸਨੇ ਜੀ-ਜਾਨ ਲਾ ਕੇ ਏਨਾ ਸਖ਼ਤ ਕੰਮ ਕੀਤਾ ਕਿ ਦੂਰ ਦੂਰ ਤੱਕ ਸ਼ੁਹਰਤ ਫੈਲੀ। ਔਰਤਾਂ ਲਈ ਵੱਖਰਾ ਹਸਪਤਾਲ ਉਸਾਰਿਆ ਜਿਥੇ ਜਣੇਪੇ ਦੀਆਂ ਸਾਰੀਆਂ ਸਹੂਲਤਾਂ ਸਨ। ਜਿਥੇ ਹਸਪਤਾਲ ਬਣਨਾ ਸੀ, ਉਥੇ ਪੁਰਾਣਾ ਪਿੱਪਲ ਦਾ ਦਰੱਖ਼ਤ ਸੀ, ਲੋਕਾਂ ਲਈ ਪੂਜਨੀਕ, ਉਨ੍ਹਾਂ ਨੇ ਕਿਹਾ - ਇਹ ਦੇਵਤਾ ਹੈ, ਵੱਢਣ ਨਹੀਂ ਦੇਣਾ। ਰੁਕ ਗਿਆ। ਮਜ਼ਦੂਰਾਂ ਵਿਚ ਅਫ਼ਵਾਹ ਫੈਲਾ ਦਿੱਤੀ ਕਿ ਇਸ ਵਿਚ ਭੂਤਾਂ ਦਾ ਵਸੇਬਾ ਹੈ। ਸਾਰੀਆਂ ਬਿਮਾਰੀਆਂ ਦੀ ਜੜ੍ਹ ਉਹੀ ਹਨ। ਖ਼ਬਰ ਏਨੀ ਤੇਜ਼ੀ ਨਾਲ ਅਸਰ ਕਰ ਗਈ ਕਿ ਸੈਂਕੜਿਆਂ ਦੀ ਗਿਣਤੀ ਵਿਚ ਸੰਦਾਂ ਸਮੇਤ ਲੋਕ ਆਪੇ ਪਿੱਪਲ ਵੱਢਣ ਆ ਗਏ।

ਗੋਰਖਪੁਰ ਨਹੀਂ, ਸਾਰਾ ਯੂ.ਪੀ., ਨੇਪਾਲ ਤੱਕ ਉਸਦੇ ਜ਼ੇਰੇ ਇਲਾਜ ਸੀ। ਵਿਸ਼ਵਾਸ ਸੀ ਕਿ ਹਰੇਕ ਮਰਜ਼ ਦਾ ਇਲਾਜ ਉਸ ਕੋਲ ਹੈ। ਉਹ ਘੱਟ ਤੋਂ ਘੱਟ ਫ਼ੀਸ ਲੈਂਦਾ, ਘੱਟ ਤੋਂ ਘੱਟ ਦਵਾਈ ਦਿੰਦਾ ਪਰ ਲੋਕਾਂ ਨੂੰ ਸਬਰ ਨਾ ਆਉਂਦਾ ਤਾਂ ਕੰਪਾਊਡਰ ਟੱਾਨਿਕ ਦੀ ਬੋਤਲ ਹੱਥ ਵਿਚ ਫੜਾ ਦਿੰਦਾ।

ਉਸਦੀ ਧੀ ਈਵਾ ਦੱਸਦੀ ਹੈ - ਇਕ ਵਾਰ ਚੌਰੀ ਚੌਰਾ ਤੋਂ ਸਵੀਡਿਸ਼ ਮਿਸ਼ਨਰੀ ਇਲਾਜ ਕਰਵਾਉਣ ਆਏ। ਕੁਝ ਸਥਾਨਕ ਲੋਕ ਵੀ ਨਾਲ ਆਏ। ਉਨ੍ਹਾਂ ਵਿੱਚੋਂ ਇਕ ਨੇ ਯਸੂ ਦੀ ਸਾਖੀ ਲੋਕਾਂ ਨੂੰ ਸੁਣਾਉਣੀ ਸ਼ੁਰੂ ਕਰ ਦਿੱਤੀ ਕਿ ਕਿਵੇਂ ਮਸੀਹੇ ਨੇ ਲਾਸ਼ਾਂ ਵਿੱਚੋਂ ਇਕ ਲਾਸ਼ ਦੇ ਸਿਰ ਉੱਤੇ ਹੱਥ ਰੱਖਿਆ ਤਾਂ ਉਸ ਵਿਚ ਜਾਨ ਪੈ ਗਈ। ਸਰੋਤਿਆਂ ਵਿੱਚੋਂ ਇਕ ਪੇਂਡੂ ਔਰਤ ਖੜੀ ਹੋ ਗਈ, ਗੰਭੀਰਤਾ ਨਾਲ ਕਿਹਾ - ਮੈਂ ਯਸੂ ਮਸੀਹ ਨੂੰ ਜਾਣਦੀ ਆਂ। ਉਹ ਸਰਦਾਰ ਨਗਰ ਵਿਚ ਰਹਿੰਦੈ।

ਜਿਥੇ ਮਜੀਠੀਏ ਰਹਿੰਦੇ ਸਨ, ਉਸ ਬਸਤੀ ਦਾ ਨਾਮ ਸਰਦਾਰ ਨਗਰ ਸੀ।

ਸ਼ਾਮ ਨੂੰ ਸ਼ੂਗਰ ਮਿਲ ਦੇ ਅਫ਼ਸਰ, ਇੰਜੀਨੀਅਰ ਇਕੱਠੇ ਹੋ ਜਾਂਦੇ, ਨਿੱਕਾ ਜਿਹਾ ਕਲੱਬ ਬਣਾ ਲਿਆ, ਥਕੇਵਾਂ ਲਾਹੁਣ ਲਈ ਵਿਸਕੀ, ਬੀਅਰ, ਤਾਸ਼, ਸ਼ਤਰੰਜ ਆਦਿਕ ਖੇਡਾਂ ਹੁੰਦੀਆਂ, ਵਿਕਟਰ ਸ਼ਾਮਿਲ ਹੁੰਦਾ। ਪੂਰਾ ਖ਼ੁਸ਼ ਮਜਾਜ਼ ਬੰਦਾ।

ਅੰਮ੍ਰਿਤਾ ਦੀ ਮੌਤ ਦੇ ਤੇਰ੍ਹਾਂ ਸਾਲ ਬਾਦ 1954 ਵਿਚ ਉਸ ਨੂੰ ਨੀਨਾ ਹੈਦਰੀ ਮਿਲੀ। ਨਿੱਕੀ ਹੁੰਦੀ ਨੂੰ ਦੇਰ ਪਹਿਲਾਂ ਦੇਖਿਆ ਸੀ, ਛੇ ਸਾਲ ਦੀ ਸੀ, ਅੰਕਲ ਕਿਹਾ ਕਰਦੀ ਸੀ, ਹੁਣ ਇੱਕੀ ਸਾਲ ਦੀ ਭਰ ਜੁਆਨ ਹੋ ਗਈ। ਗ਼ੁਲਾਮ ਸਫ਼ਦਰ ਖ਼ਾਨ ਹੈਦਰੀ ਯੂ.ਪੀ. ਦੇ ਡੇਰਾ ਇਸਮਾਈਲ ਖ਼ਾਨ ਤੋਂ ਸੀ, ਸਰੀ ਤੋਂ ਲਾਅ ਪੜ੍ਹ ਕੇ ਆਇਆ, ਲਖਨਊ ਵਕਾਲਤ ਕਰਦਾ ਸੀ। ਸਰੀ ਸ਼ਹਿਰ ਦੀ ਕੁੜੀ ਮਰਜਰੀ ਰਿੱਕੀ ਨਾਲ ਵਿਆਹ ਹੋ ਗਿਆ। ਇਨ੍ਹਾਂ ਦੀ ਇਕਲੌਤੀ ਸੰਤਾਨ ਇਹੋ ਨੀਨਾ ਸੀ। ਨੀਨਾ ਦੇ ਮਾਪਿਆਂ ਦੀ ਅਣਬਣ ਹੋ ਗਈ, ਪਿਉ ਪਾਕਿਸਤਾਨ ਚਲਾ ਗਿਆ, ਮਾਂ ਸਮੇਤ ਨੀਨਾ ਇਧਰ ਰਹਿ ਗਈ। ਜਦੋਂ ਨੀਨਾ ਨਾਲ ਮੇਲ ਜੋਲ ਵਧਣ ਲੱਗਾ, ਲੋਕਾਂ ਦਾ ਖ਼ਿਆਲ ਸੀ ਵਿਕਟਰ ਉਸਦੀ ਮਾਂ ਨਾਲ ਇਸ਼ਕ ਲੜਾ ਰਿਹਾ ਹੈ।

ਨੀਨਾ ਦੱਸਦੀ ਹੈ - ਉਹ ਬਹੁਤ ਚੰਗਾ ਸੀ, ਮੇਰੇ ਨਾਲੋਂ ਦੂਗਣੀ ਉਮਰ ਦਾ। ਮੈਂ ਉਸ ਨਾਲ ਵਿਆਹ ਦੀ ਗੱਲ ਕੀਤੀ। ਵਿਕਟਰ ਨੇ ਕਿਹਾ - ਦੇਖ ਹੁਣ ਮਈ 1954 ਹੈ। ਇਕ ਸਾਲ ਤੱਕ ਠਹਿਰ ਜਾ। ਜੇ ਫੇਰ ਵੀ ਤੇਰਾ ਇਹੋ ਫ਼ੈਸਲਾ ਰਿਹਾ ਤਾਂ ਵਿਚਾਰ ਕਰ ਲਵਾਂਗੇ। ਏਨਾ ਸ਼ਾਨਦਾਰ ਮਨੁੱਖ! ਉਹ ਮੇਰੇ ਜਜ਼ਬਿਆਂ ਨਾਲ ਖਿਲਵਾੜ ਵੀ ਕਰ ਸਕਦਾ ਸੀ। ਮੈਨੂੰ ਕਈਆਂ ਨੇ ਡਰਾਇਆ ਵੀ - ਉਸਨੇ ਜਿਵੇਂ ਪਹਿਲੀ ਪਤਨੀ ਤੋਂ ਖਹਿੜਾ ਛੁਡਾ


ਲਿਆ, ਤੈਥੋਂ ਵੀ ਛੁਡਾ ਲਏਗਾ। ਪਰ ਮੇਰੇ ਮਾਪੇ ਉਸਨੂੰ ਜਾਣਦੇ ਸਨ, ਮੈਂ ਉਸਨੂੰ ਜਾਣ ਗਈ ਸਾਂ। ਵਿਆਹ ਤੋਂ ਪਹਿਲਾਂ ਉਸਨੇ ਮੈਨੂੰ ਕਿਹਾ - ਅੰਮ੍ਰਿਤਾ ਦੀ ਥਾਂ ਲੈਣ ਦੀ ਕੋਸ਼ਿਸ਼ ਨਾ ਕਰੀਂ। ਹਮੇਸ਼ ਮੇਰਾ ਧਿਆਨ ਰੱਖਦਾ, ਸੋਚਿਆ ਇਹੀ ਸੀ ਕਿ ਬੱਚੇ ਨਾ ਹੋਣ ਪਰ ਈਵਾ ਆਪੇ ਆ ਟਪਕੀ। ਉਸ ਵਾਸਤੇ ਇਕ ਸਾਥੀ ਵੀ ਚਾਹੀਦਾ ਸੀ ਖੇਡਣ ਨੂੰ, ਸੋ ਜੂਲੀਅਟ ਦਾ ਜਨਮ ਹੋਇਆ। ਘਰ ਵਿਚ ਏਨੀ ਖ਼ੁਸ਼ੀ ਕਿ ਹੱਸਦੇ ਹੱਸਦੇ ਅਸੀਂ ਕੁਰਸੀਆਂ ਤੋਂ ਡਿੱਗ ਪੈਂਦੇ। ਗੱਲ ਨਹੀਂ ਹੁੰਦੀ ਸੀ, ਪਰ ਅੰਮ੍ਰਿਤਾ ਹੁੰਦੀ ਤਾਂ ਘਰ ਵਿਚ ਹੀ। ਉਸ ਕਾਰਨ ਵਿਕਟਰ ਇੰਡੀਆ ਆਇਆ, ਇਸੇ ਕਰਕੇ ਮੇਰੀ ਉਸ ਨਾਲ ਸ਼ਾਦੀ ਹੋਈ।

ਹੰਗਰੀ ਤੋਂ ਮਾਂ ਸਰਾਇਆ ਆ ਗਈ ਤੇ ਅੱਠ ਸਾਲ ਰਹੀ। ਫਿਰ ਵਾਪਸ ਪਰਤ ਗਈ। ਸੱਤਰ ਸਾਲ ਦੀ ਵਿਕਟਰ ਦੀ ਭੈਣ, ਮਿਲਣ ਆਈ। ਅੰਮ੍ਰਿਤਾ ਦਾ ਮਾਮਾ ਇਰਵਿਨ ਬੈਕਟੇ ਅਕਸਰ ਆਉਂਦਾ, ਉਹ ਸਭ ਨੂੰ ਪਸੰਦ ਸੀ, ਬਹੁਤ ਗੱਲਾਂ ਸੁਣਾਉਂਦਾ। ਖੋਜੀ ਆਉਂਦੇ ਡਾਕੂਮੈਂਟਰੀਆਂ ਬਣਾਉਣ ਵਾਲੇ ਆਉਂਦੇ, ਅੰਮ੍ਰਿਤਾ ਬਾਰੇ ਸਵਾਲ ਪੁੱਛਦੇ। ਜਿੰਨੀ ਉਮੀਦ ਲੈ ਕੇ ਆਉਂਦੇ, ਵਿਕਟਰ ਉਨ੍ਹਾਂ ਨੂੰ ਉਸ ਤੋਂ ਵਧੀਕ ਤਸੱਲੀ ਦੇ ਕੇ ਤੋਰਦਾ।

ਇੰਦਰਾ ਦੀ ਮੌਤ 1974, ਕਸੌਲੀ ਵਿਚ ਹੋਈ, ਕਲਾ ਆਲੋਚਕ ਪੁੱਤਰ ਵਾਈਵਾਂ ਸੁੰਦਰਮ, ਅੰਮ੍ਰਿਤਾ ਦਾ ਭਾਣਜਾ ਜੀਵੰਤ ਹੈ, ਉਸਦੀ ਪਤਨੀ ਗੀਤਾ, ਕਲਾ ਆਲੋਚਕ ਅਤੇ ਕਲਾ ਇਤਿਹਾਸਕਾਰ ਹੈ। ਇੰਦਰਾ ਦੀ ਧੀ ਨਵੀਨਾ ਹੈ। ਉਨ੍ਹਾਂ ਰਾਹੀਂ ਪ੍ਰਾਪਤ ਹੋਈ ਸਮੱਗਰੀ ਮੁੱਲਵਾਨ ਹੈ।

ਜੂਨ 1997 ਵਿਚ 86 ਸਾਲ ਦੀ ਉਮਰੇ ਵਿਕਟਰ ਦਾ ਦੇਹਾਂਤ ਹੋਇਆ। ਡਿੱਗਣ ਕਾਰਨ ਸੱਟ ਲੱਗੀ, ਬੈੱਡ 'ਤੇ ਲਿਟਾ ਦਿੱਤਾ, ਜਦੋਂ ਆਖ਼ਰੀ ਸਾਹ ਲਿਆ, ਸਾਰਾ ਪਰਿਵਾਰ ਆਲੇ-ਦੁਆਲੇ ਬੈਠਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਅਮੀਰ ਗ਼ਰੀਬ, ਹਿੰਦੂ, ਸਿੱਖ, ਮੁਸਲਮਾਨ ਦਫ਼ਨ ਕਰਨ ਗਏ। ਰੱਬ ਤੋਂ ਮੁਨਕਿਰ ਹੋ ਗਿਆ ਸੀ। ਮਜੀਠੀਆ ਪਰਿਵਾਰ ਨੇ ਸਹਿਜ ਪਾਠ ਦਾ ਭੋਗ ਪਾਇਆ, ਕੀਰਤਨ ਉਪਰੰਤ ਅਰਦਾਸ, ਸਿੱਖ ਰਵਾਇਤਾਂ ਮੁਤਾਬਿਕ ਸਭ ਰਸਮਾਂ ਨਿਭਾਈਆਂ। ਜਨਮ ਵਜੋਂ ਖ਼ੁਦ ਈਸਾਈ, ਪਤਨੀ ਮੁਸਲਮਾਨ, ਅੰਤਿਮ ਰਸਮਾਂ ਗੁਰਮਤਿ ਅਨੁਸਾਰ। ਬਹੁਤ ਵੱਡੀਆਂ ਸੁੱਚੀਆਂ ਰੂਹਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ। ਕਿਹਾ ਕਰਦਾ ਸੀ ਨਾਸਤਿਕ ਹਾਂ, ਸਾਰਿਆਂ ਧਰਮਾਂ ਤੋਂ ਪ੍ਰੇਮ ਪ੍ਰਾਪਤ ਕੀਤਾ।

ਅੰਮ੍ਰਿਤਾ ਉਪਰ ਚੰਗੀਆਂ ਕਿਤਾਬਾਂ ਇਕਬਾਲ ਸਿੰਘ ਦੀ *ਅੰਮ੍ਰਿਤਾ ਸ਼ੇਰਗਿੱਲ* (ਅੰਗਰੇਜ਼ੀ), ਵਿਕਾਸ ਪਬਲਿਸ਼ਿੰਗ ਹਾਊਸ ਨਵੀਂ ਦਿੱਲੀ; ਵਾਈਵਾਂ ਸੁੰਦਰਮ ਦੀਆਂ ਤਿੰਨ ਕਿਤਾਬਾਂ, *ਗੀਟੇਕ ਆਫ਼ ਅੰਮ੍ਰਿਤਾ* (ਅੰ.), ਤੂਲਿਕਾ ਬੁਕਸ, ਨਵੀਂ ਦਿੱਲੀ; *ਅੰਮ੍ਰਿਤਾ ਸ਼ੇਰਗਿੱਲ, ਲਾਈਫ਼ ਐਂਡ ਵਰਕ* (ਅੰ.), ਵਿਕਾਸ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ; *ਅੰਮ੍ਰਿਤਾ ਸ਼ੇਰਗਿੱਲ : ਏ ਸੈਲਫ ਪੋਰਟ੍ਰੇਟ ਇਨ ਲੈਟਰਜ਼, ਰਾਈਟਿੰਗਜ਼*, ਤੂਲਿਕਾ ਬੁਕਸ; ਕਾਰਲ ਖੰਡਾਲਵਾਲਾ ਦੀ *ਅੰਮ੍ਰਿਤਾ ਸ਼ੇਰਗਿੱਲ* (ਅੰ.), ਨਿਊ ਬੁਕਸ ਕੰ. ਲਿ. ਬੰਬਈ; ਮੁਲਕਰਾਜ ਆਨੰਦ ਦੀ *ਅੰਮ੍ਰਿਤਾ ਸ਼ੇਰਗਿੱਲ* (ਅੰ.), ਐਨ.ਜੀ.ਐਮ.ਏ., ਦਿੱਲੀ; ਬਲਦੂਨ ਢੀਂਗਰਾ ਦੀ *ਸ਼ੇਰਗਿੱਲ* (ਅੰ.), ਲਲਿਤ ਕਲਾ ਅਕਾਦਮੀ, ਨਵੀਂ ਦਿੱਲੀ; ਗੀਤਾ ਡਾਕਟਰ ਦੀ *ਅੰਮ੍ਰਿਤਾ ਸ਼ੇਰਗਿੱਲ : ਏ ਪ੍ਰਿੰਟਿਡ ਲਾਈਫ਼* (ਅੰ.), ਰੂਪਾ, ਨਵੀਂ ਦਿੱਲੀ; ਯਸ਼ੋਧਰਾ ਦਾਲਮੀਆਂ, *ਅੰਮ੍ਰਿਤਾ ਸ਼ੇਰਗਿੱਲ : ਏ ਲਾਈਫ਼* (ਅੰ.), ਪੈਂਗੁਇਨ, ਨਵੀਂ ਦਿੱਲੀ ਹਨ।



ISBN 978-81-87526-12-2
9 788187 526124